# ਪੰਜਾਬ ਦੇ ਮਾਲਵਾ ਖੇਤਰ ਵਿੱਚ ਸਿੱਖ ਧਰਮ ਦਾ ਪਰਸਾਰ (1606 ਤੋਂ 1708 ਈਸਵੀ): ਇੱਕ ਇਤਿਹਾਸਿਕ ਅਧਿਐਨ

ਫ਼ੈਕਲਟੀ ਆਫ ਸ਼ੋਸ਼ਲ ਸਾਇੰਸਜ਼

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਇਤਿਹਾਸ ਵਿਸ਼ੇ ਵਿੱਚ

ਪੀਐੱਚ.ਡੀ. ਦੀ ਡਿਗਰੀ ਪ੍ਰਾਪਤ ਕਰਨ

ਦੀ ਕਾਰਵਾਈ ਵਜੋਂ ਪੇਸ਼

**ਖੋਜ-ਪ੍ਰਬੰਧ**


**ਨਿਗਰਾਨ**:

ਡਾ. ਸੁਖਨਿੰਦਰ ਕੌਰ ਢਿੱਲੋਂ

**ਖੋਜ ਕਰਤਾ**:

ਸਤਪਾਲ ਕੌਰ

**ਸਹਿ-ਨਿਗਰਾਨ**:

ਡਾ. ਮੁਹੰਮਦ ਇਦਰੀਸ

**ਇਤਿਹਾਸ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**



**ਅਕਤੂਬਰ**, 2021

# ਅਧਿਆਇ-ਪਹਿਲਾ

# ਮਾਲਵਾ ਖੇਤਰ ਦਾ ਇਤਿਹਾਸਕ ਪਿਛੋਕੜ

ਮਾਲਵਾ ਖੇਤਰ ਪੰਜਾਬ ਦਾ ਇਕ ਉਪ-ਖੇਤਰ ਹੈ। ਆਮ ਤੌਰ 'ਤੇ ਪੰਜਾਬ ਦੇ ਉਪ-ਖੇਤਰਾਂ ਨੂੰ ਦੁਆਬੇ ਕਿਹਾ ਜਾਂਦਾ ਹੈ। ਜੋ ਪਰਿਭਾਸ਼ਾ ਦੁਆਬਿਆਂ ਦੀ ਹੈ, ਉਹ ਮਾਲਵਾ ਉੱਪਰ ਨਹੀਂ ਢੁੱਕ ਸਕਦੀ। ਇਸ ਪਰਿਭਾਸ਼ਾ ਨੂੰ ਅੱਗੇ ਜਾ ਕੇ ਬਿਆਨ ਕੀਤਾ ਜਾਵੇਗਾ। ਮਾਲਵਾ ਖੇਤਰ ਨੂੰ ਪੰਜਾਬ ਦਾ ਇਕ ਉਪ-ਭਾਗ ਤਾਂ ਕਿਹਾ ਜਾ ਸਕਦਾ ਹੈ ਪਰ ਦੁਆਬ ਨਹੀਂ ਕਿਹਾ ਜਾ ਸਕਦਾ। ਮਾਲਵਾ ਖੇਤਰ ਨੂੰ ਪੰਜਾਬ ਦੇ ਬਾਕੀ ਉਪ-ਭਾਗਾਂ (ਦੁਆਬਿਆਂ) ਤੋਂ ਸਤਲੁਜ ਦਰਿਆ ਅਲੱਗ ਕਰ ਦਿੰਦਾ ਹੈ। ਇਸ ਦੀਆਂ ਪੂਰਬ-ਉੱਤਰ, ਪੂਰਬ ਦੱਖਣ-ਪੱਛਮ ਵੱਲ ਦੀਆਂ ਹੱਦਾਂ, ਜਿਹੜੀਆਂ ਹਿਮਾਚਲ ਪ੍ਰਦੇਸ਼, ਹਰਿਆਣਾ, ਅਤੇ ਰਾਜਸਥਾਨ ਨਾਲ ਲੱਗਦੀਆਂ ਹਨ, ਨੂੰ ਕੋਈ ਕੁਦਰਤੀ ਜਾਂ ਭੂਗੋਲਿਕ ਹੱਦ ਅਲੱਗ ਨਹੀਂ ਕਰਦੀ। ਆਮ ਤੌਰ ਤੇ ਹਰਿਆਣਾ ਵੱਲ ਦੀ ਹੱਦ ਘੱਗਰ ਦੀ ਬਰਸਾਤੀ ਨਦੀ ਨੂੰ ਮੰਨਿਆ ਜਾਂਦਾ ਹੈ। ਘੱਗਰ ਨਦੀ ਇੱਧਰਲੇ ਪਾਸੇ ਦੀ ਕੋਈ ਪੱਕੀ ਹੱਦ ਨਹੀਂ ਹੈ। ਮਾਲਵਾ ਦਾ ਖੇਤਰ ਕਈ ਥਾਵਾਂ ਤੋਂ ਘੱਗਰ ਦੇ ਦੱਖਣ ਵਾਲੇ ਪਾਸੇ ਹੈ। ਘੱਗਰ ਨਦੀ ਜ਼ਿਆਦਾ ਲੰਮੀ ਨਹੀਂ ਹੈ। ਇਹ ਪੰਜਾਬ ਦੇ ਇਲਾਕੇ ਵਿੱਚ ਖ਼ਤਮ ਹੋ ਜਾਂਦੀ ਹੈ। ਫਿਰ ਵੀ ਅਸੀਂ ਹਰਿਆਣਾ ਵੱਲ ਘੱਗਰ ਨਦੀ ਨੂੰ ਮਾਲਵਾ ਦੀ ਦੱਖਣ-ਪੂਰਬੀ ਹੱਦ ਮੰਨ ਲੈਂਦੇ ਹਾਂ। ਫਿਰ ਵੀ ਘੱਗਰ ਨਦੀ ਕਿਸੇ ਵੀ ਤਰੀਕੇ ਨਾਲ ਸਤਲੁਜ ਨਾਲ ਮਿਲ ਕੇ ਇਸ ਨੂੰ ਦੁਆਬ ਨਹੀਂ ਬਣਾ ਸਕਦੀ। ਰਾਜਸਥਾਨ ਵਾਲੇ ਪਾਸੇ ਮਾਲਵਾ ਦੀ ਕੋਈ ਕੁਦਰਤੀ ਹੱਦ ਨਹੀਂ ਹੈ। ਇੱਧਰਲੀ ਹੱਦ ਸਿਰਫ਼ ਜ਼ਮੀਨੀ ਵੱਟਾਂ ਹੀ ਹਨ। ਇੰਨਾ ਗੈਰ-ਕੁਦਰਤੀ ਹੱਦਾਂ ਵਾਲਾ ਹੋਣ ਦੇ ਬਾਵਜੂਦ ਵੀ ਮਾਲਵਾ ਦੀ ਆਪਣੀ ਪਹਿਚਾਣ ਹੈ ਇਸ ਦੀ ਸਿੱਧੀ-ਸਾਦੀ ਪੰਜਾਬੀ ਮਲਵਈ ਬੋਲੀ। ਮਾਲਵਾ ਖੇਤਰ ਪੰਜਾਬੀ ਬੋਲਣ ਵਾਲਾ, ਪੰਜਾਬੀ ਪਰੰਪਰਾਵਾਂ ਵਾਲਾ ਅਤੇ ਸੱਭਿਆਚਾਰ ਦੇ ਪੱਖੋਂ ਇਹ ਪੂਰੀ ਤਰ੍ਹਾਂ ਪੰਜਾਬ ਨਾਲ ਘੁਲਿਆ-ਮਿਲਿਆ ਖੇਤਰ ਪੰਜਾਬ ਦੇ ਬਾਕੀ ਦੁਆਬਿਆਂ ਤੋਂ ਵੱਖਰਾ ਹੈ। ਮਾਲਵਾ ਦੀ ਇਹੀ ਵਿਸ਼ੇਸ਼ਤਾ ਹੈ। ਇਸ ਕਰਕੇ ਮਾਲਵਾ ਨੂੰ ਪੰਜਾਬ ਦਾ ਇਕ ਉਪ-ਭਾਗ ਮੰਨਿਆ ਗਿਆ ਹੈ।

ਮਾਲਵਾ ਦਾ ਪ੍ਰਬੰਧਕੀ 'ਤੇ ਜਿਹੜਾ ਇਤਿਹਾਸ ਹੈ ਉਹ ਮੁੱਢ-ਤੋਂ ਪੰਜਾਬ ਦੇ ਬਾਕੀ ਦੇ ਦੁਆਬਿਆਂ ਤੋਂ ਵੱਖਰਾ ਚਲਦਾ ਆ ਰਿਹਾ ਹੈ। ਜਦੋਂ ਕਿ ਪੰਜਾਬ ਦੇ ਬਾਕੀ ਦੁਆਬਿਆਂ ਦਾ ਪ੍ਰਬੰਧ ਜਾਂ ਤਾਂ ਸੁਤੰਤਰ ਰੂਪ ਵਿੱਚ ਤੇ ਜਾਂ ਲਾਹੌਰ ਨਾਲ ਸਬੰਧਿਤ ਰਿਹਾ ਹੈ। ਵਰਤਮਾਨ ਸਮੇਂ ਮਾਲਵਾ ਨੂੰ ਭੂਗੋਲਿਕ ਤੌਰ ਤੇ ਘੱਟ ਦੇਖਿਆ ਜਾ ਰਿਹਾ ਹੈ, ਰਾਜਨੀਤਿਕ ਤੌਰ 'ਤੇ ਜ਼ਿਆਦਾ ਦੇਖਿਆ ਜਾ ਰਿਹਾ ਹੈ। ਅੱਜ ਜਿੰਨ੍ਹਾਂ ਵੀ ਖੇਤਰ ਪੰਜਾਬ ਦਾ

ਸਤਲੁਜ ਦੇ ਪੂਰਬ-ਦੱਖਣ ਵੱਲ ਹੈ, ਜਿਸ ਨੂੰ ਸਤਲੁਜ-ਉਰਾਰ (Cis-Sutlej) ਕਹਿ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਹੀ ਮਾਲਵਾ ਕਹਿ ਦਿੱਤਾ ਜਾਂਦਾ ਹੈ। ਭਾਵੇਂ ਇਹ ਗੱਲ ਭੂਗੋਲਿਕ ਤੌਰ 'ਤੇ ਅਤੇ ਬੋਲੀ ਤੇ ਸੱਭਿਆਚਾਰਕ ਤੌਰ 'ਤੇ ਠੀਕ ਨਹੀਂ ਹੈ ਕਿਉਂਕਿ ਬੋਲੀ ਅਤੇ ਸੱਭਿਆਚਾਰਕ ਤੌਰ 'ਤੇ ਇਸ ਵਿੱਚ ਦੋ ਹੋਰ ਉਪ-ਖੇਤਰ ਹਨ ਪੁਆਧ ਅਤੇ ਬਾਂਗਰ ਦੇ ਖੇਤਰ। ਇਹ ਖੇਤਰ ਭਾਵੇਂ ਬਹੁਤ ਵੱਡੇ ਨਹੀਂ ਹਨ ਪਰ ਇਨ੍ਹਾਂ ਦੀ ਬੋਲੀ ਅਤੇ ਸੱਭਿਆਚਾਰ ਮਾਲਵਾ ਦੀ ਬੋਲੀ ਅਤੇ ਸੱਭਿਆਚਾਰ ਤੋਂ ਵੱਖਰੇ ਹਨ। ਜੇਕਰ ਪੁਆਧ ਖੇਤਰ ਦੀ ਗੱਲ ਸਧਾਰਨ ਕੀਤੀ ਜਾਵੇ ਤਾਂ ਅੱਜ ਦੇ ਮਾਲਵਾ ਖੇਤਰ ਵਿੱਚੋਂ ਨੰਗਲ, ਆਨੰਦਪੁਰ ਸਾਹਿਬ, ਕੁਰਾਲੀ, ਰੋਪੜ, ਮੋਹਾਲੀ, ਜੀਰਕਪੁਰ, ਬਨੂੰੜ, ਰਾਜਪੁਰਾ, ਪਟਿਆਲਾ, ਘਨੌਰ ਅਤੇ ਘੁੜਾਮ ਆਦਿ ਪੁਆਧ ਦੇ ਖੇਤਰ ਮੰਨੇ ਜਾਂਦੇ ਹਨ। ਪੁਆਧ ਦਾ ਖੇਤਰ ਘੱਗਰ ਨਦੀ ਟੱਪ ਕੇ ਹਰਿਆਣਾ ਵਿੱਚ ਸ਼ਾਮਿਲ ਹੋ ਜਾਂਦਾ ਹੈ ਜਿਸ ਵਿੱਚ ਅੰਬਾਲਾ ਜ਼ਿਲ੍ਹੇ ਦਾ ਵਧੇਰੇ ਹਿੱਸਾ ਆ ਜਾਂਦਾ ਹੈ। ਇਸ ਤਰ੍ਹਾਂ ਬਾਂਗਰ ਦਾ ਇਲਾਕਾ ਲਹਿਰਾ-ਗਾਗਾ ਦੇ ਆਲੇ-ਦੁਆਲੇ ਦੇ ਬਾਂਗਰੂ ਪਿੰਡ ਹਨ। ਬਾਂਗਰ ਦਾ ਵਧੇਰੇ ਖੇਤਰ ਹਰਿਆਣਾ ਵਿੱਚ ਹੈ ਜਿਵੇਂ ਜੀਂਦ, ਕੈਂਥਲ, ਨਰਵਾਣਾ, ਅਤੇ ਟੋਹਾਣਾ ਆਦਿ। ਪੰਜਾਬ ਦੇ ਵਰਤਮਾਨ ਮਾਲਵਾ ਦੇ ਫ਼ਿਰੋਜ਼ਪੁਰ, ਮੁਕਤਸਰ, ਫਾਜ਼ਿਲਕਾ, ਮੋਗਾ, ਫਰੀਦਕੋਟ, ਬਠਿੰਡਾ, ਮਾਨਸਾ, ਸੰਗਰੂਰ, ਲੁਧਿਆਣਾ ਅਤੇ ਕੁਝ ਹਿੱਸੇ ਫ਼ਤਿਹਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਆਉਂਦੇ ਹਨ। ਇਸ ਖੋਜ-ਪ੍ਰਬੰਧ ਵਿੱਚ ਜਦੋਂ ਮਾਲਵਾ ਵਿੱਚ ਸਿੱਖ ਧਰਮ ਦੇ ਪਰਸਾਰ ਦੀ ਗੱਲ ਕਰਨੀ ਹੈ ਤਾਂ ਇਹ ਵਰਤਮਾਨ ਮਾਲਵਾ ਦੇ ਸਰੂਪ ਨੂੰ ਸਾਹਮਣੇ ਰੱਖ ਕੇ ਕੀਤੀ ਗਈ ਹੈ। ਇਸ ਤਰ੍ਹਾਂ ਇਸ ਖੋਜ-ਪ੍ਰਬੰਧ ਵਿੱਚ ਪੁਆਧ ਅਤੇ ਬਾਂਗਰ ਖੇਤਰਾਂ ਨੂੰ ਵੀ ਮਾਲਵਾ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਮਾਲਵਾ ਬਾਰੇ ਗੱਲ ਕਰਨ ਤੋਂ ਪਹਿਲਾਂ ਸੰਖੇਪ ਵਿੱਚ ਪੰਜਾਬ ਬਾਰੇ ਗੱਲ ਕੀਤੀ ਜਾ ਰਹੀ ਹੈ। ਪੰਜਾਬ ਪੰਜ ਦਰਿਆਵਾਂ ਦੀ ਧਰਤੀ ਨੂੰ ਕਿਹਾ ਗਿਆ ਹੈ। ਇਹ ਪੰਜ ਦਰਿਆ ਹਨ: ਜਿਹਲਮ, ਚਿਨਾਬ, ਰਾਵੀ, ਬਿਆਸ ਅਤੇ ਸਤਲੁਜ। ਪੰਜਾਬ ਦੇ ਇਨ੍ਹਾਂ ਪੰਜ ਦਰਿਆਵਾਂ ਦੀ ਧਰਤੀ ਨੂੰ ਪੰਜ ਦੁਆਬਿਆਂ ਵਿੱਚ ਵੰਡਿਆ ਗਿਆ ਹੈ। ਪੰਜਾਬ ਜਾਂ ਦੁਆਬ ਨਾ ਕਦੋਂ ਪ੍ਰਚੱਲਿਤ ਹੋਏ ਸਨ ਇਸ ਬਾਰੇ ਇਤਿਹਾਸਕਾਰਾਂ ਵਿੱਚ ਇੱਕ ਮੱਤ ਨਹੀਂ ਹੈ। ਕੁਝ ਦਾ ਮੱਤ ਹੈ ਕਿ ਇਹ ਨਾਂ ਅਰਬੀ-ਫਾਰਸੀ ਬੋਲੀਆਂ ਦੇ ਹਨ ਇਸ ਲਈ ਇਨ੍ਹਾਂ ਨਾਵਾਂ ਦੀ ਵਰਤੋਂ ਅਰਬ ਅਤੇ ਫਾਰਸ ਦੀ ਖਾੜੀ ਦੇ ਲੋਕਾਂ ਦੀ ਆਮਦ ਨਾਲ ਸ਼ੁਰੂ ਹੋਈ ਹੋਵੇਗੀ।[1] ਅਰਬ ਲੋਕਾਂ ਅਤੇ ਫਾਰਸ ਦੀ ਖਾੜੀ ਦੇ ਲੋਕਾਂ ਦੀ ਆਮਦ ਉੱਤਰੀ ਭਾਰਤ ਦੇ ਖੇਤਰਾਂ ਵਿੱਚ ਇਸਲਾਮ ਦੇ ਉਭਾਰ ਤੋਂ ਬਾਅਦ ਹੀ ਹੋਈ ਮੰਨੀ ਜਾ ਸਕਦੀ ਹੈ। ਪੰਜਾਬ ਦੇ ਸਾਹਿਤ ਅਤੇ ਸੱਭਿਆਚਾਰ ਉੱਪਰ ਇਸ ਦੇ ਦਰਿਆਵਾਂ ਦਾ ਬਹੁਤ

1 J.S. Grewal, *The Sikhs of the Punjab*, Cambridge, 2005, p. 1 (Introduciton) and Khushwant Singh, *History of the Sikhs: 1469-1839*, Vol. 1, Oxford, 2011, p. 5.

ਪ੍ਰਭਾਵ ਹੈ। ਇਸ ਕਾਰਨ ਪੰਜ ਦਰਿਆਵਾਂ ਦੀ ਸਾਰੀ ਧਰਤੀ ਨੂੰ ਇਨ੍ਹਾਂ ਦਰਿਆਵਾਂ ਅਨੁਸਾਰ ਅੱਗੇ ਉਪਭਾਗਾਂ ਵਿੱਚ ਵੰਡਿਆ ਗਿਆ ਹੈ। ਇਹ ਉਪ-ਭਾਗ ਇਸ ਦੇ ਪੰਜ ਦੁਆਬ ਹਨ। ਜਿਹਲਮ ਦਰਿਆ ਅਤੇ ਚਿਨਾਬ ਦਰਿਆ ਦੇ ਵਿਚਕਾਰਲੇ ਭਾਗ ਨੂੰ 'ਚੱਜ ਦੁਆਬ' ਕਿਹਾ ਗਿਆ ਹੈ। ਚੱਜ ਨਾਂ, ਚਿਨਾਬ ਜਾਂ ਚਨਾਬ ਸ਼ਬਦ ਦਾ ਪਹਿਲਾ ਅੱਖਰ 'ਚ' ਲੈ ਕੇ ਅਤੇ ਜਿਹਲਮ ਸ਼ਬਦ ਦਾ ਪਹਿਲਾ ਅੱਖਰ 'ਜ' ਲੈ ਕੇ, ਬਣਿਆ ਹੈ। ਇਸੇ ਤਰ੍ਹਾਂ ਚਿਨਾਬ ਦਰਿਆ ਅਤੇ ਰਾਵੀ ਦਰਿਆ ਦੇ ਵਿਚਕਾਰਲੇ ਭਾਗ ਨੂੰ ਰਚਨਾ ਦੁਆਬ ਕਿਹਾ ਗਿਆ ਹੈ। ਇਸ ਨਾਂ ਦਾ ਪਹਿਲਾ ਅੱਖਰ 'ਰ' ਰਾਵੀ ਦਰਿਆ ਤੋਂ ਲਿਆ ਗਿਆ ਹੈ ਅਤੇ 'ਚਨਾ' ਦੇ ਦੋ ਅੱਖਰ ਚਿਨਾਬ ਦਰਿਆ ਦੇ ਨਾਂ ਤੋਂ ਲਏ ਗਏ ਹਨ। ਰਾਵੀ ਦਰਿਆ ਅਤੇ ਬਿਆਸ ਦਰਿਆ ਦੇ ਵਿਚਕਾਰਲੇ ਭਾਗ ਨੂੰ ਬਾਰੀ ਦੁਆਬ ਕਿਹਾ ਗਿਆ ਹੈ। 'ਬ' ਅੱਖਰ ਬਿਆਸ ਦਰਿਆ ਦੇ ਨਾਂ ਦਾ ਹੈ ਅਤੇ 'ਰੀ' ਅੱਖਰ ਰਾਵੀ ਦਰਿਆ ਦੇ ਨਾਂ ਦਾ ਪ੍ਰਤੀਕ ਹੈ। ਬਿਆਸ ਦਰਿਆ ਅਤੇ ਸਤਲੁਜ ਦਰਿਆ ਦੇ ਵਿਚਕਾਰਲੇ ਉਪ-ਭਾਗ ਨੂੰ ਬਿਸਤ ਦੁਆਬ ਕਿਹਾ ਗਿਆ ਹੈ। 'ਬਿ' ਅੱਖਰ ਬਿਆਸ ਦਰਿਆ ਦੇ ਨਾਂ ਦਾ ਪਹਿਲਾਂ ਅੱਖਰ ਹੈ ਜਦੋਂ ਕਿ 'ਸਤ' ਦੇ ਦੋ ਅੱਖਰ ਸਤਲੁਜ ਦਰਿਆ ਦੇ ਹਨ। ਪੰਜ ਦਰਿਆਵਾਂ ਦੇ ਚਾਰ ਦੁਆਬ-ਚੱਜ ਦੁਆਬ, ਰਚਨਾ ਦੁਆਬ, ਬਾਰੀ ਦੁਆਬ, ਅਤੇ ਬਿਸਤ-ਦੁਆਬ ਬਣਦੇ ਹਨ। ਇਨ੍ਹਾਂ ਚਾਰ ਦੁਆਬਿਆਂ ਨਾਲ ਇੱਕ ਹੋਰ ਦੁਆਬ ਨੂੰ ਜੋੜ ਲਿਆ ਜਾਂਦਾ ਹੈ ਜਿਸ ਦਾ ਨਾਂ ਹੈ ਸਿੰਧ-ਸਾਗਰ ਦੁਆਬ। ਇਹ ਦੁਆਬ ਜਿਹਲਮ ਅਤੇ ਸਿੰਧ ਦਰਿਆ ਦੇ ਵਿਚਕਾਰਲਾ ਉਪ-ਭਾਗ ਹੈ। ਇਹ ਨਾਂ ਇਨ੍ਹਾਂ ਦੋਵਾਂ ਦਰਿਆਵਾਂ ਦੇ ਅੱਖਰਾਂ ਤੋਂ ਨਹੀਂ ਬਣਾਇਆ ਗਿਆ। ਇਹ ਨਾਂ ਸਥਾਨਕ ਲੋਕਾਂ ਵੱਲੋਂ ਆਪਣੀ ਰੋਜ਼ਾਨਾ ਦੀ ਬੋਲ-ਚਾਲ ਵਿੱਚੋਂ ਨਿਕਲਿਆ ਹੋਇਆ ਹੈ।

ਇਸ ਤਰ੍ਹਾਂ ਦੇ ਉਪ-ਭਾਗਾਂ ਵਿੱਚ ਮਾਲਵਾ ਪੰਜਾਬ ਦਾ ਇਕ ਉਪ-ਭਾਗ ਹੈ ਪਰ ਇਹ ਦੁਆਬ ਨਹੀਂ ਹੈ। ਕਿਉਂਕਿ ਇਸ ਦੀਆਂ ਹੱਦਾਂ ਦੱਖਣ-ਪੂਰਬ ਵੱਲ ਕਿਸੇ ਦਰਿਆ ਰਾਹੀਂ ਨੀਅਤ ਨਹੀਂ ਹੁੰਦੀਆਂ ਸਗੋਂ ਇਹ ਹੱਦਾਂ ਧਰਤੀ ਉੱਪਰ ਖਿੱਚੀ ਗਈ ਆਮ ਜਿਹੀ ਵੱਟ ਜਾਂ ਪੜੀਂਹ ਦੁਆਰਾ ਮਿੱਥੀਆਂ ਗਈਆਂ ਹਨ। ਇੱਧਰਲੇ ਪਾਸੇ ਆਮ ਤੌਰ 'ਤੇ ਘੱਗਰ ਦੀ ਬਰਸਾਤੀ ਨਦੀ ਨੂੰ ਇੱਧਰਲੀ ਹੱਦ ਮੰਨ ਲਿਆ ਜਾਂਦਾ ਹੈ ਕਿਉਂਕਿ ਘੱਗਰ ਨਦੀ ਸਰਹੱਦੀ ਵੱਟ ਦੇ ਨੇੜੇ-ਤੇੜੇ ਹੁੰਦੀ ਹੋਈ ਚੱਲ ਰਹੀ ਹੈ। ਫਿਰ ਵੀ ਘੱਗਰ ਨਦੀ ਪੂਰੀ ਦੀ ਪੂਰੀ ਸਰਹੱਦ ਤੱਕ ਨਹੀਂ ਚੱਲਦੀ। ਇਹ ਮਾਲਵਾ ਦੇ ਇਲਾਕੇ ਵਿੱਚ ਖ਼ਤਮ ਹੋ ਜਾਂਦੀ ਹੈ। ਬਹੁਤੇ ਲੇਖਕ ਇਹ ਗੱਲ ਲਿਖ ਦਿੰਦੇ ਹਨ ਕਿ ਮਾਲਵਾ ਦੀ ਦੱਖਣ-ਪੂਰਬੀ ਹੱਦ ਘੱਗਰ ਨਦੀ ਹੈ। ਜਾਂ ਲਿਖ ਦਿੰਦੇ ਹਨ ਕਿ ਮਾਲਵਾ ਸਤਲੁਜ ਤੋਂ ਲੈ ਕੇ ਘੱਗਰ ਨਦੀ ਤੱਕ ਦੇ ਖੇਤਰ ਵਿੱਚ ਫੈਲਿਆ ਹੋਇਆ ਹੈ। ਜਿਵੇਂ ਪੁਰਾਤਨ ਪੰਜਾਬ ਬਾਰੇ ਲਿਖਦਿਆਂ ਬੁੱਧ ਪ੍ਰਕਾਸ਼ ਨੇ ਲਿਖਿਆ ਹੈ, "ਪੰਜਾਬ ਵਿਚਲੇ ਉਸ ਇਲਾਕੇ ਨੂੰ, ਜਿਹੜਾ ਸਤਲੁਜ ਅਤੇ ਘੱਗਰ ਵਿਚਕਾਰ

ਸਥਿਤ ਹੈ, ਮਾਲਵਾ ਕਿਹਾ ਜਾਂਦਾ ਹੈ ਅਤੇ ਇਸ ਦੇ ਵਸਨੀਕਾਂ ਨੂੰ ਮਲਵਈ ਕਿਹਾ ਜਾਂਦਾ ਹੈ। ਇਹ ਸਪੱਸ਼ਟ ਤੌਰ 'ਤੇ ਉਨ੍ਹਾਂ ਮਲਵਈ ਲੋਕਾਂ ਨੂੰ ਦਰਸਾਉਂਦੇ ਹਨ ਜਿਨ੍ਹਾਂ ਨੇ ਪੰਜਾਬ ਦੇ ਇਤਿਹਾਸ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਸੀ। ("The territory between the Ghaggar and the Sutlej in the Punjab is called *Malva* and its people *Malvais*. They evidently represent the ancient Malvas who played a leading part in the history of the Punjab.)"[2] ਪ੍ਰੋਫੈਸਰ ਪਰਮ ਬਖ਼ਸ਼ੀਸ਼ ਸਿੰਘ ਆਪਣੇ ਇੱਕ ਆਰਟੀਕਲ ਵਿੱਚ ਲਿਖਦੇ ਹਨ 'ਸਤਲੁਜ ਅਤੇ ਘੱਗਰ ਦੇ ਵਿਚਕਾਰਲੇ ਖੇਤਰ ਵਿੱਚ, ਜਿਸ ਵਿੱਚ ਲੁਧਿਆਣਾ, ਫ਼ਿਰੋਜ਼ਪੁਰ, ਸੰਗਰੂਰ, ਬਠਿੰਡਾ, ਫਰੀਦਕੋਟ, ਪਟਿਆਲਾ, ਮਾਨਸਾ ਅਤੇ ਮੁਕਤਸਰ ਦੇ ਜ਼ਿਲ੍ਹੇ ਆਉਂਦੇ ਹਨ, ਮਾਲਵਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ।'[3]

ਕੁਝ ਇਤਿਹਾਸਕਾਰ ਅਜਿਹੇ ਹਨ ਜਿਹੜੇ ਮਾਲਵਾ ਦੀਆਂ ਹੱਦਾਂ ਦਰਿਆ ਸਤਲੁਜ ਤੋਂ ਲੈ ਕੇ ਜਮੁਨਾ ਦਰਿਆ ਤੱਕ ਦੀਆਂ ਮੰਨਦੇ ਹਨ ਜਿਵੇਂ ਖੁਸ਼ਵੰਤ ਸਿੰਘ ਲਿਖਦਾ ਹੈ 'ਪੰਜਾਬੀ ਬੋਲੀ ਵਾਲਾ ਮਾਲਵਾ ਸਤਲੁਜ ਅਤੇ ਜਮੁਨਾ ਦੇ ਵਿਚਕਾਰ ਹੈ। ਇਸ ਦੇ ਵਸਨੀਕਾਂ ਨੂੰ ਮਲਵਈ ਕਿਹਾ ਜਾਂਦਾ ਹੈ।'[4] ਪਰ ਖੁਸ਼ਵੰਤ ਸਿੰਘ ਦਾ ਇਹ ਕਥਨ ਗਲਤ ਹੈ ਕਿਉਂਕਿ ਵਰਤਮਾਨ ਹਰਿਆਣਾ ਦਾ ਸਾਰਾ ਸੂਬਾ ਇਸ ਖੇਤਰ ਵਿੱਚ ਹੈ। ਹਰਿਆਣਾ ਹਿੰਦੀ ਬੋਲਣ ਵਾਲਾ ਰਾਜ ਹੈ ਅਤੇ ਇਸ ਦੇ ਵਸਨੀਕਾਂ ਨੂੰ ਮਲਵਈ ਨਹੀਂ ਕਿਹਾ ਗਿਆ। ਐਸ.ਐਨ.ਬੈਨਰਜ਼ੀ ਨੇ ਪਟਿਆਲੇ ਦਾ ਇਤਿਹਾਸ ਲਿਖਿਆ ਸੀ, ਇਸ ਮੱਤ ਦਾ ਧਾਰਨੀ ਹੈ ਕਿ ਸਤਲੁਜ ਦੇ ਪੂਰਬ ਵੱਲ ਦਾ ਅੰਗਰੇਜ਼ੀ ਇਲਾਕਾ ਅਤੇ ਫੂਲਕੀਆਂ ਰਿਆਸਤਾਂ, ਜਿੰਨ੍ਹਾਂ ਵਿੱਚ ਸਰਹਿੰਦ ਦਾ ਇਲਾਕਾ ਸ਼ਾਮਿਲ ਹੈ, ਨੂੰ ਮਾਲਵਾ ਦਾ ਇਲਾਕਾ ਮੰਨਿਆ ਜਾਂਦਾ ਹੈ।[5] ਡਾ. ਗ੍ਰੀਅਰਸਨ ਦੇ ਅਨੁਸਾਰ ਦਰਿਆ ਸਤਲੁਜ ਦੇ ਪੂਰਬ ਵੱਲ ਜੱਟ ਸਿੱਖਾਂ ਦੀ ਵਸੋਂ ਵਾਲੇ ਰੇਤਲੇ ਇਲਾਕੇ, ਜਿਸ ਵਿੱਚ ਬਰਤਾਨਵੀ ਰਾਜ ਹੇਠਲਾ ਜ਼ਿਲ੍ਹਾ ਫ਼ਿਰੋਜ਼ਪੁਰ, ਜ਼ਿਲ੍ਹਾ ਲੁਧਿਆਣਾ ਦਾ ਵਧੇਰੇ ਭਾਗ, ਰਿਆਸਤ ਫਰੀਦਕੋਟ ਤੇ ਮਲੇਰਕੋਟਲਾ, ਰਿਆਸਤ ਕਲਸੀਆਂ ਦੀ ਤਹਿਸੀਲ

2 Buddha Prakash, *Glimpses of Ancient Panjab*, Punjabi University, Patiala, 1983, p. 31.

3 Param Bakhshish Singh's article 'Malwa Region of Punjab: Land and People' in *Souvenior Indian History Congress* (59th Session), Punjabi University, Patiala, Dec. 28-30, 1998, p. 21.

4 Khushwant Singh, *History of the Sikhs: 1469-1839*, Oxford 2011, p. 4.

5 S.N. Banerjee, *History of Patiala* (unpublished), Panjab University, (Extension Library), p. 2.

ਚੜ੍ਹੱਕ ਅਤੇ ਰਿਆਸਤ ਪਟਿਆਲਾ, ਨਾਭਾ, ਜੀਂਦ ਦਾ ਕੁਝ ਇਲਾਕਾ ਸ਼ਾਮਿਲ ਹੈ, ਨੂੰ ਮਾਲਵਾ ਕਹਿੰਦੇ ਹਨ।[6] *ਇਨਸਾਈਕਲੋਪੀਡੀਆ ਆਫ਼ ਬਰਿਟੈਨਿਕਾ* ਵਿੱਚ ਇਸ ਖੇਤਰ ਨੂੰ ਮਾਲਵਾ ਮੰਨਿਆ ਗਿਆ ਹੈ।[7] ਮਹਿੰਦਰ ਸਿੰਘ ਰੰਧਾਵਾ ਨੇ ਮਾਲਵਾ ਦੇ ਖੇਤਰ ਨੂੰ ਬਿਆਨ ਕੀਤਾ ਹੈ: "ਸਤਲੁਜ ਦੇ ਦੱਖਣ ਵੱਲ ਪੰਜਾਬ ਦਾ ਉਹ ਇਲਾਕਾ ਜੋ 29° ਅਤੇ 30' ਉੱਤਰੀ ਵਿੱਥਕਾਰਾਂ ਅਤੇ 78°-30' ਅਤੇ 77° ਚੜ੍ਹਦੀਆਂ ਲੰਮਕਾਰਾਂ ਦੇ ਵਿਚਕਾਰ ਹੈ। ਇਸ ਵਿੱਚ ਫਿਰੋਜ਼ਪੁਰ, ਲੁਧਿਆਣਾ ਅਤੇ ਪਟਿਆਲਾ, ਨਾਭਾ, ਜੀਂਦ, ਫਰੀਦਕੋਟ ਅਤੇ ਮਲੇਰਕੋਟਲਾ ਦੀਆਂ ਪੁਰਾਣੀਆਂ ਦੇਸੀ ਰਿਆਸਤਾਂ ਸ਼ਾਮਿਲ ਹਨ।"[8]

ਇਸ ਤਰ੍ਹਾਂ ਅਨੇਕਾਂ ਲੇਖਕਾਂ ਅਤੇ ਇਤਿਹਾਸਕਾਰਾਂ ਵੱਲੋਂ ਲਿਖਿਆ ਜਾਣ ਦੇ ਬਾਵਜੂਦ ਮਾਲਵਾ ਖੇਤਰ ਦੀ ਇਕ ਬੱਝਵੀਂ ਅਤੇ ਨਿਸ਼ਚਤ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਪੰਜਾਬ ਦੇ ਜਿੰਨੇ ਦੁਆਬ ਹਨ ਉਨ੍ਹਾਂ ਸਭ ਦੀ ਇਕ ਬੱਝਵੀਂ ਅਤੇ ਨਿਸ਼ਚਤ ਪਰਿਭਾਸ਼ਾ ਹੈ। ਮਾਲਵਾ ਦੀ ਪਰਿਭਾਸ਼ਾ ਇਸ ਕਰਕੇ ਅਨਿਸ਼ਚਤ ਹੈ ਕਿਉਂਕਿ ਇਸ ਦੇ ਤਿੰਨ ਪਾਸਿਆਂ ਨੂੰ ਭੂਗੋਲਿਕ ਖੰਡ ਅਲੱਗ ਨਹੀਂ ਕਰਦੇ। ਇਸ ਦੀ ਸਿਰਫ਼ ਸਤਲੁਜ ਦਰਿਆ ਵਾਲੀ ਉੱਤਰ-ਪੱਛਮੀ ਹੱਦ ਨਿਸ਼ਚਤ ਹੈ। ਘੱਗਰ ਨਦੀ ਸਿਰਫ਼ ਇੱਕ ਪ੍ਰਤੀਕ ਵਜੋਂ ਮਾਲਵਾ ਦੀ ਦੱਖਣ-ਪੂਰਬੀ ਹੱਦ ਨੂੰ ਦਰਸਾਉਂਦੀ ਹੈ।

ਇੰਨੀਆਂ ਅਨਿਸ਼ਚਤ ਹੱਦਾਂ ਹੋਣ ਦੇ ਬਾਵਜੂਦ ਮਾਲਵਾ ਪੰਜਾਬ ਦਾ ਬਹੁਤ ਮਹੱਤਵਪੂਰਨ ਹਿੱਸਾ ਹੈ। ਅੱਜ ਦੇ ਪੰਜਾਬ ਦੀ ਸਾਰੀ ਰਾਜਨੀਤੀ ਮਾਲਵਾ ਉੱਪਰ ਨਿਰਭਰ ਕਰਦੀ ਹੈ। ਪੁਰਾਤਨ ਸਮਿਆਂ ਵਿੱਚ ਮਾਲਵਾ ਨੇ ਪੰਜਾਬ ਦੇ ਇਤਿਹਾਸ ਵਿੱਚ ਬਹੁਤ ਯੋਗਦਾਨ ਪਾਇਆ ਹੈ। ਮਿਸਾਲ ਦੇ ਤੌਰ 'ਤੇ ਕਿਸੇ ਪੰਜਾਬੀ ਕਬੀਲੇ ਨੂੰ ਜਦੋਂ ਜੰਗਾਂ-ਯੁੱਧਾਂ ਵਿੱਚ ਕਿਸੇ ਹਮਲਾਵਰ ਕੋਲੋਂ ਆਪਣੇ-ਆਪ ਨੂੰ ਬਚਾ ਕੇ ਰੱਖਣ ਦੀ ਲੋੜ ਪਈ ਸੀ ਤਾਂ ਉਹ ਸਾਰਾ ਪੰਜਾਬ ਛੱਡ ਕੇ ਮਾਲਵਾ ਵਿੱਚ ਸ਼ਰਨ ਲੈਂਦਾ ਰਿਹਾ ਹੈ।

ਬੁੱਧ ਪ੍ਰਕਾਸ਼ ਲਿਖਦਾ ਹੈ ਕਿ ਜਦੋਂ ਚੌਥੀ ਸਦੀ ਪੂਰਬ ਈਸਵੀ ਵਿੱਚ ਮਹਾਨ ਯੂਨਾਨੀ ਹਮਲਾਵਰ ਸਿਕੰਦਰ ਪੰਜਾਬ ਉੱਪਰ ਹਮਲਾ ਕਰਕੇ ਆਇਆ ਸੀ ਤਾਂ ਪੋਰਸ ਸਮੇਂ ਉਸ ਦਾ ਹਰ ਪੰਜਾਬੀ ਕਬੀਲੇ ਨੇ ਡੱਟ ਕੇ ਮੁਕਾਬਲਾ ਕੀਤਾ ਸੀ। ਇਨ੍ਹਾਂ ਕਬੀਲਿਆਂ ਵਿੱਚ ਇਕ ਮਾਲਵ ਕਬੀਲਾ ਸੀ। ਇਸ ਮਾਲਵ ਕਬੀਲੇ ਦੀ

---

6 G.A. Grierson, *Linguistic Survey of India*, Vol. I, Delhi, 1967, p. 709.

7 *Encyclopedia of Britannica* (1968), Vol. XV, 1971, p. 719.

8 ਮਹਿੰਦਰ ਸਿੰਘ ਰੰਧਾਵਾ (ਸੰਪਾ.), *ਪੰਜਾਬ*, ਭਾਸ਼ਾ ਵਿਭਾਗ, ਪਟਿਆਲਾ, 1960, ਪੰਨਾ-4.

ਉਤਪਤੀ ਬਾਰੇ ਬੁੱਧ ਪ੍ਰਕਾਸ਼ ਨੇ ਚਾਨਣਾ ਪਾਉਂਦਿਆਂ ਲਿਖਿਆ ਹੈ ਕਿ ਇਹ ਮਦਰ ਅਤੇ ਮਾਲਵ ਕਬੀਲਿਆਂ ਦੇ ਸੰਗਮ ਵਿੱਚੋਂ ਪੈਦਾ ਹੋਇਆ ਸੀ। ਇਹ ਸੰਗਮ ਇਕ ਕਬੀਲੇ ਦੀ ਲੜਕੀ ਅਤੇ ਇਕ ਕਬੀਲੇ ਦਾ ਲੜਕਾ ਦੇ ਰੂਪ ਵਿੱਚ ਸੀ। ਭਾਵ ਇਕ ਲੜਕਾ ਅਤੇ ਲੜਕੀ ਦੋ ਵੱਖ-ਵੱਖ ਕਬੀਲਿਆਂ-ਮਦਰ ਅਤੇ ਮਾਲਵ-ਦੇ ਹੋਣ ਕਰਕੇ ਉਨ੍ਹਾਂ ਦੀ ਸੰਤਾਨ ਨੂੰ ਸਾਂਝੇ ਰੂਪ ਵਿੱਚ ਮਾਲਵ ਕਿਹਾ ਗਿਆ ਸੀ। ਇਹ ਮਾਲਵ ਕਬੀਲਾ ਬਾਕੀ ਕਬੀਲਿਆ ਵਾਂਗ ਜੰਗ-ਜੂ, ਧਾੜਵੀ ਅਤੇ ਖੇਤੀਬਾੜੀ ਕਰਨ ਵਾਲਾ ਸੀ। ਸਿਕੰਦਰ ਦੇ ਨਾਲ ਹੋਏ ਭਿਆਨਕ ਜੰਗ ਵਿੱਚ ਜਦੋਂ ਪੰਜਾਬੀ ਕਬੀਲੇ ਹਾਰ ਗਏ ਸਨ ਤਾਂ ਦੂਰ-ਦੂਰ ਦੀਆਂ ਸੁਰੱਖਿਅਤ ਥਾਵਾਂ ਵਿੱਚ ਲੁਕ ਛਿਪ ਗਏ ਸਨ। ਇਸ ਸਮੇਂ ਮਾਲਵ ਕਬੀਲਾ ਮਾਲਵਾ ਖੇਤਰ ਵਿੱਚ ਆ ਛੁਪਿਆ ਸੀ।[9]

ਮਾਲਵਾ ਸਾਰਾ ਰੋਹੀ ਅਤੇ ਰੇਤਲੇ ਟਿੱਬਿਆਂ ਵਾਲਾ ਖੇਤਰ ਸੀ। ਇੱਥੇ ਪਾਣੀ ਦੀ ਬਹੁਤ ਤੋਟ ਸੀ। ਇਸ ਖੇਤਰ ਵਿੱਚ ਕੋਈ ਅਜਿਹਾ ਨਦੀ-ਨਾਲਾ ਨਹੀਂ ਸੀ ਜਿਹੜਾ ਕਿਸੇ ਪਹਾੜੀ ਪਾਣੀ ਨਾਲ ਚਲਦਾ ਹੋਵੇ। ਬਹੁਤ ਟਾਵੇਂ ਟਾਵੇਂ ਖੂਹ ਸਨ ਜੋ ਬਹੁਤ ਡੂੰਘੇ ਸੀ। ਇਹ ਡੂੰਘੇ ਖੂਹ ਔੜ ਦੇ ਦਿਨਾਂ ਵਿੱਚ ਸੁੱਕ ਜਾਂਦੇ ਸਨ। ਕਿਉਂਕਿ ਮਾਲਵਾ ਵਿੱਚ ਮੀਂਹ ਬਹੁਤ ਘੱਟ ਪੈਂਦਾ ਸੀ। ਇਸ ਕਰਕੇ ਇੱਥੋਂ ਦੇ ਜੰਗਲ ਖੁਸ਼ਕ ਅਤੇ ਛੋਟੇ ਦਰੱਖਤਾਂ ਅਤੇ ਕੰਡਿਆਂ ਵਾਲੇ ਸਨ। ਇਨ੍ਹਾਂ ਰੁੱਖਾਂ ਵਿੱਚ ਜ਼ਿਆਦਾ ਰੁੱਖ ਜੰਡ, ਰੇਰੂ, ਕਰੀਰ, ਝਾੜ-ਬੇਰੀਆਂ, ਕਿੱਕਰਾਂ, ਅਤੇ ਬਣ ਹੁੰਦੇ ਸਨ।[10] ਛਾਂ ਵਾਲੇ ਰੁੱਖ ਸਿਰਫ਼ ਬਣ ਹੀ ਹੁੰਦੇ ਹਨ। ਜ਼ਮੀਨ ਸਾਰੀ ਰੇਤਲੀ ਅਤੇ ਰੇਤੇ ਦੇ ਟਿੱਬਿਆਂ ਵਾਲੀ ਹੁੰਦੀ ਸੀ। ਇਸ ਰੇਤਲੀ ਅਤੇ ਟਿੱਬੇਦਾਰ ਜ਼ਮੀਨ ਵਿੱਚ ਭੱਖੜੇ ਦੇ ਪੌਦੇ ਬਹੁਤ ਹੁੰਦੇ ਸਨ। ਇਹ ਭੱਖੜੇ ਦੇ ਪੌਦੇ ਜ਼ਿਆਦਾ ਵੱਡੇ ਨਹੀਂ ਹੁੰਦੇ ਸਨ ਪਰ ਇਨ੍ਹਾਂ 'ਤੇ ਕੰਡਿਆਂ ਵਾਲੀਆਂ ਡੋਡੀਆਂ ਲੱਗਦੀਆਂ ਸਨ। ਇਹ ਕੰਡਿਆਲੀਆਂ ਡੋਡੀਆਂ ਧੁੱਪ ਵਿੱਚ ਸੁੱਕ ਕੇ ਟੁੱਟ ਕੇ ਡਿੱਗ ਪੈਂਦੀਆਂ ਸਨ। ਟੁੱਟੀਆਂ ਹੋਈਆਂ ਇਹ ਛੋਟੀਆਂ ਛੋਟੀਆਂ ਕੰਡਿਆਲੀਆਂ ਡੋਡੀਆਂ ਰੇਤੇ ਵਿੱਚ ਹੀ ਰਲ ਜਾਂਦੀਆਂ ਸਨ। ਰੇਤੇ ਵਿੱਚ ਰਲੀਆਂ ਹੋਈਆਂ ਇਹ ਦਿਸਦੀਆਂ ਨਹੀਂ ਸਨ। ਕੋਈ ਵਿਅਕਤੀ ਨੰਗੇ ਪੈਰੀਂ ਮਾਲਵਾ ਦੇ ਟਿੱਬਿਆਂ ਵਿੱਚ ਪੈਦਲ ਨਹੀਂ ਤੁਰ ਸਕਦਾ ਸੀ। ਸਥਾਨਕ ਲੋਕਾਂ ਨੂੰ ਤਾਂ ਆਪਣੀ ਮਿੱਟੀ ਦਾ ਪਤਾ ਹੁੰਦਾ ਸੀ। ਇਸ ਲਈ ਉਹ ਕਦੇ ਨੰਗੇ ਪੈਰੀਂ ਤੁਰਨ ਦੀ ਗਲਤੀ ਨਹੀਂ ਕਰਦੇ ਸਨ।

---

9 Buddha Prakash, *Glimpses of Ancient Panjab*, pp. 33-38.

10 Harbans Singh (Chief editor), *The Encyclopaedia of Sikhism*, Vol. III, Punjabi University, Patiala, 1997, p. 30.

ਗਰਮੀਆਂ ਵਿੱਚ ਪੂਰੀ ਗਰਮੀ ਅਤੇ ਸਰਦੀਆਂ ਵਿੱਚ ਪੂਰੀ ਸਰਦੀ ਪੈਂਦੀ ਸੀ। ਪਾਣੀ ਦਾ ਜਿਹੜਾ ਕੋਈ ਸ੍ਰੋਤ ਹੁੰਦਾ ਉਹ ਸਿਰਫ਼ ਮੀਂਹ ਦੇ ਭਰੇ ਹੋਏ ਛੱਪੜ, ਟੋਬੇ, ਜਾਂ ਢਾਬਾਂ ਸਨ। ਜਦੋਂ ਕਦੇ ਮੀਂਹ ਪੈ ਜਾਂਦਾ ਸੀ ਇਹ ਛੱਪੜ, ਟੋਬੇ ਅਤੇ ਢਾਬਾਂ ਭਰ ਜਾਂਦੀਆਂ ਸਨ। ਨਹੀਂ ਤਾਂ ਇਹ ਸੁੱਕੇ ਰਹਿੰਦੇ ਸਨ। ਜ਼ਮੀਨ ਵਿੱਚ ਫਸਲਾਂ ਬਹੁਤ ਘੱਟ ਹੁੰਦੀਆਂ ਸਨ।[11] ਜਿਹੜੀ ਫਸਲ ਹੁੰਦੀ ਉਹ ਮੀਂਹ ਪੈਣ ਨਾਲ ਹੁੰਦੀ ਸੀ। ਇਸ ਲਈ ਜਦੋਂ ਕਦੇ ਮੀਂਹ ਸਾਲ ਭਰ ਜਾਂ ਛੇ ਮਹੀਨਿਆਂ ਤੱਕ ਨਹੀਂ ਪੈਂਦਾ ਸੀ ਤਾਂ ਸਾਰੇ ਮਾਲਵਾ ਵਿੱਚ ਮਨੁੱਖਾਂ ਅਤੇ ਜਾਨਵਰਾਂ ਲਈ ਅਕਾਲ ਪੈ ਜਾਂਦਾ ਸੀ।[12] ਇਸ ਰੁੱਖੇ ਇਲਾਕੇ ਵਿੱਚ ਕੋਈ ਹਮਲਾਵਰ ਨਹੀਂ ਆਉਂਦਾ ਸੀ। ਪੰਜਾਬ ਦੇ ਲੋਕਾਂ ਨੂੰ ਮਾਲਵਾ ਦੀ ਖਾਸੀਅਤ ਦਾ ਪਤਾ ਸੀ ਇਸ ਕਰਕੇ ਉਹ ਹਮਲਾਵਰ ਤੋਂ ਬਚਣ ਲਈ ਮਾਲਵਾ ਵਿੱਚ ਸ਼ਰਨ ਲੈਂਦੇ ਸਨ। ਸਿਕੰਦਰ ਤੋਂ ਹਾਰ ਕੇ ਮਾਲਵ ਕਬੀਲਾ ਮਾਲਵਾ ਦੇ ਜੰਗਲਾਂ ਵਿੱਚ ਆ ਛੁਪਿਆ ਸੀ। ਇਸ ਤੋਂ ਬਾਅਦ ਇਹ ਮਾਲਵ ਕਬੀਲਾ ਇੱਥੇ ਵਸ ਗਿਆ ਸੀ। ਬੁੱਧ ਪ੍ਰਕਾਸ਼ ਇਸੇ ਮਾਲਵ ਕਬੀਲੇ ਦੇ ਇੱਥੇ ਆ ਕੇ ਵਸਣ ਕਰਕੇ ਇਸ ਖੇਤਰ ਦਾ ਨਾਂ ਮਾਲਵਾ ਪ੍ਰਚੱਲਿਤ ਹੋਇਆ ਦੱਸਦਾ ਹੈ। ਬੁੱਧ ਪ੍ਰਕਾਸ਼ ਲਿਖਦਾ ਹੈ: "ਮਦਰ ਸ਼ਹਿਜਾਦੀ ਮਾਲਵੀ ਦੀ ਸ਼ਾਦੀ ਮਾਲਵ ਸ਼ਹਿਜਾਦੇ ਸਤਿਆਵਾਨ ਨਾਲ ਹੋਈ ਸੀ। ਮਦਰ ਤੇ ਮਾਲਵ ਦੇ ਮਿਲਾਪ ਤੋਂ ਮਾਲਵਾ ਦਾ ਜਨਮ ਹੋਇਆ। ਜਾਪਦਾ ਹੈ ਕਿ ਮਦਰਾਂ ਜਾਂ ਮੱਲਾਂ ਦੀ ਛੁਟੇਰੀ ਸਾਖ਼ ਹੋਣ ਦੇ ਕਾਰਨ ਉਹ ਕਸ਼ੂਦਰਕ ਮਾਲਵਾ ਜਾਂ ਛੁਟੇਰੇ ਮਾਲਵ ਦੇ ਨਾਂ ਨਾਲ ਜਾਣੇ ਗਏ। ਪਰੰਤੂ ਬਾਅਦ ਵਿੱਚ ਉਨ੍ਹਾਂ ਦੇ ਦੋ ਭਾਗ ਹੋ ਗਏ: ਇੱਕ ਕਸ਼ੂਦਰਕ ਤੇ ਦੂਜੇ ਮਾਲਵਾ। ਮਹਾਂਭਾਰਤ ਦੀ ਲਿਖਤ ਅਨੁਸਾਰ ਉਹ ਰਾਵੀ ਤੇ ਬਿਆਸ ਦੇ ਵਿਚਕਾਰ ਮਾਧਮਿਕ ਇਲਾਕੇ ਦੇ ਪੂਰਬ ਵੱਲ ਰਹਿੰਦੇ ਸਨ, ਜਿਸ ਨੂੰ ਹੁਣ ਮਾਝਾ ਕਹਿੰਦੇ ਹਨ। ਉਹ ਉੱਤਰ ਵੱਲ ਕਾਂਗੜਾ ਵਾਦੀ ਦੇ ਮੂੰਹ ਗੁਰਦਾਸਪੁਰ ਤੋਂ ਲੈ ਕੇ ਸਤਲੁਜ ਪਾਰ ਦੇ ਉਸ ਇਲਾਕੇ ਤੱਕ ਫੈਲੇ ਹੋਏ ਸਨ, ਜਿਸ ਨੂੰ ਹੁਣ ਮਾਲਵਾ ਕਿਹਾ ਜਾਂਦਾ ਹੈ। ਅੱਜ ਕੱਲ੍ਹ ਸਤਲੁਜ ਤੇ ਘੱਗਰ ਦੇ ਵਿਚਕਾਰਲੇ ਇਲਾਕੇ ਨੂੰ ਮਾਲਵਾ ਤੇ ਇਸ ਦੇ ਵਸਨੀਕਾਂ ਨੂੰ ਮਲਵਈ ਕਹਿੰਦੇ ਹਨ। ਚੌਥੀ ਸਦੀ ਈਸਵੀ ਵਿੱਚ ਕਿਸੇ ਵੇਲੇ ਉੱਤਰ ਵੱਲ ਦੇ ਲੋਕਾਂ ਦਾ ਦਬਾ ਪੈਣ ਦੇ ਕਾਰਨ ਮਾਲਵ ਤੇ ਉਨ੍ਹਾਂ ਦੇ ਸਬੰਧੀ ਦੱਖਣੀ ਪੰਜਾਬ ਵਿੱਚ ਕੇਂਦ੍ਰਿਤ ਹੋ ਗਏ। ਸਿਕੰਦਰ ਦੇ ਹਮਲੇ ਵੇਲੇ ਮਾਲਵ ਝਨਾਂ ਤੇ ਰਾਵੀ ਦੇ ਵਿਚਕਾਰਲੇ ਦੁਆਬੇ ਦੇ ਦੱਖਣੀ ਹਿੱਸੇ ਉੱਤੇ ਕਾਬਜ਼ ਸਨ ਅਤੇ ਝਨਾਂ

---

11 ਮਹਿੰਦਰ ਸਿੰਘ ਬਿਰਦੀ, *ਮਾਲਵਾ ਦਾ ਲੋਕ ਸਾਹਿਤ: ਇਕ ਆਲੋਚਨਾਤਮਕ ਅਧਿਐਨ*, ਪੰਜਾਬੀ ਯੂਨੀਰਵਸਿਟੀ, ਪਟਿਆਲਾ, 2000, ਪੰਨੇ 7-8.

12 Param Bakhshish Singh's article, 'Malwa Region of Punjab: Land and People' *In Souvenior Indian History Congress* (59th Session), Punjabi University, Patiala, Dec. 28-30, 1998, p. 25.

ਤੇ ਸਿੰਧ ਦੇ ਸੰਗਮ ਤੱਕ ਫੈਲੇ ਹੋਏ ਸਨ। ਕਸੂਦਰਕ ਉਨ੍ਹਾਂ ਤੋਂ ਪੂਰਵ ਵੱਲ ਰਾਵੀ ਤੇ ਸਤਲੁਜ ਵਿਚਕਾਰ ਬਹਾਵਲਪੁਰ ਦੇ ਇਲਾਕੇ ਵਿੱਚ ਰਹਿੰਦੇ ਸਨ। ਸੰਭਵ ਹੈ ਕਿ ਸਤਲੁਜ ਤੇ ਸਿੰਧ ਦੇ ਸੰਗਮ ਤੱਕ ਅਤੇ ਉੱਚ ਦੇ ਨੇੜੇ ਫੈਲੇ ਹੋਏ ਹੋਣ। ਉਸ ਸਮੇਂ ਪੰਜਾਬ ਦੇ ਹੋਰ ਮਹੱਤਵਪੂਰਨ ਕਬੀਲੇ ਸ਼ਿੱਬੀ (ਆਧੁਨਿਕ ਚਿੱਬ), ਵਸਾਤੀ (ਸੋਬਤੀ) ਅੰਬਸਥਸ ਤੇ ਯੌਧੇਯ ਆਦਿ ਸਨ। ਰੋਹਤਕ-ਅਗਰੋਹਾ ਇਲਾਕੇ ਵਿੱਚ ਰੋਹੀਤਕ, ਆਗਰੇਯ ਤੇ ਕੁਝ ਹੋਰ ਫਿਰਕੇ ਵਸਦੇ ਸਨ। ਰੋਹੀਤਕ ਰੋਹ ਜਾਂ ਲੋਹ ਬੰਸ ਵਿੱਚੋਂ ਸਨ ਜਿੰਨ੍ਹਾਂ ਨੇ ਮੌਜੂਦਾ ਅਫਗਾਨਿਸਤਾਨ ਨੂੰ ਰੋਹ ਦਾ ਨਾਂ ਦਿੱਤਾ। ਆਪਣੇ ਮੌਜੂਦਾ ਵਤਨ ਹਰਿਆਣੇ ਵਿੱਚ ਇਹ ਉੱਥੋਂ ਆਏ ਜਾਪਦੇ ਹਨ। ਆਗਰੇਯ ਮੌਜੂਦਾ ਅਗਰਵਾਲਾ ਦੇ ਵੱਡੇ-ਵਡੇਰੇ ਸਨ।"[13]

ਬੁੱਧ ਪ੍ਰਕਾਸ਼ ਨੇ ਆਪਣੇ ਇਸ ਲੰਮੇ-ਚੌੜੇ ਬਿਆਨ ਵਿੱਚ ਸਿਰਫ਼ ਮਾਲਵ ਲੋਕਾਂ ਦੀ ਉਤਪਤੀ ਬਾਰੇ ਅਤੇ ਨਾ ਸਿਰਫ਼ ਇਨ੍ਹਾਂ ਲੋਕਾਂ ਦੇ ਮਾਲਵਾ ਖੇਤਰ ਵਿੱਚ ਆ ਕੇ ਵਸਣ ਬਾਰੇ ਚਾਨਣਾ ਪਾਇਆ ਹੈ, ਸਗੋਂ ਇਨ੍ਹਾਂ ਨੇ ਇਸ ਪੱਖ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਮਾਲਵਾ ਜਾਂ ਮਲਵਈਆਂ ਦੇ ਗੁਆਂਢ ਵਿੱਚ ਵਸਣ ਵਾਲੇ ਹੋਰ ਕਬੀਲੇ ਕਿਹੜੇ ਸਨ। ਰੋਹਤਕ ਦਾ ਇਲਾਕਾ ਮਾਲਵਾ ਦੇ ਗੁਆਂਢ ਹਰਿਆਣਾ ਵਿੱਚ ਹੈ ਅਤੇ ਆਗਰਾ ਉਸ ਤੋਂ ਅੱਗੇ ਉੱਤਰ ਪ੍ਰਦੇਸ਼ ਵਿੱਚ ਹੈ। ਪੌਣ-ਪਾਣੀ ਪੱਖੋਂ, ਜ਼ਮੀਨ ਦੀ ਕਿਸਮ ਪੱਖੋਂ ਅਤੇ ਲੋਕਾਂ ਦੇ ਪੇਸ਼ੇ ਪੱਖੋਂ ਇਹ ਸਾਰੇ ਖੇਤਰ ਇੱਕ-ਦੂਜੇ ਨਾਲ ਮਿਲਦੇ-ਜੁਲਦੇ ਹਨ।

ਰਾਜਸਥਾਨੀ ਹਿੰਦੀ ਲੇਖਕ ਸ਼ਾਮ ਪਰਮਾਰ ਨੇ ਆਪਣੇ ਹੇਠ ਲਿਖੇ ਕਥਨ ਰਾਹੀਂ ਬੁੱਧ ਪ੍ਰਕਾਸ਼ ਦੇ ਕਥਨਾਂ ਦੀ ਪਰੋੜ੍ਹਤਾ ਕੀਤੀ ਹੈ। ਸ਼ਾਮ ਪਰਮਾਰ ਅਨੁਸਾਰ "ਸਿਕੰਦਰ ਕੇ ਇਤਿਹਾਸ ਲੇਖਕੋਂ ਨੇ ਮਾਲਵਾ ਕੇ ਨਿਵਾਸੀਉਂ ਮੇਂ ਅਨੇਕ ਬਾਤੇਂ ਲਿਖੀ ਹੈਂ। ਉਨ ਕੇ ਅਨੁਸਾਰ ਮਾਲਵ ਜਾਤੀ ਅਧਿਕਾਂਸ ਮੇਂ ਉਪਰੀ (ਚੜ੍ਹਦੇ) ਪੰਜਾਬ ਕੀ ਰਹਿਨੇ ਵਾਲੀ ਥੀ। ਉਨ੍ਹੋਂ ਨੇ ਸਿਕੰਦਰ ਸੇ ਮੁੱਠਭੇੜ ਹੋਨੇ ਕਾ ਉਲੇਖ ਵੀ ਕੀਆ ਹੈ। ਸਿਕੰਦਰ ਕੇ ਸ਼ਬਦੋਂ ਪੇ 'ਮਾਲਵਾ ਜਾਤੀ ਉਸ ਸਮੇਂ ਕੀ ਸਰਬ ਸਰੇਸ਼ਟ ਜਾਤੀਉਂ ਮੇਂ ਥੀ' ਯਹ ਬਾਤ ਇਤਿਹਾਸਕਾਰੋਂ ਨੇ ਵੀ ਲਿਖੀ ਹੈ। 150 ਪੂਰਬ ਈਸਵੀ ਤੱਕ ਯਹ ਜਾਤੀ ਪੰਜਾਬ ਕੀ ਪਾਂਚ ਨਦੀਉਂ ਕਾ ਜਲ ਪੀ ਕਰ ਅਪਨੇ ਪ੍ਰਾਕਰਮ ਕਾ ਡੰਕਾ ਬਜਾਤੀ ਰਹੀ, ਪ੍ਰੰਤੂ ਬਾਅਦ ਮੇਂ ਵਹ ਨੀਚੇ (ਛਿਪਦੇ ਵਲ) ਕੀ ਓਰ ਆਨੇ ਲਗੀ।"[14]

13 *ਬੁੱਧ ਪ੍ਰਕਾਸ਼, ਰਾਜਾ ਪੋਰਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ-11.

14 ਸ਼ਾਮ ਪਰਮਾਰ, *ਮਲਵਈ ਲੋਕ ਗੀਤ* (ਹਿੰਦੀ), ਰਾਜ ਕਮਲ ਪ੍ਰਕਾਸ਼ਨ, ਬੰਬਈ, 1954, ਪੰਨਾ-6.

ਮਾਲਵਾ ਇਤਿਹਾਸ ਲਿਖਣ ਵਾਲੇ ਪੁਰਾਤਨ ਪੰਜਾਬੀ ਲੇਖਕ ਵਿਸਾਖਾ ਸਿੰਘ ਨੇ ਲਿਖਿਆ ਹੈ ਕਿ "ਪੁਰਾਣਾ ਇਤਿਹਾਸ ਸਾਨੂੰ ਦੱਸਦਾ ਹੈ ਕਿ ਸਿਕੰਦਰ ਦੇ ਹਮਲੇ (ਈ. ਪੂ. 327) ਵੇਲੇ ਪੰਜਾਬ ਵਿੱਚ ਇੱਕ ਮੱਲ, ਮਾਲਵ ਜਾਂ ਮਲੋਈ ਨਾਮ ਦੀ ਜਾਤੀ (ਕਬੀਲਾ) ਵਸਦੀ ਸੀ। ਇਸ ਜਾਤੀ (ਕਬੀਲੇ) ਦੇ ਲੋਕਾਂ ਨੇ ਸਿਕੰਦਰ ਦੀ ਫ਼ੌਜ ਨਾਲ ਯੁੱਧ ਕੀਤਾ। ਹੋ ਸਕਦਾ ਹੈ ਕਿ ਇਸ ਇਲਾਕੇ ਦਾ ਨਾਮ ਮਾਲਵ ਜਾਤੀ ਦੇ ਨਾਮ 'ਤੇ ਹੀ ਮਾਲਵਾ ਪੈ ਗਿਆ ਹੋਵੇ।"[15]

ਮਾਲਵਾ ਖੇਤਰ ਆਪਣੀ ਭੂਗੋਲਿਕ ਹੱਦਾਂ ਵਾਲੀ ਵਿਸ਼ੇਸ਼ਤਾ ਨਹੀਂ ਰੱਖਦਾ ਪਰ ਇਸ ਨੂੰ ਆਬਾਦ ਕਰਨ ਵਾਲੇ ਕਬੀਲਿਆਂ ਨੇ ਇਤਿਹਾਸ ਵਿੱਚ ਬਹੁਤ ਯੋਗਦਾਨ ਪਾਇਆ ਹੈ। ਮਾਲਵਾ ਦੀ ਧਰਤੀ ਨੇ ਪੰਜਾਬ ਨੂੰ ਇੱਕ ਵੱਖਰੀ ਪਹਿਚਾਣ ਦਿੱਤੀ ਹੈ। ਮਾਲਵਾ ਦੇ ਲੋਕ ਮੁੱਢ ਤੋਂ ਖੇਤੀਬਾੜੀ ਕਰਦੇ ਆ ਰਹੇ ਹਨ ਅਤੇ ਜੰਗ ਦੇ ਮੈਦਾਨੀ ਸੂਰਮਿਆਂ ਵਿੱਚ ਆਪਣੀ ਵਿਸ਼ੇਸ਼ਤਾ ਪ੍ਰਾਪਤ ਕਰ ਚੁੱਕੇ ਹਨ। ਮਾਲਵਾ ਦੇ ਵਸਨੀਕਾਂ ਵਿੱਚ ਅਜਿਹੇ ਗੋਤ ਪ੍ਰਚੱਲਿਤ ਹਨ ਜਿਹੜੇ ਇਨ੍ਹਾਂ ਨੂੰ ਆਪਣੇ ਅਮੀਰ ਪਿਛੋਕੜ ਨਾਲ ਜੋੜ ਦਿੰਦੇ ਹਨ। ਜਿਵੇਂ ਮੱਲ੍ਹੀ, ਮੱਲ੍ਹਣ, ਤਲਵੰਡੀ ਮੱਲ੍ਹੀਆਂ, ਮੱਲ੍ਹੀਆਂ ਵਾਲਾ, ਮੱਲ੍ਹਾ, ਮਾਲੋ ਦੌਦ ਆਦਿ ਅਨੇਕਾਂ ਨਾਮ ਜਿਹੜੇ ਜੱਟਾਂ ਦੇ ਗੋਤ ਅਤੇ ਪਿੰਡਾਂ ਦੇ ਨਾਮ ਹਨ। ਇਹ ਨਾਮ ਕਿਸੇ ਨਾ ਕਿਸੇ ਤਰ੍ਹਾਂ ਮਾਲਵ ਕਬੀਲੇ ਨਾਲ ਜਾ ਮਿਲਦੇ ਹਨ।[16] ਇਨ੍ਹਾਂ ਗੋਤੀ ਨਾਵਾਂ ਤੋਂ ਬਿਨਾਂ ਕਈ ਪਿੰਡਾਂ ਦੇ ਅਜਿਹੇ ਨਾਮ ਹਨ ਜਿਹੜੇ ਸਮੇਂ ਦੇ ਅਨੁਸਾਰ ਆਪਣੇ ਮੌਜੂਦਾ ਨਾਮ ਪੂਰੀ ਤਰ੍ਹਾਂ ਬਦਲਾ ਚੁੱਕੇ ਹਨ ਪਰ ਜਦੋਂ ਉਨ੍ਹਾਂ ਨਾਵਾਂ ਬਾਰੇ ਵਧੇਰੇ ਬਾਰੀਕੀ ਨਾਲ ਪੁਣਿਆ-ਛਾਣਿਆ (ਵਿਸ਼ਲੇਸ਼ਣ) ਜਾਂਦਾ ਹੈ ਤਾਂ ਇਨ੍ਹਾਂ ਦੀ ਉਤਪਤੀ ਮਾਲਵ ਕਬੀਲੇ ਦੀਆਂ ਪ੍ਰੰਪਰਾਵਾਂ ਨਾਲ ਜਾ ਮਿਲਦੀ ਹੈ। ਜਿਵੇਂ ਵਰਤਮਾਨ ਮਾਲਵਾ ਵਿੱਚ ਅਜਨੇਰ ਜਾਂ ਜਨੇਰ ਨਾਂ ਦਾ ਪਿੰਡ ਮੋਗੇ ਦੇ ਨੇੜੇ ਹੈ। ਇਸ ਦਾ ਪੁਰਾਤਨ ਨਾਂ ਅਰਜਨ ਨਗਰ ਸੀ। ਵਿਸਾਖਾ ਸਿੰਘ ਜਨੇਤਪੁਰਾ ਲਿਖਦਾ ਹੈ ਇਹ ਅਰਜਨ ਨਗਰ ਪਾਂਡਵ-ਪੁੱਤਰਾਂ ਵਿੱਚੋਂ ਅਰਜਨ ਨਾਲ ਜੁੜੇ ਹੋਣ ਦਾ ਇਸ਼ਾਰਾ ਕਰਦਾ ਹੈ। ਇਸੇ ਤਰ੍ਹਾਂ ਇਸੇ ਲੇਖਕ ਦਾ ਵਿਚਾਰ ਹੈ ਕਿ ਮਾਲਵਾ ਦਾ ਨਾਂਗੇ ਦੀ ਸਰਾਂ ਪਿੰਡ ਮੁਕਤਸਰ ਜ਼ਿਲ੍ਹੇ ਵਿੱਚ ਸਿਆਲਕੋਟ ਦੇ ਰਾਜੇ ਸਲਵਾਹਨ ਦੇ ਨਾਂ 'ਤੇ ਬਣੇ ਪਿੰਡ 'ਸਲਬਾਹਨਪੁਰਾ' ਤੋਂ ਪ੍ਰਚੱਲਿਤ ਹੋਇਆ ਨਾਮ ਹੈ। ਇਸ ਤਰ੍ਹਾਂ ਦਾ ਪਿਛੋਕੜ ਮਾਲਵਾ ਵਿੱਚ ਸਥਿਤ ਵਰਤਮਾਨ ਨਗਰ ਅਬੋਹਰ ਦਾ ਹੈ। ਇਹ ਨਾਮ ਰਾਜੇ ਸਲਬਾਹਨ ਦੀ ਸੰਤਾਨ ਵਿੱਚੋਂ 'ਅੱਬੋ' ਨਾਂ ਦੀ ਔਰਤ ਤੋਂ ਪ੍ਰਚੱਲਿਤ ਹੋ ਕੇ ਅਬੋਹਰ

---

15 ਵਿਸਾਖਾ ਸਿੰਘ ਜਨੇਤਪੁਰਾ, *ਮਾਲਵਾ ਇਤਿਹਾਸ*, ਜਿਲਦ ਪਹਿਲੀ, ਕਿਸ਼ਨਪੁਰਾ 1954, ਪੰਨਾ-15 (ਭੂਮਿਕਾ).

16 *ਉਹੀ*, ਪੰਨਾ-43.

ਬਣਿਆ ਹੈ। ਤਲਵੰਡੀ ਸਾਬੋ ਨੂੰ ਹਰਸ਼ ਵਰਧਨ ਦੇ ਸਮੇਂ ਤੋਂ ਸਥਾਪਿਤ ਹੋਇਆ ਦੱਸਿਆ ਜਾਂਦਾ ਹੈ। ਬਠਿੰਡਾ ਦਾ ਕਿਲ੍ਹਾ ਬਹੁਤ ਪੁਰਾਤਨ ਇਤਿਹਾਸਕ ਪਿਛੋਕੜ ਰੱਖਦਾ ਹੈ।[17] ਸਿੱਟਾ ਇਨ੍ਹਾਂ ਮਿਸਾਲਾਂ ਦਾ ਇਹ ਹੈ ਕਿ ਅੱਜ ਮਾਲਵਾ ਦੇ ਅਨੇਕਾਂ ਅਜਿਹੇ ਪਿੰਡ ਹਨ ਜਿੰਨ੍ਹਾਂ ਦਾ ਪਿਛੋਕੜ ਬਹੁਤ ਪੁਰਾਣਾ ਹੈ। ਜਿਵੇਂ ਸੁਨਾਮ, ਹਠੂਰ, ਅਤੇ ਸਰਹਿੰਦ ਹਨ। ਜੇਕਰ ਇਨ੍ਹਾਂ ਸਥਾਨਾਂ ਦੇ ਇਤਿਹਾਸਕ ਪਿਛੋਕੜ ਦੀ ਖੋਜ ਕੀਤੀ ਜਾਵੇ ਤਾਂ ਇਹ ਪੁਰਾਤਨ ਇਤਿਹਾਸ ਦੇ ਮੁੱਢਲੇ ਸਮਿਆਂ ਨਾਲ ਜੁੜ ਸਕਦੇ ਹਨ। ਇਹ ਸਭ ਗੱਲਾਂ ਮਾਲਵਾ ਦੇ ਅਮੀਰ ਇਤਿਹਾਸਕ ਪਿਛੋਕੜ ਦੀਆਂ ਪ੍ਰਤੀਕ ਹਨ। ਭਾਵ ਮਾਲਵਾ ਆਪਣੇ-ਆਪ ਵਿੱਚ ਬਹੁਤ ਕੁਝ ਛੁਪਾਈ ਬੈਠਾ ਹੈ। ਅਜੇ ਤੱਕ ਮਾਲਵਾ ਬਾਰੇ ਇਤਿਹਾਸਕ ਖੋਜ ਬਹੁਤ ਘੱਟ ਹੋਈ ਹੈ। ਇਸ ਖੋਜ-ਪ੍ਰਬੰਧ ਵਿੱਚ ਇਤਿਹਾਸ ਦੇ ਖਿੰਡੇ-ਪੁੰਡੇ ਤੱਥਾਂ ਨੂੰ ਇਕੱਠਾ ਕਰ ਕੇ ਮਾਲਵਾ ਬਾਰੇ ਇਤਿਹਾਸਕ ਸੱਚ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪੂਰਬ ਈਸਾ ਕਾਲ ਦੇ ਸਮਾਪਤ ਹੋਣ ਪਿੱਛੋਂ ਦਾ ਜਿੰਨਾ ਸਮਾਂ ਈਸਵੀ ਕਾਲ ਦਾ ਸੀ, ਖਾਸ ਕਰਕੇ ਮਹਾਰਾਜਾ ਹਰਸ਼ ਵਰਧਨ ਦੇ ਸਮੇਂ ਤੱਕ ਮਾਲਵਾ ਕਿਸੇ ਪਾਸੇ ਇਤਿਹਾਸਕ ਹਵਾਲਿਆਂ ਵਿੱਚ ਨਹੀਂ ਆਉਂਦਾ। ਇਉਂ ਕਿਹਾ ਜਾ ਸਕਦਾ ਹੈ ਕਿ ਮੋਰੀਆ ਵੰਸ਼ ਅਤੇ ਗੁਪਤ ਵੰਸ਼ ਦੇ ਰਾਜਿਆਂ ਸਮੇਂ ਪੰਜਾਬ ਅਤੇ ਮਾਲਵਾ ਹਿੰਦੁਸਤਾਨੀ ਸ਼ਾਸ਼ਕਾਂ ਦੇ ਪ੍ਰਬੰਧ ਵਿੱਚ ਦਬਿਆ ਰਿਹਾ ਸੀ। ਜਦੋਂ 648 ਈਸਵੀ ਵਿੱਚ ਹਰਸ਼ ਵਰਧਨ ਦੀ ਮੌਤ ਹੋਈ ਤਾਂ ਉੱਤਰੀ ਹਿੰਦੁਸਤਾਨ ਖੇਰੂ-ਖੇਰੂੰ ਹੋ ਗਿਆ ਸੀ। ਕੇਂਦਰੀ ਰਾਜ-ਪ੍ਰਬੰਧ ਦੇ ਖੇਰੂੰ-ਖੇਰੂੰ ਹੋ ਜਾਣ ਨਾਲ ਹਰ ਪਾਸੇ ਛੋਟੇ-ਛੋਟੇ ਚੌਧਰੀ ਆਪੋ-ਆਪਣੀਆਂ ਚੌਧਰਾਂ (ਰਿਆਸਤਾਂ) ਕਾਇਮ ਕਰ ਲੈਂਦੇ ਹਨ। ਇਸ ਤਰ੍ਹਾਂ ਉੱਤਰੀ ਭਾਰਤ ਵਿੱਚ ਹੋਰਨਾ ਭਾਗਾਂ ਦੇ ਨਾਲ ਨਾਲ ਪੰਜਾਬ ਵਿੱਚ ਪੁਰਾਣਾ ਕਬੀਲਾਦਾਰੀ ਪ੍ਰਬੰਧ ਸਥਾਪਿਤ ਹੋ ਗਿਆ ਸੀ।[18] ਕਬੀਲਾਦਾਰੀ ਪ੍ਰਬੰਧ ਦਾ ਮਤਲਬ ਜਿਹੜੇ ਇਲਾਕੇ ਵਿੱਚ ਕਿਸੇ ਕਬੀਲੇ ਦੀ ਸਰਦਾਰੀ (ਚੌਧਰ) ਸੀ ਉਹ ਕਬੀਲਾ ਉਨੇ ਇਲਾਕੇ ਵਿੱਚ ਸੁਤੰਤਰ ਹੋ ਕੇ ਬੈਠ ਜਾਂਦਾ ਸੀ। ਰਾਜਸਥਾਨ ਵਿੱਚ ਤਾਂ ਇਹ ਕਬੀਲੇ ਰਾਜਪੂਤ ਕਬੀਲੇ ਕਹਾਉਂਦੇ ਸਨ ਪਰ ਪੰਜਾਬ ਵਿੱਚ ਤੇ ਖਾਸ ਕਰਕੇ ਮਾਲਵਾ ਵਿੱਚ ਇਹ ਕਬੀਲੇ, ਜੱਟ ਕਬੀਲੇ ਅਖਵਾਉਂਦੇ ਸਨ। ਮਾਲਵਾ, ਬਾਂਗਰ, ਅਤੇ ਰਾਜਸਥਾਨ ਦੇ ਕਬੀਲਿਆਂ ਦਾ ਰਹਿਣ-ਸਹਿਣ ਲੱਗਭੱਗ ਇਕ-ਦੂਜੇ ਨਾਲ ਮਿਲਦਾ ਸੀ। ਇਸ ਲਈ ਇਨ੍ਹਾਂ ਕਬੀਲਿਆਂ ਦਾ ਨਫਾ ਨੁਕਸਾਨ ਇਕ ਦੂਜੇ ਨਾਲ ਜੁੜਿਆ ਹੁੰਦਾ ਸੀ। ਹਰਸ਼ ਵਰਧਨ ਦੀ ਮੌਤ (648 ਈਸਵੀ) ਤੋਂ ਲੈ ਕੇ ਮਹਿਮੂਦ ਗਜ਼ਨਵੀ ਅਤੇ

17 *ਉਹੀ*, ਪੰਨਾ-57.

18 ਗੁਰਬਖ਼ਸ਼ ਸਿੰਘ ਦਾ ਲੇਖ 'ਪੰਜਾਬ ਉੱਤੇ ਗਜ਼ਨਵੀਂ ਤੁਰਕਾਂ ਦਾ ਕਬਜ਼ਾ' ਪੁਸਤਕ ਫ਼ੌਜਾ ਸਿੰਘ (ਸੰਪਾ.), *ਪੰਜਾਬ ਦਾ ਇਤਿਹਾਸ: (1000-1526)*, ਜਿਲਦ ਤੀਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ-16.

ਮੁਹੰਮਦ ਗੌਰੀ ਦੇ ਹਮਲਿਆਂ ਤੱਕ ਸਾਰੇ ਉੱਤਰੀ ਭਾਰਤ ਵਿੱਚ ਕਬੀਲਿਆਂ ਦੇ ਇਸੇ ਤਰ੍ਹਾਂ ਦੇ ਰਾਜ ਸਨ। ਮਾਲਵਾ ਅਤੇ ਰਾਜਸਥਾਨੀ ਮਾਰੂਥਲ ਵਿੱਚ ਰਾਜਪੂਤ ਰਾਜਾ ਜੈ ਚੰਦ ਦਾ ਰਾਜ ਸੀ। ਇਸ ਤੋਂ ਪਰੇ ਆਗਰਾ ਅਤੇ ਅਜਮੇਰ ਵੱਲ ਪ੍ਰਿਥਵੀ ਰਾਜ ਚੌਹਾਨ ਦਾ ਰਾਜ ਸੀ। ਮਹਿਮੂਦ ਗਜ਼ਨਵੀਂ ਸੋਮਨਾਥ ਦੇ ਮੰਦਰ (ਗੁਜਰਾਤ) ਤੱਕ ਪਹੁੰਚ ਗਿਆ ਸੀ ਪਰ ਉਸ ਦੇ ਹਮਲਿਆਂ ਨਾਲ ਰਾਜਪੂਤੀ ਰਾਜਿਆਂ ਦੀ ਰਾਜ-ਸ਼ਕਤੀ ਉੱਪਰ ਕੋਈ ਬਹੁਤਾ ਪ੍ਰਭਾਵ ਨਹੀਂ ਪਿਆ ਸੀ। ਇਹ ਪ੍ਰਭਾਵ ਮੁਹੰਮਦ ਗੌਰੀ ਦੇ ਹਮਲਿਆਂ ਨਾਲ, ਖਾਸ ਕਰਕੇ ਉਸ ਵੱਲੋਂ 1196-97 ਈਸਵੀ ਵਿੱਚ ਕੀਤੇ ਗਏ ਹਮਲੇ ਨਾਲ ਰਾਜਪੂਤਾਂ ਦੀ ਤਾਕਤ ਬਿਲਕੁਲ ਖ਼ਤਮ ਹੋ ਗਈ ਸੀ। ਤਰਾਵੜੀ ਦੀ ਦੂਜੀ ਲੜਾਈ ਵਿੱਚ ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਹਰਾ ਕੇ ਰਾਜਪੂਤੀ ਰਾਜ-ਸ਼ਕਤੀ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਸੀ। ਇਸ ਤੋਂ ਬਾਅਦ ਗੌਰੀ, ਪ੍ਰਿਥਵੀ ਰਾਜ ਚੌਹਾਨ ਨੂੰ ਕੈਦ ਕਰਕੇ, ਆਪਣੇ ਨਾਲ ਅਫਗਾਨਿਸਤਾਨ ਵਿੱਚ ਲੈ ਗਿਆ ਸੀ ਅਤੇ ਦੂਜਾ ਉਸ ਨੇ ਉੱਤਰੀ ਭਾਰਤ ਦੇ ਇਲਾਕਿਆਂ ਦੀ ਰੱਖਿਆ ਕਰਨ ਲਈ ਕੁਤਬ-ਦੀਨ-ਐਬਕ ਨੂੰ ਜਰਨੈਲ ਅਤੇ ਹਾਕਮ ਦੇ ਤੌਰ ’ਤੇ ਨੀਅਤ ਕਰ ਦਿੱਤਾ ਸੀ। ਕੁਤਬ-ਦੀਨ-ਐਬਕ ਨੇ ਆਪਣਾ ਕੇਂਦਰ ਘੁੜਾਮ ਨੂੰ ਬਣਾਇਆ। ਘੁੜਾਮ ਨੂੰ ਕੋਹਰਾਮ ਕਹਿ ਦਿੱਤਾ ਜਾਂਦਾ ਹੈ।[19] ਘੁੜਾਮ ਮਾਲਵਾ ਦਾ ਪ੍ਰਸਿੱਧ ਟਿਕਾਣਾ ਸੀ।

ਘੁੜਾਮ ਨੂੰ ਕੇਂਦਰ ਬਣਾ ਕੇ ਕੁਤਬ-ਦੀਨ-ਐਬਕ ਸਾਰੇ ਉੱਤਰੀ ਭਾਰਤ ’ਤੇ ਨਿਗਾਹ ਰੱਖਦਾ ਸੀ। ਮੁਹੰਮਦ ਗੌਰੀ ਦੀਆਂ ਜਿੱਤਾਂ ਨਾਲ ਹਰਿਆਣਾ ਵਿਚਲਾ ਤਰਾਵੜੀ ਦਾ ਸਥਾਨ ਅਤੇ ਪੰਜਾਬ ਵਿਚਲੇ ਦੋ ਸਥਾਨ ਸਮਾਣਾ ਅਤੇ ਘੁੜਾਮ ਇਤਿਹਾਸ ਵਿੱਚ ਮਸ਼ਹੂਰ ਹੋ ਗਏ ਸਨ। ਤਰਾਵੜੀ ਫ਼ੈਸਲਾਕੁਨ ਲੜਾਈ ਹੋਈ ਸੀ; ਘੁੜਾਮ ਨੂੰ ਕੁਤਬ-ਦੀਨ-ਐਬਕ ਨੇ ਆਪਣਾ ਕੇਂਦਰ ਬਣਾਇਆ ਸੀ; ਅਤੇ ਸਮਾਣਾ ਇਸ ਕਰਕੇ ਕਿ ਇਹ ਅਫਗਾਨੀ ਪਠਾਣਾ ਦੀ ਇਕ ਤਕੜੀ ਵਸੋਂ ਵਾਲਾ ਸ਼ਹਿਰ ਸੀ। ਇਸ ਕਰਕੇ ਉਹ ਕੁਤਬ-ਦੀਨ-ਐਬਕ ਦੇ ਕੱਟੜ ਹਿਮਾਇਤੀ ਬਣ ਗਏ ਸਨ। ਸ੍ਰੀ ਰਾਮ ਸ਼ਰਮਾ ਨੇ ਲਿਖਿਆ ਹੈ, “ਤਰਾਵੜੀ ਦੀ ਦੂਜੀ ਲੜਾਈ ਨਾਲ ਗੌਰੀ ਰਾਜ ਦੀਆਂ ਜੜ੍ਹਾਂ ਪੰਜਾਬ ਵਿੱਚ ਪੱਕੀਆਂ ਹੋ ਗਈਆਂ ਅਤੇ ਇਸ ਦਾ ਪਰਭਾਵ ਵੱਧ ਕੇ ਹਰਿਆਣੇ ਦੇ ਇਕ ਭਾਗ ਉੱਤੇ ਫੈਲ ਗਿਆ। ਇਸ ਤੋਂ ਪਿੱਛੋਂ ਸਰਸਵਤੀ, ਹਾਂਸੀ, ਸਮਾਣਾ ਅਤੇ ਕੋਹ ਰਾਮ (ਘੁੜਾਮ) ਦੇ ਕਿਲ੍ਹੇ ਉਨ੍ਹਾਂ ਦੇ ਕਬਜ਼ੇ ਵਿੱਚ ਆ ਗਏ।”[20]

---

19 ਮਹਿੰਦਰ ਸਿੰਘ ਰੰਧਾਵਾ, *ਪੰਜਾਬ*, ਪਟਿਆਲਾ, 1960, ਪੰਨੇ 657-59.

20 ਸ੍ਰੀ ਰਾਮ ਸ਼ਰਮਾ ਦਾ ਲੇਖ ‘ਪੰਜਾਬ ਉਪਰ ਗੌਰੀਆਂ ਦੇ ਹਮਲੇ’, ਪੁਸਤਕ, ਫ਼ੌਜਾ ਸਿੰਘ (ਸੰਪਾ.) *ਪੰਜਾਬ ਦਾ ਇਤਿਹਾਸ (1000-1526 ਈ.)*, ਪੰਨਾ-78.

ਇਸ ਤਰ੍ਹਾਂ ਘੁੜਾਮ ਨੂੰ ਨਵਾਂ ਕੇਂਦਰ ਬਣਾਏ ਜਾਣ ਨਾਲ ਮਾਲਵਾ ਦੇ ਖੇਤਰ ਨੂੰ ਇੱਕ ਵਾਰ ਫਿਰ ਦੇਸ ਦੀ ਰਾਜਨੀਤੀ ਵਿੱਚ ਉਭਰਨ ਦਾ ਬਹੁਤ ਦੇਰ ਬਾਅਦ ਸਮਾਂ ਮਿਲਿਆ ਸੀ। ਇਹ ਸਮਾਂ ਛੇਤੀ ਹੀ 1204 ਈਸਵੀ ਵਿੱਚ ਖ਼ਤਮ ਹੋ ਗਿਆ ਕਿਉਂਕਿ 1204 ਈਸਵੀ ਵਿੱਚ ਗੌਰੀ ਦੀ ਮੌਤ ਹੋ ਜਾਣ ਨਾਲ ਕੁਤਬ-ਦੀਨ-ਐਬਕ ਨੇ ਗੌਰੀ ਦੇ ਜਿੱਤੇ ਹੋਏ ਭਾਰਤੀ ਇਲਾਕਿਆਂ 'ਤੇ ਆਪਣਾ ਰਾਜ ਸਥਾਪਿਤ ਕਰ ਲਿਆ ਸੀ। ਇਸ ਤਰ੍ਹਾਂ ਐਬਕ ਨੇ ਘੁੜਾਮ ਤੋਂ ਆਪਣਾ ਕੇਂਦਰ ਬਦਲ ਕੇ ਲਾਹੌਰ ਕਰ ਲਿਆ ਸੀ। ਇਸ ਤਰ੍ਹਾਂ ਘੁੜਾਮ ਦੀ ਮਹੱਤਤਾ ਉੱਭਰ ਨਹੀਂ ਸਕੀ ਸੀ। ਦਿੱਲੀ ਦੇ ਮੁੱਢਲੇ ਸੁਲਤਾਨਾਂ ਦਾ ਸਮੁੱਚਾ ਸਮਾਂ ਅਰਾਜਕਤਾ ਵਾਲਾ ਸੀ ਇਸ ਲਈ ਉੱਤਰੀ ਭਾਰਤ ਵਿੱਚ ਉਨ੍ਹਾਂ ਦਾ ਪ੍ਰਬੰਧ ਪੱਕੇ ਪੈਰਾਂ 'ਤੇ ਨਹੀਂ ਖੜ੍ਹੋ ਸਕਿਆ ਸੀ। ਅਲਤਮਸ (1211-1236 ਈਸਵੀ) ਨੇ ਕੋਸ਼ਿਸ਼ ਕੀਤੀ। ਸੁਲਤਾਨੀ ਰਾਜ ਪ੍ਰਬੰਧ ਨੂੰ ਸਥਿਰਤਾ ਦੇਣ ਦੀ ਅਤੇ ਉਸ ਨੇ 26 ਸਾਲਾਂ ਤੱਕ ਸਥਿਰ ਪ੍ਰਬੰਧ ਦਿੱਤਾ ਪਰ ਉਸ ਦੇ ਪੁੱਤਰ ਅਤੇ ਧੀ ਰਜ਼ੀਆ ਵਿਚਕਾਰ ਏਕਤਾ ਨਹੀਂ ਹੋ ਸਕੀ। ਇਸ ਲਈ ਅਲਤਮਸ ਦੁਆਰਾ ਲਿਆਂਦੀ ਗਈ ਸਥਿਰਤਾ ਛੇਤੀ ਹੀ ਉਸ ਦੀ ਮੌਤ ਬਾਅਦ ਅਸਥਿਰ ਹੋ ਗਈ ਸੀ। ਰਜ਼ੀਆ ਸੁਲਤਾਨਾਂ ਆਪਣੇ ਭਰਾ ਨੂੰ ਲੜਾਈ ਵਿੱਚ ਹਰਾ ਕੇ ਆਪ ਸੁਲਤਾਨ ਬਣ ਗਈ ਸੀ। ਰਜ਼ੀਆ ਸੁਲਤਾਨਾਂ ਬਹੁਤ ਆਤਮ-ਸਵੈਮਾਨ ਅਤੇ ਰੋਅਬ-ਬਾਅਬ ਵਾਲੀ ਔਰਤ ਸੀ। ਔਰਤ ਦੀ ਅਜਿਹੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੂੰ ਤੁਰਕ ਸਰਦਾਰਾਂ ਦਾ ਧੜਾ ਪਸੰਦ ਨਹੀਂ ਕਰਦਾ ਸੀ। ਰਜ਼ੀਆ ਸੁਲਤਾਨਾਂ ਇਨ੍ਹਾਂ ਤੁਰਕ ਸਰਦਾਰਾਂ ਦੇ ਧੜੇ ਨੂੰ ਹਰਾ ਕੇ ਆਪ ਬਠਿੰਡਾ ਦੇ ਕਿਲ੍ਹੇ ਵਿੱਚ ਚਲੀ ਗਈ ਸੀ। ਇਸ ਤਰ੍ਹਾਂ ਰਜ਼ੀਆ ਨੇ ਬਠਿੰਡੇ ਤੋਂ ਆਪਣੇ ਪ੍ਰਬੰਧ ਨੂੰ ਚਲਾਉਣਾ ਚਾਹਿਆ ਸੀ। ਬਠਿੰਡਾ ਮਾਲਵਾ ਦਾ ਇੱਕ ਬਹੁਤ ਮਹੱਤਵਪੂਰਨ ਕਿਲ੍ਹਾ ਸੀ। ਇਹ ਪਹਿਲੀ ਵਾਰ ਸੀ ਜਦੋਂ ਕਿਸੇ ਦਿੱਲੀ ਦੇ ਸੁਲਤਾਨ ਨੇ ਮਾਲਵਾ ਦੇ ਇਲਾਕੇ ਵਿੱਚ ਆ ਕੇ ਆਪਣਾ ਰਾਜ ਪ੍ਰਬੰਧ ਚਲਾਉਣ ਦੀ ਕੋਸ਼ਿਸ਼ ਕੀਤੀ ਸੀ। ਜੇਕਰ ਇਹ ਕਾਮਯਾਬ ਰਹਿੰਦੀ ਤਾਂ ਬਠਿੰਡਾ ਨੇ ਇਕ ਮਹੱਤਵਪੂਰਨ ਸ਼ਹਿਰ ਦੇ ਤੌਰ 'ਤੇ ਉਭਰਨਾ ਸੀ। ਇਸ ਨਾਲ ਮਾਲਵਾ ਦੀ ਮਹੱਤਤਾ ਬਣ ਜਾਣੀ ਸੀ। ਪਰ ਛੇਤੀ ਹੀ ਬਠਿੰਡਾ ਦੇ ਸੂਬੇਦਾਰ ਅਲਤੂਨੀਆ ਨੇ ਯਾਕੂਤ ਨੂੰ ਕਤਲ ਕਰ ਕੇ ਰਜ਼ੀਆ ਨੂੰ ਕਿਲ੍ਹੇ ਵਿੱਚ ਬੈਠੀ ਨੂੰ ਕੈਦ ਕਰ ਲਿਆ ਸੀ।[21] ਦੂਸੇ ਪਾਸੇ ਦਿੱਲੀ ਵਿੱਚ ਰਜ਼ੀਆ ਦੇ ਇਕ ਹੋਰ ਭਾਈ ਬਹਿਰਾਮ ਸ਼ਾਹ ਨੇ ਆਪਣੇ ਆਪ ਨੂੰ ਸੁਲਤਾਨ ਹੋਣ ਦਾ ਐਲਾਨ ਕਰ ਦਿੱਤਾ ਸੀ। ਇਸ ਨਾਲ ਸਾਰੀ ਸਥਿਤੀ ਡਗਮਗਾ ਗਈ ਸੀ। ਬਠਿੰਡਾ ਵਿੱਚ ਰਜ਼ੀਆ ਨੇ ਕੈਦ ਵਿੱਚ ਇਕ ਚਲਾਕੀ ਖੇਡੀ। ਉਸ ਨੇ ਆਪਣੇ ਮਾਲਕ ਅਲਤੂਨੀਆ ਨਾਲ

21 ਮਹਿੰਦਰ ਸਿੰਘ ਰੰਧਾਵਾ, *ਪੰਜਾਬ*, ਪੰਨੇ 683-686.

ਵਿਆਹ ਕਰਵਾ ਲਿਆ। ਵਿਆਹ ਨੇ ਪੁੱਠੀ ਪਈ ਖੇਡ ਨੂੰ ਇਕ ਵਾਰ ਫਿਰ ਸਿੱਧੀ ਕਰ ਦਿੱਤਾ ਸੀ। ਰਜ਼ੀਆ ਬਠਿੰਡਾ ਵਿੱਚ ਬੈਠੀ ਹੋਈ ਇਕ ਵਾਰ ਫਿਰ ਸੁਲਤਾਨ ਬਣ ਗਈ ਸੀ। ਪਰ 24 ਅਕਤੂਬਰ, 1239 ਈਸਵੀ ਨੂੰ ਹਰਿਆਣਾ ਦੇ ਕੈਥਲ ਸ਼ਹਿਰ ਵਿਖੇ ਦਿੱਲੀ ਤੋਂ ਚੱਲੇ ਬਹਿਰਾਮ ਸ਼ਾਹ ਅਤੇ ਰਜ਼ੀਆ ਸੁਲਤਾਨਾਂ ਵਿਚਕਾਰ ਜ਼ਬਰਦਸਤ ਲੜਾਈ ਹੋਈ। ਰਜ਼ੀਆ ਹਾਰ ਗਈ ਅਤੇ ਬਠਿੰਡੇ ਵੱਲ ਭੱਜ ਗਈ ਸੀ। ਪਰ ਉਸ ਨੂੰ ਉਸ ਦੇ ਫ਼ੌਜੀਆਂ ਨੇ ਅਤੇ ਇਲਾਕੇ ਦੇ ਡਾਕੂਆਂ ਨੇ ਮਾਰ ਦਿੱਤਾ ਸੀ।[22]

ਖਿਲਜ਼ੀ ਸੁਲਤਾਨਾਂ ਦਾ ਸਾਰਾ ਸਮਾਂ ਹੂਣਾਂ ਜਾਂ ਮੰਗੋਲਾਂ ਦੇ ਹਮਲਿਆਂ ਦਾ ਟਾਕਰਾ ਕਰਦਿਆਂ ਲੰਘ ਗਿਆ ਸੀ। ਖਿਲਜ਼ੀਆਂ ਨੇ ਹੁਣਾਂ ਅਤੇ ਮੰਗੋਲਾਂ ਦਾ ਲੱਕ ਤੋੜ ਦਿੱਤਾ ਸੀ। ਫਿਰ ਤੁਗਲਕ ਸੁਲਤਾਨਾਂ ਦਾ ਸਮਾਂ ਆਉਣ 'ਤੇ ਪੰਜਾਬ ਇਕ ਵਾਰ ਫਿਰ ਦਿੱਲੀ ਸਲਤਨਤ ਨੂੰ ਪ੍ਰਭਾਵਿਤ ਕਰਨ ਲੱਗ ਪਿਆ ਸੀ। ਕੇ.ਏ. ਨਿਜ਼ਾਮੀ ਦਾ ਕਹਿਣਾ ਹੈ ਕਿ "ਤੁਗਲਕ ਸੁਲਤਾਨਾਂ ਦਾ ਪੰਜਾਬ ਨਾਲ ਬੜਾ ਨੇੜੇ ਦਾ ਸਬੰਧ ਸੀ।" ਉਹ ਲਿਖਦਾ ਹੈ ਕਿ ਤੁਗਲਕ ਘਰਾਣੇ ਦਾ ਮੋਢੀ ਪੰਜਾਬ ਦੀ ਇਕ ਜੱਟੀ ਦੇ ਪੇਟੋਂ ਪੈਦਾ ਹੋਇਆ ਪੁੱਤਰ ਸੀ। ਤੁਗਲਕਾਂ ਦੀ ਸ਼ਕਤੀ ਦਾ ਮੁੱਢ ਪੰਜਾਬ ਵਿਚੋਂ ਸ਼ੁਰੂ ਹੋਇਆ ਸੀ। ਪੰਜਾਬ ਤੋਂ ਸ਼ੁਰੂ ਹੋਣ ਕਰਕੇ ਤੁਗਲਕ ਦਿੱਲੀ ਤੱਕ ਪਹੁੰਚੇ ਸਨ। ਫ਼ਿਰੋਜ਼ ਸ਼ਾਹ ਤੁਗਲਕ ਦੀ ਮਾਂ ਪੰਜਾਬਣ ਸੀ। ਇਸ ਤਰ੍ਹਾਂ ਨਾ ਸਿਰਫ਼ ਤੁਗਲਕ ਸੁਲਤਾਨਾਂ ਦਾ ਪੰਜਾਬ ਨਾਲ ਮਹਾਨ ਲਗਾਉ ਸੀ ਸਗੋਂ ਉਹ ਇਸ ਇਲਾਕੇ ਨੂੰ ਆਪਣੀ ਮਾਤ-ਭੂਮੀ ਸਮਝਦੇ ਸਨ।[23] ਇਸ ਕਰਕੇ "ਤੁਗਲਕ ਘਰਾਣੇ ਦੇ ਉਥਾਨ ਵਿੱਚ ਪੰਜਾਬ ਨੇ ਬੜਾ ਮਹੱਤਵਪੂਰਨ ਅਤੇ ਨਿਰਣਾ ਜਨਕ ਹਿੱਸਾ ਪਾਇਆ ਅਤੇ ਜਿਵੇਂ ਹਾਲਾਤ ਅਨੁਸਾਰ ਬਿਲਕੁਲ ਸੁਭਾਵਕ ਸੀ, ਪੰਜਾਬ ਨੂੰ ਤੁਗਲਕ ਸਾਮਰਾਜ ਵਿੱਚ ਬੜਾ ਪ੍ਰਸਿੱਧ ਸਥਾਨ ਹਾਸਲ ਹੋਇਆ।"[24] ਤੁਗਲਕਾਂ ਦੇ ਰਾਜ ਵਿੱਚ ਉਨ੍ਹਾਂ ਦੇ ਕੁੱਲ 23 ਪ੍ਰਾਂਤਾਂ ਵਿੱਚੋਂ ਅੱਠ ਪ੍ਰਾਂਤ ਪੰਜਾਬ ਵਿੱਚ ਸਨ। ਇਨ੍ਹਾਂ ਵਿੱਚੋਂ ਦੋ ਪ੍ਰਾਂਤ ਸਮਾਣਾ ਅਤੇ ਘੁੜਾਮ ਮਾਲਵਾ ਵਿੱਚ ਸਨ। ਕਈ ਵਾਰ ਸੁਨਾਮ[25] ਵੀ ਇੱਕ ਮਹੱਤਵਪੂਰਨ ਸੈਨਿਕ ਚੌਂਕੀ ਵਜੋਂ ਉੱਭਰਦਾ ਰਿਹਾ ਸੀ। ਸਭ ਤੋਂ ਵੱਡਾ ਕੰਮ ਜੋ ਫ਼ਿਰੋਜ਼ਸ਼ਾਹ ਤੁਗਲਕ ਨੇ ਕੀਤਾ ਉਹ ਸੀ ਸਤਲੁਜ ਦਰਿਆ ਵਿੱਚੋਂ ਅਤੇ ਘੱਗਰ ਦਰਿਆ ਵਿੱਚੋਂ ਨਹਿਰਾਂ ਕੱਢ ਕੇ ਮਾਲਵਾ ਵਿੱਚੋਂ ਦੀ ਧੁਰ

---

22 ਬਖਸ਼ੀਸ਼ ਸਿੰਘ ਨਿੱਝਰ ਦਾ ਲੇਖ 'ਮਮਲੂਕ ਸੁਲਤਾਨਾ ਦਾ ਰਾਜ' ਪੁਸਤਕ ਫ਼ੌਜਾ ਸਿੰਘ (ਸੰਪਾ.), *ਪੰਜਾਬ ਦਾ ਇਤਿਹਾਸ*, ਪੰਨੇ 99-106.

23 ਕੇ.ਏ. ਨਿਜ਼ਾਮੀ ਦਾ ਲੇਖ 'ਤੁਗਲਕ ਸੁਲਤਾਨਾਂ ਦਾ ਰਾਜ' ਪੁਸਤਕ ਫ਼ੌਜਾ ਸਿੰਘ (ਸੰਪਾ.), *ਪੰਜਾਬ ਦਾ ਇਤਿਹਾਸ*, ਜਿਲਦ ਤੀਜੀ, ਪੰਨਾ-124.

24 *ਉਹੀ*, ਪੰਨਾ-126.

25 ਕੇ.ਏ. ਨਿਜ਼ਾਮੀ ਦਾ ਲੇਖ 'ਤੁਗਲਕ ਸੁਲਾਤਾਨਾਂ ਦਾ ਰਾਜ ਅਤੇ ਪੰਜਾਬ', *ਉਹੀ*, ਪੰਨਾ-126.

ਹਰਿਆਣਾ ਦੇ ਹਾਂਸੀ-ਹਿਸਾਰ ਤੱਕ ਲੈ ਜਾਣੀਆਂ। ਇਨ੍ਹਾਂ ਨਹਿਰਾਂ ਨਾਲ ਮਾਲਵਾ ਅਤੇ ਬਾਂਗਰ ਦੇ ਰੇਤਲਿਆਂ ਟਿੱਬਿਆਂ ਵਿੱਚ ਨਹਿਰਾਂ ਦੇ ਪਾਣੀ ਉਪਲਭਦ ਹੋ ਗਏ ਸਨ।[26] ਫ਼ਿਰੋਜ਼ਸ਼ਾਹ ਤੁਗਲਕ ਨੇ 1379-80 ਈਸਵੀ ਵਿੱਚ ਸਮਾਣਾ, ਸ਼ਾਹਬਾਦ ਅਤੇ ਅੰਬਾਲੇ ਦੇ ਇਲਾਕਿਆਂ ਦਾ ਦੌਰਾ ਕੀਤਾ ਸੀ। ਸਿੱਟੇ ਵਜੋਂ ਮਾਲਵਾ ਦੇ ਚਾਰ ਸ਼ਹਿਰ ਘੁੜਾਮ, ਸਮਾਣਾ, ਸੁਨਾਮ ਅਤੇ ਬਠਿੰਡਾ ਦੇਸ਼ ਦੀ ਰਾਜਨੀਤੀ ਵਿੱਚ ਉੱਭਰ ਆਏ ਸਨ। ਸਮਾਣਾ ਵਿਖੇ ਤਾਂ ਸੁਲਤਾਨ ਨੇ ਤੀਹ ਹਜ਼ਾਰ ਤੋਂ ਉੱਪਰ ਘੋੜਸਵਾਰ ਸੈਨਾ ਦੀ ਗਿਣਤੀ ਵਾਲੀ ਫ਼ੌਜਦਾਰੀ ਵੀ ਸਥਾਪਿਤ ਕਰ ਦਿੱਤੀ ਸੀ।

ਚੌਧਵੀਂ ਸਦੀ ਦੇ ਅਖੀਰਲੇ ਸਾਲਾਂ ਵਿੱਚ ਜਦੋਂ ਤੈਮੂਰ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ ਸੀ ਤਾਂ ਉਸ ਦਾ ਸਿੰਧ ਦਰਿਆ ਨੂੰ ਪਾਰ ਕਰਨ ਤੋਂ ਅੱਗੇ ਦਾ ਰਸਤਾ ਮੁਲਤਾਨ ਵਿੱਚੋਂ ਦੀ ਹੋ ਕੇ ਭਟਨੇਰ ਵਿੱਚੋਂ ਦੀ ਹੁੰਦਾ ਹੋਇਆ, ਉਹ ਹਾਂਸੀ ਅਤੇ ਰੋਹਤਕ ਵਾਲੇ ਪਾਸਿਉਂ ਦਿੱਲੀ ਵਿੱਚ ਦਾਖ਼ਲ ਹੋਇਆ ਸੀ। ਮਾਲਵਾ ਵਿੱਚ ਦੀ ਗੁਜ਼ਰਨ ਸਮੇਂ ਤੈਮੂਰ-ਵੱਲੋਂ ਮਾਲਵਾ ਵਿੱਚ ਕੀਤੀ ਗਈ ਲੁੱਟ-ਮਾਰ ਦਾ ਵੇਰਵਾ ਨਹੀਂ ਮਿਲਦਾ। ਤੈਮੂਰ ਦੇ ਵਾਪਿਸ ਜਾਣ ਵੇਲੇ ਦਾ ਰਸਤਾ ਹਰਿਦੁਆਰ ਵੱਲ ਦੀ ਹੋ ਕੇ ਕਾਂਗੜਾ ਅਤੇ ਜੰਮੂ ਵਿੱਚੋਂ ਦੀ ਸੀ। ਬਾਕੀ ਤੈਮੂਰ ਤੋਂ ਪਿੱਛੋਂ ਜਿਸ ਤਰ੍ਹਾਂ ਸੱਯਦ ਸੁਲਤਾਨਾਂ ਅਤੇ ਲੋਧੀ ਸੁਲਤਾਨਾਂ ਦੀ ਮੁੜ ਸਥਾਪਤੀ ਹੋਈ ਉਸ ਦੌਰਾਨ ਮਾਲਵਾ ਮੁਖ ਰੂਪ ਵਿੱਚ ਸ਼ਾਂਤ ਖੇਤਰ ਰਿਹਾ ਸੀ। ਮਾਲਵਾ ਦੇ ਜੱਟ ਕਬੀਲਿਆਂ ਦੀ ਇਹ ਖੁਸ਼ਕਿਸਮਤੀ ਸੀ ਕਿਸੇ ਵੀ ਸੁਲਤਾਨ ਨੇ ਅਤੇ ਬਾਹਰਲੇ ਧਾੜਵੀ ਨੇ ਮਾਲਵਾ ਵਿੱਚ ਕੋਈ ਦਖ਼ਲ-ਅੰਦਾਜ਼ੀ ਨਹੀਂ ਕੀਤੀ। ਇਸ ਲਈ ਮਾਲਵਾ ਦੇ ਜੱਟ ਕਿਸਾਨ ਬਿਨਾ ਕਿਸੇ ਬਾਹਰੀ ਦਖ਼ਲ-ਅੰਦਾਜ਼ੀ ਤੋਂ ਆਪਣੀ ਅੰਦਰੂਨੀ ਆਜ਼ਾਦੀ ਰੱਖਦੇ ਹੋਏ ਜੀਵਨ ਬਸਰ ਕਰਦੇ ਰਹੇ ਸਨ।

ਇਸ ਦਾ ਸਿੱਟਾ ਇਹ ਹੋਇਆ ਕਿ ਮਾਲਵਾ ਦੇ ਜੱਟ ਕਬੀਲਿਆਂ ਨੇ ਮਾਲਵਾ ਵਿੱਚ ਆਪੋ-ਆਪਣੀਆਂ ਜੱਟ ਚੌਧਰਾਂ ਕਾਇਮ ਕਰ ਲਈਆਂ ਸਨ। ਜੱਟ ਚੌਧਰਾਂ ਦਾ ਮਤਲਬ ਸੀ ਜਿਹੜਾ ਜੱਟ ਕਬੀਲਾ ਜ਼ਿਆਦਾ ਸੈਨਿਕ ਸ਼ਕਤੀ ਰੱਖਦਾ ਸੀ ਉਹ ਉੱਨੇ ਹੀ ਜ਼ਿਆਦਾ ਪਿੰਡ ਆਪਣੀ ਚੌਧਰ ਵਿੱਚ ਮਿਲਾ ਲੈਂਦਾ ਸੀ। ਹਰ ਜੱਟ ਕਬੀਲਾ ਆਪਣੀ ਚੌਧਰ ਵਿੱਚ ਆਪਣੇ ਕਬੀਲੇ ਦੇ ਪਿੰਡ ਵਸਾਉਂਦਾ ਸੀ। ਇੱਕੋ ਕਬੀਲੇ ਦੇ ਪਿੰਡ ਹੋਣ ਕਰ ਕੇ ਉਨ੍ਹਾਂ ਦੀ ਆਪਸੀ ਏਕਤਾ ਦਾ ਪੱਕਾ ਹੋਣਾ ਕੁਦਰਤੀ ਗੱਲ ਸੀ। ਇਹ ਏਕਤਾ ਸੈਨਿਕ ਰੂਪ ਵਿੱਚ ਅਤੇ ਸੱਭਿਆਚਾਰਕ ਅਤੇ ਸਮਾਜਿਕ ਹੁੰਦੀ ਸੀ। ਇੱਕ ਜੱਟ ਕਬੀਲਾ ਆਪਣੇ ਬੱਚਿਆਂ ਦੀ ਸ਼ਾਦੀ ਆਪਣੇ ਕਬੀਲੇ

---

26 *ਉਹੀ,* ਪੰਨੇ 130-131.

ਵਿੱਚ ਨਹੀਂ ਕਰਦਾ ਸੀ। ਇਹ ਗੱਲ ਜੱਟ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਬਣ ਗਈ ਸੀ। ਭਾਵ ਜੇਕਰ ਇੱਕ ਜੱਟ ਪਰਿਵਾਰ ਨੇ ਜਦੋਂ ਆਪਣਾ ਲੜਕਾ ਵਿਆਹੁਣਾ ਹੁੰਦਾ ਸੀ ਤਾਂ ਉਹ ਦੂਸਰੇ ਕਬੀਲੇ ਦੀ ਲੜਕੀ ਲੈਂਦਾ ਸੀ। ਇਸ ਤਰ੍ਹਾਂ ਉਸ ਪਰਿਵਾਰ ਨੇ ਜਦੋਂ ਆਪਣੀ ਲੜਕੀ ਦਾ ਵਿਆਹ ਕਰਨਾ ਹੁੰਦਾ ਸੀ ਤਾਂ ਉਹ ਦੂਜੇ ਕਬੀਲੇ ਦਾ ਲੜਕਾ ਲੱਭਦਾ ਸੀ।[27] ਇਸ ਨਾਲ ਜੱਟਾਂ ਦੇ ਕਬੀਲਿਆਂ ਵਿੱਚ ਕੁੜਮਾਚਾਰੀ ਵਾਲੇ ਸਬੰਧ ਬਣ ਕੇ ਕਈ ਕਈ ਕਬੀਲੇ ਆਪਸ ਵਿੱਚ ਇਕੱਠੇ ਹੋ ਕੇ ਸੈਨਿਕ ਗਰੁੱਪ ਬਣਾ ਲੈਂਦੇ ਸਨ। ਇਸ ਤਰ੍ਹਾਂ ਸਿਆਣੇ ਮੁੱਖੀ ਆਪਣੀ ਸੈਨਿਕ ਤਾਕਤ ਬਹੁਤ ਵਧਾ ਲੈਂਦੇ ਸਨ। ਜਿੰਨੇ ਵੀ ਕਬੀਲੇ ਇਸ ਤਰ੍ਹਾਂ ਆਪਸ ਵਿੱਚ ਇਕੱਠੇ ਹੁੰਦੇ ਸਨ ਉਹ ਆਪਣੀ ਸਾਂਝੀ ਤਾਕਤ ਦੇ ਸਹਾਰੇ ਵੱਡੇ ਵੱਡੇ ਹਾਕਮਾਂ ਨਾਲ ਰਾਜਨੀਤਿਕ ਸੌਦੇਬਾਜ਼ੀ ਕਰ ਲੈਂਦੇ ਸਨ। ਇਹ ਰਾਜਨੀਤਿਕ ਸੌਦੇਬਾਜ਼ੀਆਂ ਅਰਾਜਕਤਾ ਦੇ ਸਮੇਂ ਬਹੁਤ ਹੁੰਦੀਆਂ ਸਨ। ਅਰਾਜਕਤਾ ਦੌਰਾਨ ਤਖ਼ਤ ਪ੍ਰਾਪਤ ਕਰਨ ਵਾਲੀਆਂ ਵੱਖ-ਵੱਖ ਵਿਰੋਧੀ ਧਿਰਾਂ ਅਕਸਰ ਜੱਟ ਕਬੀਲਿਆਂ ਤੱਕ ਪਹੁੰਚ ਕਰਦੀਆਂ ਸਨ। ਅੱਗੋਂ ਜੱਟ ਕਬੀਲੇ ਆਪਣੀ ਆਪਣੀ ਸਮਰੱਥਾ ਅਨੁਸਾਰ ਇਨ੍ਹਾਂ ਦਾ ਸੌਦਾ ਕਰਦੇ ਸਨ। ਸੌਦੇ ਬਾਜ਼ੀ ਵਿੱਚ ਆਪਣੀ ਅੰਦਰੂਨੀ ਸੁਤੰਤਰਤਾ ਨੂੰ ਬਰਕਰਾਰ ਰੱਖਿਆ ਜਾਂਦਾ ਸੀ।

1526 ਈਸਵੀ ਵਿੱਚ ਜਦੋਂ ਬਾਬਰ ਨੇ ਹਮਲਾ ਕੀਤਾ ਸੀ ਉਸ ਸਮੇਂ ਮਾਲਵਾ ਦੇ ਜੱਟ ਕਬੀਲੇ ਬਹੁਤ ਤਾਕਤਵਰ ਹੋ ਚੁੱਕੇ ਸਨ। ਛੋਟੀਆਂ-ਛੋਟੀਆਂ ਖੇਤਰੀ ਤਾਕਤਾਂ ਜੇਤੂ ਹਮਲਾਵਰਾਂ ਨਾਲ ਖੜਦੀਆਂ ਰਹੀਆਂ ਸਨ ਕਿਉਂਕਿ ਉਨ੍ਹਾਂ ਸਮਿਆਂ ਵਿੱਚ ਨਾ ਕੋਈ ਰਾਸ਼ਟਰਵਾਦ ਦੀ ਭਾਵਨਾ ਸੀ ਅਤੇ ਨਾ ਦੇਸ਼ ਭਗਤੀ ਦਾ ਅਹਿਸਾਸ ਹੁੰਦਾ ਸੀ।

ਬਾਬਰ ਸਮੇਂ ਮਾਲਵਾ ਦੇ ਜੱਟ ਕਬੀਲਿਆਂ ਵਿੱਚੋਂ ਸਿੱਧੂ-ਬਰਾੜਾਂ ਦਾ ਕਬੀਲਾ ਸਭ ਤੋਂ ਵੱਧ ਤਾਕਤਵਰ ਸੀ। ਇਸ ਕਬੀਲੇ ਦਾ ਸਰਦਾਰ ਉਸ ਸਮੇਂ ਸੰਘਰ ਸੀ।[28] ਇਸ ਨੇ ਬਾਬਰ ਦੀ ਪੂਰੀ ਮਦਦ ਕੀਤੀ ਸੀ। ਰਾਜ-ਸਥਾਪਤੀ ਬਾਅਦ ਬਾਬਰ ਨੇ ਸਿੱਧੂ-ਬਰਾੜਾਂ ਨੂੰ ਪੂਰੀ ਤਰ੍ਹਾਂ ਨਿਵਾਜ਼ਿਆ ਸੀ। ਕਬੀਲਿਆਂ ਨੂੰ ਇਕ-ਦੂਜੇ ਨਾਲ ਈਰਖਾ ਰਹਿੰਦੀ ਸੀ। ਹਰ ਕਬੀਲਾ ਇਕ-ਦੂਜੇ ਤੋਂ ਅੱਗੇ ਨਿਕਲਣਾ ਚਾਹੁੰਦਾ ਸੀ। ਹਮਾਯੂੰ ਨੂੰ ਜਦੋਂ ਸ਼ੇਰ ਸ਼ਾਹ ਸੂਰੀ ਨੇ ਹਿੰਦੁਸਤਾਨ ਵਿਚੋਂ ਕੱਢ ਦਿੱਤਾ ਸੀ ਅਤੇ ਫਿਰ ਮੁੜ ਕੇ ਹਮਾਯੂੰ ਦੇ ਪੁੱਤਰ ਅਕਬਰ ਨੇ ਮਜ਼ਬੂਤ ਰਾਜ-ਪ੍ਰਬੰਧ ਸਥਾਪਿਤ ਕੀਤਾ ਸੀ ਤਾਂ ਇਸ ਸਮੇਂ ਮਾਲਵਾ ਦੇ ਜੱਟ ਕਬੀਲਿਆਂ ਵਿੱਚੋਂ ਧਾਲੀਵਾਲਾਂ ਦਾ ਕਬੀਲਾ ਜ਼ਿਆਦਾ ਤਾਕਤਵਰ ਹੋ ਗਿਆ ਸੀ। ਧਾਲੀਵਾਲਾਂ ਨੇ ਅਕਬਰ ਨਾਲ ਆਪਣੀ ਲੜਕੀ ਦੀ ਸ਼ਾਦੀ

---

27 ਸੰਤ ਸਿੰਘ ਸੇਖੋਂ ਦਾ ਲੇਖ ਪੁਰਾਤਨ ਪੰਜਾਬ ਦਾ 'ਸਮਾਜਿਕ ਜੀਵਨ' ਪੁਸਤਕ ਫ਼ੌਜਾ ਸਿੰਘ (ਸੰਪਾ.), *ਪੰਜਾਬ ਦਾ ਇਤਿਹਾਸ: 1000-1526 ਈ.*, ਜਿਲਦ ਤੀਜੀ, ਪੰਨੇ 287-88.

28 ਮਹਿੰਦਰ ਸਿੰਘ ਬਿਰਦੀ, *ਮਾਲਵਾ ਦਾ ਲੋਕ ਸਾਹਿਤ: ਇਕ ਆਲੋਚਨਾਤਮਿਕ ਅਧਿਐਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨੇ 10-11.

ਕਰਕੇ, ਬਹੁਤ ਨੇੜਤਾ ਪਰਾਪਤ ਕਰ ਲਈ ਸੀ।[29] ਇਸ ਕਰਕੇ ਧਾਲੀਵਾਲ ਕਬੀਲਾ ਸਮੁੱਚੇ ਮੁਗ਼ਲ-ਕਾਲ ਦੌਰਾਨ ਮਾਲਵਾ ਵਿੱਚ ਸਿਰਕੱਢ ਕਬੀਲਾ ਬਣਿਆ ਰਿਹਾ ਸੀ।

ਇਸ ਸਭ ਕੁਝ ਦਾ ਸਿੱਟਾ ਇਹ ਹੋਇਆ ਸੀ ਕਿ ਮਾਲਵਾ ਤੈਮੂਰ ਦੇ ਹਮਲੇ (1398-99 ਈਸਵੀ) ਤੋਂ ਲੈ ਕੇ ਸਮੁੱਚੀ ਮੁਗ਼ਲ-ਸ਼ਾਹੀ ਤੱਕ ਆਪਣੀ ਅੰਦਰੂਨੀ ਸੁਤੰਤਰਤਾ ਰੱਖਦਾ ਆਇਆ ਸੀ। ਮਾਲਵਾ ਦਾ ਖੇਤਰ ਉਪਜਾਊ ਅਤੇ ਖੁਸ਼ਹਾਲੀ ਵਾਲਾ ਖੇਤਰ ਨਹੀਂ ਸੀ ਇਸ ਕਰਕੇ ਇਸ ਖੇਤਰ ਉੱਪਰ ਨਾਂ ਕਿਸੇ ਹਮਲਾਵਰ ਅਤੇ ਨਾ ਕਿਸੇ ਸੂਬੇਦਾਰ ਜਾਂ ਫ਼ੌਜਦਾਰ ਦੀ ਨਜ਼ਰ ਪੈਂਦੀ ਸੀ। ਇਸ ਤਰ੍ਹਾਂ ਮਾਲਵਾ ਲਗਾਤਾਰ ਹਮਲਾਵਰਾਂ ਅਤੇ ਸਰਕਾਰੀ ਆਧਿਕਾਰੀਆਂ ਦੀਆਂ ਲਾਲਸੀ ਨਿਗਾਹਾਂ ਤੋਂ ਬਚਦਾ ਰਿਹਾ ਸੀ। ਇਸ ਕਰਕੇ ਮਾਲਵਾ ਦੇ ਜੱਟ ਕਬੀਲਿਆਂ ਨੇ ਆਪਣੀਆਂ ਆਪਣੀਆਂ ਚੌਧਰਾਂ ਕਾਇਮ ਕਰ ਰੱਖੀਆਂ ਸਨ ਅਤੇ ਹਰ ਕਬੀਲੇ ਨੇ ਆਪਣੀ-ਆਪਣੀ ਸੈਨਿਕ ਤਾਕਤ ਬਣਾ ਰੱਖੀ ਸੀ। ਸਾਰਾ ਮਾਲਵਾ ਖੇਤਰ ਪ੍ਰਬੰਧਕੀ ਤੌਰ ’ਤੇ ਸਰਹਿੰਦ ਦੀ ਸੂਬੇਦਾਰੀ ਦੇ ਅਧੀਨ ਸੀ ਪਰ ਜੱਟ ਕਬੀਲਿਆਂ ਦੀਆਂ ਚੌਧਰਾਂ ਅੰਦਰੂਨੀ ਤੌਰ ’ਤੇ ਸੁਤੰਤਰ ਸਨ ਇਸ ਕਰਕੇ ਸਰਹਿੰਦ ਦਾ ਸੂਬੇਦਾਰ ਇਨ੍ਹਾਂ ਚੌਧਰਾਂ ਵਿੱਚ ਕੋਈ ਦਖ਼ਲ-ਅੰਦਾਜ਼ੀ ਨਹੀਂ ਕਰ ਸਕਦਾ ਸੀ। ਇਸ ਗੱਲ ਦਾ ਇਕ ਹੋਰ ਬਹੁਤ ਮਹੱਤਵਪੂਰਨ ਪ੍ਰਭਾਵ ਇਹ ਪਿਆ ਕਿ ਮਾਲਵਾ ਦੇ ਜੱਟ ਕਬੀਲੇ ਆਪਣੀ ਧਾਰਮਿਕ ਪਾਠ-ਪੂਜਾ ਵਿੱਚ ਬਿਨਾਂ ਕਿਸੇ ਬਾਹਰੀ ਦਖ਼ਲ-ਅੰਦਾਜੀ ਦੇ ਆਪਣੀ ਸੁਤੰਤਰਤਾ ਨਾਲ ਕੰਮ ਕਰਦੇ ਆ ਰਹੇ ਸਨ।

ਮਾਲਵਾ ਵਿੱਚ ਜੱਟ ਕਬੀਲਿਆਂ ਤੋਂ ਇਲਾਵਾ ਪੱਛੜੀਆਂ ਜਾਤਾਂ ਦੇ ਲੋਕ ਅਤੇ ਛੋਟੇ ਕਿੱਤਿਆਂ ਵਾਲੇ ਲੋਕ ਜਿਵੇਂ ਕਿ ਦਰਜੀ (ਛੀਂਬੇ), ਘੁਮਿਆਰ, ਨਾਈ, ਤੇਲੀ ਅਤੇ ਬਾਣੀਏ ਰਹਿੰਦੇ ਸਨ ਪਰ ਸਮਾਜ ਵਿੱਚ ਜੱਟ ਕਿਸਾਨਾਂ ਦਾ ਬੋਲਬਾਲਾ ਸੀ। ਜੱਟਾਂ ਦਾ ਬੋਲਬਾਲਾ ਹੋਣ ਦਾ ਸਭ ਤੋਂ ਵੱਡਾ ਕਾਰਨ ਸੀ ਜ਼ਮੀਨ ਦੇ ਮਾਲਕ ਹੋਣ ਦਾ। ਜ਼ਮੀਨ ਵਿੱਚ ਖੇਤੀਬਾੜੀ ਕਰਨਾ ਇਕ ਕਿਸਮ ਦਾ ਜੰਗ ਕਰਨ ਦੇ ਬਰਾਬਰ ਦਾ ਕੰਮ ਸਮਝਿਆ ਜਾਂਦਾ ਸੀ। ਆਦਮੀਆਂ ਬਿਨਾਂ ਖੇਤੀ ਹੁੰਦੀ ਨਹੀਂ ਸੀ। ਖੇਤੀਬਾੜੀ ਕਰਨ ਵਾਲੇ ਆਦਮੀ ਲੋੜ ਪੈਣ ਤੇ ਇਕੱਠੇ ਹੋ ਕੇ ਸਾਂਝੇ ਖਤਰੇ ਦਾ ਮੁਕਾਬਲਾ ਕਰਦੇ ਰਹਿੰਦੇ ਸਨ। ਇਸ ਤਰ੍ਹਾਂ ਜੱਟ ਕਿਸਾਨਾ ਦੀ ਸੈਨਿਕ ਤਾਕਤ ਆਪਣੇ-ਆਪ ਬਣੀ ਰਹਿੰਦੀ ਸੀ। ਇਸ ਸੈਨਿਕ-ਸ਼ਕਤੀ ਕਾਰਨ ਜੱਟਾਂ ਨੇ ਰਾਜੀਨਿਤਕ ਰੂਪ ਵਿੱਚ ਆਪਣੀ ਧੌਂਸ ਜਮਾ ਰੱਖੀ ਸੀ। ਅਰਾਜਕਤਾ ਦੇ ਸਮੇਂ ਵਿੱਚ ‘ਜਿਸ ਦੀ ਲਾਠੀ ਉਸ ਦੀ ਭੈਂਸ’ ਵਾਲੀ ਗੱਲ ਹੁੰਦੀ ਸੀ।

---

29 ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1919, ਪੰਨਾ-666.

ਆਮ ਤੌਰ ਤੇ ਸਾਡੇ ਇਤਿਹਾਸਕਾਰਾਂ ਅਤੇ ਸਾਹਿਤਕਾਰਾਂ ਨੇ ਪੰਜਾਬ ਦੇ ਜੱਟ ਸਮਾਜ ਨੂੰ ਹਿੰਦੂ ਸਮਾਜ ਨਾਲ ਜੋੜ ਕੇ ਦੇਖਿਆ ਹੈ ਪਰ ਜੱਟ ਸਮਾਜ ਹਿੰਦੂ ਸਮਾਜ ਦਾ ਹਿੱਸਾ ਨਹੀਂ ਸੀ ਸਗੋਂ ਆਪਣੇ-ਆਪ ਵਿੱਚ ਇੱਕ ਸੁਤੰਤਰ ਸਮਾਜ ਸੀ। ਇਸ ਦਾ ਵਿਸ਼ੇਸ਼ ਪੱਖ ਪੰਜਾਬ ਦੇ ਪਿੰਡਾਂ ਵਿੱਚ ਦੇਖਿਆ ਜਾ ਸਕਦਾ ਹੈ। ਆਮ ਤੌਰ 'ਤੇ ਹਿੰਦੂ ਸਮਾਜ ਵਿੱਚ ਬ੍ਰਾਹਮਣ ਦਾ ਬਹੁਤ ਉੱਚਾ ਸਥਾਨ ਮੰਨਿਆ ਜਾਂਦਾ ਹੈ। ਪਰ ਪੰਜਾਬ ਦੇ ਪਿੰਡਾਂ ਵਿੱਚ, ਜਿੱਥੇ ਜੱਟ ਪੂਰੀ ਤਰ੍ਹਾਂ ਬਹੁਗਿਣਤੀ ਵਿੱਚ ਹੁੰਦੇ ਹਨ ਬ੍ਰਾਹਮਣ ਦਾ ਦਰਜਾ ਇਕ ਲਾਗੀ ਦਾ ਮੰਨਿਆ ਜਾਂਦਾ। ਲਾਗੀ ਦਾ ਮਤਲਬ ਹੈ ਕਿ ਉਹ ਲੋਕ ਜਿਹੜੇ ਵਿਆਹ-ਸ਼ਾਦੀਆਂ ਜਾਂ ਤਿਉਹਾਰਾਂ ਸਮੇਂ ਜੱਟਾਂ ਦੇ ਘਰਾਂ ਵਿੱਚ ਕੰਮ ਕਰਦੇ ਸਨ ਅਤੇ ਇਸ ਦੇ ਇਵਜਾਨੇ ਵਜੋਂ ਜੱਟਾਂ ਵੱਲੋਂ ਆਪਣੀ ਹਾੜ੍ਹੀ ਅਤੇ ਸੌਣੀ ਦੀ ਫਸਲ ਵਿੱਚੋਂ ਇਕ ਨੀਅਤ ਕੀਤਾ ਹਿੱਸਾ ਇਨ੍ਹਾਂ ਲਾਗੀਆਂ ਨੂੰ ਮਿਲਦਾ ਸੀ। ਤੇਲੀ, ਛੀਂਬੇ, ਤਰਖਾਣ, ਘੁਮਿਆਰ, ਮਰਾਸੀ, ਨਾਈ, ਚਮਿਆਰ (ਰਵੀਦਾਸੀਏ) ਆਦਿ ਇਹ ਸਾਰੇ ਜੱਟਾਂ ਦੇ ਲਾਗੀ ਹੁੰਦੇ ਸਨ। ਇਨ੍ਹਾਂ ਦੀ ਤਰ੍ਹਾਂ ਬ੍ਰਾਹਮਣ ਨੂੰ ਵੀ ਪਿੰਡਾਂ ਵਿੱਚ ਜੱਟਾਂ ਦਾ ਲਾਗੀ ਮੰਨਿਆ ਜਾਂਦਾ ਸੀ। ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ: "ਗ੍ਰਿਹਸਥੀਆਂ ਦੇ ਆਸਰੇ ਲੱਗ ਕੇ ਗੁਜ਼ਾਰਾ ਕਰਨ ਵਾਲੇ ਬ੍ਰਾਹਮਣ, ਨਾਈ ਛਿਉਰ ਆਦਿ ਕੰਮੀ ਲੋਕ।"[30] ਬ੍ਰਾਹਮਣ ਦੇ ਪੜ੍ਹਿਆ-ਲਿਖਿਆ ਹੋਣ ਕਰਕੇ ਲਾਗੀਆਂ ਵਿੱਚੋਂ ਉਸ ਦਾ ਦਰਜਾ ਪਹਿਲੇ ਨੰਬਰ ਦਾ ਸਮਝਿਆ ਜਾਂਦਾ ਸੀ। ਹਿੰਦੂ ਸਮਾਜ ਵਿੱਚ ਬ੍ਰਾਹਮਣ ਲਾਗੀ ਨਹੀਂ ਸੀ ਹੁੰਦਾ ਬਲਕਿ ਹਿੰਦੂ ਸਮਾਜ ਦਾ ਅਧਿਕਾਰਸ਼ਾਲੀ ਅਤੇ ਸ਼ਕਤੀਸ਼ਾਲੀ ਮੁਖੀਆ ਹੁੰਦਾ ਸੀ। ਇਹ ਵਿਸ਼ੇਸ਼ਤਾ ਹੈ ਪੰਜਾਬ ਦੇ ਪੇਂਡੂ ਜੱਟ ਸਮਾਜ ਦੀ।

ਧਾਰਮਿਕ ਵਿਸ਼ਵਾਸ ਦੇ ਤੌਰ 'ਤੇ ਜੱਟ, ਹਿੰਦੂ ਸਮਾਜ ਦੇ ਵਰਣ-ਆਸ਼ਰਮ ਨੂੰ ਨਹੀਂ ਮੰਨਦਾ ਸੀ। ਹਿੰਦੂ ਸਮਾਜ ਵਿੱਚ ਪੱਛੜੀਆਂ ਜਾਤਾਂ (ਚਮਿਆਰ ਅਤੇ ਚੂਹੜੇ) ਨੂੰ ਸ਼ੂਦਰ ਸਮਝ ਕੇ ਆਪਣੇ ਦਰਾਂ ਦੇ ਅੰਦਰ ਪ੍ਰਵੇਸ਼ ਕਰਨ ਦੀ ਇਜਾਜ਼ਤ ਨਹੀਂ ਹੁੰਦੀ ਸੀ। ਪਰ ਜੱਟ ਕਿਸਾਨ ਦਾ ਨਿਰਬਾਹ ਇਨ੍ਹਾਂ ਤੋਂ ਬਿਨਾਂ ਨਹੀਂ ਹੁੰਦਾ ਸੀ। ਹਰ ਤਕੜੇ ਜੱਟ ਨਾਲ ਦੋ ਜਾਂ ਤਿੰਨ ਨੌਕਰ ਜਾਂ ਸੀਰੀ ਰਲੇ ਹੁੰਦੇ ਸਨ ਉਹ ਖੇਤੀਬਾੜੀ ਦਾ ਕੰਮ ਅਤੇ ਘਰੇਲੂ ਕੰਮ ਵੀ ਕਰਦੇ ਸਨ। ਇਹ ਸਾਰੇ ਕੰਮ ਉਹ ਜੱਟ ਦੇ ਪਰਿਵਾਰ ਦੇ, ਮੋਢੇ ਨਾਲ ਮੋਢਾ ਜੋੜ ਕੇ ਕਰ ਦੇ ਸਨ। ਸੀਰੀਆਂ ਅਤੇ ਨੌਕਰਾਂ ਦੇ ਭਾਂਡੇ-ਬਰਤਨ ਅਲੱਗ ਅਲੱਗ ਹੁੰਦੇ ਸਨ ਅਤੇ ਜਾਤ-ਪਾਤ ਦਾ ਭੇਦ-ਭਾਵ ਹੁੰਦਾ ਸੀ ਪਰ ਖੇਤੀਬਾੜੀ ਵਿੱਚ ਅਤੇ ਘਰਾਂ ਵਿੱਚ ਇਹ ਨੌਕਰ ਤੇ ਸੀਰੀ ਇਕ ਪਰਿਵਾਰ ਦੇ ਤੌਰ 'ਤੇ ਕੰਮ

30 ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ-1062.

ਕਰਦੇ ਸਨ। ਜਿੰਨੀ ਸਾਂਝ ਜੱਟ ਅਤੇ ਉਸ ਦੇ ਨੌਕਰਾਂ ਤੇ ਸੀਰੀਆਂ ਦੀ ਹੁੰਦੀ ਸੀ ਅਜਿਹੀ ਸਾਂਝ ਹਿੰਦੁਸਤਾਨ ਦੇ ਹੋਰ ਕਿਸੇ ਵੀ ਸਮਾਜ ਵਿੱਚ ਨਹੀਂ ਸੀ।

ਧਾਰਮਿਕ ਵਿਸ਼ਵਾਸ ਦੇ ਤੌਰ ’ਤੇ ਜੱਟ ਕਬੀਲੇ ਬ੍ਰਾਹਮਣਵਾਦ ਤੋਂ ਮੁਕਤ ਸਨ। ਜੱਟਾਂ ਵਿੱਚ ਆਪਣੇ ਵੱਡੇ-ਵਡੇਰਿਆਂ ਨੂੰ, ਜਿੰਨ੍ਹਾਂ ਨੂੰ ਜਠੇਰੇ ਕਿਹਾ ਜਾਂਦਾ ਸੀ ਪੂਜਣ ਦੀ ਪਰੰਪਰਾ ਸੀ। ਜਠੇਰਿਆਂ ਨੂੰ ਪੂਜਣ ਤੋਂ ਬਿਨਾਂ ਮਾਤਾ ਰਾਣੀਆਂ, ਪੀਰਾਂ ਜਾਂ ਗੁੱਗਿਆਂ ਦੀ ਜੱਟਾਂ ਵਲੋਂ ਪੂਜਾ ਕੀਤੀ ਜਾਂਦੀ ਸੀ। ਪੰਜਾਬ ਦੇ ਬਾਕੀ ਭਾਗਾਂ ਵਿੱਚ ਆਮ ਕਰਕੇ ਮੰਦਰ ਬਹੁਤ ਘੱਟ ਸਨ। ਮੰਦਰਾਂ ਦੀ ਥਾਂ ਪੀਰਾਂ ਦੇ ਪੀਰਖਾਨੇ, ਮਾਤਾ ਰਾਣੀਆਂ ਅਤੇ ਗੁੱਗਿਆਂ ਦੀਆਂ ਮਟੀਆਂ ਜ਼ਿਆਦਾ ਸਨ। ਜਾਂ ਫਿਰ ਜਠੇਰਿਆਂ ਦੀਆਂ ਸਮਾਧਾਂ ਜ਼ਿਆਦਾ ਸਨ।[31]

ਮੱਧਕਾਲ ਸਮੇਂ ਮਾਲਵਾ ਦਾ ਸਮੁੱਚਾ ਖੇਤਰ ਬੜਾ ਰੁੱਖਾ, ਬੇਆਬਾਦ ਅਤੇ ਤੁਰਨ-ਫਿਰਨ ਲਈ ਬਹੁਤ ਔਖਿਆਈਆਂ ਵਾਲਾ ਸੀ। ਇਸ ਕਰਕੇ ਇੱਥੇ ਧਰਮ ਦਾ ਕੋਈ ਜੱਥੇਬੰਦ ਪਰਚਾਰ ਨਹੀਂ ਹੋਇਆ ਸੀ। ਬਾਰ੍ਹਵੀਂ ਜਾਂ ਤੇਰ੍ਹਵੀ ਸਦੀ ਵਿੱਚ ਮਾਲਵਾ ਵਿੱਚ ਇਸਲਾਮ ਦਾ ਜੋ ਪਰਚਾਰ ਹੋਇਆ ਸੀ ਉਹ ਸ਼ੇਖ ਫ਼ਰੀਦ ਵੱਲੋਂ ਸ਼ੁਰੂ ਕੀਤਾ ਗਿਆ ਸੀ। ਜ਼ਿਆਦਾ ਸੂਫ਼ੀ ਦਰਗਾਹਾਂ ਬਾਬਾ ਫ਼ਰੀਦ ਨਾਲ ਹੀ ਸਬੰਧਿਤ ਹਨ। ਬਾਬਾ ਫ਼ਰੀਦ ਤੋਂ ਪਿੱਛੋਂ ਜੋ ਕੋਈ ਧਰਮ-ਪਰਚਾਰ ਇਸਲਾਮ ਦਾ ਮਾਲਵਾ ਵਿੱਚ ਹੋਇਆ ਸੀ ਉਹ ਮੁੱਖ ਤੌਰ ’ਤੇ ਸਰਵਰੀਆਂ ਜਾਂ ਸੁਲਤਾਨੀਆਂ (ਸੂਫ਼ੀ ਸਿਲਸਲਿਆਂ) ਵੱਲੋਂ ਹੋਇਆ ਸੀ। ਸਰਵਰੀ ਸੂਫ਼ੀ ਸਿਲਸਿਲੇ ਮੋਢੀ ਸਖੀ ਸਰਵਰ ਨਾਂ ਦਾ ਮੁਸਲਮਾਨ ਪੀਰ ਸੀ ਜਿਸ ਨੂੰ ਹੋਰ ਕਈ ਵਿਸ਼ੇਸ਼ਣਾ ਨਾਲ ਜਾਣਿਆ ਜਾਂਦਾ ਹੈ, ਜਿਵੇਂ ਸੁਲਤਾਨ ਜਾਂ ਲੱਖ ਦਾਤਾ ਜਾਂ ਲਾਲਾਂਵਾਲਾ ਜਾਂ ਨਿਗਾਹੀਆ ਅਤੇ ਰੋਹੀਆਂਵਾਲਾ ਆਦਿ। ਇਹ ਸਭ ਵਿਸ਼ੇਸ਼ਣ ਅਰਥ ਭਰਭੂਰ ਸਨ। ਜਿਵੇਂ ਸੁਲਤਾਨ ਦਾ ਮਤਲਬ ਹੈ ਸਖੀ ਸਰਵਰ ਦੇ ਚੇਲੇ ਸਖੀ ਸਰਵਰ ਨੂੰ ਅਸਲੀ ਸੁਲਤਾਨ ਸਮਝਦੇ ਸਨ। ਇਸ ਲਈ ਉਹ ਆਪਣੇ ਆਪ ਨੂੰ ਸੁਲਤਾਨੀਏ ਕਹਾਉਂਦੇ ਸਨ। ਲੱਖ ਦਾਤਾ ਦਾ ਮਤਲਬ ਹੈ ਲੱਖਾਂ ਦੀਆਂ ਬਖ਼ਸ਼ਿਸਾਂ ਬਖ਼ਸ਼ਣ ਵਾਲਾ। ਲਾਲਾਂਵਾਲਾ ਦਾ ਮਤਲਬ ਹੈ ਪੁੱਤਰਾਂ ਦੀ ਬਖ਼ਸ਼ਿਸ਼ ਕਰਨ ਵਾਲਾ। ਨਿਗਾਹੀਆਂ ਇਸ ਕਰਕੇ ਕਿਹਾ ਜਾਂਦਾ ਸੀ ਕਿਉਂਕਿ ਸਖੀ ਸਰਵਰ ਦਾ ਕੇਂਦਰ ਨਿਗਾਹਾ ਸੀ। ਇਹ ਸੁਲੇਮਾਨ ਪਰਬਤ ਦੇ ਪੈਰਾਂ ਵਿੱਚ ਡੇਰਾ ਗਾਜ਼ੀ ਖਾਂ (ਪੱਛਮੀ ਪੰਜਾਬ) ਦੇ ਕੋਲ ਇਕ ਨਗਰ ਸੀ। ਇੱਥੇ ਸਖੀ ਸਰਵਰ ਨੂੰ ਮਾਰ ਦਿੱਤਾ ਗਿਆ ਸੀ। ਇਸ ਕਰਕੇ ਇਸ ਨੂੰ ਨਿਗਾਹਾ ਵਿੱਚ ਦਫ਼ਨ ਕੀਤਾ ਗਿਆ ਸੀ।

---

31 ਮਾਲਵਾ ਦੇ ਤਕਰੀਬਨ ਹਰ ਪਿੰਡ ਵਿੱਚ ਮਾਤਾ ਰਾਣੀਆਂ ਅਤੇ ਗੁੱਗਿਆਂ ਦੀਆਂ ਮਟੀਆਂ ਹਨ, ਦੁਆਬੇ ਵਿੱਚ ਜੱਟਾਂ ਦੇ ਹਰਗੋਤ ਦੇ ਜਠੇਰਿਆਂ ਦੀਆਂ ਮਟੀਆਂ ਅਲੱਗ ਅਲੱਗ ਹਨ।

ਇਸ ਨਿਗਾਹਾ ਨਗਰ ਕਰਕੇ ਹੀ ਇਸ ਨੂੰ ਨਿਗਾਹੀਆ ਕਿਹਾ ਜਾਂਦਾ ਸੀ। ਰੋਹੀਆਂ ਵਾਲਾ ਦਾ ਮਤਲਬ ਹੈ ਕਿ ਸਖੀ ਸਰਵਰ ਨੂੰ ਸੁੰਨੇ ਪਏ ਜੰਗਲਾਂ ਅਤੇ ਬੇ-ਆਬਾਦ ਰੋਹੀਆਂ ਦਾ ਮਾਲਕ ਮੰਨਿਆ ਜਾਂਦਾ ਸੀ। ਇਸ ਦੇ ਪੈਰੋਕਾਰ ਆਪਣੇ-ਆਪ ਨਾਲ ਇਹ ਸਾਰੇ ਵਿਸ਼ੇਸ਼ਣ ਜੋੜ ਕੇ ਖ਼ੁਸ਼ ਹੁੰਦੇ ਸਨ। ਇਹ ਬਾਰਵੀਂ ਸਦੀ ਦਾ ਮੁਸਲਿਮ ਪੀਰ ਸੀ।[32]

ਸਖੀ ਸਰਵਰ ਦੀ ਸੰਪਰਦਾ ਦੀ ਪੂਰਨ ਮਰਯਾਦਾ ਬਾਰੇ ਬਹੁਤ ਕੁਝ ਨਹੀਂ ਮਿਲਦਾ। ਇਸ ਦੇ ਪੈਰੋਕਾਰ ਆਪਣੇ ਜੀਵਨ ਵਿੱਚ ਇਕ ਵਾਰ ਨਿਗਾਹਾ ਜਾ ਕੇ ਆਪਣੇ ਪੀਰ ਦੀ ਚੌਂਕੀ ਜ਼ਰੂਰ ਭਰਦੇ ਸਨ। ਇਸ ਸੰਪਰਦਾ ਦੇ ਪੈਰੋਕਾਰਾਂ ਨੂੰ ਭਰਾਈ ਆਖਿਆ ਜਾਂਦਾ ਸੀ ਜਿਹੜੇ ਢੋਲ ਵਜਾਉਂਦੇ ਹੋਏ ਪੀਰਖਾਨਿਆਂ 'ਤੇ ਜਾਂਦੇ ਸਨ। ਪੀਰਖ਼ਾਨੇ ਉਨ੍ਹਾਂ ਥਾਵਾਂ 'ਤੇ ਬਣੇ ਹੋਏ ਸਨ ਜਿੱਥੇ ਕਿਸੇ ਸਮੇਂ ਸਖੀ ਸਰਵਰ ਆ ਚੁੱਕਿਆ ਹੁੰਦਾ ਸੀ। ਇਨ੍ਹਾਂ ਪੀਰਖ਼ਾਨਿਆਂ ਉਪਰ ਹਰ ਮਹੀਨੇ ਦੇ ਪਹਿਲੇ ਵੀਰਵਾਰ ਨੂੰ ਚੌਂਕੀ ਭਰੀ ਜਾਂਦੀ ਸੀ। ਚੌਂਕੀ ਭਰਨ ਸਮੇਂ ਇਕ ਅਠਾਰਾਂ ਮਣ ਕਣਕ ਦੇ ਆਟੇ ਦਾ ਮਿੱਠਾ ਰੋਟ ਪਕਾਇਆ ਅਤੇ ਵੰਡਿਆ ਜਾਂਦਾ ਸੀ। ਅਜਿਹੇ ਪੀਰਖ਼ਾਨੇ ਮਾਲਵਾ ਵਿਚ ਬਹੁਤ ਸਨ। ਜੇ ਮਾਲਵਾ ਵਿੱਚ ਧਰਮ ਪਰਚਾਰ ਕਰਨ ਵਾਲੀ ਕੋਈ ਸੰਪਰਦਾ ਸੀ ਤਾਂ ਸਿਰਫ਼ ਉਹ ਸਖੀ ਸਰਵਰ ਦੀ ਸੰਪਰਦਾ ਸੀ। ਸਖੀ ਸਰਵਰ ਦੇ ਸਾਰੇ ਪੈਰੋਕਾਰ ਜਾਂ ਤਾਂ ਮੁਸਲਮਾਨ ਸਨ ਤੇ ਜਾਂ ਮੁਸਲਮਾਨ ਬਣਨ ਵੱਲ ਉਲਾਰ ਸਨ।[33] ਪਰ ਇਹ ਸੰਪਰਦਾ, ਜਾਪਦਾ ਹੈ ਕਿ ਜੱਥੇਬੰਦਕ ਪਰਚਾਰ ਵਾਲੀ ਸੰਪਰਦਾ ਨਹੀਂ ਸੀ। ਬਹੁਤੀ ਗਿਣਤੀ ਮਾਲਵਾ ਵਿੱਚ ਜੱਟਾਂ ਦੀ ਸੀ ਜਿਹੜੀ ਸੁਤੰਤਰ ਸੁਭਾਅ ਵਾਲੀ ਸੀ।

ਸੋਲਵੀਂ ਸਦੀ ਦੇ ਤੀਜੇ ਦਹਾਕੇ ਵਿਚ ਮੁਗ਼ਲ ਬਦਾਸ਼ਾਹ ਬਾਬਰ ਹਿੰਦੁਸਤਾਨ ਵਿੱਚ ਆਇਆ ਸੀ ਅਤੇ ਉਸ ਨੇ ਇੱਥੇ ਹੀ ਰਹਿ ਕੇ ਆਪਣਾ ਮੁਗ਼ਲ ਸਾਮਰਾਜ ਸਿਰਜ ਲਿਆ ਸੀ। ਮਾਲਵਾ ਦੇ ਜੱਟ ਕਬੀਲਿਆਂ ਨੇ ਬਾਬਰ ਦੀ ਮਦਦ ਕੀਤੀ ਸੀ। ਇਸ ਦਾ ਪ੍ਰਭਾਵ ਇਹ ਪਿਆ ਕਿ ਬਾਬਰ ਦੇ ਮੁਗ਼ਲ ਰਾਜ ਵਿੱਚ ਮਾਲਵਾ ਦੇ ਜੱਟ ਕਬੀਲਿਆਂ ਨੂੰ ਪੂਰੀ ਸਰਕਾਰੀ ਸਹਾਇਤਾ ਮਿਲੀ ਹੋਈ ਸੀ। ਸਭ ਜੱਟ ਕਬੀਲੇ ਆਪੋ-ਆਪਣੀ ਚੌਧਰ ਵਿੱਚ ਅੰਦਰੂਨੀ ਤੌਰ 'ਤੇ ਸੁਤੰਤਰ ਸਨ।[34] ਉਨ੍ਹਾਂ ਨੂੰ ਛਿਮਾਹੀ ਮੁਆਮਲਾ ਭਰਨ ਤੋਂ ਮੁਆਫ਼ੀ ਮਿਲੀ ਹੋਈ ਸੀ।

---

32 Harbans Singh (Chief Editor), *The Encyclopaedia of Sikhism*, Vol. IV, p. 29.

33 *Ibid*, p. 30.

34 ਇਹ ਗੱਲ ਉਸ ਵੇਲੇ ਪ੍ਰਤੱਖ ਰੂਪ ਵਿੱਚ ਸਪੱਸ਼ਟ ਹੋ ਗਈ ਸੀ ਜਦੋਂ ਗੁਰੂ ਗੋਬਿੰਦ ਸਿੰਘ ਆਨੰਦਪੁਰ ਸਾਹਿਬ ਨੂੰ ਛੱਡਣ ਪਿੱਛੋਂ ਮਾਲਵਾ ਵਿੱਚ ਗਏ ਸਨ। ਸਰਹਿੰਦ ਦਾ ਵਜ਼ੀਰ ਖ਼ਾਨ, ਨਾ ਮੁਕਤਸਰ ਵਿਖੇ ਕੁਝ ਕਰ ਸਕਿਆ ਸੀ ਅਤੇ ਨਾ ਹੀ ਤਲਵੰਡੀ ਸਾਬੋ ਵਿਖੇ ਕੁਝ ਕਰ ਸਕਿਆ ਸੀ। ਵਜ਼ੀਰ ਖ਼ਾਨ ਇਸੇ ਕਰਕੇ ਬੇਬਸ ਸੀ ਕਿਉਂਕਿ ਜੱਟ ਆਪਣੀਆਂ ਚੌਧਰਾਂ ਵਿੱਚ ਸੁਤੰਤਰ ਸਨ।

ਉਸ ਸਮੇਂ ਮਾਲਵਾ ਦਾ ਸਭ ਤੋਂ ਵੱਧ ਤਾਕਤਵਰ ਜੱਟ ਕਬੀਲਾ ਸਿੱਧੂ-ਬਰਾੜਾਂ ਦਾ ਸੀ। ਇਨ੍ਹਾਂ ਦਾ ਮੁਖੀ ਸੰਘਰ ਸਿੱਧੂ ਬਾਬਰ ਦੇ ਦਰਬਾਰ ਵਿੱਚ ਬਹੁਤ ਚੰਗੀ ਥਾਂ ਰੱਖਦਾ ਸੀ। ਇਸ ਗੱਲ ਦਾ ਮਾਲਵਾ ਦੇ ਜੱਟ ਕਬੀਲਿਆਂ ਨੂੰ ਸਭ ਤੋਂ ਵੱਡਾ ਰਾਜਨੀਤਿਕ ਫਾਇਦਾ ਇਹ ਹੋਇਆ ਸੀ ਕਿ ਲਾਹੌਰ, ਸਰਹਿੰਦ, ਸਮਾਣਾ ਦਾ ਸੂਬੇਦਾਰ ਜਾਂ ਫ਼ੌਜਦਾਰ ਕੋਈ ਵੀ ਹੁੰਦਾ ਸੀ ਉਨ੍ਹਾਂ ਦਾ ਜੱਟਾਂ ਦੀਆਂ ਚੌਧਰਾਂ ਵਿੱਚ ਕੋਈ ਵੀ ਦਖ਼ਲ ਨਹੀਂ ਹੁੰਦਾ ਸੀ। ਲਾਹੌਰ, ਸਰਹਿੰਦ, ਸਮਾਣਾ ਇਹ ਮੁਗ਼ਲਾਂ ਦੀਆਂ ਮਹੱਤਵਪੂਰਨ ਸੈਨਿਕ ਛਾਉਣੀਆਂ ਹੁੰਦੀਆਂ ਸਨ। ਜੱਟ ਕਬੀਲਿਆਂ ਨਾਲ ਇਨ੍ਹਾਂ ਮੁਗ਼ਲ ਛਾਉਣੀਆਂ ਦਾ ਕੋਈ ਸਬੰਧ ਨਹੀਂ ਹੁੰਦਾ ਸੀ। ਮਾਲਵਾ ਵਿੱਚ ਸਿੱਖ ਧਰਮ ਦੇ ਪਰਸਾਰ ਦੀ ਗੱਲ ਇਸ ਸਥਿਤੀ ਨੂੰ ਸਾਹਮਣੇ ਰੱਖ ਕੇ ਕੀਤੀ ਗਈ ਹੈ।

ਇਹ ਸਮਾਂ ਸਿੱਖ ਧਰਮ ਦੇ ਸ਼ੁਰੂ ਹੋਣ ਦਾ ਸੀ। ਬਾਬਰ ਦੇ ਹਮਲਿਆਂ ਦਾ ਅੱਖੀਂ ਦੇਖਿਆ ਵੇਰਵਾ ਗੁਰੂ ਨਾਨਕ ਦੇਵ ਦੀ ਬਾਣੀ ਵਿੱਚ ਦਰਜ ਹੈ। ਗੁਰੂ ਨਾਨਕ ਦੇਵ ਦੀ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ[35] ਦਰਜ ਹੈ। ਇਸ ਤਰ੍ਹਾਂ ਦੇ ਵੇਰਵੇ ਦੇਣ ਵਾਲੇ ਸ਼ਬਦ ਭਾਵੇਂ ਥੋੜ੍ਹੇ ਹਨ ਅਤੇ ਵੇਰਵੇ ਵੀ ਸੰਖੇਪ-ਮਾਤਰ ਹਨ ਪਰ ਜੋ ਜਾਣਕਾਰੀ ਸਾਨੂੰ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਵਿੱਚੋਂ ਮਿਲਦੀ ਹੈ ਉਹ ਇਤਿਹਾਸਕ ਤੌਰ ’ਤੇ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਤਰ੍ਹਾਂ ਦੀ ਜਾਣਕਾਰੀ ਹੋਰ ਕਿਸੇ ਵੀ ਸਮਕਾਲੀ ਲਿਖਤ ਵਿੱਚ ਨਹੀਂ ਹੈ। ਇੱਥੋਂ ਤੱਕ ਕਿ ਬਾਬਰ ਦੀ ਆਪਣੀ ਜੀਵਨੀ ਬਾਬਰਨਾਮਾ ਜਾਂ ਤੁਜ਼ਕ-ਏ-ਬਾਬਰੀ ਵਿੱਚ ਵੀ ਧਾਰਮਿਕ ਇਤਿਹਾਸ ਦੇ ਹਵਾਲੇ ਅਨੁਸਾਰ ਨਹੀਂ ਹੈ। ਗੁਰੂ ਨਾਨਕ ਦੇਵ ਦੇ ਇਨ੍ਹਾਂ ਸ਼ਬਦਾਂ ਨੂੰ ਬਾਬਰਬਾਣੀ ਕਿਹਾ ਗਿਆ ਹੈ। ਬਾਬਰਬਾਣੀ ਵਿੱਚ ਗੁਰੂ ਨਾਨਕ ਦੇਵ ਨੇ ਬਾਬਰ ਵੱਲੋਂ ਕੀਤੇ ਹਮਲਿਆਂ ਅਤੇ ਅੱਤਿਆਚਾਰਾਂ ਦਾ ਬਿਰਤਾਂਤ ਦਿੱਤਾ ਹੈ ਉਸ ਨੂੰ ਸੰਖੇਪ ਵਿੱਚ ਇਉਂ ਦੱਸਿਆ ਜਾ ਸਕਦਾ ਹੈ।

‘ਬਾਬਰ ਨੇ ਹਿੰਦੁਸਤਾਨ ਉਪਰ ਹਮਲਾ ਕਰਕੇ ਹਿੰਦੁਸਤਾਨ ਨੂੰ ਬੁਰੀ ਤਰ੍ਹਾਂ ਡਰਾ ਅਤੇ ਧਮਕਾ ਦਿੱਤਾ ਹੈ। ਇਸ ਦੀ ਲੁੱਟ ਕਰ ਕੇ ਉਸ ਨੇ ਖ਼ੁਰਾਸਾਨ ਦੇ ਘਰ ਭਰ ਦਿੱਤੇ ਹਨ। ਇਸ ਕਤਲਿਆਮ ਦਾ ਰੋਸ ਇਸ ਕਰਕੇ ਹੈ ਇਹ ਸਭ ਕੁਝ ਬਾਬਰ ਦੀ ਜ਼ਾਲਮ ਫ਼ੌਜ ਨੇ ਨਿਹੱਥੇ ਲੋਕਾਂ ਉਪਰ ਕੀਤਾ ਹੈ ਜੇਕਰ ਦੋਵੇਂ ਫ਼ੌਜਾਂ ਆਪਸ ਵਿੱਚ ਲੜਦੀਆਂ ਮਰਦੀਆਂ ਤਾਂ ਇਸ ਦਾ ਕਿਸੇ ਨੇ ਰੋਸ ਨਹੀਂ ਕਰਨਾ ਸੀ, ਪਰ ਨਿਹੱਥੇ ਲੋਕਾਂ ਦੇ

---

35 ਬਾਬਰਬਾਣੀ ਦੇ ਕੁੱਲ ਚਾਰ ਸ਼ਬਦ ਹਨ ਜਿਨ੍ਹਾਂ ਦੀਆਂ ਕੁੱਲ ਸੱਤਰ ਸਤਰਾਂ ਹਨ। ਇਹ ਚਾਰ ਸ਼ਬਦ ਰਾਗ ਆਸਾ ਅਤੇ ਰਾਗ ਤਿਲੰਗ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪੰਨਿਆਂ 360, 417-418, ਅਤੇ 722-23 ਉਪਰ ਹਨ।

ਕਤਲੇਆਮ ਕਰਨ ਦੀ ਗੱਲ ਤਾਂ ਗਊਆਂ ਦੇ ਵੱਗ ਉਪਰ ਸ਼ੇਰ ਵੱਲੋਂ ਹਮਲਾ ਕਰਨ ਦੇ ਬਰਾਬਰ ਹੈ। ਪਰਮਾਤਮਾ ਹੀ ਇਸ ਲੋਕਾਈ ਦਾ ਪਾਲਣਹਾਰ ਹੈ ਇਸ ਲਈ ਇਸ ਕਤਲੇਆਮ ਦਾ ਜਿੰਮੇਵਾਰ ਸਿਰਫ਼ ਪਰਮਾਤਮਾ ਹੀ ਹੈ।'[36]

ਭਾਵ ਗੁਰੂ ਨਾਨਕ ਦੇਵ ਨੇ ਬਾਬਰ ਨੂੰ ਸ਼ੇਰ ਨਾਲ ਅਤੇ ਹਿੰਦੁਸਤਾਨ ਦੀ ਨਿਹੱਥੀ ਜਨਤਾ ਨੂੰ ਗਊਆਂ ਦੇ ਵੱਗ ਨਾਲ ਤੁਲਨਾਇਆ ਹੈ। ਆਮ ਤੌਰ ਤੇ ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੇ ਹਿੰਦੁਸਤਾਨ ਨੂੰ ਰਤਨ ਕਿਹਾ ਹੈ। ਭਾਵ ਕਿ ਰਤਨਾਂ ਵਰਗੇ ਦੇਸ ਨੂੰ ਬਰਬਾਦ ਕਰ ਦਿੱਤਾ ਹੈ। ਇਹ ਵੇਰਵੇ ਇਤਿਹਾਸਕ ਤੌਰ 'ਤੇ ਬਹੁਤ ਮਹੱਤਵਪੂਰਨ ਹਨ। ਫ਼ੌਜਾ ਸਿੰਘ ਨੇ ਲਿਖਿਆ ਹੈ "ਜਦੋਂ ਬਾਬਰ ਨੇ ਪੰਜਾਬ ਉੱਤੇ ਹਮਲਾ ਕੀਤਾ ਤੇ ਉਸ ਨੂੰ ਤਬਾਹ ਕੀਤਾ ਉਦੋਂ ਗੁਰੂ ਨਾਨਕ ਦੇਵ ਉੱਥੇ ਮੌਜੂਦ ਸਨ। ਉਸ ਤਬਾਹੀ ਨਾਲ ਜੋ ਲੋਕਾਂ ਨੂੰ ਤਸੀਹੇ ਤੇ ਕਸ਼ਟ ਸਹਿਣੇ ਪਏ, ਉਸ ਦੀ ਜੋ ਤਸਵੀਰ ਇਨ੍ਹਾਂ ਦੀ ਬਾਣੀ ਵਿੱਚ ਮਿਲਦੀ ਹੈ, ਉਹ ਹੋਰ ਕਿਸੇ ਲਿਖਤ ਵਿੱਚੋਂ ਨਹੀਂ ਮਿਲਦੀ ਅਤੇ ਇਸ ਲਈ ਉਹ ਇਤਿਹਾਸਕ ਦ੍ਰਿਸ਼ਟੀ ਤੋਂ ਬਹੁਤ ਹੀ ਬਹੁ-ਮੁੱਲੀ ਹੈ।"[37]

ਇਸ ਤਰ੍ਹਾਂ ਗੁਰੂ ਨਾਨਕ ਦੇਵ ਦੇ ਪਰਚਾਰ ਦਾ ਪਹਿਲਾ ਮੁਕਾਬਲਾ ਬਾਬਰ ਨਾਲ ਹੋਇਆ ਸੀ। ਬਾਬਰ ਨੇ ਹਿੰਦੁਸਤਾਨ ਵਿੱਚ ਆਪਣਾ ਮੁਗ਼ਲ ਸਾਮਰਾਜ 1526-1530 ਈਸਵੀ ਦੇ ਵਿਚਕਾਰ ਸਥਾਪਿਤ ਕੀਤਾ ਸੀ। ਇਸ ਸਮੇਂ ਤੱਕ ਗੁਰੂ ਨਾਨਕ ਸਾਹਿਬ ਆਪਣੀਆਂ ਵਿਸ਼ਵ-ਵਿਆਪੀ ਯਾਤਰਾਵਾਂ (ਉਦਾਸੀਆਂ) ਸਮਾਪਤ ਕਰ ਚੁੱਕੇ ਸਨ ਅਤੇ ਉਹ ਪੰਜਾਬ ਵਿੱਚ ਰਹਿ ਰਹੇ ਸਨ। ਬਾਬਰ ਦੇ ਹਮਲੇ ਨੂੰ ਅਤੇ ਪਾਣੀਪਤ ਵਿਚਲੀ ਹੋਈ ਲੜਾਈ (1526 ਈਸਵੀ) ਗੁਰੂ ਨਾਨਕ ਦੇਵ ਦੇ ਜੀਵਨ ਦੌਰਾਨ ਹੋਈ ਸੀ।[38]

ਬਾਬਰਬਾਣੀ ਦੇ ਚਾਰ ਸ਼ਬਦ ਗੁਰਬਾਣੀ ਰੂਪ ਵਿੱਚ ਸਮਕਾਲੀ ਇਤਿਹਾਸ ਦਾ ਉਹ ਦਸਤਾਵੇਜ਼ ਹਨ ਜਿਨ੍ਹਾਂ ਰਾਹੀਂ ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਦੇ ਸੱਚ ਨੂੰ ਆਖ ਸੁਣਾਇਆ ਸੀ।

---

36 ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥

--------------------------------------------

ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ॥3॥5॥39॥

(*ਗੁਰੂ ਗ੍ਰੰਥ ਸਾਹਿਬ*, ਰਾਗ ਆਸਾ, ਪੰਨਾ-360)

37 ਫ਼ੌਜਾ ਸਿੰਘ (ਸੰਪਾ.) *ਪੰਜਾਬ ਦਾ ਇਤਿਹਾਸ: 1000-1526 ਈ.*, ਜਿਲਦ ਤੀਜੀ, ਪੰਨਾ-XIX (ਭੂਮਿਕਾ)

38 *ਉਹੀ*, ਪੰਨੇ 417-18.

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥[39]

ਬਾਬਰ ਦੀ ਮੌਤ 1530 ਈਸਵੀ ਵਿੱਚ ਹੋਈ ਸੀ। ਇਸ ਸਮੇਂ ਤੱਕ ਗੁਰੂ ਨਾਨਕ ਦੇਵ ਦੱਖਣੀ ਏਸ਼ੀਆ ਮਹਾਂਦੀਪ ਵਿੱਚ ਯਾਤਰਾਵਾਂ ਕਰ ਚੁੱਕੇ ਸਨ ਅਤੇ ਸਮੁੱਚੇ ਹਿੰਦੁਸਤਾਨ ਵਿੱਚ ਧਰਮ-ਪਰਚਾਰ ਕਰ ਚੁੱਕੇ ਸਨ। ਪੰਜਾਬ ਵਿੱਚ ਧਰਮ-ਪਰਚਾਰ ਹੋ ਚੁੱਕਿਆ ਸੀ। ਪੰਜਾਬ ਦੇ ਮਾਲਵਾ ਖੇਤਰ ਵਿੱਚ, ਜਿਹੜਾ ਕਿ ਖੋਜ-ਪ੍ਰਬੰਧ ਦਾ ਵਿਸ਼ਾ ਹੈ, ਗੁਰੂ ਨਾਨਕ ਦੇਵ ਧਰਮ-ਪਰਚਾਰ ਕਰ ਚੁੱਕੇ ਸਨ। ਗੁਰੂ ਨਾਨਕ ਦੇਵ ਪਹਿਲੇ ਸਿੱਖ ਗੁਰੂ ਸਨ ਜਿਹੜੇ ਮਾਲਵਾ ਵਿੱਚ ਅਨੇਕਾਂ ਥਾਵਾਂ ਦੀਆਂ ਯਾਤਰਾਵਾਂ ਕਰ ਚੁੱਕੇ ਸਨ ਜਿਵੇਂ ਨਾਂਗੇ ਦੀ ਸਰਾਇ (ਮੱਤੇ ਦੀ ਸਰਾਇ), ਤਖ਼ਤੂਪੁਰਾ ਮੰਜੀ ਸਾਹਿਬ, ਸੰਗਰੂਰ ਖਾਸ, ਮਸਤੂਆਣਾ ਸਾਹਿਬ, ਲੁਧਿਆਣਾ, ਘੁੰਮਣ ਕੇ ਆਦਿ ਥਾਵਾਂ ਹਨ।[40] ਇਹ ਮੁੱਖ ਅਸਥਾਨ ਹਨ।

ਗੁਰੂ ਅੰਗਦ ਦੇਵ ਦਾ ਜਨਮ ਅਸਥਾਨ ਮਾਲਵਾ ਵਿੱਚ ਨਾਂਗੇ ਦੀ ਸਰਾਇ ਸੀ ਜਿਸ ਨੂੰ ਕਿ ਮੱਤੇ ਦੀ ਸਰਾਇ ਵੀ ਕਿਹਾ ਜਾਂਦਾ ਹੈ। ਇਸ ਲਈ ਗੁਰੂ ਅੰਗਦ ਦੇਵ ਦਾ ਮਾਲਵਾ ਦੀ ਧਰਤੀ ਨਾਲ ਜਨਮ-ਭੂਮੀ ਵਾਲਾ ਸਬੰਧ ਸੀ। ਉਨ੍ਹਾਂ ਨੇ ਆਪਣਾ ਬਚਪਨ ਮਾਲਵਾ ਵਿੱਚ ਗੁਜ਼ਾਰਿਆ ਸੀ। ਭਾਵੇਂ ਉਹ ਵਿਆਹ ਉਪਰੰਤ ਖਡੂਰ ਸਾਹਿਬ ਵਿਖੇ ਜਾ ਵਸੇ ਸਨ ਪਰ ਜੋ ਸਬੰਧ ਉਨ੍ਹਾਂ ਦਾ ਮੱਤੇ ਦੀ ਸਰਾਇ ਨਾਲ ਬਣਿਆ ਹੋਇਆ ਸੀ ਉਹ ਲਗਾਤਾਰ ਚਲਦਾ ਰਿਹਾ ਸੀ। ਹੋ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਮੱਤੇ ਦੀ ਸਰਾਇ (ਨਾਂਗੇ ਦੀ ਸਰਾਇ) ਇਸੇ ਕਰਕੇ ਗਏ ਹੋਣ ਕਿ ਉਹ ਗੁਰੂ ਅੰਗਦ ਦੇਵ ਦਾ ਜਨਮ ਅਸਥਾਨ ਸੀ। ਗੁਰਿਆਈ ਧਾਰਨ ਕਰਨ ਤੋਂ ਪਿੱਛੋਂ ਅਜਿਹੀ ਜਾਣਕਾਰੀ ਕੋਈ ਨਹੀਂ ਮਿਲਦੀ ਕਿ ਗੁਰੂ ਅੰਗਦ ਦੇਵ ਮਾਲਵਾ ਵਿੱਚ ਗਏ ਹੋਣ।

ਭਾਵੇਂ ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਮਾਲਵਾ ਵਿੱਚ ਨਹੀਂ ਆਏ ਸਨ ਪਰ ਉਨ੍ਹਾਂ ਦੇ ਸਮੇਂ ਦਾ ਜੋ ਵੀ ਪਰਚਾਰ-ਪ੍ਰਬੰਧ ਸੀ, ਜਿਵੇਂ ਮੰਜੀ ਪ੍ਰਥਾ ਅਤੇ ਮਸੰਦ ਪ੍ਰਥਾ, ਉਸ ਨਾਲ ਮਾਲਵਾ ਪੂਰੀ ਤਰ੍ਹਾਂ ਜੁੜਿਆ ਹੋਇਆ ਸੀ। ਮਾਲਵਾ ਵਿੱਚ ਜੇਕਰ ਕਿਸੇ ਧਰਮ ਦਾ ਜੱਥੇਬੰਦਕ ਪਰਚਾਰ ਹੋਇਆ ਸੀ ਤਾਂ ਇਹ ਸਿਰਫ਼ ਸਿੱਖ ਧਰਮ ਹੀ ਸੀ। ਮੰਜੀ ਪ੍ਰਥਾ ਅਤੇ ਮਸੰਦ ਪ੍ਰਥਾ ਸਿੱਖ ਧਰਮ ਦੇ ਜੱਥੇਬੰਦਕ ਪ੍ਰਬੰਧ ਸਨ ਜਿਨ੍ਹਾਂ ਰਾਹੀਂ ਮਾਲਵਾ ਵਿੱਚ ਧਰਮ ਦਾ ਪਰਚਾਰ ਕੀਤਾ ਜਾਂਦਾ ਸੀ। ਇਹੀ ਕਾਰਨ ਸਨ ਕਿ ਜਦੋਂ ਗੁਰੂ ਅਰਜਨ ਦੇਵ ਦੀ ਸ਼ਹਾਦਤ ਪਿਛੋਂ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੁਗ਼ਲ ਹਕੂਮਤ ਦੇ ਖਿਲਾਫ਼ ਲੜਾਈ ਦੇ ਮੈਦਾਨ ਵਿੱਚ ਖੜਾ ਹੋਣਾ ਪਿਆ ਸੀ ਤਾਂ ਸਾਰਾ ਸਿੱਖ ਜਗਤ ਇੱਕ ਚਟਾਨ ਦੀ ਤਰ੍ਹਾਂ

---

39 *ਉਹੀ*, ਪੰਨਾ-723.

40 ਇਨ੍ਹਾਂ ਥਾਵਾਂ ਦੀ ਵਿਸਥਾਰ ਸਾਹਿਤ ਜਾਣਕਾਰੀ ਇਸ ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ ਵਿੱਚ ਦਿੱਤੀ ਗਈ ਹੈ।

ਉਨ੍ਹਾਂ ਦੇ ਪਿੱਛੇ ਖੜੋ ਗਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਤੱਕ ਸਾਰਾ ਮਾਲਵਾ ਸਿੱਖ ਧਰਮ ਵਿੱਚ ਪ੍ਰਵੇਸ਼ ਕਰ ਚੁੱਕਿਆ ਸੀ। ਗੁਰੂ ਅਮਰਦਾਸ, ਗੁਰੂ ਰਾਮਦਾਸ, ਅਤੇ ਗੁਰੂ ਅਰਜਨ ਦੇਵ ਦੇ ਮਾਲਵਾ ਵਿੱਚ ਨਾ ਆਉਣ ਦੇ ਬਾਵਜੂਦ ਵੀ ਸਾਰਾ ਮਾਲਵਾ ਸਿੱਖ ਧਰਮ ਵਿੱਚ ਆ ਚੁੱਕਿਆ ਸੀ। ਮਾਲਵਾ ਦੀਆਂ ਸਿੱਖ ਸੰਗਤਾਂ ਇੰਨੀ ਮਜ਼ਬੂਤੀ ਨਾਲ ਗੁਰੂ-ਘਰ ਨਾਲ ਜੁੜੀਆਂ ਹੋਈਆਂ ਸਨ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂਸਰ ਮਹਿਰਾਜ (ਨਥਾਣਾ) ਵਿਖੇ ਮੁਗ਼ਲ ਫ਼ੌਜਾਂ ਨਾਲ ਲੜਾਈ ਲੜੀ ਸੀ ਤਾਂ ਉਨ੍ਹਾਂ ਨੇ ਬੜੀ ਆਸਾਨੀ ਨਾਲ ਇਕੋ ਦਿਨ ਦੀ ਲੜਾਈ ਵਿੱਚ ਮੁਗ਼ਲ ਫ਼ੌਜਾਂ ਨੂੰ ਹਰਾ ਕੇ ਭਜਾ ਦਿੱਤਾ ਸੀ।

ਸੱਤਵੇਂ ਪਾਤਿਸ਼ਾਹ ਗੁਰੂ ਹਰਿ ਰਾਇ ਸਾਹਿਬ ਨੇ ਮਾਲਵਾ ਵਿੱਚ ਬਹੁਤ ਪਰਚਾਰ ਕੀਤਾ ਸੀ। ਕਿਹਾ ਜਾ ਸਕਦਾ ਹੈ ਕਿ ਗੁਰੂ ਹਰਿ ਰਾਇ ਸਾਹਿਬ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਮਾਲਵਾ ਦੇ ਪਿੰਡ-ਪਿੰਡ ਵਿੱਚ ਪਹੁੰਚ ਕੇ ਪਰਚਾਰ ਕੀਤਾ ਸੀ। ਉਨ੍ਹਾਂ ਦਾ ਮਾਲਵਾ ਵਿੱਚ ਸਭ ਤੋਂ ਵੱਡਾ ਕੰਮ ਇਹੋ ਸੀ ਕਿ ਉਨ੍ਹਾਂ ਨੇ ਮਾਲਵਾ ਦੇ ਜੱਟ ਕਬੀਲਿਆਂ ਵਿੱਚ, ਜਿਹੜੇ ਕਿ ਆਪਮੁਹਾਰੇ ਹੋਏ, ਆਪਸ ਵਿੱਚ ਲੜਦੇ-ਭਿੜਦੇ ਫਿਰਦੇ ਸਨ, ਏਕਤਾ ਕਰਵਾਈ ਸੀ ਅਤੇ ਉਨ੍ਹਾਂ ਦਾ ਆਪਸੀ ਭਾਈਚਾਰਾ ਸਥਾਪਿਤ ਕਰ ਕੇ ਇੱਕ-ਦੂਜੇ ਦੇ ਸਹਿਯੋਗ ਨਾਲ ਰਹਿਣ ਦੀ ਸਿੱਖਿਆ ਦਿੱਤੀ ਸੀ। ਉਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਹੀ ਭੁੱਲਰਾਂ ਅਤੇ ਸਿੱਧੂ-ਬਰਾੜਾਂ ਵਿਚਕਾਰ ਸੁਲਹਾ-ਸਫਾਈ ਹੋਈ ਸੀ। ਭੁੱਲਰਾਂ ਅਤੇ ਸਿੱਧੂ-ਬਰਾੜ ਕਬੀਲਿਆਂ ਦੀ ਇਸ ਏਕਤਾ ਨੇ ਮਾਲਵਾ ਦੀ ਰਾਜਨੀਤੀ ਵਿੱਚ ਬਹੁਤ ਕ੍ਰਾਂਤੀਕਾਰੀ ਪ੍ਰਭਾਵ ਪਾਇਆ ਸੀ।

ਅੱਠਵੇਂ ਪਾਤਿਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਛੋਟੀ ਉਮਰ ਵਿੱਚ ਜੋਤੀ-ਜੋਤ ਸਮਾ ਗਏ ਸਨ ਇਸ ਕਰਕੇ ਉਨ੍ਹਾਂ ਵਲੋਂ ਨਾ ਹੀ ਮਾਲਵਾ ਵਿੱਚ ਆਇਆ ਜਾ ਸਕਿਆ ਸੀ ਅਤੇ ਨਾ ਹੀ ਦੇਸ ਦੇ ਕਿਸੇ ਹੋਰ ਭਾਗ ਵਿੱਚ ਜਾਇਆ ਜਾ ਸਕਿਆ ਸੀ। ਨੌਵੇ ਪਾਤਿਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਨੇ ਹਿੰਦੁਸਤਾਨ ਦੇ ਪੂਰਬੀ ਰਾਜਾਂ ਦੇ ਅਤੇ ਮਾਲਵਾ ਤੇ ਬਾਂਗਰ ਖੇਤਰਾਂ ਦੇ ਦੌਰੇ ਕੀਤੇ ਗਏ ਸਨ। ਗੁਰੂ ਤੇਗ਼ ਬਹਾਦਰ ਨੇ ਆਪਣਾ ਪਰਚਾਰ ਪੁਆਧ (ਪਟਿਆਲੇ) ਵਾਲੇ ਪਾਸਿਉਂ ਸ਼ੁਰੂ ਕੀਤਾ ਸੀ। ਉਨ੍ਹਾਂ ਦੇ ਪਰਚਾਰ ਦੌਰਿਆਂ ਵਿੱਚ ਪੁਆਧ ਅਤੇ ਮਾਲਵਾ ਦੇ ਖੇਤਰ ਦੇ ਨਾਲ-ਨਾਲ ਬਾਂਗਰ ਦਾ ਖੇਤਰ ਵੀ ਸ਼ਾਮਿਲ ਸੀ। ਬਾਂਗਰ ਦਾ ਇਹ ਖੇਤਰ ਮੌਜੂਦਾ ਰੂਪ ਵਿੱਚ ਹਰਿਆਣਾ ਦੇ ਟੋਹਾਣਾ, ਨਰਵਾਣਾ, ਜੀਂਦ, ਕੈਥਲ, ਸਿਰਸਾ, ਹਾਂਸੀ ਅਤੇ ਰੋਹਤਕ ਦੇ ਇਲਾਕਿਆਂ ਵਿੱਚ ਸ਼ਾਮਿਲ ਹੈ। ਉਨ੍ਹਾਂ ਨੇ ਵਿਸ਼ੇਸ ਰੂਪ ਵਿੱਚ ਮਾਲਵਾ ਦੇ ਚਹਿਲ, ਜਵੰਦੇ, ਧਾਲੀਵਾਲ ਅਤੇ ਬਰਾੜ ਕਬੀਲਿਆਂ ਨੂੰ ਇਕ-ਦੂਜੇ ਦੇ ਨੇੜੇ ਲਿਆਉਣ ਦਾ ਕੰਮ ਕੀਤਾ ਸੀ।

ਗੁਰੂ ਤੇਗ਼ ਬਹਾਦਰ ਸਾਹਿਬ ਤੱਕ ਦੇ ਸਮੁੱਚੇ ਸਿੱਖ ਪਰਚਾਰ ਦਾ ਸਿੱਟਾ ਦਸਵੇਂ ਪਾਤਿਸ਼ਾਹ, ਗੁਰੂ ਗੋਬਿੰਦ ਸਿੰਘ ਦੇ ਉਸ ਸਮੇਂ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਜਾਂਦਾ ਹੈ ਜਦੋਂ ਉਨ੍ਹਾਂ ਨੇ ਆਨੰਦਪੁਰ ਸਾਹਿਬ ਨੂੰ ਛੱਡ ਕੇ, ਚਮਕੌਰ ਸਾਹਿਬ ਰਾਹੀਂ ਲੜਾਈ ਕਰਦਿਆਂ ਮਾਲਵਾ ਵਿੱਚ ਪ੍ਰਵੇਸ਼ ਕੀਤਾ ਸੀ। ਇਹ ਸਮਾਂ ਗੁਰੂ ਗੋਬਿੰਦ ਸਿੰਘ ਲਈ ਬਹੁਤ ਸੰਕਟਮਈ ਸੀ। ਪਰ ਜਿਉਂ ਹੀ ਉਹ ਮਾਲਵਾ ਵਿੱਚ ਆਏ ਅਤੇ ਮਾਲਵਾ ਦੇ ਪਿੰਡਾਂ ਵਿੱਚੋਂ ਨਵਾਂ ਖ਼ਾਲਸਾ ਭਰਤੀ ਕਰਕੇ ਖਿਦਰਾਣੇ ਦੀ ਢਾਬ 'ਤੇ ਜੋ ਲੜਾਈ ਲੜੀ ਸੀ ਉਹ ਉਨ੍ਹਾਂ ਦੇ ਜੀਵਨ ਦੀ ਫ਼ੈਸਲਾਕੁਨ ਲੜਾਈ ਸੀ।

ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਦੀ ਲੰਮੀ ਰਿਹਾਇਸ਼ ਨੇ ਦਰਸਾ ਦਿੱਤਾ ਸੀ ਕਿ ਮਾਲਵਾ ਉਨ੍ਹਾਂ ਦੀ ਸ਼ਕਤੀ ਦਾ ਇੱਕ ਬਹੁਤ ਹੀ ਮਜ਼ਬੂਤ ਕੇਂਦਰ ਸੀ। ਇੱਥੋਂ ਹੀ ਉਨ੍ਹਾਂ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ ਸੀ। ਜ਼ਫ਼ਰਨਾਮਾ ਇੱਕ ਅਜਿਹਾ ਤੱਥ ਅਤੇ ਦਸਤਾਵੇਜ਼ ਹੈ ਜਿਹੜਾ ਮਾਲਵਾ ਨੂੰ ਸਿੱਖ ਧਰਮ ਦਾ ਗੜ੍ਹ ਦਰਸਾਉਣ ਵਿੱਚ ਸਹਾਈ ਹੁੰਦਾ ਹੈ। ਤਲਵੰਡੀ ਸਾਬੋ ਨੂੰ ਉਸ ਸਮੇਂ ਦਾ ਮਾਲਵਾ ਦਾ ਕੇਂਦਰ ਕਿਹਾ ਜਾ ਸਕਦਾ ਹੈ। ਕਿਉਂਕਿ ਇੱਥੇ ਰਹਿੰਦਿਆਂ ਗੁਰੂ ਗੋਬਿੰਦ ਸਿੰਘ ਵੱਲੋਂ ਕੁਝ ਅਜਿਹੇ ਕੰਮ ਕੀਤੇ ਗਏ ਸਨ ਜਿੰਨ੍ਹਾਂ ਨੇ ਮਾਲਵਾ ਨੂੰ ਸਿੱਖ ਇਤਿਹਾਸ ਵਿੱਚ ਸਦਾ ਲਈ ਅਮਰ ਕਰ ਦਿੱਤਾ ਹੈ। ਸਭ ਤੋਂ ਵੱਡਾ ਕੰਮ ਗੁਰੂ ਗ੍ਰੰਥ ਸਾਹਿਬ ਦੀ 1604 ਈਸਵੀ ਵਾਲੀ ਬੀੜ ਨੂੰ ਫਿਰ ਤੋਂ ਦੁਬਾਰਾ ਸੰਪਾਦਿਤ ਕਰ ਕੇ ਗੁਰੂ ਤੇਗ਼ ਬਹਾਦਰ ਦੀ ਬਾਣੀ ਨੂੰ ਦਰਜ ਕਰਨ ਦਾ। ਇਹ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਸੀ। ਇਸ ਦਮਦਮੀ ਬੀੜ ਨੂੰ ਦਸਮ ਗੁਰੂ ਨੇ ਨਾਂਦੇੜ ਸਾਹਿਬ ਵਿਖੇ ਆਪਣੇ ਅੰਤਿਮ ਸਮੇਂ ਗੁਰਿਆਈ ਸੌਂਪ ਦਿੱਤੀ ਸੀ।

ਇਸ ਤਰ੍ਹਾਂ ਮਾਲਵਾ, ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ ਸਿੱਖ ਧਰਮ ਦਾ ਬਹੁਤ ਹੀ ਸ਼ਕਤੀਸ਼ਾਲੀ ਆਧਾਰ ਬਣ ਚੁੱਕਿਆ ਸੀ। ਸਿੱਖ ਧਰਮ ਦੇ ਇਸ ਆਧਾਰ ਨੇ ਆਉਣ ਵਾਲੇ ਸਮੇਂ ਵਿੱਚ ਬਹੁਤ ਯੋਗਦਾਨ ਪਾਇਆ ਸੀ। ਇੱਥੇ ਅਥਾਹ ਲੋਕ-ਸ਼ਕਤੀ ਸੀ। ਗੁਰੂ ਸਾਹਿਬਾਨ ਨੇ ਇਸ ਲੋਕ-ਸ਼ਕਤੀ ਨੂੰ ਇਕ ਜੱਥੇਬੰਦੀ ਵਿੱਚ ਪਰੋ ਦਿੱਤਾ ਸੀ। ਜੱਥੇਬੰਦੀ ਵਿੱਚ ਪਰੋਈ ਇਸ ਲੋਕ-ਸ਼ਕਤੀ ਨੇ ਆਉਣ ਵਾਲੇ ਸਮੇਂ ਵਿੱਚ ਅਜਿਹੀਆਂ ਪ੍ਰਾਪਤੀਆਂ ਕਰਕੇ ਦਿਖਾ ਦਿੱਤੀਆਂ ਸਨ ਜਿਹੜੀਆਂ ਏਸ਼ੀਆ ਅਤੇ ਵਿਸ਼ਵ ਦੇ ਇਤਿਹਾਸ ਵਿੱਚ ਵੀ ਮਿਸਾਲ ਬਣ ਗਈਆਂ ਹਨ।

ਗੁਰੂ ਗੋਬਿੰਦ ਸਿੰਘ ਨੇ ਆਪਣੇ ਅੰਤਿਮ ਸਮੇਂ ਆਪਣੇ ਸ਼ੁਰੂ ਕੀਤੇ ਕੰਮਾਂ ਨੂੰ ਧੁਰ-ਅੰਜ਼ਾਮ ਤੱਕ ਪਹੁੰਚਾਉਣ ਲਈ ਬੰਦਾ ਸਿੰਘ ਬਹਾਦਰ ਨੂੰ ਖ਼ਾਲਸਾ ਪੰਥ ਦਾ ਨੇਤਾ ਥਾਪ ਕੇ ਤੋਰਿਆ ਸੀ। ਬੰਦਾ ਸਿੰਘ

ਬਹਾਦਰ ਨੇ ਪੰਜਾਬ ਦੀ ਧਰਤੀ 'ਤੇ ਇੱਕ ਨਵਾਂ ਰਾਜਨੀਤਿਕ ਇਨਕਲਾਬ ਲਿਆਂਦਾ ਸੀ। ਇਸ ਇਨਕਲਾਬ ਦੀ ਮੁੱਖ ਸ਼ਕਤੀ ਮਾਲਵਾ ਦੇ ਲੋਕ ਸਨ ਜਿਹੜੇ ਭਾਈ ਫ਼ਤਿਹ ਸਿੰਘ[41], ਭਾਈ ਆਲੀ ਸਿੰਘ ਅਤੇ ਭਾਈ ਮਾਲੀ ਸਿੰਘ[42] ਦੀ ਅਗਵਾਈ ਵਿੱਚ ਇਕੱਠੇ ਹੋ ਕੇ ਬੰਦਾ ਸਿੰਘ ਬਹਾਦਰ ਨਾਲ ਜਾ ਮਿਲੇ ਸਨ।

ਬੰਦਾ ਸਿੰਘ ਬਹਾਦਰ ਦਾ ਸਮਾਂ ਅੱਠ (1708-1716 ਈਸਵੀ) ਸਾਲਾਂ ਦਾ ਸੀ ਅਤੇ ਇਸ ਨੂੰ ਬਹੁਤ ਬੁਰੀ ਤਰ੍ਹਾਂ ਕੁਚਲ ਦਿੱਤਾ ਗਿਆ ਸੀ। ਪਰ ਇਸ ਤਰ੍ਹਾਂ ਦਾ ਸੰਕਟ ਵਾਲਾ ਸਮਾਂ ਜ਼ਿਆਦਾ ਦੇਰ ਤੱਕ ਨਹੀਂ ਰਿਹਾ ਸੀ। 1733-34 ਈਸਵੀ ਵਿੱਚ ਸਿੱਖ ਸੰਘਰਸ਼ ਮਿਸਲਾਂ ਦੇ ਰੂਪ ਵਿੱਚ ਫਿਰ ਤੋਂ ਸ਼ੁਰੂ ਹੋ ਗਿਆ ਸੀ। ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿੱਚੋਂ ਇੱਕ ਮਿਸਲ ਫੂਲਕੀਆਂ ਘਰਾਣੇ ਦੀ ਸੀ। ਇਹ ਫੂਲਕੀਆਂ ਘਰਾਣਾ ਉਹ ਸੀ ਜਿਹੜਾ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਦਾ ਮਦਦਗਾਰ ਹੋ ਕੇ ਮੁਗ਼ਲਾਂ ਨਾਲ ਲੜਿਆ ਸੀ ਅਤੇ ਜਿਸ ਨੂੰ ਗੁਰੂ ਹਰਿ ਰਾਇ ਸਾਹਿਬ ਨੇ ਪੱਕੇ ਪੈਰਾਂ 'ਤੇ ਖੜੇ ਹੋਣ ਵਿੱਚ ਬਹੁਤ ਮਦਦ ਕੀਤੀ ਸੀ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਮਾਲਵਾ ਦੇ ਜੱਟ ਘਰਾਣਿਆਂ ਵਿੱਚੋਂ ਸਿੱਧੂ ਅਤੇ ਬਰਾੜ ਘਰਾਣਿਆਂ ਨੇ ਬਹੁਤ ਤਰੱਕੀ ਕੀਤੀ ਹੈ। ਫੂਲਕੀਆਂ ਘਰਾਣਾ ਸਿੱਧੂ ਅਤੇ ਬਰਾੜ ਘਰਾਣਾ ਹੀ ਸੀ। ਫੂਲਕੀਆਂ ਮਿਸਲ ਦਾ ਮੋਢੀ ਬਾਬਾ ਆਲਾ ਸਿੰਘ ਸੀ। ਇਸ ਮਿਸਲ ਦੇ ਨੇਤਾਵਾਂ ਨੇ ਮਾਲਵਾ ਵਿੱਚ ਛੇ ਰਿਆਸਤਾਂ ਕਾਇਮ ਕਰ ਲਈਆਂ ਸਨ। ਇਹ ਰਿਆਸਤਾਂ ਸਨ। 1. ਪਟਿਆਲਾ, 2. ਨਾਭਾ 3. ਜੀਂਦ (ਸੰਗਰੂਰ) 4. ਕੈਥਲ 5. ਕਲਸੀਆਂ ਅਤੇ 6. ਫਰੀਦਕੋਟ। ਸਾਰਾ ਮਾਲਵਾ ਖੇਤਰ ਇਨ੍ਹਾਂ ਛੇ ਰਿਆਸਤਾਂ ਵਿੱਚ ਸ਼ਾਮਿਲ ਨਹੀਂ ਸੀ ਕਿਉਂਕਿ ਮਾਲਵਾ ਦਾ ਕੁਝ ਹਿੱਸਾ ਬਾਕੀ ਦੀਆਂ ਮਿਸਲਾਂ ਵਿੱਚ ਵੀ ਸ਼ਾਮਿਲ ਸੀ। ਪਰ ਇਹ ਪੱਖ ਦੇਖਣ ਵਾਲਾ ਹੈ ਕਿ ਸਾਰਾ ਮਾਲਵਾ ਹੀ ਸਿੱਖਾਂ ਦੇ ਕਬਜ਼ੇ ਵਿੱਚ ਸੀ। ਇਹ ਗੱਲ ਬਹੁਤ ਮਹੱਤਵਪੂਰਨ ਹੈ। ਮਾਲਵਾ ਵਿੱਚ ਜੱਥੇਬੰਦਕ ਪਰਚਾਰ ਸਿਰਫ਼ ਗੁਰੂ ਸਾਹਿਬਾਨ ਨੇ ਕੀਤਾ ਸੀ। ਇਹ ਸਭ ਕੁਝ ਇਸ ਜੱਥੇਬੰਦਕ ਪਰਚਾਰ ਦਾ ਹੀ ਨਤੀਜਾ ਸੀ ਕਿ ਮਾਲਵਾ ਖੇਤਰ ਸਿੱਖਾਂ ਦੀ ਰਾਜਨੀਤਿਕ ਸ਼ਕਤੀ ਬਣ ਗਿਆ ਸੀ।

ਇਹ ਗੱਲ ਇਤਿਹਾਸ ਦਾ ਇਕ ਅਜੀਬ ਵਰਤਾਰਾ ਸੀ ਕਿ ਜਦੋਂ ਇੱਕ ਪਾਸੇ ਇਕ ਲੰਮੇ ਸੰਘਰਸ਼ ਬਾਅਦ ਪੰਜਾਬ ਦੀ ਧਰਤੀ 'ਤੇ ਸਾਰੇ ਪਾਸੇ ਹੀ ਸਿੱਖ ਮਿਸਲਾਂ ਅਤੇ ਰਿਆਸਤਾਂ ਦੇ ਰੂਪ ਵਿੱਚ ਸਿੱਖ ਰਾਜ

---

41 ਭਾਈ ਫ਼ਤਿਹ ਸਿੰਘ ਮਾਲਵਾ ਦਾ ਸਿਰਕੱਢ ਸਰਦਾਰ ਸੀ। ਇਸ ਨੂੰ ਬੰਦਾ ਸਿੰਘ ਬਹਾਦਰ ਨੇ ਸਮਾਣਾ ਨੂੰ ਜਿੱਤ ਕੇ ਉੱਥੋਂ ਦਾ ਗਵਰਨਰ ਬਣਾਇਆ ਸੀ।

42 ਆਲੀ ਸਿੰਘ ਅਤੇ ਮਾਲੀ ਸਿੰਘ ਵੀ ਮਾਲਵਾ ਦੇ ਸਿਰਕੱਢ ਸਰਦਾਰ ਸਨ। ਇਹ ਖੰਨਾ ਨੇੜੇ ਵਸੇ ਪਿੰਡ ਸਲੌਦੀ ਦੇ ਵਸਨੀਕ ਸਨ। ਇਹ ਸਰਹਿੰਦ ਵਿਖੇ ਵਜ਼ੀਰ ਖ਼ਾਨ ਦੇ ਅਧਿਕਾਰੀ ਸਨ। ਇਕ ਫ਼ੌਜਦਾਰ ਸੀ ਤੇ ਦੂਜਾ ਦੀਵਾਨ ਸੀ। ਜਦੋਂ ਬੰਦਾ ਸਿੰਘ ਬਹਾਦਰ ਆਇਆ ਸੀ ਤਾਂ ਇਹ ਦੋਵੇਂ ਭਰਾ ਆਪਣੇ ਪਦ ਤਿਆਗ ਕੇ ਖ਼ਾਲਸੇ ਨਾਲ ਜਾ ਰਲੇ ਸਨ।

ਸਥਾਪਿਤ ਹੋ ਰਿਹਾ ਸੀ ਤਾਂ ਦੂਜੇ ਪਾਸੇ ਨਾਲ ਦੀ ਨਾਲ ਹੀ ਸਿੱਖਾਂ ਵਿੱਚ ਖੇਤਰਾਂ ’ਤੇ ਅਧਾਰਿਤ ਵੰਡੀਆਂ ਵੀ ਪੈ ਰਹੀਆਂ ਸਨ। ਮਾਲਵਾ ਵਿੱਚ ਫੂਲਕੀਆਂ ਮਿਸਲ ਦਾ ਜ਼ਿਆਦਾ ਦਬਦਬਾ ਸੀ ਪਰ ਇੱਥੇ ਕੁਝ ਇਲਾਕੇ ਦੂਜੀਆਂ ਮਿਸਲਾਂ ਦੇ ਕੋਲ ਵੀ ਸਨ। ਪਰ ਮਿਸਲਾਂ ਦਾ ਜ਼ਿਆਦਾ ਦਬਦਬਾ ਸਤਲੁਜ ਦਰਿਆ ਤੋਂ ਉੱਤਰ-ਪੱਛਮ ਵੱਲ ਸੀ ਅਤੇ ਪੰਜਾਬ ਦੇ ਪੰਜ ਦੁਆਬ-ਬਿਸਤ ਦੁਆਬ, ਬਾਰੀ ਦੁਆਬ, ਰਚਨਾ ਦੁਆਬ ਚੱਜ ਦੁਆਬ, ਅਤੇ ਸਿੰਧਸਾਗਰ ਦੁਆਬ ਇਸ ਪਾਸੇ ਸਨ। ਇੱਧਰ ਮਹਾਰਾਜਾ ਰਣਜੀਤ ਸਿੰਘ ਪਹਿਲਾਂ ਇਕ ਮੋਹਰੀ ਮਿਸਲ ਸਰਦਾਰ ਦੇ ਤੌਰ ’ਤੇ, ਫਿਰ ਮਹਾਰਾਜੇ ਦੇ ਤੌਰ ’ਤੇ ਉੱਭਰ ਰਿਹਾ ਸੀ। 1806 ਈਸਵੀ ਦਾ ਸਮਾਂ ਅਜਿਹਾ ਆਇਆ ਸੀ ਕਿ ਰਣਜੀਤ ਸਿੰਘ ਸਤਲੁਜ ਦਰਿਆ ਨੂੰ ਪਾਰ ਕਰਕੇ ਇੱਧਰ ਮਾਲਵਾ ਦੀਆਂ ਸਿੱਖ ਰਿਆਸਤਾਂ ਵਿੱਚ ਆ ਗਿਆ ਸੀ। 1809 ਈਸਵੀ ਦੇ ਸ਼ੁਰੂ ਤੱਕ ਉਸ ਨੇ ਮਾਲਵਾ ਦੀਆਂ ਸਾਰੀਆਂ ਸਿੱਖ ਰਿਆਸਤਾਂ ਨੂੰ ਆਪਣੇ ਅਧੀਨ ਕਰ ਲਿਆ ਸੀ। ਪਰ ਮਾਲਵਾ ਦੇ ਪੂਰਬ ਵੱਲ ਦਿੱਲੀ ਦੇ ਆਲੇ-ਦੁਆਲੇ ਦੇ ਖੇਤਰਾਂ ਵਿੱਚ, ਇਸ ਸਮੇਂ ਤੱਕ ਈਸਟ ਇੰਡੀਆ ਕੰਪਨੀ (ਬ੍ਰਿਟਿਸ਼ ਹਕੂਮਤ) ਵੀ ਪਹੁੰਚ ਚੁੱਕੀ ਸੀ।

ਮਾਲਵਾ ਦੀਆਂ ਸਿੱਖ ਰਿਆਸਤਾਂ ਨੇ, ਜਿਨ੍ਹਾਂ ਨੂੰ ਉਸ ਸਮੇਂ ਦੀਆਂ ਲਿਖਤਾਂ ਵਿੱਚ ਸਤਲੁਜ-ਉਰਾਰ (Cis-Sutlej) ਦੀਆਂ ਰਿਆਸਤਾਂ ਕਿਹਾ ਜਾਂਦਾ ਸੀ, ਈਸਟ ਇੰਡੀਆ ਕੰਪਨੀ (ਬ੍ਰਿਟਿਸ਼ ਅਧਿਕਾਰੀਆਂ) ਤੱਕ ਪਹੁੰਚ ਕੀਤੀ ਅਤੇ ਰਾਜਨੀਤਿਕ ਰੱਖਿਆ ਦੀ ਮੰਗ ਕੀਤੀ। ਇਹ ਗੱਲ ਬ੍ਰਿਟਿਸ਼ ਹਕੂਮਤ ਵੱਲੋਂ ਮੰਨ ਲਈ ਗਈ ਅਤੇ ਆਖਰ 1809 ਈਸਵੀ ਦੀ ਅੰਮ੍ਰਿਤਸਰ ਦੀ ਸੰਧੀ ਤੱਕ ਨੌਬਤ ਪਹੁੰਚ ਗਈ ਸੀ। 1809 ਈਸਵੀ ਦੀ ਅੰਮ੍ਰਿਤਸਰ ਦੀ ਸੰਧੀ ਬ੍ਰਿਟਿਸ਼ ਹਕੂਮਤ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਹੋਈ ਸੀ।[43] ਮਾਲਵਾ ਦੀਆਂ ਸਭ ਸਿੱਖ ਰਿਆਸਤਾਂ ਨੂੰ ਅੰਗਰੇਜ਼ਾਂ ਨੇ ਆਪਣੇ ਅਧੀਨ ਲੈ ਲਿਆ ਸੀ। ਇਸ ਤਰ੍ਹਾਂ ਅੰਤਰ-ਰਾਸ਼ਟਰੀ ਤੌਰ ’ਤੇ ਸਭ ਕਿਸਮ ਦੀ ਗੱਲਬਾਤ ਕਰਨ ਦੇ ਅਧਿਕਾਰ ਸਿੱਖ ਰਿਆਸਤਾਂ ਦੇ ਰਾਜਿਆਂ-ਮਹਾਰਾਜਿਆਂ ਅਤੇ ਨਵਾਬਾਂ ਵੱਲੋਂ ਖੁੱਸ ਗਏ ਸਨ ਅਤੇ ਉਹ ਸਿਰਫ਼ ਆਪਣੀਆਂ ਰਿਆਸਤਾਂ ਦੇ ਅੰਦਰੂਨੀ ਹਾਕਮ ਬਣ ਕੇ ਹੀ ਰਹਿ ਗਏ ਸਨ। ਇਸ 1809 ਈਸਵੀ ਦੀ ਸੰਧੀ ਅਨੁਸਾਰ ਸਤਲੁਜ ਦਰਿਆ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਅਤੇ ਈਸਟ ਇੰਡੀਆ ਕੰਪਨੀ ਦੇ ਰਾਜ ਦੀ ਇਕ ਪੱਕੀ ਰਾਜਨੀਤਿਕ ਹੱਦ ਬਣ ਗਿਆ ਸੀ। ਭਾਵ ਕਿ ਸਤਲੁਜ ਪਾਰ ਦੇ ਇਲਾਕੇ ਵਿੱਚ, ਜਿਸ ਨੂੰ ਸੰਧੀ ਵਿੱਚ Trance-Sutlej ਕਿਹਾ ਗਿਆ ਸੀ, ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੋਣਾ ਸੀ ਅਤੇ ਸਤਲੁਜ ਦੇ ਉਰਾਰ ਦੇ ਇਲਾਕੇ ਵਿੱਚ, ਜਿਸ ਨੂੰ ਸੰਧੀ ਵਿੱਚ Cis-Sutlej ਦਾ ਇਲਾਕਾ ਕਿਹਾ ਗਿਆ ਸੀ, ਅੰਗਰੇਜ਼ਾਂ ਦਾ ਰਾਜ ਹੋਣਾ ਸੀ। ਇਸ ਤਰ੍ਹਾਂ ਮਾਲਵਾ ਦੀਆਂ ਸਿੱਖ ਰਿਆਸਤਾਂ ਅੰਗਰੇਜ਼ਾਂ ਦਾ ਇਲਾਕਾ ਬਣ ਗਈਆਂ ਸਨ। ਭਾਵ ਅੰਮ੍ਰਿਤਸਰ ਦੀ 1809 ਈਸਵੀ ਦੀ ਸੰਧੀ ਨੇ

43 Khushwant Singh, *History of the Sikhs*, Vol. I, pp. 362-63 (Appendix 6).

ਮਾਲਵਾ ਨੂੰ ਇਕ ਨਵਾਂ ਨਾਂ ਦੇ ਦਿੱਤਾ ਸੀ Cis-Sutlej (ਸਤਲੁਜ-ਉਰਾਰ)। ਬੇਸ਼ੱਕ ਇਹ Cis-Sutlej (ਸਤਲੁਜ-ਉਰਾਰ) ਵੀ ਗੈਰ-ਪਰਿਭਾਸ਼ਤ[44] ਸੀ ਅਤੇ ਸਤਲੁਜ ਪਾਰ (Trance-Sutlej) ਵੀ ਗੈਰ-ਪਰਿਭਾਸ਼ਤ ਨਾਮਕਰਨ ਸੀ। ਇਨ੍ਹਾਂ ਗੈਰ-ਪਰਿਭਾਸ਼ਤ ਨਾਮਕਰਨਾ ਕਰਕੇ ਹੀ 1831 ਈਸਵੀ ਵਿੱਚ ਰੋਪੜ ਦੇ ਸਥਾਨ 'ਤੇ ਬ੍ਰਿਟਿਸ਼ ਗਵਰਨਰ-ਜਨਰਲ ਲਾਰਡ ਵਿਲੀਅਮ ਬੈਂਟਿਕ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ 1809 ਈਸਵੀ ਦੀ ਸੰਧੀ ਨੂੰ ਇਕ ਨੀਅਤ ਪਰਿਭਾਸ਼ਾ ਦੇਣ ਲਈ ਮੁਲਾਕਾਤ ਹੋਈ ਸੀ। ਇਸ ਮੁਲਾਕਾਤ ਅਨੁਸਾਰ ਇਨ੍ਹਾਂ, ਸਤਲੁਜ-ਉਰਾਰ ਅਤੇ ਸਤਲੁਜ-ਪਾਰ ਦੇ ਇਲਾਕਿਆਂ ਨੂੰ, ਇਉਂ ਪਰਿਭਾਸ਼ਤ ਕੀਤਾ ਗਿਆ ਸੀ ਕਿ ਸਤਲੁਜ-ਉਰਾਰ ਦਾ ਮਤਲਬ ਹੈ ਸਮੁੱਚੇ ਸਤਲੁਜ ਦਰਿਆ ਦੇ ਦੱਖਣ-ਪੂਰਬ ਵੱਲ ਦਾ ਇਲਾਕਾ ਅਤੇ ਸਤਲੁਜ-ਪਾਰ ਦਾ ਮਤਲਬ ਹੈ ਸਮੁੱਚੇ ਸਤਲੁਜ ਦਰਿਆ ਦੇ ਉੱਤਰ-ਪੱਛਮ ਵੱਲ ਦਾ ਇਲਾਕਾ। ਇਸ ਪਰਿਭਾਸ਼ਾ ਕਾਰਨ ਹੀ ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਦੇ ਬਹਾਵਲਪੁਰ ਅਤੇ ਸਿੰਧ ਦੇ ਇਲਾਕਿਆਂ ਤੋਂ ਅਧਿਕਾਰ ਖ਼ਤਮ ਹੋ ਗਿਆ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਕਸ਼ਮੀਰ ਸਮੇਤ ਅਫ਼ਗਾਨਿਸਤਾਨ ਤੱਕ ਵਧਣ ਦਾ ਅਧਿਕਾਰ ਮਿਲ ਗਿਆ ਸੀ।

ਪਰ 1809 ਈਸਵੀ ਦੀ ਅੰਮ੍ਰਿਤਸਰ ਦੀ ਸੰਧੀ ਨੇ ਮਾਲਵਾ ਦੇ ਨਾਂ ਨੂੰ ਪਿੱਛੇ ਸੁੱਟ ਦਿੱਤਾ ਸੀ। ਇਸ ਤੋਂ ਬਾਅਦ ਦੀਆਂ ਲਿਖਤਾਂ ਵਿੱਚ ਹਮੇਸ਼ਾ ਹੀ ਮਾਲਵਾ ਦੀਆਂ ਰਿਆਸਤਾਂ ਦੇ ਖੇਤਰਾਂ ਨੂੰ ਸਤਲੁਜ-ਉਰਾਰ ਦੀਆਂ ਰਿਆਸਤਾਂ ਹੀ ਕਿਹਾ ਜਾਣ ਲੱਗ ਪਿਆ ਸੀ। ਇਸ ਗੱਲ ਦਾ ਇਕ ਸਧਾਰਨ ਜਿਹਾ ਫਾਇਦਾ ਇਹ ਹੋ ਗਿਆ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਵਿਸ਼ਾਲ ਰਾਜ ਨੂੰ 1849 ਈਸਵੀ ਵਿੱਚ ਖ਼ਤਮ ਕਰ ਦਿੱਤਾ ਗਿਆ ਸੀ ਪਰ ਅੰਗਰੇਜ਼ਾਂ ਹੇਠਲੀਆਂ ਮਾਲਵਾ ਦੀਆਂ ਸਿੱਖ ਰਿਆਸਤਾਂ 1947 ਈਸਵੀ ਤੱਕ ਉਸੇ ਤਰ੍ਹਾਂ ਚਲਦੀਆਂ ਆ ਰਹੀਆਂ ਸਨ। 1947 ਈਸਵੀ ਵਿੱਚ ਭਾਰਤ ਅਤੇ ਪਾਕਿਸਤਾਨ ਦੀ ਵੰਡ ਹੋ ਗਈ ਅਤੇ ਪੰਜਾਬ ਦੀ ਇਸ ਵੰਡ ਨੇ ਪੰਜਾਬ ਦੀ ਜਨਤਾ ਉੱਪਰ ਬਹੁਤ ਪ੍ਰਭਾਵ ਪਾਇਆ ਸੀ।

1947 ਦੀ ਵੰਡ ਦਾ ਸਭ ਤੋਂ ਵੱਡਾ ਪ੍ਰਭਾਵ ਮਾਲਵਾ ਦੀ ਸਮੁੱਚੀ ਸਥਿਤੀ ਉੱਪਰ ਇਹ ਪਿਆ ਸੀ ਕਿ ਇੱਥੇ ਪੱਛਮੀ ਪੰਜਾਬ ਤੋਂ ਉੱਜੜੇ ਹੋਏ ਸਿੱਖ ਕਿਸਾਨ ਬਹੁਤ ਵੱਡੀ ਗਿਣਤੀ ਵਿੱਚ ਆ ਵਸੇ ਸਨ ਅਤੇ ਇੱਥੋਂ ਮੁਸਲਮਾਨ ਵੀ ਬਹੁਤ ਵੱਡੀ ਗਿਣਤੀ ਵਿੱਚ ਉੱਜੜ ਕੇ ਚਲੇ ਗਏ ਸਨ। ਇਸ ਦਾ ਮਾਲਵਾ ਦੀ ਸਿੱਖ ਵਸੋਂ

---

44 ਗੈਰ-ਪਰਿਭਾਸ਼ਤ ਦਾ ਮਤਲਬ ਹੈ ਕਿ ਜਿਸ ਨਾਂ ਦੀ ਕੋਈ ਵੀ ਨਿਸ਼ਚਤ ਪਰਿਭਾਸ਼ਾ (ਵਿਆਖਿਆ) ਨਾ ਹੋਵੇ। ਸਤਲੁਜ ਉਰਾਰ ਦਾ ਮਤਲਬ ਇਹ ਨਿਸ਼ਚਤ ਨਹੀਂ ਸੀ ਕਿ ਇਹ ਸਤਲੁਜ ਉਰਾਰ ਦਾ ਖੇਤਰ ਸਿਰਫ਼ ਪੰਜਾਬ ਤੱਕ ਹੀ ਸੀਮਤ ਰਹੇਗਾ ਜਾ ਅੱਗੇ ਅਗਲੀਆਂ ਸਟੇਟਾਂ ਬਹਾਵਲਪੁਰ ਅਤੇ ਸਿੰਧ ਉਪਰ ਵੀ ਵਰਤਿਆ ਜਾਵੇਗਾ। ਇਸੇ ਤਰ੍ਹਾਂ ਸਤਲੁਜ-ਪਾਰ ਦੇ ਖੇਤਰ ਦੀ ਵੀ ਕੋਈ ਪੱਕੀ ਪਰਿਭਾਸ਼ਾ ਨਹੀਂ ਸੀ ਕਿ ਸਤਲੁਜ-ਪਾਰ ਦਾ ਮਤਲਬ ਇਕੱਲੇ ਪੰਜਾਬ ਤੱਕ ਹੀ ਸੀਮਤ ਰਹੇਗਾ ਜਾਂ ਇਹ ਨਾਂ ਸਤਲੁਜ-ਪਾਰ ਦੇ ਸਾਰੇ ਖੇਤਰਾਂ ਉਪਰ ਲਾਗੂ ਹੋਵੇਗਾ।

ਉਪਰ ਬਹੁਤ ਪ੍ਰਭਾਵ ਪਿਆ ਸੀ। ਮਾਲਵਾ ਵਿੱਚ ਸਿੱਖ ਵਸੋਂ ਦੀ ਬਹੁ-ਗਿਣਤੀ ਹੋ ਗਈ ਸੀ। ਇਸ ਕਰਕੇ ਸਾਰੇ ਪੰਜਾਬ ਵਿੱਚ ਮਾਲਵਾ ਸਾਰੇ ਦੁਆਬਿਆਂ ਅਤੇ ਉਪ-ਭਾਗਾਂ ਵਿੱਚੋਂ ਸਭ ਤੋਂ ਵੱਧ ਸਿੱਖ ਵਸੋਂ ਵਾਲਾ ਭਾਗ (ਖੇਤਰ) ਬਣ ਗਿਆ ਸੀ।

ਵਸੋਂ ਦੀ ਤਬਾਦਲੀ ਦਾ ਦੂਜਾ ਵੱਡਾ ਪ੍ਰਭਾਵ ਇਹ ਪਿਆ ਸੀ ਕਿ ਪੱਛਮੀ ਪੰਜਾਬ ਵਿੱਚੋਂ ਉੱਜੜ ਕੇ ਆਉਣ ਵਾਲੇ ਸਿੱਖ ਕਿਸਾਨ ਮਾਲਵਾ ਦੇ ਸਥਾਨਕ ਕਿਸਾਨਾਂ ਨਾਲੋਂ ਖੇਤੀਬਾੜੀ ਦੇ ਕੰਮਾਂ ਵਿੱਚ ਜ਼ਿਆਦਾ ਗਿਆਨ ਰੱਖਣ ਵਾਲੇ ਸਨ।[45] ਉਨ੍ਹਾਂ ਨੂੰ ਜੋ ਵੀ ਜ਼ਮੀਨਾ ਮਾਲਵਾ ਵਿੱਚ ਅਲਾਟ ਹੋਈਆਂ ਸਨ ਉਹ ਮਲਵਈ ਸਿੱਖ ਕਿਸਾਨਾ ਦੀਆਂ ਜ਼ਮੀਨਾਂ ਵਿਚਕਾਰ ਹੀ ਸਨ। ਪੱਛਮੀ ਪੰਜਾਬ ਵਿੱਚੋਂ ਆਉਣ ਵਾਲੇ ਕਿਸਾਨਾਂ ਨੇ ਆਪਣੀਆਂ ਜ਼ਮੀਨਾਂ ਵਿੱਚ ਉਸ ਤਕਨੀਕ ਨਾਲ ਖੇਤੀ ਕਰਨੀ ਸ਼ੁਰੂ ਕਰ ਦਿੱਤੀ ਸੀ ਜਿਸ ਤਕਨੀਕ ਨਾਲ ਉਹ 1947 ਈਸਵੀ ਤੋਂ ਪਹਿਲਾਂ ਪੱਛਮੀ ਪੰਜਾਬ ਵਿੱਚ ਕਰਦੇ ਸਨ। ਇਹ ਖੇਤੀ ਤਕਨੀਕਾਂ ਮਲਵਈ ਕਿਸਾਨਾਂ ਲਈ ਨਵੀਆਂ ਸਨ। ਇਸ ਤਰ੍ਹਾਂ ਪੱਛਮੀ ਪੰਜਾਬ ਵਿੱਚੋਂ ਉੱਜੜ ਕੇ ਆ ਵਸੇ ਸਿੱਖ ਕਿਸਾਨਾਂ ਨੇ ਮਲਵਈ ਕਿਸਾਨਾ ਉੱਪਰ ਖੇਤੀਬਾੜੀ ਦੀ ਤਰੱਕੀ ਵਾਲੇ ਪੱਖ ’ਤੇ, ਰਹਿਣ-ਸਹਿਣ ਦੇ ਢੰਗ-ਤਰੀਕਿਆਂ ’ਤੇ ਅਤੇ ਖਾਣ-ਪੀਣ ਦੇ ਭੋਜਨ ’ਤੇ ਬਹੁਤ ਪ੍ਰਭਾਵ ਪਾਇਆ ਸੀ। ਇਹ ਲਿਖਣ ਵਿੱਚ ਕੋਈ ਗਲਤ ਗੱਲ ਨਹੀਂ ਹੋਵੇਗੀ ਕਿ ਮਾਲਵਾ ਬਾਕੀ ਦੇ ਪੰਜਾਬ ਦੇ ਸਾਰੇ ਦੁਆਬਿਆਂ ਵਿੱਚੋਂ, ਵਿੱਦਿਅਕ, ਉਨਤ-ਤਕਨੀਕ, ਸਮਾਜਿਕ ਰਹਿਣ-ਸਹਿਣ ਦੇ ਪੱਖੋਂ ਅਤੇ ਸਮੁੱਚੇ ਰੂਪ ਵਿੱਚ ਸੱਭਿਆਚਾਰਕ ਪੱਖ ਤੋਂ ਬਹੁਤ ਪਛੜਿਆ ਹੋਇਆ ਸੀ ਅਤੇ ਪੱਛਮੀ ਪੰਜਾਬ ਤੋਂ ਆਉਣ ਵਾਲੇ ਸ਼ਰਨਾਰਥੀ ਸਿੱਖ ਕਿਸਾਨ ਉਨ੍ਹਾਂ ਤੋਂ ਬਹੁਤ ਅੱਗੇ ਸਨ। ਇਸ ਗੱਲ ਨੇ ਮਾਲਵਾ ਨੂੰ ਬਹੁਤ ਫਾਇਦਾ ਪਹੁੰਚਾਇਆ ਸੀ।

1947 ਦੀ ਵੰਡ ਨਾਲ ਜੋ ਦੋ ਨਵੇਂ ਦੇਸ ਭਾਰਤ ਅਤੇ ਪਾਕਿਸਤਾਨ ਦੇ ਰੂਪ ਵਿੱਚ ਬਣ ਕੇ ਸਾਹਮਣੇ ਆਏ ਸਨ ਉਸ ਨਾਲ ਮਾਲਵਾ ਦੀਆਂ ਸਿੱਖ ਰਿਆਸਤਾਂ ਖ਼ਤਮ ਹੋ ਗਈਆਂ ਸਨ। ਪਰ ਇਨ੍ਹਾਂ ਸਿੱਖ ਰਿਆਸਤਾਂ ਦੇ ਰਾਜਿਆਂ-ਮਹਾਰਾਜਿਆਂ ਨੇ ਇਕ ਬਹੁਤ ਹੀ ਸਿਆਣਪ ਭਰਿਆ ਕਦਮ ਚੁੱਕ ਕੇ, ਕੇਂਦਰੀ ਸਰਕਾਰ ਦੀ ਇਜਾਜ਼ਤ ਨਾਲ ਆਪਣੀਆਂ ਸਾਰੀਆਂ ਰਿਆਸਤਾਂ ਨੂੰ ਇੱਕਠੀਆਂ ਕਰਕੇ, ਪੈਪਸੂ ਦੇ ਨਾਂ ਹੇਠ ਬਣੀ ਇਕ ਨਵੀਂ ਸਟੇਟ ਦੇ ਰੂਪ ਵਿੱਚ ਗਠਨ ਕਰ ਲਿਆ ਸੀ। ਪੈਪਸੂ (PEPSU) ਨਾਂ ਅੰਗਰੇਜ਼ੀ ਦੇ ਇਨ੍ਹਾਂ ਸ਼ਬਦਾਂ ਦੇ ਪਹਿਲੇ ਅੱਖਰਾਂ ਨੂੰ ਜੋੜ ਕੇ ਬਣਾਇਆ ਗਿਆ ਸੀ। ਇਨ੍ਹਾਂ ਰਿਆਸਤਾਂ ਦੇ ਸੰਘ ਨੂੰ Patiala and East Punajb

---

45 ਸਾਰੇ ਪੰਜਾਬ ਵਿੱਚੋਂ ਮਾਝਾ ਦੁਆਬ ਸਭ ਤੋਂ ਵੱਧ ਵਿਕਸਤ ਸੀ। 1947 ਦੀ ਵੰਡ ਵੇਲੇ ਅੱਧੇ ਤੋਂ ਵੱਧ ਮਾਝਾ (ਲਾਹੌਰ, ਲਾਇਲਪੁਰ, ਸ਼ੇਖ਼ੂਪੁਰਾ ਅਤੇ ਮਿੰਟਗੁਮਰੀ, ਪਾਕਿਸਤਾਨ ਵਿੱਚ ਰਹਿ ਗਿਆ ਸੀ। ਭਾਰਤ ਦੇ ਹਿੱਸੇ ਵਿੱਚ ਮਾਝੇ ਦੇ ਸਿਰਫ਼ ਅੰਮ੍ਰਿਤਸਰ ਅਤੇ ਗੁਰਦਾਸ ਜ਼ਿਲ੍ਹੇ ਹੀ ਆਏ ਸਨ।

States union (ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ) ਕਿਹਾ ਗਿਆ ਸੀ। ਇਸ ਤਰ੍ਹਾਂ ਪੁਰਾਣੀਆਂ ਛੇ ਸਿੱਖ ਰਿਆਸਤਾਂ, ਇਕ ਮੁਸਲਿਮ ਸਟੇਟ (ਮਲੇਰਕੋਟਲਾ) ਅਤੇ ਇਕ ਹਿੰਦੂ ਸਟੇਟ (ਨਾਲਾਗੜ੍ਹ), ਕੁੱਲ ਅੱਠ ਰਿਆਸਤਾਂ ਨੇ ਮਿਲ ਕੇ ਪੈਪਸੂ ਸਟੇਟ ਬਣਵਾ ਲਈ ਸੀ। ਇਹ ਅੱਠ ਰਿਆਸਤਾਂ ਸਨ: ਪਟਿਆਲਾ, ਨਾਭਾ, ਜੀਂਦ (ਸੰਗਰੂਰ), ਫਰੀਦਕੋਟ, ਕਪੂਰਥਲਾ, ਮਲੇਰਕੋਟਲਾ, ਨਾਲਾਗੜ੍ਹ ਅਤੇ ਕਲਸੀਆਂ। ਇਸ ਦੀ ਰਾਜਧਾਨੀ ਪਟਿਆਲਾ ਸੀ ਅਤੇ ਰਾਜ ਪ੍ਰਮੁੱਖ ਜੀਵਨ ਭਰ ਲਈ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਸਨ। ਇਹ ਨਵੀਂ ਪੈਪਸੂ ਸਟੇਟ ਨਵੰਬਰ, 1948 ਈਸਵੀ ਵਿੱਚ ਬਣਾਈ ਗਈ ਸੀ। ਪਰ ਅੱਠ ਸਾਲਾਂ ਬਾਅਦ ਪੰਜਾਬ ਦੀ ਸਿੱਖ ਰਾਜਨੀਤੀ ਦੀਆਂ ਬਦਲਦੀਆਂ ਅਤੇ ਅਸਥਿਰ ਨੀਤੀਆਂ ਕਾਰਨ ਇਸ ਨੂੰ ਨਵੰਬਰ 1956 ਈਸਵੀ ਵਿੱਚ ਤੋੜ ਦਿੱਤਾ ਗਿਆ ਸੀ। ਇਸ ਤਰ੍ਹਾਂ ਮਾਲਵਾ ਦਾ ਪੁਰਾਤਨ ਤੇ ਇਤਿਹਾਸਕ ਸੁਤੰਤਰ ਖੇਤਰੀ ਰੁਤਬਾ ਖ਼ਤਮ ਹੋ ਕੇ ਪੰਜਾਬ ਵਿੱਚ ਮਿਲਾ ਦਿੱਤਾ ਗਿਆ ਸੀ। ਪੂਰਬੀ ਪੰਜਾਬ (ਭਾਰਤੀ ਪੰਜਾਬ) ਵਿੱਚ ਮਾਲਵਾ ਫਿਰ ਵੀ ਸਭ ਤੋਂ ਵੱਡਾ ਇੱਕ ਉਪ-ਭਾਗ ਸੀ ਪਰ ਵੱਡਾ ਹੋਣ ਦੇ ਬਾਵਜੂਦ ਪੂਰਬੀ ਪੰਜਾਬ ਦੀ ਰਾਜਨੀਤੀ ਵਿੱਚ ਮਾਲਵਾ ਬਹੁਤ ਪਿੱਛੇ ਸੀ।

ਮਾਲਵਾ ਦੇ ਯੋਗਦਾਨ ਵਿੱਚ ਸਭ ਤੋਂ ਵੱਡੀ ਤਬਦੀਲੀ 1966 ਈਸਵੀ ਵਿੱਚ ਆਈ। ਪੰਜਾਬ ਨੂੰ ਭਾਸ਼ਾ 'ਤੇ ਬੋਲੀ ਦੇ ਆਧਾਰ 'ਤੇ, 1966 ਈਸਵੀ ਵਿੱਚ ਫਿਰ ਤੋਂ ਪੁਨਗਠਿਤ ਕੀਤਾ ਗਿਆ। ਇਸ ਤਹਿਤ ਹਰਿਆਣਾ ਦੇ ਖੇਤਰ ਨੂੰ ਹਿੰਦੀ ਭਾਸ਼ਾਈ ਮੰਨ ਕੇ ਇਕ ਨਵੇਂ ਸੂਬੇ ਹਰਿਆਣਾ ਵਿੱਚ ਗਠਿਤ ਕਰ ਦਿੱਤਾ ਗਿਆ ਸੀ। ਪੰਜਾਬ ਦੇ ਪਹਾੜੀ ਇਲਾਕਿਆਂ ਨੂੰ ਹਿੰਦੀ ਭਾਸ਼ਾਈ ਮੰਨ ਕੇ ਹਿਮਾਚਲ ਪ੍ਰਦੇਸ਼ ਵਿੱਚ ਮਿਲਾ ਦਿੱਤਾ ਗਿਆ ਸੀ। ਇਸ ਤਰ੍ਹਾਂ ਪੰਜਾਬੀ ਬੋਲੀ ਬੋਲੇ ਜਾਣ ਵਾਲਾ ਜਿਹੜਾ ਖੇਤਰ ਬਚਿਆ ਸੀ ਉਸ ਨੂੰ ਪੰਜਾਬੀ ਸੂਬਾ ਕਹਿ ਕੇ ਗਠਿਤ ਕੀਤਾ ਗਿਆ ਸੀ। ਇਸ ਵਿੱਚ ਸਿੱਖਾਂ ਦੀ ਠੋਸ ਬਹੁ-ਗਿਣਤੀ ਹੋ ਗਈ ਸੀ। ਪਰ ਨਾ ਪੰਜਾਬ ਦੀ ਤੇ ਨਾ ਹਰਿਆਣਾ ਦੀ ਕੋਈ ਅਲੱਗ ਅਲੱਗ ਰਾਜਧਾਨੀ ਰੱਖੀ ਗਈ ਸੀ। ਚੰਡੀਗੜ੍ਹ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਕੇ ਦੋ ਰਾਜਾਂ ਦੀ ਸਾਂਝੀ ਰਾਜਧਾਨੀ ਬਣਾ ਦਿੱਤਾ ਗਿਆ ਸੀ।

ਨਵਾਂ ਪੰਜਾਬ (ਪੰਜਾਬੀ ਸੂਬਾ) ਸਿਰਫ਼ ਪੰਜਾਹ ਹਜ਼ਾਰ ਵਰਗ ਕਿਲੋਮੀਟਰ ਤੋਂ ਕੁੱਝ ਵੱਧ ਖੇਤਰਫ਼ਲ ਰੱਖਦਾ ਹੈ। ਇਸ ਵਿੱਚੋਂ ਇਕੱਲੇ ਮਾਲਵਾ ਦਾ ਖੇਤਰਫ਼ਲ ਬੱਤੀ ਹਜ਼ਾਰ ਅੱਠ ਸੌ ਅੱਠ ਵਰਗ ਕਿਲੋਮੀਟਰ ਦਾ ਹੈ। ਇਸ ਤਰ੍ਹਾਂ ਮਾਲਵਾ ਦਾ ਖੇਤਰਫ਼ਲ ਨਵੇਂ ਪੰਜਾਬ ਦਾ 65 ਫੀਸਦੀ ਹਿੱਸਾ ਹੈ। ਵਸੋਂ ਦੇ ਲਿਹਾਜ਼ ਨਾਲ

ਮਾਲਵਾ ਵਿੱਚ ਪੰਜਾਬ ਦੀ ਕੁੱਲ ਵਸੋਂ ਦਾ ਤਕਰੀਬਨ 58-59 ਫੀਸਦੀ ਦਾ ਹਿੱਸਾ ਹੈ।[46] ਪੰਜਾਬ ਦੀਆਂ ਕੁੱਲ ਤੇਰਾਂ ਲੋਕ-ਸਭਾਈ ਸੀਟਾਂ ਵਿੱਚੋਂ ਮਾਲਵਾ ਵਿੱਚ ਅੱਠ ਸੀਟਾਂ ਹਨ। ਇਸ ਤਰ੍ਹਾਂ ਵਿਧਾਨ ਸਭਾ ਦੀਆਂ ਕੁੱਲ 117 ਸੀਟਾਂ ਵਿੱਚੋਂ ਮਾਲਵਾ ਵਿੱਚ 72 ਸੀਟਾਂ ਹਨ। ਅੱਜ ਦਾ ਮਾਲਵਾ ਅਨਾਜ ਦਾ ਪੂਰਾ ਭੰਡਾਰ ਹੈ। ਕਪਾਹ ਅਤੇ ਨਰਮੇ ਦਾ ਘਰ ਹੈ। ਅੱਜ ਦੇ ਮਾਲਵਾ ਵਿੱਚ ਕਿਤੇ ਵੀ ਦੇਖਣ ਲਈ ਕੋਈ ਰੇਤੇ ਦਾ ਟਿੱਬਾ ਨਹੀਂ ਹੈ। ਅੱਜ ਮਾਲਵਾ ਦੀ ਸਾਰੀ ਜ਼ਮੀਨ ਪੱਧਰ ਕੀਤੀ ਜਾ ਚੁੱਕੀ ਹੈ। ਜੀਰੀ ਦੀ ਫਸਲ ਜਿਸ ਨੂੰ ਕਦੇ ਰੇਤੇ ਦੇ ਟਿੱਬਿਆਂ ਵਿੱਚ ਬੀਜਣਾ ਕੋਈ ਸੋਚ ਨਹੀਂ ਸਕਦਾ ਸੀ ਉਹ ਮਾਲਵਾ ਦੀ ਨੰਬਰ ਇੱਕ ਫਸਲ ਬਣ ਚੁੱਕੀ ਹੈ। ਮਾਲਵਾ ਦਾ ਕਿਸਾਨ ਇਕੱਲੇ ਮਾਲਵਾ ਦਾ ਕਿਸਾਨ ਨਹੀਂ ਹੈ ਇੱਥੇ ਪੱਛਮੀ ਪੰਜਾਬ ਦੇ ਹਰ ਭਾਗ (ਦੁਆਬ) ਦਾ ਕਿਸਾਨ ਆ ਕੇ ਰਹਿਣ ਲੱਗ ਪਿਆ ਹੈ। ਇਨ੍ਹਾਂ ਸਭ ਨੇ ਇਕ-ਦੂਜੇ ਦੇ ਸਹਿਯੋਗ ਨਾਲ ਖੇਤੀ ਨੂੰ ਅਜਿਹੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ ਹੈ ਕਿ ਇੱਥੋਂ ਦੀ ਖੇਤੀ-ਉਪਜ ਅਮਰੀਕਾ ਅਤੇ ਕੈਨੇਡਾ ਦੀ ਖੇਤੀ-ਉਪਜ ਦੇ ਬਰਾਬਰ ਹੋਣ ਦੀਆਂ ਗੱਲਾਂ ਕਰ ਸਕਦੀ ਹੈ। ਇਸ ਵਿੱਚ ਕਿਸਾਨਾ ਦੀ ਮਿਹਨਤ, ਲਗਨ ਅਤੇ ਗੰਭੀਰਤਾ ਤਾਂ ਹੈ ਪਰ ਇਸ ਵਿੱਚ ਪੰਜਾਬ ਸਰਕਾਰ ਦਾ ਬਹੁਤ ਵੱਡਾ ਯੋਗਦਾਨ ਹੈ। ਨਹਿਰਾਂ ਦਾ, ਸੂਇਆਂ (ਰਾਜਬਾਹਿਆਂ) ਦਾ, ਕੱਸੀਆਂ ਦਾ ਅਤੇ ਪੱਕੇ ਖਾਲ੍ਹਾਂ ਦਾ ਮਾਲਵਾ ਵਿੱਚ ਜਾਲ ਵਿਛਿਆ ਪਿਆ ਹੈ। ਮਾਲਵਾ ਦੇ ਹਰ ਘਰ ਵਿੱਚ, ਹਰ ਖੇਤ ਵਿੱਚ ਬਿਜਲੀ ਜਗਮਗਾ ਰਹੀ ਹੈ। ਕਿਸਾਨ ਦੀ ਖੇਤੀ ਲਈ ਟਿਊਬਵੈੱਲ ਵਾਸਤੇ ਬਿਜਲੀ ਮੁਫ਼ਤ ਸਪਲਾਈ ਕੀਤੀ ਜਾਂਦੀ ਹੈ। ਮਾਲਵਾ ਦੇ ਅੰਦਾਜ਼ਨ ਪੰਜਾਹ ਫੀਸਦੀ ਕਿਸਾਨਾ ਕੋਲ ਆਪਣੀ ਮਸ਼ੀਨਰੀ ਹੈ। ਸਾਰੀ ਖੇਤੀਬਾੜੀ ਦਾ ਮਸ਼ੀਨੀਕਰਨ ਹੋ ਚੁੱਕਿਆ ਹੈ।

46 Harbans Singh (Chief Editor), *Encyclopaedia of Sikhism*, Vol. III, p. 30.

# ਅਧਿਆਇ-ਦੂਜਾ

# ਸਿੱਖ ਧਰਮ ਦੀ ਉਤਪਤੀ ਅਤੇ ਮੁੱਢਲਾ ਇਤਿਹਾਸਕ ਵਿਕਾਸ

# (1469-1606 ਈਸਵੀ)

ਸਿੱਖ ਧਰਮ ਦੀ ਉਤਪਤੀ ਗੁਰੂ ਨਾਨਕ ਦੇਵ ਦੇ ਜਨਮ ਨਾਲ ਸ਼ੁਰੂ ਹੋਈ ਅਤੇ ਇਸ ਦਾ ਵਿਕਾਸ ਉਹਨਾਂ ਦੇ ਨੌ ਉੱਤਰਾਧਿਕਾਰੀਆਂ ਦੇ ਪਰਚਾਰ ਅਤੇ ਪਰਸਾਰ ਨਾਲ ਹੋਇਆ। ਇਹ ਸਾਰਾ ਸਮਾਂ 1469 ਈਸਵੀ ਤੋਂ ਲੈ ਕੇ 1708 ਈਸਵੀ ਤੱਕ ਦਾ ਸੀ। ਗਿਣਤੀ ਦੇ ਪੱਖੋਂ ਇਹ ਕੁੱਲ 239 ਸਾਲ ਬਣਦੇ ਹਨ। ਇਹਨਾਂ 239 ਸਾਲਾਂ ਦੇ ਸਮੇਂ ਵਿੱਚ ਸਿੱਖ ਧਰਮ ਪੂਰੀ ਤਰ੍ਹਾਂ ਵਿਕਸਤ ਹੋ ਕੇ ਵਿਸ਼ਵ ਦੇ ਧਰਮਾਂ ਵਿੱਚ ਆਪਣੀ ਇੱਕ ਵਿਸ਼ੇਸ਼ ਅਤੇ ਨਿਵੇਕਲੀ ਥਾਂ ਬਣਾ ਚੁੱਕਿਆ ਸੀ। ਇਸ ਸਮੇਂ ਦੌਰਾਨ ਸਿੱਖ ਧਰਮ ਕੋਲ ਇਸ ਦੀ ਵਿਚਾਰਧਾਰਾ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ, ਪ੍ਰਬੰਧਕੀ ਢਾਂਚਾ ਅਤੇ ਵੱਖਰੀ ਪਹਿਚਾਣ ਸਥਾਪਿਤ ਹੋ ਚੁੱਕੀ ਸੀ। ਇਸ ਸਮੇਂ ਦੌਰਾਨ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਸਾਰੇ ਗੁਰੂਆਂ ਨੇ ਸਮਾਜ ਪ੍ਰਤੀ, ਆਪਣੀ ਪ੍ਰਤੀਬੱਧਤਾ ਪੂਰੀ ਤਰ੍ਹਾਂ ਨਿਭਾਈ ਸੀ। ਸਾਰੇ ਗੁਰੂਆਂ  ਨੇ ਆਮ ਲੋਕਾਂ ਦੇ ਦੁੱਖ-ਸੁੱਖ ਵਿੱਚ ਉਹਨਾਂ ਦਾ ਸਾਥ ਦਿੱਤਾ, ਸ਼ਹਾਦਤਾਂ ਦਿੱਤੀਆਂ ਅਤੇ ਲੋੜ ਪੈਣ ਤੇ ਹਥਿਆਰਬੰਦ ਟੱਕਰ ਲਈ। ਇਸ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਅਤੇ ਆਮ ਲੋਕਾਂ ਦਾ ਆਪਸੀ ਰਿਸ਼ਤਾ ਪੱਕਾ ਹੋਇਆ ਅਤੇ ਆਪਸੀ ਵਿਸ਼ਵਾਸ ਬਣਿਆ। ਨਤੀਜਾ ਇਹ ਹੋਇਆ ਕਿ ਆਪਣੇ 239 ਸਾਲਾਂ ਦੇ ਸਫ਼ਰ ਵਿੱਚ ਸਿੱਖ ਧਰਮ ਵਿਸ਼ਵ ਦੇ ਪੰਜ ਵੱਡੇ ਧਰਮਾਂ ਵਿੱਚ ਆਪਣੀ ਵਿਸ਼ੇਸ਼ ਥਾਂ ਬਣਾ ਕੇ ਸਥਾਪਿਤ ਹੋ ਚੁੱਕਿਆ ਸੀ। ਵਿਸ਼ਵ ਦੇ ਪੰਜ ਵੱਡੇ ਅਤੇ ਯੁੱਗਾਂ ਤੋਂ ਸਥਾਪਿਤ ਹੋਏ ਇਹ ਧਰਮ ਸਨ: ਹਿੰਦੂ ਧਰਮ, ਈਸਾਈ ਧਰਮ, ਯਹੂਦੀ ਧਰਮ ਅਤੇ ਇਸਲਾਮ। ਹਿੰਦੁਸਤਾਨ ਅਤੇ ਏਸ਼ੀਆਂ ਭਰ ਵਿੱਚ ਬੁੱਧ ਧਰਮ ਇੱਕ ਵਾਰ ਬਹੁਤ ਵੱਡੇ ਧਰਮ ਦੇ ਰੂਪ ਵਿੱਚ ਸਥਾਪਿਤ ਹੋ ਚੁੱਕਿਆ ਸੀ ਪਰ ਸਿੱਖ ਧਰਮ ਦੀ ਉਤਪਤੀ ਅਤੇ ਵਿਕਾਸ ਦੇ ਸਮੇਂ ਇਹ ਆਪਣੀ ਵੱਖਰੀ ਪਹਿਚਾਣ ਗੁਆ ਕੇ ਹਿੰਦੂ ਧਰਮ ਦੇ ਨਾਲ ਮਿਲ-ਜੁਲ ਗਿਆ ਸੀ। ਹਿੰਦੂ ਧਰਮ ਨੂੰ ਇੱਕ ਧਰਮ ਕਹਿਣਾ ਕੁਝ ਤਰਕ-ਸੰਗਤ ਨਹੀਂ ਜਾਪਦਾ ਕਿਉਂਕਿ ਧਰਮ ਨਾਲੋਂ ਹਿੰਦੂ, ਸੱਭਿਅਤਾ ਅਤੇ ਸੱਭਿਆਚਾਰ ਜ਼ਿਆਦਾ ਹੈ। ਸ਼ੇਰ ਸਿੰਘ ਨੇ ਇਸ ਬਾਰੇ ਲਿਖਦਿਆਂ ਕਿਹਾ ਹੈ, "ਹਿੰਦੂ ਧਰਮ ਦਾ ਕੋਈ ਦੇਹਧਾਰੀ ਬਾਨੀ ਨਹੀਂ। ਇਸ ਨੂੰ ਧਰਮਾਂ ਦਾ ਇੱਕ ਇਕੱਠ ਜਾਂ ਧਰਮ-ਭੰਡਾਰ ਕਹਿ ਲਵੋ ਪਰ ਇਹ ਇੱਕ ਧਰਮ ਨਹੀਂ ਹੈ। ਹਿੰਦੂ ਪਦ ਇੱਕ ਬੜਾ ਖੁੱਲ੍ਹਾ ਪਦ ਹੈ ਤੇ ਇਸ ਨੇ ਕਈ ਮੱਤਾਂ-

ਮਤਾਂਤਰਾਂ ਦੀ ਖਿਚੜੀ ਨੂੰ ਅਪਣਾਇਆ ਹੋਇਆ ਹੈ, ਇੱਕ ਸਮਾਜਿਕ ਢਾਂਚੇ ਵਿੱਚ ਇਹ ਕਈ ਧਰਮਾਂ ਦਾ ਮਿਲਗੋਭਾ ਹੈ।"[1] ਇਸ ਸੱਭਿਅਤਾ ਅਤੇ ਸੱਭਿਆਚਾਰ ਵਿੱਚ ਅਨੇਕਾਂ ਧਰਮ ਸਮਾਏ ਹੋਏ ਹਨ। ਬੁੱਧ ਧਰਮ ਵਾਂਗ ਜੈਨ ਧਰਮ ਹਿੰਦੂ ਸਮਾਜ ਵਿੱਚ ਸਮਾ ਗਿਆ ਹੈ। ਪਰ ਸਿੱਖ ਧਰਮ ਨੇ ਅਜੇ ਤੱਕ ਹਿੰਦੂ ਧਰਮ ਅਤੇ ਸਮਾਜ ਨਾਲੋਂ ਆਪਣੀ ਵੱਖਰੀ ਪਹਿਚਾਣ (ਸਰੀਰਕ ਅਤੇ ਧਾਰਮਿਕ) ਬਣਾ ਕੇ ਰੱਖੀ ਹੋਈ ਹੈ। ਸਿੱਖ ਧਰਮ ਦੀ ਉਤਪਤੀ ਅਤੇ ਵਿਕਾਸ ਦਾ ਸੰਖੇਪ ਵਰਨਣ ਦਿੱਤਾ ਜਾ ਰਿਹਾ ਹੈ।

ਗੁਰੂ ਨਾਨਕ ਦੇਵ ਦੇ ਜਨਮ ਬਾਰੇ ਭਾਵੇਂ ਦੋ ਵਿਚਾਰ ਵਿਵਾਦਤ ਰੂਪ ਵਿੱਚ ਚਲੇ ਆ ਰਹੇ ਹਨ। ਲਿਖਤੀ ਰੂਪ ਵਿੱਚ ਗੁਰੂ ਨਾਨਕ ਦੇਵ ਦਾ ਜਨਮ ਦਿਨ ਵਿਸਾਖ ਸੁਦੀ ਤੀਜ ਸੰਮਤ 1526 ਬਿਕਰਮੀ ਮੁਤਾਬਕ 15 ਅਪ੍ਰੈਲ, 1469 ਈਸਵੀ ਦਾ ਮੰਨਿਆ ਜਾ ਰਿਹਾ ਹੈ। ਇਸ ਦਿਨ ਨੂੰ ਸਮੂਹ ਸਿੱਖ ਜਗਤ ਵੱਲੋਂ ਗੁਰੂ ਸਾਹਿਬ ਦੇ ਜਨਮ ਦਿਨ ਦੇ ਰੂਪ ਵਿੱਚ ਕੱਤਕ ਸੁਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਆ ਰਿਹਾ ਹੈ। ਇਸ ਤਰ੍ਹਾਂ ਵਿਸ਼ਵਾਸ ਅਤੇ ਪਰੰਪਰਾ ਅਨੁਸਾਰ ਗੁਰੂ ਸਾਹਿਬ ਦਾ ਜਨਮ ਦਿਨ ਕੱਤਕ ਦੀ ਪੂਰਨਮਾਸ਼ੀ, ਸੰਮਤ 1526 ਬਿਕਰਮੀ ਦਾ ਹੈ। ਕੱਤਕ ਦੀ ਪੂਰਨਮਾਸ਼ੀ ਦਾ ਸਬੰਧ ਈਸਵੀ ਦੇ ਕਿਸੇ ਵੀ ਮਹੀਨੇ ਅਤੇ ਮਿਤੀ ਨਾਲ ਨਹੀਂ ਹੈ। ਇਹ ਕਦੇ ਅਕਤੂਬਰ ਦੇ ਮਹੀਨੇ ਵਿੱਚ ਆ ਸਕਦੀ ਹੈ ਅਤੇ ਕਦੇ ਨਵੰਬਰ ਦੇ ਮਹੀਨੇ ਵਿੱਚ।[2]

ਗੁਰੂ ਨਾਨਕ ਦੇਵ ਦਾ ਜਨਮ ਰਾਇ ਭੋਇੰ ਤਲਵੰਡੀ ਵਿਖੇ ਪਿਤਾ ਮਹਿਤਾ ਕਾਲੂ ਦੇ ਘਰ ਮਾਤਾ ਤ੍ਰਿਪਤਾ ਦੀ ਪਵਿੱਤਰ ਕੁੱਖੋਂ ਹੋਇਆ ਸੀ। ਗੁਰੂ ਸਾਹਿਬ ਦੀ ਵੱਡੀ ਭੈਣ ਬੀਬੀ ਨਾਨਕੀ ਸਨ। ਤਲਵੰਡੀ ਰਾਇ ਭੋਇ, ਗੁਰੂ ਸਾਹਿਬ ਦੇ ਜਨਮ ਸਮੇਂ ਉੱਥੋਂ ਦੇ ਜਾਗੀਰਦਾਰ ਰਾਏ ਬੁਲਾਰ ਦੀ ਚੌਧਰ ਵਾਲਾ ਪਿੰਡ ਸੀ। ਗੁਰੂ ਸਾਹਿਬ ਦੇ ਪਿਤਾ ਮਹਿਤਾ ਕਾਲੂ ਰਾਏ ਬੁਲਾਰ ਦੇ ਮਾਲ ਵਿਭਾਗ ਵਿੱਚ ਪਟਵਾਰੀ ਦੇ ਅਹੁਦੇ 'ਤੇ ਸਨ। ਇਸ ਕਰਕੇ ਮਹਿਤਾ ਕਾਲੂ ਦਾ ਪਰਿਵਾਰ ਮਾਇਕ ਸਥਿਤੀ ਵਜੋਂ ਇੱਕ ਅਮੀਰ ਪਰਿਵਾਰ ਅਤੇ ਬੇਦੀ ਖੱਤਰੀ ਸਨ। ਰਾਇ ਭੋਇ ਦੀ ਤਲਵੰਡੀ ਇੱਕ ਸਧਾਰਨ ਪਿੰਡ ਸੀ ਪਰ ਇੱਥੇ ਮੁੱਢਲੀ ਪੜ੍ਹਾਈ ਕਰਵਾਉਣ ਲਈ ਪਾਂਧੇ ਅਤੇ

1 ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਅੰਮ੍ਰਿਤਸਰ, 2010, ਪੰਨੇ 115-131.

2 ਕੱਤਕ ਦੀ ਪੂਰਨਮਾਸੀ ਦਾ ਜਨਮ ਦਿਨ ਦਰਸਾਉਣ ਵਾਲੀਆਂ ਲਿਖਤਾਂ ਮੁੱਖ ਰੂਪ ਵਿੱਚ *ਭਾਈ ਬਾਲੇਵਾਲੀ ਜਨਮਸਾਖੀ*, *ਭਾਈ ਸੰਤ ਦਾਸ ਛਿੱਬਰ ਵਾਲੀ ਜਨਮਸਾਖੀ*, ਕੇਸਰ ਸਿੰਘ ਛਿੱਬਰ ਦਾ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ* ਦਾ ਹੈ। ਜਦੋਂ ਕਿ ਵਿਸਾਖ ਸੁਦੀ ਤੀਜ ਦੇ ਜਨਮ ਦਿਨ ਦੀ ਜਾਣਕਾਰੀ ਦੇਣ ਵਾਲੀਆਂ ਲਿਖਤਾਂ *ਮਿਹਰਵਾਨ ਵਾਲੀ ਜਨਮਸਾਖੀ ਪੁਰਾਤਨ ਜਨਮਸਾਖੀ*, ਸਰੂਪ ਦਾਸ ਭੱਲਾ *ਮਹਿਮਾ ਪ੍ਰਕਾਸ਼* ਹੈ। ਈਸ਼ਰ ਸਿੰਘ ਨਾਰਾ, *ਵਿਸਾਖ ਨਹੀਂ ਕੱਤਕ*, ਨਵੀਂ ਦਿੱਲੀ, 1970.

ਮੌਲਵੀਆਂ ਦਾ ਪ੍ਰਬੰਧ ਸੀ। ਪਰੰਪਰਾਵਾਂ ਅਨੁਸਾਰ ਬਾਲ ਨਾਨਕ ਨੇ ਪਾਂਧੇ ਅਤੇ ਮੌਲਵੀਆਂ ਤੋਂ ਅਜਿਹੇ ਸਵਾਲ ਪੁੱਛੇ ਸਨ ਜਿਹੜੇ ਸਧਾਰਨ ਵਿਦਿਆਰਥੀਆਂ (ਬੱਚਿਆਂ) ਕੋਲੋਂ ਉਮੀਦੇ ਨਹੀਂ ਜਾ ਸਕਦੇ ਸਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਬਾਲ ਨਾਨਕ ਬਚਪਨ ਤੋਂ ਹੀ ਬਹੁਤ ਹੁਸ਼ਿਆਰ ਅਤੇ ਤੀਖਣ-ਬੁੱਧੀ ਵਾਲੇ ਵਿਦਿਆਰਥੀ ਸਨ। ਬਾਲ ਨਾਨਕ ਨੇ ਆਪਣੀ ਉਮਰ ਦੇ ਪਹਿਲੇ 17-18 ਸਾਲ ਤਲਵੰਡੀ ਰਾਏ ਭੋਇ ਵਿਖੇ ਗੁਜ਼ਾਰੇ ਸਨ। ਇਸ ਉਮਰ ਤੱਕ ਨਾਨਕ ਦੇ ਨਾਮ ਦੀ, ਤਲਵੰਡੀ ਰਾਏ ਭੋਇ ਦੇ ਆਲੇ-ਦੁਆਲੇ ਦੇ ਇਲਾਕੇ (ਪਿੰਡਾਂ) ਵਿੱਚ ਪ੍ਰਸਿੱਧੀ ਹੋ ਚੁੱਕੀ ਸੀ।

ਰਵਾਇਤਾਂ ਅਨੁਸਾਰ ਬਾਲ ਨਾਨਕ ਆਪਣੇ ਬਚਪਨ ਦੇ ਸਾਥੀਆਂ ਨਾਲ ਖੇਡਣ ਸਮੇਂ ਵੀ ਬੜੀਆਂ ਅਦਭੁਤ ਅਤੇ ਹੈਰਾਨ ਕਰਨ ਵਾਲੀਆਂ ਗੱਲਾਂ ਕਰਦੇ ਸਨ। ਆਏ-ਗਏ ਸੰਤਾਂ-ਸਾਧੂਆਂ ਨਾਲ ਗੰਭੀਰ ਗੱਲਾਂ ਬਾਤਾਂ ਕਰਦੇ ਸਨ। ਜਦੋਂ ਕਿਤੇ ਪਿਤਾ ਕਾਲੂ ਬਾਲ ਨਾਨਕ ਨੂੰ ਖੇਤੀ ਦੇ ਕੰਮਾਂ ਵਿੱਚ ਕੰਮ ਕਰਨ ਲਈ ਭੇਜਦੇ ਸਨ ਤਾਂ ਉੱਥੇ ਵੀ ਅਦਭੁਤ ਗੱਲਾਂ ਕਰਦੇ ਸਨ ਜਿਵੇਂ ਕਿ ਮੱਝੀਆਂ ਚਰਾਉਣ ਸਮੇਂ ਮੱਝਾਂ ਵੱਲੋਂ ਫਸਲਾਂ ਦੇ ਉਜਾੜੇ ਦੀਆਂ ਗੱਲਾਂ ਹੋਣੀਆਂ ਅਤੇ ਪੜਤਾਲ ਕਰਨ ਸਮੇਂ ਉਜਾੜਾ ਦਿਖਾਈ ਨਾ ਦੇਣਾ; ਬਾਹਰ ਖੇਤਾਂ ਵਿੱਚ ਦਰੱਖਤਾਂ ਦੀ ਛਾਂ ਹੇਠ ਸੌਂ ਜਾਣਾ ਤੇ ਫਿਰ ਦਰੱਖਤ ਦੀ ਛਾਂ ਦਾ ਇੱਕੋ ਥਾਂ ਠਹਿਰਣਾ, ਜਾਂ ਸੱਪ ਵੱਲੋਂ ਬਾਲ ਨਾਨਕ ਦੇ ਚਿਹਰੇ ਉਪਰ ਆਪਣਾ ਫਣ ਫੈਲਾ ਕਿ ਛਾਂ ਕਰਨਾ, ਆਦਿ ਗੱਲਾਂ ਹੋਣੀਆਂ। ਇਹ ਗੱਲਾਂ ਜਨਮਸਾਖੀਆਂ ਵਿੱਚ ਦਰਜ ਹਨ ਅਤੇ ਇਹਨਾਂ ਗੱਲਾਂ ਦੀ ਅਸਲੀਅਤ ਭਾਵੇਂ ਕੁਝ ਹੋਵੇ ਪਰ ਇਹਨਾਂ ਨਾਲ ਲੋਕਾਂ ਦਾ ਵਿਸ਼ਵਾਸ਼ ਜੁੜਿਆ ਹੋਇਆ ਹੈ ਅਤੇ ਇਹ ਗੱਲਾਂ ਬਾਲ ਨਾਨਕ ਦੀ ਵਡਿਆਈ ਵਿੱਚ ਵਾਧਾ ਕਰਨ ਵਾਲੀਆਂ ਹਨ।

ਤਲਵੰਡੀ ਰਾਇ ਭੋਇ ਵਿੱਚ ਰਹਿੰਦਿਆਂ ਬਾਲ ਨਾਨਕ ਦੀ ਪ੍ਰਸਿੱਧੀ ਸਾਰੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਫੈਲ ਗਈ ਸੀ। ਇਸ ਪ੍ਰਸਿੱਧੀ ਵਿੱਚ ਬੇਬੇ ਨਾਨਕੀ ਅਤੇ ਰਾਏ ਬੁਲਾਰ ਦਾ ਬਹੁਤ ਵੱਡਾ ਯੋਗਦਾਨ ਸੀ। ਇਹ ਦੋਵੇਂ ਸ਼ਖਸੀਅਤਾਂ ਬਾਲ ਨਾਨਕ ਦੀ ਸੋਚ ਅਤੇ ਕਾਰਜਾਂ ਨੂੰ ਸਮਝਦੀਆਂ ਸਨ। ਇਸ ਕਰਕੇ ਇਹ ਬਾਲ ਨਾਨਕ ਦੇ ਹੱਕ ਦੀ ਗੱਲ ਕਰਦੇ ਸਨ। ਰਾਇ ਬੁਲਾਰ ਵੱਡੀ ਉਮਰ ਦੇ ਬਜ਼ੁਰਗ ਅਤੇ ਪਿੰਡ ਦੇ ਚੌਧਰੀ ਹੋਣ ਦੇ ਬਾਵਜੂਦ, ਬਾਲ ਨਾਨਕ ਦੇ ਸ਼ੁਭਚਿੰਤਕ ਅਤੇ ਸ਼ਰਧਾਲੂ ਸਨ। ਬਾਲ ਨਾਨਕ ਨੂੰ ਪਿਤਾ ਕਾਲੂ ਵੱਲੋਂ ਵੀਹ ਰੁਪਏ ਦੇ ਕੇ ਖਰਾ ਸੌਦਾ ਕਰਨ ਲਈ ਭੇਜਿਆ ਗਿਆ ਸੀ। ਪਿਤਾ ਕਾਲੂ ਦੀ ਖਰਾ ਸੌਦਾ ਕਰਨ ਦੀ ਸੋਚ ਦਾ ਮਤਲਬ ਸੀ ਬਾਲ ਨਾਨਕ ਕੋਈ ਅਜਿਹਾ ਸੌਦਾ ਕਰੇ ਜਿਸ ਤੋਂ ਕਾਫੀ ਤਕੜਾ ਮੁਨਾਫ਼ਾ ਹੋਵੇ। ਪਿਤਾ ਕਾਲੂ ਤਕੜੇ

ਮੁਨਾਫ਼ੇ ਨੂੰ ਖਰਾ ਸੌਦਾ ਸਮਝਦੇ ਸਨ। ਪਰ ਬਾਲ ਨਾਨਕ ਭੁੱਖਿਆਂ ਲੋਕਾਂ ਨੂੰ ਭੋਜਨ ਛਕਾਉਣ ਦੀ ਗੱਲ ਵਿੱਚ ਖਰਾ ਸੌਦਾ ਸਮਝਦੇ ਸਨ। ਇਸ ਲਈ ਬਾਲ ਨਾਨਕ ਨੇ ਆਪਣੀ ਸੋਚ ਨੂੰ ਸਹੀ ਮੰਨਦੇ ਹੋਏ ਵੀਹ ਰੁਪਏ ਦੀਆਂ ਭੋਜਨ ਵਾਲੀਆਂ ਵਸਤਾਂ ਖਰੀਦ ਕੇ, ਭੁੱਖੇ ਸਾਧੂਆਂ ਨੂੰ ਭੋਜਨ ਛਕਾ ਦਿੱਤਾ ਸੀ। ਸ਼ਾਇਦ ਪਿਤਾ ਕਾਲੂ ਬਾਲ ਨਾਨਕ ਦੀ ਇਸ ਕਾਰਵਾਈ ਨੂੰ ਨਹੀਂ ਸਮਝਦੇ ਸਨ। ਪਰ ਬੀਬੀ ਨਾਨਕੀ, ਰਾਇ ਬੁਲਾਰ ਅਤੇ ਬਾਲ ਨਾਨਕ ਨਾਲ ਖਰਾ ਸੌਦਾ ਕਰਨ ਲਈ ਭੇਜੇ ਗਏ ਭਾਈ ਬਾਲਾ, ਬਾਲ ਨਾਨਕ ਦੀ ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝਦੇ ਸਨ।[3] ਬਾਲ ਨਾਨਕ ਦੀ ਇਹ ਖਰਾ ਸੌਦਾ ਕਰਨ ਵਾਲੀ ਗੱਲ ਹੀ ਅੱਗੇ ਚੱਲ ਕੇ ਲੰਗਰ ਦੀ ਪਰੰਪਰਾ ਸ਼ੁਰੂ ਕਰਨ ਵਿੱਚ ਸਾਹਮਣੇ ਆਈ ਸੀ।

ਗੁਰੂ ਨਾਨਕ ਦੇਵ ਦੇ ਮੁੱਢਲੇ ਜੀਵਨ ਵਿੱਚ ਇੱਕ ਨਵਾਂ ਮੋੜ ਉਸ ਸਮੇਂ ਆਇਆ ਜਦੋਂ ਉਹ ਆਪਣੀ ਭੈਣ ਨਾਨਕੀ ਦੇ ਸਹੁਰੇ ਘਰ ਸੁਲਤਾਨਪੁਰ ਲੋਧੀ ਵਿਖੇ ਆਏ ਸਨ। ਗੁਰੂ ਨਾਨਕ ਸੁਲਤਾਨਪੁਰ ਲੋਧੀ ਵਿਖੇ ਕਿਹੜੇ ਸਾਲ ਜਾਂ ਕਿਸ ਉਮਰ ਵਿੱਚ ਆਏ ਸਨ ਇਸ ਬਾਰੇ ਸਹੀ ਗੱਲ ਕਹਿਣੀ ਮੁਸ਼ਕਿਲ ਹੈ। ਅੰਦਾਜ਼ਾ ਹੈ ਕਿ ਉਹ ਅਠਾਰਾਂ ਸਾਲ ਦੀ ਉਮਰ ਦੇ ਨੇੜੇ-ਤੇੜੇ ਸੁਲਤਾਨਪੁਰ ਲੋਧੀ ਵਿਖੇ ਆ ਗਏ ਸਨ। ਸੁਲਤਾਨਪੁਰ ਲੋਧੀ ਦੌਲਤ ਖਾਂ ਲੋਧੀ ਦੀ ਜਾਗੀਰ ਦਾ ਕੇਂਦਰੀ ਸ਼ਹਿਰ ਸੀ ਅਤੇ ਉਹ ਜਲੰਧਰ-ਦੁਆਬ ਦਾ ਫ਼ੌਜਦਾਰ ਸੀ। ਬੀਬੀ ਨਾਨਕੀ ਦਾ ਪਤੀ ਜੈ ਰਾਮ ਦੌਲਤ ਖਾਂ ਲੋਧੀ ਦੇ ਮਾਲ ਵਿਭਾਗ ਵਿੱਚ ਆਮਿਲ ਸੀ। ਆਮਿਲ ਮਾਲ ਵਿਭਾਗ ਦਾ ਇੱਕ ਉੱਚਤਮ ਅਹੁਦਾ ਸੀ। ਜਦੋਂ ਗੁਰੂ ਨਾਨਕ ਸੁਲਤਾਨਪੁਰ ਲੋਧੀ ਵਿਖੇ ਗਏ ਸਨ ਤਾਂ ਜੈ ਰਾਮ ਨੇ ਉਹਨਾਂ ਦੀ ਵਿੱਦਿਅਕ ਯੋਗਤਾ ਨੂੰ ਅਤੇ ਤੀਖਣ ਸਮਝ-ਸੂਝ ਨੂੰ ਦੇਖਦੇ ਹੋਏ, ਦੌਲਤ ਖਾਂ ਲੋਧੀ ਅੱਗੇ ਪੇਸ਼ ਕੀਤਾ ਅਤੇ ਮਾਲ ਵਿਭਾਗ ਵਿੱਚ ਕਿਸੇ ਤਰ੍ਹਾਂ ਦੀ ਨੌਕਰੀ ਦੇਣ ਲਈ ਕਿਹਾ। ਦੌਲਤ ਖਾਂ ਲੋਧੀ ਨੌਜਵਾਨ ਨਾਨਕ ਨਾਲ ਸਵਾਲ-ਜਵਾਬ ਕਰਕੇ ਸਮਝ ਗਿਆ ਸੀ ਕਿ ਇਹ ਨੌਜਵਾਨ ਬਹੁਤ ਤੀਖਣ ਬੁੱਧੀ ਦਾ ਮਾਲਕ

---

3 ਖਰਾ ਸੌਦਾ ਕਰਨ ਵਾਲੀ ਸਾਖੀ ਸਿਰਫ਼ ਭਾਈ ਬਾਲੇ ਵਾਲੀ ਜਨਮਸਾਖੀ ਵਿੱਚ ਦਿੱਤੀ ਹੋਈ ਹੈ। ਪਿੱਛੋਂ ਇਸੇ ਗੱਲ ਨੂੰ ਤਕਰੀਬਨ ਹਰ ਲੇਖਕ ਅਤੇ ਇਤਿਹਾਸਕਾਰ ਨੇ ਅਪਣਾਇਆ ਹੈ। ਇਸ ਵਿੱਚ ਭਾਈ ਬਾਲੇ ਦਾ ਨਾਂ ਹੀ ਬਾਲ ਨਾਨਕ ਦੇ ਸਾਥੀ ਦੇ ਤੌਰ 'ਤੇ ਲਿਖਿਆ ਹੋਇਆ ਹੈ। *ਭਾਈ ਬਾਲੇਵਾਲੀ ਜਨਮਸਾਖੀ*, ਸੁਰਿੰਦਰ ਸਿੰਘ ਕੋਹਲੀ (ਸੰਪਾ.), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1990, ਪੰਨੇ 58-62; ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ* (ਪੱਥਰ ਛਾਪ) ਸਿਆਲਕੋਟ, 1891, ਪੰਨੇ 59-60; ਸ਼ਰਧਾ ਰਾਮ ਫਿਲੌਰੀ, *ਸਿੱਖਾਂ ਦੇ ਰਾਜ ਦੀ ਵਿਥਿਆ*, ਪ੍ਰੈਸਬਟੇਰੀਅਨ ਮਿਸ਼ਨ, ਲੁਧਿਆਣਾ, 1868, ਪੰਨੇ 4; Malcolm, *Sketch of the Sikhs*, Satwic, Amritsar, 2007 (Reprint), pp. 22-23; S.M. Latif, *History of the Panjab*, New Delhi, 1997, p. 242; and Macaliffe, *Sikh Religion*, Vol. I, Oxford, 1909, p. 1

ਹੈ ਅਤੇ ਜ਼ਿੰਮੇਵਾਰੀ ਵਾਲੀ ਗੰਭੀਰਤਾ ਵੀ ਰੱਖਦਾ ਹੈ। ਨਾਨਕ ਨੂੰ ਮੋਦੀਖਾਨੇ ਦਾ ਮੁਖੀ ਬਣਾ ਦਿੱਤਾ ਗਿਆ ਸੀ।[4]

ਮੋਦੀਖਾਨਾ ਅੰਨ-ਭੰਡਾਰ ਕਰਨ ਵਾਲੇ ਅਤੇ ਵੰਡਣ ਵਾਲੇ ਵਿਭਾਗ ਨੂੰ ਕਿਹਾ ਜਾਂਦਾ ਸੀ। ਉਹਨਾਂ ਸਮਿਆਂ ਵਿੱਚ ਸਰਕਾਰਾਂ ਆਪਣਾ ਮੁਆਮਲਾ ਜਿਨਸ ਦੇ ਰੂਪ ਵਿੱਚ ਕਿਸਾਨਾਂ ਕੋਲੋਂ ਉਗਰਾਉਂਦੀਆਂ ਸਨ ਅਤੇ ਆਪਣੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਤਨਖਾਹਾਂ ਕਈ ਵਾਰ ਜਿਨਸ ਦੇ ਰੂਪ ਵਿੱਚ ਦੇ ਦਿੱਤੀਆਂ ਜਾਂਦੀਆਂ ਸਨ। ਮੋਦੀਖਾਨੇ ਵਿੱਚ ਕਿਸਾਨਾਂ ਕੋਲੋਂ ਮੁਆਮਲੇ ਦੇ ਵਜੋਂ, ਹਰ ਹਾੜ੍ਹੀ-ਸੌਣੀ, ਅਨਾਜ ਇਕੱਠਾ ਕੀਤਾ ਜਾਂਦਾ ਸੀ ਅਤੇ ਤਨਖਾਹਾਂ ਦੇਣ ਦੀ ਥਾਂ ਤੇ ਇਹ ਅਨਾਜ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਵੰਡਿਆ ਜਾਂਦਾ ਸੀ। ਇਹ ਕੰਮ ਸਾਰਾ ਸਾਲ ਚਲਦਾ ਰਹਿੰਦਾ ਸੀ। ਇਸ ਤੋਂ ਇਲਾਵਾ ਸਰਕਾਰ ਵੱਲੋਂ ਸੰਤਾਂ-ਸਾਧੂਆਂ ਅਤੇ ਹੋਰ ਪੀਰਾਂ-ਫ਼ਕੀਰਾਂ ਨੂੰ ਵੀ ਪੁੰਨ-ਅਰਥ ਅਨਾਜ ਵੰਡਿਆ ਜਾਂਦਾ ਸੀ। ਇਸ ਸਭ ਕੁਝ ਦਾ ਪੂਰਾ-ਪੂਰਾ ਹਿਸਾਬ-ਕਿਤਾਬ ਸਰਕਾਰੀ ਵਹੀ-ਖਾਤਿਆਂ ਵਿੱਚ ਰੱਖਿਆ ਜਾਂਦਾ ਸੀ।[5]

ਜਨਮਸਾਖੀਆਂ ਵਿੱਚ ਇਸ ਗੱਲ ਦਾ ਜ਼ਿਕਰ ਆਉਂਦਾ ਹੈ ਨਾਨਕ ਦੀਆਂ ਸ਼ਿਕਾਇਤਾਂ ਦੌਲਤ ਖਾਂ ਲੋਧੀ ਕੋਲ ਉਹਨਾਂ ਦੇ ਵਿਰੋਧੀਆਂ ਵੱਲੋਂ ਲਗਾਈਆਂ ਗਈਆਂ ਸਨ। ਇਹਨਾਂ ਸ਼ਿਕਾਇਤਾਂ ਦੀ ਪੜਤਾਲ ਵੀ ਕਰਵਾਈ ਗਈ ਸੀ। ਪੜਤਾਲਾਂ ਹਰ ਵਾਰ, ਨਾ ਸਿਰਫ਼ ਠੀਕ ਨਿਕਲਦੀਆਂ ਰਹੀਆਂ ਸਗੋਂ ਨਾਨਕ ਦਾ ਮੁਨਾਫ਼ਾ ਸਰਕਾਰ ਵੱਲ ਨਿਕਲਦਾ ਰਿਹਾ ਸੀ। ਇਸ ਨਾਲ ਨਾਨਕ ਦੀ ਵਡਿਆਈ ਵਧਦੀ ਗਈ ਸੀ।[6] ਪਰ ਨਾਨਕ ਨੇ ਫੈਸਲਾ ਕਰ ਲਿਆ ਸੀ ਕਿ ਅਕਾਲ ਪੁਰਖ ਦੇ ਨਾਮ ਦੀ ਮਹਿਮਾ ਦਾ ਪਰਚਾਰ ਸਰਕਾਰੀ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਨਹੀਂ ਕੀਤਾ ਜਾ ਸਕਦਾ। ਉਹਨਾਂ ਨੇ ਇੱਕ ਦਿਨ ਸਵੇਰੇ ਮੂੰਹ-ਹਨੇਰੇ ਵੇਈਂ ਨਦੀ ਵਿੱਚ ਇਸ਼ਨਾਨ ਕਰਕੇ ਮੋਦੀਖਾਨੇ ਦੀਆਂ ਜ਼ਿੰਮੇਵਾਰੀਆਂ ਨੂੰ ਛੱਡ ਦੇਣ ਦਾ ਐਲਾਨ ਕਰ ਦਿੱਤਾ ਸੀ।[7]

---

4 ਜਨਮਸਾਖੀ ਭਾਈ ਬਾਲਾ, ਸੁਰਿੰਦਰ ਸਿੰਘ ਕੋਹਲੀ (ਸੰਪਾ.), ਪੰਨੇ 65-66; 69-70; ਅਤੇ 75-77 ਅਤੇ ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨੇ 61-62, Malcolm, *Sketch of the Sikhs*, London, 1812, p. 25 and Khazan Singh, *History of the Sikh Religion*, Patiala, 1988, p. 68.

5 ਹਰਬੰਸ ਸਿੰਘ, *ਗੁਰੂ ਨਾਨਕ ਅਤੇ ਸਿੱਖ ਧਰਮ ਦੀ ਉਤਪਤੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨੇ 64-65.

6 Malcolm, *op.cit.*, p. 27.

7 ਗੁਰੂ ਨਾਨਕ ਦੇਵ ਵੱਲੋਂ ਵੇਈ ਨਦੀ ਵਿੱਚ ਇਸ਼ਨਾਨ ਕਰਨ ਦੀ ਘਟਨਾ ਨਾਲ ਜਨਮਸਾਖੀਆਂ ਵਿੱਚ ਕਈ ਤਰ੍ਹਾਂ ਦੀਆਂ ਸਾਖੀਆਂ ਜੁੜੀਆਂ ਹੋਈਆਂ ਹਨ। ਇੱਥੇ ਸਿਰਫ਼ ਇਸ ਘਟਨਾ ਦੇ ਭਾਵ-ਅਰਥਾਂ ਨੂੰ ਹੀ ਬਿਆਨ ਕੀਤਾ ਜਾ ਰਿਹਾ ਹੈ।

ਸਮਝਿਆ ਜਾ ਸਕਦਾ ਹੈ ਕਿ ਨਦੀ ਵਿੱਚ ਇਸ਼ਨਾਨ ਕਰਨ ਤੋਂ ਬਾਅਦ, ਆਪਣੇ ਮਿਸ਼ਨ ਦਾ ਪ੍ਰਚਾਰ ਕਰਦਿਆਂ ਜੋ ਪਹਿਲਾ ਵਾਕ ਗੁਰੂ ਨਾਨਕ ਸਾਹਿਬ ਨੇ ਉਚਾਰਿਆ ਸੀ ਉਹ ਸੀ "ਨਾ ਕੋ ਹਿੰਦੂ ਨਾ ਮੁਸਲਮਾਨ।" ਇਸ ਦਾ ਭਾਵ ਇੱਥੇ ਨਾ ਹਿੰਦੂ ਆਪਣੇ ਸੱਚ ਦੇ ਮਾਰਗ ਤੇ ਚੱਲ ਰਿਹਾ ਹੈ ਤੇ ਨਾ ਮੁਸਲਮਾਨ। ਇਸ ਗੱਲ ਤੇ ਬਹਿਸ ਹੋਈ ਹੋਵੇਗੀ। ਆਖਰਕਾਰ ਸੁਲਤਾਨਪੁਰ ਲੋਧੀ ਦੇ ਕਾਜ਼ੀ ਅਤੇ ਦੌਲਤ ਖਾਂ ਲੋਧੀ ਵੱਲੋਂ ਗੁਰੂ ਨਾਨਕ ਸਾਹਿਬ ਨੂੰ ਮਸਜਿਦ ਵਿੱਚ ਜਾ ਕੇ ਨਮਾਜ਼ ਪੜ੍ਹਨ ਲਈ ਕਿਹਾ ਗਿਆ ਪਰ ਗੁਰੂ ਸਾਹਿਬ ਨੇ ਨਮਾਜ਼ ਪੜ੍ਹੇ ਜਾਣ ਵੇਲੇ ਇਹ ਕਹਿ ਕੇ ਸਭ ਨੂੰ ਹੈਰਾਨ ਕਰ ਦਿੱਤਾ ਨਮਾਜ਼ ਤਾਂ ਇੱਕ-ਮਨ ਅਤੇ ਇੱਕ-ਚਿੱਤ ਹੋ ਕੇ ਪੜ੍ਹੀਦੀ ਹੈ। ਕਾਜ਼ੀ ਸਾਹਿਬ ਅਤੇ ਨਵਾਬ ਸਾਹਿਬ ਦਾ ਮਨ ਤਾਂ ਕਿਧਰੇ ਹੋਰ ਫਿਰ ਰਿਹਾ ਸੀ। ਇਹ ਗੱਲਾਂ ਸਭ ਮੁੱਢਲੀਆਂ ਲਿਖਤਾਂ ਵਿੱਚ ਆ ਚੁੱਕੀਆਂ ਹਨ। ਨਤੀਜਾ ਇਹਨਾਂ ਗੱਲਾਂ ਦਾ ਇਹ ਸੀ ਕਿ ਗੁਰੂ ਨਾਨਕ ਦੇਵ ਨੇ ਨਮਾਜ਼ ਨਹੀਂ ਪੜ੍ਹੀ ਸੀ। ਉਹਨਾਂ ਨੇ ਆਪਣਾ ਪਰਚਾਰ ਸ਼ੁਰੂ ਕਰ ਦਿੱਤਾ ਸੀ। ਇਸ ਵੇਂਈ ਨਦੀ ਵਿੱਚ ਇਸ਼ਨਾਨ ਕਰਨ ਤੋਂ ਪਿੱਛੋਂ ਹਿੰਦੂ ਤੇ ਮੁਸਲਮਾਨ ਦਾ ਭੇਦ ਖ਼ਤਮ ਕਰਕੇ, ਗੁਰੂ ਨਾਨਕ ਦੇਵ ਨੇ ਯਾਤਰਾਵਾਂ 'ਤੇ ਜਾਣ ਦਾ ਪ੍ਰੋਗਰਾਮ ਬਣਾਇਆ ਸੀ।

ਗੁਰੂ ਨਾਨਕ ਦੇਵ ਨੇ ਪਹਿਲਾਂ ਪੰਜਾਬ ਦੀਆਂ ਸਥਾਨਕ ਯਾਤਰਾਵਾਂ ਕੀਤੀਆਂ। ਉਹ ਸੁਲਤਾਨਪੁਰ ਤੋਂ ਐਮਨਾਬਾਦ (ਸੱਯਦਪੁਰ) ਅਤੇ ਐਮਨਾਬਾਦ ਤੋਂ ਤਲਵੰਡੀ ਰਾਏ ਭੋਇ ਆਪਣੇ ਪਿੰਡ ਗਏ ਸਨ। ਉੱਥੋਂ ਰਵਾਨਾ ਹੋ ਕੇ ਗੋਇੰਦਵਾਲ, ਸੁਲਤਾਨਵਿੰਡ, ਲਾਹੌਰ, ਖਾਲੜਾ, ਸਿਆਲਕੋਟ, ਪਸਰੂਰ, ਗੁੱਜਰਾਂਵਾਲਾ, ਮੱਟੂ, ਛਾਂਗਾ-ਮਾਂਗਾ, ਕਸੂਰ, ਚੂਹਣੀਏ ਆਦਿ ਥਾਵਾਂ ਤੇ ਗਏ ਸਨ।[8] ਗੁਰੂ ਸਾਹਿਬ ਵੱਖ-ਵੱਖ ਦਿਸ਼ਾਵਾਂ ਵਿੱਚ ਜਾਣ ਸਮੇਂ ਪੰਜਾਬ ਵਿੱਚੋਂ ਦੀ ਗੁਜ਼ਰਦੇ ਸਨ। ਇਸ ਲਈ ਪੰਜਾਬ ਵਿਚਲੀਆਂ ਕਈ ਥਾਵਾਂ ਤੇ ਗੁਰੂ ਸਾਹਿਬ ਲੰਮੀਆਂ ਯਾਤਰਾਵਾਂ ਤੇ ਆਉਣ-ਜਾਣ ਸਮੇਂ ਵੀ ਜਾਂਦੇ ਰਹਿੰਦੇ ਸਨ।

ਗੁਰੂ ਨਾਨਕ ਦੇਵ ਨੇ ਅੰਦਾਜ਼ਨ 1498 ਈਸਵੀ ਤੋਂ ਲੈ ਕੇ 1522 ਈਸਵੀ ਤੱਕ ਦੇ 24-25 ਸਾਲ ਹਿੰਦ ਉਪ-ਮਹਾਂਦੀਪ ਅਤੇ ਬਾਹਰਲੇ ਗੁਆਂਢੀ ਮੁਲਕਾਂ ਦੀਆਂ ਯਾਤਰਾਵਾਂ ਕਰਨ 'ਤੇ ਗੁਜ਼ਾਰੇ ਸਨ। ਇਹਨਾਂ ਯਾਤਰਾਵਾਂ ਦੌਰਾਨ ਉਹ ਭਾਰਤੀ ਉਪ-ਮਹਾਂਦੀਪ ਤੋਂ ਇਲਾਵਾ ਸ੍ਰੀ ਲੰਕਾ, ਤਿੱਬਤ, ਚੀਨ, ਅਫਗਾਨਿਸਤਾਨ, ਈਰਾਨ, ਇਰਾਕ, ਅਰਬੀਆ, ਸੀਰੀਆ, ਤੁਰਕੀ, ਕੈਸਪੀਅਨ ਸਾਗਰ ਦੇ ਆਲੇ-ਦੁਆਲੇ ਦੇ ਦੇਸਾਂ ਵਿੱਚ ਗਏ

---

8 ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨੇ 70-72, ਫ਼ੌਜਾ ਸਿੰਘ ਕਿਰਪਾਲ ਸਿੰਘ, *ਐਟਲਸ: ਗੁਰੂ ਨਾਨਕ ਦੇਵ ਜੀ ਦੇ ਸਫ਼ਰ* (ਅੰਗਰੇਜ਼ੀ-ਪੰਜਾਬੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨੇ 48 (ਪੰਜਾਬੀ ਸੈਕਸ਼ਨ)।

ਸਨ। ਇਹਨਾਂ ਵਿਸ਼ਾਲ ਯਾਤਰਾਵਾਂ ਦਾ ਬਿਰਤਾਂਤ ਗਿਆਨੀ ਗਿਆਨ ਸਿੰਘ,[9] ਸੁਰਿੰਦਰ ਸਿੰਘ ਕੋਹਲੀ[10], ਪ੍ਰੋ. ਸਾਹਿਬ ਸਿੰਘ[11] ਅਤੇ ਫ਼ੌਜਾ ਸਿੰਘ ਅਤੇ ਕਿਰਪਾਲ ਸਿੰਘ[12] ਨੇ ਦਿੱਤਾ ਹੈ। ਇਹਨਾਂ ਸਾਰੇ ਲੇਖਕਾਂ ਵਿੱਚ ਗੁਰੂ ਸਾਹਿਬ ਵੱਲੋਂ ਯਾਤਰਾਵਾਂ ਤੇ ਜਾਣ ਸਮੇਂ ਦੀਆਂ ਮਿਤੀਆਂ ਅਤੇ ਸਾਲਾਂ ਬਾਰੇ ਇੱਕ ਮੱਤ ਨਹੀਂ ਹੈ ਅਤੇ ਸਭ ਦੇ ਵਿਚਾਰ ਵੱਖ-ਵੱਖ ਹਨ। ਲੇਖਕਾਂ ਦੇ ਮੱਤ ਭਾਵੇਂ ਕਿਹੋ-ਜਿਹੇ ਵੀ ਹੋਣ, ਗੁਰੂ ਨਾਨਕ ਸਾਹਿਬ ਨੇ ਆਪਣੀ ਵਿਚਾਰਧਾਰਾ ਦਾ ਪਰਚਾਰ ਵਿਸ਼ਵ ਦੇ ਬਹੁਤ ਵੱਡੇ ਭੂਖੰਡਾਂ ਵਿੱਚ ਕਰ ਦਿੱਤਾ ਸੀ। ਭਾਈ ਗੁਰਦਾਸ ਨੇ ਗੁਰੂ ਸਾਹਿਬ ਦੇ ਵਿਸ਼ਵ ਭਰ ਵਿੱਚ ਕੀਤੇ ਪਰਚਾਰ ਦੌਰਿਆਂ ਦੀ ਬਹੁਤ ਸੰਖੇਪ ਪਰ ਭਾਵ ਪੂਰਤ ਜਾਣਕਾਰੀ ਦਿੱਤੀ ਹੈ। ਭਾਈ ਗੁਰਦਾਸ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਦੀ ਦ੍ਰਿਸ਼ਟੀ ਵਿੱਚ ਵਿਸ਼ਵ ਦੇ ਨੌ-ਖੰਡ ਸਮਾਏ ਹੋਏ ਸਨ। ਇੱਥੋਂ ਤੱਕ ਕਿ ਵਿਸ਼ਵ ਦੇ ਨੌ-ਖੰਡਾਂ ਤੋਂ ਵੀ ਪਰੇ ਜਿੱਥੋਂ ਤੱਕ ਗੁਰੂ ਸਾਹਿਬ ਦੀ ਦ੍ਰਿਸ਼ਟੀ ਜਾ ਸਕਦੀ ਸੀ ਉਹ ਧਰਤੀ ਵੀ ਸਮਾਈ ਹੋਈ ਸੀ।[13]

ਗੁਰੂ ਸਾਹਿਬ ਦੀਆਂ ਸਮੁੱਚੀਆਂ ਯਾਤਰਾਵਾਂ ਦਾ ਨਿਚੋੜ ਕੱਢਦੇ ਹੋਏ ਭਾਈ ਗੁਰਦਾਸ ਨੇ ਲਿਖਿਆ ਹੈ ਗੁਰੂ ਸਾਹਿਬ ਨੇ ਆਪਣੇ ਗਿਆਨ ਦੀ ਸ਼ਕਤੀ ਨਾਲ ਇਸਲਾਮ ਦੇ ਗੜ੍ਹ ਬਗਦਾਦ ਮੱਕਾ ਅਤੇ ਮਦੀਨਾ ਦੇ ਕਾਜ਼ੀਆਂ ਅਤੇ ਮੌਲਵੀਆਂ ਨੂੰ ਜਿੱਤ ਲਿਆ ਸੀ। ਚੌਰਾਸੀ ਸਿੱਧਾਂ ਦੀ ਮੰਡਲੀ ਨੂੰ ਆਪਣੀਆਂ ਗੋਸ਼ਟਾਂ ਰਾਹੀਂ ਆਪਣੇ ਗਿਆਨ ਦਾ ਸਿੱਕਾ ਮੰਨਵਾ ਦਿੱਤਾ ਸੀ। ਪ੍ਰਿਥਵੀ ਦੇ ਨੌਏ ਖੰਡਾਂ ਵਿੱਚ ਆਪਣੇ ਸਤਿਨਾਮ ਦੇ ਮੰਤਰ ਨੂੰ ਸਥਾਪਿਤ ਕਰ ਦਿੱਤਾ ਸੀ ਅਤੇ ਜਿੰਨੇ ਭਾਰਤੀ ਮਿਥਿਹਾਸ ਦੇ ਦੇਵਦਾਨਵ ਆਦਿ ਸਨ ਸਭ ਨੂੰ ਆਪਣੇ ਗਿਆਨ ਦੇ ਜ਼ੋਰ ਨਾਲ ਨਿਵਾ ਦਿੱਤਾ ਸੀ। ਆਖਰ ਗੁਰੂ ਨਾਨਕ ਦੇ ਪਰਚਾਰ ਨਾਲ ਸਮੁੱਚੇ ਜਗਤ ਵਿੱਚ ਆਨੰਦ ਛਾ ਗਿਆ ਸੀ।[14]

ਕਨਿੰਘਮ ਲਿਖਦਾ ਹੈ "ਉਸ (ਗੁਰੂ ਨਾਨਕ) ਨੇ ਸ਼ਾਇਦ ਭਾਰਤੀ ਸੀਮਾ ਤੋਂ ਵੀ ਪਰੇ ਯਾਤਰਾ ਕੀਤੀ ਸੀ। ਉਸ ਨੇ ਇਕਾਂਤ ਵਿੱਚ ਪ੍ਰਾਰਥਨਾਵਾਂ ਕੀਤੀਆਂ, ਉਸ ਨੇ ਵੇਦਾਂ ਅਤੇ ਮੁਹੰਮਦ ਦੇ ਮਿਸ਼ਨ ਬਾਰੇ ਆਪਣੇ

---

9 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨੇ 61-110.

10 Surinder Singh Kohli, *Travels of Guru Nanak*, Punjab University, Chandigarh, 1997.

11 ਸਾਹਿਬ ਸਿੰਘ, *ਜੀਵਨ-ਬਿਰਤਾਂਤ ਗੁਰੂ ਨਾਨਕ ਦੇਵ ਜੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006.

12 ਫ਼ੌਜਾ ਸਿੰਘ ਕਿਰਪਾਲ ਸਿੰਘ, *ਐਟਲਸ-ਗੁਰੂ ਨਾਨਕ ਦੇਵ ਜੀ ਦੇ ਸਫ਼ਰ*, 2004.

13 *ਵਾਰਾ (ਗਿਆਨ ਰਤਨਾਵਲੀ)*, ਭਾਈ ਗੁਰਦਾਸ, ਅਮਰ ਸਿੰਘ ਚਾਕਰ (ਸੰਪਾ.), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2008, ਪੰਨਾ 14, ਵਾਰ ਪਹਿਲੀ, ਪਾਉੜੀ 27 ਵੀਂ ਅਤੇ 28 ਵੀਂ।

14 *ਉਹੀ*, ਵਾਰ ਪਹਿਲੀ, ਪਉੜੀ 37 ਵੀਂ, ਪੰਨਾ 19.

ਵਿਚਾਰ ਰੱਖੇ; ਉਸ ਨੇ ਪਰਮਾਤਮਾ ਦੇ ਹੁਕਮ ਬਾਰੇ ਅਤੇ ਖੁਸ਼ੀ ਪਰਾਪਤ ਕਰਨ ਵਾਲੇ ਮਾਰਗ ਬਾਰੇ, ਪੁਜਾਰੀਆਂ ਅਤੇ ਸਾਧਾਰਨ ਸ਼ਰਧਾਲੂਆਂ ਨਾਲ ਇੱਕੋ-ਜਿਹੇ ਜੋਸ਼ ਨਾਲ ਸਵਾਲ-ਜਵਾਬ ਕੀਤੇ।" (He travelled, perhaps, beyond the limits of India, he prayed in solitude, he reflected on the vedas and on the mission of Muhammad, and he questioned with equal anxiety the learned priest and the simple devotees about the will of God and the path to happiness."[15]

1522 ਈਸਵੀ ਵਿੱਚ ਗੁਰੂ ਨਾਨਕ ਦੇਵ ਨੇ ਆਪਣੀਆਂ ਯਾਤਰਾਵਾਂ ਦੀ ਸਮਾਪਤੀ ਕਰਕੇ ਕਰਤਾਰਪੁਰ ਸਾਹਿਬ ਵਿਖੇ ਰਹਿਣਾ ਸ਼ੁਰੂ ਕਰ ਦਿੱਤਾ ਸੀ। ਕਰਤਾਰਪੁਰ ਸਾਹਿਬ ਦੀ ਸਥਾਪਨਾ ਗੁਰੂ ਸਾਹਿਬ ਨੇ ਆਪਣੀ ਪਹਿਲੀ ਯਾਤਰਾ ਦੀ ਸਮਾਪਤੀ ਬਾਅਦ ਕਰ ਦਿੱਤੀ ਸੀ।[16] ਗੁਰੂ ਨਾਨਕ ਸਾਹਿਬ ਆਪਣੀਆਂ ਯਾਤਰਾਵਾਂ ਦੌਰਾਨ ਅਕਾਲ ਪੁਰਖ ਦੇ ਨਾਮ ਦਾ ਪਰਚਾਰ ਕਰਦੇ ਸਨ ਪਰ ਕਰਤਾਰਪੁਰ ਸਾਹਿਬ ਵਿਖੇ ਰਹਿੰਦਿਆਂ ਉਹਨਾਂ ਨੇ ਪੂਰੇ ਜੱਥੇਬੰਦਕ ਢੰਗ ਨਾਲ ਅਤੇ ਬਾਕਾਇਦਾ ਰੂਪ ਵਿੱਚ ਧਰਮ-ਪਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਭਾਈ ਗੁਰਦਾਸ ਨੇ ਇਸ ਤੱਥ ਦੀ ਪੁਸ਼ਟੀ ਕੀਤੀ ਹੈ: "ਬਾਬਾ ਨਾਨਕ ਆਪਣੀਆਂ ਯਾਤਰਾਵਾਂ ਕਰਕੇ ਵਾਪਿਸ ਕਰਤਾਰਪੁਰ ਸਾਹਿਬ ਵਿਖੇ ਆ ਗਏ ਸਨ ਜਿੱਥੇ ਕਿ ਉਹਨਾਂ ਨੇ ਆਪਣੇ ਯਾਤਰੀਆਂ ਵਾਲੇ ਬਸਤਰਾਂ ਨੂੰ ਲਾਹ ਦਿੱਤਾ ਸੀ ਅਤੇ ਸੰਸਾਰੀ ਮਨੁੱਖਾਂ ਵਾਲੇ ਕੱਪੜੇ ਪਹਿਨ ਲਏ ਸਨ। ਗੁਰੂ ਸਾਹਿਬ ਮੰਜੀ ਤੇ ਬੈਠ ਕੇ ਸਿੱਖ ਸੰਗਤਾਂ ਵਿੱਚ ਵਿਖਿਆਨ ਕਰਦੇ ਸਨ। ਇੱਥੇ ਰੋਜ਼ਾਨਾ ਬਾਣੀ ਉਚਾਰੀ ਅਤੇ ਲਿਖੀ ਜਾਂਦੀ ਸੀ। ਗੁਰਬਾਣੀ ਦੇ ਗਿਆਨ ਦਾ ਪ੍ਰਕਾਸ਼ ਹੁੰਦਾ ਅਤੇ ਅਗਿਆਨ ਦੇ ਅੰਧੇਰੇ ਨੂੰ ਦੂਰ ਕੀਤਾ ਜਾਂਦਾ ਸੀ। ਰੋਜ਼ਾਨਾ ਅਕਾਲ ਪੁਰਖ ਦੇ ਨਾਮ ਦੀਆਂ ਗੋਸ਼ਟਾਂ ਹੁੰਦੀਆਂ ਸਨ ਅਤੇ ਇਲਾਹੀ ਬਾਣੀ ਨੂੰ ਗਾਏ ਜਾਣ ਵਾਲੇ ਰਾਗਾਂ ਦੀਆਂ ਅਗੰਮੀ ਧੁਨਾਂ ਦੀ ਗੂੰਜ ਪੈਂਦੀ ਸੀ। ਸ਼ਾਮ ਦੇ ਸਮੇਂ ਸੋਦਰ ਅਤੇ ਆਰਤੀ (ਕੀਰਤਨ ਸੋਹਿਲਾ) ਗਈ ਜਾਂਦੀ ਸੀ ਅਤੇ ਸਵੇਰੇ ਅੰਮ੍ਰਿਤ ਵੇਲੇ ਜਪੁਜੀ ਸਾਹਿਬ ਦੇ ਪਾਠ ਦਾ ਉਚਾਰਨ ਕੀਤਾ ਜਾਂਦਾ ਸੀ। ਗੁਰੂ ਸਾਹਿਬ ਗਿਆਨ ਦਾ ਚਾਨਣ ਕਰ ਕੇ ਲੋਕਾਂ ਦੇ ਮਨਾਂ ਵਿੱਚੋਂ ਅਗਿਆਨ ਦਾ ਭਾਰ ਉਤਾਰਦੇ ਰਹਿੰਦੇ ਸਨ।"

15 J.D. Cunningham, *A History of the Sikhs*, New Delhi, 1985, p. 42.

16 ਪਹਿਲੀ ਯਾਤਰਾ ਦੀ ਸ਼ੁਰੂਆਤ ਅਤੇ ਸਮਾਪਤੀ ਕਦੋਂ ਕਦੋਂ ਕੀਤੀ ਗਈ ਸੀ, ਇਸ ਗੱਲ ਬਾਰੇ ਵਧੇਰੇ ਲੇਖਕਾਂ ਦੀਆਂ ਮਿਤੀਆਂ ਵਿੱਚ ਫ਼ਰਕ ਹੈ। ਪਰ ਇਸ ਗੱਲ ਨਾਲ ਲੱਗਭੱਗ ਸਾਰੇ ਹੀ ਲੇਖਕ ਸਹਿਮਤ ਹਨ ਕਿ ਪਹਿਲੀ ਯਾਤਰਾ ਦੀ ਸਮਾਪਤੀ ਬਾਅਦ ਕਰਤਾਰਪੁਰ ਸਾਹਿਬ ਦੀ ਸਥਾਪਨਾ ਕਰ ਦਿੱਤੀ ਗਈ ਸੀ।

ਗੁਰੂ ਨਾਨਕ ਦੇਵ ਨੇ ਜੋ ਪਰਚਾਰ ਮਨੁੱਖੀ ਭਾਈਚਾਰੇ ਵਿੱਚ ਕੀਤਾ ਸੀ ਉਸ ਅਨੁਸਾਰ ਗੁਰੂ ਸਾਹਿਬ ਕਹਿੰਦੇ ਸਨ ਕਿ ਬ੍ਰਹਿਮੰਡ ਵਿੱਚ ਸਿਰਫ਼ ਇੱਕ ਅਕਾਲ ਪੁਰਖ ਹੀ ਅਜਿਹੀ ਪਰਮ ਸ਼ਕਤੀ ਹੈ ਜਿਹੜੀ ਸਾਰੀ ਸ੍ਰਿਸ਼ਟੀ ਨੂੰ ਸਿਰਜਦੀ ਹੈ ਅਤੇ ਇਸ ਦੀ ਪਾਲਣਾ-ਪੋਸ਼ਣਾ ਕਰਦੀ ਹੈ। ਇਹ ਪਰਮ-ਸ਼ਕਤੀ ਅਕਾਲ ਪੁਰਖ ਹੈ ਜਿਸ ਦੀ ਹੋਂਦ ਸਦੀਵੀ ਹੈ ਅਤੇ ਯੁੱਗਾਂ-ਯੁਗਾਤਰਾਂ ਤੋਂ ਇਸੇ ਤਰ੍ਹਾਂ ਸਥਿਰ ਚਲੀ ਆ ਰਹੀ ਹੈ। ਇਹ ਪਰਮ-ਸ਼ਕਤੀ ਪਰਮਾਤਮਾਂ ਇਸ ਵਰਤਮਾਨ ਸਮੇਂ ਵੀ ਹੈ ਅਤੇ ਅਗਲੇ ਆਉਣ ਵਾਲੇ ਸਮੇਂ ਵਿੱਚ ਸਦਾ ਸਥਿਰ ਰਹੇਗਾ। ਇਸ ਦਾ ਨਾਮ ਸੱਚ ਹੈ, ਇਹ ਕਰਨਹਾਰ ਹੈ, ਇਹ ਨਿਰਭਉ ਹੈ ਅਤੇ ਨਿਰਵੈਰ ਹੈ। ਇਹ ਸਦਾ ਸਥਿਰ ਹੈ ਭਾਵ ਕਿ ਕਦੇ ਮਰਦਾ ਜਾਂ ਜੰਮਦਾ ਨਹੀਂ ਹੈ ਅਤੇ ਇਹ ਪਰਮ-ਸ਼ਕਤੀ ਆਪਣੇ-ਆਪ ਦੇ ਵਿੱਚੋਂ ਪ੍ਰਕਾਸ਼ਮਾਨ ਹੁੰਦੀ ਹੈ। ਇਸ ਪਰਮ-ਸ਼ਕਤੀ ਦੀ ਸੋਝੀ ਗੁਰੂ ਦੀ ਬਖਸ਼ਿਸ਼ ਨਾਲ ਹੁੰਦੀ ਹੈ। ਗੁਰੂ ਸਾਹਿਬ ਦੀ ਇਹ ਸਿੱਖਿਆ ਹੀ ਉਹਨਾਂ ਦੀ ਸਮੁੱਚੀ ਬਾਣੀ ਦਾ ਆਧਾਰ ਹੈ। ਇਸ ਆਧਾਰ ਤੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ ਗਈ ਹੈ। ਗੁਰੂ ਸਾਹਿਬ ਦੀ ਇਸ ਸਿੱਖਿਆ ਨੂੰ ਗੁਰੂ ਸਾਹਿਬ ਦੀ ਸਮੁੱਚੀ ਸਿੱਖਿਆ ਦਾ ਮੂਲ-ਮੰਤਰ ਕਿਹਾ ਜਾਂਦਾ ਹੈ।[17]

ਗੁਰੂ ਨਾਨਕ ਦੇਵ ਦੀ ਸਮੁੱਚੀ ਬਾਣੀ ਸਿੱਖਿਆ ਦਾ ਭੰਡਾਰ ਹੈ। ਆਪਣੀ ਬਾਣੀ ਵਿੱਚ ਗੁਰੂ ਸਾਹਿਬ ਨੇ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਛੋਹਿਆ ਹੈ। ਉਹਨਾਂ ਦਾ ਬੁਨਿਆਦੀ ਰੂਪ ਵਿੱਚ ਇਹ ਮੰਨਣਾ ਹੈ ਕਿ ਅਕਾਲ ਪੁਰਖ ਪਰਮਾਤਮਾ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਹੈ। ਇਸ ਲਈ ਸਮੁੱਚੀ ਮਨੁੱਖਤਾ ਅਕਾਲ ਪੁਰਖ ਦੀ ਸੰਤਾਨ ਹੈ। ਇਸ ਕਰਕੇ ਸਮਾਜ ਵਿੱਚ ਮਨੁੱਖੀ-ਬਰਾਬਰਤਾ ਹੋਣੀ ਚਾਹੀਦੀ ਹੈ ਅਤੇ ਊਚ-ਨੀਚ ਨਹੀਂ ਹੋਣੀ ਚਾਹੀਦੀ। ਸਾਰੇ ਮਨੁੱਖਾਂ ਨੂੰ ਆਪਣੇ ਹੱਥਾਂ ਨਾਲ ਮਿਹਨਤ ਕਰਨੀ ਚਾਹੀਦੀ ਹੈ। ਆਪਣੀ ਇਸ ਕਿਰਤ ਕਮਾਈ ਨੂੰ ਵੰਡ ਕੇ ਛਕਣਾ ਚਾਹੀਦਾ ਹੈ। ਫਿਰ ਉਸ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਲਈ ਉਸ ਦੇ ਨਾਮ ਦਾ ਜਾਪ ਕਰਨਾ ਚਾਹੀਦਾ ਹੈ। ਗੁਰੂ ਸਾਹਿਬ ਦੀ ਇਸ ਸਿੱਖਿਆ ਨੂੰ ਇਹਨਾਂ ਛੇ ਸ਼ਬਦਾਂ ਵਿੱਚ ਸੰਖੇਪ ਕਰਕੇ ਬਿਆਨਿਆ ਗਿਆ ਹੈ:

'ਕਿਰਤ ਕਰੋ, ਨਾਮ ਜਪੋ, ਵੰਡ ਛਕੋ।।'

ਹੇਠ ਲਿਖੇ ਸ਼ਬਦ ਗੁਰੂ ਸਾਹਿਬ ਦੀ ਸਿੱਖਿਆ ਨੂੰ ਆਪਣੇ ਵਿੱਚ ਸਮਾਈ ਬੈਠੇ ਹਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।

---

17 *ਸ੍ਰੀ ਗੁਰੂ ਗ੍ਰੰਥ ਸਾਹਿਬ* (ਪ੍ਰਮਾਣਿਤ ਦਮਦਮੀ ਬੀੜ), ਜਪੁਜੀ ਸਾਹਿਬ, ਪੰਨਾ 1.

ਨਾਨਕ ਤਿਨ ਕਿ ਸੰਗਿ ਸਾਥ ਵਡਿਆ ਸਿਉ ਕਿਆ ਰੀਸ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥[18]

ਔਰਤ ਦੀ ਸਮਾਜਿਕ ਦਸ਼ਾ ਨੂੰ ਹੇਠ ਲਿਖਿਆ ਸ਼ਬਦ ਬਹੁਤ ਚੰਗੀ ਤਰ੍ਹਾਂ ਬਿਆਨ ਕਰਦਾ ਹੈ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੇ ਬੰਧਾਨੁ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥[19]

ਸਮੇਂ ਦੀ ਰਾਜਨੀਤਿਕ ਸਥਿਤੀ ਬਾਰੇ ਹੇਠ ਲਿਖਿਆ ਸ਼ਬਦ ਬੜੀ ਹੀ ਸਪੱਸ਼ਟ ਗਵਾਹੀ ਦੇ ਰਿਹਾ ਹੈ। ਇਸ ਸ਼ਬਦ ਵਿੱਚ ਕਿਹਾ ਗਿਆ ਹੈ ਕਿ ਇਸ ਦੇਸ਼ ਵਿੱਚ ਹੁਕਮਰਾਨ ਕਾਤਲ ਬਣ ਗਏ ਹਨ। ਸੱਚ ਦਾ ਚੰਦਰਮਾ ਕਿਤੇ ਵੀ ਦਿਖਾਈ ਨਹੀਂ ਦੇ ਰਿਹਾ। ਸਭ ਪਾਸੇ ਕੂੜ ਦਾ ਅੰਧੇਰਾ ਛਾਇਆ ਹੋਇਆ ਸੀ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥

ਕੂੜੁ ਅਮਾਵਸਿ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥

ਵਿਚ ਹਉਮੈ ਕਰਿ ਦੁਖੁ ਰੋਈ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥[20]

ਵਾਰ ਮਲਾਰ ਦੀ ਵਿੱਚ ਗੁਰੂ ਸਾਹਿਬ ਰਾਜਨੀਤਿਕ ਖੇਤਰ ਵਿੱਚ ਬੇਈਮਾਨ, ਰਿਸ਼ਵਤਖੋਰ, ਲੁਟੇਰੇ ਅਧਿਕਾਰੀਆਂ ਅਤੇ ਨਿਜ਼ਾਮ ਬਾਰੇ ਲਿਖਦਿਆਂ ਕਹਿ ਰਹੇ ਹਨ ਕਿ ਉੱਪਰ ਤੋਂ ਲੈ ਕੇ ਹੇਠਲੇ ਪੱਧਰ ਤੱਕ ਹਕੂਮਤ ਦੇ ਸਾਰੇ ਅਧਿਕਾਰੀ ਹੀ ਲੋਕਾਂ ਨੂੰ ਨੋਚ-ਨੋਚ ਕੇ ਖਾ ਰਹੇ ਹਨ।

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨ੍ਹਿ ਬੈਠੇ ਸੁਤੇ॥

ਚਾਕਰ ਨਹਦਾ ਪਾਇਨ੍ਹਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥

ਜਿਥੈ ਜੀਆਂ ਹੋਸੀ ਸਾਰ॥ ਨਕੀਂ ਵਢੀਂ ਲਾਇਤਬਾਰ॥[21]

---

18 *ਉਹੀ*, ਮਾਝ ਰਾਗ, ਪੰਨਾ 15.

19 *ਉਹੀ*, ਰਾਗ ਆਸਾ, ਪੰਨਾ 473.

20 *ਉਹੀ*, ਮਾਝ ਦੀ ਵਾਰ, ਪੰਨਾ 145.

21 *ਉਹੀ*, ਵਾਰ ਮਲਾਰ, ਪੰਨਾ 1288.

ਦੇਸ਼ ਵਿੱਚ ਬਾਹਰੋਂ ਆਏ ਮੁਗ਼ਲਾਂ ਦਾ ਰਾਜ ਸੀ। ਜਿਹੋ-ਜਿਹੀ ਬੋਲੀ ਅਤੇ ਸੱਭਿਆਚਾਰ ਉਹਨਾਂ ਹਾਕਮਾਂ ਦਾ ਸੀ ਸਾਡੇ ਦੇਸ਼ ਵਾਸੀ ਵੀ ਉਹੋ-ਜਿਹਾ ਬੋਲਣਾ ਅਤੇ ਨਕਲ ਕਰਨਾ ਚਾਹੁੰਦੇ ਸਨ। ਸਾਡੇ ਲੋਕ ਹਾਕਮ ਸ਼੍ਰੇਣੀ ਦੀ ਨਕਲ ਕਰਦੇ ਸਨ। ਗੁਰੂ ਸਾਹਿਬ ਨੇ ਲਿਖਿਆ ਹੈ:

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥
ਦੇਵਲ ਦੇਵਤਿਆਂ ਕਰੁ ਲਾਗਾ ਐਸੀ ਕੀਰਤਿ ਚਾਲੀ॥
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥[22]

ਸਭ ਤੋਂ ਵਧ ਕੇ, ਗੁਰੂ ਸਾਹਿਬ ਨੇ ਜਿਸ ਤਰ੍ਹਾਂ ਵਿਦੇਸ਼ੀ ਮੁਗ਼ਲ ਹਮਲਾਵਰ ਬਾਬਰ ਦੇ ਹਮਲੇ ਵੇਲੇ, ਹੋਈ ਬਰਬਾਦੀ, ਕਤਲੇਆਮ ਅਤੇ ਲੁੱਟ-ਖਸੁੱਟ ਦੀ ਵਿਰੋਧਤਾ ਕੀਤੀ। ਇਸ ਗੱਲ ਨੇ ਗੁਰੂ ਸਾਹਿਬ ਨੂੰ ਦੇਸ਼ ਦੇ ਸਮੁੱਚੇ ਇਤਿਹਾਸ ਵਿੱਚ ਇੱਕ ਨਿਵੇਕਲੀ ਅਤੇ ਵਿੱਲਖਣ ਥਾਂ ਦੇ ਦਿੱਤੀ ਹੈ। ਗੁਰੂ ਸਾਹਿਬ ਨੇ ਬਾਬਰ ਦੀ ਵਿਰੋਧਤਾ ਕਰਦਿਆਂ ਜੋ ਗੱਲਾਂ ਉਚਾਰੀਆਂ ਸਨ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਬਾਬਰਬਾਣੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਪੰਨਾ 360, 417-18, ਅਤੇ 722-23 ਉਪਰ ਦਰਜ ਹਨ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਨੇ ਆਪਣੀਆਂ ਵਿਸ਼ਾਲ ਯਾਤਰਾਵਾਂ ਰਾਹੀਂ ਅਤੇ ਵਿਸ਼ਾਲ ਪਰਚਾਰ ਰਾਹੀਂ ਹਿੰਦੁਸਤਾਨ ਦੇ ਲੋਕਾਂ ਨੂੰ ਆਜ਼ਾਦੀ ਦੀ ਇੱਕ ਨਵੀਂ ਚਿਣਗ ਲਗਾ ਦਿੱਤੀ ਅਤੇ ਪੰਜਾਬ ਵਿੱਚ ਇੱਕ ਲਹਿਰ ਸ਼ੁਰੂ ਕਰ ਦਿੱਤੀ ਸੀ। ਗੁਰੂ ਸਾਹਿਬ ਨੇ ਕਈ ਸੰਸਥਾਵਾਂ ਅਤੇ ਸਿਧਾਂਤ ਅਜਿਹੇ ਸਥਾਪਿਤ ਕਰ ਦਿੱਤੇ ਜਿਹੜੇ ਸਿੱਖ ਧਰਮ ਦਾ ਬੁਨਿਆਦੀ ਆਧਾਰ ਬਣ ਗਏ ਸਨ। ਲੰਗਰ ਦੀ ਸਥਾਪਨਾ ਕਰ ਦਿੱਤੀ ਗਈ ਸੀ; ਅਤੇ ਸਭ ਤੋਂ ਵੱਡੀ ਇਹ ਗੱਲ ਕਿ ਗੁਰੂ ਸਾਹਿਬ ਨੇ ਸਿੱਖ ਮੱਤ ਦੀ ਲਹਿਰ ਦਾ ਇੱਕ ਕੇਂਦਰੀ ਬਿੰਦੂ 'ਗੁਰੂ' ਦੀ ਸੰਸਥਾ ਸਥਾਪਿਤ ਕਰ ਦਿੱਤੀ ਸੀ। ਗੁਰੂ ਨਾਨਕ ਅੱਸੂ ਵਦੀ 10, ਸੰਮਤ 1596 (09 ਸਤੰਬਰ, 1539 ਈਸਵੀ) ਨੂੰ ਜੋਤੀ-ਜੋਤ ਸਮਾ ਗਏ ਸਨ।[23] ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਆਪਣੀ ਥਾਂ 'ਤੇ ਭਾਈ ਲਹਿਣਾ ਨੂੰ ਗੁਰੂ ਅੰਗਦ ਦੇਵ ਦੇ ਨਾਂ ਹੇਠ ਦੂਸਰਾ ਗੁਰੂ ਥਾਪ ਦਿੱਤਾ ਸੀ। ਆਪਣੀ ਥਾਂ ਤੇ ਦੂਸਰੇ ਉੱਤਰਾਧਿਕਾਰੀ ਨੂੰ

22 *ਗੁਰੂ ਗ੍ਰੰਥ ਸਾਹਿਬ,* ਬਸੰਤੁ ਹਿੰਡੋਲ, ਪੰਨਾ 1191.

23 Khazan Singh, *History of the Sikh Religion*, Patiala, 1988 (reprint), p. 109; Tirlochan Singh, *Guru Nanak: Founder of Sikhism*, Gurdwara Parbandhak Committee, Delhi, 1969, p. 479.

ਸਥਾਪਿਤ ਕਰਨ ਦੇ ਪੱਖ ਨੇ ਸਿੱਖ ਲਹਿਰ ਨੂੰ ਹਿੰਦੁਸਤਾਨ ਦੀ ਸਮੁੱਚੀ ਭਗਤੀ ਲਹਿਰ ਨਾਲੋਂ ਵੱਖ ਕਰ ਦਿੱਤਾ ਸੀ ਕਿਉਂਕਿ ਭਗਤੀ ਲਹਿਰ ਪੂਰੀ ਤੇਜੀ ਨਾਲ ਉੱਠਣ ਦੇ ਬਾਵਜੂਦ ਵੀ ਕੋਈ ਜੱਥੇਬੰਦਕ ਪ੍ਰਭਾਵ ਨਹੀਂ ਪਾ ਸਕੀ ਸੀ। ਭਗਤੀ ਲਹਿਰ ਦੇ ਸਾਰੇ ਆਗੂ ਆਪਣੀ ਥਾਂ ਤੇ ਕਿਸੇ ਵੀ ਉੱਤਰਾਧਿਕਾਰੀ ਨੂੰ ਸਥਾਪਿਤ ਨਹੀਂ ਕਰ ਸਕੇ ਸਨ। ਇਸ ਕਰਕੇ ਉਹਨਾਂ ਦੀਆਂ ਸ਼ੁਰੂ ਕੀਤੀਆਂ ਹੋਈਆਂ ਲਹਿਰਾਂ ਉਹਨਾਂ ਦੀ ਮੌਤ ਨਾਲ ਖ਼ਤਮ ਹੋ ਗਈਆਂ ਸਨ।

ਕਨਿੰਘਮ ਲਿਖਦਾ ਹੈ ਕਿ 'ਇਹ ਗੱਲ ਸਿਰਫ਼ ਗੁਰੂ ਨਾਨਕ ਦੇ ਹਿੱਸੇ ਹੀ ਆਈ ਜਿਨ੍ਹਾਂ ਨੇ ਸੁਧਾਰ ਦੇ ਸੱਚੇ ਨਿਯਮਾਂ ਦੀ ਕਲਪਨਾ ਕਰ ਕੇ ਅਜੇਹੀਆਂ ਨੀਹਾਂ ਭਰੀਆਂ ਜਿੰਨਾਂ ਉੱਤੇ ਗੁਰੂ ਗੋਬਿੰਦ (ਸਿੰਘ) ਨੇ ਨਵੀਂ ਕੌਮੀਅਤ ਦਾ ਨਿਰਮਾਣ ਕੀਤਾ ਅਤੇ ਇਸ ਸਿਧਾਂਤ ਨੂੰ ਅਮਲੀ ਰੂਪ ਦਿੱਤਾ ਕਿ ਨੀਵੀਂ ਜਾਤ ਦਾ ਵਿਅਕਤੀ ਨਸਲ ਅਤੇ ਧਰਮ ਵਿੱਚ, ਰਾਜਨੀਤਿਕ ਅਧਿਕਾਰਾਂ ਅਤੇ ਧਾਰਮਿਕ ਹੱਕਾਂ ਵਿੱਚ ਉਚਤਮ ਵਿਅਕਤੀ ਦੇ ਸਮਾਨ ਹੁੰਦਾ ਹੈ।' ("It was reserved for Nanak to perceive the true principles of reform, and to lay those broad foundations which enabled his successor Gobind to fire the minds of his countrymen with a new nationality, and to give practical effect to the doctrine that the lowest is equal with the highest in race as in creed, in political rights as in religious hopes.)"[24]

ਗੁਰੂ ਅੰਗਦ ਦੇਵ[25] ਦਾ ਗੁਰੂ ਨਾਨਕ ਸਾਹਿਬ ਦਾ ਉੱਤਰਾਧਿਕਾਰੀ ਬਣ ਕੇ ਸਾਹਮਣੇ ਆਉਣਾ ਆਪਣੇ-ਆਪ ਵਿੱਚ ਬਹੁਤ ਮਹੱਤਤਾ ਰੱਖਦਾ ਹੈ। ਇਸ ਨਾਲ ਗੁਰੂ ਨਾਨਕ ਸਾਹਿਬ ਰਾਹੀਂ ਸਥਾਪਿਤ ਕੀਤੇ ਸਿਧਾਂਤ, ਸੰਸਥਾਵਾਂ, ਅਤੇ ਸਿੱਖ ਸੰਗਤਾਂ ਦਾ ਜੱਥੇਬੰਦਕ ਢਾਂਚਾ, ਸੰਭਾਲਿਆ ਗਿਆ ਸੀ। 'ਗੁਰੂ' ਦੀ ਸੰਸਥਾ ਅਮਰ ਹੋ ਗਈ ਸੀ। ਗੁਰੂ ਨਾਨਕ ਸਾਹਿਬ ਦੇ ਜੋਤੀ-ਜੋਤ ਸਮਾਉਣ ਨਾਲ ਸਿਰਫ਼ ਪਹਿਲੇ ਗੁਰੂ ਦਾ ਸਰੀਰਕ ਰੂਪ ਨਜ਼ਰੋਂ ਓਹਲੇ ਹੋਇਆ ਸੀ ਪਰ ਗੁਰੂ ਦਾ ਸੰਕਲਪ, ਗੁਰੂ ਦੀ ਸਿਫ਼ਤ-ਸਲਾਹ ਉਸੇ ਤਰ੍ਹਾਂ ਕਾਇਮ ਸੀ। ਹੁਣ ਸਾਰੀਆਂ ਸੰਗਤਾਂ ਗੁਰੂ ਅੰਗਦ ਦੇਵ ਦੇ ਦੁਆਲੇ ਕੇਂਦਰਿਤ ਹੋ ਗਈਆਂ ਸਨ। ਗੁਰੂ ਘਰ ਦੇ ਅਨਿੰਨ ਸੇਵਕਾਂ ਸੱਤੇ ਅਤੇ ਬਲਵੰਡ ਨੇ ਇਸ ਗੱਲ ਨੂੰ ਬਿਆਨ ਕਰਦਿਆਂ ਕਿਹਾ ਹੈ:

---

24 J.D. Cunnigham, *A History of the Sikhs, New Delhi,* 1985, p. 34.

25 ਗੁਰੂ ਅੰਗਦ ਦੇਵ ਦਾ ਜਨਮ 31 ਮਾਰਚ, 1504 ਈ. ਨੂੰ ਮੱਤੇ ਦੀ ਸਰਾਇ ਪਿੰਡ ਵਿੱਚ ਹੋਇਆ ਸੀ ਜਿਹੜਾ ਕਿ ਮੌਜੂਦਾ ਪੰਜਾਬ ਦੇ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਵਸਿਆ ਹੈ।

ਗੁਰ ਚੇਲੇ ਰਹਿਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ।।

ਸਹਿ ਟਿਕਾ ਦਿਤੋਸੁ ਜੀਵਦੈ।।

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ।।

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।।[26]

ਗੁਰੂ ਅਤੇ ਚੇਲੇ ਭਾਵ ਗੁਰੂ ਨਾਨਕ ਦੇਵ ਅਤੇ ਭਾਈ ਲਹਿਣਾ ਨੇ ਆਪਸੀ ਸੁਰ ਨਾਲ ਇੱਕ ਦੂਜੇ ਵਿੱਚ ਅਭੇਦ ਹੋ ਕੇ ਆਪਣੀ ਕਾਇਆ ਪਲਟ ਲਈ ਸੀ। ਗੁਰੂ ਨਾਨਕ ਸਾਹਿਬ ਨੇ ਆਪਣੇ ਜਿਉਂਦੇ-ਜੀਅ ਭਾਈ ਲਹਿਣਾ ਨੂੰ ਗੁਰਿਆਈ ਦਾ ਟਿੱਕਾ ਦਿੱਤਾ ਸੀ। ਇਸ ਤਰ੍ਹਾਂ ਗੁਰੂ ਨਾਨਕ ਦੇਵ ਦੀ ਜੋਤ ਅਤੇ ਜੁਗਤ ਗੁਰੂ ਅੰਗਦ ਦੇਵ ਦੇ ਸਰੀਰ ਵਿੱਚ ਪਲਟ ਗਈ ਸੀ। 'ਗੁਰੂ' ਦੀ ਸੰਸਥਾ ਦੀ ਸਥਾਪਤੀ ਹੋ ਗਈ ਸੀ ਅਤੇ ਇਸ ਨਾਲ ਸਿੱਖ ਧਰਮ ਦੇ ਇਤਿਹਾਸ ਵਿੱਚ ਨਿਰੰਤਰਤਾ ਕਾਇਮ ਰਹੀ। ਇਸ ਨਾਲ ਸਿੱਖ ਧਰਮ ਦੇ ਇਤਿਹਾਸਕ ਵਿਕਾਸ ਵਿੱਚ ਕੋਈ ਖੜੋਤ ਨਹੀਂ ਆਈ। ਡਾ. ਅਰਨੈਸਟ ਟਰੰਪ ਦਾ ਇਹੋ ਮੰਨਣਾ ਹੈ "ਗੁਰੂ ਨਾਨਕ ਦੇ ਪੈਰੋਕਾਰ ਅਤੇ ਗੁਰੂ ਤੋਂ ਪੂਰਬਲੇ ਹੋਰ ਗੁਰੂਆਂ ਦੇ ਪੈਰੋਕਾਰ ਨਿਰਸੰਦੇਹ ਛੇਤੀ ਹੀ ਖਿਲਰ-ਪੁਲਰ ਗਏ ਹੁੰਦੇ ਅਤੇ ਅਲੋਪ ਹੋ ਗਏ ਹੁੰਦੇ ਜੇਕਰ ਉਹਨਾਂ ਨੇ ਆਪਣੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਆਪਣਾ ਉੱਤਰਾਧਿਕਾਰੀ ਸਥਾਪਿਤ ਕਰਨ ਵੱਲ ਧਿਆਨ ਨਾ ਦਿੱਤਾ ਹੁੰਦਾ।"[27]

ਗੁਰੂ ਅੰਗਦ ਦੇਵ ਨੂੰ ਗੁਰਿਆਈ ਦੇਣ ਦੀ ਸਾਰੀ ਰਸਮ ਕਰਤਾਰਪੁਰ ਸਾਹਿਬ ਵਿਖੇ ਹੋਈ ਸੀ ਪਰ ਗੁਰੂ ਨਾਨਕ ਸਾਹਿਬ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਗੁਰੂ ਅੰਗਦ ਦੇਵ ਖਡੂਰ ਸਾਹਿਬ ਵਿਖੇ ਆ ਗਏ ਸਨ।

ਉਹਨਾਂ ਨੇ ਖਡੂਰ ਸਾਹਿਬ ਵਿਖੇ ਰਹਿ ਕੇ ਆਪਣਾ ਧਰਮ-ਪਰਚਾਰ ਕੀਤਾ ਸੀ। ਇੱਥੇ ਭਾਈ ਬਾਲਾ ਸੰਧੂ ਗੁਰੂ ਅੰਗਦ ਦੇਵ ਨੂੰ ਮਿਲੇ ਸਨ। ਇਸ ਗੱਲ ਦੀ ਜਾਣਕਾਰੀ ਕੇਸਰ ਸਿੰਘ ਛਿੱਬਰ ਅਤੇ ਜਨਮਸਾਖੀ ਭਾਈ ਬਾਲਾ ਵਲੋਂ ਦਿੱਤੀ ਗਈ ਹੈ।[28]

ਭਾਈ ਬਾਲਾ ਸੰਧੂ ਦੇ ਮਿਲਣ ਨਾਲ ਖਡੂਰ ਸਾਹਿਬ ਵਿਖੇ ਸਿੱਖ ਧਰਮ ਦੇ ਪਰਚਾਰ ਦਾ ਕੰਮ ਤੇਜ਼ ਹੋ ਗਿਆ ਸੀ। ਪਹਿਲਾ ਕੰਮ ਗੁਰੂ ਨਾਨਕ ਦੇਵ ਦੀ ਬਾਣੀ ਨੂੰ ਸੰਭਾਲਣ ਦਾ ਅਤੇ ਲਿਖ-ਲਿਖ ਕੇ ਪਰਚਾਰਣ ਦਾ

---

26 *ਗੁਰੂ ਗ੍ਰੰਥ ਸਾਹਿਬ*, ਰਾਮਕਲੀ ਕੀ ਵਾਰ (ਸੱਤਾ ਅਤੇ ਬਲਵੰਡ), ਪੰਨਾ 966.

27 Ernest Trumpp, *The Adi Granth*, London, 1877, p. IXXVII (Introduction).

28 ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਰਤਨ ਸਿੰਘ ਜੱਗੀ (ਸੰਪਾ.), ਮੈਗਜ਼ੀਨ ਪਰਖ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972, ਚਰਣ ਦੂਜਾ, ਪੰਨਾ 19.

ਕੀਤਾ ਗਿਆ। ਇਹ ਸਾਰਾ ਕੰਮ ਗੁਰਮੁਖੀ ਲਿੱਪੀ ਵਿੱਚ ਕੀਤਾ ਜਾਂਦਾ ਸੀ। ਗੁਰਮੁਖੀ ਲਿੱਪੀ ਦੀ ਪ੍ਰਚੱਲਤਾ ਅਤੇ ਕਾਢ ਬਾਰੇ ਲੇਖਕਾਂ ਵਿੱਚ ਕਾਫ਼ੀ ਮੱਤਭੇਦ ਹਨ। ਆਮ ਤੌਰ ਤੇ ਇੱਕ ਮੱਤ ਇਹ ਹੈ ਕਿ ਗੁਰਮੁਖੀ ਅੱਖਰ ਗੁਰੂ ਨਾਨੁਕ ਦੇਵ ਦੇ ਸਮੇਂ ਤੋਂ ਪ੍ਰਚੱਲਿਤ ਹੋ ਗਏ ਸਨ। ਗੁਰੂ ਨਾਨਕ ਦੇਵ ਦੀ ਇੱਕ ਰਚਨਾ ਜੋ 'ਰਾਗ ਆਸਾ' ਵਿੱਚ ਹੈ ਅਤੇ ਜਿਸ ਦਾ ਨਾਂ 'ਪੱਟੀ' ਹੈ ਉਸ ਵਿੱਚ ਗੁਰਮੁਖੀ ਦੇ ਪੈਂਤੀ ਅੱਖਰ ਹਨ। ਇਹ ਤਦ ਹੀ ਲਿਖੇ ਗਏ ਸਮਝੇ ਜਾਂਦੇ ਹਨ ਜੇਕਰ ਇਹ ਅੱਖਰ ਗੁਰੂ ਨਾਨਕ ਦੇਵ ਨੇ ਬਣਾਏ ਸਨ ਜਾਂ ਉਹਨਾਂ ਦੇ ਸਮੇਂ ਬਣਾਏ ਜਾ ਚੁੱਕੇ ਸਨ। ਇਹਨਾਂ ਅੱਖਰਾਂ ਵਿੱਚ 'ੜ' ਅੱਖਰ ਹੈ ਜਿਸ ਦੀ ਬੜੀ ਵਿਲੱਖਣ ਹੋਂਦ ਹੈ। ਇੱਕ ਹੋਰ ਮੱਤ ਇਹ ਹੈ ਗੁਰੂ ਨਾਨਕ ਦੇਵ ਦੇ ਸਮੇਂ ਗੁਰਮੁਖੀ ਦੇ ਅੱਖਰ ਲੰਡੇ ਸਨ। ਭਾਵ ਕਿ ਇਹਨਾਂ ਦੀਆਂ ਲਗਾ-ਮਾਤਰਾਂ ਨਹੀਂ ਸਨ। ਇਸ ਮੱਤ ਅਨੁਸਾਰ ਜੋ ਪੱਟੀ ਵਾਲੀ ਰਚਨਾ ਲਿਖੀ ਗਈ ਸੀ ਉਹ ਲੰਡੇ ਅੱਖਰਾਂ ਵਿੱਚ ਸੀ। ਗੁਰੂ ਅੰਗਦ ਦੇਵ ਨੇ ਇਹਨਾਂ ਅੱਖਰਾਂ ਨਾਲ ਲਗਾ-ਮਾਤਰਾਵਾਂ ਲਗਾ ਕੇ ਇਹਨਾਂ ਦੇ ਉਚਾਰਨ ਨੂੰ ਸਹੀ ਅਤੇ ਸੰਪੂਰਨ ਕੀਤਾ ਸੀ। ਇਸ ਤੱਥ ਨੂੰ ਨਿਸ਼ਚੇ ਨਾਲ ਮੰਨਣਾ ਹੋਵੇਗਾ ਕਿ ਗੁਰੂ ਅੰਗਦ ਦੇਵ ਦੇ ਸਮੇਂ ਤੱਕ ਗੁਰਮੁਖੀ ਲਿੱਪੀ ਪੂਰੀ ਕੀਤੀ ਜਾ ਚੁੱਕੀ ਸੀ ਅਤੇ ਇਸ ਵਿੱਚ ਪੂਰੀ ਬਾਕਾਇਦਗੀ ਨਾਲ ਲਿਖਿਆ ਜਾਣਾ ਸ਼ੁਰੂ ਹੋ ਗਿਆ ਸੀ।[29]

ਪਹਿਲੇ ਗੁਰੂ ਸਾਹਿਬ ਦੀ ਬਾਣੀ ਦੇ ਪਰਚਾਰ ਦਾ ਕੰਮ ਸ਼ੁਰੂ ਕੀਤਾ ਗਿਆ ਅਤੇ ਨਾਲ ਹੀ ਗੁਰੂ ਅੰਗਦ ਦੇਵ ਨੇ ਆਪਣੀ ਬਾਣੀ ਲਿਖੀ ਸੀ। ਗੁਰੂ ਅੰਗਦ ਦੇਵ ਦੇ ਆਪਣੇ ਸਲੋਕ 61 ਹੀ ਹਨ ਉਹਨਾਂ ਨੇ ਜ਼ਿਆਦਾਤਰ ਗੁਰੂ ਨਾਨਕ ਦੇਵ ਦੀ ਬਾਣੀ ਨੂੰ ਲਿਖਵਾ ਕੇ ਸਿੱਖ-ਸੰਗਤਾਂ ਵਿੱਚ ਵੰਡਿਆ ਸੀ।

ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਦੀ ਜਨਮਸਾਖੀ ਲਿਖਵਾ ਕੇ ਤਿਆਰ ਕਰਵਾਈ ਗਈ ਸੀ। ਇਸ ਗੱਲ ਦੀ ਪੁਸ਼ਟੀ ਪੰਜਾਬ ਦੀਆਂ ਮੁੱਢਲੀਆਂ ਲਿਖਤਾਂ ਤੋਂ ਅਤੇ ਜਨਮਸਾਖੀ ਭਾਈ ਬਾਲਾ ਵਿੱਚੋਂ ਵੀ ਹੁੰਦੀ ਹੈ। ਜਨਮਸਾਖੀ ਭਾਈ ਬਾਲਾ ਵਿੱਚ ਬੜੇ ਸਪੱਸ਼ਟ ਸ਼ਬਦਾਂ ਵਿੱਚ ਦੱਸਿਆ ਗਿਆ ਹੈ ਕਿ ਗੁਰੂ ਅੰਗਦ ਦੇਵ ਨੇ ਭਾਈ ਬਾਲਾ ਸੰਧੂ ਕੋਲੋਂ, ਗੁਰੂ ਨਾਨਕ ਦੇਵ ਦੇ ਜੀਵਨ-ਹਾਲਾਤ ਸੁਣ ਕੇ ਭਾਈ ਪੈੜਾ ਕੋਲੋਂ ਲਿਖਵਾਇਆ ਸੀ।[30] ਗੁਰੂ ਨਾਨਕ ਦੇਵ ਦੇ ਸੰਗੀ-ਸਾਥੀਆਂ ਵਿੱਚੋਂ ਗੁਰੂ ਅੰਗਦ ਦੇਵ ਦੇ ਸਮੇਂ ਸਿਰਫ਼ ਭਾਈ ਬਾਲਾ ਸੰਧੂ ਅਤੇ ਬਾਬਾ

---

29 ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਸਿਆਲਕੋਟ 1891, ਪੰਨਾ 175; ਗੋਕਲ ਚੰਦ ਨਾਰੰਗ, *ਸਿੱਖ ਮੱਤ ਦਾ ਪਰਿਵਰਤਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨੇ 16-17; ਅਤੇ ਇੰਦੂ ਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ*, ਜਿਲਦ ਪਹਿਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨੇ 99-100.

30 *ਜਨਮਸਾਖੀ ਬਾਲਾ*, ਸੁਰਿੰਦਰ ਸਿੰਘ ਕੋਹਲੀ (ਸੰਪਾ.), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1990, ਪੰਨੇ 47-51.

ਬੁੱਢਾ ਜਿਉਂਦੇ ਸਨ। ਭਾਈ ਮਰਦਾਨਾ, ਬੀਬੀ ਨਾਨਕੀ ਅਤੇ ਮਾਤਾ-ਪਿਤਾ ਆਦਿ, ਪਰਲੋਕ ਸਿਧਾਰ ਚੁੱਕੇ ਸਨ। ਬਾਬਾ ਸ੍ਰੀ ਚੰਦ ਵੀ ਉਸ ਸਮੇਂ ਜੀਵਤ ਸਨ ਜਿੰਨਾਂ ਨੇ ਗੁਰੂ ਸਾਹਿਬ ਦੇ ਜੀਵਨ ਨੂੰ ਬਹੁਤ ਨੇੜਿਉਂ ਦੇਖਿਆ ਸੀ। ਭਾਈ ਬਾਲਾ, ਬਾਬਾ ਸ੍ਰੀ ਚੰਦ ਦੇ ਵਿਸ਼ਵਾਸ਼ਪਾਤਰ ਸਨ। ਇਸ ਤਰ੍ਹਾਂ ਗੁਰੂ ਅੰਗਦ ਦੇਵ ਨੇ ਪਹਿਲੀ ਵਾਰ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸਬੰਧਿਤ ਸਾਖੀਆਂ ਵਾਲੀ ਇੱਕ ਜਨਮਸਾਖੀ ਲਿਖਵਾਈ ਸੀ। ਇਸ ਦੀ ਪੁਸ਼ਟੀ ਮੁੱਢਲੀਆਂ ਕਈ ਗੁਰਮੁਖੀ ਲਿਖਤਾਂ ਤੋਂ ਹੁੰਦੀ ਹੈ।[31]

ਗੁਰੂ ਅੰਗਦ ਦੇਵ ਦਾ ਸਭ ਤੋਂ ਮਹੱਤਵਪੂਰਨ ਕੰਮ ਲੰਗਰ ਦੀ ਸੰਸਥਾ ਨੂੰ ਪਹਿਲਾਂ ਵਾਂਗ ਕਾਇਮ ਰੱਖਣ ਦਾ ਸੀ। ਗੁਰੂ ਨਾਨਕ ਦੇਵ ਦੇ ਸਮੇਂ ਤੋਂ ਲੰਗਰ ਦੀ ਸੰਸਥਾ ਨੂੰ ਸਥਾਪਿਤ ਕਰ ਦਿੱਤਾ ਗਿਆ ਸੀ। ਉਸ ਤੋਂ ਬਾਅਦ ਲੰਗਰ ਕਦੇ ਵੀ ਗੁਰੂ ਤੋਂ ਅਲੱਗ ਨਹੀਂ ਹੋਇਆ। ਜਿੱਥੇ ਵੀ ਗੁਰੂ ਜਾਂਦਾ ਸੀ ਲੰਗਰ ਹਮੇਸ਼ਾਂ ਨਾਲ ਚਲਦਾ ਸੀ। ਸੱਤਾ ਅਤੇ ਬਲਵੰਡ ਦੀ ਰਾਮਕਲੀ ਕੀ ਵਾਰ ਵਿੱਚ ਇਸ ਗੱਲ ਦੇ ਸੰਕੇਤ ਮਿਲਦੇ ਹਨ ਜਿਹੜੇ ਲੰਗਰ ਦੀ ਉਤਮਤਾ ਅਤੇ ਸੁਆਦੀਪਣ ਨੂੰ ਦਰਸਾਉਂਦੇ ਹਨ। ਗੁਰੂ ਸਾਹਿਬ ਦੇ ਹੁਕਮ ਨਾਲ ਲੰਗਰ ਵਰਤਾਇਆ ਜਾਂਦਾ ਸੀ। ਇਸ ਵਿੱਚ ਕਿਸੇ ਵੀ ਕਿਸਮ ਦੀ ਤੋਟ ਨਹੀਂ ਸੀ ਆਉਂਦੀ। ਗੁਰੂ ਅੰਗਦ ਦੇਵ ਦੀ ਪਤਨੀ ਮਾਤਾ ਖੀਵੀ ਲੰਗਰ ਦੀ ਨਿਗਰਾਨੀ ਰੱਖਦੇ ਸਨ ਅਤੇ ਲੰਗਰ ਵਿੱਚ ਘਿਉ ਵਾਲੀ ਖੀਰ ਵਰਤਾਈ ਜਾਂਦੀ ਸੀ। ਜਿੰਨਾਂ ਵੀ ਚੜ੍ਹਾਵੇ ਦਾ ਪੈਸਾ ਇਕੱਠਾ ਹੁੰਦਾ ਸੀ, ਉਹ ਸਾਰਾ ਲੰਗਰ ਤੇ ਖਰਚ ਕੀਤਾ ਜਾਂਦਾ ਸੀ। ਹਰ ਰੋਜ ਵਧੀਆ ਆਟਾ ਅਤੇ ਦੇਸੀ ਘਿਉ ਲੰਗਰ ਵਿੱਚ ਵਰਤਿਆ ਜਾਂਦਾ ਸੀ। ਗੁਰੂ ਗ੍ਰੰਥ ਸਾਹਿਬ ਵਿੱਚ ਇਹ ਵੇਰਵੇ ਇਸ ਤਰ੍ਹਾਂ ਹਨ:

ਲੰਗਰੁ ਚਲੈ ਗੁਰ ਸ਼ਬਦਿ ਹਰਿ ਤੋਟਿ ਨ ਆਵੀ ਖਟੀਐ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥
-----------------------------------------
ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥

31 ਕੇਸਰ ਸਿੰਘ ਛਿੱਬਰ, *ਪੂਰਵ ਅੰਕਤ*, ਚਰਣ ਦੂਜਾ ਬੰਦ 45-49, ਪੰਨੇ 19-20; ਸੰਤ ਦਾਸ ਛਿੱਬਰ, *ਜਨਮਸਾਖੀ ਸ੍ਰੀ ਗੁਰ ਨਾਨਕ ਸ਼ਾਹ ਕੀ*, ਡਾ. ਗੁਰਦੇਵ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985 (ਮੁੜ ਪ੍ਰਕਾਸ਼ਿਤ), ਪੰਨੇ 10-11; ਡਾ. ਕਿਰਪਾਲ ਸਿੰਘ, *ਜਨਮਸਾਖੀ ਪਰੰਪਰਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨੇ 223; ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, 1891, ਪੰਨਾ 175. J.D. Cunningham, *A History of the Sikhs*, New Delhi, 1985, p. 44; Syad Muhammad Latif, *History of the Punjab*, New Delhi, 1997, p. 250.

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

---------------------------------

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥[32]

ਲੰਗਰ ਸਿੱਖ ਧਰਮ ਦੇ ਵਿਕਾਸ ਵਿੱਚ ਬਹੁਤ ਮਹੱਤਵਪੂਰਨ ਤੱਥ ਸਾਬਤ ਹੋਇਆ ਸੀ। ਇਸ ਨਾਲ ਸਿੱਖ ਸੰਗਤਾਂ ਵਿੱਚ ਊਚ-ਨੀਚ ਦਾ ਭੇਦ ਮਿਟ ਕੇ ਬਰਾਬਰਤਾ ਦਾ ਵਿਚਾਰ ਦ੍ਰਿੜ ਹੋਇਆ ਸੀ। ਗੁਰੂ ਸਾਹਿਬ ਦਾ ਹੁਕਮ ਸੀ ਸਭ ਲੋਕ ਇਕੋ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਣ। ਇਸ ਨਾਲ ਸੰਗਤ ਅਤੇ ਪੰਗਤ ਦਾ ਸੰਕਲਪ ਹੋਂਦ ਵਿੱਚ ਆ ਗਿਆ ਅਤੇ ਸਿੱਖ ਸੰਗਤਾਂ ਵਿੱਚ ਏਕਤਾ ਦੀ ਭਾਵਨਾ ਪੱਕੀ ਹੋ ਗਈ ਸੀ।

ਗੁਰੂ ਅੰਗਦ ਦੇਵ ਨੇ ਸਿੱਖ ਸੰਗਤਾਂ ਨੂੰ ਗੁਰਮੁਖੀ ਲਿੱਪੀ ਦੀ ਪੜ੍ਹਾਈ ਵਾਸਤੇ ਖਡੂਰ ਸਾਹਿਬ ਵਿਖੇ ਇੱਕ ਮਦੱਰਸਾ (ਸਕੂਲ) ਸਥਾਪਿਤ ਕੀਤਾ ਸੀ। ਪੜ੍ਹਾਈ ਦਾ ਪਹਿਲਾ ਮਦੱਰਸਾ ਕਰਤਾਪੁਰ ਸਾਹਿਬ ਵਿਖੇ ਸਥਾਪਿਤ ਕੀਤਾ ਹੋਇਆ ਸੀ ਭਾਈ ਗੁਰਦਾਸ ਨੇ ਪਹਿਲੀ ਵਾਰ ਦੀ 38ਵੀਂ ਪਉੜੀ ਵਿੱਚ ਲਿਖਿਆ ਹੈ:

ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ॥

ਗਿਆਨ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ॥[33]

ਇਸ ਨਾਲ ਪੰਜਾਬੀ ਬੋਲੀ ਦੀ ਗੁਰਮੁਖੀ ਲਿੱਪੀ ਵਿੱਚ ਪੜ੍ਹਾਈ ਸ਼ੁਰੂ ਹੋ ਗਈ ਸੀ। ਇਹ ਸਿੱਖ ਧਰਮ ਦੀ ਬਿਲਕੁਲ ਨਵੀਂ ਅਤੇ ਨਿਵੇਕਲੀ ਦੇਣ ਸੀ। ਗੁਰੂ ਅੰਗਦ ਦੇਵ ਨੇ ਇਸ ਵਿੱਚ ਮਹੱਤਵਪੂਰਨ ਹਿੱਸਾ ਪਾਇਆ ਸੀ। ਗੁਰੂ ਅੰਗਦ ਦੇਵ 48 ਸਾਲ ਦੀ ਉਮਰ ਵਿੱਚ 29 ਮਾਰਚ, 1532 ਈਸਵੀ ਨੂੰ ਜੋਤੀ-ਜੋਤ ਸਮਾ ਗਏ ਸਨ। ਉਹਨਾਂ ਨੇ ਆਪਣੇ ਸੇਵਕ ਭਾਈ ਅਮਰੂ ਨੂੰ ਆਪਣਾ ਉੱਤਰਾਧਿਕਾਰੀ ਥਾਪਿਆ ਸੀ। ਇਸ ਤਰ੍ਹਾਂ ਤੀਜੇ ਗੁਰੂ, ਗੁਰੂ ਅਮਰ ਦਾਸ ਦੇ ਨਾਂ ਨਾਲ ਸਿੱਖ ਸੰਗਤਾਂ ਦੇ ਸਾਹਮਣੇ ਆਏ। ਸੱਤਾ ਤੇ ਬਲਵੰਡ ਨੇ ਰਾਮਕਲੀ ਕੀ ਵਾਰ ਵਿੱਚ ਦੱਸਿਆ ਹੈ:

ਧੰਨੁ ਸੋ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ॥

ਨਾਨਕ ਤੂ ਲਹਣਾ ਤੂ ਹੈ ਗੁਰੁ ਅਮਰੁ ਤੂ ਵੀਚਾਰਿਆ॥

ਗੁਰ ਡਿਠਾ ਤਾ ਮਨੁ ਸਾਧਾਰਿਆ॥[34]

---

32 ਗੁਰੂ ਗ੍ਰੰਥ ਸਾਹਿਬ, ਰਾਮਕਲੀ ਕੀ ਵਾਰ: ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ; ਪੰਨੇ 966-67 ਅਤੇ 68 ਪਉੜੀ ਦੂਜੀ, ਤੀਜੀ ਅਤੇ ਛੇਵੀਂ, ਕ੍ਰਮਵਾਰ।

33 *ਵਾਰਾਂ* ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 38ਵੀਂ.

34 ਗੁਰੂ ਗ੍ਰੰਥ ਸਾਹਿਬ, ਰਾਮਕਲੀ ਕੀ ਵਾਰ, ਪੰਨਾ 968.

ਗੁਰੂ ਅਮਰ ਦਾਸ 5 ਮਈ, 1479 ਈਸਵੀ ਵਿੱਚ ਵਰਤਮਾਨ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਬਾਸਰਕੇ ਵਿਖੇ ਜਨਮੇ ਸਨ। ਆਪ ਗੁਰੂ ਨਾਨਕ ਦੇਵ ਤੋਂ ਸਿਰਫ਼ ਦਸ ਸਾਲ ਛੋਟੇ ਸਨ ਪਰ ਆਪ ਨੇ ਤੀਜੇ ਪਾਤਿਸ਼ਾਹ ਦੇ ਤੌਰ ਤੇ 73 ਸਾਲ ਦੀ ਉਮਰ ਵਿੱਚ ਗੁਰਿਆਈ ਦੀਆਂ ਜ਼ਿੰਮੇਵਾਰੀਆਂ ਸੰਭਾਲੀਆਂ ਸਨ।

ਗੁਰੂ ਅਮਰਦਾਸ ਨੇ ਉਸ ਤਰ੍ਹਾਂ ਖਡੂਰ ਸਾਹਿਬ ਤੋਂ ਚੱਲ ਕੇ ਗੋਇੰਦਵਾਲ ਸਾਹਿਬ ਵਿਖੇ ਆਪਣਾ ਪਰਚਾਰ ਕੇਂਦਰ ਬਣਾ ਲਿਆ ਸੀ ਜਿਸ ਤਰ੍ਹਾਂ ਗੁਰੂ ਅੰਗਦ ਦੇਵ ਨੇ ਕਰਤਾਰਪੁਰ ਸਾਹਿਬ ਨੂੰ ਛੱਡ ਕੇ ਖਡੂਰ ਸਾਹਿਬ ਨੂੰ ਆਪਣਾ ਕੇਂਦਰ ਬਣਾਇਆ ਸੀ। ਸ਼ਾਇਦ ਇਹ ਸਮੇਂ ਦੀ ਨਜਾਕਤ ਨੂੰ ਸੰਭਾਲਣ ਦਾ ਇੱਕ ਵਧੀਆ ਤਰੀਕਾ ਸੀ। ਵੱਡਾ ਕਾਰਨ, ਪਹਿਲੇ ਕੇਂਦਰਾਂ ਨੂੰ ਛੱਡ ਕੇ ਨਵੇਂ ਕੇਂਦਰ ਬਣਾਉਣ ਪਿੱਛੇ ਇਹ ਸੀ ਹਰ ਨਵਾਂ ਉੱਤਰਾਧਿਕਾਰੀ ਪਹਿਲੇ ਗੁਰੂ ਦੇ ਖਾਨਦਾਨ ਵਿੱਚੋਂ ਨਹੀਂ ਸੀ। ਪਹਿਲੇ ਕੇਂਦਰ ਵਿੱਚ ਪਹਿਲੇ ਗੁਰੂ ਦੀ ਸੰਤਾਨ ਰਹਿੰਦੀ ਰਹੀ ਜਦੋਂ ਕਿ ਨਵੇਂ ਉੱਤਰਾਧਿਕਾਰੀ ਨੇ ਪਹਿਲੇ ਗੁਰੂ ਦੀ ਸੰਤਾਨ ਦੇ ਕੰਮਾ-ਕਾਰਾਂ ਵਿੱਚ ਕੋਈ ਦਖ਼ਲ-ਅੰਦਾਜ਼ੀ ਨਹੀਂ ਕੀਤੀ ਸੀ। ਇਸ ਤਰ੍ਹਾਂ ਕਰਨ ਨਾਲ ਪਹਿਲੇ ਗੁਰੂ ਸਾਹਿਬ ਦਾ ਪਰਿਵਾਰ ਨਵੇਂ ਉੱਤਰਾਧਿਕਾਰੀਆਂ ਨਾਲ ਪੂਰੀ ਤਰ੍ਹਾਂ ਜੁੜਿਆ ਰਿਹਾ ਸੀ। ਪਹਿਲੇ ਗੁਰੂ ਸਾਹਿਬ ਦੇ ਪੁੱਤਰਾਂ ਦੇ ਮਨਾਂ ਵਿੱਚ ਇਸ ਗੱਲ ਦਾ ਕੁਝ ਗੁੱਸਾ ਜ਼ਰੂਰ ਰਿਹਾ ਸੀ ਪਰ ਇਹ ਵਿਰੋਧਤਾ ਜ਼ਿਆਦਾ ਸਮਾਂ ਨਹੀਂ ਰਹੀ ਸੀ ਕਿਉਂਕਿ ਸੰਗਤਾਂ ਦਾ ਝੁਕਾਅ ਸਾਰੀ ਸਥਿਤੀ ਨੂੰ ਸਪੱਸ਼ਟ ਕਰ ਦਿੰਦਾ ਸੀ। ਗੁਰੂ ਦੇ ਹੁਕਮ ਦੇ ਨਾਲ-ਨਾਲ ਸਿੱਖ ਸੰਗਤਾਂ ਦਾ ਝੁਕਾਅ ਫੈਸਲਾਕੁਨ ਹੁੰਦਾ ਸੀ। ਇਸ ਤਰ੍ਹਾਂ ਬਾਬਾ ਸ੍ਰੀ ਚੰਦ ਛੇਤੀ ਇਸ ਗੱਲ ਨੂੰ ਸਮਝ ਗਏ ਸਨ ਕਿ ਉਹਨਾਂ ਦੇ ਪਿਤਾ (ਗੁਰੂ ਨਾਨਕ ਦੇਵ) ਦਾ ਗੁਰੂ ਅੰਗਦ ਦੇਵ ਨੂੰ ਗੁਰਿਆਈ ਬਖਸ਼ਣ ਦਾ ਫੈਸਲਾ ਠੀਕ ਸੀ। ਗੁਰੂ ਅੰਗਦ ਦੇਵ ਦੇ ਪੁੱਤਰਾਂ ਨੇ ਗੁਰੂ ਅਮਰਦਾਸ ਦੀ ਵਿਰੋਧਤਾ ਕੀਤੀ ਪਰ ਛੇਤੀ ਉਹ ਸਮਝ ਗਏ ਸਨ ਕਿ ਗੁਰੂ ਅੰਗਦ ਦੇਵ ਦਾ ਗੁਰੂ ਅਮਰਦਾਸ ਨੂੰ ਗੁਰਿਆਈ ਬਖਸ਼ਣ ਦਾ ਫੈਸਲਾ ਸਹੀ ਸੀ। ਇਸ ਲਈ ਪਹਿਲੇ ਕੇਂਦਰਾਂ ਦੀ ਗੁਰੂ ਸਾਹਿਬਾਨ ਦੀ ਸੰਤਾਨ ਕੋਲ ਰਹਿਣ ਦੀ ਗੱਲ ਨੇ ਇੱਕ ਚੰਗਾ ਪ੍ਰਭਾਵ ਪਾਇਆ ਸੀ। ਇਸ ਦਾ ਇੱਕ ਵਧੀਆ ਨਤੀਜਾ ਇਹ ਨਿਕਲਿਆ ਸੀ ਕਿ ਪਹਿਲੇ ਕੇਂਦਰ ਪਹਿਲਾਂ ਦੀ ਤਰ੍ਹਾਂ ਸਿੱਖ ਧਰਮ ਦਾ ਪਰਚਾਰ-ਕੇਂਦਰ ਬਣੇ ਰਹੇ ਸਨ ਅਤੇ ਪਹਿਲੇ ਗੁਰੂ ਪਰਿਵਾਰ ਨਵੇਂ ਗੁਰੂ ਨਾਲ ਜੁੜੇ ਰਹੇ ਸਨ।[35]

ਗੁਰੂ ਅਮਰਦਾਸ ਨੇ ਗੋਇੰਦਵਾਲ ਸਾਹਿਬ ਆ ਕੇ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਸੰਭਾਲਿਆ ਅਤੇ ਆਪਣੀ ਬਾਣੀ ਰਚੀ। ਤੀਜੇ ਗੁਰੂ ਸਾਹਿਬ ਦੇ ਸਮੇਂ ਸਿੱਖਾਂ ਦੀ ਗਿਣਤੀ ਬਹੁਤ ਵੱਧ ਗਈ ਸੀ ਅਤੇ ਇਸ

---

35 Khazan Singh, *History of the Sikh Religion*, Patiala, 1988, pp. 115-116.

ਲਈ ਉਹਨਾਂ ਦੇ ਵਿਰੋਧੀ ਵੱਧ ਗਏ ਸਨ। ਵਿਰੋਧੀਆਂ ਨੇ ਗੁਰਬਾਣੀ ਦੀ ਤਰਜ ਤੇ ਆਪਣੀ ਬਾਣੀ ਰਚਨੀ ਸ਼ੁਰੂ ਕਰ ਦਿੱਤੀ ਸੀ। ਇਸ ਗੱਲ ਦਾ ਪਤਾ ਗੁਰੂ ਅਮਰਦਾਸ ਦੇ ਇਸ ਸ਼ਬਦ ਤੋਂ ਲੱਗਦਾ ਹੈ ਜਿਸ ਵਿੱਚ ਗੁਰੂ ਸਾਹਿਬ ਦੱਸਦੇ ਹਨ ਕਿ ਸਿੱਖਾਂ ਨੂੰ ਸਿਰਫ਼ ਗੁਰੂ ਸਾਹਿਬ ਦੀ ਸੱਚੀ ਬਾਣੀ ਦਾ ਪਾਠ ਕਰਨਾ ਚਾਹੀਦਾ ਹੈ। ਸੱਚੀ ਬਾਣੀ ਸਿਰਫ਼ ਸਤਿਗੁਰਾਂ ਦੀ ਹੈ। ਜਿਹੜੇ ਹੋਰ ਵਿਅਕਤੀ ਬਾਣੀ ਉਚਾਰਦੇ ਹਨ ਉਹ ਖ਼ੁਦ ਵੀ ਕੱਚੇ ਹਨ ਅਤੇ ਉਹਨਾਂ ਦੀ ਰਚਨਾ ਵੀ ਕੱਚੀ ਹੈ। ਉਹ ਹਰ ਵੇਲੇ ਮੂੰਹੋਂ ਕੁਝ ਹੋਰ ਉਚਾਰਦੇ ਹਨ ਪਰ ਕਰਦੇ ਕੁਝ ਹੋਰ ਹਨ। ਉਹਨਾਂ ਦਾ ਮਨ ਮਾਇਆ ਨੇ ਕਾਬੂ ਕਰ ਰੱਖਿਆ ਹੈ।

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥23॥
ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ॥
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥24॥[36]

ਇਸ ਸ਼ਬਦ ਤੋਂ ਸਪੱਸ਼ਟ ਹੁੰਦਾ ਹੈ ਗੁਰੂ ਸਾਹਿਬ ਨੇ ਸੱਚੇ ਸਤਿਗੁਰਾਂ (ਗੁਰੂ ਨਾਨਕ ਦੇਵ ਅਤੇ ਗੁਰੂ ਅੰਗਦ ਦੇਵ) ਦੀ ਬਾਣੀ ਨੂੰ ਸ਼ੁੱਧ ਅਤੇ ਮੌਲਿਕ ਰੂਪ ਵਿੱਚ ਸੰਭਾਲ ਕੇ ਰੱਖਿਆ ਸੀ ਅਤੇ ਆਪਣੀ ਬਾਣੀ ਰਚੀ ਸੀ। ਗੋਇੰਦਵਾਲ ਸਾਹਿਬ ਵਿਖੇ ਬਾਣੀ ਨੂੰ ਲਿਖਿਆ ਅਤੇ ਪਰਚਾਰਿਆ ਜਾਂਦਾ ਸੀ।

ਲੰਗਰ ਦੀ ਸੰਸਥਾ ਗੁਰੂ ਨਾਨਕ ਦੇਵ ਤੋਂ ਹੀ ਚਲੀ ਆ ਰਹੀ ਸੀ। ਗੁਰੂ ਅਮਰਦਾਸ ਨੇ ਪੂਰੀ ਮਜ਼ਬੂਤੀ ਅਤੇ ਗੰਭੀਰਤਾ ਨਾਲ ਇਸ ਨੂੰ ਜਾਰੀ ਰੱਖਿਆ ਸੀ। ਗੁਰੂ ਅਮਰਦਾਸ ਨੇ ਇਹ ਹਦਾਇਤਾਂ ਕਰ

---

36 *ਗੁਰੂ ਗ੍ਰੰਥ ਸਾਹਿਬ*, ਰਾਮਕਲੀ ਆਨੰਦੁ, ਪੰਨਾ-920.

ਰੱਖੀਆਂ ਸਨ ਜੋ ਵੀ ਸੰਗਤ ਉਹਨਾਂ ਦੇ ਦਰਸ਼ਨਾਂ ਨੂੰ ਬਾਹਰੋਂ ਆਉਂਦੀ ਹੈ ਉਹ ਪਹਿਲੋਂ ਪੰਗਤ ਵਿੱਚ ਬੈਠ ਕੇ ਲੰਗਰ ਛਕੇ ਅਤੇ ਪਿੱਛੋਂ ਗੁਰੂ ਸਾਹਿਬ ਦੇ ਦਰਸ਼ਨ ਕਰੇ। ਅਜਿਹੇ ਪਵਿੱਤਰ ਸਿੱਖ ਜਦੋਂ ਇਕੱਠੇ ਹੋ ਕੇ ਸੰਗਤ ਦਾ ਰੂਪ ਧਾਰਦੇ ਹਨ ਤਾਂ ਉਹ ਸੰਗਤ ਗੁਰੂ ਤੋਂ ਵੀ ਵੱਡੀ ਹੁੰਦੀ ਹੈ। ਇਸ ਤਰ੍ਹਾਂ ਸੰਗਤ ਦੀ ਵਡਿਆਈ ਕਰਦੇ ਹੋਇਆਂ ਗੁਰੂ ਸਾਹਿਬ ਨੇ ਸੰਗਤ ਨੂੰ ਇੱਕੀ ਵਿਸਵੇ ਅਤੇ ਗੁਰੂ ਨੂੰ ਵੀਹ ਵਿਸਵੇ ਕਿਹਾ। ਭਾਵ ਕਿ ਸੱਚੇ ਸਿੱਖਾਂ ਦੀ ਸੰਗਤ ਦੇ ਸਾਹਮਣੇ ਗੁਰੂ ਸਾਹਿਬ ਆਪਣੇ-ਆਪ ਨੂੰ ਨੀਵਾਂ ਸਮਝਦੇ ਸਨ।[37]

ਗੁਰੂ ਅਮਰਦਾਸ ਦੇ ਸਮੇਂ ਸਿੱਖ ਧਰਮ ਨੇ ਬਹੁਤ ਤਰੱਕੀ ਕੀਤੀ। ਸਿੱਖ ਸੰਗਤਾਂ ਦੀ ਗਿਣਤੀ ਬਹੁਤ ਵਧ ਗਈ ਸੀ। ਗੁਰੂ ਅਮਰਦਾਸ ਨੇ ਇਹਨਾਂ ਸੰਗਤਾਂ ਨੂੰ ਮਜ਼ਬੂਤ ਪ੍ਰਬੰਧ ਵਿੱਚ ਪਰੋਣ ਲਈ ਮੰਜੀ ਪ੍ਰਥਾ ਚਲਾਈ ਸੀ। ਮੰਜੀ ਪ੍ਰਥਾ ਦਾ ਮਤਲਬ ਸੀ ਕਿ ਗੁਰੂ ਸਾਹਿਬ ਨੇ ਸਮੁੱਚੀਆਂ ਸਿੱਖ ਸੰਗਤਾਂ ਨੂੰ ਵੱਖ-ਵੱਖ ਮੰਜੀਆਂ ਵਿੱਚ ਵੰਡ ਦਿੱਤਾ ਸੀ। ਇਹ ਬਿਲਕੁਲ ਇੱਕ ਨਵਾਂ ਅਤੇ ਨਿਵੇਕਲਾ ਪ੍ਰਬੰਧ ਸੀ। ਜਿਸ ਤਰੀਕੇ ਨਾਲ ਮੁਗ਼ਲ ਹਕੂਮਤ ਵੱਲੋਂ ਰਾਜਸੀ ਪ੍ਰਬੰਧ ਅਧੀਨ ਦੇਸ਼ ਨੂੰ ਸੂਬਿਆਂ ਵਿੱਚ ਅਤੇ ਅੱਗੋਂ ਸੂਬਿਆਂ ਨੂੰ ਪਰਗਨਿਆਂ ਵਿੱਚ ਵੰਡਿਆ ਹੋਇਆ ਸੀ, ਲੱਗਭੱਗ ਇਸ ਤਰ੍ਹਾਂ ਸੰਗਤਾਂ ਨੂੰ ਪਰਗਨਿਆਂ ਅਨੁਸਾਰ ਵੰਡ ਦਿੱਤਾ ਗਿਆ ਸੀ। ਇੱਕ ਪਰਗਨੇ ਦੀ ਸੰਗਤ ਨੂੰ ਇੱਕ ਮੰਜੀਦਾਰ ਦੀ ਦੇਖ-ਰੇਖ ਹੇਠ ਕਰ ਦਿੱਤਾ ਗਿਆ ਸੀ।। ਇਸ ਤਰ੍ਹਾਂ ਇੱਕ ਮੰਜੀਦਾਰ ਆਪਣੇ ਪਰਗਨੇ ਦੀ ਸੰਗਤ ਨੂੰ ਸੰਭਾਲਦਾ ਸੀ। ਸੰਭਾਲਣ ਦਾ ਮਤਲਬ ਪਰਗਨੇ ਵਿਚਲਾ ਮੰਜੀਦਾਰ ਆਪਣੀਆਂ ਸੰਗਤਾਂ ਅਤੇ ਗੁਰੂ ਵਿਚਕਾਰ ਇੱਕ ਸਾਂਝੀ ਕੜੀ ਬਣ ਕੇ ਚੱਲਦਾ ਸੀ। ਹਰ ਤਿੱਥ-ਤਿਉਹਾਰ ਨੂੰ ਉਹ ਮੰਜੀਦਾਰ ਆਪਣੀਆਂ ਸੰਗਤਾਂ ਨੂੰ ਨਾਲ ਲੈ ਕੇ ਗੁਰੂ ਕੋਲ ਪਹੁੰਚਦਾ ਸੀ। ਇਸ ਤਰ੍ਹਾਂ ਮੰਜੀਦਾਰਾਂ ਰਾਹੀਂ ਗੁਰੂ ਸਾਹਿਬ ਆਪਣੀਆਂ ਸੰਗਤਾਂ ਨਾਲ ਲਗਾਤਾਰ ਜੁੜੇ ਰਹਿੰਦੇ ਸਨ। ਕੁੱਲ ਮੰਜੀਦਾਰ ਬਾਈ ਸਨ। ਵੱਖ-ਵੱਖ ਲਿਖਤਾਂ ਵਿੱਚ ਇਹਨਾਂ ਦੇ ਨਾਂ ਦੱਸੇ ਗਏ ਹਨ ਪਰ ਹਰ ਲਿਖਤ ਦੀ ਨਾਂਵ-ਸੂਚੀ ਵਿੱਚ ਕੁਝ ਨਾ ਕੁਝ ਵਖਰੇਵਾਂ ਹੈ।[38]

ਮੰਜੀ ਪ੍ਰਥਾ, ਇੱਕ ਬਹੁਤ ਵਧੀਆ ਪ੍ਰਬੰਧ ਸਾਬਤ ਹੋਇਆ ਸੀ। ਸਿੱਖ ਸੰਗਤਾਂ ਇੱਕ ਪ੍ਰਬੰਧ ਵਿੱਚ ਪਰੋਈਆਂ ਹੋਈਆਂ ਆਪਣੇ ਕੇਂਦਰ ਗੋਇੰਦਵਾਲ ਸਾਹਿਬ ਨਾਲ ਜੁੜੀਆਂ ਰਹੀਆਂ ਸਨ। ਮੰਜੀਦਾਰ ਸਿੱਖ

---

37 Fauja Singh's article; 'Development of Sikhism under the Gurus', in L.M. Joshi (ed.), *Sikhism*, Punjabi University, Patiala, 2000, p. 8.

38 ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ 179; ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪਟਿਆਲਾ, 1990, ਪੰਨਾ 847, Fauja Singh, *Guru Amar Das: Life and Teachings*, New Delhi, 1979, pp. 107 and 143, Teja Singh Ganda Singh, *op.cit.*, p. 23.

ਧਰਮ ਦੇ ਪ੍ਰਮੁੱਖ ਪਰਚਾਰਕ ਬਣ ਗਏ ਸਨ। ਸਿੱਖ ਸੰਗਤਾਂ ਵੱਲੋਂ ਜੋ ਸ਼ਰਧਾ-ਸਹਿਤ ਆਪਣੇ ਗੁਰੂ ਨਮਿੱਤ ਚੜ੍ਹਾਵਾਂ ਹੁੰਦਾ ਸੀ ਉਹ ਮੰਜੀਦਾਰਾਂ ਕੋਲ ਇਕੱਠਾ ਹੁੰਦਾ ਸੀ। ਅੱਗੋਂ ਇਹ ਮੰਜੀਦਾਰ ਹਰ ਤਿੱਥ-ਤਿਉਹਾਰ ਤੇ ਗੁਰੂ ਸਾਹਿਬ ਕੋਲ ਪਹੁੰਚਾ ਦਿੰਦੇ ਸਨ। ਇਸ ਨਾਲ ਗੁਰੂ ਸਾਹਿਬ ਕੋਲ ਬਾਕਾਇਦਾ ਇੱਕ ਚੜ੍ਹਾਵਾਂ ਇਕੱਠਾ ਹੋਣ ਲੱਗ ਪਿਆ। ਇਸ ਨਾਲ ਲੰਗਰ ਨੂੰ ਚਲਾਉਣ ਅਤੇ ਸਿੱਖ-ਸੰਗਤਾਂ ਲਈ ਨਵੇਂ ਤੀਰਥ-ਅਸਥਾਨ ਬਣਾਉਣ ਵਿੱਚ ਮਦਦ ਮਿਲਦੀ ਸੀ। 1559 ਈਸਵੀ ਵਿੱਚ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦਾ ਨਿਰਮਾਣ ਕਰਵਾਇਆ ਗਿਆ ਸੀ। ਬਾਉਲੀ ਇੱਕ ਪੌੜੀਆਂ ਵਾਲੇ ਖੂਹ ਨੂੰ ਕਿਹਾ ਜਾਂਦਾ ਸੀ। ਇਹ ਖੂਹ ਇਸ ਤਰੀਕੇ ਨਾਲ ਖੋਦਿਆ ਜਾਂਦਾ ਸੀ ਕਿ ਉੱਪਰ ਤੋਂ ਲੈ ਕੇ ਹੇਠਲੇ ਪਾਣੀ ਦੇ ਪੱਧਰ ਤੱਕ ਪੌੜੀਆਂ ਬਣਾਈਆਂ ਜਾਂਦੀਆਂ ਸਨ। ਇਹ ਖੂਹ ਪਾਣੀ ਦੀ ਸਹੂਲਤ ਵਾਸਤੇ ਬਣਾਏ ਜਾਂਦੇ ਸਨ। ਪਰ ਗੁਰੂ ਸਾਹਿਬ ਵੱਲੋਂ ਬਣਵਾਏ ਗਏ ਸਨ, ਇਸ ਲਈ ਇਹਨਾਂ ਨਾਲ ਸ਼ਰਧਾ ਵਸ ਕਈ ਅਜਿਹੀਆਂ ਗੱਲਾਂ ਵੀ ਜੁੜ ਗਈਆਂ ਸਨ ਜਿਹੜੀਆਂ ਤਰਕ-ਸੰਗਤ ਆਧਾਰ ਤੇ ਠੀਕ ਸਾਬਤ ਨਹੀਂ ਹੁੰਦੀਆਂ।[39]

ਗੁਰੂ ਅਮਰਦਾਸ ਦੇ ਸਬੰਧ ਵਿੱਚ ਇਹ ਜਾਣਕਾਰੀ ਮਿਲਦੀ ਹੈ ਕਿ ਉਹਨਾਂ ਨੇ ਵਿਸਾਖੀ ਦੇ ਦਿਹਾੜੇ ਤੇ ਸਿੱਖ ਸੰਗਤਾਂ ਨੂੰ ਗੋਇੰਦਵਾਲ ਸਾਹਿਬ ਵਿਖੇ ਇਕੱਠੇ ਹੋਣ ਦੀਆਂ ਹਦਾਇਤਾਂ ਦਿੱਤੀਆਂ ਸਨ।[40] ਖਜ਼ਾਨ ਸਿੰਘ ਸਾਲ ਵਿੱਚ ਦੋ ਵਾਰ, ਸੰਗਤਾਂ ਦੇ ਇਕੱਠੇ ਹੋਣ ਦੀ ਗੱਲ ਕਰਦਾ ਹੈ। ਖਜ਼ਾਨ ਸਿੰਘ ਅਨੁਸਾਰ ਦੂਜੀ ਵਾਰ ਦੀਵਾਲੀ ਵਾਲੇ ਦਿਨ ਸਿੱਖ ਗੁਰੂ ਸਾਹਿਬ ਕੋਲ ਇਕੱਠੇ ਹੁੰਦੇ ਸਨ।[41] ਗੁਰੂ ਅਮਰ ਦਾਸ ਵੱਲੋਂ ਵਰਤਮਾਨ ਅੰਮ੍ਰਿਤਸਰ ਵਾਲੀ ਜਗ੍ਹਾ ਨੂੰ ਮੁੱਲ ਖਰੀਦਣ ਬਾਰੇ ਅਤੇ ਹਿੰਦੂ ਤੀਰਥ ਅਸਥਾਨਾਂ ਤੇ ਜਾ ਕੇ ਗੁਰਬਾਣੀ ਦਾ ਪਰਚਾਰ ਕਰਨ ਦੀ ਜਾਣਕਾਰੀ ਮਿਲਦੀ ਹੈ। ਗੁਰੂ ਸਾਹਿਬ ਨੇ 1552 ਈਸਵੀ ਤੋਂ ਲੈ ਕੇ 1574 ਈਸਵੀ ਤੱਕ ਸਿੱਖ ਧਰਮ ਦਾ ਪਰਚਾਰ ਕੀਤਾ। ਉਹਨਾਂ ਨੇ ਆਪਣੇ ਪੁੱਤਰਾਂ ਵਿੱਚੋਂ ਕਿਸੇ ਨੂੰ ਆਪਣਾ ਉੱਤਰਾਧਿਕਾਰੀ ਨਹੀਂ

---

39 ਗੋਕਲ ਚੰਦ ਨਾਰੰਗ, *ਸਿੱਖ ਮਤ ਦਾ ਪਰਿਵਰਤਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨੇ 23-24; ਇੰਦੂ ਭੂਸ਼ਨ ਬੈਨਰਜ਼ੀ, ਪੂਰਵਅੰਕਤ, ਪੰਨੇ 108-109.

40 Khushwant Singh, *History of the Sikhs*, Vol. I, p. 51.

41 ਖਜ਼ਾਨ ਸਿੰਘ ਵਿਸਾਖੀ ਤੋਂ ਇਲਾਵਾ ਦੂਜੀ ਵਾਰ ਇਕੱਠੇ ਹੋਣ ਦਾ ਮਹੀਨਾ ਭਾਦੋਂ ਦਾ ਲਿਖਦਾ ਹੈ। ਭਾਦੋਂ ਦੇ ਮਹੀਨੇ ਦਾ ਮਤਲਬ ਹੈ ਅਗਸਤ-ਸਤੰਬਰ। ਪਰ ਇਸ ਮਹੀਨੇ ਵਿੱਚ ਸਿੱਖਾਂ ਦੇ ਇਕੱਠੇ ਹੋਣ ਦੀ ਗੱਲ ਕਿਸੇ ਵੀ ਲਿਖਤ ਵਿੱਚੋਂ ਨਹੀਂ ਮਿਲਦੀ। ਹਾਂ, ਸਿੱਖ ਇਤਿਹਾਸ ਵਿੱਚ ਵਿਸਾਖੀ ਤੋਂ ਇਲਾਵਾ ਦੂਜੀ ਵਾਰ ਇਕੱਠੇ ਹੋਣ ਦੀ ਜਾਣਕਾਰੀ ਦੀਵਾਲੀ ਦੀ ਜ਼ਰੂਰ ਮਿਲਦੀ ਹੈ। ਜਿਵੇਂ ਕਿ ਅਠਾਰਵੀਂ ਸਦੀ ਦੌਰਾਨ ਸਿੱਖਾਂ ਦੇ ਸਰਬੱਤ ਖ਼ਾਲਸਾ ਇਕੱਠ ਵਿਸਾਖੀ ਅਤੇ ਦੀਵਾਲੀ ਦੇ ਮੌਕਿਆਂ ਤੇ ਹੁੰਦੇ ਸਨ। Khazan Singh, *op.cit.*, p. 118.

ਥਾਪਿਆ। ਇਸ ਦੀ ਥਾਂ ਤੇ ਆਪਣੇ ਜਵਾਈ ਭਾਈ ਜੇਠਾ ਨੂੰ ਆਪਣਾ ਉੱਤਰਾਧਿਕਾਰੀ ਥਾਪਿਆ। ਗੁਰੂ ਅਮਰਦਾਸ 1 ਸਤੰਬਰ, 1574 ਈਸਵੀ ਨੂੰ ਜੋਤੀ-ਜੋਤੀ ਸਮਾ ਗਏ ਸਨ।

ਗੁਰੂ ਰਾਮਦਾਸ, ਚੌਥੇ ਪਾਤਿਸ਼ਾਹ 24 ਸਤੰਬਰ, 1534 ਈਸਵੀ[42] ਨੂੰ ਪੈਦਾ ਹੋਏ ਸਨ। ਗੁਰਗੱਦੀ ਧਾਰਨ ਕਰਨ ਸਮੇਂ ਆਪ ਚਾਲੀ ਸਾਲਾਂ ਦੇ ਸਨ। ਗੁਰੂ ਅਮਰਦਾਸ ਵੱਲੋਂ ਆਪਣੇ ਸਾਰੇ ਪਰਿਵਾਰ ਦੇ ਸਾਹਮਣੇ ਆਪਣੇ ਪੁੱਤਰਾਂ ਦੀ ਥਾਂ ਤੇ ਗੁਰੂ ਰਾਮਦਾਸ ਨੂੰ ਗੁਰਗੱਦੀ ਦੇਣ ਦੀ ਗੱਲ ਬਾਰੇ ਰਾਮਕਲੀ ਸੱਦ ਵਿੱਚ, ਜਿਹੜੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਵਿੱਚ ਵਰਨਣ ਕੀਤਾ ਗਿਆ ਹੈ।

ਇਹ ਗਵਾਹੀ ਬਿਲਕੁਲ ਮੌਲਿਕ ਹੈ[43] ਇਸ ਲਈ ਇਹ ਇਤਿਹਾਸਕ ਤੌਰ ਤੇ ਪੂਰੀ ਮਹੱਤਵਪੂਰਨ ਹੈ। ਗੁਰੂ ਅਮਰਦਾਸ ਨੇ 1572 ਈਸਵੀ ਵਿੱਚ ਅੰਮ੍ਰਿਤਸਰ ਵਾਲੀ ਥਾਂ ਖਰੀਦ ਕੇ, ਉੱਥੇ ਰਿਹਾਇਸ਼ੀ ਇਮਾਰਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਕਰਕੇ ਗੁਰੂ ਰਾਮ ਦਾਸ ਗੁਰਿਆਈ ਪ੍ਰਾਪਤ ਕਰਕੇ ਗੋਇੰਦਵਾਲ ਸਾਹਿਬ ਤੋਂ ਅੰਮ੍ਰਿਤਸਰ ਵਾਲੀ ਥਾਂ ਤੇ ਆ ਕੇ ਰਹਿਣ ਲੱਗ ਪਏ ਸਨ।[44] ਇਸ ਥਾਂ ਨੂੰ ਉਸ ਸਮੇਂ ਚੱਕ ਰਾਮਦਾਸਪੁਰ, ਗੁਰੂ ਕਾ ਚੱਕ ਜਾਂ ਚੱਕ ਰਾਮਦਾਸ ਕਿਹਾ ਜਾਂਦਾ ਸੀ।

ਗੁਰੂ ਰਾਮਦਾਸ ਦੇ ਅੰਮ੍ਰਿਤਸਰ ਵਾਲੀ ਜਗ੍ਹਾ ਤੇ ਆ ਕੇ ਰਹਿਣ ਨਾਲ ਅੰਮ੍ਰਿਤਸਰ (ਚੱਕ ਰਾਮਦਾਸਪੁਰ) ਦੀ ਆਬਾਦੀ ਵਸਣੀ ਸ਼ੁਰੂ ਹੋ ਗਈ ਸੀ। ਗੁਰੂ ਅਮਰਦਾਸ ਦੇ ਸਮੇਂ ਅੰਮ੍ਰਿਤਸਰ ਵਿੱਚ ਵੱਖ-ਵੱਖ ਕਿੱਤਿਆਂ ਦੇ ਕਾਰੀਗਰ ਆ ਕੇ ਵਸਣ ਲੱਗ ਪਏ ਸਨ, ਪਰ ਗੁਰੂ ਰਾਮਦਾਸ ਨੇ ਅੰਮ੍ਰਿਤਸਰ ਨੂੰ ਵਿਕਸਤ ਕਰਨ ਲਈ ਬਹੁਤ ਤਕੜੀਆਂ ਯੋਜਨਾਵਾਂ ਬਣਾਈਆਂ ਸਨ, ਇਸ ਲਈ ਬਹੁਤ ਚੰਗੇ ਕਾਰੀਗਰਾਂ ਦੀ ਅਤੇ ਸਿੱਖਿਅਤ ਮਜ਼ਦੂਰਾਂ ਦੀ ਲੋੜ ਪੈਣੀ ਸੀ। ਇਸ ਲਈ ਸੱਭ ਕਿੱਤਿਆਂ ਦੇ ਮਾਹਿਰ ਕਾਰੀਗਰਾਂ ਨੂੰ ਦੇਸ਼ ਵਿੱਚੋਂ ਲੱਭ-ਲੱਭ ਕੇ ਇੱਥੇ ਲਿਆਂਦਾ ਗਿਆ ਸੀ। ਇਸ ਦਾ ਸਿੱਟਾ ਇਹ ਹੋਇਆ ਅੰਮ੍ਰਿਤਸਰ ਦੇਖਦਿਆਂ ਹੀ ਦੇਖਦਿਆਂ ਲਾਹੌਰ ਸ਼ਹਿਰ ਦੇ ਬਰਾਬਰ ਆਉਣ ਲੱਗ ਪਿਆ ਸੀ।

---

42 ਗੁਰੂ ਸਾਹਿਬਾਨ ਦੇ ਜਨਮ ਦੀਆਂ, ਜੋਤੀ-ਜੋਤ ਸਮਾਉਣ ਦੀਆਂ, ਅਤੇ ਗੁਰਿਆਈ ਧਾਰਨ ਕਰਨ ਦੀਆਂ ਮਿਤੀਆਂ ਤੇਜਾ ਸਿੰਘ ਗੰਡਾ ਸਿੰਘ ਵਾਲੀਆਂ ਲਈਆਂ ਗਈਆਂ ਹਨ ਤਾਂ ਕਿ ਮਿਤੀਆਂ ਵਿੱਚ ਇੱਕਰੂਪਤਾ ਬਣੀ ਰਹੇ।

43 *ਗੁਰੂ ਗ੍ਰੰਥ ਸਾਹਿਬ*, ਸਦ, ਰਾਮਕਲੀ, ਪੰਨੇ 923-24.

44 Khazan Singh, *History of the Sikh Religion,* Patiala, 1988, p. 119.

ਗੁਰੂ ਰਾਮਦਾਸ ਨੇ ਗੁਰੂ ਅਮਰਦਾਸ ਵੱਲੋਂ ਹਿੰਦੂ ਤੀਰਥ-ਅਸਥਾਨਾ ਤੇ ਜਾ ਕੇ ਸਿੱਖ ਧਰਮ ਦਾ ਜੋ ਪਰਚਾਰ ਕੀਤਾ ਸੀ ਉਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖਿਆ ਹੈ। ਗੁਰੂ ਰਾਮ ਦਾਸ ਪਹਿਲੇ ਗੁਰੂ ਸਨ ਜਿਹੜੇ ਗੁਰੂ ਅਮਰਦਾਸ ਦੀਆਂ ਉਕਤ ਕਿਸਮ ਦੀਆਂ ਗਤੀਵਿਧੀਆਂ ਬਾਰੇ ਲਿਖਦੇ ਰਹਿੰਦੇ ਸਨ।[45] ਇਹਨਾਂ ਨੇ ਮੰਜੀ ਪ੍ਰਥਾ ਨੂੰ ਹੋਰ ਸੁਧਾਰ ਕੇ ਮਸੰਦ ਪ੍ਰਥਾ ਵਿੱਚ ਤਬਦੀਲ ਕੀਤਾ ਸੀ। ਗੁਰੂ ਰਾਮ ਦਾਸ ਨੇ ਸਿੱਖ ਧਰਮ ਦਾ ਪਰਚਾਰ ਪ੍ਰਬੰਧ ਬਹੁਤ ਮਜ਼ਬੂਤ ਅਤੇ ਦੇਸ-ਵਿਆਪੀ ਕਰ ਦਿੱਤਾ ਸੀ। ਗੁਰੂ ਰਾਮਦਾਸ ਦੇ ਤਿੰਨ ਸਪੁੱਤਰ ਸਨ: ਪ੍ਰਿਥੀ ਚੰਦ, ਮਹਾਂਦੇਵ, ਅਤੇ ਅਰਜਨ ਦੇਵ। ਵੱਡਾ ਪੁੱਤਰ ਆਗਿਆਕਾਰ ਅਤੇ ਗੰਭੀਰ ਨਹੀਂ ਸੀ। ਦੂਜਾ ਮਹਾਂਦੇਵ ਹੱਦੋਂ ਵੱਧ ਗੈਰ-ਸੰਸਾਰੀ ਸੀ। ਅਰਜਨ ਦੇਵ ਛੋਟਾ ਹੋਣ ਦੇ ਬਾਵਜੂਦ ਬਹੁਤ ਸਮਝਦਾਰ, ਗੰਭੀਰ ਅਤੇ ਆਗਿਆਕਾਰ ਸਨ। ਗੁਰੂ ਰਾਮ ਦਾਸ ਨੇ ਸਭ ਪਾਸਿਉਂ ਯੋਗ ਸਮਝਦੇ ਹੋਏ, ਅਰਜਨ ਦੇਵ ਨੂੰ ਆਪਣਾ ਉੱਤਰਾਧਿਕਾਰੀ ਥਾਪ ਦਿੱਤਾ ਸੀ। ਉਪਰੰਤ ਗੁਰੂ ਰਾਮਦਾਸ 1 ਸਤੰਬਰ, 1581 ਈਸਵੀ ਨੂੰ ਜੋਤੀ-ਜੋਤ ਸਮਾ ਗਏ ਸਨ।[46]

ਗੁਰੂ ਅਰਜਨ ਦੇਵ ਦਾ ਜਨਮ 15 ਅਪ੍ਰੈਲ, 1563 ਈਸਵੀ ਨੂੰ ਹੋਇਆ ਅਤੇ ਅਠਾਰਾਂ ਸਾਲਾਂ ਦੀ ਉਮਰ ਵਿੱਚ ਉਹਨਾਂ ਨੇ ਗੁਰਿਆਈ ਦੀਆਂ ਜਿੰਮੇਵਾਰੀਆਂ ਸੰਭਾਲ ਲਈਆਂ ਸਨ। ਇਹ ਸਮਾਂ ਸਿੱਖ ਧਰਮ ਦੇ ਪਰਚਾਰ ਅਤੇ ਵਧਣ-ਫੁੱਲਣ ਦਾ ਸਮਾਂ ਸੀ। ਸਮਕਾਲੀ ਮੌਬੀਦ ਜ਼ੁਲਿਫ਼ਕਾਰ ਅਰਦਿਸਤਾਨੀ (ਮੋਹਸਿਨ ਫਾਨੀ) ਆਪਣੀ ਲਿਖਤ *ਦਾਬਿਸਤਾਨ-ਏ-ਮਜ਼ਾਹਿਬ* (ਧਰਮਾਂ ਦੀ ਕਿਤਾਬ) ਵਿੱਚ ਲਿਖਦਾ ਹੈ "ਸੰਖੇਪ ਗੱਲ ਇਹ ਕਿ ਹਰ ਮਹੱਲੇ ਦੇ ਸਮੇਂ ਵਿੱਚ ਸਿੱਖ ਵਧਦੇ ਗਏ। ਗੁਰੂ ਅਰਜਨ ਮੱਲ ਦੇ ਸਮੇਂ ਤੱਕ ਉਹ ਬਹੁਤ ਜ਼ਿਆਦਾ ਹੋ ਗਏ। ਕੋਈ ਸ਼ਹਿਰ ਜਾਂ ਮੁਲਕ ਅਜਿਹਾ ਨਾ ਰਿਹਾ ਜਿੱਥੇ ਥੋੜ੍ਹੇ-ਬਹੁਤੇ ਸਿੱਖ ਨਾ ਹੋਣ।"[47] ਸਿੱਖ ਧਰਮ ਦੇ ਪਰਸਾਰ ਬਾਰੇ ਇਹ ਕਿਸੇ ਗੈਰ-ਸਿੱਖ ਸਮਕਾਲੀ ਲੇਖਕ ਦੀ ਪਹਿਲੀ ਲਿਖਤ ਗਵਾਹੀ ਹੈ। ਗੁਰੂ ਨਾਨਕ ਦੇਵ ਦੇ ਸਮੇਂ (1469 ਈਸਵੀ) ਤੋਂ ਲੈ ਕੇ ਗੁਰੂ ਅਰਜਨ ਦੇਵ ਦੀ ਗੁਰਿਆਈ ਸ਼ੁਰੂ ਹੋਣ (1581

---

45 Teja Singh Ganda Singh, *A short History of the Sikhs*, Punjabi University, Patiala, 1999, p. 24.

46 *ਉਹੀ*, ਪੰਨਾ 25.

47 ਹਰਚੰਦ ਸਿੰਘ ਬੇਦੀ, (ਅਨੁ. ਤੇ ਸੰਪਾ.), ਗੰਡਾ ਸਿੰਘ, *ਸਿੱਖ ਇਤਿਹਾਸ ਸਰੋਤ ਪੁਸਤਕ*, ਹਰਚੰਦ ਸਿੰਘ ਬੇਦੀ, ਖ਼ਾਲਸਾ ਕਾਲਜ ਅੰਮ੍ਰਿਤਸਰ, 2000, ਪੰਨਾ 156 ਇਹ ਪੁਸਤਕ *ਮਾਖ਼ਿਜ਼ਿ ਤਵਾਰੀਖ਼-ਏ-ਸਿੱਖਾਂ ਦਾ ਤਰਜਮਾ* ਹੈ।

ਈਸਵੀ) ਤੱਕ ਸਿੱਖ ਧਰਮ ਅਤੇ ਇਸ ਦੀਆਂ ਸੰਸਥਾਵਾਂ-ਸੰਗਤ-ਪੰਗਤ, ਲੰਗਰ ਪ੍ਰਥਾ, ਗੁਰੂ ਦਾ ਇੱਕ ਪੱਕਾ ਕੇਂਦਰ ਹੋਣਾ ਅਤੇ ਗੁਰਬਾਣੀ ਵਿੱਚ ਭਰੋਸਾ-ਬਹੁਤ ਚੰਗੀ ਤਰ੍ਹਾਂ ਸਥਾਪਿਤ ਹੋ ਚੁੱਕੀਆਂ ਸਨ। ਪਰ ਇਸ ਨਾਲ ਕੁਝ ਅਜਿਹੀਆਂ ਮੁਸ਼ਕਿਲਾਂ ਵੀ ਪੈਦਾ ਹੋ ਚੁੱਕੀਆਂ ਸਨ ਜਿੰਨਾਂ ਨੇ ਗੁਰੂ ਅਰਜਨ ਦੇਵ ਨੂੰ ਆਪਣੀ ਗੁਰਿਆਈ ਦੇ ਸ਼ੁਰੂ ਵਿੱਚ ਉਲਝਾ ਲਿਆ ਸੀ।

ਇਹ ਮੁਸ਼ਕਿਲਾਂ ਗੁਰੂ ਅਰਜਨ ਦੇਵ ਦੇ ਆਪਣੇ ਹੀ ਵੱਡੇ ਭਰਾ ਪ੍ਰਿਥੀ ਚੰਦ ਵੱਲੋਂ ਪੈਦਾ ਕੀਤੀਆਂ ਗਈਆਂ ਸਨ। ਪ੍ਰਿਥੀ ਚੰਦ ਨੂੰ ਗੁਰਿਆਈ ਪ੍ਰਾਪਤ ਨਹੀਂ ਹੋਈ ਸੀ। ਇਸ ਲਈ ਪ੍ਰਿਥੀ ਚੰਦ ਗੁਰੂ ਅਰਜਨ ਦੇਵ ਦੇ ਵਿਰੁੱਧ ਹੋ ਗਿਆ ਸੀ। ਗੁਰਿਆਈ ਨਾ ਮਿਲਣ ਦਾ ਰੋਸ ਤਾਂ ਬਾਬਾ ਸ੍ਰੀ ਚੰਦ, ਦਾਤੂ-ਦਾਸੂ, ਅਤੇ ਗੁਰੂ ਅਮਰ ਦਾਸ ਦੇ ਪੁੱਤਰਾਂ ਨੇ ਵੀ ਕੀਤਾ ਸੀ ਪਰ ਉਹਨਾਂ ਦਾ ਰੋਸ ਛੇਤੀ ਖ਼ਤਮ ਹੋ ਗਿਆ ਸੀ ਅਤੇ ਉਹ ਸਿੱਖ ਧਰਮ ਦੀ ਮੁੱਖ-ਧਾਰਾ ਦੇ ਨੇੜੇ ਰਹੇ ਸਨ। ਪਰ ਪ੍ਰਿਥੀ ਚੰਦ ਤਾਂ ਵਿਰੋਧਤਾ ਦੀਆਂ ਨਾ ਤਾਂ ਸਿਰਫ਼ ਸਭ ਹੱਦਾਂ ਹੀ ਪਾਰ ਕਰ ਗਿਆ ਸੀ, ਸਗੋਂ ਉਸ ਦਾ ਪੁੱਤਰ ਮਿਹਰਬਾਨ ਵੀ ਵਿਰੋਧਤਾ ਕਰਦਾ ਰਿਹਾ ਸੀ।

ਵਿਰੋਧਤਾ ਦਾ ਮੁੱਢਲਾ ਰੂਪ ਗੁਰੂ ਰਾਮ ਦਾਸ ਵੱਲੋਂ ਸਥਾਪਿਤ ਕੀਤੇ ਗਏ ਮਸੰਦਾਂ ਨੂੰ ਵਰਗਲਾਉਣ ਨਾਲ ਸ਼ੁਰੂ ਹੋਇਆ ਸੀ। ਮਸੰਦਾਂ ਨੂੰ ਵਰਗਲਾਇਆ ਗਿਆ ਸੀ ਅਤੇ ਹੋਰ ਤਰੀਕਿਆਂ ਨਾਲ ਗੁਰੂ ਅਰਜਨ ਦੇਵ ਨਾਲੋਂ ਤੋੜਨ ਦੀ ਕੋਸ਼ਿਸ਼ ਕੀਤੀ ਗਈ ਸੀ। ਇਸ ਨਾਲ ਇਹ ਮੁਸ਼ਕਿਲ ਆ ਗਈ ਕਿ ਜਿਹੜਾ ਪਰਚਾਰ-ਪ੍ਰਬੰਧ ਮਸੰਦਾਂ ਰਾਹੀਂ ਚਲਦਾ ਆ ਰਿਹਾ ਸੀ, ਉਸ ਵਿੱਚ ਖੜੋਤ ਆ ਗਈ ਸੀ ਅਤੇ ਜੋ ਸ਼ਰਧਾ ਸਹਿਤ ਸਿੱਖ ਸੰਗਤਾਂ ਰਾਹੀਂ ਆਪਣੇ ਗੁਰੂ-ਨਮਿਤ ਚੜ੍ਹਾਵਾ ਚੜਾਇਆ ਜਾਂਦਾ ਸੀ ਉਸ ਵਿੱਚ ਬੇਈਮਾਨੀ ਆਉਣੀ ਸ਼ੁਰੂ ਹੋ ਗਈ ਸੀ। ਸਿੱਖ ਸੰਗਤਾਂ ਦੇ ਦੋ ਦਰਬਾਰ ਲੱਗਣ ਲੱਗ ਪਏ ਸਨ, ਇੱਕ ਪ੍ਰਿਥੀ ਚੰਦ ਦਾ ਤੇ ਦੂਜਾ ਗੁਰੂ ਅਰਜਨ ਦੇਵ ਦਾ। ਕਿਸੇ ਨਵੇਂ ਸਥਾਪਿਤ ਹੋਏ ਕ੍ਰਾਂਤੀਕਾਰੀ ਧਰਮ ਵਿੱਚ ਇਸ ਤਰ੍ਹਾਂ ਦੀਆਂ ਗੱਲਾਂ ਹੋਣ ਲੱਗ ਜਾਣ ਤਾਂ ਇਹ ਉਸ ਲਈ ਬਹੁਤ ਤਬਾਹਕੁਨ ਹੁੰਦੀਆ ਹਨ। ਗੁਰੂ ਸਾਹਿਬ ਦੇ ਲੰਗਰ ਨੂੰ ਚਲਦਾ ਰੱਖਣ ਵਿੱਚ ਮਾਇਕ-ਔਕੜਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਧਰਮ-ਪਰਚਾਰ ਪਹਿਲਾ ਵਾਂਗ ਨਹੀਂ ਹੁੰਦਾ ਸੀ। ਸਿੱਖ ਸੰਗਤਾਂ ਦੇ ਅਤੇ ਮਸੰਦਾਂ ਦੇ ਧੜੇ ਬਣਨੇ ਸ਼ੁਰੂ ਹੋ ਗਏ ਸਨ। ਜਿਸ ਤਰ੍ਹਾਂ ਸਿੱਖ ਧਰਮ ਜਿਹੜਾ ਪਹਿਲਾਂ ਤੋਂ ਬੜੀ ਤੇਜ਼ੀ ਨਾਲ ਫੈਲਦਾ ਆ ਰਿਹਾ ਸੀ ਉਸ ਨਾਲ ਸਮੇਂ ਦੀ ਹਕੂਮਤ ਦੀਆਂ ਨਜ਼ਰਾਂ ਵੀ ਕਹਿਰੀਆਂ ਹੋਣ ਲੱਗ ਪਈਆਂ ਸਨ। ਜਦੋਂ ਤੱਕ ਅਕਬਰ ਬਾਦਸ਼ਾਹ ਦਾ ਰਾਜ ਰਿਹਾ ਸੀ ਉਦੋਂ ਤੱਕ ਸਿਆਣੇ ਸੱਜਣਾਂ ਨੂੰ ਇਹ

ਉਮੀਦ ਬਣੀ ਹੋਈ ਸੀ ਕਿ ਹਕੂਮਤ ਸਿੱਖਾਂ ਦੀ ਅੰਦਰੂਨੀ-ਲੜਾਈ ਵਿੱਚ ਕੋਈ ਨਜ਼ਾਇਜ਼ ਦਖ਼ਲ-ਅੰਦਾਜ਼ੀ ਨਹੀਂ ਕਰੇਗੀ। ਸਮੇਂ ਦੇ ਵਹਾਅ ਨੇ ਇਹਨਾਂ ਗੱਲਾਂ ਨੂੰ ਦਰਸਾ ਦਿੱਤਾ ਸੀ।[48]

ਜਿੰਨੀ ਵੀ ਪਿਤਾ-ਪੁਰਖੀ ਜਾਇਦਾਦ ਸੀ ਉਹ ਸਭ ਗੁਰੂ ਅਰਜਨ ਦੇਵ ਵੱਲੋਂ ਤਿਆਗ ਦਿੱਤੀ ਗਈ ਸੀ ਜਾਂ ਫਿਰ ਬਹੁਤ ਥੋੜ੍ਹਾ ਹਿੱਸਾ ਲਿਆ ਗਿਆ ਸੀ ਤਾਂ ਕਿ ਪ੍ਰਿਥੀ ਚੰਦ ਨੂੰ ਕੋਈ ਈਰਖਾ ਨਾ ਹੋਵੇ। ਗੁਰੂ ਅਰਜਨ ਦੇਵ ਆਪਣੇ ਜੱਦੀ ਘਰ ਨੂੰ ਪ੍ਰਿਥੀ ਚੰਦ ਲਈ ਛੱਡ ਗਏ ਸਨ ਅਤੇ ਚੱਕ ਰਾਮਦਾਸਪੁਰ ਜਾਂ ਅੰਮ੍ਰਿਤਸਰ ਤੋਂ ਬਾਹਰ ਛਿਹਰਟਾ, ਵਡਾਲੀ ਆਦਿ ਥਾਵਾਂ ਤੇ ਜਾ ਕੇ ਰਹਿਣ ਲੱਗ ਪਏ ਸਨ। ਭਾਈ ਗੁਰਦਾਸ ਜਿਹੇ ਵਿਦਵਾਨ ਪਰਚਾਰਕਾਂ ਨੂੰ ਪੰਜਾਬ ਤੋਂ ਬਾਹਰਲੇ ਇਲਾਕਿਆ ਵਿੱਚੋਂ ਬੁਲਾਕੇ ਪੰਜਾਬ ਅੰਦਰ, ਖਾਸ ਕਰਕੇ ਮਾਝੇ ਦੇ ਖੇਤਰ ਵਿੱਚ ਸਰਗਰਮੀ ਨਾਲ ਤਾਇਨਾਤ ਕੀਤਾ ਗਿਆ। ਨਤੀਜੇ ਵਜੋਂ ਸਿੱਖ ਧਰਮ ਦਾ ਪਰਚਾਰ ਅਤੇ ਪਰਸਾਰ ਫਿਰ ਤੋਂ ਸਹੀ ਲੀਹਾਂ 'ਤੇ ਲਿਆਂਦਾ ਗਿਆ ਸੀ ਪਰ ਘਰੇਲੂ-ਫੁੱਟ ਨੇ ਸਿੱਖ ਧਰਮ ਦੀਆਂ ਦੋ ਵਿਰੋਧੀ ਸ਼ਕਤੀਆਂ-ਬ੍ਰਾਹਮਣਵਾਦ ਅਤੇ ਕੱਟੜ ਇਸਲਾਮੀ ਸੰਸਥਾਵਾਂ ਨੂੰ ਹੱਲਾਸ਼ੇਰੀ ਦੇ ਦਿੱਤੀ ਸੀ। ਜਿਉਂ-ਜਿਉਂ ਗੁਰੂ ਅਰਜਨ ਦੇਵ ਵੱਲੋਂ ਪਰਚਾਰ ਅਤੇ ਪਰਸਾਰ ਸਾਧਨਾ ਨੂੰ ਦ੍ਰਿੜ੍ਹ ਅਤੇ ਮਜ਼ਬੂਤ ਕੀਤਾ ਜਾਂਦਾ ਸੀ ਤਿਉਂ-ਤਿਉਂ ਉਕਤ ਵਿਰੋਧੀ ਸੰਸਥਾਵਾਂ ਚੌਕੰਨੀਆਂ ਹੁੰਦੀਆਂ ਜਾਂਦੀਆਂ ਸਨ। ਸਿੱਖ ਧਰਮ ਦੇ ਫੈਲਾਅ ਨੇ ਇਹਨਾਂ ਸੰਸਥਾਵਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਨ।[49]

ਗੁਰੂ ਅਰਜਨ ਦੇਵ ਪੂਰਨ ਸ਼ਾਂਤ-ਚਿੱਤ ਅਤੇ ਪੂਰੀ ਦ੍ਰਿੜ੍ਹਤਾ ਸਹਿਤ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਸਨ। ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜਿਹੇ ਗੰਭੀਰ ਸੱਜਣ ਪੂਰੀ ਸਰਗਰਮੀ ਨਾਲ ਕੰਮ ਕਰ ਰਹੇ ਸਨ। ਬਾਬਾ ਸ੍ਰੀ ਚੰਦ ਦੀ ਪੂਰੀ ਹਮਦਰਦੀ ਗੁਰੂ ਅਰਜਨ ਦੇਵ ਨਾਲ ਸੀ। ਅਕਬਰ ਜਿਹਾ ਇਨਸਾਫ ਪਸੰਦ ਬਾਦਸ਼ਾਹ ਨਜ਼ਾਇਜ਼ ਦਖ਼ਲ-ਅੰਦਾਜ਼ੀਆਂ ਤੋਂ ਉੱਪਰ ਉਠਿਆ ਹੋਇਆ ਸੀ। ਨਤੀਜੇ ਵਜੋਂ ਪ੍ਰਿਥੀ ਚੰਦ ਦੀ ਵਿਰੋਧਤਾ ਸਿੱਖ-ਸੰਗਤਾਂ ਦੀ ਏਕਤਾ ਸਾਹਮਣੇ ਦੱਬ ਗਈ ਸੀ। ਗੁਰੂ ਅਰਜਨ ਦੇਵ ਮਹਾਨ ਬਾਣੀਕਾਰ ਸਨ।

---

48 ਗਿਆਨੀ ਗਿਆਨ ਸਿੰਘ: *ਤਵਾਰੀਖ਼ ਗੁਰੂ ਖ਼ਾਲਸਾ* (ਪੱਥਰ ਛਾਪ), ਸਿਆਲਕੋਟ, 1891, ਪੰਨੇ 194-195, ਅਤੇ 200, 201.

49 Fauja Singh's article "Development of Sikhism under the Gurus", in L.M. Joshi (ed.), *Sikhsim*, Punjabi University, Patiala, 2000, pp. 15-16.

ਸੁਖਮਨੀ ਸਾਹਿਬ ਜਿਹੀਆਂ ਰਚਨਾਵਾਂ ਨੇ ਸਿੱਖ-ਸੰਗਤਾਂ ਦੇ ਹਿਰਦਿਆਂ ਨੂੰ ਪੂਰੀ ਤਰ੍ਹਾਂ ਨਾਲ ਕੀਲ ਲਿਆ ਸੀ। ਉਹਨਾਂ ਦੀ ਹਲੀਮੀ ਅਤੇ ਮਿੱਠੀ ਬੋਲੀ ਨੇ ਸੋਨੇ ਤੇ ਸੁਹਾਗੇ ਜਿਹਾ ਕੰਮ ਕੀਤਾ ਸੀ।

ਸਿੱਖ ਧਰਮ ਨੂੰ ਪੂਰੀ ਤਰ੍ਹਾਂ ਲੀਹਾਂ ਉਪਰ ਲਿਆ ਕਿ ਗੁਰੂ ਅਰਜਨ ਦੇਵ ਨੇ ਸਭ ਤੋਂ ਪਹਿਲਾਂ ਸਿੱਖ ਧਰਮ ਦੇ ਨਵੇਂ ਪਰਚਾਰ ਕੇਂਦਰ ਖੋਲੇ। 1589 ਈਸਵੀ ਵਿੱਚ ਚੱਕ ਰਾਮਦਾਸਪੁਰ ਦੇ ਪਹਿਲੋਂ ਹੀ ਖੁਦਾਏ ਗਏ ਸਰੋਵਰ ਦਾ ਹੋਰ ਵਿਕਾਸ ਕੀਤਾ ਗਿਆ। ਇਸ ਵਿੱਚ ਸ੍ਰੀ ਦਰਬਾਰ ਸਾਹਿਬ (ਸ੍ਰੀ ਹਰਮਿੰਦਰ ਸਾਹਿਬ) ਦੀ ਉਸਾਰੀ ਸ਼ੁਰੂ ਕਰਵਾਈ ਗਈ। ਸੰਪੂਰਨ ਹੋਣ ਤੇ ਇਹ ਅਸਥਾਨ ਸਿੱਖ ਧਰਮ ਦਾ ਅਜਿਹਾ ਪੱਕਾ ਕੇਂਦਰ ਬਣ ਗਿਆ ਜਿਹੜਾ ਇਮਾਰਤੀ ਪੱਖੋਂ ਬਹੁਤ ਖ਼ੂਬਸੂਰਤ ਅਤੇ ਆਤਮਿਕ ਪੱਖੋਂ ਬਹੁਤ ਸੁਖਦਾਇਕ ਬਣ ਗਿਆ ਸੀ। ਇਸ ਲਈ ਚੱਕ ਰਾਮਦਾਸਪੁਰ ਜਾਂ ਚੱਕ ਰਾਮਦਾਸ ਦਾ ਨਾਂ ਬਦਲ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਪ੍ਰਚੱਲਿਤ ਹੋ ਗਿਆ ਸੀ। ਸਾਰੇ ਸਿੱਖ ਜਗਤ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਸਿਫਤਾਂ ਹੋਣ ਲੱਗ ਪਈਆਂ ਸਨ।[50] ਸ੍ਰੀ ਅੰਮ੍ਰਿਤਸਰ, ਲਾਹੌਰ ਸ਼ਹਿਰ ਦੇ ਮੁਕਾਬਲੇ ਤੇ ਸਮਝਿਆ ਜਾਣ ਲੱਗ ਪਿਆ ਸੀ। ਇਸ ਦੀ ਸਿਫਤੀ ਦੀਆਂ ਸਿਫਤਾਂ ਗੁਰੂ ਬਾਣੀ ਦੀਆਂ ਤੁੱਕਾਂ (ਵਾਕਾਂ) ਵਿੱਚ ਵੀ ਵਰਤੀਆਂ ਜਾਣ ਲੱਗ ਪਈਆਂ ਸਨ।[51]

ਅੰਮ੍ਰਿਤਸਰ ਬੁਨਿਆਦੀ ਰੂਪ ਵਿੱਚ ਸਿੱਖ ਧਰਮ ਦਾ ਕੇਂਦਰ ਬਣ ਗਿਆ ਸੀ। ਇਸਦਾ ਸਾਰਾ ਆਲਾ-ਦੁਆਲਾ ਜੱਟਾਂ ਦੀ ਆਬਾਦੀ ਵਾਲਾ ਸੀ ਅਤੇ ਇਸ ਖੇਤਰ ਵਿੱਚ ਇਸ ਸਮੇਂ ਤੱਕ ਇਸਲਾਮ ਫੈਲਿਆ ਨਹੀਂ ਸੀ। ਇੱਥੋਂ ਦੇ ਜੱਟ ਬੜੇ ਦਲੇਰ, ਅਣਖੀਲੇ ਅਤੇ ਸਖ਼ਤ ਮਿਹਨਤ ਕਰਨ ਵਾਲੇ ਕਿਸਾਨ ਲੋਕ ਸਨ। 1590 ਈਸਵੀ ਵਿੱਚ ਗੁਰੂ ਅਰਜਨ ਦੇਵ ਨੇ ਅੰਮ੍ਰਿਤਸਰ ਤੋਂ ਥੋੜ੍ਹੀ ਦੂਰੀ ਤੇ ਇੱਕ ਹੋਰ ਪਰਚਾਰ ਕੇਂਦਰ ਸ੍ਰੀ ਤਰਨਤਾਰਨ ਸਾਹਿਬ ਦੀ ਸਥਾਪਨਾ ਕੀਤੀ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਸਰੋਵਰ ਦੇ ਵਿਚਕਾਰ ਸੀ ਜਦੋਂ ਕਿ ਸ੍ਰੀ ਦਰਬਾਰ ਸਾਹਿਬ ਤਰਨ-ਤਾਰਨ ਸਰੋਵਰ ਦੇ ਇੱਕ ਕੰਢੇ ਤੇ ਸੀ। ਇਹ ਅਸਥਾਨ ਬਹੁਤ ਸੋਹਣਾ ਅਤੇ ਸੰਗਤਾਂ ਨੂੰ ਖਿੱਚ ਪਾਉਣ ਵਾਲਾ ਸੀ। ਅੰਮ੍ਰਿਤਸਰ ਤੋਂ ਪੱਛਮ ਵੱਲ ਦਾ 10-15 ਕਿਲੋਮੀਟਰ ਦਾ ਖੇਤਰ ਛਿਹਰਟਾ ਅਤੇ ਵਡਾਲੀ ਪਹਿਲੋਂ ਹੀ ਗੁਰੂ ਅਰਜਨ ਦੇਵ ਦੇ ਪਰਚਾਰ ਵਾਲੇ ਖੇਤਰ ਸੀ। ਤਰਨ-ਤਾਰਨ

---

50 Fauja Singh, *The City of Amritsar: An Introduction*, Punjabi University, Patiala, 1990, pp. 31-34.

51 *ਗੁਰੂ ਗ੍ਰੰਥ ਸਾਹਿਬ*, ਪੰਨਾ 1362.

ਵਾਲਾ ਚੜ੍ਹਦੇ ਪਾਸੇ ਵਾਲਾ ਖੇਤਰ ਵੀ ਗੁਰੂ ਸਾਹਿਬ ਦੇ ਪਰਚਾਰ ਵਾਲਾ ਖੇਤਰ ਬਣ ਗਿਆ ਸੀ। 1594 ਈਸਵੀ ਵਿੱਚ ਅੰਮ੍ਰਿਤਸਰ ਤੋਂ ਪੂਰਬ ਵੱਲ ਨੂੰ ਸਰਹਿੰਦ-ਦਿੱਲੀ ਨੂੰ ਜਾਣ ਵਾਲੇ ਗਰੈਂਡ ਟਰੰਕ ਰੋਡ ਦੇ ਮੁੱਖ ਰਸਤੇ ਉੱਪਰ ਕਰਤਾਰਪੁਰ ਸਾਹਿਬ ਦੀ ਸਥਾਪਨਾ ਕੀਤੀ ਗਈ। ਇਸ ਤਰ੍ਹਾਂ ਅੰਮ੍ਰਿਤਸਰ, ਗੁਰੂ ਕੀ ਵਡਾਲੀ, ਤਰਨ-ਤਾਰਨ ਦੇ ਨਾਲ ਨਾਲ ਕਰਤਾਰਪੁਰ ਸਾਹਿਬ (ਜੀ.ਟੀ.ਰੋਡ) ਸਿੱਖ ਧਰਮ ਦੇ ਪਰਚਾਰ ਦਾ ਮੁੱਖ ਅਸਥਾਨ ਬਣ ਗਿਆ ਸੀ। ਲਾਹੌਰ ਵਿੱਚ ਇਸ ਸਮੇਂ ਡੱਬੀ ਬਾਜ਼ਾਰ ਵਿੱਚ ਗੁਰੂ ਰਾਮਦਾਸ (ਪਿਤਾ) ਦੇ ਜਨਮ-ਅਸਥਾਨ ਤੇ ਇੱਕ ਬਾਉਲੀ ਬਣਾ ਕੇ ਗੁਰਦੁਆਰੇ ਦੀ ਸਥਾਪਨਾ ਕੀਤੀ ਗਈ। 1595 ਈਸਵੀ ਵਿੱਚ ਗੁਰੂ ਅਰਜਨ ਦੇਵ ਦੇ ਘਰ ਉਹਨਾਂ ਦੇ ਸਪੁੱਤਰ ਹਰਿਗੋਬਿੰਦ ਸਾਹਿਬ ਨੇ ਜਨਮ ਲਿਆ ਸੀ।[52] ਗੁਰੂ ਅਰਜਨ ਦੇਵ ਨੇ ਆਪਣੇ ਪੁੱਤਰ ਦੇ ਜਨਮ ਦੀ ਖੁਸ਼ੀ ਵਿੱਚ ਬਿਆਸ ਦਰਿਆ ਦੇ ਕੰਢੇ ਤੇ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੀ ਸਥਾਪਨਾ ਕੀਤੀ। ਅਨੇਕਾਂ ਪਿੰਡਾਂ ਵਿੱਚ ਗੁਰੂ ਸਾਹਿਬ ਨੇ ਲੋੜ ਅਨੁਸਾਰ ਖੂਹ ਲਗਵਾਏ ਤਾਂ ਕਿ ਪਿੰਡਾਂ ਦੇ ਲੋਕਾਂ ਨੂੰ ਪਾਣੀ ਦੀ ਸਹੂਲਤ ਪ੍ਰਾਪਤ ਹੋ ਸਕੇ। ਇਸ ਤਰ੍ਹਾਂ ਮਾਝਾ ਦੇ ਖੇਤਰ ਵਿੱਚ ਸਿੱਖ ਧਰਮ ਬਹੁਤ ਤੇਜ਼ੀ ਨਾਲ ਫੈਲ ਗਿਆ ਸੀ।[53]

ਸਿੱਖ ਧਰਮ ਦੇ ਇਸ ਫੈਲਾਅ ਅਤੇ ਸਿੱਖ ਸੰਗਤਾਂ ਦੇ ਮਜ਼ਬੂਤ ਸੰਗਠਨ ਨੂੰ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਨੇ ਬੜੀ ਸੂਝ ਨਾਲ ਪ੍ਰਿਥੀ ਚੰਦ ਦੀ ਵਿਰੋਧਤਾ ਨੂੰ ਬੇਅਸਰ ਕਰ ਦਿੱਤਾ ਸੀ। ਗੁਰੂ ਅਰਜਨ ਦੇਵ ਨੇ ਮਸੰਦ-ਪ੍ਰਥਾ ਨੂੰ ਪੂਰੀ ਤਰ੍ਹਾਂ ਸੁਧਾਰਿਆ। ਮਸੰਦ ਗੁਰੂ ਸਾਹਿਬ ਦੇ ਹੁਕਮਾਂ ਮੁਤਾਬਕ ਗੁਰਬਾਣੀ ਦਾ ਪਰਚਾਰ ਕਰਦੇ ਸਨ। ਬਹੁਤ ਸ਼ਰਧਾਵਾਨ ਅਤੇ ਗੁਣੀ-ਗਿਆਨੀ ਸਿੱਖ ਨੂੰ ਮਸੰਦ ਨਿਯੁਕਤ ਕੀਤਾ ਜਾਂਦਾ ਸੀ। ਮਸੰਦ ਅਸਲ ਵਿੱਚ ਫਾਰਸੀ ਦੇ ਮਸਨਦ-ਏ-ਅਲੀ ਦਾ ਪੰਜਾਬੀ ਰੂਪ ਹੈ। ਮਸਨਦ-ਏ-ਅਲੀ ਦਾ ਮਤਲਬ ਹੈ ਇਸਲਾਮੀ ਬਾਦਸ਼ਾਹ ਦਾ ਵਜ਼ੀਰ (ਨੁਮਾਇੰਦਾ)। ਪੰਜਾਬੀ ਵਿੱਚ ਜਾਂ ਸਿੱਖ ਸ਼ਬਦਾਵਲੀ ਵਿੱਚ ਸਿੱਖਾਂ ਨੇ ਗੁਰੂ ਦੇ ਨੁਮਾਇੰਦੇ ਨੂੰ ਗੁਰੂ ਦਾ ਮਸਨਦ ਕਹਿਣਾ ਸ਼ੁਰੂ ਕਰ ਦਿੱਤਾ ਸੀ। ਅਖੀਰ ਪੰਜਾਬੀਆਂ ਦੇ ਮੂਹਾਂ ਤੇ ਚੜ੍ਹਕੇ ਮਸਨਦ ਤੋਂ ਮਸੰਦ ਬਣ ਗਿਆ ਸੀ। ਮਸੰਦ ਗੁਰੂ ਦਾ ਵਜ਼ੀਰ ਬਣ ਕੇ ਚਲਦਾ

52 ਗੁਰੂ ਹਰਿਗੋਬਿੰਦ ਸਾਹਿਬ ਦੀ ਜਨਮ-ਮਿਤੀ ਬਾਰੇ ਦੋ ਰਾਵਾਂ ਹਨ। ਇੱਕ 1595 ਈਸਵੀ ਦੀ ਅਤੇ ਦੂਜੀ 1590 ਈਸਵੀ ਦੀ। ਇਸ ਦਾ ਵਿਸਥਾਰ ਸਹਿਤ ਜ਼ਿਕਰ ਅਗਲੇ ਅਧਿਆਇ ਵਿੱਚ ਕੀਤਾ ਗਿਆ ਹੈ।

53 Teja Singh Ganda Singh, *A short History of the Sikhs*, pp. 28-29.

ਸੀ ਅਤੇ ਨਵੇਂ ਲੋਕਾਂ ਨੂੰ ਸਿੱਖ ਧਰਮ ਵਿੱਚ ਲਿਆਉਂਦਾ ਸੀ। ਲੋਕ ਗੁਰਬਾਣੀ ਦੇ ਲੜ ਲੱਗ ਕੇ ਸਿੱਖ ਬਣ ਜਾਂਦੇ ਸਨ। ਪਰ ਜਿੰਨਾਂ ਲੋਕਾਂ ਨੇ ਕਿਸੇ ਰਸਮ ਨਾਲ ਸਿੱਖ ਬਣਨਾ ਹੁੰਦਾ ਸੀ ਤਾਂ ਇੱਕ ਬਰਤਨ ਵਿੱਚ ਸ਼ੁੱਧ ਅਤੇ ਪਵਿੱਤਰ ਪਾਣੀ ਪਾ ਕੇ ਗੁਰੂ ਸਾਹਿਬ ਦੇ ਪਾਵਨ-ਚਰਨਾ ਨਾਲ ਛੁਹਾਇਆ ਜਾਂਦਾ ਸੀ। ਇਸ ਰਸਮ ਨੂੰ ਚਰਨਾਮ੍ਰਿਤ ਕਿਹਾ ਜਾਂਦਾ ਸੀ। ਵਿਸਥਾਰ ਵਿੱਚ ਤਾਂ ਇਸ ਰਸਮ ਬਾਰੇ ਕਿਤੋਂ ਲਿਖਤੀ ਰੂਪ ਵਿੱਚ ਪਤਾ ਨਹੀਂ ਚਲਦਾ। ਸਿਰਫ ਇੰਨਾ ਪਤਾ ਲੱਗਦਾ ਹੈ ਕਿ ਰਸਮ ਨਾਲ ਬਣਨ ਵਾਲੇ ਸਿੱਖਾਂ ਨੂੰ ਚਰਨਾਮ੍ਰਿਤ ਪਿਆਇਆ ਜਾਂਦਾ ਸੀ। ਭਾਈ ਗੁਰਦਾਸ ਨੇ ਲਿਖਿਆ ਹੈ:

ਇਹ ਰਸਮ ਉਸ ਵੇਲੇ ਅਪਣਾਈ ਜਾਂਦੀ ਸੀ ਜਦੋਂ ਕਿਸੇ ਤਿੱਥ-ਤਿਉਹਾਰ ਸਮੇਂ ਸਿੱਖ-ਸੰਗਤਾਂ ਗੁਰੂ ਸਾਹਿਬ ਕੋਲ ਪਹੁੰਚਦੀਆਂ ਸਨ। ਵਿਸਾਖੀ ਦਾ ਸਮਾਂ ਸਿੱਖ-ਸੰਗਤਾਂ ਦੇ ਇਕੱਠਾ ਹੋਣ ਲਈ ਗੁਰੂ ਅਮਰਦਾਸ ਦੇ ਸਮੇਂ ਤੋਂ ਤੈਅ ਕਰ ਲਿਆ ਗਿਆ ਸੀ। ਕੁਝ ਵੇਰਵੇ ਅਜਿਹੇ ਵੀ ਮਿਲਦੇ ਹਨ ਜਿੰਨਾਂ ਰਾਹੀਂ ਪਤਾ ਲੱਗਦਾ ਹੈ ਦੀਵਾਲੀ ਦੇ ਸਮੇਂ ਸਿੱਖ-ਸੰਗਤਾਂ ਗੁਰੂ ਸਾਹਿਬ ਕੋਲ ਪਹੁੰਚਦੀਆਂ ਸਨ। ਅਜਿਹੇ ਸਮਿਆਂ ਵਿੱਚ ਸਿੱਖਾਂ ਨੂੰ ਚਰਨਾਮ੍ਰਿਤ ਪਿਲਾ ਕੇ ਸਿੱਖ ਸਜਾ ਲਿਆ ਜਾਂਦਾ ਸੀ।

ਮਸੰਦ, ਅਜਿਹੇ ਮੌਕਿਆਂ ਤੇ ਆਪੋ-ਆਪਣੀਆਂ ਸੰਗਤਾਂ ਨਾਲ ਗੁਰੂ ਸਾਹਿਬ ਕੋਲ ਪਹੁੰਚਦੇ, ਉਹ ਉਸ ਚੜ੍ਹਾਵੇ ਨੂੰ ਲੈ ਕੇ ਆਉਂਦੇ ਸਨ ਜੋ ਸਿੱਖਾਂ ਨੇ ਸ਼ਰਧਾ-ਭਾਵਨਾ ਨਾਲ ਗੁਰੂ ਸਾਹਿਬ ਦੇ ਨਾਂ ਤੇ ਚੜ੍ਹਾਇਆ ਹੁੰਦਾ ਸੀ। ਸ਼ਰਧਾ ਨਾਲ ਚੜ੍ਹਾਏ ਚੜ੍ਹਾਵੇ ਵਿੱਚੋਂ ਕੋਈ ਵੀ ਮਸੰਦ ਪੈਸੇ ਨਹੀਂ ਵਰਤਦਾ ਸੀ। ਗੁਰੂ ਆਪਣੇ ਮਸੰਦਾਂ ਨੂੰ  ਸਿਰੋਪਾਉ ਦੇ ਕੇ ਨਿਵਾਜ਼ਦਾ ਸੀ।[54] ਗੁਰੂ ਦੇ ਭਰੇ ਦਰਬਾਰ ਵਿੱਚ ਮਸੰਦਾਂ ਨੂੰ ਸਿਰੋਪਾਉ ਦੇ ਕੇ ਪੂਰਾ ਮਾਣ-ਸਨਮਾਨ ਦਿੱਤਾ ਜਾਂਦਾ ਸੀ।

ਗੁਰੂ ਅਰਜਨ ਦੇਵ ਨੇ ਸਿੱਖ ਧਰਮ ਦੇ ਜੱਥੇਬੰਦਕ ਢਾਂਚੇ ਨੂੰ ਇੰਨਾ ਮਜ਼ਬੂਤ ਬਣਾ ਦਿੱਤਾ ਸੀ ਕਿ ਸਿੱਖ ਧਰਮ ਬਹੁਤ ਤੇਜ਼ੀ ਨਾਲ ਫੈਲ ਰਿਹਾ ਸੀ। ਸਿੱਖ ਧਰਮ ਦੀ ਇਸ ਚੜ੍ਹਦੀ ਕਲਾ ਦੇ ਸਮੇਂ ਗੁਰੂ ਸਾਹਿਬ ਨੇ ਇੱਕ ਹੋਰ ਅਜਿਹਾ ਮਹਾਨ ਕੰਮ ਕੀਤਾ ਜਿਸ ਨੇ ਸਿੱਖ ਧਰਮ ਦੀਆਂ ਜੜ੍ਹਾਂ ਪਾਤਾਲ ਵਿੱਚ ਲਗਾ ਦਿੱਤੀਆਂ ਸਨ। ਇਹ ਸੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨਾਲ ਗੁਰੂ ਸਾਹਿਬਾਨ ਦੀ ਆਪਣੀ ਬਾਣੀ ਅਤੇ ਸਮਕਾਲੀ ਗੈਰ-ਸਿੱਖ ਭਗਤਾਂ ਦੀ ਉਹ ਬਾਣੀ ਜਿਹੜੀ ਸਿੱਖ ਵਿਚਾਰਧਾਰਾ ਨਾਲ

---

54 ਹਰਚੰਦ ਸਿੰਘ ਬੇਦੀ, (ਅਨੁ. ਤੇ ਸੰਪਾ.), ਗੰਡਾ ਸਿੰਘ *ਸਿੱਖ ਇਤਿਹਾਸ ਸਰੋਤ ਪੁਸਤਕ*, ਪੰਨੇ 157-58.

ਮੇਲ ਖਾਂਦੀ ਸੀ, ਗ੍ਰੰਥ ਵਿੱਚ ਇਕੱਠੀ ਕਰ ਦਿੱਤੀ ਗਈ ਸੀ। ਇਹ ਮਹਾਨ ਕੰਮ 1604 ਈਸਵੀ ਵਿੱਚ ਕੀਤਾ ਗਿਆ ਸੀ। ਭਾਈ ਗੁਰਦਾਸ ਗੁਰੂ ਗ੍ਰੰਥ ਸਾਹਿਬ ਨੂੰ ਲਿਖਣ ਵਾਲੇ ਸਨ ਅਤੇ ਗੁਰੂ ਸਾਹਿਬ ਬੋਲ ਕੇ ਲਿਖਵਾ ਰਹੇ ਸਨ। ਇਹ ਪਵਿੱਤਰ ਕੰਮ ਅੰਮ੍ਰਿਤਸਰ ਵਰਗੀ ਪਵਿੱਤਰ ਥਾਂ ਤੇ ਬੈਠ ਕੇ ਕੀਤਾ ਗਿਆ ਸੀ। ਗੁਰੂ ਅਰਜਨ ਦੇਵ ਅਤੇ ਸਿੱਖ ਧਰਮ ਦੇ ਵਿਕਾਸ ਦੇ ਸਮੁੱਚ ਸਮੇਂ ਦਾ ਇਹ ਪੂਰੇ ਸਿਖਰ ਦਾ ਸਮਾਂ ਸੀ। ਵਿਲੱਖਣਤਾ ਵਾਲੀ ਗੱਲ ਇਹ ਸੀ ਕਿ ਗੁਰੂ ਗ੍ਰੰਥ ਸਾਹਿਬ ਨੂੰ ਲੋਕ-ਬੋਲੀ ਪੰਜਾਬੀ ਵਿੱਚ ਅਤੇ ਪੰਜਾਬੀ ਬੋਲੀ ਦੀ ਲਿੱਪੀ ਗੁਰਮੁਖੀ ਵਿੱਚ ਲਿਖਿਆ ਗਿਆ ਸੀ ਜਦੋਂ ਕਿ ਉਸ ਸਮੇਂ ਦੀ ਸਰਕਾਰੀ ਬੋਲੀ ਫਾਰਸੀ ਸੀ ਅਤੇ ਹਿੰਦੂ ਸ਼ਾਸਤਰਾਂ ਦੀ ਬੋਲੀ ਸੰਸਕ੍ਰਿਤ ਅਤੇ ਹਿੰਦੀ ਸੀ। ਗੁਰੂ ਸਾਹਿਬ ਨੇ ਇਹਨਾਂ ਦੋਹਾਂ ਬੋਲੀਆਂ ਅਤੇ ਲਿੱਪੀਆਂ ਨੂੰ ਛੱਡ ਕੇ ਪੰਜਾਬੀ (ਗੁਰਮੁਖੀ) ਵਿੱਚ ਲਿਖਿਆ ਸੀ।[55]

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ (1604 ਈਸਵੀ) ਦਾ ਇੰਨਾ ਜਿਆਦਾ ਪ੍ਰਭਾਵ ਪਿਆ ਕਿ ਜਿੰਨੀਆਂ ਵੀ ਸਿੱਖ ਧਰਮ ਦੀਆਂ ਵਿਰੋਧੀ ਤਾਕਤਾਂ ਸਰਹਿੰਦ ਦੀ ਸ਼ੇਖ ਅਹਿਮਦ ਸਰਹਿੰਦੀ ਦੀ ਸੰਸਥਾ, ਅਤੇ ਪ੍ਰਿਥੀ ਚੰਦ ਦਾ ਘਰਾਣਾ, ਇਕਦਮ ਮੁੜ ਤੋਂ ਸਰਗਰਮ ਹੋ ਗਈਆਂ ਸਨ। ਇਹਨਾਂ ਨੇ ਅਕਬਰ ਬਾਦਸ਼ਾਹ ਕੋਲ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਬਾਰੇ ਸ਼ਿਕਾਇਤਾਂ ਕੀਤੀਆਂ ਸਨ ਪਰ ਅਕਬਰ ਦੀ ਧਰਮ ਨਿਰਪੱਖਤਾ ਕਰ ਕੇ ਇਹਨਾਂ ਦੀ ਕੋਈ ਵੀ ਸ਼ਿਕਾਇਤ ਆਪਣਾ ਪ੍ਰਭਾਵ ਨਹੀਂ ਪਾ ਸਕੀ। ਅਕਬਰ ਦੀ ਮੌਤ 1605 ਈਸਵੀ ਵਿੱਚ ਹੋ ਗਈ ਸੀ ਅਤੇ ਅਗਲਾ ਮੁਗ਼ਲ ਬਾਦਸ਼ਾਹ ਜਹਾਂਗੀਰ ਕਈ ਕਾਰਨਾ ਕਰਕੇ ਆਪਣੇ ਪਿਤਾ ਅਕਬਰ ਦੀ ਧਰਮ-ਨਿਰਪੱਖਤਾ ਤੋਂ ਉਲਟ ਸੀ। ਉਹ ਸ਼ੇਖ-ਅਹਿਮਦ ਸਰਹਿੰਦੀ ਦੇ ਨੇੜੇ ਸੀ। ਉਸ ਦੇ ਖਿਲਾਫ ਉਸ ਦੇ ਪੁੱਤਰ ਖੁਸਰੋ ਦੀ ਬਗਾਵਤ ਦਾ ਮਸਲਾ ਖੜਾ ਹੋਇਆ ਸੀ। ਖੁਸਰੋ ਦਾ ਮਸਲਾ ਕਿਸੇ ਤਰ੍ਹਾਂ, ਨਾ ਤਾਂ ਪੰਜਾਬ ਨਾਲ ਕੋਈ ਸਬੰਧ ਰੱਖਦਾ ਸੀ ਅਤੇ ਨਾ ਗੁਰੂ ਅਰਜਨ ਦੇਵ ਨਾਲ। ਪੰਜਾਬ ਵਿਚਲੀਆਂ ਸਿੱਖ ਧਰਮ ਦੀਆਂ ਵਿਰੋਧੀ ਤਾਕਤਾਂ ਨੇ ਅਤੇ ਕੁਝ ਜਹਾਂਗੀਰ ਦੀ ਆਪਣੀ ਸੌੜੀ ਸੋਚ ਨੇ ਖੁਸਰੋ ਦੇ ਮਸਲੇ ਨੂੰ ਗੁਰੂ

55 ਸਾਹਿਬ ਸਿੰਘ, *ਆਦਿ ਬੀੜ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1970; ਪਿਆਰਾ ਸਿੰਘ ਪਦਮ, *ਗਾਥਾ ਸ੍ਰੀ ਆਦਿ ਗ੍ਰੰਥ*, ਗੁਰੂ ਨਾਨਕ ਦੇਵ, ਯੂਨੀਵਰਸਿਟੀ, ਅੰਮ੍ਰਿਤਸਰ, 1992; Khushwant Singh, *A History of the Sikhs*, Vol. 1, Oxford, 1999, pp. 294-298; and Teja Singh Ganda Singh, *op.cit.,* pp. 29-33.

ਅਰਜਨ ਦੇਵ ਨਾਲ ਜੋੜ ਦਿੱਤਾ ਸੀ।[56] ਜਹਾਂਗੀਰ ਬਾਦਸ਼ਾਹ ਦਾ ਆਪਣੀ ਜੀਵਨੀ ਤੁਜ਼ਕ-ਏ-ਜਹਾਂਗੀਰੀ ਵਿੱਚ ਦਿੱਤਾ ਗਿਆ ਬਿਆਨ:

"ਗੋਇੰਦਵਾਲ ਸਥਾਨ ਜੋ ਬਿਆਸ ਦਰਿਆ ਦੇ ਕਿਨਾਰੇ 'ਤੇ ਸਥਿਤ ਹੈ ਵਿੱਚ ਇੱਕ ਹਿੰਦੂ ਜਿਸ ਦਾ ਨਾਮ ਅਰਜਨ ਸੀ ਤੇ ਉਹ ਪੀਰਾਂ ਤੇ ਸ਼ੇਖਾਂ ਦੇ ਲਿਬਾਸ ਵਿੱਚ ਰਹਿੰਦਾ ਸੀ। ਉਸ ਨੇ ਬਹੁਤ ਸਾਰੇ ਅਨਪੜ੍ਹ ਹਿੰਦੂ ਅਤੇ ਮੁਸਲਮਾਨਾ ਨੂੰ ਆਪਣੇ ਤਰੀਕਿਆਂ ਤੇ ਢੰਗਾਂ ਦਾ ਕੈਦੀ ਬਣਾ ਕੇ ਆਪਣੀ ਵਡਿਆਈ, ਪੀਰੀ ਅਤੇ ਰਾਜਸੀ ਅਗਵਾਈ ਦਾ ਢੰਡੋਰਾ ਉੱਚਾ ਕੀਤਾ ਹੋਇਆ ਸੀ। ਲੋਕ ਉਸ ਨੂੰ ਗੁਰੂ ਆਖਦੇ ਸਨ ਅਤੇ ਦੂਰ-ਦੂਰ ਦੇ ਇਲਾਕਿਆਂ ਤੋਂ ਜਾਹਲ ਗੰਵਾਰ ਲੋਕ ਅਤੇ ਜਹਾਲਤ ਪਸੰਦ ਲੋਕ ਉਸ ਕੋਲ ਆਉਂਦੇ ਤੇ ਆਪਣੀ ਸ਼ਰਧਾ ਉਸ ਨੂੰ ਦਿਖਾਉਂਦੇ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਵਿਉਪਾਰ (ਦੁਕਾਨਦਾਰੀ) ਚਲਦੀ ਆ ਰਹੀ ਸੀ। ਬੜੀ ਵਾਰ (ਮੇਰੇ) ਦਿਲ ਵਿੱਚ ਵਿਚਾਰ ਅਇਆ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਉਸ ਨੂੰ ਇਸਲਾਮੀ ਕਟਹਿਰੇ ਵਿੱਚ ਲਿਆਂਦਾ ਜਾਵੇ। ਇੰਨਾਂ ਦਿਨਾ ਵਿੱਚ (ਬਾਗੀ) ਖੁਸਰੋ ਇੱਥੋਂ ਦੀ ਲੰਘ ਰਿਹਾ ਸੀ। ਇਸ ਅਗਿਆਨੀ ਪੁਰਖ ਨੇ ਉਸ ਨੂੰ ਮਿਲਣ ਦਾ ਵਿਚਾਰ ਬਣਾਇਆ। ਉਸ ਦੀ ਰਿਹਾਇਸ਼ ਦੇ ਨੇੜੇ ਖੁਸਰੋ ਦਾ ਟਿਕਾਣਾ ਹੋਇਆ। ਉਹ ਉੱਥੇ ਆਇਆ ਅਤੇ ਖੁਸਰੋ ਨੂੰ ਮਿਲਿਆ ਤੇ ਉਸ ਨਾਲ ਵਿਸ਼ੇਸ਼ ਗੱਲਬਾਤ ਕੀਤੀ। ਉਸ ਨੇ ਖੁਸਰੋ ਦੇ ਮੱਥੇ ਉਪਰ ਕੇਸਰ ਵਾਲੀ ਉਂਗਲ ਨਾਲ ਨਿਸ਼ਾਨ (ਤਿਲਕ) ਲਾਇਆ, ਜਿਸ ਨੂੰ ਕਸ਼ਕਾ (ਤਿਲਕ) ਕਹਿੰਦੇ ਹਨ ਅਤੇ ਹਿੰਦੂ ਲੋਕਾਂ ਵਿੱਚ ਸ਼ਗਨ ਦੀ ਰਸਮ ਮੰਨੀ ਜਾਂਦੀ ਹੈ। ਜਦੋਂ ਇਸ ਮਸਲੇ ਦੀ ਸੁਣਵਾਈ ਸ਼ਹਿਨਸ਼ਾਹ ਵੱਲੋਂ ਹੋਈ ਅਤੇ ਮੈਂ ਉਸ ਦੇ ਫਰੇਬ ਨੂੰ ਪੂਰੀ ਤਰ੍ਹਾਂ ਸਮਝ ਲਿਆ ਤਾਂ ਉਸ ਨੂੰ ਪੇਸ਼ ਕੀਤੇ ਜਾਣ ਦਾ ਹੁਕਮ ਜਾਰੀ ਕੀਤਾ। ਉਸ ਦੇ ਮਕਾਨ, ਘਰ, ਜ਼ਮੀਨ, ਅਤੇ ਉਸ ਦੇ ਪੁੱਤਰ ਦੇ ਘਰ ਜ਼ਮੀਨਾਂ ਤੇ ਜਾਇਦਾਦ, ਮੈਂ ਮੁਰਤਜ਼ਾ ਖਾਨ ਦੇ ਹਵਾਲੇ ਕਰ ਦਿੱਤੇ। ਉਸ ਦੇ ਮਾਲ-ਅਸਬਾਬ ਨੂੰ ਜ਼ਬਤ ਕਰ ਕੇ ਹੁਕਮ ਕੀਤਾ ਕਿ ਉਸ ਨੂੰ ਯਾਸਾ ਵਿਧੀ ਅਨੁਸਾਰ ਸਜ਼ਾ ਦਿੱਤੀ ਜਾਵੇ।"[57] ਇਸ ਤੋਂ ਅੱਗੇ ਕੁਝ ਹੋਰਨਾਂ ਬੰਦਿਆਂ ਬਾਰੇ ਲਿਖਿਆ ਗਿਆ ਹੈ।

---

56 Fauja Singh's article 'Development of Sikhsm under the Gurus', *op.cit.*; pp. 15-16.

57 ਹਰਚੰਦ ਸਿੰਘ ਬੇਦੀ: *ਸਿੱਖ ਇਤਿਹਾਸ ਸਰੋਤ ਪੁਸਤਕ*, ਪੰਨੇ 146-47.

ਜਹਾਂਗੀਰ ਦੀ ਇਸ ਲੰਮੀ-ਚੌੜੀ ਟੂਕ ਬਾਰੇ ਸਮਝਿਆ ਜਾ ਸਕਦਾ ਹੈ ਇਹ ਇੱਕ-ਪਾਸੜ ਬਿਆਨ, ਧਾਰਮਿਕ ਈਰਖਾ ਤਹਿਤ ਲਿਖਿਆ ਗਿਆ ਹੈ ਅਤੇ ਇਸ ਵਿੱਚ ਬਾਦਸ਼ਾਹਾਂ ਵਾਲੀ ਕੋਈ ਨੈਤਿਕਤਾ ਨਹੀਂ ਹੈ। ਜਹਾਂਗੀਰ ਹਿੰਦੁਸਤਾਨ ਦਾ ਬਾਦਸ਼ਾਹ ਸੀ। ਬਾਦਸ਼ਾਹ ਦਾ ਧਰਮ ਸਿਰਫ਼ ਸਾਰੀ ਪਰਜਾ ਨੂੰ ਇੱਕੋ ਅੱਖ ਨਾਲ ਦੇਖਣਾ ਹੁੰਦਾ ਹੈ। "ਬੜੀ ਵਾਰ ਮੇਰੇ ਦਿਲ ਵਿੱਚ ਆਇਆ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਉਸ ਨੂੰ ਇਸਲਾਮੀ ਕਟਹਿਰੇ ਵਿੱਚ ਲਿਆਂਦਾ ਜਾਵੇ" ਆਦਿ ਗੱਲਾਂ ਜਹਾਂਗੀਰ ਨੂੰ ਸਿਰਫ਼ ਇੱਕੋ ਫਿਰਕੇ ਇਸਲਾਮ ਦਾ ਬਾਦਸ਼ਾਹ ਹੀ ਬਣਾਉਂਦੀਆਂ ਹਨ ਅਤੇ ਦੂਜੇ ਧਰਮਾਂ ਦਾ ਦੁਸ਼ਮਣ। ਜਹਾਂਗੀਰ ਅਤੇ ਅਕਬਰ ਵਿੱਚ ਕਿੰਨਾ ਫ਼ਰਕ ਸੀ। ਜਿਸ ਨੂੰ ਜਹਾਂਗੀਰ ਨੇ ਝੂਠ ਦੀ ਦੁਕਾਨ ਕਿਹਾ ਹੈ ਅਕਬਰ ਇਸ ਦੁਕਾਨ ਦਾ ਸ਼ਰਧਾਲੂ ਸੀ ਅਤੇ ਇਸ ਦੁਕਾਨ ਨੂੰ ਉਸ ਨਜ਼ਰ ਨਾਲ ਦੇਖਦਾ ਸੀ ਜਿਸ ਨਜ਼ਰ ਨਾਲ ਉਹ ਇਸਲਾਮ ਨੂੰ ਦੇਖਦਾ ਸੀ। ਜਹਾਂਗੀਰ ਦੀ ਇਹ ਟੂਕ ਧਾਰਮਿਕ ਈਰਖਾ, ਸੌੜੀ ਸੋਚ ਅਤੇ ਅਣਜਾਣਪੁਣੇ ਦੀ ਨਿਸ਼ਾਨੀ ਹੈ।[58]

ਖੁਸਰੋ ਦੀ ਮਦਦ ਕਰਨ ਵਾਲਾ ਸਾਰਾ ਮੁੱਦਾ, ਬਾਅਦ ਵਿੱਚ ਬਣਾਇਆ ਹੋਇਆ ਮਸਲਾ ਸੀ। ਇਹ ਮਸਲਾ ਜਹਾਂਗੀਰ ਨੇ ਆਪਣੀ ਈਰਖਾ ਨੂੰ ਪੂਰਾ ਕਰਨ ਲਈ ਬਣਾਇਆ ਹੋਵੇ ਜਾਂ ਫਿਰ ਗੁਰੂ ਸਾਹਿਬ ਦੇ ਵਿਰੋਧੀਆਂ ਨੇ ਖੁਸਰੋ ਦਾ ਮੁੱਦਾ ਬਣਾ ਕੇ ਜਹਾਂਗੀਰ ਦੇ ਕੰਨ ਭਰੇ ਹੋਣ। ਸਿੱਟਾ ਇਹ ਹੋਇਆ ਗੁਰੂ ਸਾਹਿਬ ਨੂੰ 30 ਮਈ, 1606 ਈਸਵੀ ਨੂੰ ਬਹੁਤ ਸਖ਼ਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਗੁਰੂ ਸਾਹਿਬ ਇੱਕ ਕੌਮ ਦੇ ਰਹਿਬਰ, ਧਾਰਮਿਕ ਨੇਤਾ ਅਤੇ ਹਮੇਸ਼ਾਂ ਹੀ ਅਮਨ ਅਤੇ ਸ਼ਾਂਤੀ ਦਾ ਪਰਚਾਰ ਕਰਨ ਵਾਲੇ ਸਨ। ਅਜਿਹੇ ਮਹਾਨ ਨੇਤਾ ਨੂੰ ਖੁਸਰੋ ਦੀ ਮਦਦ ਕਰਨ ਦੇ ਗੈਰ-ਗੰਭੀਰ ਜਿਹੇ ਦੋਸ਼ ਲਾ ਕੇ ਸ਼ਹੀਦ ਕਰ ਦੇਣਾ ਰਾਜਨੀਤਿਕ ਤੌਰ ਤੇ ਬਹੁਤ ਵੱਡਾ ਪਾਪ ਸੀ। ਇਹ ਪਾਪ ਜਹਾਂਗੀਰ ਨੇ ਆਪਣੀ ਧਾਰਮਿਕ ਈਰਖਾ ਕਾਰਨ ਕੀਤਾ ਸੀ।

ਗੁਰੂ ਅਰਜਨ ਦੇਵ ਦੀ ਸ਼ਹਾਦਤ ਸਿੱਖ ਧਰਮ ਦੇ ਇਤਿਹਾਸ ਵਿੱਚ ਅਜਿਹੀ ਇਤਿਹਾਸਕ ਘਟਨਾ ਬਣ ਕੇ ਆਈ ਜਿਸ ਨਾਲ ਸਮੁੱਚੇ ਸਿੱਖ ਜਗਤ ਦੀ ਸੋਚ ਵਿੱਚ ਇੱਕ ਬਹੁਤ ਵੱਡਾ ਮੋੜ ਆ ਗਿਆ ਸੀ।[59] ਮੋੜ

---

58 Khushwant Singh, *op. cit.*, Vol. I, p. 57 ਗੋਕਲ ਚੰਦ ਨਾਰੰਗ, *ਸਿੱਖ ਮੱਤ ਦਾ ਪਰਿਵਰਤਨ*, ਪਟਿਆਲਾ, 1990, ਪੰਨੇ 38-40, Teja Singh Ganda Singh, *op. cit.*, pp. 34-35.

59 Erenest Trumpp, *Adi Granth*, p. IXXXI (Introduction); Khushwant Singh, *op.cit.*, p. 59.

ਇਹ ਸੀ ਜਿਹੜੀ ਨਵ-ਜਨਮੀ ਕੌਮ ਸ਼ੁਰੂ ਤੋਂ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਤੋਂ ਆਪਣੇ-ਆਪ ਨੂੰ ਨਿਰਲੇਪ ਰੱਖਦੀ ਹੋਈ ਬੜੇ ਅਮਨਮਈ ਰਾਹ ਤੇ ਚਲਦੀ ਆ ਰਹੀ ਸੀ। ਉਹ ਕੌਮ ਅਚਾਨਕ ਆਪਣੇ ਰਹਿਬਰ ਨੂੰ ਬਿਨਾ ਕਿਸੇ ਗੰਭੀਰ ਦੋਸ਼ ਦੇ ਮਾਰ ਦਿੱਤੇ ਜਾਣ ਕਰਕੇ ਬਹੁਤ ਬੁਰੀ ਤਰ੍ਹਾਂ ਝੰਜੋੜੀ ਜਾ ਚੁੱਕੀ ਸੀ। ਪੰਜ ਪੀੜ੍ਹੀਆਂ ਤੋਂ ਸ਼ਾਂਤੀ ਨਾਲ ਚਲਦੀ ਆ ਰਹੀ ਕੌਮ ਵਿੱਚ ਇਕਦਮ ਇਹ ਅਹਿਸਾਸ ਪੈਦਾ ਹੋ ਗਿਆ ਕਿ ਜਹਾਂਗੀਰ ਬਾਦਸ਼ਾਹ ਜਿਹੇ ਹੰਕਾਰੀ ਅਤੇ ਬੇਸਮਝ ਬਾਦਸ਼ਾਹ ਦੇ ਰਾਜ ਵਿੱਚ ਉਹ ਆਪਣੀ ਰੱਖਿਆ ਸਿਰਫ਼ ਆਪਣੀ ਤਾਕਤ ਨਾਲ ਕਰ ਸਕਦੀ ਹੈ। ਮੁਗ਼ਲ ਰਾਜ ਵਿੱਚ ਉਸ ਦੀ ਰੱਖਿਆ ਕਰਨ ਵਾਲਾ ਕੋਈ ਕਾਨੂੰਨ ਨਹੀਂ ਹੈ। ਕਿਸੇ ਸ਼ਾਂਤੀ ਪਸੰਦ ਕੌਮ ਵਿੱਚ ਅਜਿਹੀ ਸੋਚ ਦਾ ਸਮਾ ਜਾਣਾ, ਉਸ ਕੌਮ ਲਈ ਤਾਂ ਸੰਕਟ-ਕਾਲ ਹੁੰਦਾ ਹੈ। ਇਸ ਤਰ੍ਹਾਂ ਦੀ ਸੋਚ, ਉਸ ਰਾਜ ਲਈ ਵੀ ਘਾਤਕ ਹੁੰਦੀ ਹੈ ਜਿਸ ਨੇ ਇਹ ਸਾਕਾ ਵਰਤਾਇਆ ਹੁੰਦਾ ਹੈ।

ਇਸ ਤਰ੍ਹਾਂ ਜਦੋਂ ਅਸੀਂ ਪਿਛੋਕੜ ਵੱਲ ਝਾਤ ਮਾਰ ਕੇ ਦੇਖਦੇ ਹਾਂ ਤਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਤੋਂ ਸ਼ੁਰੂ ਹੋਈ ਸਿੱਖ ਲਹਿਰ ਗੁਰੂ ਅਰਜਨ ਦੇਵ ਦੇ ਸਮੇਂ ਤੱਕ ਇੱਕ ਸਰਬਕਲਾਂ-ਸੰਪੰਨ ਕੌਮ ਬਣ ਗਈ ਸੀ। ਇਸ ਨੇ ਹਿੰਦੂ ਅਤੇ ਮੁਸਲਿਮ ਜਗਤ ਵਿੱਚ ਆਪਣੀ ਇੱਕ ਨਿਵੇਕਲੀ ਜਗ੍ਹਾ ਬਣਾ ਲਈ ਸੀ। ਸੰਨ 1469 ਈਸਵੀ ਤੋਂ 1606 ਈਸਵੀ ਤੱਕ 137 ਸਾਲਾਂ ਦਾ ਸਮਾਂ ਬਣਦਾ ਹੈ। ਇਹਨਾਂ ਸਾਲਾਂ ਵਿੱਚ ਨਵ-ਉੱਭਰੀ ਸਿੱਖ ਕੌਮ ਕੋਲ ਆਪਣਾ ਗ੍ਰੰਥ, ਆਪਣਾ ਧਾਰਮਿਕ ਕੇਂਦਰੀ ਅਸਥਾਨ, ਆਪਣੀ ਜੱਥੇਬੰਦੀ ਅਤੇ ਆਪਣੇ ਵਿੱਤੀ-ਸਾਧਨ ਸਨ। ਇਹ ਸਿੱਖ ਧਰਮ ਦੇ ਇਤਿਹਾਸਕ ਵਿਕਾਸ ਦਾ ਪਹਿਲਾਂ ਸੰਪੂਰਨ ਪੜਾਅ ਸੀ। ਆਧੁਨਿਕ ਇਤਿਹਾਸਕਾਰਾਂ ਵੱਲੋਂ ਸਿੱਖ ਲਹਿਰ ਦੇ ਵਿਕਾਸ ਦੀ ਗੱਲ ਨੂੰ ਪੂਰੀ ਨਿਸ਼ਠਾ ਅਤੇ ਲਗਨ ਨਾਲ ਬਿਆਨਿਆ ਗਿਆ ਹੈ। ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ: "ਸਿੱਖ ਭਾਵੇਂ ਆਪਣੇ ਰਾਜਨੀਤਿਕ ਭਵਿੱਖ ਪ੍ਰਤੀ ਚੇਤਨ ਨਹੀਂ ਸਨ, ਅਤੇ ਭਾਵੇਂ ਲਹਿਰ ਦੇ ਅੰਤਰਗਤ ਕੰਮ ਕਰ ਰਹੀ ਪ੍ਰੇਰਣਾ ਸ਼ਕਤੀ ਵਿਸ਼ੁੱਧ ਧਾਰਮਕ ਹੀ ਰਹੀ ਹੋਵੇ, ਪਰ ਸਥਾਪਿਤ ਰਾਜ ਦੀ ਦ੍ਰਿਸ਼ਟੀ ਤੋਂ ਦੇਖਿਆਂ ਨਵੀਨ ਕੌਮ ਅਜੇਹੀ ਅਵਸਥਾ ਵਿੱਚ ਪੁੱਜ ਰਹੀ ਸੀ ਜਿਸ ਨੂੰ ਨਜ਼ਰੋਂ ਓਹਲੇ ਨਹੀਂ ਸੀ ਕੀਤਾ ਜਾ ਸਕਦਾ। ਹੌਲੀ-ਹੌਲੀ ਮਸੰਦ ਪ੍ਰਥਾ ਸਿੱਖਾਂ ਨੂੰ ਇੱਕ ਆਤਮ-ਸ਼ਾਸਨ ਦਾ ਗਿਆਨ ਕਰਵਾ ਰਹੀ ਸੀ, ਕੇਂਦਰ ਵਿੱਚ ਗੁਰੂ ਦਾ ਪ੍ਰਭਾਵ, ਐਸਵਰਜ਼ਸ਼ਾਲੀ ਦਰਬਾਰ, ਅਤੇ ਸੰਗਤਾਂ ਦੀ ਸਮੁੱਚੀ ਜੱਥੇਬੰਦੀ ਤੇ ਨਿਯੰਤ੍ਰਣ, ਸਿੱਖਾਂ ਲਈ ਏਕਤਾ ਦਾ ਪ੍ਰਤੀਕ ਤੇ ਸਾਧਾਰਨ ਚਿੰਤਨ ਤੋਂ ਪਰ੍ਹੇ

ਕਿਸੇ ਦੈਵ-ਸ਼ਕਤੀ ਦਾ ਚਿੰਨ ਹੋ ਨਿਬੜੇ ਸਨ। ਅਜਿਹੀ ਨਿਸ਼ਚਤ ਅਗਵਾਈ ਵਾਲੀ, ਅਨੁਸ਼ਾਸ਼ਨ ਅਤੇ ਆਤਮ-ਬਲੀਦਾਨ ਦੇ ਉੱਚ ਆਦਰਸ਼ਾਂ ਨੂੰ ਮੰਨਣ ਵਾਲੀ, ਆਦਰਸ਼ਾਂ ਨੂੰ ਵਿਵਹਾਰਕ ਅਰਥ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਦੀ ਮਾਲਕ ਕੌਮ, ਤਤਕਾਲੀਨ ਸ਼ਾਸਨ ਦੇ ਪ੍ਰਤੀਕਰਮ ਤੋਂ ਕਿਵੇਂ ਬਚ ਸਕਦੀ ਸੀ। ਇਹ ਸਮੁੱਚਾ ਵਿਕਾਸ ਸਿੱਖਾਂ ਨੂੰ ਸੁਭਾਵਿਕ ਹੀ ਜਾਪਦਾ ਹੋਵੇਗਾ ਅਤੇ ਉਹ ਵਿਸ਼ੁੱਧ ਧਾਰਮਕ ਭਾਵਨਾ ਤੋਂ ਪ੍ਰੇਰਤ ਹੁੰਦੇ ਰਹੇ ਹੋਣਗੇ ਪਰ ਇਹਨਾਂ ਦਾ ਪ੍ਰਭਾਵ ਹੋਰਨਾਂ ਲੋਕਾਂ ਤੇ ਭਿੰਨ ਪ੍ਰਕਾਰ ਦਾ ਪੈ ਸਕਦਾ ਸੀ।"[60]

ਇੰਦੂ ਭੂਸ਼ਣ ਬੈਨਰਜੀ ਦੇ ਇਸ ਕਥਨ ਦਾ ਭਾਵ ਇਹ ਹੈ ਕਿ ਜਿੰਨਾ ਵਿਕਾਸ ਸਿੱਖ ਧਰਮ ਨੇ ਗੁਰੂ ਅਰਜਨ ਦੇਵ ਦੇ ਸਮੇਂ ਤੱਕ ਕਰ ਲਿਆ ਸੀ ਉਸ ਵਿਕਾਸ ਨੇ ਸਿੱਖਾਂ ਹਿੰਦੂਆਂ ਵਿੱਚ ਭਾਵੇਂ ਕਿੰਨਾਂ ਵੀ ਪ੍ਰਭਾਵ ਕਿਉਂ ਨਾ ਪੈਦਾ ਕੀਤਾ ਹੋਵੇ ਪਰ ਮੁਗ਼ਲ ਹਕੂਮਤ ਅਤੇ ਮੁਗ਼ਲ ਹਕੂਮਤ ਦੀਆਂ ਹਮਾਇਤੀ ਸ਼ਕਤੀਆਂ ਇਸ ਵਿਕਾਸ ਨੂੰ ਦੇਖ ਕੇ ਬੁਰੀ ਤਰ੍ਹਾਂ ਸੜ ਗਈਆਂ ਸਨ। ਇਹਨਾਂ ਦੀ ਈਰਖਾ ਕਰਕੇ ਹੀ ਗੁਰੂ ਸਾਹਿਬ ਨੂੰ ਸ਼ਹਾਦਤ ਦੇਣੀ ਪਈ ਸੀ। ਜਹਾਂਗੀਰ ਬਾਦਸ਼ਾਹ, ਆਪਣੀ ਜਵਾਨੀ ਵਿੱਚ ਸ਼ਰਾਬ ਪੀਣ ਦੀ ਆਦਤ ਵਿੱਚ ਬੁਰੀ ਤਰ੍ਹਾਂ ਪੈ ਚੁੱਕਿਆ ਸੀ ਅਤੇ ਜਿਸ ਦੇ ਖਿਲਾਫ਼ ਉਸ ਦੇ ਵੱਡੇ ਪੁੱਤਰ ਖੁਸਰੋ ਨੇ ਬਗਾਵਤ ਕਰ ਦਿੱਤੀ ਸੀ, ਉਹ ਕਿਸ ਤਰ੍ਹਾਂ ਇੱਕ ਗੈਰ-ਇਸਲਾਮੀ ਧਰਮ ਦੀ ਚੜ੍ਹਦੀ ਕਲਾ ਨੂੰ ਸਹਿ ਸਕਦਾ ਹੈ। ਜਹਾਂਗੀਰ ਨੂੰ ਇਸਲਾਮੀ ਨੇਤਾਵਾਂ ਦੇ ਹਾਂ-ਪੱਖੀ ਫ਼ਤਵਿਆਂ ਦੀ ਜ਼ਰੂਰਤ ਸੀ। ਕੁਦਰਤੀ ਸੀ ਕਿ ਜਹਾਂਗੀਰ ਆਪਣੇ ਪੈਰ ਜਮਾਉਣ ਲਈ ਅਜਿਹਾ ਕੁਝ ਕਰਕੇ ਦਿਖਾਉਂਦਾ ਜਿਸ ਨਾਲ ਇਸਲਾਮੀ ਨੇਤਾ ਖੁਸ਼ ਹੁੰਦੇ।

ਆਧੁਨਿਕ ਇਤਿਹਾਸਕਾਰ ਇਸ ਮੱਤ ਦੇ ਧਾਰਨੀ ਹਨ ਕਿ: "ਗੁਰੂ ਅਰਜਨ ਦੇਵ ਦੇ ਸਮੇਂ ਸਿੱਖ ਧਰਮ ਨੇ ਮਹਾਨ ਵਿਕਾਸ ਕੀਤਾ। ਇਹ ਗੁਰੂ ਸਾਹਿਬ ਦੀ ਯੋਗਤਾ ਦਾ ਪ੍ਰਤੀਕ ਸੀ ਕਿ ਸਿੱਖ ਸਮਾਜ ਨੂੰ ਮਸੰਦ-ਪ੍ਰਥਾ ਵਿੱਚ ਪਰੋ ਕੇ ਇੱਕ ਮਜਬੂਤ ਪ੍ਰਬੰਧ ਸਥਾਪਿਤ ਕੀਤਾ।"

ਕਨਿੰਘਮ ਨੇ ਗੁਰੂ ਅਰਜਨ ਦੇਵ ਬਾਰੇ ਲਿਖਿਆ ਹੈ, "ਗੁਰੂ ਅਰਜਨ ਦੇਵ ਦੇ ਸਮੇਂ ਗੁਰੂ ਨਾਨਕ ਰਾਹੀਂ ਸਥਾਪਿਤ ਕੀਤੇ ਗਏ ਸਿਧਾਂਤ ਉਹਨਾਂ ਦੇ ਸਿੱਖਾਂ ਦੇ ਦਿਲਾਂ ਵਿੱਚ ਪੱਕੀ ਤਰ੍ਹਾਂ ਬੈਠ ਗਏ ਸਨ।...

60 ਇੰਦੂ ਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ,* ਜਿਲਦ ਪਹਿਲੀ, ਪਟਿਆਲਾ, 1999, ਪੰਨਾ 171.

ਉਹਨਾਂ ਨੇ ਹਰ ਵਿਅਕਤੀ ਨੂੰ ਬੁਰਿਆਈ ਤਿਆਗ ਕੇ ਸ਼ਾਂਤੀ ਨਾਲ ਚੰਗਾ ਜੀਵਨ-ਜੀਣ ਦੀ ਅਤੇ ਗੁਰੂ ਨਾਨਕ ਰਾਹੀਂ ਦਰਸਾਏ ਗਏ ਇਕ ਅਕਾਲ ਪੁਰਖ ਦਾ ਨਾਮ ਜਪਣ ਦੀ ਪ੍ਰੇਰਨਾ ਦਿੱਤੀ।"[61]

ਗਿਆਨੀ ਗਿਆਨ ਸਿੰਘ ਲਿਖਦਾ ਹੈ: "ਗੁਰੂ ਅਰਜਨ ਸਾਹਿਬ ਬਹੁਤ ਧੀਰਜੀ, ਕਾਯਮ ਮਜਾਜ, ਅਚੱਲ ਭਰੋਸੇ ਵਾਲੇ, ਅਤੀ ਉੱਤਮ, ਉੱਦਮੀ, ਨਿਮਰਤਾ ਦੀ ਮੂਰਤ ਅਤੇ ਅਤੀ ਕੋਮਲ ਸੁਭਾਵ ਅਤੇ ਮਹਾਨ ਵਿਦਵਾਨ ਥੇ, ਏਹ ਐਸੇ ਐਸੇ ਕੰਮ ਤੇ ਸਾਮਾਨ ਬਣਾ ਗਏ ਜਿਹਨਾਂ ਤੋਂ ਬੇਸ਼ੁਮਾਰ ਜੀਵ ਹਮੇਸ਼ ਬਰੋਸਾਂਦੇ ਰਹਿਣਗੇ। ਸਭ ਤੋਂ ਵਧ ਕੇ ਏਹ ਕੰਮ ਕੀਤਾ ਕਿ ਗ੍ਰੰਥ ਸਾਹਿਬ ਦੀ ਬੀੜ ਬੰਨ ਦਿੱਤੀ ਜਿਸ ਕਰਕੇ ਸਿੱਖ ਪੰਥ ਦੀ ਜੜ ਐਸੀ ਲੱਗ ਗਈ ਹੈ ਜੋ ਉਖੜਨ ਵਾਲੀ ਨਹੀਂ। ਸੱਚ ਪੁੱਛੋਂ ਤਾਂ ਜੈਸੀ ਭਵਿੱਖ ਦੀ ਪੰਜਵੇਂ ਤੇ ਦਸਵੇਂ ਗੁਰੂ ਜੀ ਨੂੰ ਸੁੱਝੀ ਹੈ ਐਸੀ ਹੋਰ ਨੂੰ ਨਹੀਂ ਸੁੱਝੀ।"[62]

ਸਿੱਖ ਧਰਮ ਦੀ ਉਤਪਤੀ ਅਤੇ ਵਿਕਾਸ ਦਾ ਇਹ ਪਹਿਲਾ ਪੜਾਅ ਸੀ ਜਿਹੜਾ ਗੁਰੂ ਨਾਨਕ ਦੇਵ ਦੇ ਜਨਮ 1469 ਈਸਵੀ ਤੋਂ ਸ਼ੁਰੂ ਹੋਇਆ ਅਤੇ 1606 ਈਸਵੀ ਵਿੱਚ ਗੁਰੂ ਅਰਜਨ ਦੇਵ ਦੀ ਸ਼ਹਾਦਤ ਨਾਲ ਪੂਰਾ ਹੋਇਆ ਸੀ। ਇਹ ਕੁੱਲ 137 ਸਾਲਾਂ ਦਾ ਸਮਾਂ ਸੀ। ਇਸ ਪਹਿਲੇ ਪੜਾਅ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ (1604 ਈਸਵੀ) ਸੰਪਾਦਨਾ ਹੋਈ ਜਿਸ ਰਾਹੀਂ ਨਵੀਂ ਉੱਭਰੀ ਸਿੱਖ ਕੌਮ ਕੋਲ ਇੱਕ ਫਲਸਫਾ ਉਪਲਬਧ ਹੋ ਗਿਆ; ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸਥਾਪਨਾ ਹੋਈ, ਜਿਹੜਾ ਸਿੱਖ ਕੌਮ ਦਾ ਧਾਰਮਿਕ ਕੇਂਦਰ ਬਣ ਗਿਆ ਸੀ; ਮੰਜੀ ਪ੍ਰਥਾ ਅਤੇ ਮਸੰਦ ਪ੍ਰਥਾ ਜਿਹੇ ਜੱਥੇਬੰਦਕ ਢਾਂਚੇ ਸਾਹਮਣੇ ਆਏ ਜਿੰਨਾਂ ਰਾਹੀਂ ਸਿੱਖ ਕੌਮ ਜੱਥੇਬੰਦਕ ਤੌਰ ਤੇ ਮਜ਼ਬੂਤ ਹੋਈ; ਸੰਗਤ ਅਤੇ ਪੰਗਤ ਦਾ ਸਿਧਾਂਤ ਸਥਾਪਿਤ ਹੋ ਗਿਆ ਸੀ ਜਿਸ ਰਾਹੀਂ ਸਿੱਖ ਕੌਮ ਨੇ ਆਪਣੇ ਸਮਾਜ ਦੀ ਬਰਾਬਰੀ ਨੂੰ ਜਾਤ-ਪਾਤ ਵਿੱਚ ਵੰਡੇ ਭਾਰਤੀ ਸਮਾਜ ਸਾਹਮਣੇ ਪ੍ਰਤੱਖ ਰੂਪ ਵਿੱਚ ਦਰਸਾ ਦਿੱਤਾ ਸੀ। ਇਸ ਸਮੁੱਚੇ ਵਰਤਾਰੇ ਦਾ ਕੇਂਦਰੀ ਬਿੰਦੂ ਗੁਰੂ ਦੀ ਸੰਸਥਾ ਸੀ ਜਿਸ ਨੇ ਸ਼ਬਦ-ਗੁਰੂ ਦੇ ਸਿਧਾਂਤ ਨੂੰ ਸਿਰਜਣਾ ਸ਼ੁਰੂ ਕਰ ਦਿੱਤਾ ਸੀ ਜਿਹੜਾ ਅੱਗੇ ਚੱਲ ਕੇ ਗੁਰੂ ਦੀ ਸਮੁੱਚੀ ਸੰਸਥਾ ਨੂੰ ਆਪਣੇ ਵਿੱਚ ਸਮਾਉਣ ਦੇ ਸਮਰੱਥ ਹੋ ਗਿਆ ਸੀ। ਗੁਰੂ ਅਰਜਨ ਦੇਵ ਦੀ ਸ਼ਹਾਦਤ ਨੇ ਇਸ ਸਮੁੱਚੇ ਵਿਕਾਸ ਨੂੰ ਇੱਕ ਚਿਣਗ ਲਗਾ ਦਿੱਤੀ ਸੀ। ਇਸੇ ਚਿਣਗ ਵਿੱਚੋਂ ਸਿੱਖ ਧਰਮ ਦੇ ਵਿਕਾਸ ਦਾ

---

61 J.D. Cunningham, *A History of the Sikhs*, p. 48.

62 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨੇ 214-15.

ਅਗਲਾ ਪੜਾਅ, ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਵਿੱਚ ਸ਼ੁਰੂ ਹੋਣ ਲਈ ਜਾ ਰਿਹਾ ਸੀ ਜਿਹੜਾ ਆਪਣੇ ਇਸ ਪਹਿਲੇ ਪੜਾਅ ਨਾਲੋਂ ਸਮੱਸਿਆਵਾਂ ਅਤੇ ਸਾਧਨਾ ਦੇ ਤੌਰ 'ਤੇ ਤਾਂ ਭਾਵੇਂ ਵੱਖਰਾ ਸੀ ਪਰ ਸੋਚ ਅਤੇ ਸੰਦੇਸ਼ ਪੱਖੋਂ ਉਸ ਦੀ ਨਿਰੰਤਰਤਾ ਅਤੇ ਲਗਾਤਾਰਤਾ ਸੀ।

# ਅਧਿਆਇ-ਤੀਜਾ

# ਗੁਰੂ ਹਰਿਗੋਬਿੰਦ ਸਾਹਿਬ ਦਾ ਸਮਾਂ ਅਤੇ ਉਨ੍ਹਾਂ ਦਾ ਮਾਲਵਾ ਵਿੱਚ ਆਉਣਾ

ਗੁਰੂ ਅਰਜਨ ਦੇਵ ਦੇ ਉੱਤਰਾਧਿਕਾਰੀ ਗੁਰੂ ਹਰਿਗੋਬਿੰਦ ਸਾਹਿਬ ਬਣੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਪ੍ਰਚੱਲਿਤ ਪਰੰਪਰਾ ਅਨੁਸਾਰ 9 ਜੂਨ 1595 ਈਸਵੀ ਨੂੰ ਹੋਇਆ ਮੰਨਿਆ ਜਾਂਦਾ ਹੈ ਪਰ ਭੱਟ ਵਹੀਆਂ ਅਨੁਸਾਰ ਇਹਨਾਂ ਦਾ ਜਨਮ ਇੱਕੀ ਹਾੜ੍ਹ, ਸੰਮਤ 1747 ਬਿਕਰਮੀ ਮੁਤਾਬਕ ਜੁਲਾਈ-ਅਗਸਤ, 1590 ਈਸਵੀ ਵਿੱਚ ਹੋਇਆ ਲਿਖਿਆ ਗਿਆ ਹੈ। ਭੱਟ ਵਹੀ ਅਨੁਸਾਰ "ਬਧਾਈ ਲੀ ਸ੍ਰੀ ਹਰਿਗੋਬਿੰਦ ਜੀ ਕੀ ਬੇਟਾ ਗੁਰੂ ਅਰਜਨ ਜੀ ਮਹਲ ਪੰਚਮ ਕਾ... ਸੰਬਤ ਸਤਾਰਾਂ ਸੈ ਸੰਤਾਲੀਸ ਮਾਹ ਅਸਾਢ ਦਿਹੁੰ ਇਕੀਸ ਗਿਆ, ਸਵਾ ਪਹਿਰ ਰੈਣ ਰਹੀ ਮਾਤਾ ਗੰਗਾ ਜੀ ਕੈ ਉਧਰ ਥੀ ਗਾਮ ਬਡਾਲੀ ਪਰਗਣਾ ਗੁਰੂ ਚੱਕ ਮੇਂ ਏਕ ਚਮਤਕਾਰੀ ਬਾਲ ਪੈਦਾ ਹੂਆ, ਨਾਉਂ ਸ੍ਰੀ ਹਰਿਗੋਬਿੰਦ ਜੀ ਰਾਖਾ ਕੁਲ ਪਰੋਹਿਤ ਸਿੱਖਾਂ ਕੋ ਮਾਨਾ। ਗੁਰੂ ਕੀ ਕੜਾਹੀ ਕੀ। ਅਤਿਥੀ ਗਰੀਬ-ਗੁਰਬੇ ਕੋ ਦਾਨ ਦੀਆ।"[1]

ਇਸ ਤਰ੍ਹਾਂ ਪ੍ਰਚੱਲਿਤ ਰਵਾਇਤਾਂ ਅਤੇ ਭੱਟ ਵਹੀਆਂ ਵਿਚ ਲਿਖੀ ਗਈ ਮਿਤੀ ਵਿੱਚ ਛੇ ਸਾਲ ਦਾ ਫ਼ਰਕ ਹੈ। ਭੱਟ ਵਹੀਆਂ ਵਿੱਚ ਦਿੱਤੀਆਂ ਗਈਆਂ ਮਿਤੀਆਂ ਨੂੰ ਸਾਡੇ ਇਤਿਹਾਸਕਾਰਾਂ ਵੱਲੋਂ ਠੀਕ ਮੰਨਿਆ ਗਿਆ ਹੈ। ਅਜੇ ਤੱਕ ਇਤਿਹਾਸਕਾਰਾਂ ਵਿੱਚ ਇਸ ਗੱਲ ਦਾ ਨਿਰਣਾ ਨਹੀਂ ਹੋ ਸਕਿਆ ਕਿ ਉਕਤ ਮਿਤੀਆਂ ਵਿੱਚੋਂ ਕਿਸ ਮਿਤੀ ਨੂੰ ਛੱਡਿਆ ਜਾਵੇ ਤੇ ਕਿਸ ਨੂੰ ਅਪਣਾਇਆ ਜਾਵੇ। ਗੁਰੂ ਗ੍ਰੰਥ ਸਾਹਿਬ ਵਿੱਚ ਬਾਲ ਹਰਿਗੋਬਿੰਦ ਸਾਹਿਬ ਦੇ ਜਨਮ ਦੀ ਜਾਣਕਾਰੀ ਇੱਕ ਸ਼ਬਦ ਰਾਹੀਂ ਦਿੱਤੀ ਗਈ ਹੈ। ਇਹ ਜਾਣਕਾਰੀ ਇਸ ਤਰ੍ਹਾਂ ਹੈ: "ਅਕਾਲ ਪੁਰਖ ਨੇ ਬੱਚਾ ਭੇਜਿਆ ਹੈ। ਜਦੋਂ ਇਸ ਨੇ ਆਪਣੀ ਮਾਂ ਦੇ ਪੇਟ ਵਿੱਚ ਪ੍ਰਕਾਸ਼ ਧਾਰਨ ਕੀਤਾ ਸੀ ਤਾਂ ਉਸ ਨੂੰ ਬਹੁਤ ਖੁਸ਼ ਹੋਈ ਸੀ। ਇਹ ਸਾਰੀ ਸ੍ਰਿਸ਼ਟੀ ਦਾ ਸੰਤ-ਪੁੱਤਰ ਹੈ। ਵਾਹਿਗੁਰੂ ਦਾ ਹੁਕਮ ਸਭ ਵਿੱਚ ਜ਼ਾਹਿਰ ਹੋ ਗਿਆ ਹੈ। ਬਾਲਕ ਨੇ ਦਸ ਮਹੀਨਿਆਂ ਬਾਦ ਜਨਮ ਲਿਆ ਹੈ। ਇਸ ਨਾਲ ਪਰਿਵਾਰ ਵਿੱਚ ਸਭ ਸੋਗ ਖ਼ਤਮ ਹੋ ਕੇ ਖੁਸ਼ੀਆਂ ਫੈਲ ਗਈਆਂ ਹਨ। ਪਰਿਵਾਰ ਦੀ ਵੇਲ ਵਧੀ ਹੈ। ਬੱਚੇ ਦੇ ਰੂਪ ਵਿੱਚ ਸਤਿਗੁਰਾਂ ਨੇ ਅਜਿਹੀ ਦਾਤ ਬਖ਼ਸ਼ ਦਿੱਤੀ ਹੈ ਜਿਸ ਦੀ ਉਹਨਾਂ ਨੂੰ ਲੋਚਾ ਸੀ। ਜਿਵੇਂ ਕਿ ਬਾਲਕ ਆਪਣੇ

---

1 ਪਿਆਰਾ ਸਿੰਘ ਪਦਮ (ਸੰਪਾ.), *ਗੁਰੂ ਕੀਆਂ ਸਾਖੀਆਂ*, ਪਟਿਆਲਾ, 1986, ਪੰਨਾ 26.

ਪਿਤਾ ਉੱਪਰ ਬਹੁਤ ਮਾਣ ਕਰਦਾ ਹੈ ਉਸ ਤਰ੍ਹਾਂ ਉਹ (ਗੁਰੂ ਅਰਜਨ ਦੇਵ) ਵਾਹਿਗੁਰੂ ਦੇ ਹੁਕਮ ਮੁਤਾਬਿਕ ਹੀ ਸਭ-ਕੁਝ ਬਿਆਨ ਕਰ ਰਹੇ ਹਨ। ਇਹ ਕੋਈ ਲੁਕੀ-ਛੁਪੀ ਗੱਲ ਨਹੀਂ ਹੈ ਸਗੋਂ ਗੁਰੂ ਨਾਨਕ ਨੇ ਪਰਮ-ਪ੍ਰਸੰਨ ਹੋ ਕੇ ਇਹ ਦਾਤ ਬਖ਼ਸ਼ੀ ਹੈ।"[2]

ਬਾਲ ਹਰਿਗੋਬਿੰਦ ਸਾਹਿਬ ਦੇ ਬਚਪਨ ਵਿੱਚ ਵਾਪਰੀਆਂ ਕੁਝ ਘਟਨਾਵਾਂ ਦਾ ਗੁਰੂ ਗ੍ਰੰਥ ਸਾਹਿਬ ਵਿਚਲੇ ਕੁਝ ਸ਼ਬਦਾਂ ਵਿੱਚ ਜ਼ਿਕਰ ਹੈ। ਇੱਕ ਘਟਨਾ ਬਾਲ ਹਰਿਗੋਬਿੰਦ ਦੇ ਚੇਚਕ ਨਿਕਲਣ ਦੀ ਹੈ। ਇਸ ਬਾਰੇ ਗੁਰੂ ਅਰਜਨ ਦੇਵ ਨੇ ਆਪਣੇ ਇੱਕ ਸ਼ਬਦ ਵਿੱਚ ਜਾਣਕਾਰੀ ਦਿੱਤੀ ਹੈ: "ਬੱਚੇ ਨੂੰ ਚੇਚਕ ਦੀ ਬੀਮਾਰੀ ਤੋਂ ਅਕਾਲ ਪੁਰਖ ਨੇ ਆਪਣੀ ਅਪਾਰ ਕਿਰਪਾ ਕਰਕੇ ਬਚਾਇਆ ਹੈ। ਨੇਤਰਾਂ ਦਾ ਪਰਕਾਸ਼ ਵਾਹਿਗੁਰੂ ਨੇ ਕਾਇਮ ਰੱਖਿਆ ਹੈ ਅਤੇ ਉਹਨਾਂ ਦੇ ਸਭ ਸ਼ੰਕੇ ਦੂਰ ਹੋ ਗਏ ਹਨ। ਉਹਨਾਂ ਦੀ ਸੇਵਾ ਪੂਰਨ ਹੋ ਗਈ ਹੈ। ਹਮੇਸ਼ਾ ਵਾਹਿਗਰੂ ਦਾ ਜਾਪ ਕਰੋ। ਬਾਲਕ ਨੂੰ ਪ੍ਰਭੂ ਨੇ ਆਪ ਰੱਖਿਆ ਹੈ। ਸੀਤਲਾ ਠੀਕ ਹੋ ਗਈ ਹੈ। ਵਾਹਿਗੁਰੂ ਦਾ ਨਾਮ ਜਪਣ ਨਾਲ ਸਭ ਬਿਘਨ ਦੂਰ ਹੋ ਗਏ ਹਨ। ਉਹਨਾਂ ਦਾ ਵਾਹਿਗੁਰੂ ਹਮੇਸ਼ਾ ਦਿਆਲ ਰਹਿੰਦਾ ਹੈ। ਉਸ ਨੇ ਆਪਣੇ ਭਗਤ ਦੀ ਅਰਦਾਸ ਸੁਣ ਲਈ ਹੈ। ਪਰਿਵਾਰ ਦੇ ਸਭ ਮੈਂਬਰ ਖੁਸ਼ ਹਨ।"[3]

ਦੂਜੀ ਘਟਨਾ ਜਿਸ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿੱਚ ਆਉਂਦਾ ਹੈ, ਕਿਸੇ ਬ੍ਰਾਹਮਣ ਵੱਲੋਂ ਬਾਲ ਹਰਿਗੋਬਿੰਦ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਕਰਨ ਦੀ ਹੈ। ਜਿਸ ਬ੍ਰਾਹਮਣ ਨੇ ਬੱਚੇ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼

---

2 ਸਤਿਗੁਰ ਸਾਚੈ ਦੀਆ ਭੇਜਿ॥
ਚਿਰੁ ਜੀਵਨੁ ਉਪਜਿਆ ਸੰਜੋਗਿ॥
ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤ ਬਿਗਾਸੁ॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥
ਰਹਾਉ॥ ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥
ਮਿਟਿਆ ਸੋਗੁ ਮਹਾ ਅਨੰਦੁ ਥੀਆ॥
ਗੁਰਬਾਣੀ ਸਖੀ ਅਨੰਦੁ ਗਾਵੈ॥ ਸਾਚੇ ਸਾਹਿਬ ਕੈ ਮਨਿ ਭਾਵੈ॥...
... ਗੁਝੀ ਛੰਨੀ ਨਾਹੀ ਬਾਤ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ॥
(*ਗੁਰੂ ਗ੍ਰੰਥ ਸਾਹਿਬ*, ਆਸਾ ਮਹਲਾ 5, ਪੰਨਾ 396)

3 ਨੇਤ੍ਰ ਪ੍ਰਗਾਸੁ ਕੀਆ ਗੁਰਦੇਵ॥ ਭਰਮ ਗਏ ਪੂਰਨ ਭਈ ਸੇਵ॥ ਰਹਾਉ॥
ਸੀਤਲਾ ਤੇ ਰਖਿਆ ਬਿਹਾਰੀ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥
(*ਗੁਰੂ ਗ੍ਰੰਥ ਸਾਹਿਬ*, ਗਉੜੀ ਮਹਲਾ 5, ਪੰਨਾ 200)
ਸਦਾ ਸਦਾ ਹਰਿ ਜਾਪੇ॥ ਪ੍ਰਭ ਬਾਲਕ ਰਾਖੇ ਆਪੇ॥
ਸੀਤਲਾ ਠਾਕਿ ਰਹਾਈ॥ ਬਿਘਨ ਗਏ ਹਰਿ ਨਾਈ॥
ਮੇਰਾ ਪ੍ਰਭੁ ਹੋਆ ਦਇਆਲਾ॥ ਅਰਦਾਸਿ ਸੁਣੀ ਭਗਤ ਅਪੁਨੇ ਕੀ ਸਭ ਜੀਅ ਭਇਆ ਕਿਰਪਾਲਾ॥
(*ਗੁਰੂ ਗ੍ਰੰਥ ਸਾਹਿਬ*, ਸੋਰਠਿ ਮਹਲਾ 5, ਪੰਨਾ 627)

ਕਰਨੀ ਸੀ ਉਹ ਜ਼ਹਿਰ ਦੇਣ ਤੋਂ ਪਹਿਲਾ ਆਪਣੇ ਪੇਟ ਵਿੱਚ ਸੂਲ(ਦਰਦ) ਉੱਠਣ ਕਾਰਨ ਮਰ ਗਿਆ ਸੀ। ਬੱਚੇ ਉੱਪਰ ਜ਼ਹਿਰ ਦਾ ਕੋਈ ਅਸਰ ਨਹੀਂ ਹੋਇਆ ਸੀ। ਗੁਰੂ ਅਰਜਨ ਦੇਵ ਸ਼ਬਦ ਰਾਹੀਂ ਦੱਸਦੇ ਹਨ ਕਿ ਇਹ ਸਭ ਕੁਝ ਵਾਹਿਗੁਰੂ ਦੀ ਮਿਹਰ ਨਾਲ ਹੋਇਆ ਸੀ।[4]

ਇਹ ਜ਼ਹਿਰ ਦਿਵਾਉਣ ਦੀ ਘਟਨਾ ਪ੍ਰਿਥੀ ਚੰਦ ਜਿਹੇ ਗੁਰੂ ਘਰ ਦੇ ਦੋਖੀਆਂ ਵੱਲੋਂ ਕਰਵਾਈ ਗਈ ਹੋ ਸਕਦੀ ਹੈ। ਕਿਉਂਕਿ ਪ੍ਰਿਥੀ ਚੰਦ ਸਾਰੀ ਗੁਰੂ ਅਰਜਨ ਦੇਵ ਦੀ ਵਿਰੋਧਤਾ ਕਰਦਾ ਰਿਹਾ ਹੈ।

ਗੁਰੂ ਅਰਜਨ ਦੇਵ ਨੇ ਬਾਲ ਹਰਿਗੋਬਿੰਦ ਦੀ ਮੁੱਢਲੀ ਵਿਦਿਆ ਦਾ ਬਹੁਤ ਚੰਗਾ ਪ੍ਰਬੰਧ ਕੀਤਾ। ਮੁੱਢਲੀ ਸਿੱਖਿਆ ਵਿੱਚ ਵੱਖ-ਵੱਖ ਬੋਲੀਆਂ ਦੀ ਪੜ੍ਹਾਈ, ਘੋੜ-ਸਵਾਰੀ ਅਤੇ ਹਥਿਆਰ ਚਲਾਉਣ ਦੀ ਸਿੱਖਿਆ ਦਿੱਤੀ ਜਾਂਦੀ ਸੀ।[5] ਭੱਟ ਵਹੀਆਂ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਹਰਿਗੋਬਿੰਦ ਦਾ ਵਿਆਹ ਗੁਰੂ ਅਰਜਨ ਦੇਵ ਦੇ ਹੁੰਦਿਆਂ ਹੋ ਗਿਆ ਸੀ। ਭੱਟ ਵਹੀਆਂ ਵਿੱਚ ਇਹ ਵੇਰਵਾ ਮਿਲਦਾ ਹੈ ਕਿ ਜਦੋਂ ਗੁਰੂ ਅਰਜਨ ਦੇਵ ਦੀ ਸ਼ਹਾਦਤ ਹੋ ਗਈ ਤਾਂ ਸਾਰਾ ਗੁਰੂ ਪਰਿਵਾਰ ਡਰੌਲੀ ਭਾਈ ਕੀ ਵਿਖੇ, ਹਰਿਗੋਬਿੰਦ ਦੇ ਵੱਡੇ ਸਾਢੂ ਸਾਂਈ ਦਾਸ ਦੇ ਘਰ ਚਲਾ ਗਿਆ ਸੀ। ਭੱਟ ਵਹੀ ਦੀ ਟੂਕ ਇਹ ਹੈ: "ਗੁਰੂ ਹਰਿਗੋਬਿੰਦ ਮਹਲ ਛਟਾ ਬੇਟਾ ਗੁਰੂ ਅਰਜਨ  ਕਾ ਬਾਸੀ ਗੁਰੂ ਕਾ ਚੱਕ ਪਰਗਨਾ ਨਿੱਝਰਆਲਾ ਸੰਮਤ ਸੋਲਾਂ ਸੈ ਤ੍ਰੇਸਠ ਜੇਠ ਮਾਸੇ ਸੁਦੀ ਅਸ਼ਟਮੀ ਕੇ ਦਿਹੁੰ ਗੋਇੰਦਆਲ ਸੇ ਜੰਗਲ ਦੇਸ (ਮਾਲਵਾ) ਗਾਮ ਡਰੌਲੀ ਪਰਗਣਾ ਡਗਰੂ ਭਾਈ ਸਾਂਈ ਦਾਸ ਕੇ ਗ੍ਰਿਹ ਮੇਂ ਅਏ। ਗੈਲੋਂ ਮਾਤਾ ਗੰਗਾ ਦੇਈ ਤੇ ਇਸਤਰੀ ਦਮੋਦਰੀ ਜੀ ਆਈ। ਏਕ ਬਰਖ ਛੇ ਮਾਸ ਡਰੌਲੀ ਗਾਮ ਮੇਂ ਬਾਸ ਕਰ ਗੋਇੰਦਵਾਲ ਆਏ।।"[6]

ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਿਆਈ ਧਾਰਨ ਦੀ ਸ਼ੁਰੂਆਤ ਬਿਲਕੁਲ ਨਵੀਂ ਰੀਤ ਨਾਲ ਸ਼ੁਰੂ ਕੀਤੀ। ਇਹ ਨਵੀਂ ਰੀਤ, ਗੁਰੂ ਅਰਜਨ ਦੇਵ ਦੀ ਸ਼ਹਾਦਤ ਦੇ ਮੌਕੇ ਦੇ ਬਿਲਕੁਲ ਅਨੁਕੂਲ ਸੀ। ਅਸਲ ਵਿੱਚ ਜਦੋਂ ਅਜਿਹੇ ਹਾਲਾਤਾਂ ਵਿੱਚ ਸ਼ਹੀਦ ਕੀਤੇ ਗਏ ਗੁਰੂ ਦਾ ਉੱਤਰਾਧਿਕਾਰੀ ਆਪਣਾ ਸਮਾਂ ਸ਼ੁਰੂ ਕਰਦਾ ਹੈ ਤਾਂ ਉਹ ਇੱਕ ਤਰ੍ਹਾਂ ਨਾਲ ਸ਼ਹਾਦਤ ਜਿਹੇ ਚੈਲੰਜ ਨੂੰ ਸਵੀਕਾਰ ਕਰਕੇ ਹੀ ਆਪਣਾ ਅਗਲਾ ਕਦਮ ਚੁੱਕਦਾ ਹੈ। ਸਿੱਖ ਧਰਮ ਵਿੱਚ ਗੁਰੂ ਅਰਜਨ ਦੇਵ ਦੀ ਸ਼ਹਾਦਤ ਇੱਕ ਬਹੁਤ ਵੱਡੇ ਸੰਕਟ ਦੀ ਪ੍ਰਤੀਕ ਸੀ।[7] ਗੁਰੂ ਨਾਨਕ

---

4 ਲੇਪੁ ਨ ਲਾਗੋ ਤਿਲ ਕਾ ਮੂਲਿ।। ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ।।
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ।। ਪਾਪੀ ਮੂਆ ਗੁਰ ਪਰਤਾਪਿ।।
(*ਗੁਰੂ ਗ੍ਰੰਥ ਸਾਹਿਬ*, ਭੈਰਉ ਮਹਲਾ 5, ਪੰਨਾ 1137)

5 Teja Singh, Ganda Singh, *A Short History of the Sikhs*, Patiala, 1999, p. 38.

6 ਪਿਆਰਾ ਸਿੰਘ ਪਦਮ*, ਗੁਰੂ ਕੀਆਂ ਸਾਖੀਆਂ* , ਪੰਨਾ 27.

7 ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ* (ਪੱਥਰ ਛਾਪ), ਸਿਆਲਕੋਟ, 1891, ਪੰਨਾ 216.

ਦੇਵ ਦੇ ਸਮੇਂ (1469 ਈਸਵੀ) ਤੋਂ ਲੈ ਕੇ ਗੁਰੂ ਅਰਜਨ ਦੇਵ ਦੇ ਅਖਰੀਲੇ ਸਾਲਾਂ (1605 ਈਸਵੀ) ਤੱਕ, ਬਾਦਸ਼ਾਹ ਅਕਬਰ ਜਿਊਂਦਾ ਸੀ, ਸਭ ਕੁਝ ਸ਼ਾਂਤਮਈ ਵਾਤਾਵਰਣ ਵਿੱਚ ਵਾਪਰਦਾ ਆ ਰਿਹਾ ਸੀ। ਸਮੇਂ ਦੇ ਬਾਦਸ਼ਾਹ ਸਹਿਣਸ਼ੀਲ ਸਨ। ਇਸ ਸਹਿਸ਼ੀਲਤਾ ਦੇ ਸਮੇਂ ਵਿੱਚ ਗੁਰੂ ਸਾਹਿਬਾਨ (ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ) ਨੇ ਸਮਾਜ ਨੂੰ ਸਹਿਣਸ਼ੀਲਤਾ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੱਤਾ ਸੀ। 1605 ਈਸਵੀ ਵਿੱਚ ਅਕਬਰ ਬਾਦਸ਼ਾਹ ਦੇ ਮਰਨ ਬਾਅਦ ਬਾਦਸ਼ਾਹ ਜਹਾਂਗੀਰ ਦਾ ਸਮਾਂ ਸ਼ੁਰੂ ਹੋਇਆ ਤਾਂ ਪੁਰਾਣੀ ਸ਼ਹਿਣਸ਼ੀਲਤਾ ਅਤੇ ਉਦਾਰਤਾ ਦੀ ਨੀਤੀ ਨੂੰ ਤਿਆਗ ਕੇ ਕੱਟੜਵਾਦ ਅਤੇ ਫਿਰਕੂ ਨਫ਼ਰਤ ਦੀ ਨੀਤੀ ਧਾਰਨ ਕੀਤੀ ਗਈ ਸੀ। ਇਸ ਨਾਲ ਦੇਸ਼ ਦੀ ਰਾਜਨੀਤੀ ਦਾ ਸਮੁੱਚਾ ਮਾਹੌਲ ਬਦਲ ਗਿਆ ਸੀ। ਮੁਸਲਮਾਨਾਂ ਨੂੰ ਖੁਸ਼ ਕਰਨ ਲਈ ਹਿੰਦੂਆਂ ਪ੍ਰਤੀ ਸਖ਼ਤ ਨੀਤੀਆਂ ਧਾਰਨ ਕੀਤੀਆਂ ਗਈਆਂ। ਪੰਜਾਬ ਵਿੱਚ ਇਹਨਾਂ ਫਿਰਕੂ ਨੀਤੀਆਂ ਦਾ ਕੇਂਦਰ ਸਰਹਿੰਦ ਵਿਚਲੇ ਸ਼ੇਖ ਅਹਿਮਦ ਸਰਹਿੰਦੀ ਦਾ ਨਕਸ਼ਬੰਦੀ ਸੂਫੀ ਸਿਲਸਿਲਾ ਸੀ। ਇਸ ਨੇ ਵਿਸ਼ੇਸ਼ ਰੂਪ ਵਿੱਚ ਗੁਰੂ ਅਰਜਨ ਦੇਵ ਦੇ ਖਿਲਾਫ਼ ਪਰਚਾਰ ਕੀਤਾ ਅਤੇ ਬਾਦਸ਼ਾਹ ਦੇ ਕੰਨ ਵੀ ਭਰੇ ਸਨ। ਸਿੱਟਾ ਗੁਰੂ ਅਰਜਨ ਦੇਵ ਦੀ ਸ਼ਹਾਦਤ ਵਿੱਚ ਨਿਕਲਿਆ ਸੀ।

ਗੁਰੂ ਅਰਜਨ ਦੇਵ ਦੀ ਸ਼ਹਾਦਤ ਕੋਈ ਮਾਮੂਲੀ ਘਟਨਾ ਨਹੀਂ ਸੀ। ਗੁਰੂ ਅਰਜਨ ਦੇਵ ਇੱਕ ਨਵੀਂ ਉਭਰ ਰਹੀ ਅਤੇ ਪੂਰੀ ਜੱਥੇਬੰਦਕ ਪ੍ਰਣਾਲੀ ਵਿੱਚ ਪਰੋਈ ਹੋਈ ਸਿੱਖ ਕੌਮ ਦੇ ਗੁਰੂ, ਰਹਿਬਰ ਅਤੇ ਇੱਕ ਨੇਤਾ ਸਨ। ਸਭ ਤੋਂ ਵੱਡੀ ਗੱਲ ਗੁਰੂ ਸਾਹਿਬ ਬਹੁਤ ਅਮਨ ਪਸੰਦ ਅਤੇ ਭਾਈਚਾਰਕ ਸਾਂਝ ਦੇ ਹਾਮੀ ਸਨ। ਫਿਰ ਵੀ ਅਜਿਹੇ ਮਹਾਨ ਗੁਰੂ ਨੂੰ ਮਾਮੂਲੀ ਜਿਹੇ ਰਾਜਨੀਤਿਕ ਕਿਸਮ ਦੇ ਦੋਸ਼ ਲਾ ਕੇ ਮੌਤ ਦੀ ਸਜ਼ਾ ਦੇ ਦਿੱਤੀ ਗਈ ਸੀ। ਖੁਸਰੋ ਦੀ ਮਦਦ ਦਾ ਦੋਸ਼ ਲਾਇਆ ਉਸ ਸਮੇਂ ਗਿਆ ਸੀ ਜਦੋਂ ਖੁਸਰੋ ਦੀ ਬਗਾਵਤ ਦਾ ਮੁੱਦਾ ਖ਼ਤਮ ਹੋ ਚੁੱਕਿਆ ਸੀ। ਖੁਸਰੋ ਦੀ ਬਗਾਵਤ ਨਾਲ ਸਬੰਧਿਤ ਸਭ ਦੋਸ਼ੀ ਅਧਿਕਾਰੀਆਂ ਨੂੰ ਸਜਾਵਾਂ ਦਿੱਤੀਆਂ ਜਾ ਚੁੱਕੀਆਂ ਸਨ। ਬਾਦਸ਼ਾਹ ਜਹਾਂਗੀਰ ਇਸ ਮੁੱਦੇ ਤੋਂ ਵਿਹਲਾ ਹੋ ਕੇ ਵਾਪਿਸ ਜਾ ਰਿਹਾ ਸੀ। ਇਸ ਵਾਪਸੀ ਸਮੇਂ ਗੁਰੂ ਅਰਜਨ ਦੇਵ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਮੌਤ ਦੀ ਸਜ਼ਾ ਦਿੱਤੀ ਗਈ ਸੀ। ਇਸ ਲਈ ਗੁਰੂ ਸਾਹਿਬ ਦੀ ਸ਼ਹਾਦਤ, ਇੱਕ ਤਾਂ ਉਸ ਸਮੇਂ ਹੋਈ ਸੀ ਜਦੋਂ ਖੁਸਰੋ ਦਾ ਮੁੱਦਾ ਖ਼ਤਮ ਹੋ ਚੁੱਕਿਆ ਸੀ ਅਤੇ ਦੂਜਾ ਇਸ ਮੌਤ ਦੀ ਸਜ਼ਾ ਦੇਣ ਵਿੱਚ ਖੁਸਰੋ ਦੀ ਮਦਦ ਕਰਨ ਦਾ ਦੋਸ਼ ਬਹੁਤ ਹਲਕਾ ਸੀ।[8] ਮੁੱਖ ਮੁੱਦਾ

---

8 Teja Singh, Ganda Singh, *op.cit.*, pp. 34-35; ਸਤਿਬੀਰ ਸਿੰਘ, *ਗੁਰਭਾਰੀ ਜੀਵਨੀ ਗੁਰੂ ਹਰਿਗੋਬਿੰਦ ਜੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015, ਪੰਨਾ 15.

ਜਹਾਂਗੀਰ ਦੀ ਆਪਣੀ ਕੱਟੜਤਾ ਸੀ ਜਿਹੜੀ ਕਿ ਉਸ ਦੇ ਤੁਜ਼ਕ-ਏ-ਜਹਾਂਗੀਰੀ ਵਿਚਲੇ ਆਪਣੇ ਕਥਨ ਤੋਂ ਸਪੱਸ਼ਟ ਹੋ ਜਾਂਦੀ ਹੈ। ਇਸ ਵਿੱਚ ਕੇਵਲ ਤੇ ਕੇਵਲ ਜਹਾਂਗੀਰ ਦੀ ਧਾਰਮਿਕ ਈਰਖਾ ਨਜ਼ਰ ਆਉਂਦੀ ਹੈ। ਸਰਹਿੰਦ ਦਾ ਸ਼ੇਖ ਅਹਿਮਦ ਸਰਹਿੰਦੀ ਇਸ ਵਿੱਚ ਅਜਿਹਾ ਮੁੱਖ ਪਾਤਰ ਬਣ ਕੇ ਉਭਰਿਆ ਸੀ ਜਿਸ ਨੇ ਬਾਦਸ਼ਾਹ ਜਹਾਂਗੀਰ ਦੇ ਗੁਰੂ ਅਰਜਨ ਦੇਵ ਦੇ ਖਿਲਾਫ ਕੰਨ ਭਰੇ ਸਨ। ਸ਼ੇਖ ਅਹਿਮਦ ਸਰਹਿੰਦੀ ਨੇ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਪਿੱਛੋਂ ਖੁਸ਼ੀ ਵਿੱਚ ਜਹਾਂਗੀਰ ਨੂੰ ਪ੍ਰਸੰਸ਼ਾਮਈ ਚਿੱਠੀਆਂ ਲਿਖੀਆਂ ਸਨ।[9]

ਸਮੁੱਚੇ ਤੱਥਾਂ ਦੀ ਰੌਸ਼ਨੀ ਵਿੱਚ ਕਿਹਾ ਜਾ ਸਕਦਾ ਹੈ ਗੁਰੂ ਅਰਜਨ ਦੇਵ ਦੀ ਸ਼ਹਾਦਤ ਸਮੁੱਚੇ ਸਿੱਖ ਜਗਤ ਨੂੰ ਝੰਜੋੜ ਗਈ ਸੀ। ਸਿੱਖ ਜਗਤ ਵਿੱਚ ਇਹ ਅਹਿਸਾਸ ਪੈਦਾ ਹੋ ਗਿਆ ਸੀ ਹਕੂਮਤ ਉਹਨਾਂ ਦੀ ਰੱਖਿਅਕ ਨਹੀਂ ਹੈ ਸਗੋਂ ਭੱਖਿਅਕ ਹੈ। ਹਕੂਮਤ ਅਤੇ ਪ੍ਰਜਾ ਦਾ ਰਿਸ਼ਤਾ ਨਹੁੰ-ਮਾਸ ਦਾ ਹੁੰਦਾ ਹੈ। ਜਦੋਂ ਨਹੁੰ ਅਤੇ ਮਾਸ ਅਲੱਗ-ਅਲੱਗ ਹੋ ਜਾਣ ਤਾਂ ਸਾਰੇ ਸਰੀਰ ਨੂੰ ਬਹੁਤ ਪੀੜ ਹੁੰਦੀ ਹੈ। ਗੁਰੂ ਅਰਜਨ ਦੇਵ ਦਾ ਉੱਤਰਾਧਿਕਾਰੀ ਅਤੇ ਪੁੱਤਰ, ਗੁਰੂ ਹਰਿਗੋਬਿੰਦ ਸਾਹਿਬ ਬਹੁਤ ਛੋਟੀ ਉਮਰ ਦੇ ਸਨ। ਜਹਾਂਗੀਰ ਮੁਤਾਬਕ ਤਾਂ ਬਾਲ ਹਰਿਗੋਬਿੰਦ ਸਾਹਿਬ ਦੀ ਗ੍ਰਿਫ਼ਤਾਰੀ ਦੇ ਅਤੇ ਉਹਨਾਂ ਦਾ ਸਾਰਾ ਘਰ-ਘਾਟ ਜ਼ਬਤ ਕਰ ਲੈਣ ਦੇ ਹੁਕਮ ਕੀਤੇ ਹੋਏ ਸਨ। ਅਜਿਹੇ ਸਮੇਂ ਵਿੱਚ ਸ਼ਹੀਦ ਹੋ ਚੁੱਕੇ ਗੁਰੂ ਦੇ ਪੈਰੋਕਾਰ ਕਿਵੇਂ ਸਹਿਜ-ਅਵਸਥਾ ਵਿੱਚ ਰਹਿ ਸਕਦੇ ਸਨ। ਹਕੂਮਤ ਕੋਲੋਂ ਰੱਖਿਆ ਕਰਨ ਦੀ ਉਮੀਦ ਤਾਂ ਖ਼ਤਮ ਹੋ ਚੁੱਕੀ ਸੀ। ਇਸ ਸਮੇਂ ਵਿੱਚ ਸਿਰਫ਼ ਇੱਕੋ ਵਿਚਾਰ ਸਿੱਖ ਜਗਤ ਵਿੱਚ ਪਸਰ ਗਿਆ ਸੀ ਕਿ ਜੇਕਰ ਆਪਣਾ ਬਚਾਓ ਕੀਤਾ ਜਾ ਸਕਦਾ ਹੈ ਤਾਂ ਸਿਰਫ਼ ਹਥਿਆਰ ਚੁੱਕ ਕੇ ਹੀ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਗੁਰੂ ਅਰਜਨ ਦੇਵ ਦੀ ਸ਼ਹਾਦਤ ਨੇ ਸਿੱਖਾਂ ਵਿੱਚ, ਸਵੈ-ਰੱਖਿਆ ਲਈ ਹਥਿਆਰ ਚੁੱਕਣ ਦਾ ਵਿਚਾਰ ਪਰਿਪੱਕ ਕਰ ਦਿੱਤਾ ਸੀ। ਜਿਹੜਾ ਸਿੱਖ ਜਗਤ 1469 ਈਸਵੀ ਤੋਂ ਲੈ ਕੇ ਗੁਰੂ ਅਰਜਨ ਦੇਵ ਦੀ ਸ਼ਹਾਦਤ (1606 ਈਸਵੀ) ਤੱਕ ਪੂਰੇ ਸ਼ਾਂਤਮਈ ਤਰੀਕੇ ਨਾਲ ਅਕਾਲ ਪੁਰਖ ਦਾ ਨਾਮ ਜਪਦਾ ਅਤੇ ਜਪਾਉਂਦਾ ਆ ਰਿਹਾ ਸੀ। ਸ਼ਹਾਦਤ ਤੋਂ ਬਾਅਦ, ਇੱਕਦਮ ਹਥਿਆਰ ਚੁੱਕ ਕੇ ਆਪਣੀ ਰੱਖਿਆ ਆਪ ਕਰਨ ਲਈ ਖੜਾ ਹੋ ਗਿਆ ਸੀ। ਇਹ ਪ੍ਰਭਾਵ ਗੁਰੂ ਅਰਜਨ ਦੇਵ ਦੀ ਸ਼ਹਾਦਤ ਦਾ ਜਿਹੜਾ ਸਿੱਖ ਜਗਤ ਉੱਪਰ ਪਿਆ ਸੀ। ਇਸ ਅਚਨਚੇਤ ਵਾਪਰੀ ਤਬਦੀਲੀ ਨੂੰ ਵੱਖ-ਵੱਖ ਇਤਿਹਾਸਕਾਰਾਂ ਨੇ ਬਿਆਨਿਆ ਹੈ।

9 Khushwant Singh, *A History of the Sikhs* (1469-1839), Vol. I, Oxford, 1999, p. 56.

ਇੰਦੂ ਭੂਸ਼ਨ ਬੈਨਰਜੀ ਨੇ ਗੁਰੂ ਸਾਹਿਬ ਦੀ ਸ਼ਹਾਦਤ ਦੇ ਸਿੱਖਾਂ ਉੱਪਰ ਪੈਣ ਵਾਲੇ ਪ੍ਰਭਾਵਾਂ ਨੂੰ ਕਾਫੀ ਵਿਸਥਾਰ ਨਾਲ ਅਤੇ ਮੁੱਢਲੇ ਅੰਗਰੇਜ਼ ਲੇਖਕਾਂ ਦੇ ਹਵਾਲਿਆਂ ਨਾਲ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ 'ਕੁਝ ਵੀ ਹੋਵੇ, ਇਸ ਵਿੱਚ ਰਤਾ ਸੰਦੇਹ ਨਹੀਂ ਕਿ ਸਿੱਖ ਇਸ ਮਸਲੇ ਨੂੰ ਬਿਲਕੁਲ ਹੀ ਵੱਖਰੇ ਦ੍ਰਿਸ਼ਟੀਕੋਣ ਤੋਂ ਲੈਂਦੇ ਹਨ ਅਤੇ ਇਹ ਕਾਫੀ ਹੱਦ ਤੱਕ ਸੁਭਾਵਿਕ ਹੈ ਕਿ ਉਹ ਆਪਣੇ ਪਿਆਰੇ ਗੁਰੂ, ਜਿਹੜੇ ਆਪਣੇ ਆਚਰਣ ਦੀ ਪਵਿੱਤਰਤਾ ਲਈ ਪ੍ਰਸਿੱਧ ਸਨ ਅਤੇ ਜਿਹਨਾਂ ਦੁਆਲੇ ਸਾਰੇ ਪਾਸਿਆਂ ਤੋਂ ਲੈ ਕੇ ਆਤਮਿਕ ਸ਼ਾਂਤੀ ਅਤੇ ਪ੍ਰਕਾਸ਼ ਲਈ ਆ ਜੁੜਦੇ ਸਨ, ਦੀ ਮੌਤ ਦਾ ਕਾਰਨ ਮੁਸਲਮਾਨ ਸਰਕਾਰ ਦੇ ਜ਼ੁਲਮ ਅਤੇ ਹੱਠ-ਧਰਮੀ ਦੱਸਣਗੇ। ਹੁਣ ਤੱਕ ਸਿੱਖ ਸੰਪਰਦਾਇ ਦੀ ਉਨਤੀ, ਸਰਕਾਰ ਦੇ ਬਿਨਾ ਕਿਸੇ ਦਖ਼ਲ ਦੇ ਹੁੰਦੀ ਰਹੀ ਸੀ। ਇਸ ਦੇ ਉਲਟ ਸਰਕਾਰ ਨੇ ਕਈ ਢੰਗਾਂ ਨਾਲ ਸਹਾਇਤਾ ਦਿੱਤੀ ਪਰੰਤੂ ਹੁਣ ਇਹ ਪ੍ਰਤੱਖ ਹੋ ਗਿਆ ਕਿ ਪਰਸਥਿਤੀਆਂ ਬਦਲ ਚੁੱਕੀਆਂ ਸਨ ਅਤੇ ਬਿਨਾਂ ਹਥਿਆਰਬੰਦ ਰੱਖਿਆ ਦੇ ਸਿੱਖ ਭਾਈਚਾਰੇ ਨੂੰ ਸੁਰੱਖਿਅਤ ਰੱਖਣਾ ਅਸੰਭਵ ਸੀ।'[10] ਆਪਣੀ ਗੱਲ ਨੂੰ ਜਾਰੀ ਰੱਖਦਾ ਹੋਇਆ ਇੰਦੂ ਭੂਸ਼ਨ ਬੈਨਰਜੀ ਡਾ. ਟਰੰਪ ਦੇ ਹਵਾਲੇ ਨਾਲ ਦੱਸਣ ਦੀ ਕੋਸ਼ਿਸ਼ ਕਰਦਾ ਹੈ "ਗੁਰੂ ਅਰਜਨ ਦੇਵ ਦੀ ਮ੍ਰਿਤੂ, ਭਾਈਚਾਰੇ ਦੀ ਉਨਤੀ ਵਿੱਚ ਇੱਕ ਮਹੱਤਵਪੂਰਨ ਮੋੜ ਹੈ ਕਿਉਂਕਿ ਇਸ ਸਮੇਂ ਸੰਘਰਸ਼ ਆਰੰਭ ਹੋ ਗਿਆ ਜਿਸ ਨੇ ਸੁਧਾਰਵਾਦੀ ਧਾਰਮਿਕ ਲਹਿਰ ਦਾ ਸਮੁੱਚਾ ਸੁਭਾਅ ਹੀ ਬਦਲ ਦਿੱਤਾ।" ਸੁਰੱਖਿਆ ਲਈ ਸਿੱਖ ਹਥਿਆਰਬੰਦ ਹੋ ਗਏ ਅਤੇ ਸਰਕਾਰ ਇਸ ਨਵੇਂ ਉਭਾਰ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੀ ਸੀ। ਵਿਸ਼ੇਸ਼ ਤੌਰ ਤੇ ਸਿੱਖ ਮਤ ਦੀ ਜੱਥੇਬੰਦੀ ਅਤੇ ਇਸ ਦੇ ਏਕੀਕ੍ਰਿਤ ਨੇਤਾ ਨੇ ਇਸ ਨੂੰ ਸ਼ਕਤੀਸ਼ਾਲੀ ਬਣਾ ਦਿੱਤਾ ਸੀ ਕਿ ਇਹ ਕਿਸੇ ਸਮੇਂ ਵੀ ਰਾਜਸੀ ਅਸ਼ਾਂਤੀ ਦਾ ਗੜ੍ਹ ਗੁਰੂ ਅਰਜਨ ਦੇਵ ਦੇ ਪੁੱਤਰ ਅਤੇ ਉੱਤਰਾਧਿਕਾਰੀ ਗੁਰੂ ਹਰਿਗੋਬਿੰਦ ਦੇ ਸਮੇਂ ਖੁੱਲ੍ਹਮ ਖੁੱਲ੍ਹਾ ਛਿੜ ਪਿਆ।[11]

ਖੁਸ਼ਵੰਤ ਸਿੰਘ ਲਿਖਦਾ ਹੈ "ਗੁਰੂ ਅਰਜਨ ਦੀ ਮੌਤ (ਸ਼ਹਾਦਤ) ਪੰਜਾਬ ਦੇ ਇਤਿਹਾਸ ਵਿੱਚ ਇੱਕ ਨਵਾਂ ਮੋੜ ਸੀ। ਉਹ (ਗੁਰੂ) ਅਨੇਕਾਂ ਨਵੀਆਂ ਗੱਲਾਂ ਦੀ ਸ਼ੁਰੂਆਤ ਕਰਨ ਵਾਲੇ ਸਨ ਜਿਹਨਾਂ ਦਾ ਗੁਰੂ ਨਾਨਕ ਨੇ ਪਰਚਾਰ ਕੀਤਾ ਸੀ। ਉਹਨਾਂ (ਗੁਰੂ ਅਰਜਨ) ਨੇ ਆਪਣੇ ਗ੍ਰੰਥ ਵਿੱਚ ਹਿੰਦੂ ਅਤੇ ਮੁਸਲਮਾਨ ਨੂੰ ਇਕੱਠਾ ਕਰ ਦਿੱਤਾ ਸੀ ਅਤੇ ਉਹਨਾਂ ਨੇ ਅਜਿਹਾ ਧਾਰਮਿਕ ਅਸਥਾਨ ਸਥਾਪਿਤ ਕੀਤਾ ਸੀ ਜਿਸ ਦੀ ਨੀਂਹ ਇੱਕ ਮੁਸਲਮਾਨ ਨੇ ਰੱਖੀ ਸੀ। ਇਸ ਦੀ ਉਸਾਰੀ ਲਈ ਸਿੱਖਾਂ ਅਤੇ ਹਿੰਦੂਆਂ ਨੇ ਰਲ ਕੇ ਕੰਮ ਕੀਤਾ। ਉਹ

10 ਇੰਦੂ ਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ*, ਪੰਨਾ 6.

11 *ਉਹੀ*, ਪੰਨੇ 6-7.

(ਗੁਰੂ ਅਰਜਨ) ਕਈ ਸ਼ਹਿਰਾਂ ਦੇ ਨਿਰਮਾਤਾ ਸਨ ਅਤੇ ਉਹ ਸਿੱਖਾਂ ਨੂੰ ਵਪਾਰ ਜਿਹੇ ਕੰਮਾਂ ਵਿੱਚ ਪਉਣ ਦੇ ਬਾਨੀ ਮੰਨੇ ਜਾਂਦੇ ਹਨ। ਵਪਾਰ ਵੱਲ ਪਰਤੇ ਸਿੱਖਾਂ ਦੇ ਝੁਕਾਉ ਨੇ ਸਿੱਖ ਸਮਾਜ ਵਿੱਚ ਇੱਕ ਅਮੀਰੀ ਸੋਚ ਲਿਆਂਦੀ ਸੀ। ਗੁਰੂ ਅਰਜਨ ਦਾ ਡੁੱਲ੍ਹਿਆ ਖ਼ੂਨ ਸਿੱਖ ਧਰਮ ਦਾ ਬੀਜ ਬਣ ਗਿਆ ਸੀ ਅਤੇ ਪੰਜਾਬੀ ਕੌਮ ਦਾ ਨਿਰਮਾਤਾ ਵੀ ਬਣ ਗਿਆ ਸੀ।"[12]

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਗੁਰਿਆਈ ਧਾਰਨ ਕਰਨ ਦੀਆਂ ਸਭ ਰਸਮਾਂ ਉਸੇ ਤਰ੍ਹਾਂ ਕੀਤੀਆਂ ਜਿਹੜੀਆਂ ਜਹਾਂਗੀਰ ਬਾਦਸ਼ਾਹ ਦੇ ਮਨ ਵਿੱਚ ਹੋਰ ਸਾੜਾ ਪੈਦਾ ਕਰਨ ਵਾਲੀਆਂ ਸਨ ਅਤੇ ਸਿੱਖ ਧਰਮ ਦੀਆਂ ਵਿਰੋਧੀ ਤਾਕਤਾਂ ਨੂੰ ਲਲਕਾਰਨ ਵਾਲੀਆਂ ਸਨ। ਪਹਿਲੇ ਗੁਰੂ ਸਾਹਿਬਾਨ ਆਪਣੇ ਅਗਲੇ ਉੱਤਰਾਧਿਕਾਰੀ ਨੂੰ, ਸੰਗਤਾਂ ਦੇ ਸਨਮੁੱਖ ਮੰਜੀ ਉੱਪਰ ਬਿਠਾ ਕੇ, ਗੁਰਿਆਈ ਸੌਂਪਣ ਦੇ ਪ੍ਰਤੀਕ ਵਜੋਂ ਆਪਣੀ ਅਤੇ ਆਪਣੇ ਗੁਰੂਆਂ ਦੀ ਲਿਖੀ ਬਾਣੀ ਨੂੰ ਸੌਂਪਦੇ ਸਨ। ਨਾਲ ਹੀ ਇੱਕ ਕਿਰਪਾਨ ਗਾਤਰੇ ਪਾਈ ਜਾਂਦੀ ਸੀ ਅਤੇ ਉਸ ਦੇ ਚਰਨਾਂ 'ਤੇ ਆਪਣਾ ਸੀਸ ਝੁਕਾਉਂਦੇ ਸਨ। ਪਰ ਇਸ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਿਆਈ ਧਾਰਨ ਕਰਨ ਲਈ ਇੱਕ ਉੱਚਾ ਥੜ੍ਹਾ ਤਿਆਰ ਕਰਵਾਇਆ। ਇਸ ਉੱਚੇ ਥੜ੍ਹੇ ਉੱਪਰ ਇੱਕ ਤਖ਼ਤਪੋਸ਼ ਤਿਆਰ ਕਰਵਾਕੇ ਰੱਖਿਆ ਗਿਆ। ਇਹ ਤਖ਼ਤਪੋਸ਼ ਬਾਦਸ਼ਾਹੀ ਤਖ਼ਤ ਦੇ ਨਮੂਨੇ ਤੇ ਤਿਆਰ ਕਰਵਾਇਆ ਗਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਤਖ਼ਤ-ਨੁਮਾ ਤਖ਼ਤਪੋਸ਼ ਉੱਪਰ ਬੈਠ ਕੇ ਦੋ ਤਲਵਾਰਾਂ ਆਪਣੇ ਦੋਵੇਂ ਮੋਢਿਆਂ ਉੱਪਰ ਦੀ ਪੁਆਈਆਂ ਸਨ। ਇੱਕ ਕਿਰਪਾਨ ਦੇ ਪਾਉਣ ਦੀ ਰਸਮ ਤਾਂ ਪਹਿਲੇ ਗੁਰੂ ਸਾਹਿਬ ਦੇ ਸਮੇਂ ਤੋਂ ਚਲਦੀ ਆ ਰਹੀ ਸੀ ਜਿਹੜੀ ਕਿ ਉਹਨਾਂ ਦੇ ਧਰਮ ਦੀ ਸੁਤੰਤਰਤਾ ਦੀ ਪ੍ਰਤੀਕ ਸੀ। ਇਸ ਵਾਰ ਇੱਕ ਹੋਰ ਕਿਰਪਾਨ ਵਧਾ ਲਈ ਗਈ ਸੀ ਜਿਹੜੀ ਕਿ ਗੁਰੂ ਸਾਹਿਬ ਦੀ ਸੁਤੰਤਰਤਾ ਨੂੰ ਧਰਮ ਦੇ ਖੇਤਰ ਦੇ ਨਾਲ ਨਾਲ ਰਾਜਨੀਤਿਕ ਖੇਤਰ ਵਿੱਚ ਦਰਸਾਉਣ ਦੀ ਪ੍ਰਤੀਕ ਸੀ। ਸਿਰ ਉੱਪਰ ਬੰਨੀ ਹੋਈ ਪੱਗੜੀ ਉੱਪਰ ਇੱਕ ਆਲੀਸ਼ਾਨ ਕਲਗੀ ਲਗਾਈ ਗਈ ਸੀ। ਰਸਮ ਸਾਰੀ ਬਾਬਾ ਬੁੱਢਾ ਨੇ ਅਦਾ ਕੀਤੀ ਸੀ।[13]

---

12 Khushwant Singh, *op.cit.*, p. 59.

13 ਗੁਰਗੱਦੀ ਦੇਣ ਸਮੇਂ ਇਸੇ ਤਰ੍ਹਾਂ ਦੀ ਹੀ ਪਰੰਪਰਾ ਰਹੀ ਹੈ। ਗੁਰੂ ਨਾਨਕ ਦੇਵ ਨੇ ਭਾਈ ਲਹਿਣਾ ਨੂੰ ਆਪਣੀ ਲਿਖੀ ਬਾਣੀ ਦੀ ਪੋਥੀ ਸੌਂਪੀ ਸੀ। ਆਮ ਤੌਰ 'ਤੇ ਸਾਡੀਆਂ ਮੁੱਢਲੀਆਂ ਲਿਖਤਾਂ ਵਿੱਚ ਕਿਰਪਾਨ ਭੇਟ ਕਰਨ ਦੀ ਗੱਲ ਘੱਟ ਹੀ ਲਿਖੀ ਮਿਲਦੀ ਹੈ ਪਰ ਪੁਰਾਤਨ ਪੇਂਟਿੰਗਾਂ ਵਿੱਚ ਹਰ ਗੁਰੂ ਦੇ ਸਾਹਮਣੇ ਕਿਰਪਾਨ ਰੱਖੀ ਹੋਈ ਦਿਖਾਈ ਗਈ ਹੈ।

ਇਸ ਤਰ੍ਹਾਂ ਗੁਰਿਆਈ ਦੇਣ ਦੀ ਸਮੁੱਚੀ ਰਸਮ ਅਦਾ ਕਰਦੇ ਸਮੇਂ ਗੁਰੂ ਸਾਹਿਬ ਦੀ ਸਿਫ਼ਤ-ਸਲਾਹ ਮੌਕੇ ਤੇ ਲੱਗੇ ਢਾਡੀਆਂ ਵੱਲੋਂ ਉਸ ਤਰ੍ਹਾਂ ਕੀਤੀ ਗਈ ਜਿਵੇਂ ਕਿਸੇ ਬਾਦਸ਼ਾਹ ਦੇ ਦਰਬਾਰ ਵਿੱਚ ਉਸ ਦੇ ਕਵੀਆਂ ਵੱਲੋਂ ਬਾਦਸ਼ਾਹ ਦੀ ਕੀਤੀ ਜਾਂਦੀ ਸੀ। ਸਿੱਖ ਪਰੰਪਰਾਵਾਂ ਅਨੁਸਾਰ ਨੱਥਾ ਅਤੇ ਅਬਦੁਲਾ ਨਾਂ ਦੇ ਦੋ ਢਾਡੀਆਂ ਵੱਲੋਂ ਇੱਕ ਵਾਰ ਗਾਈ ਗਈ ਸੀ। ਇਸ ਵਿੱਚ ਗੁਰੂ ਸਾਹਿਬ ਦੀ ਸ਼ਾਨ ਨੂੰ ਬਾਦਸ਼ਾਹ ਦੀ ਸ਼ਾਨ ਨਾਲੋਂ ਜ਼ਿਆਦਾ ਵਡਿਆਇਆ ਗਿਆ ਸੀ। ਇਸ ਵਾਰ ਦੇ ਬੋਲ ਸਨ:

ਦੋ ਤਲਵਾਰੀ ਬੱਧੀਆਂ ਇੱਕ ਮੀਰੀ ਦੀ ਇੱਕ ਪੀਰੀ ਦੀ।
ਇੱਕ ਅਜ਼ਮਤ ਦੀ ਇੱਕ ਰਾਜ ਦੀ, ਇੱਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ ਦਰਵਾਜ਼ਾ ਬਲਖ਼ ਬਖੀਰ ਦੀ।
ਨਾਲ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗੀਰ ਜੀ।
ਪੱਗ ਤੇਰੀ, ਕੀ ਜਹਾਂਗੀਰ ਦੀ।

ਇਹਨਾਂ ਸ਼ਬਦਾਂ ਦੇ ਅਰਥ ਹਨ: "ਗੁਰੂ ਹਰਗੋਬਿੰਦ ਸਾਹਿਬ ਨੇ ਇਹ ਜਿਹੜੀਆਂ ਦੋ ਤਲਵਾਰਾਂ ਪਾਈਆਂ ਹਨ ਇਹਨਾਂ ਵਿੱਚੋਂ ਇੱਕ ਸੰਸਾਰਕ ਸਰਦਾਰੀ ਦੀ ਪ੍ਰਤੀਕ ਹੈ ਅਤੇ ਇੱਕ ਧਾਰਮਿਕ ਸਰਦਾਰੀ ਦੀ। ਇੱਕ ਅਜ਼ਮਤ ਅਤੇ ਤਾਜ ਦੀ ਪ੍ਰਤੀਕ ਹੈ ਅਤੇ ਇੱਕ ਵਜ਼ੀਰ ਦੀਆਂ ਸ਼ਕਤੀਆਂ ਦੀ ਪ੍ਰਤੀਕ ਹੈ। ਇੱਥੇ ਅਜ਼ਮਤ ਅਤੇ ਤਾਜ ਆਤਮਿਕ ਸਰਦਾਰੀ ਦੇ ਪ੍ਰਤੀਕ ਹਨ ਅਤੇ ਵਜ਼ੀਰ ਰਾਜਸੀ ਤਾਕਤ ਦਾ ਪ੍ਰਤੀਕ ਹੈ। ਜੇਕਰ ਬਾਹਾਂ ਵਿੱਚ ਤਾਕਤ ਹੋਵੇ ਤਾਂ ਬਲਖ-ਬੁਖਾਰੇ ਦੇ ਮਜ਼ਬੂਤ ਮੰਨੇ ਗਏ ਦਰਵਾਜ਼ਿਆਂ (ਕਿਲ੍ਹਿਆਂ) ਨੂੰ ਫਤਿਹ ਕੀਤਾ ਜਾ ਸਕਦਾ ਹੈ। ਬਾਹਾਂ ਦੀ ਤਾਕਤ ਨਾਲ ਨੀਲ-ਨਲ ਜਿਹੇ ਮਹਾਨ ਸੈਨਾਪਤੀਆਂ ਦੇ ਅਣਗਿਣਤ ਦਲਾਂ ਨੂੰ ਫਤਿਹ ਕੀਤਾ ਜਾ ਸਕਦਾ ਹੈ। ਅਖੀਰਲੀ ਸਤਰ ਦਾ ਭਾਵ ਹੈ ਕਿ ਅਸਲੀ ਸ਼ਾਨ ਤਾਂ ਤੇਰੀ ਪੱਗ ਦੀ ਹੈ, ਇਸ ਦੇ ਸਾਹਮਣੇ ਜਹਾਂਗੀਰ ਦੀ ਪੱਗ ਵੀ ਫਿੱਕੀ ਪੈ ਜਾਂਦੀ ਹੈ।"[14]

ਭਾਵ ਅਰਥ ਗੁਰੂ ਹਰਿਗੋਬਿੰਦ ਸਾਹਿਬ ਦੀ ਬਾਦਸ਼ਾਹ ਨਾਲੋਂ ਉੱਚੀ ਸ਼ਾਨ ਦੇ ਹਨ ਸਿਰਫ਼ ਸ਼ਬਦਾਵਲੀ ਦਾ ਫ਼ਰਕ ਹੈ। ਇਸ ਦਾ ਸਮੁੱਚਾ ਭਾਵ ਗੁਰੂ ਹਰਗੋਬਿੰਦ ਸਾਹਿਬ ਆਪਣੇ ਵਿਰਸੇ ਵਿੱਚ ਪੰਜ

14 ਇਹ ਸਤਰਾਂ ਸਾਡੀਆਂ ਮੁੱਢਲੀਆਂ ਲਿਖਤਾਂ ਵਿੱਚ ਬੜੀ ਬੇਪਰਵਾਹੀ ਨਾਲ ਲਿਖੀਆਂ ਆ ਰਹੀਆਂ ਹਨ। ਇਹਨਾਂ ਸਤਰਾਂ ਦੇ ਸ਼ਬਦਾਂ ਵਿੱਚ ਹਿੰਦਸਿਆਂ (ਸਪੈਲਿੰਗਾਂ) ਦਾ ਫ਼ਰਕ ਹੈ। ਇੱਥੇ ਭਾਵ ਅਰਥਾਂ ਨੂੰ ਦਰਸਾਉਣ ਵਾਲੇ ਸ਼ਬਦ ਹੀ ਲਿਖੇ ਗਏ ਹਨ। ਇਹ ਢਾਡੀਆਂ ਦੀ ਗਾਈ ਹੋਈ ਵਾਰ ਹੈ। ਢਾਡੀਆਂ ਅਤੇ ਕਵੀਸ਼ਰਾਂ ਦੇ ਸਾਹਮਣੇ ਮੁੱਖ ਗੱਲ ਤੁਕਾਂ ਨੂੰ ਆਪਸ ਵਿੱਚ ਜੋੜਨ ਨੂੰ ਹੁੰਦੀ ਹੈ ਸ਼ਬਦਾਂ ਦੇ ਉਚਾਰਨ ਦੀ ਨਹੀਂ ਹੁੰਦੀ।

ਪਾਤਸ਼ਾਹੀਆਂ ਦਾ ਇਤਿਹਾਸਕ ਪਿਛੋਕੜ ਪ੍ਰਾਪਤ ਕਰਕੇ ਛੇਵੇਂ ਪਾਤਿਸ਼ਾਹ ਦੇ ਰੂਪ ਵਿੱਚ ਪ੍ਰਗਟ ਹੋ ਰਹੇ ਹਨ। ਇਸ ਲਈ ਇਹ ਸਿੱਖਾਂ ਦੇ ਅਟੱਲ ਅਤੇ ਅਡੋਲ ਪਾਤਿਸ਼ਾਹ ਹਨ।[15]

ਇਹ ਸਭ ਕੁਝ ਉਹਨਾਂ ਵੱਲੋਂ ਧਾਰਨ ਕੀਤੇ ਗਏ ਮੀਰੀ ਅਤੇ ਪੀਰੀ ਦੇ ਸਿਧਾਂਤਾਂ ਦੀ ਵਿਆਖਿਆ ਹੈ। ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਗੁਰਿਆਈ ਧਾਰਨ ਕਰਨ ਦੀ ਰਸਮ ਸਮੇਂ ਦੋ ਕਿਰਪਾਨਾ ਪਹਿਨੀਆਂ ਗਈਆਂ ਸਨ ਅਤੇ ਸਿਰ ਤੇ ਬੰਨੀ ਹੋਈ ਪੱਗੜੀ ਉਪਰ ਕਲਗੀ ਲਗਾਈ ਗਈ ਸੀ। ਗੁਰਿਆਈ ਮੰਜੀ ਉੱਪਰ ਬੈਠ ਕੇ ਨਹੀਂ ਸਗੋਂ ਤਖ਼ਤ ਜਿਹੇ ਮਾਡਲ ਉੱਪਰ ਬੈਠ ਕੇ ਧਾਰਨ ਕੀਤੀ ਗਈ ਸੀ। ਗੁਰਿਆਈ ਧਾਰਨ ਕਰਨ ਸਮੇਂ ਢਾਡੀਆਂ ਵੱਲੋਂ ਉਹਨਾਂ ਦੀ ਉੱਚੀ-ਸੁੱਚੀ ਸ਼ਾਨ ਨੂੰ ਦਰਸਾਉਣ ਵਾਲੀਆਂ ਵਾਰਾਂ ਗਾਈਆਂ ਗਈਆਂ ਸਨ। ਇਹ ਸਭ ਕੁਝ ਪਹਿਲੀ ਪਰੰਪਰਾ ਨਾਲੋਂ ਹਟ ਕੇ ਸੀ। ਇਹ ਸਾਰੀਆਂ ਰਸਮਾਂ ਬਾਦਸ਼ਾਹੀ ਸ਼ਾਨ-ਸ਼ੌਕਤ ਨੂੰ ਦਰਸਾਉਣ ਵਾਲੀਆਂ ਸਨ। ਗੱਲ ਸਿਰਫ਼ ਰਸਮਾਂ ਅਦਾ ਕਰਨ ਤੱਕ ਸੀਮਤ ਨਹੀਂ ਸੀ। ਜਿਸ ਉੱਚੇ ਥੜ੍ਹੇ ਉੱਪਰ ਬੈਠ ਕੇ ਰਸਮਾਂ ਅਦਾ ਕੀਤੀਆਂ ਗਈਆਂ ਸਨ ਉਸ ਦਾ ਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਰੱਖਿਆ ਗਿਆ। ਅਕਾਲ ਤਖ਼ਤ ਦਾ ਮਤਲਬ ਹੈ ਕਿ ਸਦਾ ਅਮਰ ਅਤੇ ਅਟੱਲ ਰਹਿਣ ਵਾਲਾ ਅਜਿਹਾ ਤਖ਼ਤ ਜਿਸ ਦਾ ਕਦੇ ਵੀ ਖਾਤਮਾ ਨਹੀਂ ਹੋ ਸਕੇਗਾ। ਗੁਰਿਆਈ ਧਾਰਨ ਕਰਨ ਬਾਅਦ ਜਿਹੜੇ ਸੰਦੇਸ਼ ਗੁਰੂ ਸਾਹਿਬ ਵੱਲੋਂ ਸਿੱਖਾਂ ਨੂੰ ਦਿੱਤੇ ਗਏ ਸਨ ਉਹਨਾਂ ਰਾਹੀਂ ਹਰ ਸਿੱਖ ਨੂੰ ਹਥਿਆਰਬੰਦ ਹੋਣ ਲਈ, ਘੋੜਸੁਆਰ ਹੋ ਕੇ ਆਉਣ ਲਈ ਅਤੇ ਹਕੂਮਤੀ ਅਦਾਲਤਾਂ ਦਾ ਬਾਈਕਾਟ ਕਰਕੇ ਆਪਣੇ ਗੁਰੂ ਦੀ ਅਦਾਲਤ ਵਿੱਚ ਆਪਣੇ ਮਸਲੇ ਲਿਆਉਣ ਲਈ ਪ੍ਰੇਰਿਆ ਗਿਆ ਸੀ। ਬਾਦਸ਼ਾਹ ਦੀ ਅਦਾਲਤ ਵੱਲੋਂ ਗੁਰੂ ਅਰਜਨ ਦੇਵ ਨਾਲ ਇਨਸਾਫ਼ ਨਹੀਂ ਕੀਤਾ ਗਿਆ ਸੀ। ਇਸ ਲਈ ਸਾਰੀਆਂ ਮੁਗ਼ਲ ਅਦਾਲਤਾਂ ਦਾ ਬਾਈਕਾਟ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ ਦੀਆਂ ਸਾਰੀਆਂ ਗੱਲਾਂ ਦਾ ਮਤਲਬ ਹਕੂਮਤ ਨੂੰ ਦੱਸ ਦਿੱਤਾ ਗਿਆ ਸੀ ਕਿ ਜੇਕਰ ਉਹ ਇਹ ਸਮਝਦੀ ਹੈ ਕਿ ਗੁਰੂ ਅਰਜਨ ਦੇਵ ਦੀ ਸ਼ਹਾਦਤ ਨਾਲ ਸਿੱਖ ਜਗਤ ਡਰ ਜਾਵੇਗਾ ਜਾਂ ਸਿੱਖ ਜਗਤ ਦੀ ਜੱਥੇਬੰਦਕ ਤਾਕਤ ਦਾ ਲੱਕ ਟੁੱਟ ਜਾਵੇਗਾ ਤਾਂ ਇਹ ਹਕੂਮਤ ਦੀ ਗਲਤੀ ਹੈ। ਸਗੋਂ ਇਸ ਗੱਲ ਦੇ ਬਿਲਕੁਲ ਉਲਟ ਸਿੱਖ ਜਗਤ ਆਪਣੇ ਗੁਰੂ ਦੀ ਸ਼ਹਾਦਤ ਤੋਂ ਹੋਰ ਪ੍ਰੇਰਨਾ-ਸ਼ਕਤੀ ਲੈ ਕੇ ਹੋਰ ਮਜ਼ਬੂਤ ਹੋ ਕੇ ਚੱਲੇਗਾ। ਸਮੇਂ

15 *ਵਾਰਾਂ*, ਭਾਈ ਗੁਰਦਾਸ, ਅੰਮ੍ਰਿਤਸਰ, 2008, ਵਾਰ 39, ਪਉੜੀ 3, ਪੰਨਾ 414.

ਅਨੁਸਾਰ ਇਹ ਢੁੱਕਵਾਂ ਜਵਾਬ ਹੋਣਾ ਚਾਹੀਦਾ ਸੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਬਿਲਕੁਲ ਮੌਕੇ ਅਨੁਸਾਰ ਮੇਲ ਖਾਂਦੀਆਂ ਰਸਮਾਂ ਅਨੁਸਾਰ ਗੁਰਿਆਈ ਧਾਰਨ ਕੀਤੀ ਸੀ।[16]

ਇਹ ਸਭ ਕੁਝ ਸਵੈ-ਰੱਖਿਆ ਲਈ ਕੀਤਾ ਗਿਆ ਸੀ ਹਮਲੇ ਕਰਨ ਲਈ ਨਹੀਂ ਕੀਤਾ ਗਿਆ ਸੀ। ਪੰਜਾਬ ਵਿੱਚ ਸਿੱਖ ਧਰਮ ਦੀਆਂ ਕਈ ਵਿਰੋਧੀ ਸ਼ਕਤੀਆਂ ਕੰਮ ਕਰ ਰਹੀਆਂ ਸਨ। ਗੁਰੂ-ਘਰ ਵਿੱਚੋਂ ਪੈਦਾ ਹੋਈ ਪ੍ਰਿਥੀ ਚੰਦ ਦੀ ਵਿਰੋਧਤਾ ਬਹੁਤ ਤਕੜੀ ਸੀ। ਉਸ ਨੇ ਮਸੰਦ-ਪ੍ਰਥਾ ਨੂੰ ਤੋੜਨਾ ਸ਼ੁਰੂ ਕਰ ਦਿੱਤਾ ਸੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਹਰ ਕਾਰਵਾਈ ਦੀਆਂ ਸ਼ਿਕਾਇਤਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਤਰ੍ਹਾਂ ਪ੍ਰਿਥੀ ਚੰਦ ਦੀ ਵਿਰੋਧਤਾ ਗੁਰੂ ਸਾਹਿਬ ਲਈ ਬਹੁਤ ਮੁਸ਼ਕਿਲਾਂ ਖੜੀਆਂ ਕਰ ਰਹੀ ਸੀ। ਦੂਜੀ ਵਿਰੋਧੀ ਸ਼ਕਤੀ ਸ਼ੇਖ਼ ਅਹਿਮਦ ਸਰਹਿੰਦੀ ਦਾ ਨਕਸ਼ਬੰਦੀ ਸਿਲਸਿਲਾ ਸੀ। ਸ਼ੇਖ ਅਹਿਮਦ ਦਾ ਗੁਰੂ ਅਰਜਨ ਦੇਵ ਦੀ ਸ਼ਹਾਦਤ ਕਰਵਾਉਣ ਵਿੱਚ ਤਕੜਾ ਹੱਥ ਸੀ। ਇਹ ਦੋਵੇਂ ਵਿਰੋਧੀ ਸ਼ਕਤੀਆਂ ਸਿੱਖਾਂ ਨੂੰ ਡਰਾਉਣ-ਧਮਕਾਉਣ ਲਈ ਹਕੂਮਤ ਦੇ ਅਧਿਕਾਰੀਆਂ ਦੇ ਕੰਨ ਭਰਦੀਆਂ ਸਨ। ਸਿੱਖਾਂ ਦੀ ਜਾਨ-ਮਾਲ ਦੀ ਰਾਖੀ ਲਈ ਜ਼ਬਰਦਸਤ ਖ਼ਤਰਾ ਪੈਦਾ ਹੋ ਗਿਆ ਸੀ। ਜਿਉਂ ਹੀ ਸਿੱਖ ਗੁਰੂ ਸਾਹਿਬ ਦੇ ਆਦੇਸ਼ਾਂ ਅਨੁਸਾਰ ਘੋੜਸੁਆਰ ਅਤੇ ਹਥਿਆਰਬੰਦ ਹੋ ਕੇ ਵਿਚਰਨ ਲੱਗੇ ਸਨ ਤਾਂ ਦੁਸ਼ਮਣ ਉਹਨਾਂ ਉੱਪਰ ਹਮਲਾ ਕਰਨ ਤੋਂ ਝਿਜਕਦੇ ਸਨ। ਇਸ ਨਾਲ ਸਿੱਖਾਂ ਵਿੱਚ ਸਵੈ-ਭਰੋਸਾ ਪੈਦਾ ਹੁੰਦਾ ਸੀ ਅਤੇ ਆਪਣੇ ਗੁਰੂ ਵਿੱਚ ਵਿਸ਼ਵਾਸ ਹੋਰ ਪੱਕਾ ਹੁੰਦਾ ਸੀ। ਇਹ ਸਵੈ-ਰੱਖਿਆ ਦੀ ਨੀਤੀ ਸੀ।

ਵਿਰੋਧੀ ਇਹਨਾਂ ਗੱਲਾਂ ਦੀਆਂ ਵੀ ਹਕੂਮਤੀ ਅਧਿਕਾਰੀਆਂ ਕੋਲ ਸ਼ਿਕਾਇਤਾਂ ਲਗਾਉਂਦੇ ਸਨ ਕਿ ਗੁਰੂ ਹਥਿਆਰਬੰਦ ਹੋ ਕੇ ਹਕੂਮਤ ਨਾਲ ਲੜਾਈਆਂ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ। ਗੁਰੂ ਮੁਲਕ ਦੇ ਚੋਰਾਂ-ਡਾਕੂਆਂ, ਅਤੇ ਭਗੌੜੇ ਸਿਪਾਹੀਆਂ ਨੂੰ ਆਪਣੇ ਕੋਲ ਇਕੱਠਾ ਕਰ ਰਿਹਾ ਹੈ।

ਇਸ ਦਾ ਭਾਵ ਹੈ ਪਹਿਲੇ ਗੁਰੂ ਤਾਂ ਇੱਕ ਥਾਂ ਤੇ ਧਰਮਸਾਲ ਸਥਾਪਿਤ ਕਰਕੇ ਬੈਠ ਜਾਂਦੇ ਸਨ ਪਰ ਇਹ ਗੁਰੂ ਕਿਸੇ ਇੱਕ ਥਾਂ 'ਤੇ ਟਿਕ ਕੇ ਨਹੀਂ ਬੈਠਦਾ। ਪਹਿਲੇ ਗੁਰੂਆਂ ਦੇ ਦਰਸ਼ਨ ਕਰਨ ਲਈ ਬਾਦਸ਼ਾਹ ਆਪ ਚੱਲ ਕੇ ਆਉਂਦੇ ਸਨ ਪਰ ਇਸ ਗੁਰੂ ਉੱਪਰ ਉਹ ਚੜ੍ਹਾਈ ਕਰਕੇ ਆਉਂਦੇ ਹਨ ਭਾਵ ਇਸ ਨੂੰ ਗ੍ਰਿਫ਼ਤਾਰ ਕਰਨ ਨੂੰ ਫਿਰਦੇ ਹਨ। ਇਸ ਗੁਰੂ ਨੂੰ ਆਪਣੇ ਮਹਿਲਾਂ ਵਿੱਚ ਟਿਕ ਕੇ ਬੈਠਣਾ ਨਸੀਬ ਨਹੀਂ ਹੁੰਦਾ

16 Cunningham, *A History of the Sikhs*, New Delhi, 1985, p. 50, ਮੈਕਾਲਿਫ਼, *ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਅਤੇ ਰਚਨਾਕਾਰ* (ਪੰਜਾਬੀ ਅਨੁਵਾਦ), ਜਿਲਦ ਚੌਥੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਪੰਨੇ 1-2 Khushwant Singh, *op.cit.*, pp. 60-61.

ਅਤੇ ਇਹ ਹਕੂਮਤ ਤੋਂ ਡਰਦਾ ਭੱਜਿਆ ਫਿਰਦਾ ਹੈ। ਪਹਿਲੇ ਗੁਰੂ ਮੰਜੀ ਉੱਤੇ ਬੈਠ ਕੇ ਸਿੱਖਾਂ ਨੂੰ ਧਰਮ ਦਾ ਉਪਦੇਸ਼ ਦਿੰਦੇ ਸਨ ਪਰ ਇਸ ਨੇ ਤਾਂ ਉਲਟਾ ਕੁੱਤੇ ਰੱਖ ਕੇ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ ਹੈ। ਨਾ ਇਹ ਬਾਣੀ ਰਚਦਾ ਹੈ, ਨਾ ਸੁਣਦਾ ਹੈ, ਨਾ ਪੜ੍ਹਦਾ ਹੈ ਅਤੇ ਨਾ ਕੋਈ ਕਥਾ ਸੁਣਾਉਂਦਾ ਹੈ। ਪਹਿਲੇ ਗੁਰੂਆਂ ਕੋਲ ਸੇਵਕ ਰਹਿੰਦੇ ਸਨ ਪਰ ਇਸ ਨੇ ਸੇਵਕ ਰੱਖਣੇ ਛੱਡ ਕੇ ਦੁਸ਼ਟਾਂ, ਦੋਖੀਆਂ ਆਦਿ ਲੋਕਾਂ ਨੂੰ ਮੂੰਹ ਲਾਉਣਾ ਸ਼ੁਰੂ ਕਰ ਦਿੱਤਾ ਹੈ। ਪਰ ਅਖੀਰਲੀਆਂ ਦੋ ਤੁਕਾਂ ਵਿੱਚ ਭਾਈ ਗੁਰਦਾਸ ਅਸਲੀ ਸੱਚ ਨੂੰ ਦੱਸਦੇ ਹੋਏ ਕਹਿੰਦੇ ਹਨ ਕਿ ਵਿਰੋਧੀ ਭਾਵੇਂ ਜਿੰਨ੍ਹਾਂ ਮਰਜ਼ੀ ਦੁਰ-ਪਰਚਾਰ ਕਰ ਲੈਣ ਅਸਲੀ ਸੱਚ ਕਦੇ ਛੁਪ ਨਹੀਂ ਸਕਦਾ। ਸਿੱਖ ਆਪਣੇ ਗੁਰੂ ਦੇ ਚਰਨਾ ਵਿੱਚ ਇਉਂ ਖਿੱਚੇ ਆਉਂਦੇ ਹਨ ਜਿਵੇਂ ਭੌਰ ਫੁੱਲ ਦੀ ਸੁਗੰਧੀ ਵੱਲ ਖਿੱਚਿਆ ਆਉਂਦਾ ਹੈ। ਗੁਰੂ ਸਭ ਕੁਝ ਸਹਿ ਕੇ ਵੀ ਆਪਣੇ ਸਿੱਖਾਂ ਨੂੰ ਇਹ ਮਹਿਸੂਸ ਨਹੀਂ ਹੋਣ ਦਿੰਦਾ ਕਿ ਉਹ ਕਿੰਨੇ ਔਖੇ ਹਨ।

ਇਹ ਤੁਕਾਂ ਉਹਨਾਂ ਸ਼ਿਕਾਇਤਾਂ ਬਾਰੇ ਜਾਣਕਾਰੀ ਦਿੰਦੀਆਂ ਹਨ ਜਿਹੜੀਆਂ ਗੁਰੂ-ਘਰ ਦੇ ਵਿਰੋਧੀ ਹਕੂਮਤ ਕੋਲ ਅਤੇ ਗੁਰੂ ਸਾਹਿਬ ਦੇ ਖਿਲਾਫ਼ ਕਰਦੇ ਸਨ। ਗੁਰੂ-ਘਰ ਵਿੱਚੋਂ ਪੈਦਾ ਹੋਈ ਵਿਰੋਧੀ ਧਿਰ ਪ੍ਰਿਥੀ ਚੰਦ ਸੀ। ਇਹ ਗੁਰੂ ਅਰਜਨ ਦੇਵ ਦਾ ਵੱਡਾ ਭਰਾ ਸੀ ਭਾਵ ਗੁਰੂ ਹਰਗੋਬਿੰਦ ਸਾਹਿਬ ਦਾ ਤਾਇਆ ਸੀ। ਪ੍ਰਿਥੀ ਚੰਦ ਗੁਰਗੱਦੀ ਦਾ ਅਧਿਕਾਰੀ ਬਣਨ ਦੇ ਕਾਬਿਲ ਨਹੀਂ ਸੀ ਇਸ ਲਈ ਗੁਰੂ ਰਾਮਦਾਸ ਨੇ ਇਸ ਨੂੰ ਛੱਡ ਕੇ ਗੁਰਗੱਦੀ ਛੋਟੇ ਪੁੱਤਰ ਅਰਜਨ ਨੂੰ ਦੇ ਦਿੱਤੀ ਸੀ। ਪ੍ਰਿਥੀ ਚੰਦ ਨੇ ਇਸ ਗੱਲ ਨੂੰ ਸਹਿਣ ਨਹੀਂ ਕੀਤਾ। ਉਸ ਨੇ ਹੱਦੋਂ ਵੱਧ ਕੇ ਵਿਰੋਧਤਾ ਕੀਤੀ। ਇਹ ਵੀ ਮੰਨਿਆ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਨੂੰ ਸ਼ਹੀਦ ਕਰਵਾਉਣ ਵਿੱਚ ਪ੍ਰਿਥੀ ਚੰਦ ਦਾ ਹੱਥ ਸੀ। ਜਦੋਂ ਗੁਰੂ ਅਰਜਨ ਦੇਵ ਦੀ ਸ਼ਹਾਦਤ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਛੇਵੇਂ ਗੁਰੂ ਬਣੇ ਸਨ ਪ੍ਰਿਥੀ ਚੰਦ ਨੇ ਇਸ ਸਮੇਂ ਵੀ ਉਹਨਾਂ ਦੀ ਸਰਗਰਮ ਵਿਰੋਧਤਾ ਕੀਤੀ ਸੀ। ਇੱਥੋਂ ਤੱਕ ਮੋਬੀਦ ਜ਼ੁਲਿਫ਼ਕਾਰ ਅਰਦਿਸਤਾਨੀ (ਮੁਹਸਿਨ ਫ਼ਾਨੀ) ਆਪਣੀ ਲਿਖਤ ਦਾਬਿਸਤਾਨ-ਏ-ਮਜ਼ਾਹਿਬ ਵਿੱਚ ਇਸ ਗੱਲ ਦਾ ਜ਼ਿਕਰ ਕਰਦਾ ਹੈ "ਆਖਰ (ਗੁਰੂ) ਅਰਜਨ ਮੱਲ ਤੋਂ ਪਿੱਛੋਂ ਉਸ ਦਾ ਭਰਾ ਪ੍ਰਿਥੀਆ, ਜਿਸਨੂੰ ਉਸ ਦੇ ਮੁਰੀਦ ਗੁਰੂ ਮਿਹਰਬਾਨ ਆਖਦੇ ਹਨ, ਗੁਰਗੱਦੀ ਉੱਤੇ ਬੈਠਾ। ਇਸ ਸਮੇਂ ਜਦੋਂ ਕਿ ਇੱਕ ਹਜ਼ਾਰ ਪਚਵੰਜਾ ਹਿਜਰੀ ਦਾ ਸਾਲ ਜਾਰੀ ਹੈ, ਗੁਰੂ ਹਰਿ ਜੀ ਉਸ ਦਾ ਜਾਨਸ਼ੀਨ ਹੈ। ਉਹ (ਪਿਰਥੀ ਚੰਦ ਦਾ ਘਰਾਣਾ) ਆਪਣੇ ਆਪ ਨੂੰ ਭਗਤ ਆਖਦੇ ਹਨ, ਭਾਵ ਕਿ ਪ੍ਰਭੂ ਦੇ ਪੂਜਕ। ਗੁਰੂ

ਹਰਿਗੋਬਿੰਦ ਸਪੁੱਤਰ (ਗੁਰੂ) ਅਰਜਨ ਮੱਲ ਦੇ ਸ਼ਰਧਾਲੂ (ਭਾਵ ਸਿੱਖ) ਉਹਨਾਂ ਨੂੰ 'ਮੀਣੇ' ਆਖਦੇ ਹਨ ਅਤੇ ਉਹਨਾਂ ਦੀ ਭਾਸ਼ਾ ਵਿੱਚ ਇਹ ਨਾਮ (ਮੀਣਾ) ਨਫ਼ਰਤ ਦੇ ਤੌਰ ਤੇ ਲਿਆ ਜਾਂਦਾ ਹੈ।"[17]

ਭਾਈ ਗੁਰਦਾਸ ਨੇ ਆਪਣੀ 36ਵੀਂ ਵਾਰ ਸਾਰੀ ਹੀ ਪ੍ਰਿਥੀ ਚੰਦ ਦੇ ਘਰਾਣੇ ਦੇ ਵਿਰੁੱਧ ਲਿਖੀ ਹੈ। ਉਸ ਨੇ ਪ੍ਰਿਥੀ ਚੰਦ ਦੇ ਘਰਾਣੇ ਨੂੰ 'ਮੀਣਾ'[18] ਸ਼ਬਦ ਨਾਲ ਸੰਬੋਧਨ ਕੀਤਾ ਹੈ। ਇਸ ਵਾਰ ਦੀ ਹਰ ਇੱਕ ਪਉੜੀ ਕੋਈ ਨਾ ਕੋਈ ਮਿਸਾਲ ਦੇ ਕੇ ਮਾੜੇ ਸੁਭਾਅ ਵਾਲੇ ਜੀਵਾਂ ਨੂੰ ਦਰਸਾ ਰਹੀ ਹੈ ਅਤੇ ਹਰ ਇੱਕ ਪਉੜੀ ਦਾ ਸਿੱਟਾ ਮੀਣਿਆਂ (ਪ੍ਰਿਥੀ ਚੰਦ ਦੇ ਘਰਾਣੇ) ਦੇ ਮਾੜੇਪਣ ਨੂੰ ਦਰਸਾਉਂਦਾ ਹੋਇਆ ਕੱਢਿਆ ਗਿਆ ਹੈ। ਇਸ ਵਾਰ ਦੀ ਪਹਿਲੀ ਪਉੜੀ ਦਾ ਸਿੱਟਾ ਇਹ ਕਹਿ ਕੇ ਕੱਢਿਆ ਹੈ 'ਸਤਿਗੁਰੂ ਤਾਂ ਸੱਚੇ ਪਾਤਿਸ਼ਾਹ ਹਨ ਪਰ ਇਹ ਪ੍ਰਿਥੀ ਚੰਦ ਦੇ ਘਰਾਣੇ ਦੇ ਲੋਕ ਕਾਲੇ ਮੂੰਹਾਂ ਵਾਲੇ ਮੀਣੇ (ਕਪਟੀ) ਹਨ।

ਭਾਵ ਮੀਣਾ ਸ਼ਬਦ ਪ੍ਰਿਥੀ ਚੰਦ ਦੇ ਘਰਾਣੇ ਲਈ ਮੋਬੀਦ ਜ਼ੁਲਿਫ਼ਕਾਰ ਅਰਦਿਸਤਾਨੀ ਨੇ ਵਰਤਿਆ ਸੀ ਇਹ ਸ਼ਬਦ ਇਸ ਘਰਾਣੇ ਦੇ ਸਬੰਧ ਵਿੱਚ ਸਿੱਖਾਂ ਵਿੱਚ ਆਮ ਵਰਤਿਆ ਜਾਂਦਾ ਸੀ।[19] ਭਾਈ ਗੁਰਦਾਸ ਦੀ ਇਹ ਲਿਖਤੀ ਗਵਾਹੀ ਇਸੇ ਤੱਥ ਨੂੰ ਸਾਬਤ ਕਰਦੀ ਹੈ। ਆਪਣੇ ਘਰ ਵਿੱਚੋਂ ਪੈਦਾ ਹੋਇਆ ਵਿਰੋਧੀ ਜ਼ਿਆਦਾ ਤੰਗ ਕਰਦਾ ਹੈ ਕਿਉਂਕਿ ਉਸ ਨੂੰ ਘਰ ਦਾ ਭੇਤ ਹੁੰਦਾ ਹੈ। ਪ੍ਰਿਥੀ ਚੰਦ ਅਤੇ ਉਸ ਦਾ ਘਰਾਣਾ ਘਰ ਵਿੱਚੋਂ ਪੈਦਾ ਹੋਇਆ ਵਿਰੋਧੀ ਧੜਾ ਸੀ। ਇਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਰਸਤੇ ਵਿੱਚ ਮੁਸ਼ਕਿਲਾਂ ਪੈਦਾ ਕਰਨ ਲਈ ਹਕੂਮਤ ਨਾਲ ਅਤੇ ਹੋਰ ਵਿਰੋਧੀ ਸ਼ਕਤੀਆਂ ਨਾਲ ਵੀ ਸਹਿਯੋਗ ਕੀਤਾ ਸੀ। ਸਿੱਟੇ ਦੇ ਰੂਪ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣੀ ਗੁਰਿਆਈ ਦੇ ਸ਼ੁਰੂਆਤੀ ਸਾਲਾਂ ਵਿੱਚ ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ਸੀ।

---

17 ਕੁਝ ਨੁਕਤਿਆਂ ਪੱਖੋਂ ਮੋਬੀਦ ਦਾ ਇਹ ਕਥਨ ਗਲਤ ਹੈ ਪਰ ਪ੍ਰਿਥੀ ਚੰਦ ਵੱਲੋਂ ਗੁਰੂ ਅਰਜਨ ਦੇਵ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਵਿਰੋਧਤਾ ਕਰਨ ਦੇ ਪੱਖੋਂ ਇਹ ਕਥਨ ਠੀਕ ਹੈ। ਹਰਚੰਦ ਸਿੰਘ ਬੇਦੀ (ਅਨੁ. ਅਤੇ ਸੰਪਾ.), ਗੰਡਾ ਸਿੰਘ, *ਸਿੱਖ ਇਤਿਹਾਸ ਸਰੋਤ ਪੁਸਤਕ*, ਪੰਨਾ 158.

18 ਮੀਣਾ ਉਸ ਬਲਦ ਜਾਂ ਉਸ ਪਸ਼ੂ ਨੂੰ ਕਿਹਾ ਜਾਂਦਾ ਸੀ ਜਿਸ ਦੇ ਸਿੰਗ ਉਪਰ ਨੂੰ ਨਾ ਜਾ ਕੇ ਹੇਠਾਂ ਨੂੰ ਹੁੰਦੇ ਹਨ ਜਿਵੇਂ ਕਿ ਮੀਣਾ ਬਲਦ, ਮੀਣੀ ਗਊ, ਜਾ ਮੀਣੀ ਮੱਝ। ਪਿੰਡ ਦੇ ਸੱਭਿਆਚਾਰ ਵਿੱਚ ਮੀਣੇ ਪਸ਼ੂ ਨੂੰ ਦੂਜੇ ਪਸ਼ੂਆਂ ਨਾਲੋਂ ਖ਼ਤਰਨਾਕ ਜਾਂ ਮਾੜਾ ਸਮਝਿਆ ਜਾਂਦਾ ਸੀ।

19 ਪ੍ਰਿਥੀ ਚੰਦ ਦੇ ਘਰਾਣੇ ਬਾਰੇ ਹੋਰ ਪੁਸਤਕਾਂ ਦੇਖੋ: ਗੁਰਮੋਹਨ ਸਿੰਘ ਆਹਲੂਵਾਲੀਆ, *ਸੋਢੀ ਮਿਹਰਵਾਨ ਦੀ ਗੱਦ ਰਚਨਾ* (ਖੋਜ ਪ੍ਰਬੰਧ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ (ਮਿਤੀ ਨਹੀਂ); ਗੁਰਮੋਹਨ ਸਿੰਘ ਆਹਲੂਵਾਲੀਆ, *ਸੋਢੀ ਹਰਿ ਜੀ: ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985; ਅਤੇ ਕਿਰਪਾਲ ਸਿੰਘ, *ਮਨੋਹਰ ਦਾਸ ਮਿਹਰਵਾਨ: ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974.

ਮੋਬੀਦ ਜ਼ੁਲਿਫ਼ਕਾਰ ਅਰਦਿਸਤਾਨੀ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਗੁਰਿਆਈ ਦੇ ਸ਼ੁਰੂਆਤੀ ਸਾਲਾਂ ਬਾਰੇ ਲਿਖਦਿਆਂ ਕਿਹਾ ਹੈ "ਗੁਰੂ ਅਰਜਨ ਮੱਲ ਤੋਂ ਪਿੱਛੋਂ, ਉਸ ਦੇ ਪੁੱਤਰ (ਗੁਰੂ) ਹਰਿਗੋਬਿੰਦ ਨੇ ਗੁਰਗੱਦੀ ਲੈਣ ਦਾ ਦਾਅਵਾ ਕੀਤਾ ਅਤੇ ਉਹ ਪਿਤਾ ਦੀ ਥਾਂ ਗੱਦੀ ਉੱਪਰ ਬੈਠਾ। ਉਹ ਜਹਾਂਗੀਰ ਦੀਆਂ ਜਿੱਤਾਂ ਪ੍ਰਾਪਤ ਕਰਨ ਵਾਲੀ ਜੰਗੀ ਚੜ੍ਹਤ (ਰਕਾਬ) ਤੋਂ ਬਚ ਨਾ ਸਕਿਆ। ਉਸ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਹਨਾਂ ਵਿੱਚੋਂ ਇੱਕ ਤਾਂ ਇਹ ਕਿ ਉਹ ਸਿਪਾਹੀਆਂ ਵਾਲਾ ਲਿਬਾਸ ਪਹਿਨਣ ਲੱਗ ਪਿਆ ਅਤੇ ਪਿਤਾ ਦੀ ਰੀਤੀ ਦੇ ਉਲਟ ਤਲਵਾਰ ਵੀ ਪਹਿਨਣ ਲੱਗ ਪਿਆ। ਕੁਝ ਆਦਮੀ ਨੌਕਰ ਰੱਖ ਲਏ ਅਤੇ ਸ਼ਿਕਾਰ ਖੇਡਣ ਲੱਗ ਪਿਆ।"[20] ਮੋਬੀਦ ਅਰਦਿਸਤਾਨੀ ਦੀ ਇਹ ਟੂਕ ਪੂਰੀ ਤਰ੍ਹਾਂ ਠੀਕ ਨਹੀਂ ਹੈ ਪਰ ਇਸ ਵਿੱਚੋਂ ਜਾਣਕਾਰੀ ਇਸ ਗੱਲ ਦੀ ਮਿਲਦੀ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਸਵੈ-ਰੱਖਿਆ ਲਈ ਆਪਣੇ ਸਿੱਖਾਂ ਨੂੰ ਹਥਿਆਰਬੰਦ ਅਤੇ ਘੋੜਸੁਆਰ ਹੋਣ ਲਈ ਪ੍ਰੇਰਿਆ ਸੀ। ਕੁਝ ਆਦਮੀਆਂ ਨੂੰ ਨੌਕਰ ਰੱਖ ਲੈਣਾ ਜਾਂ ਹਕੂਮਤ ਦੇ ਭਗੌੜੇ ਸੈਨਿਕਾਂ ਨੂੰ ਨੌਕਰ ਰੱਖ ਲੈਣ ਆਦਿ ਦੀਆਂ ਗੱਲਾਂ ਠੀਕ ਨਹੀਂ ਹਨ। ਇਹਨਾ ਗੱਲਾਂ ਦਾ ਜਾਂ ਤਾਂ ਮੋਬੀਦ ਨੂੰ ਭੁਲੇਖਾ ਲੱਗਿਆ ਹੈ ਜਾਂ ਫਿਰ ਉਸ ਨੇ ਸਮਝਿਆ ਗਲਤ ਸੀ। ਗੁਰੂ ਸਾਹਿਬ ਕੋਲ ਆਪਣੇ ਸਿੱਖ-ਸ਼ਰਧਾਲੂ ਅਣਗਿਣਤ ਸਨ। ਇਸ ਕਰਕੇ ਉਹਨਾਂ ਨੂੰ ਕਿਸੇ ਵਿਅਕਤੀ ਨੂੰ ਨੌਕਰ ਰੱਖਣ ਦੀ ਲੋੜ ਨਹੀਂ ਸੀ।

ਗੱਲ ਇੱਥੋਂ ਤੱਕ ਸੀਮਤ ਨਹੀਂ ਸੀ। ਗੁਰੂ ਹਰਿਗੋਬਿੰਦ ਸਾਹਿਬ ਦੀ ਗੁਰਿਆਈ ਦੀ ਸ਼ੁਰੂਆਤ ਸੰਕਟਮਈ ਹਾਲਾਤਾਂ ਵਿੱਚ ਹੋਈ ਸੀ ਇਸ ਲਈ ਉਹਨਾਂ ਦੇ ਗੁਰਿਆਈ ਜੀਵਨ ਨਾਲ ਸਬੰਧਿਤ ਹਰ ਘਟਨਾ ਭੁਲੇਖਿਆਂ ਅਤੇ ਉਕਾਈਆਂ ਨਾਲ ਭਰੀ ਪਈ ਹੈ। ਗੁਰੂ ਸਾਹਿਬ ਦੇ ਜੀਵਨ ਦੀ ਇੱਕ ਘਟਨਾ ਹੈ ਉਹਨਾਂ ਦਾ ਜੇਲ੍ਹ ਜਾਣਾ ਜਾਂ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕੱਟਣਾ। ਇਹ ਘਟਨਾ ਜ਼ਬਰਦਸਤ ਭੁਲੇਖਿਆਂ ਦਾ ਸ਼ਿਕਾਰ ਹੋਈ ਪਈ ਹੈ। ਉਹਨਾਂ ਦੇ ਸਮਕਾਲੀ ਲੇਖਕ ਮੋਬੀਦ ਨੇ ਭਾਵੇਂ ਉਹਨਾਂ ਦੇ ਜੇਲ੍ਹ ਜਾਣ ਬਾਰੇ ਗੁਰੂ ਸਾਹਿਬ ਤੋਂ ਜਾਂ ਉਹਨਾਂ ਦੇ ਸਿੱਖਾਂ ਵੱਲੋਂ ਜਾਣਕਾਰੀ ਲੈ ਕੇ ਲਿਖਿਆ ਹੈ ਪਰ ਮੋਬੀਦ ਦੀ ਲਿਖੀ ਇਸ ਘਟਨਾ ਨੂੰ ਵੀ ਇੰਨ-ਬਿੰਨ ਨਹੀਂ ਮੰਨਿਆ ਜਾ ਸਕਦਾ। ਮੋਬੀਦ ਲਿਖਦਾ ਹੈ "ਸਵਰਗਵਾਸੀ ਬਾਦਸ਼ਾਹ (ਜਹਾਂਗੀਰ) ਨੇ (ਗੁਰੂ) ਅਰਜਨ ਮੱਲ ਉੱਪਰ ਲਾਏ ਜੁਰਮਾਨੇ ਨੂੰ ਪੂਰਾ ਨਾ ਕਰਨ ਦੇ ਦੋਸ਼ ਵਿੱਚ (ਗੁਰੂ) ਹਰਿਗੋਬਿੰਦ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ (ਕੈਦ ਕਰ ਕੇ) ਘੱਲ ਦਿੱਤਾ। ਉਹ ਉੱਥੇ ਬਾਰਾਂ ਵਰ੍ਹੇ ਰਹੇ ਅਤੇ ਹਾਲਾਤ ਅਜਿਹੇ ਹੋ ਗਏ ਕਿ

20 ਹਰਚੰਦ ਸਿੰਘ ਬੇਦੀ (ਅਨੁ. ਅਤੇ ਸੰਪਾ.), ਗੰਡਾ ਸਿੰਘ, *ਸਿੱਖ ਇਤਿਹਾਸ ਸਰੋਤ ਪੁਸਤਕ,* ਪੰਨਾ 158.

ਰੋਟੀ ਨਾਲ ਲੂਣ ਵੀ ਨਸੀਬ ਨਾ ਹੁੰਦਾ। ਉਸ ਸਮੇਂ ਮਸੰਦ ਅਤੇ ਸਿੱਖ ਉੱਥੇ ਜਾਂਦੇ ਅਤੇ ਕਿਲ੍ਹੇ ਦੀ ਕੰਧ ਨੂੰ ਮੱਥਾ ਟੇਕਦੇ।"[21]

ਮੋਬੀਦ ਦੀ ਇਸ ਟੂਕ ਨੂੰ ਇੰਨ-ਬਿੰਨ ਨਹੀਂ ਮੰਨਿਆ ਜਾ ਸਕਦਾ। ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਦੀ ਕੈਦ ਵਿੱਚ ਰੱਖਿਆ ਗਿਆ ਸੀ। ਪਰ ਇਸ ਕੈਦ ਦੇ ਸਮੇਂ ਅਤੇ ਸਾਲ ਬਾਰੇ ਕੋਈ ਸਹੀ ਜਾਣਕਾਰੀ ਨਹੀਂ ਹੈ। ਮੋਬੀਦ ਨੇ ਬਾਰਾਂ ਸਾਲਾਂ ਦੀ ਕੈਦ ਲਿਖੀ ਹੈ ਜਦੋਂ ਕਿ ਬਾਰਾਂ ਸਾਲਾਂ ਦੀ ਕੈਦ ਦਾ ਸਮਾਂ ਹੋਰ ਕਿਸੇ ਵੀ ਪੰਜਾਬੀ ਲਿਖਤ ਵਿੱਚ ਨਹੀਂ ਹੈ ਅਤੇ ਨਾ ਹੀ ਇਹਨਾਂ ਬਾਰਾਂ ਸਾਲਾਂ ਦੀ ਕੈਦ ਦਾ ਸਮਾਂ ਗੁਰੂ ਸਾਹਿਬ ਦੇ ਜੀਵਨ ਨਾਲ ਮੇਲ ਖਾਂਦਾ ਹੈ। ਜੇਕਰ ਗੁਰੂ ਹਰਿਗੋਬਿੰਦ ਸਾਹਿਬ ਦੀ ਕੈਦ ਦਾ ਸਮਾਂ ਉਹਨਾਂ ਦੀ ਗੁਰਿਆਈ ਦੇ ਸ਼ੁਰੂਆਤੀ ਸਾਲਾਂ ਦਾ ਸਮਾਂ ਮੰਨਿਆ ਜਾਂਦਾ ਹੈ ਤਾਂ ਇਸੇ ਸਮੇਂ ਦੇ ਜੀਵਨ ਦੇ ਬਾਰਾਂ ਸਾਲਾਂ ਵਿੱਚ ਉਹਨਾਂ ਦੇ ਘਰ ਕਈ ਬੱਚਿਆਂ ਨੇ ਜਨਮ ਲਿਆ ਸੀ। ਬੱਚਿਆਂ ਦੇ ਜਨਮ ਲੈਣ ਨਾਲ ਇਸ ਸਮੇਂ ਦੇ ਕੈਦੀ ਜੀਵਨ ਨੂੰ ਕਿਵੇਂ ਮੇਲਿਆ ਜਾ ਸਕਦਾ ਹੈ। ਗੁਰੂ ਸਾਹਿਬ ਦਾ ਜੇਲ੍ਹ-ਜੀਵਨ ਬਹੁਤ ਥੋੜ੍ਹੇ ਸਮੇਂ ਵਾਲਾ ਸੀ। ਗਿਆਨੀ ਗਿਆਨ ਸਿੰਘ ਸਿਰਫ਼ ਤਿੰਨ ਮਹੀਨੇ ਗਵਾਲੀਅਰ ਦੇ ਕਿਲ੍ਹੇ ਵਿੱਚ ਰਹੇ ਹੋਏ ਲਿਖਦਾ ਹੈ।[22] ਕਨਿੰਘਮ ਲਿਖਦਾ ਹੈ 'ਗੁਰੂ ਸਾਹਿਬ ਦਾ ਅਲਬੇਲਾ ਸੁਭਾਅ ਤੇ ਜੰਗੀ ਝੁਕਾਅ ਗ੍ਰਿਫਤਾਰੀ ਦਾ ਕਾਰਨ ਬਣੇ ਸਨ।'[23] ਸੀ.ਐਚ.ਪੇਨ ਲਿਖਦਾ ਹੈ 'ਗੁਰੂ ਸਾਹਿਬ ਦੇ ਸ਼ਾਹੀ ਤੌਰ-ਤਰੀਕੇ ਅਤੇ ਰੱਖੀ ਹੋਈ ਫ਼ੌਜ ਨੇ ਜਹਾਂਗੀਰ ਨੂੰ ਖਬਰਦਾਰ ਕਰ ਦਿੱਤਾ ਸੀ। ਉਸ ਨੇ ਹੁਕਮ ਕਰ ਦਿੱਤਾ ਕਿ ਗੁਰੂ ਨੂੰ ਗ੍ਰਿਫ਼ਤਾਰ ਕਰ ਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ ਜਾਵੇ।'[24] ਮੁਹੰਮਦ ਲਤੀਫ਼ ਲਿਖਦਾ ਹੈ ਗੁਰੂ ਸਾਹਿਬ ਵੱਲੋਂ ਗੜ੍ਹ ਅਤੇ ਤਖ਼ਤ ਬਣਾਉਣਾ ਹਕੂਮਤ ਨੂੰ ਸਿੱਧਾ ਸੱਦਾ ਸੀ ਕਿ ਉਹ ਕੋਈ ਕਾਰਵਾਈ ਕਰੇ। ਇਸ ਤਰ੍ਹਾਂ ਉਹਨਾਂ ਦੀ ਸ਼ਾਹੀ ਸ਼ਾਨ ਅਤੇ ਸ਼ਾਹੀ ਠਾਠ ਉਹਨਾਂ ਦੀ ਗ੍ਰਿਫ਼ਤਾਰੀ ਦਾ ਕਾਰਨ ਬਣੇ। ਲਤੀਫ਼ ਬਾਰਾਂ ਸਾਲਾਂ ਦੀ ਗ੍ਰਿਫਤਾਰੀ ਦਾ ਸਮਾਂ ਦੱਸਦਾ ਹੈ ਪਰ ਇਸ ਨੇ ਸਮਾਂ-ਸਾਲ ਕੋਈ ਨਹੀਂ ਦਿੱਤਾ।[25] ਖੁਸ਼ਵੰਤ ਸਿੰਘ ਨੇ ਸਾਰੀ ਗੱਲ ਦਾ ਨਿਬੇੜਾ ਕਰਦਿਆਂ ਲਿਖਿਆ ਹੈ ਗੁਰੂ ਸਾਹਿਬ ਦੀ ਕੈਦ ਦਾ ਸਮਾ

21 *ਉਹੀ,* ਪੰਨੇ 158-59.

22 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ* (ਪੱਥਰ ਛਾਪ), ਸਿਆਲਕੋਟ, 1891 ਪੰਨੇ 220-222.

23 Cunningham, *op.cit.*, p. 50.

24 C.H. Pane, *A Short History of the Sikhs*, Patiala, 1970, p. 21.

25 S.M. Latif, *History of the Panjab*, New Delhi, 1977, p. 225.

ਨਿਸ਼ਚਿਤ ਨਹੀਂ ਹੈ। ਮੋਹਸਿਨ ਫ਼ਾਨੀ (ਮੌਬੀਦ ਅਰਦਿਸਤਾਨੀ) ਇਹ ਦੱਸਣ ਵਿੱਚ ਬਿਲਕੁਲ ਗਲਤ ਹੈ ਕਿ ਇਹ ਕੈਦ ਬਾਰਾਂ ਸਾਲਾਂ ਦੀ ਸੀ। ਗੱਲ ਇਉਂ ਜਾਪਦੀ ਹੈ ਕਿ ਗੁਰੂ ਹਰਿਗੋਬਿੰਦ ਨੂੰ 1609 ਈਸਵੀ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ 1611 ਈਸਵੀ ਵਿੱਚ ਰਿਹਾ ਕਰ ਦਿੱਤਾ ਗਿਆ ਸੀ। ਇਹ ਸਮਾਂ ਦੋ ਸਾਲਾਂ ਦਾ ਬਣਦਾ ਹੈ।[26] ਫ਼ੌਜਾ ਸਿੰਘ ਨੇ ਇਸ ਬਾਰੇ ਲਿਖਿਆ ਹੈ ਕਿ ਇਸ ਗੱਲ ਨੂੰ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਕਦੋਂ ਗ੍ਰਿਫਤਾਰ ਕੀਤਾ ਭਾਵੇਂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਹਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਸੰਭਾਵਨਾ ਇਹ ਹੈ ਕਿ ਉਹਨਾਂ ਨੂੰ ਗੁਰਿਆਈ ਧਾਰਨ ਕਰਨ ਤੋਂ ਤੁਰੰਤ ਬਾਅਦ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ। ਉਹਨਾਂ ਦੇ, ਸਰਕਾਰੀ ਅਧਿਕਾਰੀਆਂ ਨਾਲ ਟੱਕਰ ਲੈਣ ਦੇ ਦ੍ਰਿੜ ਇਰਾਦੇ ਅਤੇ ਸਿੱਖਾਂ ਨੂੰ ਹਥਿਆਰਬੰਦ ਕਰਨ ਦੇ ਪ੍ਰੋਗਰਾਮ ਨੂੰ ਦੇਖਦਿਆਂ ਹੋਇਆਂ, ਹਕੂਮਤ ਨੇ ਉਹਨਾਂ ਨੂੰ ਗ੍ਰਿਫਤਾਰ ਕਰ ਕੇ ਰੱਖਿਆ ਹੋਇਆ ਸੀ। ਪਰ ਕੁਝ ਸਮੇਂ ਬਾਅਦ, ਬਾਦਸ਼ਾਹ ਨੇ ਉਹਨਾਂ ਨੂੰ ਕੈਦ ਵਿੱਚ ਰੱਖਣ ਦੀ ਗੱਲ ਨੂੰ ਬੇਲੋੜੀ ਸਮਝ ਕੇ ਰਿਹਾ ਕਰ ਦਿੱਤਾ ਸੀ। ਫਿਰ ਵੀ ਗੁਰੂ ਸਾਹਿਬ ਦੀ ਕੈਦ ਨੇ ਉਹਨਾਂ ਦੀਆਂ ਨੀਤੀਆਂ ਤੇ ਕੋਈ ਪ੍ਰਭਾਵ ਨਹੀਂ ਪਾਇਆ ਸੀ।[27]

ਦਿਲਚਸਪ ਗੱਲ ਇਹ ਕਿ ਜਿਵੇਂ ਮੌਬੀਦ ਅਰਦਿਸਤਾਨੀ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਗ੍ਰਿਫ਼ਤਾਰੀ ਅਤੇ ਕੈਦ ਦੇ ਬਾਰਾਂ ਸਾਲਾਂ ਦੇ ਸਮੇਂ ਦੀ, ਸਪੱਸ਼ਟ ਗੱਲ ਕੀਤੀ ਹੈ। ਪਰ ਉਸ ਦੇ ਮੁਕਾਬਲੇ ਤੇ ਉਸ ਦੇ ਸਮੇਂ ਦੇ ਸਿੱਖ ਲੇਖਕ ਭਾਈ ਗੁਰਦਾਸ ਨੇ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦੀ ਗੱਲ ਉੱਕਾ ਹੀ ਨਹੀਂ ਕੀਤੀ। ਭਾਈ ਗੁਰਦਾਸ ਨੇ ਤਾਂ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਲੜਾਈਆਂ ਦੀ ਕੋਈ ਗੱਲ ਨਹੀਂ ਕੀਤੀ। ਭਾਈ ਗੁਰਦਾਸ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਹਾਂਬਲੀ, ਦਲ-ਭੰਜਨ ਗੁਰ ਸੂਰਮਾ ਜ਼ਰੂਰ ਕਿਹਾ ਹੈ। ਇਹ ਲਫਜ ਜਾਂ ਵਿਸ਼ੇਸ਼ਣ ਗੁਰੂ ਸਾਹਿਬ ਦੀ ਸੂਰਮਗਤੀ ਅਤੇ ਨਿਡਰਤਾ ਨੂੰ ਜ਼ਰੂਰ ਦਰਸਾਉਂਦੇ ਹਨ ਪਰ ਸੂਰਮਗਤੀ ਅਤੇ ਨਿਡਰਤਾ ਨੂੰ ਅਮਲੀ ਰੂਪ ਵਿੱਚ ਦਰਸਾਉਣ ਵਾਲੀਆਂ ਲੜਾਈਆਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇੱਥੋਂ ਤੱਕ ਕਿ ਭਾਈ ਗੁਰਦਾਸ ਨੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਕੋਈ ਵੇਰਵਾ ਨਹੀਂ ਦਿੱਤਾ।

---

26 Khushwant Singh, *op.cit.*, p. 61.

27 Fauja Singh's article 'Development of Sikhsm under the Gurus' in *Sikhsim* (Ed. L.M. Joshi), Punjabi University, Patiala, 2004, pp. 20-21.

ਦਿਲਚਸਪ ਗੱਲ ਇਹ ਹੈ ਕਿ ਜਿੰਨੇ ਸਮਕਾਲੀ ਸ੍ਰੋਤ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਮਿਲਦੇ ਹਨ ਸ਼ਾਇਦ ਕਿਸੇ ਹੋਰ ਗੁਰੂ ਬਾਰੇ ਨਹੀਂ ਮਿਲਦੇ। ਫਿਰ ਵੀ ਗੁਰੂ ਸਾਹਿਬ ਬਾਰੇ ਇੰਨੇ ਭੁਲੇਖੇ ਪਏ ਹੋਏ ਹਨ ਜਿੰਨਾਂ ਨੂੰ ਦੂਰ ਕਰਨਾ ਇਤਿਹਾਸ ਦੀ ਇੱਕ ਵੱਡੀ ਸਮੱਸਿਆ ਬਣੀ ਹੋਈ ਹੈ। ਕਾਰਨ ਇਸ ਦਾ ਇਹ ਹੈ ਕਿ ਹਰ ਇਤਿਹਾਸਕਾਰ ਲਈ ਸਮਕਾਲੀ ਗਵਾਹੀਆਂ ਦਾ ਬਹੁਤ ਮਹੱਤਵ ਹੁੰਦਾ ਹੈ ਪਰ ਜੇਕਰ ਉਹ ਸਮਕਾਲੀ ਗਵਾਹੀਆਂ ਠੀਕ ਹੋਣ। ਮੌਬੀਦ ਅਰਦਿਸਤਾਨੀ ਗੁਰੂ ਸਾਹਿਬ ਦਾ ਸਮਕਾਲੀ ਲੇਖਕ ਸੀ ਅਤੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਰਹਿੰਦਾ ਰਿਹਾ ਸੀ। ਪਰ ਫਿਰ ਵੀ ਉਸ ਦੀਆਂ ਕੁਝ ਮਜ਼ਬੂਰੀਆਂ ਸਨ। ਸਭ ਤੋਂ ਵੱਡੀ ਮਜ਼ਬੂਰੀ ਇਹ ਸੀ ਕਿ ਉਹ ਸਿੱਖ ਸੱਭਿਆਚਾਰ ਅਤੇ ਪੰਜਾਬੀ ਬੋਲੀ ਤੋਂ ਅਣਜਾਣ ਸੀ। ਉਹ ਸਿੱਖ ਧਰਮ, ਹਿੰਦੂ ਧਰਮ ਅਤੇ ਇਸਲਾਮ ਧਰਮ ਦੇ ਵੱਖਰੇਵਿਆਂ ਤੋਂ ਅਣਜਾਣ ਸੀ। ਇਸ ਅਣਜਾਣਤਾ ਕਰਕੇ, ਉਹ ਸਮਝਾਏ ਜਾਣ ਦੇ ਬਾਵਜੂਦ ਠੀਕ ਨਹੀਂ ਲਿਖ ਸਕਿਆ ਸੀ। ਉਹ ਇਸ ਗੱਲ ਤੋਂ ਉੱਕਾ ਹੀ ਅਣਜਾਣ ਸੀ ਕਿ ਸਿੱਖ ਧਰਮ ਵਿੱਚ 'ਗੁਰੂ' ਦਾ ਕੀ ਸਥਾਨ ਹੁੰਦਾ ਹੈ। ਸਿੱਖਾਂ ਲਈ ਉਸ ਦਾ ਗੁਰੂ ਸਭ ਤੋਂ ਉੱਚਾ ਦਰਜਾ ਰੱਖਦਾ ਹੈ। ਇੰਨਾ ਉੱਚਾ ਕਿ ਸਿੱਖ ਲਈ ਉਸ ਦਾ ਗੁਰੂ ਸਮੇਂ ਦੇ ਬਾਦਸ਼ਾਹ ਨਾਲੋਂ ਉੱਚਾ ਮੰਨਿਆ ਜਾਂਦਾ ਹੈ। ਮੌਬੀਦ ਲਈ ਇਹਨਾਂ ਗੱਲਾਂ ਦਾ ਕੋਈ ਮਹੱਤਵ ਨਹੀਂ ਸੀ। ਉਹ ਸਿਰਫ਼ ਮੁਗ਼ਲ ਸਾਮਰਾਜ ਦੀ ਨੀਤੀ ਨੂੰ ਸਮਝਦਾ ਸੀ। ਇਹੀ ਕਾਰਨ ਹੈ ਕਿ ਉਸ ਦੀਆਂ ਲਿਖਤਾਂ ਵਿੱਚ ਸਮੇਂ ਦੇ ਬਾਦਸ਼ਾਹਾਂ ਦੇ ਨਾਮ ਤਾਂ ਬਹੁਤ ਸਤਿਕਾਰ ਨਾਲ ਲਿਖੇ ਗਏ ਹਨ ਪਰ ਸਿੱਖ ਗੁਰੂਆਂ ਦੇ ਨਾਵਾਂ ਨਾਲ ਉਸ ਨੇ ਕੋਈ ਸਤਿਕਾਰ ਵਾਲਾ ਵਿਸ਼ੇਸ਼ਣ ਜਾਂ ਲਫ਼ਜ ਨਹੀਂ ਲਿਖਿਆ। ਜਿਵੇਂ ਗੁਰੂ ਅਰਜਨ ਦੇਵ ਨੂੰ ਉਸ ਨੇ ਸਿਰਫ਼ ਅਰਜਨ ਮੱਲ ਲਿਖਿਆ ਹੈ। ਗੁਰੂ ਹਰਿਗੋਬਿੰਦ ਸਾਹਿਬ ਨੂੰ ਉਸ ਨੇ ਸਿਰਫ਼ ਹਰਿਗੋਬਿੰਦ ਲਿਖਿਆ ਹੈ।

ਇਸ ਲਈ ਸਿੱਖ ਧਰਮ ਤੋਂ ਅਣਜਾਣ ਇਤਿਹਾਸਕਾਰਾਂ ਨੇ ਮੌਬੀਦ ਦੀਆਂ ਲਿਖੀਆਂ ਗਲਤ ਗੱਲਾਂ ਨੂੰ ਸਹੀ ਮੰਨ ਕੇ ਲਿਖ ਦਿੱਤਾ।[28] ਇਹਨਾਂ ਗਲਤ ਗੱਲਾਂ ਨੂੰ ਅੱਜ ਸੁਧਾਰਨਾ ਵੱਡੀ ਸਮੱਸਿਆ ਦਾ ਕੰਮ ਬਣਿਆ ਹੋਇਆ ਹੈ।

---

28 *ਦਾਬਿਸਤਾਨ-ਏ-ਮਜ਼ਾਹਿਬ* ਦੇ ਜਿੰਨੇ ਵੀ ਅੰਗਰੇਜੀ ਜਾਂ ਪੰਜਾਬੀ ਤਰਜਮੇ ਹੋਏ ਹਨ ਇਹ ਸਾਰੇ ਡੈਵਿਡ ਸ਼ੀਆ ਅਤੇ ਐਥਨੀ ਟਰਾਇਰ (Davind Shea and Anthony Troyer) ਦੇ ਅੰਗਰੇਜ਼ੀ ਤਰਜਮੇ ਤੋਂ ਹੀ ਕੀਤੇ ਗਏ ਹਨ। ਇਹ ਅੰਗਰੇਜ਼ੀ ਤਰਜਮਾ ਗਲਤੀਆਂ ਨਾਲ ਭਰਭੂਰ ਸੀ। ਗਲਤ ਤਰਜਮੇ ਤੋਂ ਅੱਗੇ ਹੋਰ ਗਲਤੀਆਂ ਹੁੰਦੀਆਂ ਗਈਆਂ। ਹਰਚੰਦ ਸਿੰਘ ਬੇਦੀ (ਅਨੁ. ਅਤੇ ਸੰਪਾ.), *ਪੂਰਵਅੰਕਤ,* ਪੰਨਾ 150.

ਮੌਬੀਦ ਅਰਦਿਸਤਾਨੀ ਦੇ ਮੁਕਾਬਲੇ ਤੇ ਭਾਈ ਗੁਰਦਾਸ ਉਸੇ ਸਮੇਂ ਦੇ ਲੇਖਕ ਨੇ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਆਪਣੀਆਂ ਵਾਰਾਂ ਵਿੱਚ ਲਿਖਿਆ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਉਹ ਇਤਿਹਾਸਕ ਗੱਲਾਂ ਨਹੀਂ ਲਿਖੀਆਂ ਗਈਆਂ ਜਿਹੜੀਆਂ ਮੌਬੀਦ ਅਰਦਿਸਤਾਨੀ ਦੀ ਲਿਖਤ ਵਿੱਚ ਲਿਖੀਆਂ ਗਈਆਂ ਹਨ। ਇਸ ਗੱਲ ਨੂੰ ਭਾਈ ਗੁਰਦਾਸ ਦੀ ਕਮਜ਼ੋਰੀ ਮੰਨਿਆ ਜਾ ਸਕਦਾ ਹੈ। ਪਰ ਭਾਈ ਗੁਰਦਾਸ ਨੇ ਜੋ ਕੁਝ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਲਿਖਿਆ ਹੈ ਉਹ ਸਿੱਖ ਸੱਭਿਆਚਾਰ, ਸਿੱਖ ਫਲਸਫੇ ਅਤੇ ਸਿੱਖ ਧਰਮ ਦੇ ਅਨੁਸਾਰ ਢੁੱਕਵਾਂ ਲਿਖਿਆ ਹੈ। ਭਾਈ ਗੁਰਦਾਸ ਨੂੰ ਸਿੱਖ ਧਰਮ ਦੇ ਹਰ ਪੱਖ ਬਾਰੇ ਪੂਰਨ ਜਾਣਕਾਰੀ ਸੀ। ਇਹੀ ਕਾਰਨ ਹੈ ਕਿ ਅੱਜ ਭਾਈ ਗੁਰਦਾਸ ਦੀਆਂ ਵਾਰਾਂ ਸਿੱਖਾਂ ਲਈ ਗੁਰਬਾਣੀ ਜਿਹਾ ਰੁਤਬਾ ਅਤੇ ਸਤਿਕਾਰ ਰੱਖਦੀਆਂ ਹਨ। ਜਦੋਂ ਕਿ ਮੌਬੀਦ ਅਰਦਿਸਤਾਨੀ ਦੀ ਲਿਖਤ ਇੱਕ ਸਮਕਾਲੀ ਲਿਖਤ ਹੋਣ ਦੇ ਬਾਵਜੂਦ ਸਿੱਖ ਇਤਿਹਾਸ ਵਿੱਚ ਕੋਈ ਨਿਰਣਈ ਯੋਗਦਾਨ ਨਹੀਂ ਪਾ ਸਕੀ। ਅਜੇ ਤੱਕ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਮੌਬੀਦ ਅਰਦਿਸਤਾਨੀ ਦੀ ਲਿਖਤ ਦਾ ਨਾ ਇਤਿਹਾਸਕ ਅਧਿਐਨ ਹੋਇਆ ਹੈ ਅਤੇ ਨਾ ਤੁਲਨਾਤਮਿਕ ਅਧਿਐਨ ਹੋਇਆ ਹੈ। ਇਤਿਹਾਸਕ ਨਿਰਣਿਆ ਲਈ ਇਸ ਤਰ੍ਹਾਂ ਦਾ ਅਧਿਐਨ ਹੋਣਾ ਚਾਹੀਦਾ ਹੈ।

ਜਹਾਂਗੀਰ ਦਾ ਖੁਦ ਦਾ ਸੁਭਾਅ ਅਤੇ ਸੋਚ ਇਤਿਹਾਸ ਦੀ ਇੱਕ ਅਣਸੁਲਝੀ ਸਮੱਸਿਆ ਬਣੀ ਹੋਈ ਹੈ। ਜਿਹੜਾ ਉਸ ਦਾ ਆਪਣਾ ਬਿਆਨ ਤੁਜ਼ਕ-ਏ-ਜਹਾਂਗੀਰੀ ਵਿੱਚ ਗੁਰੂ ਅਰਜਨ ਦੇਵ ਦੀ ਸ਼ਹਾਦਤ ਅਤੇ ਉਹਨਾਂ ਦੇ ਪੁੱਤਰ ਦੀ ਗ੍ਰਿਫ਼ਤਾਰੀ ਬਾਰੇ ਲਿਖਿਆ ਮਿਲਦਾ ਹੈ ਉਹ ਅਮਲੀ ਰੂਪ ਵਿੱਚ ਪੂਰਾ ਨਹੀਂ ਹੋਇਆ ਸੀ। ਜੇ ਆਪਣੇ ਬਿਆਨ ਨੂੰ ਅਮਲੀ ਰੂਪ ਵਿੱਚ ਪੂਰਾ ਨਹੀਂ ਕਰਨਾ ਸੀ ਫਿਰ ਇਸ ਨੂੰ ਲਿਖਣ ਦੀ ਜਾਂ ਜਾਰੀ ਕਰਨ ਦੀ ਕੋਈ ਲੋੜ ਸੀ? ਜੇ ਜਾਰੀ ਕਰ ਦਿੱਤਾ ਗਿਆ ਸੀ ਫਿਰ ਪੂਰਾ ਕਿਉਂ ਨਹੀਂ ਕੀਤਾ ਗਿਆ ਸੀ? ਇਹ ਇੱਕ ਬਹੁਤ ਵੱਡਾ ਸਵਾਲ ਹੈ ਜਿਸ ਬਾਰੇ ਸਮਝਣਾ ਬਹੁਤ ਔਖਾ ਹੈ। ਗੁਰੂ ਹਰਿਗੋਬਿੰਦ ਸਾਹਿਬ ਦੀ ਗ੍ਰਿਫ਼ਤਾਰੀ ਦੇ ਸਮੇਂ ਬਾਰੇ ਕੋਈ ਇਤਿਹਾਸਕ ਨਿਰਣਾ ਕਰਨਾ ਇੱਕ ਹੋਰ ਸਮੱਸਿਆ ਹੈ। ਸਮਕਾਲੀ ਮੌਬੀਦ ਬਾਰਾਂ ਸਾਲਾਂ ਦਾ ਸਮਾਂ ਦੱਸ ਕੇ ਇੱਕ ਨਵੀਂ ਸਮੱਸਿਆ ਖੜੀ ਕਰ ਦਿੰਦਾ ਹੈ। ਇਸ ਦੀ ਪੁਸ਼ਟੀ ਹੋਰ ਕਿਸੇ ਲਿਖਤ ਤੋਂ ਨਹੀਂ ਹੁੰਦੀ। ਭਾਈ ਗੁਰਦਾਸ, ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਬਾਰੇ ਬਿਲਕੁਲ ਚੁੱਪ ਹੈ। ਦੋ

ਸਮਕਾਲੀ ਲਿਖਤਾਂ ਵਿੱਚ ਇੰਨਾ ਵੱਡਾ ਵਖਰੇਵਾਂ? ਇਹ ਇਤਿਹਾਸ ਦੇ ਵਿਦਿਆਰਥੀਆਂ ਲਈ ਇੱਕ ਬਹੁਤ ਵੱਡੀ ਸਮੱਸਿਆ ਹੈ।

ਸਭ ਤੋਂ ਵੱਡੀ ਹੈਰਾਨੀ ਇਸ ਗੱਲ ਦੀ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਦੇ ਮੁੱਢਲੇ ਸਾਲਾਂ ਵਿੱਚ ਜਿਸ ਤਰ੍ਹਾਂ ਦੀਆਂ ਸਮੱਸਿਆਵਾਂ ਜਾਂ ਮੁਸ਼ਕਿਲਾਂ ਆਈਆਂ ਉਹ ਤਾਂ ਠੀਕ ਹਨ ਪਰ ਉਹਨਾਂ ਦਾ ਜਹਾਂਗੀਰ ਦੇ ਰਾਜ ਵਿਚਲਾ ਜਿਹੜਾ ਪਿਛਲਾ ਜੀਵਨ ਹੈ, 1619 ਤੋਂ ਲੈ ਕੇ 1627 ਈਸਵੀ ਤੱਕ ਦਾ ਉਹ ਸਾਰਾ ਸ਼ਾਂਤਮਈ ਸੀ। 1627 ਈਸਵੀ ਵਿੱਚ ਜਹਾਂਗੀਰ ਦੀ ਮੌਤ ਹੋ ਗਈ ਸੀ। ਪਰ ਇਹਨਾਂ ਅੱਠ-ਨੌ ਸਾਲਾਂ ਦਾ ਸਾਰਾ ਸਮਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਾਂਤਮਈ ਢੰਗ ਨਾਲ ਗੁਜ਼ਾਰਿਆ ਸੀ। ਪਰ ਇੱਥੇ ਇੱਕ ਬਹੁਤ ਵੱਡੀ ਸਮੱਸਿਆ ਇਤਿਹਾਸ ਦੇ ਵਿਦਿਆਰਥੀਆਂ ਲਈ ਇਹ ਖੜੀ ਹੋ ਜਾਂਦੀ ਹੈ ਕਿ ਸਾਡੀਆਂ ਇਤਿਹਾਸਕ ਲਿਖਤਾਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਬਾਦਸ਼ਾਹ ਜਹਾਂਗੀਰ ਦੇ ਰਾਜਨੀਤਿਕ ਸੰਬੰਧਾਂ ਬਾਰੇ ਬਹੁਤ ਵਿਵਾਦਮਈ ਤੱਥ ਪੇਸ਼ ਕਰਦੀਆਂ ਹਨ। ਕਈਆਂ ਵਿੱਚ ਜਹਾਂਗੀਰ ਨੂੰ ਗੁਰੂ ਸਾਹਿਬ ਕੋਲ ਅੰਮ੍ਰਿਤਸਰ ਆਇਆ ਹੋਇਆ ਦਿਖਾਇਆ ਗਿਆ ਹੈ। ਇਹ ਵੀ ਦਿਖਾਇਆ ਗਿਆ ਹੈ ਕਿ ਗੁਰੂ ਸਾਹਿਬ ਅਤੇ ਬਾਦਸ਼ਾਹ ਜਹਾਂਗੀਰ ਇਕੱਠੇ ਹੀ ਕਸ਼ਮੀਰ ਦੀ ਯਾਤਰਾ ਕਰਨ ਗਏ ਸਨ।[29] ਬਾਹਰੀ ਰੂਪ ਵਿੱਚ ਅਜਿਹੀਆਂ ਸੰਭਾਵਨਾਵਾਂ ਉੱਕਾ ਹੀ ਗਲਤ ਹਨ। ਸਿੱਖ ਧਰਮ ਵਿੱਚ ਗੁਰੂ ਸਾਹਿਬ ਦੀ ਪਦਵੀ ਅਜਿਹੀ ਹੈ ਕਿ ਕਿਸੇ ਵੀ ਤਰ੍ਹਾਂ ਗੁਰੂ, ਬਾਦਸ਼ਾਹ ਨਾਲ ਮਿਲ ਕੇ ਜਾਂ ਬਾਦਸ਼ਾਹ ਦੇ ਅਧੀਨ ਹੋ ਕੇ, ਵਿਚਰ ਨਹੀਂ ਸਕਦਾ। ਦੂਜੀ ਗੱਲ ਇਹ ਕਿ ਜਿੰਨ੍ਹਾਂ ਵੱਡਾ ਅਪਰਾਧ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਨੂੰ ਸ਼ਹੀਦ ਕਰਕੇ ਕੀਤਾ ਉਹ ਮੁਆਫ ਕਰਨ ਯੋਗ ਜਾਂ ਭੁੱਲਣ ਯੋਗ ਨਹੀਂ ਸੀ। ਇਹ ਜ਼ਰੂਰ ਮੰਨਿਆ ਜਾ ਸਕਦਾ ਹੈ ਕਿ ਹੋ ਸਕਦਾ ਹੈ ਕਿ ਗੁਰੂ ਅਰਜਨ ਦੇਵ ਬਾਰੇ ਲਾਏ ਗਏ ਦੋਸ਼ਾਂ ਦੀ ਅਸਲੀਅਤ ਦਾ ਜਹਾਂਗੀਰ ਨੂੰ ਪਤਾ ਲੱਗ ਗਿਆ ਹੋਵੇ, ਇਸ ਤਰ੍ਹਾਂ ਜਹਾਂਗੀਰ ਦੇ ਮਨ ਵਿੱਚ ਕਿਸੇ ਕਿਸਮ ਦਾ ਪਛਤਾਵਾ ਹੋਇਆ ਹੋਵੇ। ਪਛਤਾਵਾ ਹੋਣ ਦੀ ਸੂਰਤ ਵਿੱਚ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਭੁਲਾਇਆ ਨਹੀਂ ਜਾ ਸਕਦਾ। ਇਸ ਬਾਰੇ ਸਿਰਫ਼ ਇਹ ਕਿਹਾ ਜਾ ਸਕਦਾ ਹੈ

---

29 ਗੋਕਲ ਚੰਦ ਨਾਰੰਗ, *ਸਿੱਖ ਮਤ ਦਾ ਪਰਿਵਰਤਨ,* ਇੰਦੂ ਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ*, ਜਿਲਦ ਦੂਜੀ; Hari Ram Gupta, *History of the Sikh Gurus*, New Delhi, 1980 ਅਤੇ ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨੇ 215-249.

ਬਾਦਸ਼ਾਹ ਦੀ ਨੀਤੀ ਵਿੱਚ ਤਾਂ ਫ਼ਰਕ ਆ ਸਕਦਾ ਸੀ ਪਰ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਧਾਰਨ ਕੀਤੀ ਗਈ ਮੀਰੀ-ਪੀਰੀ ਦੇ ਸਿਧਾਂਤ ਦੀ ਨੀਤੀ ਵਿੱਚ ਫ਼ਰਕ ਨਹੀਂ ਆ ਸਕਦਾ ਸੀ।

ਗੁਰੂ ਸਾਹਿਬ ਦੇ ਸ਼ਾਂਤਮਈ ਸਮੇਂ ਬਾਰੇ, ਜਿਹੜਾ ਕਿ ਮੁੱਖ ਰੂਪ ਵਿੱਚ 1619 ਤੋਂ ਲੈ ਕੇ 1627 ਈਸਵੀ ਤੱਕ ਮੰਨਿਆ ਜਾ ਸਕਦਾ ਹੈ ਇਸ ਸਮੇਂ ਵਿੱਚ ਉਹ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਵਿੱਚ ਯਾਤਰਾਵਾਂ ਤੇ ਜਾਂਦੇ ਰਹੇ ਸਨ। ਗੁਰੂ ਸਾਹਿਬ ਵੱਲੋਂ ਕਸ਼ਮੀਰ, ਪੰਜਾਬ ਦੇ ਮਾਝਾ, ਦੁਆਬਾ ਤੇ ਉੱਤਰ ਪ੍ਰਦੇਸ਼ ਵਿਚਲੀਆਂ ਥਾਵਾਂ 'ਤੇ ਜਾਣਦੇ ਵੇਰਵੇ ਮਿਲਦੇ ਹਨ। ਇਹਨਾਂ ਵੇਰਵਿਆਂ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਡੁਮੇਲੀ, ਜਹਾਨਗੜ੍ਹ, ਗਰਨਾ ਸਾਹਿਬ, ਹਰੀਆਂ ਵੇਲਾਂ, ਗੁਰ ਪਲਾਹ (ਕਪੂਰਥਲਾ), ਦੁਰਗਾਪੁਰ ਮੰਜੀ ਸਾਹਿਬ (ਜਲੰਧਰ), ਪਿੰਡ ਡੱਲਾ (ਕਪੂਰਥਲਾ), ਹਰਿਗੋਬਿੰਦਪੁਰਾ (ਗੁਰਦਾਸਪੁਰ), ਮੁਜੰਗ (ਨੇੜੇ ਲਾਹੌਰ) ਮਾਂਗਟ, ਹੁਡਿਆਰਾ, ਰਾਮਪੁਰ, ਘਿਆਲਾ (ਅੰਮ੍ਰਿਤਸਰ) ਮੱਦੋ ਕੇ, ਕੁਹਾਲੀ, ਛਾਂਗਾ-ਮਾਗਾ, ਭੜਾਣਾ ਅਤੇ ਸੁਲਤਾਣੀ ਆਦਿ ਪਿੰਡਾਂ ਵਿੱਚ ਗਏ ਸਨ।[30]

ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਵਿੱਚ ਹੇਠ ਲਿਖੇ ਅਸਥਾਨ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਯਾਤਰਾਵਾਂ ਨਾਲ ਸਬੰਧਿਤ ਹਨ: ਪਹੋਆ, ਥਾਨੇਸਰ (ਹਰਿਆਣਾ), ਨਾਨਕ ਮਤਾ, ਮਥੁਰਾ, ਆਗਰਾ, ਗਵਾਲੀਅਰ (ਉੱਤਰ ਪ੍ਰਦੇਸ਼), ਮਝਨੂੰ ਦਾ ਟਿੱਲੀ (ਦਿੱਲੀ)। ਮੁਜੱਫਰਾਬਾਦ ਅਤੇ ਸਿਰੀ ਨਗਰ (ਕਸ਼ਮੀਰ) ਵਿੱਚ।[31] ਖਿਆਲ ਇਹ ਕੀਤਾ ਜਾਂਦਾ ਹੈ ਗੁਰੂ ਸਾਹਿਬ ਬਾਦਸ਼ਾਹ ਜਹਾਂਗੀਰ ਦੇ ਸਮੇਂ ਉਕਤ ਅਸਥਾਨਾਂ ਤੇ ਗਏ ਸਨ ਪਰ ਇਸ ਬਾਰੇ ਖੋਜ ਅੰਤਿਮ ਨਹੀਂ ਹੈ। ਇਹ ਗੱਲ ਕਹੀ ਜਾ ਸਕਦੀ ਹੈ ਕਿ ਗੁਰੂ ਸਾਹਿਬ ਦੀ ਗੁਰਿਆਈ ਦੇ ਮੁੱਢਲੇ ਸਾਲ ਕਿਵੇਂ ਵੀ ਗੁਜ਼ਰੇ ਹੋਣ ਪਰ ਜਹਾਂਗੀਰ ਦੇ ਰਾਜ ਦੇ ਪਿਛਲੇ ਸਾਲ ਸ਼ਾਂਤੀ ਵਾਲੇ ਹੀ ਸਨ। ਇਹ ਸਮਾਂ ਕੋਈ ਜ਼ਿਆਦਾ ਲੰਮਾ ਨਹੀਂ ਸੀ। ਬਾਦਸ਼ਾਹ ਜਹਾਂਗੀਰ 1627 ਈਸਵੀ ਵਿੱਚ ਮਰ ਗਿਆ ਸੀ। ਉਸ ਦੀ ਥਾਂ ਜਹਾਂਗੀਰ ਦਾ ਪੁੱਤਰ ਸ਼ਾਹ ਜਹਾਨ ਦੇ ਨਾਮ ਤੇ ਮੁਲਕ ਦਾ ਬਾਦਸ਼ਾਹ ਬਣ ਗਿਆ ਸੀ। ਸ਼ਾਹ ਜਹਾਨ ਦੇ ਬਾਦਸ਼ਾਹ ਬਣਨ ਸਮੇਂ ਪੰਜਾਬ ਦੇ ਹਾਲਾਤ ਉਹੋ-ਜਿਹੇ ਹੀ ਬਣ ਗਏ ਸਨ ਜਿਹੋ-ਜਿਹੇ ਜਹਾਂਗੀਰ ਦੇ ਬਾਦਸ਼ਾਹ ਬਣਨ ਸਮੇਂ ਦੇ ਸਨ।

---

30 ਗਿਆਨੀ ਗਿਆਨੀ ਸਿੰਘ, *ਗੁਰਧਾਮ ਸੰਗ੍ਰਹਿ*, ਅੰਮ੍ਰਿਤਸਰ, 1999, ਪੰਨੇ 69-76.

31 *ਉਹੀ*, ਪੰਨੇ 84, 85, ਅਤੇ 88.

**ਅੰਮ੍ਰਿਤਸਰ ਦੀ ਪਹਿਲੀ ਲੜਾਈ:** ਬਾਦਸ਼ਾਹ ਸ਼ਾਹ ਜਹਾਨ 1627 ਈਸਵੀ ਵਿੱਚ ਬਾਦਸ਼ਾਹ ਬਣਿਆ ਅਤੇ 1629 ਈਸਵੀ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਉੱਪਰ ਅੰਮ੍ਰਿਤਸਰ ਵਿਖੇ ਹਮਲਾ ਹੋ ਗਿਆ ਸੀ। ਇਸੇ ਗੱਲ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸ਼ਾਹਜਹਾਨ ਦੇ ਬਾਦਸ਼ਾਹ ਬਣਨ ਨਾਲ ਕਿਹੋ ਜਿਹਾ ਮਾਹੌਲ ਪੈਦਾ ਹੋ ਗਿਆ ਸੀ। ਗੁਰੂ ਸਾਹਿਬ ਉੱਪਰ ਇਹ ਹਮਲਾ ਉਸ ਸਮੇਂ ਹੋਇਆ ਜਦੋਂ ਉਹ ਆਪਣੀ ਬੇਟੀ ਦਾ ਵਿਆਹ ਕਰ ਰਹੇ ਸਨ। ਪੰਜਾਬ ਦੇ ਸਮਾਜਿਕ ਜੀਵਨ ਵਿੱਚ ਜਦੋਂ ਕਦੇ ਕਿਸੇ ਦੀ ਧੀ ਦਾ ਵਿਆਹ ਹੁੰਦਾ ਹੈ ਉਸ ਸਮੇਂ ਹਰ ਇੱਕ ਵਿਅਕਤੀ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਉਹ ਵਿਆਹੀ ਜਾ ਰਹੀ ਧੀ ਦੇ ਮਾਪਿਆਂ ਦੀ ਕਿਸੇ ਨਾ ਕਿਸੇ ਤਰ੍ਹਾਂ ਮਦਦ ਕਰੇ। ਪਰ ਇੱਥੇ ਗੁਰੂ ਸਾਹਿਬ ਨਾਲ ਬਿਲਕੁਲ ਉਲਟ ਹੋ ਰਿਹਾ ਸੀ। ਧੀ ਦੀ ਜਿਸ ਬਰਾਤ ਲਈ ਮਠਿਆਈ ਬਗੈਰਾ ਤਿਆਰ ਕੀਤੀ ਗਈ ਸੀ ਉਹ ਸਾਰੀ ਹਮਲਾਵਰ ਧਿਰ ਨੇ ਖੋਹ ਕੇ ਖਾ ਲਈ ਸੀ ਅਤੇ ਵਿਆਹ ਦੇ ਸਮਾਨ ਨੂੰ ਲੁੱਟ ਲਿਆ ਗਿਆ ਸੀ।

ਸਾਡੀਆਂ ਗੁਰਮੁਖੀ ਦੀਆਂ ਲਿਖਤਾਂ ਵਿੱਚ ਇਸ ਲੜਾਈ ਦੇ ਕਾਰਨ ਅਜਿਹੇ ਦੱਸੇ ਗਏ ਹਨ ਜਿਹਨਾਂ ਦੀ ਕੋਈ ਇਤਿਹਾਸਕ ਸੱਚਾਈ ਨਹੀਂ ਹੋ ਸਕਦੀ। ਬਹੁਤੇ ਲੇਖਕਾਂ ਨੇ ਇਸ ਲੜਾਈ ਦਾ ਮੂਲ ਕਾਰਨ ਸ਼ਾਹ ਜਹਾਨ ਦੀ ਸ਼ਿਕਾਰ ਖੇਡ ਰਹੀ ਸ਼ਾਹੀ ਪਾਰਟੀ ਦੇ ਸ਼ਾਹੀ ਬਾਜ ਨੂੰ ਖੋਹ ਲੈਣਾ ਲਿਖਿਆ ਹੈ ਅਤੇ ਫਿਰ ਮੰਗਣ ਤੇ ਵਾਪਿਸ ਨਾ ਕਰਨ ਦਾ ਲਿਖਿਆ ਹੈ। ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਗੁਰੂ ਸਾਹਿਬ ਲਈ ਜਾਂ ਸ਼ਿਕਾਰ ਖੇਡ ਰਹੇ ਸਿੱਖਾਂ ਲਈ ਸ਼ਾਹੀ ਬਾਜ ਨੂੰ ਖੋਹ ਲੈਣ ਅਤੇ ਵਾਪਿਸ ਨਾ ਕਰਨ ਦੀ ਅਜਿਹੀ ਕਿਹੜੀ ਮਾਣ-ਪ੍ਰਤਿਸ਼ਠਾ ਵਾਲੀ ਗੱਲ ਸੀ।[32] ਗੱਲ ਅਸਲ ਵਿੱਚ ਸਥਾਨਕ ਸਿੱਖ ਵਿਰੋਧੀ ਤਾਕਤਾਂ ਵੱਲੋਂ ਨਵੇਂ ਬਦਲ ਰਹੇ ਹਾਲਾਤਾਂ ਦੀ ਦੁਰਵਰਤੋਂ ਕਰਨ ਵਾਲੀ ਸੀ। ਬਾਦਸ਼ਾਹਾਂ ਦੇ ਰਾਜ ਬਦਲਣ ਸਮੇਂ ਰਾਜਨੀਤਿਕ ਹਫ਼ੜਾ-ਦਫ਼ੜੀ ਹੋਣੀ ਕੁਦਰਤੀ ਗੱਲ ਹੈ। ਇਸ ਹਫ਼ੜਾ-ਦਫ਼ੜੀ ਵਿੱਚ ਨਵਾਂ ਬਾਦਸ਼ਾਹ ਆਪਣੇ ਰਾਜਨੀਤਿਕ ਹਾਲਾਤਾਂ ਨੂੰ ਸੰਭਾਲਣ ਵਿੱਚ ਰੁੱਝਿਆ ਹੁੰਦਾ ਹੈ। ਅਜਿਹੇ ਸਮੇਂ ਸ਼ਰਾਰਤੀ ਅਨਸਰ ਆਪਣਾ ਕੰਮ ਕਰ ਜਾਂਦੇ ਹਨ। ਜਦੋਂ ਬਾਦਸ਼ਾਹ ਦੇ ਪੈਰ ਮਜ਼ਬੂਤ ਹੋ ਜਾਂਦੇ ਹਨ ਤਾਂ ਹਫ਼ੜਾ-ਦਫ਼ੜੀ ਵਾਲੇ ਹਾਲਾਤ ਸ਼ਾਂਤ ਹੋ ਜਾਂਦੇ ਹਨ।

---

32 ਜਿਹਨਾਂ ਲਿਖਤਾਂ ਵਿੱਚ ਬਾਜ ਨੂੰ ਨਾ ਮੋੜਨਾ ਹੀ ਇਸ ਲੜਾਈ ਦਾ ਕਾਰਨ ਲਿਖਿਆ ਗਿਆ ਹੈ ਉਹ ਇਹ ਹਨ: ਮੈਕਾਲਿਫ਼, *ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਅਤੇ ਰਚਨਾਕਾਰ* (ਪੰਜਾਬੀ ਅਨੁਵਾਦ), ਜਿਲਦ ਚੌਥੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਪੰਨੇ 50-51; ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ*, ਪੰਨੇ 231-32.

ਇਸ ਗੱਲ ਵਿੱਚ ਕੋਈ ਦੋ-ਰਾਵਾਂ ਨਹੀਂ ਕਿ ਸਿੱਖ ਧਰਮ ਦੇ ਵਿਰੁੱਧ ਦੋ ਮੁੱਖ ਧਿਰਾਂ ਗੁਰੂ ਅਰਜਨ ਦੇਵ ਦੇ ਸਮੇਂ ਤੋਂ ਕੰਮ ਕਰਦੀਆਂ ਆ ਰਹੀਆਂ ਸਨ। ਸਰਹਿੰਦ ਦੇ ਸੇਖ ਅਹਿਮਦ ਸਰਹੰਦੀ ਦਾ ਨਕਸ਼ਬੰਦੀ ਸਿਲਸਿਲਾ ਅਤੇ ਪ੍ਰਿਥੀ ਚੰਦ ਦੇ ਘਰਾਣੇ ਦੀ ਵਿਰੋਧਤਾ। ਇਹਨਾਂ ਨਾਲ ਹਿੰਦਾਲੀਏ ਰਲਾ ਕੇ ਦੇਖੇ ਜਾ ਸਕਦੇ ਹਨ। ਹਕੂਮਤੀ ਕਰਿੰਦਿਆਂ ਵਿੱਚ ਸਾਰੇ ਅਧਿਕਾਰੀ ਇੱਕੋ-ਜਿਹੇ ਨਹੀਂ ਹੁੰਦੇ। ਕੁਝ ਵਿਰੋਧੀ ਹੁੰਦੇ ਹਨ ਅਤੇ ਕੁਝ ਹਮਦਰਦ ਹੁੰਦੇ ਹਨ। ਅਜਿਹੇ ਵਿਰੋਧੀ ਅਨਸਰ ਹਫ਼ੜਾ-ਦਫ਼ੜੀ ਵਾਲੇ ਹਾਲਾਤਾਂ ਵਿੱਚ ਕੋਈ ਨਾ ਕੋਈ ਸ਼ਰਾਰਤ ਕਰ ਜਾਂਦੇ ਹਨ। ਸ਼ਾਹ ਜਹਾਨ ਦੀ ਤਖ਼ਤ ਪ੍ਰਾਪਤੀ ਸਮੇਂ ਸ਼ਾਹੀ ਦਰਬਾਰ ਵਿੱਚ ਕਈ ਧੜੇ ਸਨ ਜਿਹੜੇ ਕਿ ਆਪੋ-ਆਪਣੇ ਹਿੱਤਾਂ ਦੀ ਲੜਾਈ ਲੜ ਰਹੇ ਸਨ। ਕੋਈ ਨਾ ਕੋਈ ਧੜਾ ਅਜਿਹਾ ਹੋ ਸਕਦਾ ਸੀ ਜਿਹੜਾ ਗੁਰੂ ਸਾਹਿਬ ਖਿਲਾਫ ਕਾਰਵਾਈ ਕਰ ਸਕਦਾ ਸੀ। ਇੱਕ ਗੱਲ ਬੜੀ ਸਪੱਸ਼ਟ ਹੈ ਕਿ ਨਾ ਤਾਂ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਬਾਜ ਵਾਲੀ ਗੱਲ ਦਾ ਕੋਈ ਜ਼ਿਕਰ ਹੈ ਅਤੇ ਨਾ ਦਾਬਿਸਤਾਨ-ਏ-ਮਜ਼ਾਹਿਬ ਵਿੱਚ। ਇਸ ਕਰਕੇ ਇਹ ਗੱਲ ਪੂਰੇ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਬਾਜ ਨਾ ਮੋੜਨ ਦੀਆਂ ਗੱਲਾਂ ਪਿੱਛੋਂ ਜੁੜੀਆਂ ਹਨ। ਗੁਰੂ ਹਰਿਗੋਬਿੰਦ ਸਾਹਿਬ ਦੇ ਸਾਹਮਣੇ ਬਹੁਤ ਉੱਚੇ ਤੇ ਸੁੱਚੇ ਉਦੇਸ਼ ਸਨ ਜਿਹੜੇ ਕਿ ਬਾਜ਼ ਨਾਲੋਂ ਕਿਤੇ ਜ਼ਿਆਦਾ ਅਲੱਗ ਸਨ।[33] ਉਦੇਸ਼ ਇਹ ਸਨ ਕਿ ਗੁਰੂ ਸਾਹਿਬ ਨੇ ਇਹ ਨਿਸ਼ਚਾ ਧਾਰ ਲਿਆ ਸੀ ਕਿ ਗੁਰੂ ਅਰਜਨ ਦੇਵ ਦੀ ਸ਼ਹਾਦਤ ਸਿਰਫ਼ ਧਾਰਮਿਕ ਈਰਖਾ ਕਾਰਨ ਹੋਈ ਸੀ ਇਸ ਲਈ ਸ਼ਹਾਦਤ ਤੋਂ ਬਾਅਦ ਸਿੱਖ ਜਗਤ ਨੇ ਸਵੈ-ਰੱਖਿਆ ਲਈ ਆਪਣੀ ਰੱਖਿਆ ਆਪ ਕਰਨ ਦਾ ਦ੍ਰਿੜ੍ਹ ਇਰਾਦਾ ਧਾਰਿਆ ਹੋਇਆ ਸੀ।

ਇਹ ਲੜਾਈ ਸਵੈ-ਰੱਖਿਆ ਲਈ ਸੀ ਇਸ ਲਈ ਗੁਰੂ ਸਾਹਿਬ ਇਸ ਲੜਾਈ ਤੋਂ ਪਿੱਛੋਂ ਕੋਸ਼ਿਸ਼ ਕਰ ਰਹੇ ਸਨ ਕਿ ਦੁਸ਼ਮਣ ਨੂੰ ਮੌਕਾ ਨਾ ਦਿੱਤਾ ਜਾਵੇ ਦੁਬਾਰਾ ਹਮਲਾ ਕਰਨ ਦਾ। ਇਹ ਸੋਚ ਕੇ, ਗੁਰੂ ਹਰਿਗੋਬਿੰਦ ਸਾਹਿਬ, ਡਬਾਲ ਵਿਖੇ ਆਪਣੀ ਪੁੱਤਰੀ ਬੀਬੀ ਵੀਰੋ ਦੇ ਵਿਆਹ ਦੀਆਂ ਸਾਰੀਆਂ ਰਸਮਾਂ ਨਿਬੇੜ ਕੇ ਕਰਤਾਰਪੁਰ ਸਾਹਿਬ (ਜਲੰਧਰ) ਵਿਖੇ ਚਲੇ ਗਏ ਸਨ। ਕਰਤਾਰਪੁਰ ਸਾਹਿਬ ਗੁਰੂ ਅਰਜਨ ਦੇਵ ਦਾ ਵਸਾਇਆ ਹੋਇਆ ਨਗਰ ਸੀ। ਕਰਤਾਰਪੁਰ ਸਾਹਿਬ ਦੇ ਨੇੜੇ ਦਰਿਆ ਬਿਆਸ ਉੱਪਰ ਗੁਰੂ ਅਰਜਨ ਦੇਵ ਦਾ ਹੀ ਵਸਾਇਆ ਹੋਇਆ ਇੱਕ ਹੋਰ ਨਗਰ ਹਰਿਗੋਬਿੰਦਪੁਰ ਸੀ। ਇਸ ਲਈ ਗੁਰੂ ਸਾਹਿਬ

33 Teja Singh Ganda Singh, *A History of the Sikhs*, Punjabi University, Patiala, 1999, p. 44.

ਦਾ ਪਰਿਵਾਰ ਤਾਂ ਕਰਤਾਰਪੁਰ ਸਾਹਿਬ ਵਿਖੇ ਰਹਿੰਦੇ ਸਨ ਅਤੇ ਘੋੜਸਵਾਰ ਅਤੇ ਪੈਦਲ ਹਥਿਆਰਬੰਦ ਸਿੱਖ ਸੰਗਤਾਂ ਹਰਿਗੋਬਿੰਦਪੁਰ ਵਿਖੇ ਬਿਆਸ ਦਰਿਆ ਦੇ ਕੰਢੇ ’ਤੇ ਰਹਿੰਦੀਆਂ ਸਨ। ਦੁਸ਼ਮਣ ਤਾਕਤਾਂ ਦੇ ਹਮਲੇ ਦਾ ਡਰ ਹਰ ਸਮੇਂ ਬਣਾਇਆ ਰਹਿੰਦਾ ਸੀ ਇਸ ਲਈ ਹਰਿਗੋਬਿੰਦਪੁਰ ਵਿਖੇ, ਕੈਂਪ ਵਿੱਚ ਰਹਿ ਰਹੀਆਂ ਹਥਿਆਰਬੰਦ ਸੰਗਤਾਂ ਨੇ ਆਪਣੀ ਰੱਖਿਆ ਲਈ ਨਗਰ ਦੁਆਲੇ ਕੱਚਾ ਕੋਟ ਬਗਲ ਲਿਆ ਸੀ। ਕੱਚੇ ਕੋਟ ਵਿੱਚ ਲੋੜ ਅਨੁਸਾਰ ਮੋਰਚੇ ਬਣਾ ਲੈਣੇ ਕੁਦਰਤੀ ਗੱਲ ਸੀ।

**ਦੂਜੀ ਲੜਾਈ:** ਹਰਿਗੋਬਿੰਦਪੁਰ ਦਾ ਇਲਾਕਾ ਭਗਵਾਨ ਦਾਸ ਘੇਰੜ ਦੀ ਜਾਗੀਰ ਵਿੱਚ ਪੈਂਦਾ ਸੀ। ਇਸ ਲਈ ਇਹ ਨਹੀਂ ਚਾਹੁੰਦਾ ਸੀ ਕਿ ਗੁਰੂ ਦੀ ਸਿੱਖ ਸੰਗਤ ਦਾ ਕੈਂਪ ਇਸ ਦੀ ਜਾਗੀਰ ਵਿੱਚ ਜਾਂ ਇਸ ਦੇ ਨਗਰ ਦੇ ਨੇੜੇ ਲੱਗੇ। ਇਸ ਲਈ ਭਗਵਾਨ ਦਾਸ ਘੇਰੜ ਨੇ ਸਿੱਖਾਂ ਦੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਰੋੜੇ ਅਟਕਾਏ ਸਨ ਅਤੇ ਸਥਾਨਕ ਲੋਕਾਂ ਨੂੰ ਗੁਰੂ ਸਾਹਿਬ ਦੀ ਮੌਜੂਦਗੀ ਦੇ ਖਿਲਾਫ ਉਕਸਾਇਆ ਸੀ। ਇਸ ਤਰ੍ਹਾਂ ਦੀ ਕਿਸੇ ਕਾਰਵਾਈ ਵਿੱਚ ਭਗਵਾਨ ਦਾਸ ਘੇਰੜ ਮਾਰਿਆ ਗਿਆ ਸੀ। ਉਸ ਦੇ ਇਸ ਤਰ੍ਹਾਂ ਮਾਰੇ ਜਾਣ ਤੇ, ਉਸ ਦਾ ਪੁੱਤਰ ਰਤਨ ਚੰਦ ਜਲੰਧਰ ਦੇ ਹਾਕਮ ਪਾਸ ਜਾ ਫਰਿਆਦੀ ਹੋਇਆ। ਜਲੰਧਰ ਦਾ ਹਾਕਮ ਅਬਦੁੱਲਾ ਖ਼ਾਨ ਸੀ। ਇੱਕ ਹੋਰ ਸਥਾਨਕ ਜਾਗੀਰਦਾਰ ਕਰਮ ਚੰਦ, ਜਿਹੜਾ ਕਿ ਮਰ ਚੁੱਕੇ ਚੰਦੂ ਸ਼ਾਹ ਦਾ ਪੁੱਤਰ ਸੀ, ਰਤਨ ਚੰਦ ਨਾਲ ਮਿਲ ਗਿਆ ਸੀ। ਸਿੱਟੇ ਵਜੋਂ ਜਲੰਧਰ ਦੇ ਫ਼ੌਜਦਾਰ ਨੇ ਇਹਨਾਂ ਦੀ ਮਦਦ ਕਰਨ ਲਈ ਹਾਂ ਕਰ ਦਿੱਤੀ।[34] ਸਭ ਨੇ ਰਲ ਕੇ ਸਤੰਬਰ, 1630 ਈਸਵੀ ਵਿੱਚ ਗੁਰੂ ਸਾਹਿਬ ਤੇ ਹਮਲਾ ਕਰ ਦਿੱਤਾ। ਹਮਲਾ ਸ੍ਰੀ ਹਰਿਗੋਬਿੰਦਪੁਰ ਵਿਖੇ ਕੀਤਾ ਗਿਆ ਸੀ। ਇਸ ਕਰਕੇ ਸਾਰੀਆਂ ਸੰਗਤਾਂ ਨੇ ਸ੍ਰੀ ਹਰਿਗੋਬਿੰਦਪੁਰ ਵਿਖੇ ਪਹੁੰਚ ਕੇ ਹਮਲਾਵਰ ਦੁਸ਼ਮਣਾ ਦਾ ਮੁਕਾਬਲਾ ਕੀਤਾ। ਡੱਟ ਕੇ ਲੜਾਈ ਹੋਈ। ਮੈਕਾਲਿਫ਼ ਦੇ ਲਿਖਣ ਅਨੁਸਾਰ, “ਮੁਖੀ (ਅਬਦੁੱਲਾ ਖਾਂ) ਤੇ ਉਸ ਦੇ ਸਾਰੇ ਸੈਨਿਕ ਸਰਦਾਰ ਘਾਤ ਹੋ ਚੁੱਕੇ ਸਨ। ਉਸ ਦੀ ਸੈਨਾ ਦੌੜ ਗਈ ਸੀ। ਲੜਾਈ ਸਮਾਪਤ ਹੋ ਗਈ ਸੀ ਤੇ ਜਿੱਤ ਗੁਰੂ ਸਾਹਿਬ ਦੀ ਹੋਈ। ਬਿਧੀ ਚੰਦ ਨੇ ਇੱਕ ਮਿਸਾਲ ਜਲਾਈ ਤੇ ਲਾਸ਼ਾਂ ਦੇ ਢੇਰ ਵਿੱਚੋਂ ਹਮਲਾਵਰ ਫ਼ੌਜ ਦੇ ਮੁਖੀ ਦੀ ਤਲਾਸ਼ ਕੀਤੀ ਜੋ ਦੇਰ ਤੇ ਕਠਿਨਾਈ ਨਾਲ ਮਿਲੀ ਸੀ। ਗੁਰੂ ਸਾਹਿਬ ਆਪਣੇ ਡੇਰੇ ਵਿੱਚ ਚਲੇ ਗਏ ਤੇ ਬਿਧੀ ਚੰਦ ਨੇ ਜ਼ਖ਼ਮੀਆਂ ਦੀ

---

34 ਇੰਦੂ ਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ,* ਜਿਲਦ ਦੂਜੀ (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ ਪਟਿਆਲਾ, 2009, ਪੰਨਾ 21; ਅਤੇ ਸਤਿਬੀਰ ਸਿੰਘ, *ਗੁਰਭਾਰੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015, ਪੰਨੇ 97-100.

ਤਲਾਸ਼ ਤੇ ਦੇਖ ਭਾਲ ਕੀਤੀ। ਅਗਲਾ, ਘਾਤ ਹੋਏ ਸਿਪਾਹੀਆਂ ਦੇ, ਸਸਕਾਰ ਦਾ ਦਿਨ ਸੀ। ਮੁਖੀ, ਉਸ ਦੇ ਦੋਵੇਂ ਪੁੱਤਰ ਅਤੇ ਉਸ ਦੀ ਫ਼ੌਜ ਦੇ ਪੰਜ ਜਰਨੈਲਾਂ ਨੂੰ ਕਬਰਾਂ ਵਿੱਚ ਦਬਾ ਦਿੱਤਾ ਗਿਆ। ਰਣ-ਭੂਮੀ ਵਿੱਚ ਪ੍ਰਾਣ ਛੱਡ ਗਏ ਸਿੱਖਾਂ ਦੀਆਂ ਲਾਸ਼ਾਂ ਨੂੰ ਗੁਰੂ ਸਾਹਿਬ ਦੇ ਸਾਹਮਣੇ ਲਿਆਂਦਾ ਗਿਆ ਅਤੇ ਉਹਨਾਂ ਦੇ ਨਾਵਾਂ ਦੀ ਘੋਸ਼ਣਾ ਕੀਤੀ ਗਈ।"[35] ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ ਕਿ 'ਸੂਬੇਦਾਰ ਦੀ ਫ਼ੌਜ ਨੂੰ ਹਾਰ ਦੇਣ ਵਿੱਚ ਗੁਰੂ ਹਰਿਗੋਬਿੰਦ ਸਫਲ ਰਹੇ ਅਤੇ ਸ੍ਰੀ ਹਰਿਗੋਬਿੰਦਪੁਰ ਦੀ ਅਗਲੀ ਉਸਾਰੀ, ਜਿਹਾ ਕਿ ਇਸ ਅਸਥਾਨ ਨੂੰ ਕਿਹਾ ਜਾਣ ਲੱਗ ਪਿਆ ਸੀ, ਨਿਰਵਿਘਨ ਹੁੰਦੀ ਰਹੀ।'[36] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ 'ਲੜਾਈ ਪਿੱਛੋਂ ਗੁਰੂ ਸਾਹਿਬ ਕਾਫੀ ਸਮਾਂ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਿਖੇ ਰਹਿੰਦੇ ਰਹੇ ਸਨ ਅਤੇ ਇੱਥੇ ਉਹਨਾਂ ਨੇ ਆਪਣੇ ਪਰਿਵਾਰ ਨੂੰ ਬੁਲਾ ਲਿਆ ਸੀ। ਉਹਨਾਂ ਨੇ ਇੱਥੇ ਇੱਕ ਮਸੀਤ ਬਣਵਾਈ ਸੀ ਤਾਂ ਕਿ ਗੁਰੂ ਸਾਹਿਬ ਦੇ ਮੁਸਲਿਮ ਪੈਰੋਕਾਰ ਆਪਣੇ ਧਾਰਮਿਕ ਅਕੀਦੇ ਪੂਰੇ ਕਰ ਸਕਣ।'[37]

**ਤੀਜੀ ਮਹਿਰਾਜ (ਗੁਰੂਸਰ) ਦੀ ਲੜਾਈ**: ਗੁਰੂ ਹਰਿਗੋਬਿੰਦ ਸਾਹਿਬ ਆਪਣੀ ਸਵੈ-ਰੱਖਿਆ ਲਈ ਸਿੱਖਾਂ ਨੂੰ ਵਧੀਆ ਘੋੜਸਵਾਰ ਬਣਾਉਣਾ ਚਾਹੁੰਦੇ ਸਨ। ਇਸ ਲਈ ਜ਼ਰੂਰੀ ਸੀ ਵਧੀਆ ਤੋਂ ਵਧੀਆ ਘੋੜੇ ਖਰੀਦੇ ਜਾਣ। ਇਸ ਮਨੋਰਥ ਲਈ ਉਹਨਾਂ ਦੇ ਤਜ਼ਰਬੇਕਾਰ ਸਿੱਖ ਥਾਂ-ਥਾਂ ਘੋੜਿਆਂ ਦੀ ਖਰੀਦੋ-ਫਰੋਖ਼ਤ ਲਈ ਤੁਰਦੇ-ਫਿਰਦੇ ਰਹਿੰਦੇ ਸਨ। ਇਸੇ ਤਰ੍ਹਾਂ ਕੁਝ ਸਿੱਖ ਈਰਾਨ-ਈਰਾਕ ਵੱਲ ਜਾ ਕੇ ਉਧਰੋਂ ਵਧੀਆ ਨਸਲ ਦੇ ਅਰਬੀ ਜਾਂ ਈਰਾਨੀ ਨਸਲ ਦੇ ਦੋ ਘੋੜੇ ਖਰੀਦ ਕੇ ਵਾਪਿਸ ਆ ਰਹੇ ਸਨ। ਪੰਜਾਬ ਵਿੱਚ ਲਾਹੌਰ ਨੇੜੇ ਆਉਂਦਿਆਂ ਤੋਂ, ਮੁਗ਼ਲ ਅਧਿਕਾਰੀਆਂ ਨੇ, ਇਹ ਘੋੜੇ ਆਪ ਖਰੀਦਣ ਦੀ ਗੱਲ ਪ੍ਰਗਟ ਕੀਤੀ ਅਤੇ ਯੋਗ ਮੁੱਲ ਦੇਣ ਲਈ ਵੀ ਕਿਹਾ। ਸਿੱਖਾਂ ਨੇ ਜਵਾਬ ਦਿੰਦਿਆਂ ਕਿਹਾ ਕਿ ਉਹ ਇਹ ਘੋੜੇ ਆਪਣੇ ਗੁਰੂ ਲਈ ਲੈ ਕੇ ਜਾ ਰਹੇ ਹਨ। ਇਸ ਕਰਕੇ ਇਹਨਾਂ ਨੂੰ ਵੇਚਿਆ ਨਹੀਂ ਜਾ ਸਕਦਾ। ਮੁਗ਼ਲ ਅਧਿਕਾਰੀ ਨੇ ਸ਼ਾਇਦ ਆਪਣੀ ਬੇਇੱਜ਼ਤੀ ਸਮਝ ਕੇ ਇਹਨਾਂ ਘੋੜਿਆਂ ਨੂੰ ਜ਼ਬਰ ਦਸਤੀ ਖੋਹ ਲਿਆ। ਸਿੱਖ ਗੁਰੂ ਸਾਹਿਬ ਕੋਲ ਪਹੁੰਚੇ ਅਤੇ ਉੱਥੇ ਹਾਜ਼ਰ ਸੰਗਤਾਂ ਨੂੰ ਸਾਰੀ ਗੱਲ ਦੱਸੀ। ਸੰਗਤਾਂ ਨੇ ਗੱਲ ਨੂੰ ਸੁਣਨ ਸਾਰ ਉਹਨਾਂ ਘੋੜਿਆਂ ਨੂੰ ਉਸੇ ਤਰ੍ਹਾਂ ਵਾਪਿਸ ਖੋਹ ਕੇ ਲਿਆਉਣ ਦਾ ਫੈਸਲਾ ਕੀਤਾ ਜਿਵੇਂ ਉਹ ਸਿੱਖਾਂ ਕੋਲੋਂ ਖੋਹੇ ਗਏ ਸਨ। ਸੰਗਤਾਂ ਦੇ ਇੱਕ ਤਜ਼ਰਬੇਕਾਰ ਮੁਖੀ

---

35 ਮੈਕਾਲਿਫ਼, ਸਿੱਖ ਧਰਮ, *ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਅਤੇ ਰਚਨਾਕਾਰ* (ਪੰਜਾਬੀ ਅਨੁਵਾਦ), ਜਿਲਦ ਚੌਥੀ, ਪੰਨੇ 73-74.

36 ਇੰਦੂ ਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ*, ਪੰਨਾ 21.

37 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ 236.

ਭਾਈ ਬਿਧੀ ਚੰਦ ਨੇ ਇਸ ਉਦੇਸ਼ ਦੀ ਪੂਰਤੀ ਲਈ ਆਪ ਜਿੰਮੇਵਾਰੀ ਲਈ। ਉਸ ਨੇ ਆਪਣੀ ਵਿਧੀ ਅਨੁਸਾਰ ਉਹ ਦੋਵੇਂ ਘੋੜੇ, ਉਸੇ ਮੁਗ਼ਲ ਅਧਿਕਾਰੀ ਕੋਲੋਂ ਖੋਹ ਲਏ ਸਨ ਅਤੇ ਅਖੀਰ ਤੇ ਉਸ ਨੂੰ ਦੱਸ ਦਿੱਤਾ ਗਿਆ ਸੀ। ਭਾਈ ਬਿਧੀ ਚੰਦ ਘੋੜੇ ਲੈ ਕੇ ਵਾਪਿਸ ਗੁਰੂ ਸਾਹਿਬ ਕੋਲ ਸ੍ਰੀ ਹਰਿਗੋਬਿੰਦਪੁਰ ਜਾਂ ਕਰਤਾਰਪੁਰ ਪਹੁੰਚਿਆ ਤਾਂ ਗੁਰੂ ਸਾਹਿਬ ਨੇ ਤੇ ਹੋਰ ਮੁਖੀ ਸਿੱਖਾਂ ਨੇ ਇਸ ਗੱਲ ਨੂੰ ਸਮਝ ਲਿਆ ਕਿ ਉਹ ਮੁਗ਼ਲ ਅਧਿਕਾਰੀ ਜ਼ਰੂਰ ਕਾਰਵਾਈ ਕਰੇਗਾ। ਇਸ ਲਈ ਗੁਰੂ ਸਾਹਿਬ ਸਮੂਹ ਸਿੱਖ ਸੰਗਤਾਂ ਅਤੇ ਪਰਿਵਾਰ ਨੂੰ ਲੈ ਕੇ ਦੁਆਬੇ ਵਿੱਚੋਂ ਨਿਕਲ ਕੇ ਪੰਜਾਬ ਦੇ ਮਾਲਵਾ ਇਲਾਕੇ ਵਿੱਚ ਪਹੁੰਚ ਗਏ ਸਨ।[38]

ਮਾਲਵਾ ਇਲਾਕੇ ਦੀ ਖਾਸੀਅਤ ਇਹ ਸੀ ਇਹ ਤਕਰੀਬਨ ਸਾਰਾ ਹੀ ਰੇਤਲਾ, ਟਿੱਬਿਆਂ ਵਾਲਾ ਅਤੇ ਖੁਸ਼ਕ ਮਾਰੂਥਲ ਸੀ। ਇਸ ਲਈ ਇੱਥੇ ਪਾਣੀ ਦੀ ਬਹੁਤ ਘਾਟ ਸੀ ਅਤੇ ਉਪਜਾਊ ਵੀ ਘੱਟ ਸੀ। ਇਹਨਾਂ ਦੋ ਗੱਲਾਂ ਕਰਕੇ ਮਾਲਵਾ ਦਾ ਬਹੁਤਾ ਖੇਤਰ ਰੋਹੀ, ਬੀਆਬਾਨ, ਬੰਜਰ ਅਤੇ ਬੇਆਬਾਦ ਸੀ। ਇੱਥੇ ਜਿੰਨ੍ਹੀ ਵੀ ਆਬਾਦੀ ਰਹਿੰਦੀ ਸੀ ਉਹ ਜੱਟ-ਕਿਸਾਨੀ ਆਬਾਦੀ ਸੀ। ਇਹਨਾਂ ਜੱਟ ਕਬੀਲਿਆਂ ਦੀ ਖਾਸੀਅਤ ਇਹ ਸੀ ਕਿ ਇਹ ਸਿੱਖ ਧਰਮ ਵਿੱਚ ਆ ਚੁੱਕੇ ਸਨ। ਜਿਵੇਂ ਕਿ ਇੰਦੂ ਭੂਸ਼ਨ ਬੈਨਰਜੀ ਨੇ ਲਿਖਿਆ ਹੈ ਕਿ "ਗੁਰੂ ਅਰਜਨ ਦੇਵ ਨੇ ਮਾਝੇ ਦੇ ਸਾਰੇ ਜੱਟ ਜ਼ਿਮੀਦਾਰਾਂ ਨੂੰ ਸਿੱਖ ਬਣਾ ਦਿੱਤਾ ਸੀ। ਇਉਂ ਇੱਕ ਨਵੀਂ ਸਥਿਤੀ ਉਭਰ ਰਹੀ ਸੀ ਜਿਹੜੀ ਕਿ ਨਵੇਂ ਤਰੀਕਿਆਂ ਦੀ ਮੰਗ ਕਰਦੀ ਸੀ। ਸਿੱਖਾਂ ਦੀ ਗਿਣਤੀ ਵਿੱਚ ਬਹੁਤ ਵਾਧਾ ਹੋ ਰਿਹਾ ਸੀ ਅਤੇ ਇਹਨਾਂ ਵਿੱਚ ਬਹੁਤੇ ਜੱਟ ਸਨ। ਇਸ ਵਿੱਚ ਸ਼ੱਕ ਨਹੀਂ ਕਿ ਗੁਰੂ ਹਰਿਗੋਬਿੰਦ ਦੇ ਸਮੇਂ ਤੱਕ ਸਿੱਖ ਸੰਪਰਦਾਇ ਵਿੱਚ ਬਹੁਤ ਹੱਦ ਤੱਕ ਜੱਟਾਂ ਦਾ ਅੰਸ਼ ਪ੍ਰਬਲ ਸੀ ਅਤੇ ਗਿਣਤੀ ਵਿੱਚ ਉਹਨਾਂ ਦੇ ਵਾਧੇ ਕਾਰਨ ਨਵੀਆਂ ਪਰਸਥਿਤੀਆਂ ਦਾ ਪੈਦਾ ਹੋਣਾ ਆਵੱਸ਼ਕ ਸੀ।"[39]

ਮਾਲਵਾ ਉਹਨਾਂ ਜੱਟ ਕਬੀਲਿਆਂ ਦੀ ਬਹੁਤਾਤ ਵਾਲਾ ਖੇਤਰ ਸੀ, ਖਾਸ ਕਰਕੇ ਵਰਤਮਾਨ ਬਠਿੰਡੇ ਜ਼ਿਲ੍ਹੇ ਦਾ ਫੂਲ, ਮਹਿਰਾਜ, ਲਹਿਰਾ, ਅਤੇ ਨਥਾਣਾ ਪਿੰਡਾਂ ਦਾ ਖੇਤਰ, ਜਿੱਥੋਂ ਦੇ ਲੋਕ ਸਿੱਖ ਧਰਮ ਵਿੱਚ ਆ ਚੁੱਕੇ ਸਨ। ਗੁਰੂ ਸਾਹਿਬ ਨੂੰ ਇੱਥੇ ਪਹੁੰਚਣ ਤੇ ਨਾ ਸਿਰਫ਼ ਆਦਮੀਆਂ ਅਤੇ ਘੋੜਿਆਂ ਦੇ ਰੂਪ ਵਿੱਚ ਮਦਦ ਮਿਲੀ ਸਗੋਂ ਪਿੰਡਾਂ ਵਿੱਚੋਂ ਲੰਗਰ ਦਾ ਪ੍ਰਬੰਧ ਬਹੁਤ ਵੱਡੀ ਮਾਤਰਾ ਵਿੱਚ ਉਪਲਭਧ ਹੋ ਗਿਆ ਸੀ। ਲੜਾਈ

---

38 ਗੁਰਮੁਖੀ ਦੀਆਂ ਲਿਖਤਾਂ ਵਿੱਚ ਬਿਧੀ ਚੰਦ ਵੱਲੋਂ ਘੋੜੇ ਲੈ ਕੇ ਆਉਣ ਦੀਆਂ ਗੱਲਾਂ ਨੂੰ ਬਹੁਤ ਹੀ ਦਿਲਚਸਪੀ ਤਰੀਕੇ ਨਾਲ ਬਿਆਨਿਆ ਗਿਆ ਹੈ। ਇਤਿਹਾਸਕ ਤੱਥ ਇਹ ਹੀ ਹੈ ਕਿ ਸਿੱਖਾਂ ਨੇ ਇਹਨਾਂ ਖੋਹੇ ਗਏ ਘੋੜਿਆਂ ਨੂੰ ਉਸੇ ਤਰ੍ਹਾਂ ਹੀ ਲਾਹੌਰ ਦੇ ਮੁਗ਼ਲ ਅਧਿਕਾਰੀ ਕੋਲੋਂ ਖੋਹ ਲਿਆ ਸੀ।

39 ਇੰਦੂ ਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ*, ਜਿਲਦ ਦੂਜੀ, ਪੰਨਾ 33.

ਮਹਿਰਾਜ ਅਤੇ ਫੂਲ ਪਿੰਡਾਂ ਦੀ ਜੂਹ ਵਿੱਚ ਹੋਈ ਸੀ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਸਿੱਖਾਂ ਨੇ, ਉੱਥੇ ਜਿਹੜੀ ਇੱਕੋ-ਇੱਕ ਢਾਬ ਪਾਣੀ ਵਾਲੀ ਸੀ, ਉਸ ਨੂੰ ਰੋਕ ਲਿਆ ਸੀ। ਆਲੇ-ਦੁਆਲੇ ਰੇਤੀਲੇ ਟਿੱਬੇ ਸਨ ਅਤੇ ਕੰਡੇਦਾਰ ਝਾੜੀਆਂ ਸਨ। ਟਿੱਬਿਆਂ ਅਤੇ ਝਾੜੀਆਂ ਦੀ ਓਟ ਵਿੱਚ ਸਿੱਖ ਜੱਥੇ ਛੁਪੇ ਖੜੇ ਸਨ। ਇਹਨਾਂ ਵਿੱਚ "ਕਾਂਗੜ, ਧੌਲੇ ਤੇ ਦੇਸ ਮਾਲਵੇ ਦੇ ਸਬ ਬਹਾਦਰ ਸਿੱਖ ਗੁਰੂ ਸਾਹਿਬ ਕੋਲ ਪਹੁੰਚੇ ਹੋਏ ਸਨ। ਰਾਇ ਜੋਧ, ਸਲੇਮ ਦੋਵੇਂ ਭਾਈ, ਭੱਲਣ, ਰੂਪਾ, ਸੂਰਾ, ਕਰਮਾ, ਫੱਤਾ, ਆਕਲ, ਬੀਰਾ, ਸਾਗਰ, ਤਖ਼ਤਾ ਕਾਲਾ, ਦੁੱਲਟ, ਕਾਲਾ ਕਰਮ ਚੰਦ ਆਦਿਕ ਇਹ ਸਬ ਢੋਲ ਵਜਾਉਂਦੇ ਹੋਏ ਆਪਣੇ ਨਾਲ ਬਹੁਤ-ਬਹੁਤ ਆਦਮੀ ਲੈ ਕੇ ਆ ਗਏ। ਗੁਰੂ ਸਾਹਿਬ ਨੇ ਇਹਨਾਂ ਨੂੰ ਨਾਲ ਲੈ ਕੇ ਬੜੇ ਭਾਰੀ ਜੰਗਲ ਵਿੱਚ ਜਿੱਥੇ ਹੁਣ ਲਹਿਰਾ[40] ਪਿੰਡ ਤੇ ਗੁਰੂ ਸਰ ਤਲਾਉ ਹੈ, ਪਾਣੀ ਦੀ ਢਾਬ ਦੇ ਕਿਨਾਰੇ ਮੋਰਚੇ ਲਾ ਲਏ ਸਨ।"[41]

ਹਮਲਾਵਰ ਸੈਨਾ ਕੋਲ ਨਾ ਪਾਣੀ ਦਾ ਕੋਈ ਸੋਮਾ ਸੀ, ਨਾ ਹੀ ਉਸ ਨੂੰ ਇਲਾਕੇ ਦਾ ਕੋਈ ਭੇਤ ਅਤੇ ਨਾ ਕੋਈ ਹਮਦਰਦੀ ਵਾਲੀ ਆਬਾਦੀ ਸੀ। ਜੱਟ ਜ਼ਿਮੀਦਾਰਾਂ ਦੇ ਜੱਥੇ ਚਾਰੇ ਪਾਸਿਆਂ ਤੋਂ ਮੁਗ਼ਲ ਹਮਲਾਵਰਾਂ ਉੱਪਰ ਟੁੱਟ ਕੇ ਪੈ ਗਏ ਸਨ। ਇਕੋ ਦਿਨ ਦੀ ਲੜਾਈ ਵਿੱਚ ਹਮਲਾਵਰ ਸੈਨਾ ਵਿਆਕੁਲ ਹੋ ਗਈ ਸੀ। ਦੁਸ਼ਮਣ ਨੇ ਇੱਥੋਂ ਵਾਪਿਸ ਭੱਜਣ ਵਿੱਚ ਹੀ ਆਪਣੀ ਭਲਾਈ ਸਮਝੀ ਸੀ। ਮੈਕਾਲਿਫ਼ ਲਿਖਦਾ ਹੈ ਸਿੱਖਾਂ ਨੇ ਪਾਣੀ ਵਾਲੀ ਢਾਬ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ ਸੀ ਇਸ ਪਿਆਸ ਨਾਲ ਵਿਆਕੁਲ ਹੋਈ ਮੁਗ਼ਲ ਸੈਨਾ ਭੱਜ ਗਈ ਸੀ। ਲੜਾਈ ਖ਼ਤਮ ਹੋ ਗਈ ਸੀ। ਜਿਉਂਦੇ ਬਚੇ ਤੁਰਕ ਆਪਣੀਆਂ ਜਾਨਾਂ ਨੂੰ ਬਚਾਉਣ ਲਈ ਭੱਜਣ ਲੱਗੇ। ਗੁਰੂ ਸਾਹਿਬ ਦੇ ਬਾਰਾਂ ਸੌ ਸੈਨਿਕ ਜ਼ਖ਼ਮੀ ਹੋਏ ਤੇ ਮਾਰੇ ਗਏ ਸਨ।[42]

ਇਹ ਪਹਿਲਾਂ ਮੌਕਾ ਸੀ ਜਦੋਂ ਮਾਲਵਾ ਦੇ ਲੋਕਾਂ ਨੇ ਗੁਰੂ ਸਾਹਿਬ ਨੂੰ ਪੂਰਾ ਸਰਗਰਮ ਸਹਿਯੋਗ ਦਿੱਤਾ ਸੀ। ਜੰਗੀਨੀਤੀ ਦੇ ਤੌਰ ਤੇ ਮਾਲਵਾ ਦਾ ਖੇਤਰ ਮੁਗ਼ਲਾਂ ਨਾਲ ਹਥਿਆਰਬੰਦ ਟੱਕਰ ਲੈਣ ਲਈ ਬਹੁਤ ਉੱਤਮ ਅਤੇ ਢੁੱਕਵਾਂ ਇਲਾਕਾ ਸੀ। ਸਭ ਤੋਂ ਵੱਡੀ ਵਿਸ਼ੇਸ਼ਤਾ ਮਾਲਵਾ ਦੀ ਇਹ ਸੀ ਇੱਥੇ ਜੱਟ ਸਿੱਖਾਂ ਦੀਆਂ

---

40 ਇਸ ਲੜਾਈ ਨੂੰ ਕੁਝ ਲਿਖਤਾਂ ਵਿੱਚ ਮਹਿਰਾਜ ਦੀ ਲੜਾਈ ਕਿਹਾ ਗਿਆ ਹੈ, ਕੁਝ ਵਿੱਚ ਲਹਿਰਾ ਮੁਹੱਬਤ ਦੀ ਲੜਾਈ ਵੀ ਕਿਹਾ ਗਿਆ ਹੈ, ਕੁਝ ਵਿੱਚ ਸਿਰਫ਼ ਗੁਰੂਸਰ ਦੀ ਲੜਾਈ ਕਿਹਾ ਗਿਆ ਹੈ। ਕੁਝ ਕੁ ਵਿੱਚ ਨਥਾਣੇ ਦੀ ਲੜਾਈ ਵੀ ਕਿਹਾ ਗਿਆ ਹੈ। ਇਹ ਮਿਲ ਗੋਭਾ ਇਸ ਕਰਕੇ ਹੋਇਆ ਹੈ ਕਿਉਂਕਿ ਇਹ ਸਾਰੀਆਂ ਥਾਵਾਂ ਨੇੜੇ-ਨੇੜੇ ਹੀ ਹਨ। ਲਹਿਰਾ, ਮਹਿਰਾਜ, ਫੂਲ ਆਦਿ ਇਹਨਾਂ ਪਿੰਡਾਂ ਦਾ ਇੱਕ-ਦੂਜੇ ਤੋਂ ਫ਼ਾਸਲਾ ਚਾਰ-ਚਾਰ ਜਾਂ ਪੰਜ-ਪੰਜ ਕੁ ਕਿਲੋਮੀਟਰਾਂ ਦਾ ਹੀ ਹੈ। ਗੁਰੂਸਰ ਵੀ ਤਿੰਨ ਹਨ। ਦੋ ਛੋਟੇ ਤੇ ਇੱਕ ਵੱਡਾ ਗੁਰੂਸਰ। ਪਰ ਇਹ ਤਿੰਨੇ ਇੱਕੋ ਲੜਾਈ ਨਾਲ ਹੀ ਸਬੰਧਿਤ ਹਨ। ਨਥਾਣਾ ਪਿੰਡ ਵੀ ਨੇੜੇ ਹੀ ਹੈ। ਇਸ ਪਿੰਡ ਦੀ ਲੜਾਈ ਵਿੱਚ ਸ਼ਮੂਲੀਅਤ ਰਹੀ ਸੀ।

41 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ 239.

42 ਮੈਕਾਲਿਫ਼, *ਪੂਰਵਅੰਕਤ*, ਪੰਨਾ 118.

ਜੱਥੇਬੰਦੀਆਂ ਤੋਂ ਬਿਨਾਂ ਹੋਰ ਕੋਈ ਵੀ ਅਜਿਹੀ ਤਾਕਤ ਜਾਂ ਸ਼੍ਰੇਣੀ ਨਹੀਂ ਸੀ ਜਿਹੜੀ ਕਿ ਸਿੱਖ ਧਰਮ ਦੀ ਵਿਰੋਧਤਾ ਕਰਦੀ। ਇਹ ਗੱਲ ਮਾਝਾ ਅਤੇ ਦੁਆਬਾ ਵਿੱਚ ਨਹੀਂ ਸੀ।

ਇਹ ਲੜਾਈ ਇਤਿਹਾਸਕਾਰਾਂ ਵੱਲੋਂ 1631 ਈਸਵੀ ਦੀਆਂ ਸਰਦੀਆਂ ਵਿੱਚ ਹੋਈ ਮੰਨੀ ਗਈ ਹੈ।[43] ਇਸ ਲੜਾਈ ਵਿੱਚ ਹਮਲਾਵਰ ਨੂੰ ਮੂੰਹ ਦੀ ਖਾਣੀ ਪਈ ਸੀ ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਇੱਥੇ ਕੁਝ ਸਾਲਾਂ ਤੱਕ ਰਹੇ ਸਨ। ਅਗਲੀ ਲੜਾਈ, ਜਿਸ ਨੂੰ ਸਾਡੇ ਇਤਿਹਾਸਕਾਰਾਂ ਨੇ ਚੌਥੀ ਅਤੇ ਅੰਤਿਮ ਲੜਾਈ ਕਿਹਾ ਹੈ, 1634 ਈਸਵੀ ਵਿੱਚ ਹੋਈ ਮੰਨੀ ਗਈ ਹੈ। ਇਸ ਲਈ ਜਿਹੜਾ ਇਹ ਦੋਹਾਂ ਲੜਾਈਆਂ ਦਾ ਵਿਚਕਾਰਲਾ ਸਮਾਂ ਇਹ ਘੱਟੋ-ਘੱਟ ਤਿੰਨ-ਚਾਰ ਸਾਲਾਂ ਦਾ ਜ਼ਰੂਰ ਬਣਦਾ ਹੈ। ਇਸ ਤੋਂ ਜਾਪਦਾ ਹੈ ਕਿ ਦੁਸ਼ਮਣ ਦੇ ਪਿੱਛੇ ਮੁੜ ਜਾਣ ਕਰਕੇ ਅਤੇ ਮਾਲਵਾ ਦੀਆਂ ਸੰਗਤਾਂ ਵੱਲੋਂ ਭਰਵਾਂ ਸਹਿਯੋਗ ਮਿਲਣ ਕਰਕੇ ਗੁਰੂ ਸਾਹਿਬ ਇੱਥੇ ਲੰਮਾ ਸਮਾਂ ਰਹੇ ਸਨ। ਇਸ ਸਮੇਂ ਦੌਰਾਨ ਉਹਨਾਂ ਨੇ ਮਾਲਵਾ ਦੀਆਂ ਵੱਖ-ਵੱਖ ਥਾਵਾਂ ਤੇ ਪਰਚਾਰ ਦੌਰੇ ਵੀ ਕੀਤੇ ਸਨ। ਇਹਨਾਂ ਪਰਚਾਰ ਦੌਰਿਆਂ ਦਾ ਬਿਰਤਾਂਤ ਤਾਂ ਅੱਗੇ ਚੱਲ ਕੇ ਇਸ ਅਧਿਆਏ ਦੇ ਅਖੀਰ ਵਿੱਚ ਦਿੱਤਾ ਜਾਵੇਗਾ। ਇੱਥੇ ਹੁਣ ਚੌਥੀ ਲੜਾਈ ਦਾ, ਜਿਹੜੀ ਕਿ ਕਰਤਾਰਪੁਰ ਸਾਹਿਬ ਵਿਖੇ ਹੋਈ, ਬਿਰਤਾਂਤ ਦਿੱਤਾ ਜਾ ਰਿਹਾ ਹੈ।

**ਚੌਥੀ ਲੜਾਈ ਕਰਤਾਰਪੁਰ ਦੀ:-** ਕੁਝ ਲੰਮਾ ਸਮਾਂ ਮਾਲਵਾ ਵਿੱਚ ਬਿਤਾਉਣ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਵਾਪਿਸ ਕਰਤਾਰਪੁਰ (ਜਲੰਧਰ) ਵਿਖੇ ਆ ਗਏ ਸਨ। ਸ਼ਾਇਦ ਇਹ ਸੋਚ ਕੇ ਕਿ ਦੁਸ਼ਮਣ ਹੁਣ ਉਹਨਾਂ ਉੱਪਰ ਕੋਈ ਹੋਰ ਹਮਲਾ ਨਾ ਕਰੇ, ਗੁਰੂ ਸਾਹਿਬ ਮਾਲਵਾ ਵਿੱਚੋਂ ਰਵਾਨਾ ਹੋ ਕੇ ਕਰਤਾਰਪੁਰ ਵਿਖੇ ਆ ਗਏ ਸਨ। ਇੱਥੇ ਪਹੁੰਚ ਕੇ ਕੋਈ ਬਹੁਤਾ ਸਮਾਂ ਸ਼ਾਂਤੀ ਵਾਲਾ ਨਸੀਬ ਨਹੀਂ ਹੋਇਆ ਕਿਉਂਕਿ ਮੌਬੀਦ ਜ਼ੁਲਿਫ਼ਕਾਰ ਅਰਦਿਸਤਾਨੀ ਵੱਲੋਂ ਕਰਤਾਰਪੁਰ ਵਿਖੇ ਹੋਈ ਲੜਾਈ ਦੀ ਜਾਣਕਾਰੀ ਦਿੱਤੀ ਗਈ ਹੈ। ਉਸ ਅਨੁਸਾਰ ਕਰਤਾਰਪੁਰ ਵਿਖੇ ਹੋਈ ਲੜਾਈ ਵਿੱਚ ਹਮਲਾਵਰ ਧਿਰ ਦਾ ਮੁਖੀ ਪੈਂਦਾ ਖਾਂ ਨਾਂ ਦਾ ਕਮਾਂਡਰ ਸੀ। ਜਿਸ ਬਾਰੇ ਦਾਬਿਸਤਾਨ-ਏ-ਮਜ਼ਾਹਿਬ ਵਿੱਚ ਉਸ ਨੂੰ ਫਤਿਹ ਖਾਂ ਕਨੇਦ ਦਾ ਪੁੱਤਰ ਦੱਸਿਆ ਗਿਆ ਹੈ।[44] ਇਸ ਦੇ ਨਾਲ ਦੇ ਸਾਥੀ ਦਾ ਨਾਂ ਮੀਰ ਬੁਧਹਰ ਦੱਸਿਆ ਗਿਆ ਹੈ। ਭਾਵ ਗੁਰੂ ਸਾਹਿਬ ਦੀ ਸਮਕਾਲੀ

---

43 ਇੰਦੂ ਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ*, ਪੰਨਾ 22, ਅਤੇ ਸਤਿਬੀਰ ਸਿੰਘ, *ਗੁਰਭਾਰੀ*, ਪੰਨਾ 119.

44 ਹਰਚੰਦ ਸਿੰਘ ਬੇਦੀ, (ਅਨੁ. ਤੇ ਸੰਪਾ.), ਗੰਡਾ ਸਿੰਘ, *ਸਿੱਖ ਇਤਿਹਾਸ ਸਰੋਤ ਪੁਸਤਕ*, ਪੰਨਾ 159.

ਲਿਖਤ ਵਿੱਚੋਂ ਹਮਲਾਵਰ ਧਿਰ ਦੇ ਦੋ ਮੁਖੀਆਂ ਦਾ ਨਾਂ ਮਿਲਦਾ ਹੈ। ਇਹ ਸਨ ਮੀਰ ਬੁਧਹਰ ਅਤੇ ਫਤਿਹ ਖਾਂ ਕੁਨੇਦ ਦਾ ਪੁੱਤਰ ਪੈਂਦੇ ਖਾਂ। ਸਿੱਖ ਲਿਖਤਾਂ ਵਿੱਚ ਇੱਕ ਪੈਂਦੇ ਖਾਂ, ਗੁਰੂ ਸਾਹਿਬ ਦਾ ਗੋਦ ਲਿਆ ਹੋਇਆ ਪੁੱਤਰ ਵੀ ਮਿਲਦਾ ਹੈ। ਜਿਸ ਤਰ੍ਹਾਂ ਸਿੱਖ ਲਿਖਤਾਂ ਵਿੱਚ ਇਸ ਗੋਦ ਲਏ ਹੋਏ ਪੁੱਤਰ ਪੈਂਦੇ ਖਾਂ ਬਾਰੇ ਜਾਣਕਾਰੀ ਮਿਲਦੀ ਹੈ ਉਹ ਇੱਕ ਅਜਿਹੀ ਲੜਾਈ ਦਾ ਆਧਾਰ ਨਹੀਂ ਬਣ ਸਕਦੀ ਜਿਸ ਨਾਲ ਗੁਰੂ ਸਾਹਿਬ ਕਰਤਾਰਪੁਰ ਦੇ ਅਸਥਾਨ ਨੂੰ ਛੱਡ ਕੇ ਕਾਫੀ ਦੂਰ ਇੱਕ ਨਵੇਂ ਵਸਾਏ ਗਏ ਨਗਰ ਕੀਰਤਪੁਰ ਵਿਖੇ ਆ ਪਹੁੰਚਣ। ਦਾਬਿਸਤਾਨ-ਏ-ਮਜ਼ਾਹਿਬ ਵਿੱਚ ਮੌਬੀਦ ਨੇ ਇਹ ਲਿਖਿਆ ਹੈ ਕਿ ਗੁਰੂ ਸਾਹਿਬ ਕਰਤਾਰਪੁਰ ਨੂੰ ਛੱਡ ਕੇ ਕੀਰਤਪੁਰ ਵਿਖੇ ਆ ਗਏ ਸਨ। ਜੇਕਰ ਪੈਂਦੇ ਖਾਂ ਨੂੰ ਗੁਰੂ ਸਾਹਿਬ ਦਾ ਪਾਲਕ-ਪੁੱਤਰ ਮੰਨ ਲਿਆ ਜਾਂਦਾ ਹੈ ਤਾਂ ਇਹ ਸਾਰਾ ਝਗੜਾ ਘਰੇਲੂ ਅਤੇ ਪਰਿਵਾਰਕ ਜਿਹਾ ਲੱਗਦਾ ਹੈ। ਜੇਕਰ ਘਰੇਲੂ ਅਤੇ ਪਰਿਵਾਰਕ ਜਿਹਾ ਝਗੜਾ ਇੰਨੇ ਵੱਡੇ ਤਬਾਦਲੇ ਦਾ ਆਧਾਰ ਬਣ ਜਾਂਦਾ ਹੈ ਕਿ ਗੁਰੂ ਸਾਹਿਬ ਨੂੰ ਆਪਣੀ ਜੱਦੀ ਜਾਇਦਾਦ ਛੱਡ ਕੇ ਕਿਸੇ ਹੋਰ ਥਾਂ ਤੇ ਜਾ ਕੇ ਰਹਿਣਾ ਪਵੇ, ਤਾਂ ਇਹ ਗੱਲ ਜੱਚਦੀ ਨਹੀਂ ਹੈ। ਨਿਸ਼ਚੇ ਹੀ ਇਸ ਹਮਲਾਵਰ ਸੈਨਾ ਦੇ ਇਹ ਕਮਾਂਡਰ ਮੀਰ ਬੁਧਹਰ ਅਤੇ ਪੈਂਦੇ ਖਾਂ ਜਲੰਧਰ ਦੇ ਫ਼ੌਜਦਾਰ ਦੇ ਕਮਾਂਡਰ ਹੋਣਗੇ।[45]

ਦਾਬਿਸਤਾਨ-ਏ-ਮਜ਼ਾਹਿਬ ਦੀ ਜਾਣਕਾਰੀ ਤੋਂ ਇਹ ਪਤਾ ਚਲਦਾ ਹੈ ਗੁਰੂ ਸਾਹਿਬ ਇਸ ਲੜਾਈ ਵਿੱਚੋਂ ਬਚ ਕੇ ਨਿਕਲ ਗਏ ਸਨ ਅਤੇ ਕੀਰਤਪੁਰ ਪਹੁੰਚ ਗਏ ਸਨ। ਫਗਵਾੜਾ ਨੇੜੇ ਇੱਕ ਝੜੱਪ ਹੋਈ ਦੱਸੀ ਗਈ ਹੈ। ਸਿੱਖ ਲਿਖਤਾਂ ਵਿੱਚ ਪੈਂਦੇ ਖਾਂ ਨੂੰ ਮਾਰ ਦਿੱਤਾ ਗਿਆ ਦਿਖਾਇਆ ਗਿਆ ਹੈ ਅਤੇ ਹਮਲਾਵਰ ਫ਼ੌਜ ਨੂੰ ਹਾਰ ਕੇ ਭੱਜ ਗਈ ਦਿਖਾਇਆ ਗਿਆ ਹੈ। ਜੇਕਰ ਹਮਲਾਵਰ ਧਿਰ ਦੇ ਕਮਾਂਡਰ ਮਾਰ ਦਿੱਤੇ ਗਏ ਸਨ ਅਤੇ ਫ਼ੌਜ ਹਰਾ ਦਿੱਤੀ ਗਈ ਸੀ ਫਿਰ ਗੁਰੂ ਸਾਹਿਬ ਨੂੰ ਕਰਤਾਰਪੁਰ ਛੱਡ ਕੇ ਕੀਰਤਪੁਰ ਜਾਣ ਦੀ ਕੀ ਲੋੜ ਸੀ? ਇਹਨਾਂ ਗੱਲਾਂ ਤੋਂ ਜਾਪਦਾ ਹੈ ਕਿ ਕਰਤਾਰਪੁਰ ਦੀ ਲੜਾਈ ਬਹੁਤ ਗੰਭੀਰ ਕਿਸਮ ਦੀ ਸੀ ਅਤੇ ਇਸ ਨੇ ਗੁਰੂ ਸਾਹਿਬ ਦਾ ਕਾਫ਼ੀ ਨੁਕਸਾਨ ਕਰ ਦਿੱਤਾ ਸੀ। ਇਹੀ ਕਾਰਨ ਸੀ ਕਿ ਗੁਰੂ ਸਾਹਿਬ ਨੂੰ ਮਜ਼ਬੂਰ ਹੋ ਕੇ ਕਰਤਾਰਪੁਰ ਨੂੰ ਛੱਡ ਕੇ ਕੀਰਤਪੁਰ ਵਿਖੇ ਜਾਣਾ ਪਿਆ ਸੀ। ਇਹ ਗੱਲ ਮੰਨਣੀ ਪਵੇਗੀ ਕਿ ਪੈਂਦੇ ਖਾਂ ਇੱਕ ਤਕੜਾ ਮੁਗ਼ਲ ਹਮਲਾਵਰ ਸੀ ਜਿਸ ਨੇ ਇਹ ਗੱਲ ਸੋਚੀ ਹੋਈ ਸੀ ਕਿ ਗੁਰੂ ਨੂੰ ਕਰਤਾਰਪੁਰ ਵਿਖੇ ਨਹੀਂ

45 ਪੈਂਦੇ ਖਾਂ ਕੌਣ ਸੀ ਜਾਂ ਕੌਣ ਨਹੀਂ ਸੀ, ਇਸ ਬਾਰੇ ਇੰਦੂ ਭੂਸ਼ਨ ਬੈਨਰਜੀ ਨੇ ਕਾਫੀ ਨਿਰਣੈਜਨਕ ਬਹਿਸ ਕੀਤੀ ਹੈ। *ਖ਼ਾਲਸੇ ਦੀ ਉਤਪਤੀ*, ਜਿਲਦ ਦੂਜੀ, ਪੰਨਾ 23.

ਰਹਿਣ ਦੇਣਾ। ਉਹ ਉਸ ਸਮੇਂ ਤੱਕ ਹਮਲਾਵਰ ਰਿਹਾ ਜਦੋਂ ਤੱਕ ਗੁਰੂ ਸਾਹਿਬ ਇੱਥੋਂ ਦਾ ਸਭ ਕੁਝ ਛੱਡ ਕੇ ਕੀਰਤਪੁਰ ਨਹੀਂ ਪਹੁੰਚ ਗਏ ਸਨ। ਕੀਰਤਪੁਰ ਇੱਕ ਨਵਾਂ ਨਗਰ ਸੀ ਜਿਹੜਾ ਕਿ ਕਰਤਾਰਪੁਰ ਤੋਂ ਕਾਫੀ ਦੂਰ ਅਤੇ ਇੱਕ ਅਲੱਗ ਰਾਜਪੂਤ ਰਿਆਸਤ ਵਿੱਚ ਸੀ। ਗੁਰੂ ਸਾਹਿਬ ਇਸ ਤੋਂ ਬਾਅਦ ਮੁੜ ਕੇ ਨਾ ਕਰਤਾਰਪੁਰ ਗਏ ਅਤੇ ਨਾ ਅੰਮ੍ਰਿਤਸਰ ਜਾਂ ਤਰਨ-ਤਾਰਨ ਵਿਖੇ ਗਏ ਸਨ। ਇਹ ਘਟਨਾ 1634 ਈਸਵੀ ਦੀ ਮੰਨੀ ਗਈ ਹੈ।

**ਲੜਾਈਆਂ ਬਾਰੇ ਕੁਝ ਵਿਚਾਰ:-** ਗੁਰੂ ਹਰਿਗੋਬਿੰਦ ਸਾਹਿਬ ਦੀ ਗੁਰਿਆਈ ਦਾ ਸਮੁੱਚਾ ਸਮਾਂ (1606 ਈਸਵੀ-1644 ਈਸਵੀ) ਆਪਣੇ-ਆਪ ਵਿੱਚ ਇੱਕ ਸੰਕਟਮਈ ਸਮਾਂ ਸੀ। ਇਹਨਾਂ ਦੀ ਗੁਰਿਆਈ ਦੀ ਸ਼ੁਰੂਆਤ ਹੀ ਬਹੁਤ ਸੰਕਟਮਈ ਸਮੇਂ ਵਿੱਚ ਹੋਈ ਸੀ। ਪਿਤਾ ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਚੁੱਕੀ ਸੀ। ਬਾਲ ਹਰਿਗੋਬਿੰਦ ਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਹੋ ਚੁੱਕੇ ਸਨ। ਘਰ-ਘਾਟ ਸਾਰਾ ਕੁਝ ਮੁਰਤਜ਼ਾ ਖ਼ਾਨ ਦੇ ਹਵਾਲੇ ਕਰ ਦਿੱਤੇ ਜਾਣ ਦੇ ਹੁਕਮ ਹੋ ਚੁੱਕੇ ਸਨ। ਇਸ ਤੋਂ ਵੱਡਾ ਹੋਰ ਸੰਕਟ ਕਿਹੜਾ ਹੋ ਸਕਦਾ ਸੀ। ਬਾਦਸ਼ਾਹ ਵੱਲੋਂ ਸੁਰੱਖਿਆ ਦੀ ਉਮੀਦ ਕੀਤੀ ਜਾ ਸਕਦੀ ਹੁੰਦੀ ਹੈ ਪਰ ਇੱਥੇ ਤਾਂ ਸਾਰੇ ਹੁਕਮ ਬਾਦਸ਼ਾਹ ਵੱਲੋਂ ਜਾਰੀ ਹੋਏ ਸਨ। ਫਿਰ ਸੁਰੱਖਿਆ ਦੀ ਉਮੀਦ ਕਿਸ ਕੋਲੋਂ ਕੀਤੀ ਜਾ ਸਕਦੀ ਸੀ? ਬੱਸ, ਇੱਕ ਅਕਾਲ ਪੁਰਖ ਇਸ ਸਮੇਂ ਇੱਕ ਅਜਿਹਾ ਸਹਾਰਾ ਸੀ ਜਿਸ ਅੱਗੇ ਅਰਦਾਸ ਕਰਕੇ ਆਪਣੀ ਸੁਰੱਖਿਆ ਹੋ ਸਕਦੀ ਸੀ ਪਰ ਪਰਮਾਤਮਾ ਤਾਂ ਮਦਦ ਉਹਨਾਂ ਦੀ ਕਰਦਾ ਹੈ ਜਿਹੜੇ ਆਪਣੀ ਮਦਦ ਆਪ ਕਰਦੇ ਹਨ। ਬਾਲ ਹਰਿਗੋਬਿੰਦ ਨੇ ਇਹੋ ਕੁਝ ਕੀਤਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਗਈ। ਇਸ ਦਾ ਮਤਲਬ ਸੀ ਬਾਦਸ਼ਾਹ ਦੇ ਤਖ਼ਤ ਵੱਲੋਂ ਤਾਂ ਇਨਸਾਫ਼ ਨਹੀਂ ਮਿਲਿਆ ਪਰ ਹੁਣ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਨਸਾਫ਼ ਪ੍ਰਾਪਤ ਕਰਨਗੇ। ਇਸ ਦੀ ਪੂਰਤੀ ਲਈ ਸਭ ਸਿੱਖ ਸੰਗਤਾਂ ਨੂੰ ਹਥਿਆਰਬੰਦ ਹੋ ਕੇ ਰਹਿਣ ਦੇ ਨਿਰਦੇਸ਼ ਦਿੱਤੇ ਗਏ ਤਾਂ ਕਿ ਸਿੱਖ ਆਪਣੀ ਰੱਖਿਆ ਆਪ ਕਰ ਸਕਣ।

ਪਰ ਆਪਣੀ ਰੱਖਿਆ ਆਪ ਕਰਨ ਦੇ ਸਿਧਾਂਤ ਨੇ ਵੀ ਗਲਤ ਅਫ਼ਵਾਹਾਂ ਫਿਲਾਉਣ ਵਿੱਚ ਤਕੜਾ ਰੋਲ ਅਦਾ ਕੀਤਾ ਸੀ। ਵਿਰੋਧੀਆਂ ਵੱਲੋਂ ਸ਼ਿਕਾਇਤਾਂ ਵੀ ਕੀਤੀਆਂ ਗਈਆਂ ਸਨ ਅਤੇ ਦੁਰ-ਪਰਚਾਰ ਕੀਤਾ ਗਿਆ ਸੀ ਗੁਰੂ ਹਰਿਗੋਬਿੰਦ ਸੈਨਿਕ ਤਿਆਰੀਆਂ ਕਰ ਰਿਹਾ ਹੈ। ਇਸ ਤਰ੍ਹਾਂ ਦੀਆਂ ਗੱਲਾਂ ਪਰਚਾਰੀਆਂ ਜਾਂਦੀਆਂ ਸਨ ਕਿ ਇਹ ਸੈਨਿਕ ਤਿਆਰੀਆਂ ਹਕੂਮਤ ਦੇ ਖਿਲਾਫ਼ ਬਗਾਵਤ ਸਨ ਇਹ ਤਾਂ ਸਗੋਂ ਪਹਿਲੇ ਗੁਰੂਆਂ ਦਾ ਮਾਰਗ ਵੀ ਛੱਡ ਦੇਣ ਦੇ ਬਰਾਬਰ ਸਨ। ਇਹ ਦੋ-ਧਾਰੀ ਵਿਰੋਧਤਾ ਸੀ। ਇੱਕ ਹਕੂਮਤ ਦੀਆਂ

ਸਹਿਯੋਗੀ ਤਾਕਤਾਂ ਵੱਲੋਂ ਅਤੇ ਦੂਜੀ ਗੁਰੂ-ਘਰ ਵਿਚੋਂ ਪੈਦਾ ਹੋਈ ਵਿਰੋਧੀ ਧਿਰ ਪ੍ਰਿਥੀ ਚੰਦ ਦੇ ਘਰਾਣੇ ਵੱਲੋਂ। ਆਪਣੇ ਘਰ ਦੀ ਵਿਰੋਧੀ ਧਿਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰੂ ਨਾਨਕ ਦੇਵ ਦੇ ਸੱਚ ਦੇ ਮਾਰਗ ਤੋਂ ਥਿੜਕਿਆਂ ਹੋਇਆ ਦਸਦੀ ਸੀ ਤੇ ਹਕੂਮਤ ਨਾਲ ਸਹਿਯੋਗ ਕਰਨ ਵਾਲੀਆਂ ਵਿਰੋਧੀ ਧਿਰਾਂ-ਸ਼ੇਖ ਅਹਿਮਦ ਸਰਹਿੰਦੀ ਅਤੇ ਕੁਝ ਮੁਗ਼ਲ ਅਧਿਕਾਰੀ-ਗੁਰੂ ਸਾਹਿਬ ਦੀਆਂ ਗਤੀਵਿਧੀਆਂ ਨੂੰ ਹਕੂਮਤ ਦੇ ਖਿਲਾਫ਼ ਬਗਾਵਤ ਦੱਸਦੀਆਂ ਸਨ। ਗੁਰੂ ਸਾਹਿਬ ਨੂੰ ਦੋਨਾਂ ਪਾਸੇ ਸਪੱਸ਼ਟੀਕਰਨ ਦੇਣੇ ਪੈਂਦੇ ਸਨ। ਭਾਵ ਗੁਰੂ ਹਰਿਗੋਬਿੰਦ ਸਾਹਿਬ ਨੂੰ ਇੱਕ-ਮਨ ਅਤੇ ਇੱਕ-ਚਿਤ ਹੋ ਕੇ ਧਰਮ-ਪਰਚਾਰ ਕਰਨ ਨਹੀਂ ਦਿੱਤਾ ਜਾ ਰਿਹਾ ਸੀ।

ਇਹ ਸਾਰਾ ਮਾਹੌਲ ਅਜਿਹਾ ਸੀ ਕਿ ਕਿਸੇ ਸਮੇਂ ਦਾ ਭਰੋਸਾ ਨਹੀਂ ਸੀ ਕਿ ਕੀ ਹੋਵੇਗਾ ਜਾਂ ਕੀ ਨਹੀਂ ਹੋਵੇਗਾ। ਜਹਾਂਗੀਰ ਦਾ ਸਾਰਾ ਸਮਾਂ ਇਸੇ ਬੇਯਕੀਨੀ ਵਿੱਚ ਹੀ ਨਿਕਲ ਗਿਆ ਸੀ। ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਹੋਈ ਸੀ ਪਰ ਲੜਾਈ ਕੋਈ ਨਹੀਂ ਸੀ ਹੋਈ। ਸਾਡੇ ਕੋਲ ਸਿਰਫ਼ ਦੋ ਸਮਕਾਲੀ ਲਿਖਤਾਂ ਹਨ। ਇੱਕ ਭਾਈ ਗੁਰਦਾਸ ਦੀਆਂ *ਵਾਰਾਂ* ਅਤੇ ਦੂਜੀ ਮੌਬੀਦ (ਮੋਹਸਿਨ ਫ਼ਾਨੀ) ਦੀ ਦਾਬਿਸਤਾਨ-ਏ-ਮਜ਼ਾਹਿਬ। ਪਹਿਲੀ ਨਿਰੋਲ ਸਿੱਖ ਲਿਖਤ ਹੈ ਅਤੇ ਨਿਰੋਲ ਸ਼ਰਧਾ ਵਿੱਚ ਲਿਖੀ ਗਈ ਹੈ। ਦੂਜੀ ਨਿਰੋਲ ਗੈਰ-ਸਿੱਖ ਲਿਖਤ ਹੈ ਅਤੇ ਸ਼ਰਧਾ-ਭਾਵਨਾ ਤੋਂ ਬਿਲਕੁਲ ਰਹਿਤ ਹੈ। ਪਹਿਲੀ ਵਿੱਚ ਨਾ ਗੁਰੂ ਸਾਹਿਬ ਦੀ ਕੈਦ ਬਾਰੇ ਕੁਝ ਲਿਖਿਆ ਗਿਆ ਹੈ ਅਤੇ ਨਾ ਗੁਰੂ ਸਾਹਿਬ ਦੀਆਂ ਲੜਾਈਆਂ ਬਾਰੇ ਲਿਖਿਆ ਗਿਆ ਹੈ। ਮੌਬੀਦ ਨੇ ਗੁਰੂ ਸਾਹਿਬ ਨੂੰ ਇੱਕ ਤੋਂ ਵੱਧ ਲੜਾਈਆਂ ਵਿੱਚ ਉਲਝਿਆ ਹੋਇਆ, ਇੱਕ ਤੋਂ ਵੱਧ ਥਾਵਾਂ ਨੂੰ ਬਦਲਦਿਆਂ ਹੋਇਆ ਅਤੇ ਗੁਰੂ ਸਾਹਿਬ ਦੇ ਧਨ-ਮਾਲ ਦਾ ਨੁਕਸਾਨ ਹੁੰਦਾ ਦਿਖਾਇਆ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਅਜਿਹਾ ਕੁਝ ਨਹੀਂ ਦਿਖਾਇਆ ਗਿਆ। ਦੇਖੋ ਮੌਬੀਦ ਕਿਵੇਂ ਗੁਰੂ ਸਾਹਿਬ ਨੂੰ ਲੜਾਈਆਂ ਵਿੱਚ ਉਲਝਿਆ ਹੋਇਆ ਦਿਖਾ ਰਿਹਾ ਹੈ: "ਸ਼ਹਿਨਸ਼ਾਹ (ਸ਼ਾਹਜਹਾਨ) ਦੇ ਫ਼ੌਜੀ ਗੁਮਾਸ਼ਤੇ ਅਤੇ ਨੌਕਰ-ਚਾਕਰ, ਜੋ ਉਸ ਦੇ ਹੁਕਮ ਨਾਲ ਉਸ (ਗੁਰੂ) ਵਿਰੁੱਧ ਭੇਜੇ ਗਏ ਸਨ, ਨਾਲ ਜੰਗ ਹੋ ਗਈ। ਗੁਰੂ ਦਾ ਸਾਮਾਨ ਅਤੇ ਸੰਪਤੀ ਲੁੱਟ ਲਏ ਗਏ। ਉਹ ਕਰਤਾਰਪੁਰ (ਦੇ ਇਲਾਕੇ ਵਿੱਚ) ਦੌੜ ਗਿਆ। ਉੱਥੇ ਵੀ ਲੜਾਈ ਹੋਈ। ਇਸ ਜੰਗ ਵਿੱਚ ਮੀਰ ਬੁਧਹਰ ਅਤੇ ਫ਼ਤਿਹ ਖਾਂ ਕੁਨੇਦ ਦਾ ਪੁੱਤਰ ਪੈਂਦੇ ਖਾਂ ਮਾਰਿਆ ਗਿਆ। ਉਸੇ ਵੇਲੇ ਅਤੇ ਬਾਅਦ ਵਿੱਚ ਵੀ ਇੱਕ ਵੱਡਾ ਲਸ਼ਕਰ ਉਸ ਦੇ ਪਿੱਛੇ ਲਗ ਪਿਆ। ਰੱਬ ਦੀ ਕਿਰਪਾ ਨਾਲ ਉਹ ਬਚ ਕੇ ਨਿਕਲ ਗਿਆ ਭਾਵੇਂ ਜੋ ਕੁਝ ਵੀ ਕੋਲ ਸੀ, ਉਹ ਹੱਥੋਂ ਗੁਆ ਦਿੱਤਾ। ਸਾਧ ਨਾਮੀ ਇੱਕ ਮਨੁੱਖ (ਸਿੱਖ) ਤੋਂ

ਸੁਣਿਆ ਗਿਆ ਕਿ ਉਸ ਜੰਗ ਵਿੱਚ ਇੱਕ ਆਦਮੀ ਨੇ ਗੁਰੂ ਉੱਤੇ ਵਾਰ ਕੀਤਾ। ਗੁਰੂ ਨੇ ਵਾਰ ਰੋਕਦੇ ਹੋਏ ਤਲਵਾਰ ਮਾਰਨ ਵਾਲੇ ਨੂੰ ਕਿਹਾ, ਵਾਰ ਇਉਂ ਨਹੀਂ ਕਰੀਂਦਾ, ਵਾਰ ਤਾਂ ਇਹ ਹੈ। ਤਲਵਾਰ ਦੇ ਉਸ ਵਾਰ ਨਾਲ ਉਸ ਦਾ ਕੰਮ ਤਮਾਮ ਕਰ ਦਿੱਤਾ। ਗੁਰੂ ਦੇ ਨਜ਼ਦੀਕੀ ਸ਼ਰਧਾਲੂਆਂ ਵਿੱਚੋਂ ਇੱਕ ਨੂੰ ਇਸ ਲਿਖਾਰੀ ਨੇ ਪੁੱਛਿਆ ਕਿ ਇਸ ਗੱਲ ਵਿੱਚ ਕੀ ਭੇਦ ਸੀ। ਉਸ ਨੇ ਆਖਿਆ ਕਿ ਮੇਰੇ ਵਿਚਾਰ ਅਨੁਸਾਰ ਵਾਰ ਕਰਨ ਵਿੱਚ ਗੁਰੂ ਦਾ ਮੰਤਵ ਵਾਰ ਕਰਨਾ ਸਿਖਾਉਣ ਤੋਂ ਸੀ। ਗੁਰੂ ਸਿੱਖਿਆ ਦੇਣ ਵਾਲੇ ਨੂੰ ਆਖਦੇ ਹਨ। ਨਾ ਕੇ ਕ੍ਰੋਧੀ ਨੂੰ ਜੋ ਕਿ ਨਿੰਦਣਯੋਗ ਹੈ। ਕਰਤਾਰਪੁਰ ਦੀ ਜੰਗ ਪਿੱਛੋਂ ਗੁਰੂ ਸਾਹਿਬ ਕੀਰਤਪੁਰ ਪਹੁੰਚੇ।"[46]

ਇਹ ਉਹ ਸੰਖੇਪ ਬਿਆਨ ਹੈ ਜਿਹੜਾ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕੁੱਝ ਸਮਾਂ ਰਹਿਣ ਵਾਲੇ ਇੱਕ ਗੈਰ-ਸਿੱਖ ਮੌਬੀਦ ਨੇ ਆਪਣੀ ਲਿਖਤ ਵਿੱਚ ਦਿੱਤਾ ਹੈ। ਇਸ ਬਿਆਨ ਵਿੱਚ ਪੂਰੀ ਸਪੱਸ਼ਟਤਾ ਨਹੀਂ ਹੈ ਕਿ ਕਿੰਨੀਆਂ ਲੜਾਈਆਂ ਗੁਰੂ ਸਾਹਿਬ ਨੂੰ ਕਰਨੀਆਂ ਪਈਆਂ ਸਨ ਅਤੇ ਨਾ ਇਹਨਾਂ ਦੀਆਂ ਮਿਤੀਆਂ ਬਾਰੇ ਕੁਝ ਦੱਸਿਆ ਗਿਆ ਹੈ। ਇਸ ਕਥਨ ਤੋਂ ਕੁਝ ਗੱਲਾਂ ਜ਼ਰੂਰ ਸਪੱਸ਼ਟ ਹੋ ਜਾਂਦੀਆਂ ਹਨ: ਇਕ, ਗੁਰੂ ਸਾਹਿਬ ਨੂੰ ਕੁਝ ਲੜਾਈਆਂ ਕਰਨੀਆਂ ਪਈਆਂ ਸਨ। ਭਾਵੇਂ ਇੰਨਾਂ ਦੀ ਸਹੀ ਗਿਣਤੀ ਨਹੀਂ ਦਿੱਤੀ ਗਈ। ਦੂਜਾ, ਇਹਨਾਂ ਵਿੱਚ ਗੁਰੂ ਸਾਹਿਬ ਦੇ ਧਨ-ਮਾਲ ਦਾ ਕਾਫੀ ਨੁਕਸਾਨ ਕਰ ਦਿੱਤਾ ਗਿਆ ਸੀ। ਤੀਜਾ, ਗੁਰੂ ਸਾਹਿਬ ਨੂੰ ਇਹਨਾਂ ਕਰਕੇ ਕੁਝ ਥਾਵਾਂ ਜ਼ਰੂਰ ਬਦਲਣੀਆਂ ਪਈਆਂ ਸਨ। ਇਹ ਸਾਰਾ ਕੁਝ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਨਹੀਂ ਹੈ। ਇਸ ਮੌਬੀਦ ਦੀ ਸਮਕਾਲੀ ਜਾਣਕਾਰੀ ਜਾਂ ਗਵਾਹੀ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ।

ਮੌਬੀਦ (ਮੋਹਸਿਨ ਫਾਨੀ) ਨੇ ਜਿੰਨ੍ਹਾਂ ਸੰਖੇਪ ਬਿਆਨ ਦਿੱਤਾ ਹੈ ਭਾਈ ਗੁਰਦਾਸ ਤੋਂ ਪਿੱਛੋਂ ਦੀਆਂ ਸਿੱਖ ਲਿਖਤਾਂ ਵਿੱਚ ਉੰਨਾ ਜ਼ਿਆਦਾ ਵਧਾ-ਚੜ੍ਹਾਅ ਕੇ ਇਹਨਾਂ ਲੜਾਈਆਂ ਬਾਰੇ ਲਿਖਿਆ ਗਿਆ ਹੈ। ਇਹ ਵਧਾ-ਚੜ੍ਹਾਅ ਇੰਨਾ ਜ਼ਿਆਦਾ ਹੈ ਕਿ ਕਲਪਿਤ ਜਿਹਾ ਲੱਗਣ ਲੱਗ ਪੈਂਦਾ ਹੈ। ਬਹੁਤੇ ਆਧੁਨਿਕ ਇਤਿਹਾਸਕਾਰਾਂ ਨੇ ਮੌਬੀਦ ਦੇ ਸੰਖੇਪ ਵਰਨਣ ਅਤੇ ਸਿੱਖ ਲਿਖਤਾਂ ਦੇ ਹੱਦੋਂ-ਵੱਧ ਵਿਸਥਾਰ ਨੂੰ ਵਿੱਚ ਵਿਚਾਲਾ ਜਿਹਾ ਕਰਕੇ ਚਾਰ ਲੜਾਈਆਂ ਤੱਕ ਸੀਮਤ ਕਰ ਲਿਆ ਹੈ। ਪਹਿਲੀ ਅੰਮ੍ਰਿਤਸਰ ਦੀ ਲੜਾਈ, ਦੂਜੀ ਹਰਿਗੋਬਿੰਦ (ਬਿਆਸ) ਦੀ ਲੜਾਈ; ਤੀਜੀ ਮਹਿਰਾਜ ਜਾਂ ਲਹਿਰਾਂ ਮੁਹੱਬਤ ਦੀ ਲੜਾਈ ਅਤੇ ਚੌਥੀ ਕਰਤਾਰਪੁਰ ਦੀ ਲੜਾਈ ਪਰ ਇਹਨਾਂ ਚਾਰ ਲੜਾਈਆਂ ਨੂੰ ਸੀਮਤ ਕਰ ਲੈਣ ਦੇ ਬਾਵਜੂਦ ਇਹਨਾਂ

46 ਹਰਚੰਦ ਸਿੰਘ ਬੇਦੀ (ਅਨੁ. ਤੇ ਸੰਪਾ.), ਗੰਡਾ ਸਿੰਘ, *ਸਿੱਖ ਇਤਿਹਾਸ ਸਰੋਤ ਪੁਸਤਕ,* ਪੰਨਾ 159.

ਲੜਾਈਆਂ ਦੀਆਂ ਮਿਤੀਆਂ ਵਿੱਚ ਇਕਸਾਰਤਾ ਨਹੀਂ ਹੈ। ਸਾਰੀਆਂ ਵਿੱਚ ਮਿਤੀਆਂ ਦਾ ਫ਼ਰਕ ਹੈ। ਸਿਰਫ਼ ਦੋ ਗੱਲਾਂ ’ਤੇ ਸਹਿਮਤੀ ਹੈ ਕਿ ਪਹਿਲੀ ਲੜਾਈ ਅੰਮ੍ਰਿਤਸਰ ਦੀ ਸੀ ਅਤੇ ਅਖੀਰਲੀ ਕਰਤਾਰਪੁਰ ਦੀ। ਮਿਤੀਆਂ ਵੀ ਇਸੇ ਤਰ੍ਹਾਂ ਸੀਮਤ ਕੀਤੀਆਂ ਜਾ ਸਕਦੀਆਂ ਹਨ ਕਿ ਪਹਿਲੀ ਅੰਮ੍ਰਿਤਸਰ ਦੀ ਲੜਾਈ ਨੂੰ 1629 ਈਸਵੀ ਦੀ ਮੰਨਿਆ ਜਾ ਸਕਦਾ ਹੈ ਅਤੇ ਅਖੀਰਲੀ ਕਰਤਾਰਪੁਰ ਦੀ ਲੜਾਈ ਨੂੰ 1634 ਈਸਵੀ ਦੀ ਮੰਨਿਆ ਜਾ ਸਕਦਾ ਹੈ।

ਅੰਤਿਮ ਸਿੱਟੇ ਦੇ ਰੂਪ ਵਿੱਚ ਕੁਝ ਪੱਖਾਂ ਤੋਂ ਇਹਨਾਂ ਲੜਾਈਆਂ ਬਾਰੇ ਇਤਿਹਾਸਕ ਨਿਰਣੈ ਨੂੰ ਇਸ ਤਰ੍ਹਾਂ ਮੰਨਿਆ ਜਾ ਸਕਦਾ ਹੈ: ਇੱਕ ਇਹ ਕਿ ਇਹ ਲੜਾਈਆਂ ਸ਼ਾਹ ਜਹਾਨ ਦੇ ਰਾਜ ਦੇ ਮੁੱਢਲੇ ਸਾਲਾਂ ਵਿੱਚ ਲੜੀਆਂ ਗਈਆਂ ਸਨ। ਨਾ ਇਹ ਜਹਾਂਗੀਰ ਦੇ ਸਮੇਂ ਵਿੱਚ ਹੋਈਆਂ ਸਨ ਅਤੇ ਨਾ ਸ਼ਾਹ ਜਹਾਨ ਦੇ ਰਾਜ ਦੇ 1634 ਈਸਵੀ ਤੋਂ ਬਾਅਦ ਲੜੀਆਂ ਗਈਆਂ ਸਨ। ਦੂਜਾ ਇਹ ਆਖਰ, ਇਹਨਾਂ ਲੜਾਈਆਂ ਤੋਂ ਛੁਟਕਾਰਾ ਤਾਂ ਹੋਇਆ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਮਾਝੇ ਅਤੇ ਦੁਆਬੇ ਵਿਚਲੇ ਸਾਰੇ ਜੱਦੀ ਨਗਰ ਛੱਡ ਕੇ ਕੀਰਤਪੁਰ ਜਾ ਬਿਰਾਜੇ ਸਨ। ਇਸ ਤਰ੍ਹਾਂ ਇਹ ਕੁਝ ਉਹ ਨਿਰਣੈ ਹਨ ਜਿਹਨਾਂ ਨੂੰ ਇਤਿਹਾਸ ਦੇ ਤੱਥ ਮੰਨਿਆ ਜਾ ਸਕਦਾ ਹੈ। ਇਹਨਾਂ ਇਤਿਹਾਸਕ ਤੱਥਾਂ ਤੋਂ ਸੇਧ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ-ਬਿਰਤਾਂਤ ਨੂੰ ਵਰਣਨ ਕੀਤਾ ਜਾ ਸਕਦਾ ਹੈ।

**ਗੁਰੂ ਹਰਿਗੋਬਿੰਦ ਸਾਹਿਬ ਦਾ ਮਾਲਵਾ ਵਿੱਚ ਆਉਣਾ**: ਇਸ ਖੋਜ-ਪ੍ਰਬੰਧ ਦਾ ਮੁੱਖ ਵਿਸ਼ਾ ਕਿਉਂਕਿ ਸਿੱਖ ਧਰਮ ਦਾ ਮਾਲਵਾ ਵਿੱਚ ਪਰਸਾਰ ਦਾ ਹੈ ਇਸ ਲਈ ਇੱਥੇ ਮੁੱਖ ਰੂਪ ਵਿੱਚ ਇਹ ਦੇਖਿਆ ਜਾਣਾ ਹੈ ਕਿ ਦਸ ਗੁਰੂ ਸਾਹਿਬਾਨਾਂ ਵਿੱਚੋਂ ਜਿਹੜੇ-ਜਿਹੜੇ ਗੁਰੂ ਸਾਹਿਬਾਨ ਮਾਲਵਾ ਵਿੱਚ ਆਏ ਸਨ ਉਹ ਕਦੋਂ ਅਤੇ ਕਿਸ ਪਾਸਿਉਂ ਆਏ ਸਨ। ਗੁਰੂ ਨਾਨਕ ਦੇਵ ਆਪਣੇ ਸਮੇਂ ਵਿੱਚ ਮਾਲਵਾ ਵਿੱਚ ਆ ਚੁੱਕੇ ਸਨ ਪਰ ਉਹਨਾਂ ਤੋਂ ਬਾਅਦ ਛੇਵੇਂ ਗੁਰੂ ਸਾਹਿਬ ਪਹਿਲੀ ਵਾਰ ਮਾਲਵਾ ਵਿੱਚ ਆਏ ਸਨ। ਇਹ ਗੱਲ ਵੱਖਰੀ ਹੈ ਕਿ ਪਹਿਲੇ ਪਾਤਿਸ਼ਾਹ ਤੋਂ ਲੈ ਕੇ ਜਿਸ ਤਰ੍ਹਾਂ ਦਾ ਸਿੱਖ ਧਰਮ ਦਾ ਪਰਚਾਰ-ਪ੍ਰਬੰਧ ਸਥਾਪਿਤ ਕੀਤਾ ਹੋਇਆ ਸੀ ਉਹ ਮਾਲਵਾ ਵਿੱਚ ਸੀ। ਜਿਵੇਂ ਗੁਰੂ ਨਾਨਕ ਦੇਵ ਜਿੱਥੇ ਜਾਂਦੇ ਸਨ ਉੱਥੇ ਸੰਗਤਾਂ ਦੀ ਸਥਾਪਨਾ ਕਰ ਦਿੱਤੀ ਜਾਂਦੀ ਸੀ। ਸੰਗਤਾਂ ਦੀ ਸਥਾਪਨਾ ਕਰਨਾ ਸਿੱਖ ਧਰਮ ਦਾ ਪਹਿਲਾ ਜੱਥੇਬੰਦਕ ਰੂਪ ਸੀ। ਇਹ ਸੰਗਤਾਂ ਮਾਲਵਾ ਵਿੱਚ ਸਥਾਪਿਤ ਸਨ ਕਿਉਂਕਿ ਮਾਲਵਾ ਦੀਆਂ ਕਈ ਥਾਵਾਂ ਅਜਿਹੀਆਂ ਹਨ ਜਿੱਥੇ ਗੁਰੂ ਨਾਨਕ ਦੇਵ ਆਏ

ਸਨ। ਗੁਰੂ ਅਮਰਦਾਸ ਨੇ ਜਦੋਂ ਮੰਜੀ-ਪ੍ਰਬੰਧ ਸਥਾਪਿਤ ਕੀਤਾ ਸੀ ਤਾਂ ਅਨੇਕਾਂ ਮੰਜੀਆਂ ਮਾਲਵਾ ਵਿੱਚ ਸਥਾਪਿਤ ਸਨ। ਮਸੰਦ-ਪ੍ਰਥਾ ਅਧੀਨ ਮਾਲਵਾ ਵਿੱਚ ਅਨੇਕਾਂ ਮਸੰਦ ਸਿੱਖ ਧਰਮ ਦਾ ਪਰਚਾਰ ਕਰਦੇ ਸਨ। ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਤੋਂ ਪਹਿਲਾਂ ਮਾਲਵਾ ਵਿੱਚ ਸਿੱਖ ਧਰਮ ਸਥਾਪਿਤ ਹੋ ਚੁੱਕਿਆ ਸੀ। ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਮਾਲਵਾ ਵਿੱਚ ਨਹੀਂ ਆਏ ਸਨ ਪਰ ਇਹਨਾਂ ਦਾ ਮੰਜੀ-ਪ੍ਰਥਾ ਅਤੇ ਮਸੰਦ-ਪ੍ਰਥਾ ਰਾਹੀਂ ਮਾਲਵਾ ਦੀਆਂ ਸਿੱਖਾਂ ਸੰਗਤਾਂ ਨਾਲ ਸੰਪਰਕ ਲਗਾਤਾਰ ਬਣਿਆ ਰਹਿੰਦਾ ਸੀ।

ਗੁਰੂ ਹਰਿਗੋਬਿੰਦ ਸਾਹਿਬ ਦੇ ਮਾਲਵਾ ਵਿੱਚ ਪ੍ਰਵੇਸ਼ ਕਰਨ ਦਾ ਪਹਿਲਾਂ ਜ਼ਿਕਰ, ਉਹਨਾਂ ਵੱਲੋਂ ਗੁਰਿਆਈ ਪ੍ਰਾਪਤ ਕਰਨ ਤੋਂ ਤੁਰੰਤ ਬਾਅਦ ਦੇ ਸਮੇਂ ਦਾ ਮਿਲਦਾ ਹੈ। ਗਰੂ ਅਰਜਨ ਦੇਵ ਨੂੰ ਜੇਠ ਸੁਦੀ ਚੌਥ, ਸੰਮਤ 1663 ਬਿਕਰਮੀ ਮੁਤਾਬਕ 30 ਮਈ, 1606 ਈਸਵੀ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਚਾਰ ਦਿਨ ਬਾਅਦ ਜੇਠ ਸੁਦੀ ਅਸ਼ਟਮੀ ਨੂੰ ਡਰੌਲੀ ਭਾਈ ਕੀ ਪਿੰਡ ਪਹੁੰਚ ਗਏ ਸਨ। ਬਾਕੀ ਦਾ ਪਰਿਵਾਰ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੀ। ਇਹ ਗੱਲ ਭੱਟ ਵਹੀ ਮੁਲਤਾਨੀ ਸਿੰਧੀ ਵਿੱਚ ਇਉਂ ਦਰਜ ਹੈ: "ਗੁਰੂ ਹਰਿਗੋਬਿੰਦ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ ਬਾਸੀ ਗੁਰੂ ਕਾ ਚੱਕ ਪਰਗਨਾ ਨਿੱਝਰ ਆਲਾ, ਸੰਮਤ ਸੋਲਾਂ ਸੈ ਤ੍ਰੇਸਠ ਜੇਠ ਮਾਸੇ ਸੁਦੀ ਅਸ਼ਟਮੀ ਕੇ ਦਿਹੁੰ ਗੋਇੰਦਵਾਲ ਸੇ ਜੰਗਲ (ਮਾਲਵਾ) ਦੇਸ ਗਾਮ ਡਰੌਲੀ ਪਰਗਨਾ ਡਗਰੂ ਭਾਈ ਸਾਂਈ ਦਾਸ ਕੇ ਗ੍ਰਿਹਿ ਮੇਂ ਆਏ। ਗੈਲੋਂ ਮਾਤਾ ਗੰਗਾ ਦੇਈ ਤੇ ਇਸਤਰੀ ਦਮੋਦਰੀ ਜੀ ਆਈ। ਏਕ ਬਰਖ ਛੇ ਮਾਸ ਡਰੌਲੀ ਗ੍ਰਾਮ ਮੇਂ ਬਾਸ ਕਰ ਕੇ ਗੋਇੰਦਵਾਲ ਆਏ।" ਭੱਟ ਵਹੀ ਦੀ ਇਹ ਟੂਕ ਬਹੁਤ ਅਹਿਮ ਜਾਣਕਾਰੀ ਦੇ ਰਹੀ ਹੈ। ਭਾਵ ਇਸ ਦਾ ਇਹ ਹੈ ਕਿ ਗੁਰੂ ਅਰਜਨ ਦੇਵ ਨੂੰ ਜਿਸ ਦਿਨ ਸ਼ਹੀਦ ਕੀਤਾ ਗਿਆ ਸੀ ਉਸ ਦਿਨ ਉਹਨਾਂ ਦਾ ਪਰਿਵਾਰ ਸਮੇਤ ਬਾਲ ਹਰਿਗੋਬਿੰਦ ਅੰਮ੍ਰਿਤਸਰ ਵਿਖੇ ਸਨ। ਜਿਉਂ ਗੁਰੂ ਅਰਜਨ ਦੇਵ ਦੇ ਸ਼ਹੀਦ ਹੋਣ ਦੀਆਂ ਖ਼ਬਰਾਂ ਮਿਲੀਆਂ ਤਾਂ ਸਾਰਾ ਪਰਿਵਾਰ ਅੰਮ੍ਰਿਤਸਰ ਤੋਂ ਰਵਾਨਾ ਹੋ ਕੇ ਡਰੌਲੀ ਭਾਈ ਕੀ ਨੂੰ ਚੱਲ ਪਿਆ ਸੀ। ਅੰਮ੍ਰਿਤਸਰ ਤੋਂ ਡਰੌਲੀ ਭਾਈ ਕੀ ਕਿਸੇ ਵੀ ਸੂਰਤ ਵਿੱਚ 80-90 ਕਿਲੋਮੀਟਰ ਤੋਂ ਘੱਟ ਨਹੀਂ ਹੋਵੇਗਾ।[47]

47 ਇਹਨਾਂ ਪੱਖਾਂ ਬਾਰੇ ਕੁਝ ਲਿਖਿਆ ਹੀ ਨਹੀਂ ਗਿਆ। ਇੱਕ ਮੰਜ਼ਿਲ ਤੋਂ ਦੂਜੀ ਮੰਜ਼ਿਲ ਤੱਕ ਗੁਰੂ ਪਰਿਵਾਰ ਕਿਵੇਂ ਪਹੁੰਚਦੇ ਸਨ ਜਾਂ ਰਸਤੇ ਵਿੱਚ ਠਹਿਰਣ ਦਾ ਕਿਵੇਂ ਇੰਤਜ਼ਾਮ ਕਰਦੇ ਸਨ ਇਸ ਤਰ੍ਹਾਂ ਦੇ ਪੱਖਾਂ ਬਾਰੇ ਕੋਈ ਵੀ ਅਧਿਐਨ ਨਹੀਂ ਕੀਤਾ ਗਿਆ।

ਇੰਨਾ ਰਸਤਾ ਘੱਟੋ-ਘੱਟ ਦੋ ਦਿਨਾਂ ਵਿੱਚ ਤਹਿ ਕੀਤਾ ਜਾ ਸਕਦਾ ਸੀ। ਇਸ ਗੱਲ ਦੀ ਜਾਣਕਾਰੀ ਕਿਤੋਂ ਨਹੀਂ ਮਿਲਦੀ ਕਿ ਗੁਰੂ ਅਰਜਨ ਦੇਵ ਨੂੰ ਗ੍ਰਿਫ਼ਤਾਰ ਕਰਨ ਤੋਂ ਲੈ ਕੇ ਸ਼ਹੀਦ ਕੀਤੇ ਜਾਣ ਤੱਕ ਦੇ ਦਿਨ, ਫਿਰ ਸ਼ਹੀਦ ਕੀਤੇ ਜਾਣ ਵਾਲਾ ਦਿਨ ਜਾਂ ਇਸ ਤੋਂ ਅਗਲੇ ਤਿੰਨ ਦਿਨ ਗੁਰੂ ਪਰਿਵਾਰ ਨੇ ਤੇ ਮੁਖੀ ਸਿੱਖਾਂ ਨੇ ਅੰਮ੍ਰਿਤਸਰ ਵਿਖੇ ਕਿਵੇਂ ਬਿਤਾਏ ਹੋਣਗੇ ਅਤੇ ਗੁਰੂ ਪਰਿਵਾਰ ਅੰਮ੍ਰਿਤਸਰ ਤੋਂ ਚੱਲ ਕੇ ਕਿਹੜੇ ਕਿਹੜੇ ਰਸਤੇ ਰਾਹੀਂ ਅਤੇ ਕਿੱਥੇ-ਕਿੱਥੇ ਠਹਿਰਦਾ ਹੋਇਆ ਡਰੌਲੀ ਭਾਈ ਕੀ ਵਿਖੇ ਪਹੁੰਚਿਆਂ ਹੋਵੇਗਾ।

ਇਹ ਸਾਰੇ ਦਿਨ ਗੁਰੂ ਪਰਿਵਾਰ ਲਈ ਅਤੇ ਮੁਖੀ ਸਿੱਖਾਂ ਲਈ ਬਹੁਤ ਭਿਆਨਕ ਅਤੇ ਖ਼ਤਰੇ ਵਾਲੇ ਸਨ। ਜਦੋਂ ਹਕੂਮਤ ਸਿੱਖਾਂ ਦੇ ਪਿੱਛੇ ਪਈ ਹੋਵੇ ਤਾਂ ਅਜਿਹੇ ਹਾਲਾਤਾਂ ਅੰਦਰ ਸਿੱਖ ਕਿੱਥੇ ਸ਼ਰਨ ਲੈ ਸਕਦੇ ਸਨ? ਤੁਜ਼ਕ-ਏ-ਜਹਾਂਗੀਰੀ ਵਿੱਚ ਗੁਰੂ ਪਰਿਵਾਰ ਨੂੰ ਅਤੇ ਗੁਰੂ ਦੀ ਜਾਇਦਾਦ ਨੂੰ ਮੁਰਤਜ਼ਾ ਖਾਂ ਦੇ ਹਵਾਲੇ ਕਰਨ ਦੇ ਹੁਕਮ ਕੀਤੇ ਹੋਏ ਸਨ। ਅਜਿਹੀ ਸਥਿਤੀ ਵਿੱਚ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਿੱਖਾਂ ਦਾ ਅਤੇ ਗੁਰੂ ਪਰਿਵਾਰ ਦਾ ਕਿਹੋ-ਜਿਹਾ ਹਾਲ ਹੋਵੇਗਾ। ਜਿਸ ਦਿਨ ਗੁਰੂ ਅਰਜਨ ਦੇਵ ਦਾ ਸ਼ਹੀਦ ਕੀਤਾ ਹੋਇਆ ਸਰੀਰ ਸਿੱਖ ਸੰਗਤਾਂ ਦੇ ਸਪੁਰਦ ਕੀਤਾ ਹੋਵੇਗਾ ਅਤੇ ਅੰਮ੍ਰਿਤਸਰ ਵਿਖੇ ਲਿਆਂਦਾ ਗਿਆ ਹੋਵੇਗਾ। ਅਜਿਹੇ ਹਾਲਾਤ ਸਨ ਜਦੋਂ ਗੁਰੂ ਹਰਿਗੋਬਿੰਦ ਸਾਹਿਬ, ਪਰਿਵਾਰ ਸਮੇਤ ਡਰੌਲੀ ਭਾਈ ਕੀ, ਜਿਹੜਾ ਕਿ ਮਾਲਵਾ ਵਿੱਚ ਸਥਿਤ ਸੀ, ਵਿਖੇ ਪਹੁੰਚੇ ਸਨ।

ਡਰੌਲੀ ਭਾਈ ਕੀ, ਮਾਲਵਾ ਦੇ ਵਰਤਮਾਨ ਜ਼ਿਲ੍ਹਾਂ ਮੋਗਾ ਵਿੱਚ ਸਥਿਤ ਹੈ। ਇਹ ਮੋਗੇ ਤੋਂ ਫਿਰੋਜ਼ਪੁਰ ਸੜਕ ਉੱਪਰ ਤਕਰੀਬਨ ਦਸ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਦੇ ਵੱਡੇ ਸਾਂਢੂ ਸਾਹਿਬ ਭਾਈ ਸਾਂਈ ਦਾਸ ਰਹਿੰਦੇ ਸਨ। ਉਹਨਾਂ ਦੀ ਪਤਨੀ ਬੀਬੀ ਰਾਮੋ ਗੁਰੂ ਹਰਿਗੋਬਿੰਦ ਦੀ ਪਤਨੀ ਬੀਬੀ ਦਮੋਦਰੀ ਦੀ ਵੱਡੀ ਭੈਣ ਸਨ। ਇਸ ਤਰ੍ਹਾਂ ਗੁਰੂ ਸਾਹਿਬ ਦੇ ਅਤੀ ਨਜ਼ਦੀਕੀ ਰਿਸ਼ਤੇਦਾਰ ਦਾ ਇਹ ਘਰ ਸੀ। ਡਰੌਲੀ ਭਾਈ ਕੀ ਪਿੰਡ ਮਾਲਵਾ ਵਿੱਚ ਸੀ ਅਤੇ ਇਹ ਮੁਰਤਜ਼ਾਂ ਖਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਸੀ। ਮੁਰਤਜ਼ਾਂ ਖਾਂ ਦਾ ਅਧਿਕਾਰ ਖੇਤਰ ਲਾਹੌਰ ਦਾ ਪ੍ਰਾਂਤ ਸੀ। ਮਾਲਵਾ ਲਾਹੌਰ ਦੇ ਸੂਬੇਦਾਰ ਦੇ ਅਧਿਕਾਰ ਖੇਤਰ ਤੋਂ ਬਾਹਰ ਸੀ। ਇਹ ਮੁੱਖ ਕਾਰਨ ਸੀ ਗੁਰੂ-ਪਰਿਵਾਰ ਦੇ ਇੱਥੇ ਪਹੁੰਚਣ ਦਾ। ਮਾਲਵਾ ਵਿੱਚ ਮੁਸਲਮਾਨੀ ਜ਼ੋਰ ਨਹੀਂ ਸੀ ਸਗੋਂ ਜੱਟ-ਜ਼ਿਮੀਦਾਰਾਂ ਦਾ ਬੋਲਬਾਲਾ ਸੀ। ਮਾਝੇ ਨਾਲੋਂ ਮਾਲਵਾ ਜ਼ਿਆਦਾ ਸੁਰੱਖਿਅਤ ਸੀ।

ਜਾਣਕਾਰੀ ਇਹ ਮਿਲਦੀ ਹੈ ਕਿ ਗੁਰੂ ਹਰਿਗੋਬਿੰਦ ਦੇ ਵੱਡੇ ਪੁੱਤਰ ਗੁਰਦਿੱਤਾ ਦਾ ਜਨਮ ਡਰੌਲੀ ਭਾਈ ਕੀ ਵਿਖੇ ਹੋਇਆ ਸੀ। ਉਹਨਾਂ ਦਾ ਜਨਮ 1613 ਈਸਵੀ ਵਿੱਚ ਹੋਇਆ ਸੀ। ਜੇਕਰ ਇਸ ਗੱਲ ਨੂੰ ਇਤਿਹਾਸਕ ਸੱਚਾਈ ਮੰਨਿਆ ਜਾਂਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਗੁਰੂ ਪਰਿਵਾਰ ਬਹੁਤ ਸਮਾਂ ਡਰੌਲੀ ਭਾਈ ਕੀ ਵਿਖੇ ਰਿਹਾ ਸੀ ਜਾਂ ਫਿਰ ਗੁਰਦਿੱਤਾ ਦੇ ਜਨਮ ਸਮੇਂ ਬੀਬੀ ਦਮੋਦਰੀ ਆਪਣੀ ਵੱਡੀ ਭੈਣ ਕੋਲ ਚਲੇ ਗਏ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਸਬੰਧ ਵਿੱਚ ਸਾਨੂੰ ਸਹੀ ਮਿਤੀ ਸਾਲ ਕਿਸੇ ਲਿਖਤ ਤੋਂ ਨਹੀਂ ਮਿਲਦੇ। ਇੱਥੋਂ ਤੱਕ ਕਿ ਉਹਨਾਂ ਦੀ ਗ੍ਰਿਫ਼ਤਾਰੀ ਦੇ ਸਬੰਧ ਵਿੱਚ ਸਾਨੂੰ ਮਿਤੀ-ਸਾਲ ਦੀ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਲਈ ਗੁਰੂ ਸਾਹਿਬ ਦੇ ਜੀਵਨ ਦੀ ਕਿਸੇ ਘਟਨਾ ਬਾਰੇ ਅਸੀਂ ਸਹੀ ਮਿਤੀ ਦੇ ਕੇ ਕੋਈ ਨਿਰਣਾ ਨਹੀਂ ਕਰ ਸਕਦੇ। ਗੱਲ ਡਰੌਲੀ ਭਾਈ ਕੀ ਵਿਖੇ ਠਹਿਰਾਅ ਕਰਨ ਦੀ ਹੈ ਕਿ ਗੁਰੂ ਸਾਹਿਬ ਇੱਥੇ ਕਿੰਨਾ ਕੁ ਸਮਾਂ ਠਹਿਰੇ ਸਨ। ਸਮਝਿਆ ਇਹ ਜਾ ਸਕਦਾ ਹੈ ਜਦੋਂ ਤੱਕ ਗੁਰੂ ਅਰਜਨ ਦੇਵ ਦੀ ਸ਼ਹਾਦਤ ਬਾਅਦ ਦੇ ਹਾਲਾਤ ਆਮ ਜਿਹੇ ਨਹੀਂ ਹੋ ਗਏ ਸਨ ਉਦੋਂ ਤੱਕ ਗੁਰੂ ਹਰਿਗੋਬਿੰਦ ਸਾਹਿਬ ਡਰੌਲੀ ਭਾਈ ਕੀ ਵਿਖੇ ਰਹਿੰਦੇ ਰਹੇ ਸਨ। ਹਾਲਾਤ ਠੀਕ ਹੋਣ ’ਤੇ ਹੀ ਗੁਰੂ ਸਾਹਿਬ ਵਾਪਿਸ ਅੰਮ੍ਰਿਤਸਰ ਆਏ ਸਨ।

ਡਰੌਲੀ ਭਾਈ ਕੀ ਪਿੰਡ ਦੇ ਨੇੜੇ-ਤੇੜੇ ਦੇ ਕਈ ਪਿੰਡ ਅਜਿਹੇ ਹਨ ਜਿੰਨਾਂ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੇ ਜਾਣ ਦੀ ਜਾਣਕਾਰੀ ਮਿਲਦੀ ਹੈ। ਇਸ ਜਾਣਕਾਰੀ ਵਿੱਚ ਇਹ ਜਾਣਕਾਰੀ ਸ਼ਾਮਿਲ ਹੈ ਕਿ ਗੁਰੂ ਸਾਹਿਬ ਇਹਨਾਂ ਪਿੰਡਾਂ ਵਿੱਚ ਡਰੌਲੀ ਭਾਈ ਕੀ ਤੋਂ ਗਏ ਸਨ। ਨੇੜੇ ਇੱਕ ਪਿੰਡ ਸਨੇਰ ਹੈ। ਰੋਡੇ ਪਿੰਡ ਹੈ ਜਿਹੜਾ ਕਿ ਬਾਘਾ ਪੁਰਾਣਾ ਕੋਟਕਪੂਰਾ ਸੜਕ ਉਪਰ ਹੈ। ਮੋਗੇ ਵਿਖੇ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਹੈ ਜਿਹੜਾ ਇੱਥੇ ਗੁਰੂ ਸਾਹਿਬ ਦੇ ਆਉਣ ਦੀ ਗਵਾਹੀ ਦਿੰਦਾ ਹੈ। ਸਮਾਲਸਰ ਵਾਲੇ ਪਾਸੇ ਇੱਕ ਪਿੰਡ ਬੰਬੀਹਾ ਭਾਈ ਕਾ ਹੈ। ਬਾਘਾ ਪੁਰਾਣਾ, ਭਗਤਾ ਭਾਈ ਕਾ ਸੜਕ ਉਪਰ ਮਾੜੀ-ਮੁਸਤਫ਼ਾ ਪਿੰਡ ਹੈ। ਇਸ ਸੜਕ ਉੱਪਰ ਇੱਕ ਹੋਰ ਪਿੰਡ ਲਧਾਈ ਕੇ ਹੈ। ਇੱਥੇ ਗੁਰੂ ਸਾਹਿਬ ਦੇ ਆਉਣ ਦੀ ਜਾਣਕਾਰੀ ਮਿਲਦੀ ਹੈ। ਮੋਗਾ-ਕੋਟਕਪੂਰਾ ਸੜਕ ਉੱਪਰ ਪਿੰਡ ਵੱਡਾ ਘਰ ਹੈ। ਇੱਥੇ ਗੁਰੂ ਸਾਹਿਬ ਦੇ ਬਿਰਾਜਣਵਾਲੀ ਜਗਾਹ ਉੱਪਰ ਗੁਰਦੁਆਰਾ ਸਾਹਿਬ ਸੁਸ਼ੋਭਤ ਹੈ। ਅਜੀਤਵਾਲ ਦੇ ਨੇੜੇ ਪਿੰਡ ਦੌਧਰ ਹੈ। ਇੱਕ ਹੋਰ ਪਿੰਡ ਮਧੇਅ ਹੈ ਜਿਹੜਾ ਡਰੌਲੀ ਤੋਂ ਪੰਛੀ ਕਿਲੋਮੀਟਰ ਦੀ ਦੂਰੀ ’ਤੇ ਹੈ। ਥਾਣਾ ਨਿਹਾਲ ਸਿੰਘ ਵਾਲਾ ਵਿੱਚ ਪਿੰਡ ਲੋਪੋ ਕੇ ਹੈ।

ਮੋਗੇ ਤੋਂ ਕੋਟਕਪੂਰੇ ਵੱਲ ਮਹਿਰੋਂ ਪਿੰਡ ਹੈ। ਸਿੰਘਾਂਵਾਲਾ ਅਤੇ ਡਗਰੂ ਪਿੰਡ ਇੱਧਰ ਹਨ। ਇਹਨਾਂ ਸਭ ਵਿੱਚ ਗੁਰੂ ਸਾਹਿਬ ਦੇ ਆਉਣ ਦੀ ਸਥਾਨਕ ਪਰੰਪਰਾਵਾਂ ਅਨੁਸਾਰ ਜਾਣਕਾਰੀ ਮਿਲਦੀ ਹੈ।[48]

ਉਕਤ ਸਾਰੇ ਪਿੰਡ ਵਰਤਮਾਨ ਜ਼ਿਲ੍ਹਾ ਮੋਗਾ ਵਿੱਚ ਹਨ। ਇਹਨਾਂ ਪਿੰਡਾਂ ਵਿੱਚ ਆਉਣ ਦੀ ਜਾਣਕਾਰੀ ਵਿੱਚੋਂ ਦੋ ਸਿੱਟੇ ਕੱਢੇ ਜਾ ਸਕਦੇ ਹਨ ਇੱਕ ਤਾਂ ਗੁਰੂ ਸਾਹਿਬ ਡਰੋਲੀ ਭਾਈ ਕੀ ਵਿਖੇ ਕਾਫ਼ੀ ਸਮਾਂ ਠਹਿਰੇ ਮੰਨੇ ਜਾ ਸਕਦੇ ਹਨ। ਦੂਜਾ ਇਸ ਇਲਾਕੇ ਵਿੱਚ ਜੱਟ-ਜਿੰਮੀਦਾਰਾਂ ਦਾ ਬੋਲਬਾਲਾ ਸੀ ਇਸ ਲਈ ਇਹਨਾਂ ਪਿੰਡਾਂ ਵਿੱਚੋਂ ਅਨੇਕਾਂ ਦੀ ਗਿਣਤੀ ਵਿੱਚ ਸਿੱਖ ਬਣੇ ਸਨ ਅਤੇ ਗੁਰੂ ਸਾਹਿਬ ਦਾ ਮਾਣ-ਸਤਿਕਾਰ ਵੀ ਬਹੁਤ ਹੋਇਆ ਸੀ।

ਦੂਜੀ ਵਾਰ ਗੁਰੂ ਹਰਿਗੋਬਿੰਦ ਸਾਹਿਬ ਉਸ ਸਮੇਂ ਮਾਲਵਾ ਵਿੱਚ ਆਏ ਸਨ ਜਦੋਂ ਉਹਨਾਂ ਉੱਪਰ ਕਰਤਾਰਪੁਰ ਵਿਖੇ ਮੁਗ਼ਲ ਅਧਿਕਾਰੀਆਂ ਵੱਲੋਂ ਹਮਲੇ ਹੋਣ ਦਾ ਖਤਰਾ ਸੀ। ਇਸ ਵਾਰ ਗੁਰੂ ਸਾਹਿਬ ਮਹਿਰਾਜ, ਫੂਲ ਆਦਿ ਪਿੰਡਾਂ ਵਿੱਚ ਆਏ ਸਨ। ਲਹਿਰਾ ਮੁਹੱਬਤ ਅਤੇ ਨਥਾਣਾ[49] ਪਿੰਡ ਇਹਨਾਂ ਦੇ ਨੇੜੇ-ਤੇੜੇ ਹਨ। ਇਹ ਪਿੰਡ ਸਿੱਧੂ-ਬਰਾੜ ਜੱਟ ਸਰਦਾਰਾਂ ਦੇ ਸਨ। ਇਹ ਜੱਟ-ਜਿਮੀਦਾਰ ਸਰਹਿੰਦ ਸੂਬੇ ਦੇ ਮਾਲਗੁਜ਼ਾਰ ਸਨ। ਇਹਨਾਂ ਦੀ ਮੁੱਖ ਜਿੰਮੇਵਾਰੀ ਸਰਹਿੰਦ ਦੇ ਸੂਬੇ ਨੂੰ ਆਪੋ-ਆਪਣੀ ਸਰਦਾਰੀ ਵਾਲੇ ਪਿੰਡਾਂ ਵਿੱਚੋਂ ਮਾਮਲੇ ਦੀ ਉਗਰਾਹੀ ਕਰਕੇ ਦੇਣ ਦੀ ਸੀ। ਬਾਕੀ ਅੰਦਰੂਨੀ ਪ੍ਰਬੰਧ ਵਿੱਚ ਇਹ ਜੱਟ-ਜਿਮੀਦਾਰ ਪੂਰੀ ਤਰ੍ਹਾਂ ਸੁਤੰਤਰ ਸਨ। ਕਿਉਂਕਿ ਮਾਲਵਾ ਉਪਜਾਊ ਧਰਤੀ ਨਹੀਂ ਸੀ ਨਾ ਇੱਥੇ ਪਾਣੀ ਸੀ। ਫਸਲਾਂ ਕੋਈ ਬਹੁਤੀਆਂ ਨਹੀਂ ਹੁੰਦੀਆਂ ਸਨ। ਇਸ ਲਈ ਮੁਗ਼ਲ ਅਧਿਕਾਰੀਆਂ ਦੀ ਇਸ ਇਲਾਕੇ ਵਿੱਚ ਕੋਈ ਦਿਲਚਸਪੀ ਨਹੀਂ ਸੀ।

ਇਹ ਜੱਟ-ਜ਼ਿੰਮੀਦਾਰ ਸਰਹਿੰਦ ਸੂਬੇ ਦੇ ਨਾ ਤਾਂ ਜਾਗੀਰਦਾਰ ਸਨ ਅਤੇ ਨਾ ਕੋਈ ਫ਼ੌਜਦਾਰ ਸਨ। ਇਹ ਆਪੋ-ਆਪਣੇ ਕਬੀਲਿਆਂ ਅਨੁਸਾਰ ਰਹਿੰਦੇ ਸਨ। ਕਿਸੇ ਕਬੀਲੇ ਦੇ ਬਹੁਤੇ ਪਿੰਡ ਹੁੰਦੇ ਸਨ ਅਤੇ ਕਿਸੇ

---

48 ਇਹਨਾਂ ਥਾਵਾਂ ਤੇ ਜਾਣ-ਆਉਣ ਦੀ ਜਾਣਕਾਰੀ ਮੁੱਖ ਤੌਰ 'ਤੇ ਗਿਆਨੀ ਗਿਆਨ ਸਿੰਘ ਵੱਲੋਂ ਹੀ ਦਿੱਤੀ ਗਈ ਹੈ। *ਗੁਰਧਾਮ ਸੰਗ੍ਰਹਿ*, ਅੰਮ੍ਰਿਤਸਰ, 1999, ਪੰਨੇ 76-77; *ਗੁਰਧਾਮ ਦੀਦਾਰ* ਅਰਥਾਤ *ਗੁਰਧਾਮ ਦਰਪਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, 2005, ਪੰਨੇ 137-39.

49 ਨਥਾਣਾ ਪਿੰਡ ਮਹਿਰਾਜ ਅਤੇ ਫੂਲ ਪਿੰਡਾਂ ਦੇ ਨੇੜੇ ਹੀ ਹੈ। ਪਰ ਇਹ ਵੀ ਸਿੱਧੂ-ਬਰਾੜ ਜੱਟਾਂ ਦਾ ਹੀ ਪਿੰਡ ਸੀ। ਬੇਸ਼ੱਕ ਇੱਥੇ ਰੋਮਾਣਾ ਗੋਤ ਦੇ ਜੱਟਾਂ ਦੇ ਵੱਡੇ-ਵਡੇਰਿਆਂ ਦਾ ਵੀ ਵਾਸਾ ਸੀ।

ਦੇ ਥੋੜ੍ਹੇ। ਜਿੰਨੇ ਵੀ ਪਿੰਡ ਕਿਸੇ ਕਬੀਲੇ (ਗੋਤ) ਦੇ ਹੁੰਦੇ ਸਨ ਉਹਨਾਂ ਪਿੰਡਾਂ ਵਿੱਚ ਉਸੇ ਗੋਤ ਦੇ ਜ਼ਿਮੀਦਾਰਾਂ ਦੀ ਸਰਦਾਰੀ ਹੁੰਦੀ ਸੀ। ਇਹ ਜੱਟ ਕਬੀਲੇ ਮੁੱਢ-ਕਦੀਮੋਂ ਧਾੜਾਂ ਮਾਰਨ ਦਾ ਧੰਦਾ ਕਰਦੇ ਆ ਰਹੇ ਸਨ। ਇਸ ਕਰਕੇ ਹਰ ਜੱਟ ਕਬੀਲੇ ਕੋਲ ਉਸ ਕਬੀਲੇ ਦੀ ਗਿਣਤੀ ਮੁਤਾਬਕ ਘੋੜਸਵਾਰ ਜਾਂ ਊਠ-ਸਵਾਰ ਲੋਕ ਹੁੰਦੇ ਸਨ। ਮੁਗ਼ਲ ਅਧਿਕਾਰੀ ਲੋੜ ਪੈਣ ਤੇ ਇਹਨਾਂ ਦੀ ਸੈਨਿਕ ਮਦਦ ਲੈ ਲੈਂਦੇ ਸਨ। ਇਹ ਜੱਟ-ਜਿਮੀਦਾਰ ਆਪੋ-ਆਪਣੇ ਕਬੀਲੇ ਦੇ ਪਿੰਡਾਂ ਵਿੱਚੋਂ ਨੀਅਤ ਕੀਤੇ ਹਿੱਸੇ ਦਾ ਮੁਆਮਲਾ ਉਗਰਾਹ ਕੇ ਸਰਕਾਰ ਨੂੰ ਹਰ ਹਾੜੀ-ਸਾਉਣੀ[50] ਸਮੇਂ ਦੇ ਦਿੰਦੇ ਸਨ। ਇਹੋ-ਜਿਹਾ ਇੱਕ ਢਿੱਲਾ ਜਿਹਾ, ਇਹਨਾਂ ਜੱਟ-ਕਬੀਲਿਆਂ ਦਾ ਅਤੇ ਸੂਬੇ ਦੀ ਸਰਕਾਰ ਦਾ ਪ੍ਰਬੰਧਕੀ ਸਬੰਧ ਸੀ।

ਮੁਗ਼ਲ ਕਾਲ ਦੌਰਾਨ ਜੱਟ ਕਬੀਲਿਆਂ ਨੇ ਬਾਬਰ ਦੀ ਮਦਦ ਕੀਤੀ ਸੀ। ਇਹ ਬਾਬਰ ਦੇ ਸਮੇਂ ਤੋਂ ਮਾਲਵਾ ਵਿੱਚ ਆਪੋ-ਆਪਣੀ ਚੌਧਰ ਨੂੰ ਕਾਇਮ ਰੱਖਦੇ ਅਤੇ ਇਹ ਕਬੀਲੇ ਮੁਗ਼ਲ ਹਕੂਮਤ ਨਾਲ ਸਹਿਯੋਗ ਕਰਦੇ ਆ ਰਹੇ ਸਨ। ਇਸ ਕਰਕੇ ਮੁਗ਼ਲਾਂ ਦੇ ਸਮੇਂ ਕਿਸੇ ਸ਼ਾਸ਼ਕ ਨੇ ਇਹਨਾਂ ਜੱਟ ਕਬੀਲਿਆਂ ਦੀ ਅੰਦਰੂਨੀ ਸਰਦਾਰੀ ਨੂੰ ਖ਼ਤਮ ਕਰਨ ਦੀ ਜਾਂ ਇਹਨਾਂ ਦੀ ਤਾਕਤ ਨੂੰ ਕੁਚਲਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਸੀ। ਇਹ ਕਬੀਲੇ ਮੁਗ਼ਲ ਸਾਮਰਾਜ ਪ੍ਰਤੀ ਦੋ ਗੱਲਾਂ ਦੀ ਪੱਕੀ ਪਾਲਣਾ ਕਰਦੇ ਆ ਰਹੇ ਸਨ। ਇੱਕ ਇਹ ਕਿ ਇਹਨਾਂ ਨੇ ਮੁਗ਼ਲਾਂ ਦੀ ਹਕੂਮਤ ਨੂੰ ਉਲਟਾਉਣ ਵੱਲ ਕਦੇ ਧਿਆਨ ਨਹੀਂ ਦਿੱਤਾ ਸੀ। ਦੂਜੀ ਇਹ ਕਿ ਇਹਨਾਂ ਦੇ ਜਿੰਮੇ ਜਿੰਨ੍ਹਾਂ ਹਾੜੀ-ਸਾਉਣੀ ਦਾ ਮਾਮਲਾ ਨੀਅਤ ਕੀਤਾ ਹੁੰਦਾ ਸੀ ਇਹ ਉੰਨਾ ਲਗਾਤਾਰ ਭਰਦੇ ਆਉਂਦੇ ਸਨ। ਮਾਲਵਾ ਸਮੁੱਚੇ ਰੂਪ ਵਿੱਚ ਸਰਹਿੰਦ ਦੇ ਫ਼ੌਜਦਾਰ ਦੇ ਅਧੀਨ ਹੁੰਦਾ ਸੀ। ਕੁਝ ਨਵਾਬੀਆਂ ਜਾਂ ਕੁਝ ਇਲਾਕੇ ਮਾਲਵਾ ਦੇ ਅਜਿਹੇ ਸਨ ਜਿਹੜੇ ਆਪਣੇ-ਆਪ ਵਿੱਚ ਸੁਤੰਤਰ ਸਨ ਜਿਵੇਂ ਬੋਹੇ-ਬੁਢਲਾਢੇ ਦੇ ਭੱਟੀ ਕਬੀਲੇ, ਈਸਾ ਖਾਂ ਮੰਝ ਦਾ ਮਲੋਟ, ਮੁਕਤਸਰ ਅਤੇ ਫ਼ਿਰੋਜ਼ਪੁਰ ਵੱਲ ਦਾ ਪਚਾਧਿਆਂ ਦਾ ਖੇਤਰ ਸੀ। ਇਹ ਅੰਦਰੂਨੀ ਤੌਰ ਤੇ ਸੁਤੰਤਰ ਸਨ। ਮਾਲਵਾ ਦੇ ਬਰਾੜ ਕਬੀਲੇ ਅਰਧ-ਸੁਤੰਤਰ ਚੱਲੇ ਆ ਰਹੇ ਸਨ। ਦੀਨਾ-ਕਾਂਗੜ ਦੇ ਧਾਲੀਵਾਲ ਜੱਟ ਸੁਤੰਤਰ ਸਨ। ਇਹਨਾਂ ਦਾ ਕਿਸੇ ਨਾ ਕਿਸੇ ਬਾਦਸ਼ਾਹ ਨਾਲ ਕੁੜਮਾਚਾਰੀ ਵਾਲਾ ਰਿਸ਼ਤਾ ਹੁੰਦਾ ਸੀ। ਜਿਸ ਕਬੀਲੇ ਦਾ ਕਿਸੇ ਨਾ ਕਿਸੇ ਮੁਗ਼ਲ ਬਾਦਸ਼ਾਹ ਨਾਲ ਕੁੜਮਾਚਾਰੀ ਵਾਲੇ ਸਬੰਧ ਬਣ ਜਾਂਦੇ

50 ਹਾੜੀ-ਸਾਉਣੀ ਦਾ ਮਤਲਬ ਹੈ ਸਾਲ ਵਿੱਚ ਪੈਦਾ ਹੋਣ ਵਾਲੀਆਂ ਦੋ ਫ਼ਸਲਾਂ/ਹਾੜੀ ਦੀਆਂ ਫ਼ਸਲਾਂ ਵਿੱਚ ਕਣਕ, ਛੋਲੇ, ਸਰੋਂ ਆਦਿ ਹੁੰਦੀਆਂ ਸਨ ਅਤੇ ਸਾਉਣੀ ਦੀਆਂ ਫ਼ਸਲਾਂ ਵਿੱਚ ਕਪਾਹ, ਬਾਜਰਾ ਆਦਿ ਹੁੰਦੀਆਂ ਸਨ।

ਸਨ ਉਹ ਤਕਰੀਬਨ ਸੁਤੰਤਰ (ਸਟੇਟਸ) ਅਖ਼ਤਿਆਰ ਕਰ ਲੈਂਦਾ ਸੀ। ਜੱਟ ਕਬੀਲਿਆਂ ਵਿੱਚ ਪੰਚਾਇਤੀ ਪ੍ਰਥਾ ਪ੍ਰਚੱਲਿਤ ਸੀ। ਖੁਸ਼ਵੰਤ ਸਿੰਘ ਲਿਖਦਾ ਹੈ ਜੱਟਾਂ ਦਾ ਹਰ ਇੱਕ ਪਿੰਡ ਇੱਕ ਤਰ੍ਹਾਂ ਦਾ ਛੋਟਾ ਗਣ ਰਾਜ ਹੀ ਸੀ।[51]

ਇਹਨਾਂ ਜੱਟ ਕਬੀਲਿਆਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਸੀ ਇਹਨਾਂ ਵਿੱਚ ਨਾ ਬ੍ਰਾਹਮਣਾ ਨੇ ਅਤੇ ਨਾ ਮੌਲਵੀਆਂ ਜਾਂ ਕਾਜ਼ੀਆਂ ਨੇ ਕੋਈ ਵਿਸ਼ੇਸ਼ ਦਿਲਚਸਪੀ ਲਈ ਸੀ। ਇਸ ਕਰਕੇ ਇਹ ਜੱਟ ਕਬੀਲੇ ਆਪਣੀਆਂ ਕਬੀਲੀਆਈ ਰਸਮਾਂ, ਧਾਰਮਿਕ ਰੀਤੀ ਰਿਵਾਜ਼ਾਂ ਨੂੰ ਮੰਨਦੇ ਆ ਰਹੇ ਸਨ। ਸ਼ੇਖ ਫ਼ਰੀਦ ਜਿਹੇ ਮੁਸਲਿਮ ਸੂਫੀ-ਸੰਤਾਂ ਨੇ ਪਹਿਲਾਂ-ਪਹਿਲਾਂ ਮਾਲਵਾ ਵਿੱਚ ਇਸਲਾਮ ਦਾ ਪਰਚਾਰ ਕੀਤਾ ਸੀ। ਫਿਰ ਹੌਲੀ-ਹੌਲੀ ਸਰਵਰੀਏ ਅਤੇ ਸੁਲਤਾਨੀਏ[52] ਆ ਗਏ। ਜਿਸ ਤਰੀਕੇ ਨਾਲ ਸਿੱਖ ਗੁਰੂ ਸਾਹਿਬਾਨ ਨੇ ਮਾਲਵਾ ਵਿੱਚ ਸਿੱਖ ਧਰਮ ਦਾ ਪਰਚਾਰ ਕੀਤਾ ਉਹ ਆਪਣੀ ਮਿਸਾਲ ਆਪ ਸੀ। ਇਸ ਦਾ ਸਿੱਟਾ ਇਹ ਹੋਇਆ ਸੀ ਕਿ ਤਕਰੀਬਨ ਸਾਰੇ ਵੱਡੇ-ਵੱਡੇ ਜੱਟ ਕਬੀਲੇ ਸਿੱਖ ਧਰਮ ਵਿੱਚ ਪ੍ਰਵੇਸ਼ ਕਰ ਗਏ ਸਨ। ਮਾਲਵਾ ਵਿੱਚ ਜੋ ਇਸਲਾਮੀ ਪ੍ਰਭਾਵ ਸੀ ਉਹ ਸਿਰਫ਼ ਗੈਰ-ਜੱਟ ਕਬੀਲਿਆਂ ਵਿੱਚ ਸੀ। ਗੁਰੂ ਹਰਿਗੋਬਿੰਦ ਸਾਹਿਬ ਸਮੇਂ ਲੱਗਭੱਗ ਸਾਰੇ ਜੱਟ ਕਬੀਲੇ ਸਿੱਖ ਧਰਮ ਵਿੱਚ ਪ੍ਰਵੇਸ਼ ਕਰ ਚੁੱਕੇ ਸਨ।[53]

ਇਸ ਲਈ ਜਿਉਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਕਰਤਾਰਪੁਰ ਵਿਖੇ ਦੁਆਬੇ ਵਿੱਚ ਮੁਗ਼ਲ ਹਕੂਮਤ ਦਾ ਰਵੱਈਆ ਹਮਲਾਕਾਰੀ ਲੱਗਿਆ ਤਾਂ ਉਹ ਕਰਤਾਰਪੁਰ ਤੋਂ ਚੱਲ ਕੇ ਮਾਲਵਾ ਵਿੱਚ ਫੂਲ-ਮਹਿਰਾਜ ਦੇ ਪਿੰਡਾਂ ਵਿੱਚ ਆ ਗਏ ਸਨ। ਇੱਥੇ ਉਹਨਾਂ ਨੂੰ ਜੱਟ ਕਬੀਲਿਆਂ ਦੀ ਭਰਭੂਰ ਮਦਦ ਮਿਲੀ ਸੀ। ਇਸ ਦਾ ਵੇਰਵਾ ਉਹਨਾਂ ਦੀ ਤੀਜੀ ਲੜਾਈ ਵਿੱਚ ਆ ਚੁੱਕਿਆ ਹੈ। ਇਹ ਲੜਾਈ 1631 ਈਸਵੀ ਦੀਆਂ ਸਰਦੀਆਂ ਵਿੱਚ ਹੋਈ ਸੀ। ਜਾਪਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਇਸ ਲੜਾਈ ਤੋਂ ਪਿੱਛੋਂ ਲਗਾਤਾਰ ਦੋ ਜਾਂ ਡੇਢ ਸਾਲਾਂ ਤੱਕ ਮਾਲਵਾ ਵਿੱਚ ਰਹੇ ਸਨ। ਇਸ ਸਮੇਂ ਗੁਰੂ ਸਾਹਿਬ ਆਲੇ-ਦੁਆਲੇ ਦੇ ਅਨੇਕਾਂ ਪਿੰਡਾਂ ਵਿੱਚ ਗਏ

---

51 Khushwant Singh, *op.cit.*, p. 152.

52 Harbans Singh, *The Encyclopaedia of Sikhism*, Vol. IV, Punjabi University, Patiala, 1998, pp. 29-30.

53 ਇੰਦੂ ਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ,* ਪੰਨਾ 33.

ਸਨ। ਜਿਨ੍ਹਾਂ ਪਿੰਡਾਂ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਗਏ ਸਨ ਉਹਨਾਂ ਪਿੰਡਾ ਵਿੱਚ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰੇ ਸਸ਼ੋਭਿਤ ਹਨ।

ਜਿਹੜੀ ਲੜਾਈ ਗੁਰੂ ਸਾਹਿਬ ਨੇ ਮਹਿਰਾਜ (ਗੁਰੂ ਸਰ) ਵਿਖੇ ਕੀਤੀ ਸੀ ਇਸ ਵਿੱਚ ਮਾਲਵਾ ਦਾ ਤਕਰੀਬਨ ਹਰ ਜੱਟ ਕਬੀਲਾ ਸ਼ਾਮਲ ਸੀ। ਲੜਾਈ ਵਿੱਚ ਫਤਿਹ ਪ੍ਰਾਪਤ ਕਰ ਲੈਣ ਬਾਅਦ ਹਰ ਕਬੀਲਾ ਆਪੋ-ਆਪਣੇ ਪਿੰਡ ਵਿੱਚ ਗੁਰੂ ਸਾਹਿਬ ਅਤੇ ਉਹਨਾਂ ਦੇ ਪਰਿਵਾਰ ਨੂੰ ਲਿਜਾਣਾ ਚਾਹੁੰਦਾ ਸੀ। ਗੁਰੂ ਸਾਹਿਬ ਆਪਣੇ ਹਰ ਮਦਦਗਾਰ ਦੇ ਘਰ ਜਾ ਕੇ ਉਸ ਦਾ ਮਾਣ-ਆਦਰ ਕਰਨਾ ਚਾਹੁੰਦੇ ਸਨ। ਇਸ ਤਰ੍ਹਾਂ ਸਬੰਧਿਤ ਕਬੀਲਿਆਂ ਦੇ ਮੁੱਖੀ ਸੱਜਣ ਜਾਂ ਉਹਨਾਂ ਪਿੰਡਾਂ ਦੀਆਂ ਸੰਗਤਾਂ ਆਪਣੇ-ਆਪ ਗੁਰੂ ਸਾਹਿਬ ਨੂੰ ਲੈ ਕੇ ਜਾਂਦੀਆਂ ਸਨ। ਗੁਰੂ ਸਾਹਿਬ ਲੋੜ ਅਨੁਸਾਰ ਹਰ ਥਾਂ ਤੇ ਰਹਿੰਦੇ ਸਨ।

ਭਾਈ ਰੂਪਾ, ਦਿਆਲਪੁਰਾ ਭਾਈ ਕਾ, ਦੀਨਾ ਅਤੇ ਕਾਂਗੜ ਆਦਿ ਪਿੰਡਾਂ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੇ ਜਾਣ ਦੀਆਂ ਪਰੰਪਰਾਵਾਂ ਮਿਲਦੀਆਂ ਹਨ।[54] ਡੰਡੇਆਣਾ, ਚੌਤਰਾ ਸਾਹਿਬ, ਮੱਲ ਪਿੰਡ, ਭਗਤਾ ਭਾਈ ਕਾ, ਨਥਾਣਾ, ਲਹਿਰਾ ਮੁਹੱਬਤ, ਲਹਿਰਾ ਬੇਗਾ, ਆਦਿ ਪਿੰਡਾਂ ਵਿੱਚ ਗੁਰੂ ਸਾਹਿਬ ਦੇ ਆਉਣ ਦੀਆਂ ਯਾਦਗਾਰਾਂ ਹਨ। ਚਕਰ, ਖਡੂਰ, ਕਾਉਂਕੇ, ਵੱਡੇ ਘਰ ਪਿੰਡ, ਦੌਧਰ, ਮਧੇਅ, ਲੰਮੇ ਜੱਟ ਪੁਰੇ, ਰਕਬਾ, ਸਿੱਧਵਾਂ, ਸੁਧਾਰ, ਇਆਲੀ, ਗੁੱਜਰ ਵਾਲ, ਫੱਲੇ ਵਾਲ, ਸੌਂਟੀ, ਕਪੂਰਗੜ, ਰੌਣੀ, ਜੱਬੋਮਾਜਰਾ, ਚੌਂਦਾ, ਲਸੋਈ, ਸਲਿਆਣਾ ਟੋਭਾ, ਸੇਖਾ, ਜਲਾਜਨ, ਨਸਰਾਲੀ, ਅਲੂਣੇ ਮਲੀਪੁਰ, ਜੰਡਾਲੀ, ਨਜਾਮਪੁਰ, ਸਿਹੋੜਾ, ਉਕਸੀ, ਮਲੌਦ, ਸਿਆੜ, ਈਸੜੂ, ਰਾੜਾ, ਫਿਲੌਰ, ਕੁਰੜ-ਛਾਪਾ, ਜਰਗ, ਜਰਗੜੀ, ਜੰਡਾਲੀ, ਨਸਰਾਲੀ, ਰਾਜੇਵਾਲਾ, ਘੁੜਾਣੀ, ਗਿੱਦੜੀ, ਧਮੋਟ, ਅਕੋਈ, ਖੁਰਾਣੀ, ਘਨੌਰ, ਕਮਾਲਪੁਰ ਆਦਿ ਅਨੇਕਾਂ ਪਿੰਡ ਹਨ ਜਿੱਥੇ ਗੁਰੂ ਹਰਿਗੋਬਿੰਦ ਸਾਹਿਬ ਦੇ ਜਾਣ ਦੀਆਂ ਸਥਾਨਕ ਪਰੰਪਰਾਵਾਂ ਮਿਲਦੀਆਂ ਹਨ।[55]

---

54 ਇਹਨਾਂ ਪਿੰਡਾਂ ਦੀ ਜ਼ਿਲ੍ਹੇਵਾਰ ਜਾਣਕਾਰੀ ਦੱਸਣੀ ਮੁਸ਼ਕਲ ਹੈ ਕਿਉਂਕਿ ਅੱਜ ਦੀਆਂ ਸਰਕਾਰਾਂ ਨੇ ਆਪੋ-ਆਪਣੇ ਸਮੇਂ ਪੁਰਾਣੇ ਵੱਡੇ ਜ਼ਿਲ੍ਹਿਆਂ ਨੂੰ ਤੋੜ ਕੇ ਛੋਟੇ ਛੋਟੇ ਜ਼ਿਲ੍ਹੇ ਬਣਾ ਦਿੱਤੇ ਹਨ। ਪੁਰਾਣੇ ਇਕੱਲੇ ਫ਼ਿਰੋਜ਼ਪੁਰ ਜ਼ਿਲ੍ਹੇ ਨੂੰ ਤੋੜ ਕੇ ਹੀ ਤਿੰਨ-ਚਾਰ ਜ਼ਿਲ੍ਹੇ ਹੋਰ ਬਣਾ ਦਿੱਤੇ ਗਏ ਹਨ। ਕਿਹੜਾ ਪਿੰਡ ਕਿਹੜੇ ਜ਼ਿਲ੍ਹੇ ਵਿੱਚ ਹੈ ਇਸ ਬਾਰੇ ਪੱਕਾ ਪਤਾ ਦੱਸ ਸਕਣਾ ਮੁਸ਼ਕਿਲ ਹੈ।

55 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨੇ 237-244; ਗਿਆਨ ਸਿੰਘ, *ਗੁਰਧਾਮ ਸੰਗ੍ਰਹਿ*, ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ, 1999, ਪੰਨੇ 76-84

ਗੁਰੂ ਹਰਿਗੋਬਿੰਦ ਸਾਹਿਬ ਦੀ ਚੌਥੀ ਅਤੇ ਅਖੀਰਲੀ ਲੜਾਈ 1634 ਈਸਵੀ ਵਿੱਚ ਹੋਈ ਸੀ। ਇਸ ਤੋਂ ਇੱਕ ਭਾਵ ਇਹ ਲਿਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਡੇਢ-ਦੋ ਸਾਲਾਂ ਦਾ ਸਮਾਂ ਮਾਲਵਾ ਵਿੱਚ ਬਿਤਾ ਕੇ ਵਾਪਿਸ ਕਰਤਾਰਪੁਰ ਸਾਹਿਬ ਗਏ ਸਨ ਕਿ ਹੁਣ ਹਾਲਾਤ ਸ਼ਾਇਦ ਆਮ ਵਰਗੇ ਹੋ ਗਏ ਹੋਣਗੇ। ਗੁਰੂ ਸਾਹਿਬ ਕਰਤਾਰਪੁਰ ਸਾਹਿਬ ਪਹੁੰਚੇ ਸਨ ਤਾਂ ਉਹਨਾਂ ਉੱਪਰ ਫਿਰ ਤੋਂ ਹਮਲੇ ਹੋਣੇ ਸ਼ੁਰੂ ਹੋ ਗਏ ਸਨ। ਸਿੱਟੇ ਵਜੋਂ 1634 ਈਸਵੀ ਵਿੱਚ ਕਰਤਾਰਪੁਰ ਦੀ ਲੜਾਈ ਹੋਈ ਸੀ। ਇਸ ਲੜਾਈ ਤੋਂ ਤਾਂ ਛੁਟਕਾਰਾ ਮਿਲਿਆ ਸੀ ਜਦੋਂ ਗੁਰੂ ਸਾਹਿਬ ਕਰਤਾਰਪੁਰ ਛੱਡ ਕੇ ਕੀਰਤਪੁਰ ਸਾਹਿਬ ਆ ਕੇ ਰਹਿਣ ਲੱਗ ਪਏ ਸਨ। ਕਰਤਾਰਪੁਰ ਤੋਂ ਕੀਰਤਪੁਰ ਸਾਹਿਬ ਨੂੰ ਆਉਂਦਿਆਂ ਰਸਤੇ ਵਿੱਚ ਫਗਵਾੜਾ ਪਹੁੰਚ ਕੇ ਇੱਕ ਲੜਾਈ ਹੋਈ ਸੀ। ਇਸ ਦਾ ਮਤਲਬ ਹੈ ਕਿ ਕਰਤਾਰਪੁਰ ਤੋਂ ਲੈ ਕੇ ਫਗਵਾੜੇ ਤੱਕ ਲੜਾਈ ਹੁੰਦੀ ਹੀ ਆਈ ਸੀ। ਕੀਰਤਪੁਰ ਸਾਹਿਬ ਕਿਉਂਕਿ ਮੁਗ਼ਲ ਸਾਮਰਾਜ ਦੇ ਪ੍ਰਬੰਧ ਵਿੱਚੋਂ ਬਾਹਰ ਸੀ ਅਤੇ ਪਹਾੜੀ ਰਾਜਪੂਤ ਰਾਜਿਆਂ ਦੀ ਰਿਆਸਤ ਵਿੱਚ ਸੀ। ਇਸ ਲਈ ਇੱਥੇ ਮੁਗ਼ਲ ਅਧਿਕਾਰੀਆਂ ਦੇ ਹਮਲੇ ਹੋਣ ਦੀ ਸੰਭਾਵਨਾ ਨਹੀਂ ਸੀ।

ਮੌਬੀਦ ਜ਼ੁਲਫਿਕਾਰ (ਮੋਹਸਿਨ ਫਾਨੀ) ਨੇ ਵੀ ਜੋ ਕੁੱਝ ਲਿਖਿਆ ਹੈ ਉਸ ਵਿੱਚ ਇਹੋ-ਜਿਹੀ ਜਾਣਕਾਰੀ ਹੀ ਮਿਲਦੀ ਹੈ। ਇਸ ਨੇ ਲਿਖਿਆ ਹੈ: "ਸ਼ਹਿਨਸ਼ਾਹ ਦੇ ਫੌਜੀ ਗੁਮਾਸ਼ਤੇ ਅਤੇ ਨੌਕਰ-ਚਾਕਰ, ਜੋ ਉਸ ਦੇ ਹੁਕਮ ਨਾਲ ਉਸ (ਗੁਰੂ) ਵਿਰੁੱਧ ਭੇਜੇ ਗਏ ਸਨ, ਨਾਲ ਜੰਗ ਹੋਈ। ਗੁਰੂ ਦਾ ਸਾਮਾਨ ਆਦਿ ਲੁੱਟ ਲਏ ਗਏ। ਉਹ (ਗੁਰੂ) ਕਰਤਾਰਪੁਰ ਦੇ ਇਲਾਕੇ ਵੱਲ ਚਲਾ ਗਿਆ। ਉੱਥੇ ਵੀ ਲੜਾਈ ਹੋਈ।... ਉਸ ਵੇਲੇ ਅਤੇ ਬਾਅਦ ਵਿੱਚ ਇੱਕ ਵੱਡਾ ਲਸ਼ਕਰ ਉਸ ਦੇ ਪਿੱਛੇ ਲੱਗ ਪਿਆ। ਰੱਬ ਦੀ ਕਿਰਪਾ ਨਾਲ ਉਹ ਬਚ ਕੇ ਨਿਕਲ ਗਿਆ। ਭਾਵੇਂ ਜੋ ਕੁਝ ਵੀ ਉਸ ਕੋਲ ਸੀ ਉਹ ਹੱਥੋਂ ਗੁਆ ਦਿੱਤਾ ਗਿਆ ਸੀ।... ਕਰਤਾਰਪੁਰ ਦੀ ਜੰਗ ਤੋਂ ਪਿੱਛੋਂ ਗੁਰੂ ਸਾਹਿਬ ਕੀਰਤਪੁਰ ਪਹੁੰਚ ਗਏ।"[56] ਇਸ ਟੂਕ ਤੋਂ ਇਹ ਗੱਲ ਸਾਬਤ ਹੁੰਦੀ ਹੈ ਕਿ ਮੁਗ਼ਲ ਸੈਨਾ ਦਾ ਇੱਕ ਵੱਡਾ ਦਲ ਅੰਮ੍ਰਿਤਸਰ ਦੀ ਲੜਾਈ ਤੋਂ ਲਗਾਤਾਰ ਗੁਰੂ ਹਰਿਗੋਬਿੰਦ ਸਾਹਿਬ ਦੇ ਪਿੱਛੇ ਪਿਆ ਹੋਇਆ ਸੀ। ਗੁਰੂ ਸਾਹਿਬ ਇਸ ਪਿੱਛੇ ਪਏ ਦਲ ਨਾਲ ਆਤਮ-ਰੱਖਿਆ ਲਈ ਲੜਾਈਆਂ ਕਰਦੇ ਰਹੇ ਸਨ ਅਤੇ ਵੱਖ-ਵੱਖ ਥਾਵਾਂ ਬਦਲਦੇ ਰਹਿੰਦੇ ਸਨ। ਇਹ ਦਲ ਲਗਾਤਾਰ ਪਿੱਛੇ ਪਿਆ ਹੋਇਆ ਸੀ। ਪਹਿਲਾਂ ਗੁਰੂ ਸਾਹਿਬ ਅੰਮ੍ਰਿਤਸਰ ਨੂੰ ਛੱਡ ਕੇ ਕਰਤਾਰਪੁਰ ਜਾਂ ਸ੍ਰੀ ਹਰਿਗੋਬਿੰਦਪੁਰ (ਬਿਆਸ ਕਿਨਾਰੇ) ਆ ਗਏ ਸਨ।

56 ਹਰਚੰਦ ਸਿੰਘ ਬੇਦੀ, (ਅਨੁ. ਤੇ ਸੰਪਾ.), ਗੰਡਾ ਸਿੰਘ, *ਸਿੱਖ ਇਤਿਹਾਸ ਸਰੋਤ ਪੁਸਤਕ*, ਪੰਨਾ 159.

ਹਮਲਾ ਇੱਥੇ ਹੋਇਆ। ਫਿਰ ਗੁਰੂ ਸਾਹਿਬ ਮਾਲਵਾ ਵਿੱਚ ਪਹੁੰਚ ਗਏ ਸਨ। ਹਮਲਾ ਅਤੇ ਲੜਾਈ ਇੱਥੇ ਹੋਈ। ਇੱਥੇ ਲੰਮਾ ਸਮਾਂ ਰਹਿਣ ਉਪਰੰਤ ਗੁਰੂ ਸਾਹਿਬ ਫਿਰ ਕਰਤਾਰਪੁਰ ਆਏ। ਉਮੀਦ ਸੀ ਇੰਨਾਂ ਸਮਾਂ ਬਾਹਰ ਰਹਿਣ ਉਪਰੰਤ ਹਾਲਾਤ ਆਮ ਵਰਗੇ ਹੋ ਗਏ ਹੋਣੇ ਨੇ। ਪਿੱਛੇ ਪਏ ਹੋਏ ਦਲ ਦੀ ਨਿਗਾਹ ਗੁਰੂ ਸਾਹਿਬ ਉੱਪਰ ਰੱਖੀ ਹੋਈ ਸੀ। ਜਿਉਂ ਹੀ ਗੁਰੂ ਸਾਹਿਬ ਮਾਲਵਾ ਵਿੱਚੋਂ ਵਾਪਿਸ ਕਰਤਾਰਪੁਰ ਆਏ, ਗੁਰੂ ਸਾਹਿਬ ਉੱਪਰ ਹਮਲਾ ਫਿਰ ਹੋ ਗਿਆ ਹੈ। ਕਰਤਾਰਪੁਰ ਤੋਂ ਲੈ ਕੇ ਫਗਵਾੜਾ ਤੱਕ ਲਗਾਤਾਰ ਹਮਲੇ ਹੋਣ ਦੀ ਗੱਲ ਤੋਂ ਪਤਾ ਲੱਗਦਾ ਹੈ ਪਿੱਛੇ ਪਏ ਦਲ ਨੇ ਹੁਣ ਨਿਸ਼ਚਾ ਧਾਰ ਲਿਆ ਸੀ ਕਿ ਜਦੋਂ ਤੱਕ ਗੁਰੂ ਸਾਹਿਬ ਨੂੰ ਮੁਗ਼ਲਾਂ ਦੀ ਧਰਤੀ ਤੋਂ ਬਾਹਰ ਨਹੀਂ ਕੱਢ ਦਿੱਤਾ ਜਾਂਦਾ ਉਦੋਂ ਤੱਕ ਹਮਲੇ ਕਰਦੇ ਰਹਿਣਾ ਹੈ। ਗੁਰੂ ਸਾਹਿਬ ਦਾ ਸਭ ਮਾਲ-ਅਸਬਾਬ ਤਬਾਹ ਕਰ ਦਿੱਤਾ ਗਿਆ ਸੀ। ਆਖਰ ਗੁਰੂ ਸਾਹਿਬ ਨੇ ਸਭ ਕੁਝ ਛੱਡ ਕੇ ਕੀਰਤਪੁਰ ਜਾਣ ਦਾ ਨਿਰਣਾ ਕਰ ਲਿਆ ਸੀ। ਕੀਰਤਪੁਰ ਪਹਾੜੀ ਰਾਜਿਆਂ ਦਾ ਰਿਆਸਤੀ ਇਲਾਕਾ ਸੀ। ਪਿੱਛਾ ਕਰ ਰਿਹਾ ਦਲ ਗੁਰੂ ਸਾਹਿਬ ਨੂੰ ਮੁਗ਼ਲ ਸਾਮਰਾਜ ਦੀ ਹੱਦ ਵਿੱਚੋਂ ਕੱਢ ਕੇ ਵਾਪਿਸ ਮੁੜ ਗਿਆ ਸੀ। ਇਸ ਸਮੇਂ (1634 ਈਸਵੀ) ਤੋਂ ਆਪਣੇ ਅੰਤਿਮ ਸਮੇਂ (1644 ਈਸਵੀ) ਤੱਕ ਕੀਰਤਪੁਰ ਸਾਹਿਬ ਰਹਿੰਦੇ ਰਹੇ ਸਨ। ਗੁਰੂ ਹਰਿਗੋਬਿੰਦ ਸਾਹਿਬ ਚੇਤ ਸੁਦੀ ਪੰਜ ਦਿਨ ਸ਼ੁਕਰਵਾਰ, ਨੌ ਘੜੀ ਰਾਤ ਗਈ ਸੰਮਤ 1701 ਬਿਕਰਮੀ ਨੂੰ ਕੀਰਤਰਪੁਰ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ ਸਨ।[57] ਇਸ ਮੁਤਾਬਕ 3 ਮਾਰਚ, 1644 ਈਸਵੀ ਸੀ।[58] ਜਿਹੜੀ ਮਿਤੀ ਸਾਲ ਮੋਹਸਿਨ ਫਾਨੀ ਨੇ ਆਪਣੀ ਲਿਖਤ ਵਿੱਚ ਦਿੱਤੀ ਹੈ ਉਹ ਗਲਤ ਹੈ।[59]

---

57 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ 249.

58 Teja Singh, Ganda Singh, *op.cit.*, p. 46.

59 Teja Singh, Ganda Singh, *op.cit.*, p. 46 ਅਤੇ ਹਰਚੰਦ ਸਿੰਘ ਬੇਦੀ, (ਅਨੁ. ਤੇ ਸੰਪਾ), ਗੰਡਾ ਸਿੰਘ, *ਸਿੱਖ ਇਤਿਹਾਸ ਸਰੋਤ ਪੁਸਤਕ,*, ਪੰਨਾ 177.

# ਅਧਿਆਇ-ਚੌਥਾ

# ਗੁਰੂ ਹਰਿ ਰਾਇ ਦੇ ਮਾਲਵਾ ਵਿਚਲੇ ਪਰਚਾਰ ਦੌਰੇ

ਗੁਰੂ ਹਰਿ ਰਾਇ ਸਾਹਿਬ ਸਿੱਖਾਂ ਦੇ ਸੱਤਵੇਂ ਗੁਰੂ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜ ਪੁੱਤਰ ਸਨ: ਗੁਰਦਿੱਤਾ, ਸੂਰਜ ਮੱਲ, ਅਣੀ ਰਾਏ, ਅਟੱਲ ਰਾਏ ਅਤੇ ਤੇਗ਼ ਬਹਾਦਰ। ਗੁਰਦਿੱਤਾ ਵੱਡੇ ਸਨ ਇਸ ਕਰਕੇ ਉਨ੍ਹਾਂ ਨੂੰ ਮੁੱਖ ਰੂਪ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੇ ਸੱਤਵੇਂ ਉੱਤਰਾਧਿਕਾਰੀ ਮੰਨਿਆ ਜਾਂਦਾ ਸੀ ਪਰ ਉਹ ਗੁਰੂ ਸਾਹਿਬ ਦੇ ਜੀਵਨ ਦੌਰਾਨ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਦੋ ਪੁੱਤਰ ਵੱਡੇ ਧੀਰ ਮੱਲ ਅਤੇ ਛੋਟੇ ਹਰਿ ਰਾਇ ਸਨ। ਧੀਰ ਮੱਲ ਦਾ ਬਚਪਨ ਤੋਂ ਸੁਭਾਅ ਅਜਿਹਾ ਸੀ ਕਿ ਉਹ ਧਰਮ-ਕਰਮ ਦੀ ਕਿਸੇ ਤਰ੍ਹਾਂ ਦੀ ਕਾਰਵਾਈ ਵਿੱਚ ਹਿੱਸਾ ਨਹੀਂ ਲੈਂਦੇ ਸਨ। ਹਰਿ ਰਾਇ ਆਪਣੇ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਦੀ ਹਜ਼ੂਰੀ ਵਿੱਚ ਰਹਿੰਦੇ ਸਨ ਅਤੇ ਹਰ ਤਰ੍ਹਾਂ ਦੀ ਕਾਰਵਾਈ ਵਿੱਚ ਸ਼ਾਮਿਲ ਹੁੰਦੇ ਰਹਿੰਦੇ ਸਨ। ਜਦੋਂ ਤੱਕ ਗੁਰਦਿੱਤਾ ਜੀਵਤ ਰਹੇ ਸਨ ਇਨ੍ਹਾਂ ਦੋਵੇਂ ਭਰਾਵਾਂ ਦੇ ਸੁਭਾਅ ਵਿਚਲਾ ਫ਼ਰਕ ਕਿਸੇ ਦੀ ਨਿਗ੍ਹਾ ਵਿੱਚ ਨਹੀਂ ਆਇਆ ਸੀ। ਜਦੋਂ ਗੁਰਦਿੱਤਾ ਆਪਣੀ ਜਵਾਨੀ ਦੀ ਉਮਰ ਵਿੱਚ ਸਵਰਗ ਸਿਧਾਰ ਗਏ ਤਾਂ ਹਰਿ ਰਾਇ ਆਮ ਸਿੱਖ ਸੰਗਤਾਂ ਦੀਆਂ ਨਿਗਾਹਾਂ ਵਿੱਚ ਆ ਗਏ ਸਨ। ਧੀਰ ਮੱਲ ਜ਼ਿਆਦਾਤਰ ਕਰਤਾਰਪੁਰ ਸਾਹਿਬ (ਜਲੰਧਰ) ਵਿਖੇ ਰਹਿੰਦਾ ਸੀ। ਸ਼ਾਇਦ ਗੁਰਦਿੱਤਾ ਦੇ ਅਕਾਲ ਚਲਾਣਾ ਕਰਨ ਨਾਲ ਉਨ੍ਹਾਂ ਦੀ ਧਰਮ-ਪਤਨੀ ਧੀਰ ਮੱਲ ਨਾਲ ਕੀਰਤਪੁਰ ਤੋਂ ਕਰਤਾਰਪੁਰ ਸਾਹਿਬ ਵਿਖੇ ਆਕੇ ਰਹਿਣ ਲੱਗ ਪਈ ਸੀ। ਹਰਿ ਰਾਇ ਗੁਰੂ ਸਾਹਿਬ ਕੋਲ ਕੀਰਤਪੁਰ ਸਾਹਿਬ ਵਿਖੇ ਸਨ। ਗੁਰੂ ਹਰਿਗੋਬਿੰਦ ਸਾਹਿਬ 48 ਸਾਲਾਂ ਦੀ ਉਮਰ ਵਿੱਚ ਜੋਤੀ-ਜੋਤ ਸਮਾ ਗਏ ਤਾਂ ਉਹ ਆਪਣੇ ਅੰਤਿਮ ਸਮੇਂ, ਆਪਣੇ ਛੋਟੇ ਪੋਤਰੇ ਹਰਿ ਰਾਇ ਨੂੰ ਗੁਰਿਆਈ ਸੌਂਪ ਗਏ ਸਨ। ਇਸ ਤਰ੍ਹਾਂ ਗੁਰੂ ਹਰਿ ਰਾਇ 14-15 ਸਾਲਾਂ ਦੀ ਉਮਰ ਵਿੱਚ ਸੱਤਵੇਂ ਗੁਰੂ (ਪਾਤਿਸ਼ਾਹ) ਬਣੇ।

ਗੁਰੂ ਹਰਿ ਰਾਇ ਸਾਹਿਬ ਦੀ ਜਨਮ ਮਿਤੀ ਬਾਰੇ ਲੇਖਕਾਂ ਵਿੱਚ ਇੱਕ ਮੱਤ ਨਹੀਂ ਹੈ। ਇਹ ਵਖਰੇਵਾਂ ਭਾਵੇਂ ਬਹੁਤ ਵੱਡਾ ਨਹੀਂ ਹੈ ਪਰ ਵਖਰੇਵਾਂ ਤਾਂ ਵਖਰੇਵਾਂ ਹੁੰਦਾ ਹੈ ਭਾਵੇਂ ਇੱਕ ਮਹੀਨੇ ਜਾਂ ਇੱਕ ਸਾਲ ਦਾ ਹੋਵੇ। ਗਿਆਨੀ ਗਿਆਨ ਸਿੰਘ ਨੇ ਗੁਰੂ ਹਰਿ ਰਾਇ ਸਾਹਿਬ ਦੇ ਜਨਮ ਨੂੰ ਬਿਆਨ ਕਰਦਿਆਂ ਲਿਖਿਆ ਹੈ ਕਿ

ਗੁਰੂ ਸਾਹਿਬ 13 ਮਾਘ ਸੁਦੀ ਦੂਜ, ਸੰਮਤ 1686 ਬਿਕਰਮੀ ਮੁਤਾਬਕ 1630 ਈਸਵੀ ਨੂੰ ਕੀਰਤਪੁਰ ਸਾਹਿਬ ਵਿਖੇ ਮਾਤਾ ਨਿਹਾਲ ਕੌਰ ਦੇ ਕੁੱਖੋਂ ਜਨਮੇ ਸਨ।[1] ਨਿਹਾਲ ਕੌਰ ਨੂੰ ਨੇਤੀ ਕਹਿ ਕੇ ਵੀ ਬੁਲਾਇਆ ਜਾਂਦਾ ਸੀ। ਮੈਕਾਲਿਫ਼ ਨੇ ਜਨਮ-ਮਿਤੀ ਲਿਖਦਿਆਂ ਇੱਕ ਸਾਲ ਦਾ ਫ਼ਰਕ ਪਾ ਦਿੱਤਾ ਹੈ। ਉਸ ਮੁਤਾਬਕ ਗੁਰੂ ਹਰਿ ਰਾਇ ਮਾਘ ਸੁਦੀ ਤੇਰਾਂ, ਸੰਮਤ 1687 ਬਿਕਰਮੀ ਮੁਤਾਬਕ 1631 ਈਸਵੀ ਵਿੱਚ ਪੈਦਾ ਹੋਏ ਸਨ।[2] ਤੇਜਾ ਸਿੰਘ ਗੰਡਾ ਸਿੰਘ ਨੇ ਜਨਮ 30 ਜਨਵਰੀ, 1630 ਈਸਵੀ ਲਿਖਿਆ ਹੈ[3] ਜਦੋਂ ਕਿ *ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ* ਵਿੱਚ ਜਨਮ 16 ਜਨਵਰੀ, 1630 ਈਸਵੀ ਦਾ ਲਿਖਿਆ ਹੈ।[4] ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਦਾ ਜਨਮ 20 ਮਾਘ (ਸੁਦੀ 13), ਸੰਮਤ 1686 ਬਿਕਰਮੀ ਮੁਤਾਬਕ 26 ਫਰਵਰੀ, 1630 ਈਸਵੀ ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ।[5]

ਇਹ ਲੇਖਕ ਇਤਿਹਾਸਿਕ ਤੌਰ ਤੇ ਪ੍ਰਵਾਨਿਤ ਹਨ ਪਰ ਇਹਨਾਂ ਵਿੱਚ ਮਿਤੀਆਂ ਦਾ ਵਖਰੇਵਾਂ ਹੈ। ਮਾਘ ਸੁਦੀ ਤੇਰਾਂ (ਤ੍ਰੌਦਸ) ਲੱਗਭੱਗ ਇੱਕ ਸਾਂਝੀ ਮਿਤੀ ਹੈ। ਸੰਮਤ ਸਾਲ ਵਿੱਚ ਸਾਲ 1686 ਅਤੇ 1687 ਬਿਕਰਮੀ ਦਾ ਹੈ। ਮੈਕਾਲਿਫ਼ ਨੇ ਸੰਮਤ 1687 ਪਤਾ ਨਹੀਂ ਕਿਸ ਆਧਾਰ ਤੇ ਲਿਖਿਆ ਹੈ ਉਸ ਤੋਂ ਪਹਿਲਾਂ ਸੰਮਤ 1686 ਬਿਕਰਮੀ ਚਲਦਾ ਆ ਰਿਹਾ ਸੀ। ਮੈਕਾਲਿਫ਼ ਨੂੰ ਚਾਹੀਦਾ ਸੀ ਉਹ ਆਪਣੇ ਵੱਲੋਂ ਦਿੱਤੇ ਗਏ ਜਨਮ-ਸਾਲ ਦੇ ਸਰੋਤ ਬਾਰੇ ਦੱਸੇ। ਬਾਕੀ ਸਭ ਨੇ 1630 ਈਸਵੀ ਲਿਖ ਕੇ ਸੰਮਤ 1686 ਬਿਕਰਮੀ ਦੀ ਪਰੋੜ੍ਹਤਾ ਕੀਤੀ ਹੈ। ਜਿਨ੍ਹਾਂ ਲੇਖਕਾਂ ਨੇ 1630 ਈਸਵੀ ਲਿਖ ਕੇ ਈਸਵੀ ਸਾਲ ਦੇ ਮਹੀਨੇ ਦੀ ਮਿਤੀ ਲਿਖੀ ਹੈ ਉਹ ਵੀ ਵੱਖ-ਵੱਖ ਹੈ। ਇਹ ਵਖਰੇਵਾਂ 30 ਜਨਵਰੀ, 16 ਜਨਵਰੀ ਅਤੇ 26 ਫਰਵਰੀ ਦਾ ਹੈ। ਇਹ ਕਿਉਂ? ਅਸਲ ਮਿਤੀ ਮਾਘ ਸੁਦੀ ਤੇਰ੍ਹਾਂ ਹੈ। ਇਸ ਲਈ ਸਾਨੂੰ ਅਸਲ ਜਨਮ-ਮਿਤੀ ਮਾਘ ਸੁਦੀ ਤੇਰਾਂ, ਸੰਮਤ 1686 ਬਿਕਰਮੀ ਮੰਨਣੀ ਚਾਹੀਦੀ ਹੈ।

---

1 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ* (ਪੱਥਰ ਛਾਪ), ਸਿਆਲਕੋਟ, 1891, ਪੰਨਾ-250.

2 ਮੈਕਸ ਆਰਥਰ ਮੈਕਾਲਿਫ਼, *ਸਿੱਖ ਧਰਮ ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ* (ਪੰਜਾਬੀ ਅਨੁਵਾਦ), ਜਿਲਦ ਚੌਥੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਪੰਨਾ-172.

3 Teja Singh, Ganda Singh, *A Short History of the Sikhs*, Punjabi University, Patiala, 1999, p. 47.

4 Harbans Singh (Chief Ed.), *Encyclopaedia of Sikhism*, Vol. II, Punjabi University, Patiala, 2001, p. 261.

5 ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1990, ਪੰਨਾ-267.

ਗੁਰੂ ਹਰਿ ਰਾਇ ਸਾਹਿਬ ਨੇ 14-15 ਸਾਲਾਂ ਦੀ ਉਮਰ ਵਿੱਚ ਗੁਰਗੱਦੀ ਸੰਭਾਲੀ ਸੀ। ਗੁਰਗੱਦੀ ਨੂੰ ਸੰਭਾਲਣ ਦਾ ਸਮਾਂ ਸੰਕਟਮਈ ਸੀ। ਗੁਰੂ ਹਰਿਗੋਬਿੰਦ ਸਾਹਿਬ ਦਾ ਲੱਗਭੱਗ ਸਾਰਾ ਸਮਾਂ ਸੰਕਟਮਈ ਸੀ। ਉਨ੍ਹਾਂ ਨੂੰ ਹਕੂਮਤੀ ਅਧਿਕਾਰੀਆਂ ਦੇ ਅਨੇਕਾਂ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਸੀ। ਇਨ੍ਹਾਂ ਹਮਲਿਆਂ ਤੋਂ ਛੁਟਕਾਰਾ ਉਸ ਸਮੇਂ ਮਿਲਿਆ ਜਦੋਂ ਗੁਰੂ ਸਾਹਿਬ ਅੰਮ੍ਰਿਤਸਰ, ਕਰਤਾਰਪੁਰ ਆਦਿ ਜੱਦੀ ਰਿਹਾਇਸ਼ੀ ਥਾਵਾਂ ਨੂੰ ਛੱਡ ਕੇ ਕੀਰਤਪੁਰ ਸਾਹਿਬ ਵਿਖੇ ਆ ਗਏ ਸਨ। ਕੀਰਤਪੁਰ ਸਾਹਿਬ ਵਿਖੇ ਆ ਕੇ ਰਹਿਣਾ ਇੱਕ ਕਿਸਮ ਦਾ ਮਜ਼ਬੂਰੀ ਸੀ। ਅੰਮ੍ਰਿਤਸਰ, ਤਰਨ-ਤਾਰਨ ਅਤੇ ਫਿਰ ਕਰਤਾਰਪੁਰ ਅਤੇ ਸ੍ਰੀ ਹਰਿਗੋਬਿੰਦਪੁਰ ਦਾ ਖੁੱਸ ਜਾਣਾ ਦੁੱਖਦਾਈ ਘਟਨਾਵਾਂ ਸਨ। ਦੁੱਖਦਾਈ ਗੱਲ ਇਹ ਸੀ ਅੰਮ੍ਰਿਤਸਰ ਵਿਖੇ ਸਾਰੀਆਂ ਥਾਵਾਂ ’ਤੇ ਪ੍ਰਿਥੀ ਚੰਦ ਦੀ ਔਲਾਦ ਮਿਹਰਬਾਨ ਦਾ ਕਬਜ਼ਾ ਸੀ। ਇਹ ਗੱਲਾਂ ਸਿੱਖਾਂ ਨੂੰ ਚਿੜਾਉਣ ਵਾਲੀਆਂ ਸਨ।

ਇਸ ਤਰ੍ਹਾਂ ਅਨਿਸ਼ਚਤ ਮਾਹੌਲ ਵਿੱਚ ਗੁਰੂ ਹਰਿ ਰਾਇ ਸਾਹਿਬ ਨੇ ਗੁਰਿਆਈ ਸੰਭਾਲੀ ਸੀ। ਇਸ ਸਮੇਂ ਤੱਕ ਗੁਰੂ ਅਰਜਨ ਦੇਵ ਵੱਲੋਂ ਸਥਾਪਿਤ ਕੀਤੀ ਗਈ ਮਸੰਦ-ਪ੍ਰਥਾ ਪੂਰੀ ਮਜ਼ਬੂਤੀ ਨਾਲ ਚੱਲ ਰਹੀ ਸੀ। ਪਹਿਲਾਂ ਪ੍ਰਿਥੀ ਚੰਦ ਵੱਲੋਂ ਮਸੰਦਾਂ ਨੂੰ ਆਪਣੇ ਨਾਲ ਰਲਾ ਲਿਆ ਸੀ ਪਰ ਸਿੱਖ ਸੰਗਤਾਂ ਨੇ ਮਸੰਦ-ਪ੍ਰਥਾ ਨੂੰ ਫਿਰ ਤੋਂ ਸਹੀ ਲੀਹਾਂ ’ਤੇ ਤੋਰ ਲਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸਿੱਖ-ਸੰਗਤਾਂ ਨੂੰ ਸਵੈ-ਰੱਖਿਆ ਲਈ ਹਥਿਆਰਬੰਦ ਕਰਕੇ, ਬਿਗੜੇ ਹੋਏ ਮਸੰਦਾਂ ਨੂੰ ਇਹ ਸੰਦੇਸ਼ ਦੇ ਦਿੱਤਾ ਗਿਆ ਕਿ ਸਿੱਖ ਸੰਗਤਾਂ ਜੇਕਰ ਸਰਕਾਰੀ ਅਧਿਕਾਰੀਆਂ ਖਿਲਾਫ਼ ਖੜੀਆਂ ਹੋ ਸਕਦੀਆਂ ਹਨ ਤਾਂ ਉਹ ਜ਼ਰੂਰਤ ਪੈਣ ਤੇ ਬਿਗੜੇ ਮਸੰਦਾਂ ਦੀ ਸੁਧਾਈ ਕਰ ਸਕਦੀਆਂ ਹਨ। ਇਸ ਗੱਲ ਨੇ ਕੁਝ ਢਿੱਲੇ-ਮੱਠੇ ਮਸੰਦਾਂ ਨੂੰ ਖ਼ਬਰਦਾਰ ਕਰ ਦਿੱਤਾ ਸੀ।

ਗੁਰੂ ਹਰਿ ਰਾਇ ਸਾਹਿਬ ਨੇ ਕੁਝ ਸਮਾਂ ਕੀਰਤਪੁਰ ਵਿਖੇ ਰਹਿ ਕੇ ਸਿੱਖ ਧਰਮ ਦੇ ਪਰਚਾਰ ਦਾ ਪ੍ਰਬੰਧ ਕੀਤਾ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਗੁਰੂ ਨਾਨਕ ਸਾਹਿਬ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਗੁਰੂ ਹਰਿਗੋਬਿੰਦ ਸਾਹਿਬ ਨੂੰ ਅਸਲੀ ਗੁਰੂ ਹੋਣ ਦੀ ਮਾਣਤਾ ਦੇ ਚੁੱਕੇ ਸਨ। ਇਸ ਮਾਣਤਾ ਵਜੋਂ ਬਾਬਾ ਸ੍ਰੀ ਚੰਦ ਗੁਰੂ ਹਰਿਗੋਬਿੰਦ ਸਾਹਿਬ ਦੇ ਵੱਡੇ ਸਪੁੱਤਰ ਗੁਰਦਿੱਤਾ ਨੂੰ ਆਪਣੀ ਗੋਦ ਲੈ ਚੁੱਕੇ ਸਨ। ਗੋਦ ਲੈਣ ਦਾ ਮਤਲਬ ਸੀ ਕਿ ਬਾਬਾ ਸ੍ਰੀ ਚੰਦ ਨੇ ਗੁਰਦਿੱਤਾ ਨੂੰ ਆਪਣਾ ਵਾਰਿਸ ਬਣਾ ਦਿੱਤਾ ਸੀ। ਗੁਰੂ ਹਰਿਗੋਬਿੰਦ ਸਾਹਿਬ ਦਾ ਵਾਰਿਸ ਗੁਰਦਿੱਤਾ ਨੂੰ ਮੰਨਿਆ ਜਾ ਰਿਹਾ ਸੀ। ਇਸ ਦਾ ਭਾਵ ਸਿੱਖ ਧਰਮ ਦੇ ਸੱਤਵੇਂ ਪਾਤਿਸ਼ਾਹ ਪੂਰੀ ਤਰ੍ਹਾਂ ਬਾਬਾ ਸ੍ਰੀ ਚੰਦ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਵਾਰਿਸ ਹੋਣੇ ਸਨ। ਬਾਬਾ ਸ੍ਰੀ ਚੰਦ ਗੁਰੂ

ਰਾਮਦਾਸ ਦੇ ਸਮੇਂ ਤੋਂ ਗੁਰਗੱਦੀ ਨੂੰ ਮਾਣਤਾ ਦੇ ਚੁੱਕੇ ਸਨ ਪਰ ਗੁਰੂ ਹਰਿਗੋਬਿੰਦ ਸਾਹਿਬ ਸਮੇਂ ਤਾਂ ਉਨ੍ਹਾਂ ਨੇ ਖੁੱਲ੍ਹੇਆਮ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਗੁਰੂ ਨਾਨਕ ਸਾਹਿਬ ਦਾ ਅਸਲੀ ਛੇਵਾਂ ਵਾਰਿਸ ਮੰਨ ਲਿਆ ਸੀ। ਇੱਕ ਗੱਲ ਇਹ ਵੀ ਮੰਨੀ ਜਾਂਦੀ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਦੀ ਕੈਦ ਵਿੱਚੋਂ ਰਿਹਾ ਇਸ ਕਰਕੇ ਕੀਤਾ ਗਿਆ ਸੀ ਕਿਉਂਕਿ ਬਾਦਸ਼ਾਹ ਜਹਾਂਗੀਰ ਨੇ ਬਾਬਾ ਸ੍ਰੀ ਚੰਦ ਕੋਲੋਂ ਜਾਣ ਲਿਆ ਸੀ ਕਿ ਗੁਰੂ ਨਾਨਕ ਸਾਹਿਬ ਦਾ ਅਸਲ ਉੱਤਰਾਧਿਕਾਰੀ ਗੁਰੂ ਹਰਿਗੋਬਿੰਦ ਸਾਹਿਬ ਹੈ ਮਿਹਰਬਾਨ ਨਹੀਂ।[6]

ਇਸ ਲਈ ਜਦੋਂ ਬਾਬਾ ਸ੍ਰੀ ਚੰਦ ਨੇ ਗੁਰਦਿੱਤਾ ਨੂੰ ਆਪਣਾ ਵਾਰਿਸ ਮੰਨ ਲਿਆ ਸੀ ਉਨ੍ਹਾਂ (ਗੁਰਦਿੱਤਾ) ਨੇ ਬਾਬਾ ਸ੍ਰੀ ਚੰਦ ਦੇ ਨਿਯੁਕਤ ਕੀਤੇ ਉਦਾਸੀ ਸੰਤਾਂ ਨੂੰ ਜੱਥੇਬੰਦ ਕਰਨਾ ਸ਼ੁਰੂ ਕਰ ਦਿੱਤਾ ਸੀ। ਪਰ ਗੁਰਦਿੱਤਾ, ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਦੌਰਾਨ ਸਵਰਗ ਸਿਧਾਰ ਗਏ ਸਨ। ਗੁਰਦਿੱਤਾ ਦੇ ਅਕਾਲ ਚਲਾਣਾ ਕਰ ਜਾਣ 'ਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਉਦਾਸੀ ਸੰਤਾਂ ਨੂੰ ਨਿਯੁਕਤ ਕਰਨਾ ਪਿਆ ਸੀ। ਅਲਮਸਤ ਉਦਾਸੀ ਸੰਤ ਦੀ ਬੇਨਤੀ ਤੇ ਗੁਰੂ ਹਰਿਗੋਬਿੰਦ ਸਾਹਿਬ ਨਾਨਕ ਮਤੇ (ਯੂ.ਪੀ.) ਗਏ ਸਨ। ਇਸ ਕਰਕੇ ਗੁਰੂ ਹਰਿ ਰਾਇ ਸਾਹਿਬ ਨੇ ਸੱਤਵੇਂ ਪਾਤਿਸ਼ਾਹ ਦੇ ਰੂਪ ਵਿੱਚ ਪਹਿਲਾ ਕੰਮ ਉਦਾਸੀ ਸੰਤਾਂ ਨੂੰ ਵੱਖ-ਵੱਖ ਥਾਵਾਂ 'ਤੇ ਸਿੱਖ ਧਰਮ ਦੇ ਪਰਚਾਰਕ ਨਿਯੁਕਤ ਕੀਤਾ ਸੀ। ਇਸ ਦੀ ਇੱਕ ਮਿਸਾਲ ਭਗਵਾਨ ਗਿਰ ਦੀ ਲਿਖਤੀ ਰੂਪ ਵਿੱਚ ਮਿਲਦੀ ਹੈ। ਇਸ ਭਗਵਾਨ ਗਿਰ ਦੀ ਸਾਖੀ ਨੂੰ ਗਿਆਨੀ ਗਿਆਨ ਸਿੰਘ ਅਤੇ ਮੈਕਾਲਿਫ਼ ਨੇ ਆਪਣੀ ਆਪਣੀ ਲਿਖਤ ਵਿੱਚ ਦਿੱਤਾ ਹੈ। ਗਿਆਨੀ ਗਿਆਨ ਸਿੰਘ ਨੇ ਇਸ ਸਾਖੀ ਨੂੰ ਸੰਖੇਪ ਵਿੱਚ ਦਿੱਤਾ ਹੈ ਜਦੋਂ ਕਿ ਮੈਕਾਲਿਫ਼ ਨੇ ਵਿਸਥਾਰ ਵਿੱਚ। ਸਾਖੀ ਇਸ ਤਰ੍ਹਾਂ ਹੈ:

ਭਗਵਾਨ ਗਿਰ ਬਾਬਾ ਸ੍ਰੀ ਚੰਦ ਦੇ ਸਮੇਂ ਤੋਂ ਆਪਣੇ ਤਰੀਕੇ ਨਾਲ ਸਿੱਖ ਧਰਮ ਦਾ ਪਰਚਾਰ ਕਰਦਾ ਸੀ। ਜਦੋਂ ਤੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਉਦਾਸੀ ਸੰਤਾਂ ਦਾ ਪ੍ਰਬੰਧ ਸੰਭਾਲਿਆ ਸੀ ਉਸ ਸਮੇਂ ਤੋਂ ਲੈ ਕੇ ਭਗਵਾਨ ਗਿਰ ਪਹਿਲਾਂ ਵਾਂਗ ਪਰਚਾਰਕ ਬਣਿਆ ਆ ਰਿਹਾ ਸੀ। ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਨਹੀਂ ਕੀਤੇ ਸਨ। ਇਸ ਲਈ ਇੱਕ ਤਾਂ ਸਿੱਖ ਸੰਗਤਾਂ ਵੱਲੋਂ ਉਸ ਦੇ ਕੀਤੇ ਧਰਮ-ਪਰਚਾਰ ਨੂੰ ਮਾਣਤਾ ਨਹੀਂ ਮਿਲਦੀ ਸੀ। ਦੂਜਾ ਉਸ ਨੂੰ ਸਿੱਖ ਸੰਗਤਾਂ ਦਾ ਪੂਰਾ ਸਹਿਯੋਗ ਨਹੀਂ ਮਿਲਦਾ ਸੀ। ਉਹ ਦੁਖੀ ਹੋ ਕੇ ਇੱਕ ਦਿਨ ਡੇਰਾ ਬਾਬਾ ਨਾਨਕ ਵਿਖੇ, ਉੱਥੋਂ ਦੇ ਉਸ ਸਮੇਂ ਦੇ ਮੁਖੀ ਬਾਬਾ ਮਿਹਰ ਚੰਦ ਕੋਲ ਪਹੁੰਚ

---

6 ਈਸ਼ਰ ਸਿੰਘ ਨਾਰਾ, *ਵਿਸਾਖ ਨਹੀਂ ਕੱਤਕ*, ਦਿੱਲੀ, 1970, ਪੰਨਾ-106.

ਗਿਆ। ਬਾਬਾ ਮਿਹਰ ਚੰਦ ਗੁਰੂ ਨਾਨਕ ਸਾਹਿਬ ਦੇ ਪੋਤਰੇ (ਲਖਮੀ ਦਾਸ ਦੇ ਪੁੱਤਰ) ਸਨ ਅਤੇ ਡੇਰਾ ਬਾਬਾ ਨਾਨਕ ਦੇ ਨਿਗਰਾਨ ਸਨ। ਭਗਵਾਨ ਗਿਰ ਨੂੰ ਪਤਾ ਨਹੀਂ ਸੀ ਕਿ ਉਸ ਸਮੇਂ ਸਿੱਖ ਧਰਮ ਦਾ ਗੁਰੂ ਕੌਣ ਹੈ। ਇਸ ਲਈ ਉਹ ਸਭ ਕੁਝ ਜਾਨਣ ਲਈ ਅਤੇ ਆਪਣਾ ਮਸਲਾ ਹੱਲ ਕਰਵਾਉਣ ਲਈ ਬਾਬਾ ਮਿਹਰ ਚੰਦ ਕੋਲ ਪਹੁੰਚ ਗਿਆ ਸੀ। ਉਸ ਦਾ ਮਸਲਾ ਸੁਣਨ ਉਪਰੰਤ ਬਾਬਾ ਮਿਹਰ ਚੰਦ ਨੇ ਉਸ ਨੂੰ ਸਿੱਖ ਗੁਰੂ ਸਾਹਿਬਾਨਾਂ ਬਾਰੇ ਸਾਰੀ ਗੱਲ ਸਮਝਾਈ ਅਤੇ ਦੱਸਿਆ ਕਿ ਬਾਬਾ ਸ੍ਰੀ ਚੰਦ ਪਿੱਛੋਂ ਉਦਾਸੀ ਸੰਤਾਂ ਦੇ ਸਮੁੱਚੇ ਪ੍ਰਬੰਧ ਨੂੰ ਹੁਣ ਗੁਰੂ ਸਾਹਿਬਾਨ ਦੇਖ ਰਹੇ ਹਨ। ਇਸ ਸਮੇਂ ਗੁਰੂ ਹਰਿ ਰਾਇ ਸਾਹਿਬ ਹਨ ਜਿਹੜੇ ਕੀਰਤਪੁਰ ਸਾਹਿਬ ਵਿਖੇ ਰਹਿ ਰਹੇ ਹਨ। ਉਸ ਨੂੰ ਸਾਰੇ ਦਿਸ਼ਾ-ਨਿਰਦੇਸ਼ ਗੁਰੂ ਹਰਿ ਰਾਇ ਸਾਹਿਬ ਤੋਂ ਲੈਣੇ ਚਾਹੀਦੇ ਹਨ। ਇਸ ਕਰਕੇ ਭਗਵਾਨ ਗਿਰ ਗੁਰੂ ਹਰਿ ਰਾਇ ਸਾਹਿਬ ਦੀ ਹਜ਼ੂਰੀ ਵਿੱਚ ਕੀਰਤਪੁਰ ਸਾਹਿਬ ਵਿਖੇ ਪਹੁੰਚ ਗਿਆ।[7]

ਮੈਕਾਲਿਫ਼ ਲਿਖਦਾ ਹੈ ਜਦੋਂ ਭਗਵਾਨ ਗਿਰ ਗੁਰੂ ਹਰਿ ਰਾਇ ਸਾਹਿਬ ਦੀ ਹਜੂਰੀ ਵਿੱਚ ਪਹੁੰਚਿਆ ਸੀ ਤਾਂ ਬਹੁਤ ਪਸ਼ਚਾਤਾਪ ਕਰਦਾ ਹੋਇਆ ਗੁਰੂ ਸਾਹਿਬ ਕੋਲੋਂ ਮੁਆਫ਼ੀ ਮੰਗਣ ਲਗਿਆ ਕਿ ਉਸ ਨੂੰ ਕਿਸੇ ਗੱਲ ਦਾ ਪਤਾ ਨਹੀਂ ਸੀ। ਗੁਰੂ ਸਾਹਿਬ ਨੇ ਉਸ ਨੂੰ ਮੁਆਫ਼ ਕਰ ਦਿੱਤਾ ਅਤੇ ਆਪਣੇ ਵੱਲੋਂ ਉਸ ਨੂੰ ਸਿੱਖ ਧਰਮ ਦਾ ਪ੍ਰਚਾਰਕ ਥਾਪਿਆ ਅਤੇ ਸਿਰੋ-ਪਾਓ ਦੇ ਕੇ ਪੰਜਾਬ ਤੋਂ ਬਾਹਰਲੇ ਇਲਾਕਿਆਂ ਵਿੱਚ ਭੇਜਿਆ। ਗੁਰੂ ਸਾਹਿਬ ਨੇ ਇਹ ਕਿਹਾ ਉਹ ਇੱਕ ਮਨ ਅਤੇ ਇੱਕ-ਚਿੱਤ ਨਾਲ ਗੁਰੂ ਨਾਨਕ ਸਾਹਿਬ ਦੇ ਮੱਤ ਦਾ ਪਰਚਾਰ ਕਰੇ ਬਾਹਰਲੇ ਖੇਤਰਾਂ ਦੀਆਂ ਸਾਰੀਆਂ ਸਿੱਖ-ਸੰਗਤਾਂ ਉਸ ਨਾਲ ਸਹਿਯੋਗ ਕਰਨਗੀਆਂ। ਉਸ ਸਮੇਂ ਤੋਂ ਉੱਤਰੀ ਭਾਰਤ ਵਿੱਚ ਭਗਵਾਨ ਗਿਰ ਨੇ ਗੁਰੂ ਨਾਨਕ ਦੇ ਮੱਤ ਦਾ ਪੂਰਾ ਪਰਚਾਰ ਕੀਤਾ ਸੀ।[8]

ਇੱਕ ਸਾਖੀ ਭਾਈ ਗੋਂਦਾ ਨੂੰ ਕਾਬੁਲ ਵਿਖੇ, ਪਰਚਾਰਕ ਥਾਪ ਕੇ ਭੇਜਣ ਦੀ ਮਿਲਦੀ ਹੈ। ਗੁਰੂ ਨੇ ਭਾਈ ਗੋਂਦਾ ਨੂੰ ਇਹ ਆਦੇਸ਼ ਦਿੱਤੇ ਸਨ ਕਿ ਕਾਬੁਲ ਵਿੱਚ ਮੁਸਲਮਾਨੀ ਮੱਤ ਹੈ ਇਸ ਲਈ ਉੱਥੇ ਬਹੁਤ ਸਾਵਧਾਨੀ ਨਾਲ ਨਾਨਕ ਸਾਹਿਬ ਦੇ ਨਾਮ ਦਾ ਪਰਚਾਰ ਕਰਨਾ ਹੋਵੇਗਾ। ਇਸ ਤਰ੍ਹਾਂ ਭਾਈ ਗੋਂਦਾ ਨੇ ਕਾਬਲ

---

7 ਮੈਕਾਲਿਫ਼, *ਸਿੱਖ ਧਰਮ ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ* (ਪੰਜਾਬੀ ਅਨੁਵਾਦ), ਜਿਲਦ ਚੌਥੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਪੰਨਾ-172.

8 *ਉਹੀ,* ਪੰਨਾ *ਉਹੀ*।

ਪਹੁੰਚ ਕੇ ਸਿੱਖਾਂ ਦੇ ਇੱਕ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਇਕ ਸਾਂਝਾ ਗੁਰਦੁਆਰਾ ਸਥਾਪਿਤ ਕੀਤਾ ਅਤੇ ਲੰਗਰ ਦੀ ਸ਼ੁਰੂਆਤ ਕੀਤੀ।[9]

ਭਾਈ ਕਾਨ੍ਹ ਸਿੰਘ ਨਾਭਾ ਨੇ ਭਾਈ ਗੋਂਦਾ ਬਾਰੇ ਲਿਖਿਆ ਹੈ: "ਸਤਿਗੁਰੂ ਹਰਿ ਰਾਇ ਜੀ ਦਾ ਇੱਕ ਪ੍ਰੇਮੀ ਸਿੱਖ ਜਿਸ ਨੂੰ ਗੁਰੂ ਸਾਹਿਬ ਨੇ ਪ੍ਰਚਾਰ ਲਈ ਕਾਬੁਲ ਭੇਜਿਆ। ਇਸ ਨੇ ਇੱਕ ਵੇਰ ਧਯਾਨ ਵਿੱਚ ਚਰਨ ਫੜ ਕੇ ਗੁਰੂ ਸਾਹਿਬ ਨੂੰ ਚਿਰ ਤੀਕ ਕੀਰਤਪੁਰ ਬੈਠੇ ਅਚੱਲ ਕਰ ਰੱਖਿਆ ਸੀ।"[10] ਭਾਈ ਗੋਂਦਾ ਲਗਾਤਾਰ ਗੁਰੂ ਹਰਿ ਰਾਇ ਸਾਹਿਬ ਦੇ ਸੰਪਰਕ ਵਿੱਚ ਰਹਿੰਦੇ ਸਨ ਅਤੇ ਉਹ ਹਰ ਵਿਸਾਖੀ 'ਤੇ ਗੁਰੂ ਕੋਲ ਆਪਣੀ ਸਿੱਖ ਸੰਗਤ ਨੂੰ ਲੈ ਕੇ ਪਹੁੰਚਦੇ ਸਨ। ਗੁਰੂ ਸਾਹਿਬ ਨੇ ਭਾਈ ਗੋਂਦਾ ਨੂੰ ਇਹ ਆਦੇਸ਼ ਦੇ ਰੱਖੇ ਸਨ ਕਿ ਉਹ ਕਾਬੁਲ ਵਿਖੇ ਗੁਰੂ ਨਾਨਕ ਦੇਵ ਦੇ ਬਿਰਾਜਣ ਵਾਲੀ ਥਾਂ ਦੀ ਤਲਾਸ਼ ਕਰਨ ਅਤੇ ਉਥੇ ਕਥਾ-ਕੀਰਤਨ ਕਰਨ ਦਾ ਪ੍ਰਬੰਧ ਕਰਨ।

ਮੈਕਾਲਿਫ਼ ਨੇ ਵਿਸਾਖੀ ਦੇ ਇੱਕ ਤਿਉਹਾਰ 'ਤੇ ਗੁਰੂ ਕੋਲ ਇਕੱਠੀ ਹੋਈ ਸੰਗਤ ਕੋਲੋਂ ਇਹ ਸਵਾਲ ਪੁੱਛਣ ਦੀ ਸਾਖੀ ਦਿੱਤੀ ਹੈ ਜਿਸ ਵਿੱਚ ਗੁਰੂ ਸਾਹਿਬ ਸਿੱਖ ਸੰਗਤਾਂ ਕੋਲੋਂ ਪੁੱਛ ਰਹੇ ਹਨ ਕਿ ਜਦੋਂ ਰਾਤ ਨੂੰ ਲੰਗਰ ਵਰਤ ਚੁੱਕਿਆ ਹੁੰਦਾ ਹੈ ਅਤੇ ਸਭ ਕੁੱਝ ਸਮੇਟ ਦਿੱਤਾ ਜਾਂਦਾ ਹੈ ਤਾਂ ਸਭ ਕੁਝ ਸਮੇਟਣ ਤੋਂ ਬਾਅਦ ਜੇਕਰ ਕੋਈ ਮੁਸਾਫਿਰ ਲੰਗਰ ਵਿੱਚ ਪਹੁੰਚ ਕੇ ਲੰਗਰ ਦੀ ਮੰਗ ਕਰਦਾ ਹੈ ਫਿਰ ਸੰਗਤ ਜਾਂ ਲਾਂਗਰੀ ਕੀ ਕਰਦੇ ਹਨ? ਜਿੰਮੇਵਾਰ ਲਾਂਗਰੀ ਅਧਿਕਾਰੀਆਂ ਨੇ ਇਸ ਗੱਲ ਦੇ ਵੱਖਰੇ-ਵੱਖਰੇ ਜਵਾਬ ਦਿੱਤੇ। ਕਿਸੇ ਨੇ ਕਿਹਾ ਲੰਗਰ ਦੀ ਸਮਾਪਤੀ ਕਰਨ ਤੋਂ ਬਾਅਦ ਲੰਗਰ ਬੰਦ ਕਰ ਦਿੱਤਾ ਜਾਂਦਾ ਹੈ ਕਿਉਂਕਿ ਬੇਹੀ ਦਾਲ-ਸਬਜ਼ੀ ਖਰਾਬ ਹੋ ਜਾਂਦੀ ਹੈ। ਕਿਸੇ ਨੇ ਜਵਾਬ ਦਿੱਤਾ ਲਾਂਗਰੀ ਸਾਰੇ ਦਿਨ ਦੀ ਸੇਵਾ ਕਰਕੇ ਥੱਕੇ ਹੁੰਦੇ ਹਨ ਇਸ ਕਰਕੇ ਸਭ ਨੇ ਲੰਗਰ ਬੰਦ ਕਰਕੇ ਸੌਣਾ ਹੁੰਦਾ ਹੈ, ਆਦਿ। ਇਹ ਸੁਣ ਕੇ ਗੁਰੂ ਸਾਹਿਬ ਨੇ ਸਮੂਹ ਮਸੰਦਾਂ, ਪਰਚਾਰਕਾਂ ਅਤੇ ਜਿੰਮੇਵਾਰ ਸੱਜਣਾ ਨੂੰ ਸਿੱਖਿਆ ਦਿੰਦਿਆਂ ਉਪਦੇਸ਼ ਕੀਤਾ ਕਿ ਗੱਲ ਤੁਹਾਡੀ ਸਭ ਦੀ ਠੀਕ ਹੈ। ਪਰ ਜਦੋਂ ਕੋਈ ਮੁਸਾਫਿਰ ਦੇਰ ਰਾਤ ਗਈ ਤੋਂ ਸਾਡੇ ਲੰਗਰ ਵਿੱਚ ਪਹੁੰਚਦਾ ਹੈ ਤਾਂ ਉਸ ਦੇ ਮਨ ਵਿੱਚ ਇਹ ਗੱਲ ਸਮਾਈ ਹੁੰਦੀ ਹੈ ਕਿ ਇੰਨੀ ਰਾਤ ਗਈ ਤੋਂ ਉਸ ਨੂੰ ਗੁਰੂ ਦੇ ਲੰਗਰ ਵਿੱਚੋਂ ਕੁਝ ਨਾ ਕੁਝ

---

9 *ਉਹੀ,* ਪੰਨੇ 177-78.

10 ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 429.

ਖਾਣ ਨੂੰ ਜ਼ਰੂਰ ਮਿਲ ਜਾਵੇਗਾ। ਉਸ ਦਾ ਗੁਰੂ ਵਿੱਚ ਭਰੋਸਾ ਹੋਣ ਕਰਕੇ ਉਸ ਦੇ ਮਨ ਵਿੱਚ ਇਹ ਨਿਸ਼ਚਾ ਬਣਿਆ ਹੁੰਦਾ ਹੈ। ਪਰ ਜਦੋਂ ਉਹ ਲੰਗਰ ਨੂੰ ਬੰਦ ਪਿਆ ਦੇਖਦਾ ਹੈ ਤਾਂ ਉਸ ਦਾ ਇਹ ਭਰੋਸਾ ਟੁੱਟ ਜਾਂਦਾ ਹੈ। ਗੁਰੂ ਹੋਰ ਸਭ-ਕੁਝ ਸਹਿ ਸਕਦਾ ਹੈ ਲੇਕਿਨ ਆਪਣੇ ਸਿੱਖ ਦੇ ਭਰੋਸੇ ਦਾ ਟੁੱਟ ਜਾਣਾ ਨਹੀਂ ਸਹਿ ਸਕਦਾ। ਇਸ ਲਈ ਕੁਝ ਵੀ ਕਰੋ, ਇੱਕ ਤਾਂ ਥੋੜ੍ਹਾ-ਬਹੁਤ ਲੰਗਰ ਬਚਾ ਕੇ ਜ਼ਰੂਰ ਰੱਖੋ। ਦੂਜਾ ਇੱਕ ਸਿੱਖ ਦੀ ਜਿੰਮੇਵਾਰੀ ਰਾਤ ਦਾ ਪਹਿਰਾ ਦੇਣ ਦੀ ਲਾਕੇ ਰੱਖੋ ਤਾਂ ਕਿ ਲੰਗਰ ਬੰਦ ਹੋ ਜਾਣ ਤੋਂ ਪਿੱਛੋਂ ਵੀ ਦੇਰ ਰਾਤ ਨੂੰ ਆਏ ਮੁਸਾਫਿਰ ਨੂੰ ਖਾਣ ਨੂੰ ਕੁਝ ਨਾ ਕੁਝ ਮਿਲ ਸਕੇ। ਇਸ ਤਰ੍ਹਾਂ ਇਸ ਗੱਲ ਨੂੰ ਨਿਸ਼ਚਤ ਕਰੋ ਕਿ ਮੁਸਾਫਿਰ ਦਾ ਗੁਰੂ ਦੇ ਲੰਗਰ ਵਿਚੋਂ ਨਿਸ਼ਚਾ ਨਾ ਟੁੱਟੇ। ਉਸ ਨੂੰ ਦੇਰ ਰਾਤ ਨੂੰ ਆਏ ਨੂੰ ਵੀ ਲੰਗਰ ਮਿਲੇ। ਲੋੜਵੰਦ ਮੁਸਾਫਿਰ ਦੀ ਤ੍ਰਿਪਤੀ ਕਰਨਾ, ਗੁਰੂ ਦੀ ਜਿੰਮੇਵਾਰੀ ਹੈ। ਗੁਰੂ ਦੇ ਇਸ ਵਾਅਦੇ ਨੂੰ ਪੂਰਾ ਕਰਨਾ ਸਾਡਾ ਫ਼ਰਜ ਹੈ।

ਇਹ ਸੁਣ ਕੇ ਸਿੱਖਾਂ ਨੇ ਗੁਰੂ ਸਾਹਿਬ ਨੂੰ ਸਵਾਲ ਕੀਤਾ ਕਿ ਦੇਰ ਰਾਤ ਨੂੰ ਆਉਣ ਵਾਲੇ ਮੁਸਾਫਿਰ ਬਾਰੇ ਉਨ੍ਹਾਂ ਨੂੰ ਕਿਵੇਂ ਪਤਾ ਲੱਗੇਗਾ ਕਿ ਉਹ ਸਿੱਖ ਹੈ, ਕਿਤੇ ਚੋਰ-ਡਾਕੂ ਤਾਂ ਨਹੀਂ ਹੈ? ਗੁਰੂ ਨੇ ਜਵਾਬ ਦਿੰਦਿਆਂ ਕਿਹਾ ਕਿ ਗੁਰੂ ਦਾ ਪਹਿਲਾ ਕੰਮ ਵਿਅਕਤੀ ਦੀ ਭੁੱਖ ਨੂੰ ਦੂਰ ਕਰਨਾ ਹੈ ਵਿਅਕਤੀ ਦੇ ਗੁਣ-ਔਗੁਣ ਦੇਖਣਾ ਨਹੀਂ ਹੈ। ਉਸ ਦੀ ਤ੍ਰਿਪਤੀ ਕਰਨ ਤੋਂ ਬਾਅਦ ਉਸ ਨੂੰ ਪੁੱਛਿਆ ਜਾ ਸਕਦਾ ਹੈ ਕਿ ਉਹ ਕੌਣ ਹੈ। ਸੋਚੋ, ਜੇ ਇੱਕ ਚੋਰ-ਡਾਕੂ ਰਾਤ ਨੂੰ ਇਹ ਸੋਚ ਕੇ ਗੁਰੂ ਦੇ ਲੰਗਰ ਵੱਲ ਮੂੰਹ ਕਰਦਾ ਹੈ ਕਿ ਉਥੋਂ ਕੁਝ ਖਾਣ ਨੂੰ ਜ਼ਰੂਰ ਮਿਲੇਗਾ। ਇਸ ਦਾ ਮਤਲਬ ਹੈ ਕਿ ਇੱਕ ਚੋਰ ਜਾਂ ਡਾਕੂ ਨੂੰ ਇਹ ਭਰੋਸਾ ਹੈ ਕਿ ਗੁਰੂ ਦੇ ਲੰਗਰ ਵਿੱਚ ਗਿਆ ਕੋਈ ਭੁੱਖਾ ਨਹੀਂ ਮੁੜੇਗਾ। ਅਸੀਂ ਵਿਅਕਤੀ ਦੇ ਨਿਸ਼ਚੇ ਨੂੰ ਮਜ਼ਬੂਤ ਬਣਾਉਣਾ ਹੈ। ਜਦੋਂ ਕੋਈ ਚੋਰ-ਡਾਕੂ ਸਾਡੇ ਲੰਗਰ ਵਿੱਚੋਂ ਭੋਜਨ ਛਕੇਗਾ ਤਾਂ ਉਸ ਨੂੰ ਆਪਣੇ ਮਾੜੇ ਕੰਮਾਂ ਦਾ ਅਹਿਸਾਸ ਵੀ ਜ਼ਰੂਰ ਹੋਵੇਗਾ।[11]

ਗੁਰੂ ਸਾਹਿਬ ਦੇ ਅਜਿਹੇ ਆਦੇਸ਼ ਸੁਣਨ ਤੋਂ ਪਿੱਛੋਂ, ਸਿੱਖਾਂ ਨੇ ਆਪਣੇ ਲੰਗਰ ਵਿੱਚ ਆਉਣ ਵਾਲੇ ਬੰਦਿਆਂ ਦੇ ਮੂੰਹਾਂ ਵਲ ਦੇਖਣਾ ਬੰਦ ਕਰ ਦਿੱਤਾ ਸੀ। ਉਨ੍ਹਾਂ ਨੂੰ ਆਪਣੇ ਗੁਰੂ ਦੇ ਉਪਦੇਸ਼ਾਂ ’ਤੇ ਅਥਾਹ ਸ਼ਰਧਾ ਸੀ। ਉਨ੍ਹਾਂ ਨੂੰ ਹਰ ਵਿਅਕਤੀ ਵਿੱਚੋਂ ਆਪਣੇ ਗੁਰੂ ਦਾ ਚਿਹਰਾ ਦਿਸਦਾ ਸੀ। ਸੁਜਾਨ ਰਾਏ ਭੰਡਾਰੀ, ਗੁਰੂ-ਕਾਲ ਦਾ ਸਮਕਾਲੀ ਲੇਖਕ, ਲਿਖਦਾ ਹੈ “ਬਾਬਾ ਨਾਨਕ ਦੇ ਸ਼ਰਧਾਲੂ ਅਕਸਰ ਰੱਬ ਦੇ ਪੁਜਾਰੀ, ਬੰਦਗੀ

---

11 ਮੈਕਾਲਿਫ਼, *ਪੂਰਵਅੰਕਤ*, ਪੰਨੇ 178-79.

ਕਰਨ ਵਾਲੇ, ਨੇਮੀ, ਪ੍ਰੇਮੀ ਅਤੇ ਪਹੁੰਚੇ ਹੋਏ ਪੈਰੋਕਾਰ ਹੁੰਦੇ ਹਨ। ਉਨ੍ਹਾਂ ਦੀ ਬੰਦਗੀ ਇਹੋ ਹੈ ਕਿ ਉਹ ਆਪਣੇ ਗੁਰੂ ਦੇ ਦੋਹਰਿਆ (ਸਲੋਕਾਂ) ਦਾ ਚੰਗੀ ਸੁਰ ਨਾਲ ਕੀਰਤਨ ਕਰਦੇ ਹਨ। ਦਿਲ ਨੂੰ ਈਰਖਾ ਤੇ ਦਵੈਖ਼ ਤੋਂ ਦੂਰ ਰੱਖਣਾ, ਦੁਨੀਆਂ ਦੇ ਪਿਆਰ ਨੂੰ ਛੱਡਣਾ, ਮਾਇਆ ਵਿੱਚ ਉਦਾਸ ਰਹਿਣਾ, ਆਪਣੇ ਦੁਸ਼ਮਣਾ ਉੱਤੇ ਮਿਹਰ ਉਨਾਂ ਦਾ ਧਰਮ ਹੈ। ਆਪਣੇ ਗੁਰੂ ਉੱਤੇ ਜਿਤਨਾ ਉਨਾਂ ਦਾ ਭਰੋਸਾ ਹੈ, ਦੂਜੇ ਫਿਰਕਿਆਂ ਵਿੱਚ ਘੱਟ ਹੀ ਦੇਖਿਆ ਜਾਂਦਾ ਹੈ। ਗੁਰੂ ਦੇ ਨਾਉਂ ਉਤੇ ਆਪਣੇ ਤੇ ਪਰਾਏ ਦੀ ਸੇਵਾ ਨੂੰ ਸਭ ਤੋਂ ਵੱਡੀ ਬੰਦਗੀ ਸਮਝਦੇ ਹਨ। ਜੇ ਕੋਈ ਓਪਰਾ, ਭਾਵੇਂ ਚੋਰ ਜਾਂ ਡਾਕੂ ਹੀ ਹੋਵੇ, ਅੱਧੀ ਰਾਤ ਨੂੰ ਉਨ੍ਹਾਂ ਦੇ ਘਰ ਆਏ ਅਤੇ ਬਾਬੇ ਨਾਨਕ ਦਾ ਵਾਸਤਾ ਪਾਏ, ਤਾਂ ਉਸ ਨੂੰ ਆਪਣਾ ਪਿਆਰਾ ਮਿੱਤਰ ਸਮਝ ਕੇ ਯਥਾਸ਼ਕਤ ਸੇਵਾ ਕਰਦੇ ਹਨ।"[12]

ਇੱਕ ਹੋਰ ਸਾਖੀ, ਜਿਸ ਨੂੰ ਮੈਕਾਲਿਫ਼ ਨੇ ਆਪਣੀ ਲਿਖਤ ਵਿੱਚ ਵਰਤਿਆ ਹੈ, ਕਿ ਇੱਕ ਵਾਰ ਕੁਝ ਸਿੱਖਾਂ ਨੇ ਗੁਰੂ ਹਰਿ ਰਾਇ ਸਾਹਿਬ ਨੂੰ ਪੁੱਛਿਆ ਕਿ ਹੇ ਗੁਰੂ ਸਾਹਿਬ ਕਈ ਆਦਮੀ ਕਹਿੰਦੇ ਹਨ ਕਿ ਬਾਣੀ ਨੂੰ ਸਮਝ ਕੇ ਪੜ੍ਹੋ। ਬਿਨਾਂ ਸਮਝੇ ਬਾਣੀ ਨੂੰ ਪੜ੍ਹਨ ਦਾ ਕੋਈ ਫਾਇਦਾ ਨਹੀਂ ਹੈ। ਕੀ ਇਹ ਠੀਕ ਹੈ? ਗੁਰੂ ਸਾਹਿਬ ਨੇ ਜਵਾਬ ਦਿੰਦਿਆਂ ਕਿਹਾ ਕਿ ਸਿੱਖ ਦਾ ਪਹਿਲਾ ਫ਼ਰਜ਼ ਹੈ ਆਪਣੇ ਗੁਰੂ ਦੇ ਹੁਕਮ ਨੂੰ ਮੰਨਣਾ। ਗੁਰੂ ਦਾ ਹੁਕਮ ਹੈ ਬਾਣੀ ਦਾ ਪਾਠ ਕਰੋ, ਪਰਮਾਤਮਾ ਦਾ ਨਾਮ ਜਪੋ। ਜੇ ਕੁਝ ਵੀ ਨਾ ਕਰ ਸਕੋਂ ਤਾਂ ਸਿਰਫ਼ ਸਤਿਨਾਮ-ਵਾਹਿਗੁਰੂ ਕਰਦੇ ਰਹੋ। ਇਸ ਨਾਲ ਤੁਸੀਂ ਵਿਹਲੇ ਬੈਠੇ ਇੱਕ ਕੰਮ ਵਿੱਚ ਰੁੱਝੇ ਰਹਿੰਦੇ ਹੋਂ। ਵਿਹਲੇ ਬੈਠ ਕੇ ਦੁਨਿਆਵੀ ਵਿਚਾਰ ਸੋਚਣ ਨਾਲੋਂ ਆਪਣੇ ਗੁਰੂ ਵੱਲ ਧਿਆਨ ਲਗਾ ਕੇ ਰੱਖਣਾ ਜ਼ਿਆਦਾ ਬਿਹਤਰ ਹੈ। ਬਾਣੀ ਦਾ ਪਾਠ ਕਰੋ ਅਤੇ ਸਮਝ ਕੇ ਕਰੋ। ਹਰ ਗੱਲ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਪਰ ਇਹੀ ਸੋਚ ਕੇ ਬਾਣੀ ਪੜ੍ਹਨਾ ਠੀਕ ਨਹੀਂ ਹੈ ਕਿ ਉਹ ਸਿਰਫ਼ ਸਮਝ ਕੇ ਬਾਣੀ ਪੜ੍ਹਨਗੇ। ਬਾਣੀ ਹਰ ਸਮੇਂ ਪੜ੍ਹਨੀ ਹੈ ਭਾਵੇਂ ਤੁਹਾਡਾ ਦਿਲ ਸਮਝ ਕੇ ਪੜ੍ਹਨ ਵੱਲ ਨਾ ਲੱਗਿਆ ਹੋਵੇ। ਘੱਟੋ-ਘੱਟ ਇਸ ਤਰ੍ਹਾਂ ਬਾਣੀ ਪੜ੍ਹਨ ਨਾਲ ਸਿੱਖ ਦਾ ਮਨ ਸੰਸਾਰਕ ਵਿਸ਼ੇ-ਵਿਕਾਰਾਂ ਤੋਂ ਹਟਿਆ ਰਹੇਗਾ।[13]

ਗੁਰੂ ਹਰਿ ਰਾਇ ਸਾਹਿਬ ਦੇ ਸਮੁੱਚੇ ਜੀਵਨ ਵਿੱਚ ਸਮੇਂ ਦੀ ਰਾਜਨੀਤਿਕ ਅਵਸਥਾ ਨਾਲ ਸਬੰਧਿਤ, ਜਿਹੜੀ ਸਭ ਤੋਂ ਅਹਿਮ ਅਤੇ ਵਿਵਾਦਮਈ ਘਟਨਾ ਵਾਪਰੀ ਸੀ ਉਹ ਸੀ ਉਨ੍ਹਾਂ ਦੇ ਦਾਰਾ ਸ਼ਿਕੋਹ

---

12 ਸੁਜਾਨ ਰਾਏ ਭੰਡਾਰੀ, *ਖ਼ੁਲਾਸਤ-ਉਤ-ਤਵਾਰੀਖ਼* (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, ਪੰਨਾ-81.

13 ਮੈਕਾਲਿਫ਼, *ਪੂਰਵਅੰਕਤ*, ਪੰਨੇ 181-82.

ਨਾਲ ਸਬੰਧਾਂ ਦੀ। ਗੁਰੂ ਹਰਿ ਰਾਇ ਸਾਹਿਬ ਦਾ ਸਮਾਂ (1644-1661 ਈਸਵੀ) ਹਿੰਦੁਸਤਾਨ ਵਿੱਚ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਦਾ ਸਮਾਂ ਸੀ। ਸ਼ਾਹ ਜਹਾਨ ਨੇ 1627 ਤੋਂ ਲੈ ਕੇ 1658 ਈਸਵੀ ਤੱਕ ਰਾਜ ਕੀਤਾ ਸੀ। ਮੁਗ਼ਲ ਸਾਮਰਾਜ ਵਿੱਚ ਸ਼ਾਹ ਜਹਾਨ ਦੇ ਸਮੇਂ ਨੂੰ ਸੁਨਹਿਰੀ ਕਾਲ ਕਿਹਾ ਜਾਂਦਾ ਹੈ। ਸ਼ਾਹ ਜਹਾਨ ਦਾ ਜਿਹੜਾ ਅੰਤਲਾ ਸਮਾਂ ਸੀ ਉਹ ਸਮੁੱਚੀ ਮੁਗ਼ਲ ਸ਼ਾਹੀ ਵਿੱਚ ਸਭ ਤੋਂ ਵੱਧ ਭਿਆਨਕ ਸਮਾਂ ਸੀ। ਸ਼ਾਹ ਜਹਾਨ ਦੇ ਛੋਟੇ ਪੁੱਤਰ ਔਰੰਗਜ਼ੇਬ ਵੱਲੋਂ ਜਿਉਂਦਿਆਂ ਤਖ਼ਤ ਤੋਂ ਲਾਹ ਕੇ ਕੈਦ ਕਰ ਲਿਆ ਸੀ ਅਤੇ ਸ਼ਾਹ ਜਹਾਨ ਨੇ ਆਪਣੇ ਅਖਰੀਲੇ ਅੱਠ ਸਾਲ ਕੈਦ ਵਿੱਚ ਗੁਜ਼ਾਰੇ ਸਨ। ਸ਼ਾਹ ਜਹਾਨ ਜਿੰਨਾ ਮਹਾਨ ਅਤੇ ਸ਼ਾਨਦਾਰ ਰਾਜ ਦਾ ਮਾਲਕ ਸੀ ਉੰਨਾ ਹੀ ਉਸ ਦਾ ਅੰਤ ਮਾੜਾ ਸੀ। ਗੁਰੂ ਹਰਿ ਰਾਇ ਸਾਹਿਬ ਨੇ ਆਪਣਾ ਸਮਾਂ ਸ਼ਾਹ ਜਹਾਨ ਅਤੇ ਔਰੰਗਜ਼ੇਬ ਦੇ ਰਾਜ ਵਿੱਚ ਬਿਤਾਇਆ ਸੀ। ਇਸ ਦਾ ਸੰਖੇਪ ਬਿਰਤਾਂਤ ਇਸ ਤਰ੍ਹਾਂ ਹੈ:

ਸ਼ਾਹ ਜਹਾਨ ਦੇ ਚਾਰ ਪੁੱਤਰ ਸਨ। ਸਭ ਤੋਂ ਵੱਡਾ ਦਾਰਾ ਸ਼ਿਕੋਹ, ਦੂਜੇ ਨੰਬਰ ਤੇ ਸੁਜਾਹ, ਤੀਜੇ ਨੰਬਰ ਤੇ ਔਰੰਗਜ਼ੇਬ ਅਤੇ ਚੌਥੇ ਨੰਬਰ ਤੇ ਮੁਰਾਦ ਸੀ। ਸ਼ਾਹ ਜਹਾਨ ਦੇ ਦੋ ਧੀਆਂ ਸਨ। ਇਹ ਚਾਰੇ ਭਰਾ ਅਤੇ ਦੋ ਭੈਣਾਂ ਇੱਕੋ ਹੀ ਮਾਂ, ਮੁਮਤਾਜ ਬੇਗਮ ਦੇ ਕੁੱਖੋਂ ਸਨ। ਇਸ ਹਿਸਾਬ ਨਾਲ ਮੁਮਤਾਜ ਬਹੁਤ ਭਾਗਾਂਵਲੀ ਬੇਗਮ (ਮਹਾਰਾਣੀ) ਸੀ ਜਿਸ ਨੇ ਮੁਗ਼ਲ ਸਾਮਰਾਜ ਲਈ ਚਾਰ ਪੁੱਤਰਾਂ ਅਤੇ ਦੋ ਧੀਆਂ ਨੂੰ ਜਨਮ ਦਿੱਤਾ ਸੀ।

ਚਾਰੇ ਪੁੱਤਰਾਂ ਵਿੱਚੋਂ ਦੋ ਪੁੱਤਰ ਵਿਸ਼ੇਸ਼ ਰੁਚੀਆਂ ਵਾਲੇ ਸਨ। ਸਭ ਤੋਂ ਵੱਡਾ ਦਾਰਾ ਸ਼ਿਕੋਹ ਬਹੁਤ ਵਧੀਆ ਵਿਦਵਾਨ, ਸੰਤਾਂ-ਮਹਾਤਮਾਵਾਂ ਦਾ ਮਾਣ-ਸਤਿਕਾਰ ਕਰਨ ਵਾਲਾ ਅਤੇ ਹਿੰਦੁਸਤਾਨ ਲਈ ਪੂਰੀ ਤਰ੍ਹਾਂ ਧਰਮ-ਨਿਰਪੱਖ ਸੀ। ਦਾਰਾ ਸ਼ਿਕੋਹ ਆਪਣੇ ਪੜਦਾਦੇ ਅਕਬਰ ਤੋਂ ਦੋ ਕਦਮ ਅੱਗੇ ਸੀ। ਜਦੋਂ ਕਿ ਔਰੰਗਜ਼ੇਬ ਹੱਦੋਂ-ਵੱਧ ਚੁਸਤ, ਇਸਲਾਮ ਵਿੱਚ ਕੱਟੜ ਅਤੇ ਜੰਗੀ-ਨੀਤੀਆਂ ਦਾ ਮਾਹਰ ਸੀ। ਦਾਰਾ ਅਤੇ ਔਰੰਗਜ਼ੇਬ ਦੇ ਵਿਰੋਧੀ ਵਿਚਾਰ ਸਨ। ਇਹ ਦੋ ਵਿਰੋਧੀ ਵਿਚਾਰ ਇਨਾਂ ਦੇ ਗੁਣ-ਔਗੁਣ ਸਨ। ਦਾਰਾ ਦਾ ਉਦਾਰਚਿਤ ਹੋਣਾ ਉਸ ਲਈ ਔਗੁਣ ਸੀ ਅਤੇ ਔਰੰਗਜ਼ੇਬ ਲਈ ਉਸ ਦਾ ਕੱਟੜ ਹੋਣਾ ਉਸ ਦਾ ਸਭ ਤੋਂ ਵੱਡਾ ਗੁਣ ਸੀ। ਜਿਸ ਗੱਲ ਨੇ ਇਹਨਾਂ ਦੋਵੇਂ ਸਕੇ ਭਰਾਵਾਂ ਵਿੱਚ ਦੁਸ਼ਮਣੀ ਦਾ ਪਾੜਾ ਪਾਇਆ ਸੀ ਉਹ ਸੀ ਸ਼ਾਹ ਜਹਾਨ ਵੱਲੋਂ ਦਾਰਾ ਨਾਲ ਹੱਦੋਂ-ਵੱਧ ਦੀ ਨੇੜਤਾ ਰੱਖਣਾ। ਸ਼ਾਹ ਜਹਾਨ ਜਿੰਨਾ ਦਾਰਾ ਸ਼ਿਕੋਹ ਨੂੰ ਪਿਆਰ ਕਰਦਾ ਸੀ ਉਹ ਔਰੰਗਜ਼ੇਬ ਨੂੰ ਉੰਨਾ ਹੀ ਅਣਗੌਲਿਆਂ ਕਰਦਾ ਸੀ। ਇਸ ਗੱਲ ਨੇ ਔਰੰਗਜ਼ੇਬ ਨੂੰ ਹੱਦੋ-ਵੱਧ ਬੇਚੈਨ ਕੀਤਾ ਹੋਇਆ ਸੀ। ਔਰੰਗਜ਼ੇਬ ਅਕਸਰ ਦਾਰਾ ਸ਼ਿਕੋਹ ਨੂੰ ਹਿੰਦੂਆਂ ਦਾ ਨੁਮਾਇੰਦਾ ਭਾਵ ਕਾਫਿਰ

ਕਹਿ ਦਿੰਦਾ ਸੀ। ਜਦੋਂ ਕਿ ਦਾਰਾ ਔਰੰਗਜ਼ੇਬ ਨੂੰ ਮੌਲਵੀ ਕਹਿ ਦਿੰਦਾ ਸੀ। ਮਤਲਬ ਕਿ ਦੋਵੇਂ ਭਰਾ ਇੱਕ ਦੂਜੇ ਦੇ ਕੱਟੜ ਵਿਰੋਧੀ ਹੋ ਗਏ ਸਨ।[14]

1648 ਈਸਵੀ ਵਿੱਚ ਦਾਰਾ ਸ਼ਿਕੋਹ ਬਹੁਤ ਸਖ਼ਤ ਬਿਮਾਰ ਹੋ ਗਿਆ ਸੀ ਅਤੇ ਸ਼ਾਹ ਜਹਾਨ ਲਈ ਬਹੁਤ ਚਿੰਤਾ ਪੈਦਾ ਹੋ ਗਈ ਸੀ।[15] ਉਸ ਦੇ ਇਲਾਜ ਲਈ ਸ਼ਾਹ ਜਹਾਨ ਨੇ ਹਿੰਦੁਸਤਾਨ ਦਾ ਕੋਈ ਵੈਦ, ਸੰਤ, ਜਾਂ ਧਾਰਮਿਕ ਆਗੂ ਨਹੀਂ ਛੱਡਿਆ ਜਿਸ ਤੋਂ ਦਵਾਈ ਜਾਂ ਆਸ਼ਰੀਵਾਦ ਨਾ ਲਿਆ ਹੋਵੇ। ਇਸ ਸਬੰਧ ਵਿੱਚ ਉਸ ਨੇ ਸਿੱਖਾਂ ਦੇ ਸੱਤਵੇਂ ਗੁਰੂ, ਗੁਰੂ ਹਰਿ ਰਾਇ ਸਾਹਿਬ ਤੋਂ ਆਸ਼ੀਰਵਾਦ ਲਿਆ ਸੀ। ਗੁਰੂ ਸਾਹਿਬ ਦੇ ਆਸ਼ੀਰਵਾਦ ਨਾਲ, ਦਵਾਈਆਂ ਨਾਲ, ਜਾਂ ਕੁਦਰਤੀ ਤੌਰ ’ਤੇ ਦਾਰਾ ਸ਼ਿਕੋਹ ਆਪਣੀ ਬਿਮਾਰੀ ਤੋਂ ਠੀਕ ਹੋ ਗਿਆ ਸੀ। ਇਸ ਗੱਲ ਦਾ ਸ਼ੁਕਰਾਨਾ ਕਰਨ ਲਈ ਉਸ ਨੇ ਹਰ ਵੈਦ, ਹਰ ਪੀਰ-ਗੁਰੂ ਅਤੇ ਧਾਰਮਿਕ ਪੁਰਸ਼ਾਂ ਦਾ ਧੰਨਵਾਦ ਕੀਤਾ। ਸਰ ਜਾਦੂ ਨਾਥ ਸਰਕਾਰ ਲਿਖਦਾ ਹੈ, “ਦਾਰਾ ਸ਼ਿਕੋਹ ਇੱਕ ਵਾਰ ਗੁਰੂ ਹਰਿ ਰਾਇ ਸਾਹਿਬ ਨੂੰ ਆ ਕੇ ਮਿਲਿਆ ਵੀ ਸੀ।”[16] ਇਸ ਗੱਲ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਗੁਰੂ-ਘਰ ਦੇ ਸਬੰਧ ਬਾਦਸ਼ਾਹ ਸ਼ਾਹ ਜਹਾਨ ਅਤੇ ਬਾਦਸ਼ਾਹ ਦੇ ਵਲੀ-ਅਹਿਦ ਦਾਰਾ ਸ਼ਿਕੋਹ ਨਾਲ ਚੰਗੇ ਸਨ।

1656 ਈਸਵੀ ਤੱਕ ਸਭ ਕੁਝ ਸਪੱਸ਼ਟ ਹੋ ਚੁੱਕਿਆ ਸੀ ਕਿ ਸ਼ਾਹ ਜਹਾਨ ਸਿਰਫ਼ ਦਾਰਾ ਸ਼ਿਕੋਹ ਨੂੰ ਆਪਣਾ ਅਗਲਾ ਉੱਤਰਾਧਿਕਾਰੀ ਬਣਾਉਣਾ ਚਾਹੁੰਦਾ ਸੀ। ਦਾਰਾ ਸ਼ਿਕੋਹ ਰਾਜਧਾਨੀ ਆਗਰਾ ਅਤੇ ਸ਼ਾਹਜਹਾਨਾਬਾਦ (ਦਿੱਲੀ) ਵਿੱਚ ਰਾਜ-ਪ੍ਰਬੰਧ ਉੱਪਰ ਪੂਰੀ ਤਰ੍ਹਾਂ ਕਾਬਜ਼ ਹੋ ਗਿਆ ਸੀ। ਸ਼ਾਹਜਹਾਨ 1656 ਈਸਵੀ ਵਿੱਚ ਬਹੁਤ ਗੰਭੀਰ ਰੂਪ ਵਿੱਚ ਬਿਮਾਰ ਹੋ ਗਿਆ ਸੀ। ਬਿਮਾਰੀ ਕਰਕੇ ਉਹ ਆਗਰਾ ਅਤੇ ਸ਼ਾਹਜਹਾਨਾਬਾਦ ਵਿਖੇ ਛੇਤੀ ਛੇਤੀ ਥਾਵਾਂ ਬਦਲਦਾ ਰਹਿੰਦਾ ਸੀ। ਇਸ ਸਮੇਂ ਦੌਰਾਨ ਭਾਂਤ-ਭਾਂਤ ਦੀਆਂ ਅਫ਼ਵਾਹਾਂ ਉਡਦੀਆਂ ਰਹੀਆਂ ਸਨ। ਕਿਸੇ ਅਫਵਾਹ ਅਨੁਸਾਰ ਸ਼ਾਹ ਜਹਾਨ ਨੂੰ ਮਰ ਗਿਆ ਕਹਿ ਦਿੱਤਾ ਜਾਂਦਾ ਸੀ।[17] ਬਾਦਸ਼ਾਹ ਦੇ ਮਰਨ ਦੇ ਦਿਨਾਂ ਵਿੱਚ ਦੇਸ਼ ਲਈ ਹਾਲਾਤ ਭਾਵੇਂ ਨਾਜ਼ੁਕ ਨਾ ਬਣਦੇ ਹੋਣ ਪਰ ਉਸ ਦੇ ਪੁੱਤਰਾਂ ਲਈ ਹਾਲਾਤ ਨਾਜ਼ੁਕ ਜ਼ਰੂਰ ਬਣ ਜਾਂਦੇ ਸਨ। ਬਾਦਸ਼ਾਹ ਦੀ ਮੌਤ ਨਾਲ ਉਸ ਦੇ ਪੁੱਤਰਾਂ ਦੇ

---

14 Satish Chandra, *Medieval India: 1526-1748*, Part-II, New Delhi, 2004, p. 269.

15 Muhammad Akbar, *Punjab under the Muhgals*, Lahore, 1948, p. 197.

16 Sir Jadu Nath Sarkar, *History of Aurangzeb*, Vol. III, Calcutta, 1928, pp. 311-313.

17 Satish Chandra, *op.cit.*, pp. 269-70.

ਭਵਿੱਖ ਤੇ ਸਭ ਤੋਂ ਵੱਧ ਪ੍ਰਭਾਵ ਪੈਂਦਾ ਹੈ। ਇਸ ਲਈ ਸ਼ਾਹ ਜਹਾਨ ਦੀ ਗੰਭੀਰ ਬਿਮਾਰੀ ਦੀਆਂ ਅਫ਼ਵਾਹਾਂ ਨੇ ਉਸ ਦੇ ਚਾਰੇ ਪੁੱਤਰਾਂ ਨੂੰ ਆਪੋ-ਆਪਣੀਆਂ ਥਾਵਾਂ ਤੇ ਬੈਠਿਆਂ ਨੂੰ ਬੇਚੈਨ ਕਰ ਦਿੱਤਾ ਸੀ। ਸ਼ਾਹ ਸੁਜਾਹ ਨੇ ਬੰਗਾਲ ਵਿੱਚ ਵਿਦਰੋਹ ਕਰਕੇ ਆਪਣੇ-ਆਪ ਨੂੰ ਬਾਦਸ਼ਾਹ ਘੋਸ਼ਿਤ ਕਰ ਦਿੱਤਾ ਸੀ। ਔਰੰਗਜ਼ੇਬ ਨੇ ਆਪਣੇ ਛੋਟੇ ਭਾਈ ਮੁਰਾਦ ਨੂੰ ਨਾਲ ਜੋੜ ਕੇ ਬਗਾਵਤ ਕਰ ਦਿੱਤੀ ਸੀ ਅਤੇ ਆਗਰਾ ਵੱਲ ਨੂੰ ਚਾਲੇ ਪਾ ਦਿੱਤੇ ਸਨ। ਆਗਰਾ ਤੋਂ ਸ਼ਾਹੀ ਹੁਕਮਾਂ ਅਨੁਸਾਰ ਰਾਜਾ ਜਸਵੰਤ ਸਿੰਘ ਨੂੰ ਔਰੰਗਜ਼ੇਬ ਤੇ ਮੁਰਾਦ ਨੂੰ ਰੋਕਣ ਵਾਸਤੇ ਭੇਜ ਦਿੱਤਾ ਗਿਆ ਸੀ। ਧਰਮਸਤ (ਮੱਧ ਪ੍ਰਦੇਸ਼) ਵਿਖੇ ਇਨ੍ਹਾਂ ਦਾ ਆਪਸੀ ਟਕਰਾਅ ਹੋ ਗਿਆ। ਇਹ ਲੜਾਈ 15 ਅਪ੍ਰੈਲ, 1658 ਈਸਵੀ ਨੂੰ ਹੋਈ। ਇਸ ਵਿੱਚ ਔਰੰਗਜ਼ੇਬ ਦੀ ਜਿੱਤ ਹੋਈ। ਔਰੰਗਜ਼ੇਬ ਦੀ ਇਸ ਜਿੱਤ ਨੇ ਰਾਜਧਾਨੀ ਵਿਖੇ ਦਾਰਾ ਸ਼ਿਕੋਹ ਅਤੇ ਸ਼ਾਹ ਜਹਾਨ ਦੀਆਂ ਸਾਰੀਆਂ ਸਕੀਮਾਂ ਬਿਗਾੜ ਦਿੱਤੀਆਂ ਸਨ। ਜੇਕਰ ਔਰੰਗਜ਼ੇਬ ਦੀ ਜਿੱਤ ਨਾ ਹੁੰਦੀ ਤਾਂ ਸ਼ਾਇਦ ਸ਼ਾਹੀ ਰੋਅਬ ਦਾਅਬ ਕਾਇਮ ਰਹਿ ਸਕਦਾ ਸੀ ਪਰ ਔਰੰਗਜ਼ੇਬ ਦੀ ਇਸ ਜਿੱਤ ਨੇ ਸਮੁੱਚੇ ਮੁਗ਼ਲ ਸਾਮਰਾਜ ਦੀ ਸ਼ਕਤੀ ਨੂੰ ਦੋ ਬਰਾਬਰ ਦੇ ਕੈਂਪਾਂ ਵਿੱਚ ਵੰਡ ਦਿੱਤਾ ਸੀ। ਹੋ ਸਕਦਾ ਹੈ ਕਿ ਦਾਰਾ ਸ਼ਿਕੋਹ ਦਾ ਸ਼ਾਹੀ ਕੈਂਪ ਕੁਝ ਹੱਦ ਤੱਕ ਔਰੰਗਜ਼ੇਬ ਦੇ ਕੈਂਪ ਤੋਂ ਤਕੜਾ ਹੁੰਦਾ ਪਰ ਦਾਰਾ ਸ਼ਿਕੋਹ ਦੀ ਕਮਜ਼ੋਰ ਯੁੱਧ-ਨੀਤੀ ਨੇ ਇਸ ਨੂੰ ਆਪਣਾ ਬਚਾਅਕਰੂ (ਡੀਫੈਂਸਿਵ) ਕੈਂਪ ਬਣਾ ਦਿੱਤਾ ਸੀ।

ਔਰੰਗਜ਼ੇਬ ਲਗਾਤਾਰ ਆਪ ਮੁਹਾਰੇ ਆਗਰਾ ਵੱਲ ਵੱਧਦਾ ਆ ਰਿਹਾ ਸੀ ਕਿ ਦੋਹਾਂ ਕੈਂਪਾਂ ਦੀ ਦੂਜੀ ਲੜਾਈ 29 ਮਈ, 1658 ਈਸਵੀ ਨੂੰ ਸਾਮੂੰਗੜ੍ਹ ਦੇ ਸਥਾਨ ਤੇ ਹੋਈ। ਇਤਿਹਾਸਕਾਰ ਇਸ ਗੱਲ ’ਤੇ ਸਹਿਮਤ ਹਨ ਕਿ ਸਾਮੂੰਗੜ੍ਹ ਦੇ ਮੈਦਾਨ ਵਿੱਚ ਦੋਵੇਂ ਧਿਰਾਂ ਦੀਆਂ ਫ਼ੌਜਾਂ ਬਰਾਬਰ ਦੀਆਂ ਸਨ ਅਤੇ ਇਹ ਲੜਾਈ ਦੋਵਾਂ ਧਿਰਾਂ ਦੀਆਂ ਸਹੀ ਜਾਂ ਗਲਤ ਯੁੱਧ-ਨੀਤੀਆਂ ਦਾ ਸਿੱਟਾ ਹੋਣੀ ਸੀ। ਜਿੱਤ ਔਰੰਗਜ਼ੇਬ ਦੀ ਹੋਈ। ਉਹ ਸਾਰਾ ਸਮਾਂ ਜੰਗ ਦੇ ਮੈਦਾਨ ਵਿੱਚ ਚਟਾਨ ਵਾਂਗ ਇੱਕ ਜਰਨੈਲ ਦੇ ਤੌਰ ’ਤੇ ਖੜਾ ਰਿਹਾ ਜਦੋਂ ਕਿ ਦਾਰਾ ਸ਼ਿਕੋਹ ਇੱਕ ਬਾਦਸ਼ਾਹ ਵਾਂਗ ਇੱਕ ਪਾਸੇ ਗਰਮੀ ਤੋਂ ਬਚਦਾ ਹੋਇਆ ਸਮਾਂ ਲੰਘਾ ਰਿਹਾ ਸੀ। ਜਦੋਂ ਦਾਰਾ ਸ਼ਿਕੋਹ ਨੇ ਦੇਖਿਆ ਕਿ ਉਸ ਦੀਆਂ ਫ਼ੌਜਾਂ ਦੇ ਪੈਰ ਹਿੱਲ ਰਹੇ ਹਨ ਤਾਂ ਉਹ ਆਪਣੇ ਸ਼ਾਹੀ ਹਾਥੀ ਤੋਂ ਉੱਤਰ ਕੇ ਘੋੜੇ ਉਪਰ ਸਵਾਰ ਹੋ ਗਿਆ ਸੀ। ਇਸ ਦਾ ਉਲਟਾ ਅਸਰ ਹੋਇਆ ਉਸ ਦੀਆਂ ਫ਼ੌਜਾਂ ਨੇ ਉਸ ਦੇ ਸ਼ਾਹੀ ਹਾਥੀ ਨੂੰ ਖਾਲੀ ਦੇਖ ਕੇ ਇਹ ਸਮਝ ਲਿਆ ਕਿ ਸ਼ਾਇਦ ਦਾਰਾ ਮਾਰਿਆ ਗਿਆ ਹੈ। ਜੰਗ ਦੇ ਮੈਦਾਨ ਵਿੱਚ ਹਰ ਕਿਸਮ ਦਾ ਭੁਲੇਖਾ ਮਾਰੂ ਸਾਬਤ ਹੋ ਜਾਂਦਾ ਹੈ। ਇੱਥੇ ਇਹ ਭੁਲੇਖਾ ਦਾਰਾ ਸ਼ਿਕੋਹ ਲਈ ਮਾਰੂ

ਸਾਬਤ ਹੋ ਗਿਆ ਸੀ। ਔਰੰਗਜ਼ੇਬ ਪੂਰੀ ਸ਼ਾਨ ਨਾਲ ਜਿੱਤ ਗਿਆ ਸੀ। ਦਾਰਾ ਸ਼ਿਕੋਹ ਬਹੁਤ ਕਾਇਰਤਾ ਨਾਲ ਲੜਾਈ ਦੇ ਮੈਦਾਨ ਵਿੱਚੋਂ ਭੱਜ ਗਿਆ ਸੀ। ਉਸ ਨੇ ਅਜਿਹੀ ਕਾਇਰਤਾ ਦਿਖਾਈ ਇਸ ਹਾਰ ਤੋਂ ਬਾਅਦ ਉਹ ਨਾ ਆਪਣੇ ਪਿਤਾ ਸ਼ਾਹ ਜਹਾਨ ਦੇ ਸਾਹਮਣੇ ਗਿਆ ਸੀ, ਨਾ ਆਗਰਾ ਅਤੇ ਨਾ ਦਿੱਲੀ ਵਿਖੇ ਰਿਹਾ ਸੀ। ਉਸ ਦਾ ਸਭ ਕੁਝ ਖ਼ਤਮ ਹੋ ਗਿਆ ਸੀ। ਆਗਰਾ ਅਤੇ ਬਾਦਸ਼ਾਹ ਸ਼ਾਹ ਜਹਾਨ ਸਭ ਔਰੰਗਜ਼ੇਬ ਦੇ ਕਬਜ਼ੇ ਵਿੱਚ ਆ ਚੁੱਕਿਆ ਸੀ। ਅਸਲ ਵਿੱਚ ਸਾਮੂੰਗੜ੍ਹ ਦੀ ਲੜਾਈ ਨਿਪੁੰਨ ਜਰਨੈਲੀ ਨੀਤੀਆਂ ਦੀ ਲੜਾਈ ਸੀ।[18]

ਦਾਰਾ ਸ਼ਿਕੋਹ ਦੀ ਮੁਕੰਮਲ ਹਾਰ ਦੀ ਜਾਣਕਾਰੀ ਇਸ ਲਈ ਦਿੱਤੀ ਹੈ ਕਿ ਜਦੋਂ ਉਹ ਪੰਜਾਬ ਵਿੱਚ ਆਇਆ ਤਾਂ ਉਸ ਦੀ ਸਮੁੱਚੀ ਸਥਿਤੀ ਨੂੰ ਅਤੇ ਗੁਰੂ ਹਰਿ ਰਾਇ ਸਾਹਿਬ ਦੀ ਸਥਿਤੀ ਨੂੰ ਚੰਗੀ ਤਰ੍ਹਾਂ ਜਾਣਿਆ ਜਾ ਸਕੇ। ਦਾਰਾ ਸ਼ਿਕੋਹ ਪੰਜਾਬ ਵਿੱਚ ਔਰੰਗਜ਼ੇਬ ਤੋਂ ਬੁਰੀ ਤਰ੍ਹਾਂ ਹਾਰ ਖਾ ਕੇ ਭੱਜਿਆ ਆ ਰਿਹਾ ਸੀ ਅਤੇ ਉਸ ਦੀ ਇੱਛਾ ਪੰਜਾਬ ਵਿੱਚ ਪਹੁੰਚ ਕੇ ਕੋਈ ਜੰਗ-ਯੁੱਧ ਕਰਨ ਦੀ ਨਹੀਂ ਸੀ ਸਗੋਂ ਜਿੰਨਾ ਛੇਤੀ ਹੋ ਸਕਦਾ ਸੀ ਉੰਨਾਂ ਛੇਤੀ ਹੀ ਉਹ ਔਰੰਗਜ਼ੇਬ ਤੋਂ ਦੂਰ ਜਾਣਾ ਚਾਹੁੰਦਾ ਸੀ। ਜੇਕਰ ਉਸ ਨੇ ਕੋਈ ਲੜਾਈ ਕਰਨੀ ਹੁੰਦੀ ਤਾਂ ਉਹ ਸਾਮੂੰਗੜ੍ਹ ਤੋਂ ਭੱਜ ਕੇ ਆਗਰਾ ਵਿਖੇ ਚੰਗੀ ਲੜਾਈ ਕਰ ਸਕਦਾ ਸੀ ਜਿੱਥੇ ਬਾਦਸ਼ਾਹ ਸ਼ਾਹ ਜਹਾਨ ਮੌਜੂਦ ਸੀ। ਆਪਣੇ ਪਿਤਾ ਸ਼ਾਹ ਜਹਾਨ ਤੋਂ ਵੱਧ ਕੇ ਉਸ ਲਈ ਹੋਰ ਕਿਹੜਾ ਵਧੀਆ ਸਹਾਰਾ ਹੋ ਸਕਦਾ ਸੀ। ਪਰ ਦਾਰਾ ਸ਼ਿਕੋਹ ਆਪਣੇ ਪਿਤਾ ਨੂੰ ਮਿਲੇ ਬਿਨਾਂ ਆਗਰਾ ਤੋਂ ਦਿੱਲੀ ਨੂੰ ਭੱਜ ਆਇਆ ਸੀ। ਦਿੱਲੀ ਵਿਖੇ ਕਿਸੇ ਨੇ ਉਸ ਲਈ ਲਾਲ ਕਿਲ੍ਹੇ ਦੇ ਦਰਵਾਜ਼ੇ ਨਹੀਂ ਖੋਲੇ। ਫਿਰ ਉਹ ਦਿੱਲੀ ਦੇ ਪੁਰਾਣੇ ਕਿਲ੍ਹੇ ਵਿੱਚ, ਜਿਹੜਾ ਕੇ ਖੰਡਰ ਦੇ ਰੂਪ ਵਿੱਚ ਖੜਾ ਸੀ, ਰਾਤਾਂ ਕੱਟਣ ਲਈ ਮਜ਼ਬੂਰ ਹੋ ਗਿਆ ਸੀ। ਦਿੱਲੀ ਵਿਖੇ ਦਾਰਾ ਬਹੁਤੇ ਦਿਨ ਨਹੀਂ ਠਹਿਰਿਆ ਆਪਣੇ ਪੁੱਤਰ ਸੁਲੇਮਾਨ ਸ਼ਿਕੋਹ ਅਤੇ ਪੋਤਰੇ ਸਿਪਾਹ ਸ਼ਿਕੋਹ ਦੀ ਉਡੀਕ ਕੀਤੇ ਬਿਨਾ ਪੰਜਾਬ ਭੱਜ ਆਇਆ ਸੀ। ਪੰਜਾਬ ਵਿੱਚ ਨਾ ਉਸ ਨੇ ਸਰਹਿੰਦ ਅਤੇ ਨਾ ਲਾਹੌਰ ਰਹਿ ਕੇ ਕੋਈ ਲੜਨ ਦੀ ਤਿਆਰੀ ਕੀਤੀ। ਗੁਰੂ ਹਰਿ ਰਾਇ ਸਰਹਿੰਦ ਅਤੇ ਲਾਹੌਰ ਦੇ ਵਿਚਕਾਰ ਗੋਇੰਦਵਾਲ ਸਾਹਿਬ ਦੇ ਅਸਥਾਨ ਤੇ ਰਹਿ ਰਹੇ ਸਨ।

---

18 ਸੁਜਾਨ ਰਾਏ ਭੰਡਾਰੀ, *ਖ਼ੁਲਾਸਤ-ਉਤ-ਤਵਾਰੀਖ਼* (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, ਪੰਨੇ 514-519; S.M. Latif, *History of the Panjab*, New Delhi, 1997, pp. 172-73; and Satish Chandra, *op.cit.*, pp. 270-71.

ਦਾਰਾ ਸ਼ਿਕੋਹ ਪੰਜਾਬ ਅਤੇ ਕਾਬਲ ਦਾ ਸੂਬੇਦਾਰ ਰਹਿ ਚੁੱਕਿਆ ਸੀ। ਇਸ ਲਈ ਪੰਜਾਬ ਦੇ ਲੋਕ ਉਸ ਦੇ ਨਾਂ ਤੋਂ ਅਤੇ ਉਸ ਦੇ ਧਰਮ ਨਿਰਪੱਖ ਸੁਭਾਅ ਤੋਂ ਜਾਣੂੰ ਸਨ। ਗੁਰੂ ਹਰਿ ਰਾਇ ਸਾਹਿਬ ਦੇ ਸਬੰਧ ਉਸ ਨਾਲ ਬਹੁਤ ਚੰਗੇ ਕਹੇ ਜਾ ਸਕਦੇ ਹਨ। ਇਸ ਕਰਕੇ ਇਹ ਗੱਲ ਕੁਦਰਤੀ ਹੈ ਕਿ ਪੰਜਾਬ ਦੇ ਲੋਕਾਂ ਦੀ ਅਤੇ ਗੁਰੂ ਹਰਿ ਰਾਇ ਸਾਹਿਬ ਦੀ ਉਸ ਨਾਲ ਹਮਦਰਦੀ ਹੋਵੇ ਪਰ ਇਸ ਹਮਦਰਦੀ ਦਾ ਕੋਈ ਅਰਥ ਨਹੀਂ ਸੀ ਕਿਉਂਕਿ ਦਾਰਾ ਸ਼ਿਕੋਹ ਪੰਜਾਬ ਵਿੱਚ ਰਹਿ ਕੇ ਕੋਈ ਲੜਾਈ ਲੜਨਾ ਨਹੀਂ ਚਾਹੁੰਦਾ ਸੀ। ਉਹ ਲੜਾਈ ਲਈ ਫਾਇਦੇਮੰਦ ਥਾਵਾਂ ਤਾਂ ਪਿੱਛੇ ਛੱਡ ਆਇਆ ਸੀ। ਉਹ ਸਾਮੂੰਗੜ੍ਹ ਦੀ ਲੜਾਈ ਵਿੱਚ ਸਭ ਕੁਝ ਹਾਰ ਚੁੱਕਿਆ ਸੀ।

ਦੂਜੀ ਗੱਲ ਇਹ ਕਿ ਗੁਰੂ ਹਰਿ ਰਾਇ ਸਾਹਿਬ ਇੱਕ ਨਵੇਂ ਧਰਮ ਦੇ ਗੁਰੂ ਸਨ। ਨਵਾਂ ਧਰਮ ਉਹ ਜਿਹੜਾ ਨਾ ਹਿੰਦੂ ਸੀ ਅਤੇ ਨਾ ਮੁਸਲਮਾਨ ਸੀ ਸਗੋਂ ਦੋਹਾਂ ਤੋਂ ਵੱਖਰਾ ਸੀ। ਇਸ ਕਰਕੇ ਸਿੱਖ ਧਰਮ ਦੇ ਬਾਨੀਆਂ ਦੀ ਦੂਜੇ ਧਰਮਾਂ ਦੇ ਮੰਨਣ ਵਾਲਿਆਂ ਪ੍ਰਤੀ ਅਪਣਾਈ ਗਈ ਨੀਤੀ ਨੂੰ ਇਸ ਨੁਕਤੇ ਤੋਂ ਸਮਝਣ ਦੀ ਲੋੜ ਹੈ। ਹਰ ਨਵੇਂ ਧਰਮ ਲਈ ਨਿਰਪੱਖ ਹੋ ਕੇ ਚਲਣ ਦੀ ਲੋੜ ਹੁੰਦੀ ਹੈ ਪਰ ਸਿੱਖ ਧਰਮ ਲਈ ਇਹ ਗੱਲ ਬਹੁਤ ਜ਼ਰੂਰੀ ਸੀ। ਹਿੰਦੁਸਤਾਨ ਵਿਚਲੀ ਉਸ ਸਮੇਂ ਦੀ ਰਾਜਨੀਤਿਕ ਅਤੇ ਸਮਾਜਿਕ ਸਥਿਤੀ ਬਹੁਤ ਸੋਚ-ਸਮਝ ਕੇ ਚੱਲਣ ਵਾਲੀ ਸੀ। ਹਿੰਦੂ ਸਮਾਜ ਅਤੇ ਮੁਸਲਿਮ ਸਮਾਜ ਉਸ ਸਮੇਂ ਦੋ ਵੱਡੀਆਂ ਤਾਕਤਾਂ ਸਨ। ਹਿੰਦੂ ਸਮਾਜ ਇਸ ਕਰਕੇ ਕਿ ਇਸ ਦੀ ਗਿਣਤੀ ਬਹੁਤ ਵੱਡੀ ਸੀ। ਹੱਦੋ-ਵੱਧ ਗਿਣਤੀ ਇੱਕ ਹਥਿਆਰ ਹੁੰਦੀ ਹੈ। ਮੁਸਲਮਾਨ ਰਾਜ ਕਰ ਰਹੀ ਧਿਰ ਸੀ। ਰਾਜਸੀ ਤਾਕਤ ਆਪਣੇ-ਆਪ ਵਿੱਚ ਸਭ ਤੋਂ ਵੱਡੀ ਸ਼ਕਤੀ ਹੁੰਦੀ ਹੈ। ਗੁਰੂ ਹਰਿ ਰਾਇ ਸਾਹਿਬ ਦੇ ਸਾਹਮਣੇ ਦੋ ਵੱਡੀਆਂ ਧਿਰਾਂ ਜੂਝ ਰਹੀਆਂ ਸਨ। ਇੱਕ ਨੂੰ ਦਾਰਾ ਸ਼ਿਕੋਹ ਅਗਵਾਈ ਦੇ ਰਿਹਾ ਸੀ ਅਤੇ ਦੂਜੀ ਨੂੰ ਔਰੰਗਜ਼ੇਬ। ਪਹਿਲੀ, ਲੋਕ-ਪੱਖੀ ਸੀ ਤੇ ਦੂਜੀ ਨਿਰੋਲ ਇੱਕ ਧਿਰ (ਇਸਲਾਮ) ਦੀ ਗੱਲ ਕਰਦੀ ਸੀ। ਦਾਰਾ ਸ਼ਿਕੋਹ ਦੀ ਧਿਰ, ਲੋਕ-ਪੱਖੀ ਹੋਣ ਦੇ ਬਾਵਜੂਦ ਬੁਰੀ ਤਰ੍ਹਾਂ ਹਾਰ ਚੁੱਕੀ ਸੀ। ਇਹ ਹਾਰੀ ਹੋਈ ਧਿਰ ਪੰਜਾਬ ਵਿੱਚ ਪਹੁੰਚਣ ਤੱਕ ਸਭ ਕੁਝ ਹਾਰ ਚੁੱਕੀ ਸੀ। ਇਸ ਲਈ ਪੰਜਾਬ ਦੇ ਲੋਕ ਦਾਰਾ ਸ਼ਿਕੋਹ ਨਾਲ ਹਮਦਰਦੀ ਰੱਖਣ ਦੇ ਬਾਵਜੂਦ ਉਸ ਦੀ ਮਦਦ ਨਹੀਂ ਕਰ ਸਕਦੇ ਸਨ। ਦਾਰਾ ਸ਼ਿਕੋਹ ਪਿੱਛੇ ਨੂੰ ਭੱਜਦਾ ਹੋਇਆ ਇਸ ਤਰੀਕੇ ਨਾਲ ਨਹੀਂ ਭੱਜ ਰਿਹਾ ਸੀ ਜਿਸ ਨਾਲ ਇਹ ਮਹਿਸੂਸ ਹੁੰਦਾ ਹੋਵੇ ਕਿ ਉਹ ਲੜਦਾ ਹੋਇਆ ਪਿੱਛੇ ਹਟ ਰਿਹਾ ਹੋਵੇ। ਯੁੱਧ-ਨੀਤੀ ਪੱਖੋਂ ਮਾਹਰ ਕੋਈ ਜਰਨੈਲ (ਨੇਤਾ) ਜਦੋਂ

ਪਿੱਛੇ ਹੱਟਦਾ ਹੈ ਤਾਂ ਉਹ ਅਜਿਹੇ ਤਰੀਕੇ ਨਾਲ ਪਿੱਛੇ ਹਟਦਾ ਹੈ ਜਿਵੇਂ ਕਿ ਉਹ ਲੋਕਾਂ ਨੂੰ ਦੱਸਣਾ ਚਾਹੁੰਦਾ ਹੋਵੇ ਕਿ ਉਹ ਆਪਣੇ ਅੰਤਲੇ ਦਮ ਤੱਕ ਲੜੇਗਾ। ਦਾਰਾ ਸ਼ਿਕੋਹ ਤਾਂ ਇਸ ਤਰ੍ਹਾਂ ਭੱਜ ਰਿਹਾ ਸੀ ਜਿਵੇਂ ਉਸ ਨੇ ਕਿਤੇ ਲੜਨਾ ਨਹੀਂ ਹੁੰਦਾ ਸੀ। ਜਿਸ ਤਰੀਕੇ ਨਾਲ ਦਾਰਾ ਸ਼ਿਕੋਹ ਆਗਰਾ ਤੋਂ ਭੱਜਦਾ ਹੋਇਆ ਪੰਜਾਬ ਵਿੱਚ ਪਹੁੰਚਿਆ ਸੀ।

ਗੁਰਮੁਖੀ ਦੀਆਂ ਸਿੱਖ ਲਿਖਤਾਂ ਵਿੱਚ ਦਾਰਾ ਸ਼ਿਕੋਹ ਦੀ ਮਦਦ ਬਾਰੇ ਕਾਫੀ ਲਿਖਿਆ ਗਿਆ ਹੈ। ਭਾਈ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਅਨੁਸਾਰ ਦਾਰਾ ਸ਼ਿਕੋਹ ਅਤੇ ਗੁਰੂ ਹਰਿ ਰਾਇ ਸਾਹਿਬ ਦੀ ਬਿਆਸ ਦਰਿਆ ਉੱਪਰ ਵਸੇ ਗੋਇੰਦਵਾਲ ਨਗਰ ਵਿਖੇ ਮੁਲਾਕਾਤ ਹੋਈ ਸੀ। ਦਾਰਾ ਸ਼ਿਕੋਹ ਨੇ ਗੁਰੂ ਸਾਹਿਬ ਤੋਂ ਸੈਨਿਕ ਮਦਦ ਮੰਗੀ ਅਤੇ ਕਿਹਾ ਕਿ ਜੇਕਰ ਉਹ ਇੱਕ ਦਿਨ ਲਈ ਬਿਆਸ ਦਰਿਆ ਦੇ ਘਾਟ ਨੂੰ ਰੋਕ ਸਕਦੇ ਹਨ ਤਾਂ ਰੋਕ ਲੈਣ ਅਤੇ ਔਰੰਗਜ਼ੇਬ ਦੀਆਂ ਫ਼ੌਜਾਂ ਨੂੰ ਦਰਿਆ ਪਾਰ ਕਰਨ ਨਾ ਦੇਣ। ਇਸ ਤਰ੍ਹਾਂ ਉਹ ਲਾਹੌਰ ਪਹੁੰਚ ਜਾਵੇਗਾ। ਗਿਆਨੀ ਗਿਆਨ ਸਿੰਘ ਅਨੁਸਾਰ, "ਓਸੇ ਸਮੇਂ ਔਰੰਗਜ਼ੇਬ ਨੇ ਜਦ ਆਪਣੇ ਬਾਪ ਸ਼ਾਹ ਜਹਾਨ ਬਾਦਸ਼ਾਹ ਨੂੰ ਆਗਰਾ ਦੇ ਕਿਲ੍ਹੇ ਵਿੱਚ ਕੈਦ ਕਰ ਕੇ ਤਖ਼ਤ ਦੇ ਵਾਰਿਸ ਦਾਰਾ ਸ਼ਿਕੋਹ ਟਿੱਕੇ ਦੀ ਜਾਨ ਲੈਣੀ ਚਾਹੀ ਤਦ ਓਹ ਦਾਰਾ ਸ਼ਿਕੋਹ ਕਾਬੁਲ ਪਹੁੰਚਣ ਵਾਸਤੇ ਨੱਠ ਤੁਰਿਆ ਤੇ ਬਿਆਸ ਲੰਘ ਕੇ ਗੋਇੰਦਵਾਲ ਗੁਰੂ ਸਾਹਿਬ ਕੋਲ ਪਹੁੰਚ ਕੇ ਦੀਨ ਹੋ ਕੇ ਅਰਜ ਕੀਤੀ ਕਿ ਮੇਰੇ ਪਿੱਛੇ ਔਰੰਗਜ਼ੇਬ ਦੀ ਫ਼ੌਜ ਮੈਨੂੰ ਫੜਨ ਵਾਸਤੇ ਆਈ ਹੈ ਜੇਕਰ ਤੁਸੀਂ ਏਨ੍ਹਾਂ ਨੂੰ ਕਿਸੇ ਤਰ੍ਹਾਂ ਦੋ ਪਹਿਰ ਦਰਿਯਾਇ ਨਾ ਲੰਘਣ ਦੇਵੋਂ ਤਾਂ ਮੇਰੀ ਜਾਨ ਬਚ ਜਾਏ। ਗੁਰੂ ਜੀ ਨੇ ਦਯਾ ਕਰ ਕੇ ਆਪਣੇ 2200 (ਬਾਈ ਸੌ) ਅਸਵਾਰ ਤੇ ਦੋ ਤਿੰਨ ਤੋਪਾਂ ਭੇਜ ਕੇ ਪੱਤਣ ਪਾਰ ਦੋ ਚਾਰ ਫੈਲ ਕਰਾਇ ਦਿੱਤੇ ਅਤੇ ਬੇੜੀਆਂ ਰੋਕ ਦਿੱਤੀਆਂ ਜਿਸ ਕਰ ਕੇ ਸ਼ਾਹੀ ਫ਼ੌਜ ਓਥੇ ਇੱਕ ਦਿਨ ਰੁਕ ਕੇ ਫੇਰ ਪਿੱਛੇ ਨੂੰ ਵਾਪਿਸ ਹੋ ਗਈ।"[19]

ਭਾਈ ਸੰਤੋਖ ਸਿੰਘ ਲਿਖਦਾ ਹੈ ਜਦੋਂ ਸ਼ਾਹ ਜਹਾਨ ਬਾਦਸ਼ਾਹ ਦੇ ਪੁੱਤਰਾਂ ਵਿੱਚ ਰਾਜ ਰੌਲਾ ਪੈ ਗਿਆ ਸੀ ਤਾਂ ਗੁਰੂ ਹਰਿ ਰਾਇ ਸਾਹਿਬ ਆਪਣੀ ਸਾਰੀ ਸੈਨਾ ਨਾਲ ਸਤਲੁਜ ਨੂੰ ਪਾਰ ਕਰਕੇ ਬਿਆਸ ਦਰਿਆ ਵੱਲ ਆ ਗਏ ਸਨ। ਰਸਤੇ ਵਿੱਚ ਗੁਰੂ ਸਾਹਿਬ ਨੂੰ ਦਾਰਾ ਸ਼ਿਕੋਹ ਦਾ ਪੱਤਰ ਮਿਲਿਆ ਕਿ ਉਹ ਬਿਆਸ ਦਰਿਆ ਵੱਲ ਆ ਰਿਹਾ ਹੈ, ਗੁਰੂ ਸਾਹਿਬ ਉਸ ਨੂੰ ਦਰਿਆ ਬਿਆਸ ਉੱਪਰ ਪਹੁੰਚ ਕੇ ਮਿਲਣ ਦੀ

---

19 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ* (ਪੱਥਰ ਛਾਪ), ਪੰਨੇ 256-57.

ਕੋਸ਼ਿਸ਼ ਕਰਨ। ਇਸ ਲਈ ਗੁਰੂ ਸਾਹਿਬ ਬਿਆਸ ਦਰਿਆ ਦੇ ਨੇੜੇ ਗੋਇੰਦਵਾਲ ਸਾਹਿਬ ਵਿਖੇ ਆਪਣੀ ਸਮੁੱਚੀ ਸੈਨਾ ਨਾਲ ਆ ਪਹੁੰਚੇ ਸਨ।[20]

ਪਿਛਲੀਆਂ ਸਿੱਖ ਲਿਖਤਾਂ ਵਿੱਚ ਲੱਗਭੱਗ ਇਹ ਵਿਚਾਰ ਪ੍ਰਗਟ ਕੀਤੇ ਗਏ ਹਨ। ਮਿਸਾਲ ਦੇ ਤੌਰ 'ਤੇ ਖ਼ਜਾਨ ਸਿੰਘ ਨੇ ਭਾਈ ਸੰਤੋਖ ਸਿੰਘ ਅਤੇ ਗਿਆਨ ਸਿੰਘ ਵਾਲੇ ਵਿਚਾਰਾਂ ਨੂੰ ਅਪਣਾਇਆ ਹੈ।[21]

ਇਨ੍ਹਾਂ ਵਿਚਾਰਾਂ ਅਨੁਸਾਰ ਗੁਰੂ ਹਰਿ ਰਾਇ ਸਾਹਿਬ ਨੂੰ ਪੂਰੀ ਤਰ੍ਹਾਂ ਦਾਰਾ ਸ਼ਿਕੋਹ ਦੀ ਮਦਦ ਕਰਦੇ ਦਿਖਾਇਆ ਗਿਆ ਹੈ। ਇਹ ਵਿਚਾਰ ਇਤਿਹਾਸਕ ਰੂਪ ਵਿੱਚ ਠੀਕ ਨਹੀਂ ਹਨ। ਪਹਿਲੀ ਗੱਲ ਇਹ ਵਿਚਾਰ ਉਨੀਵੀਂ ਸਦੀ ਦੀਆਂ ਲਿਖਤਾਂ ਦੇ ਹਨ ਜਦੋਂ ਕਿ ਦਾਰਾ ਸ਼ਿਕੋਹ ਦਾ ਮਸਲਾ ਸਤਾਰ੍ਹਵੀਂ ਸਦੀ ਦਾ ਸੀ। ਦੂਜੀ ਗੱਲ ਸਿੱਖ ਲੇਖਕਾਂ ਦੀ ਜਜ਼ਬਾਤੀ ਹਮਦਰਦੀ ਦਾਰਾ ਸ਼ਿਕੋਹ ਨਾਲ ਹੈ। ਉਸ ਦੇ ਮੁਕਾਬਲੇ ਔਰੰਗਜ਼ੇਬ ਨੂੰ ਸਿੱਖ ਦਿਲੋਂ ਨਫ਼ਰਤ ਕਰਦੇ ਸਨ। ਸਿੱਖ ਲੇਖਕਾਂ ਨੇ ਆਪਣੇ ਵਿਚਾਰਾਂ ਰਾਹੀਂ, ਦਾਰਾ ਸ਼ਿਕੋਹ ਨਾਲ ਸਿਰਫ਼ ਆਪਣੀ ਜਜ਼ਬਾਤੀ ਸਾਂਝ ਨੂੰ ਦਰਸਾਇਆ ਹੈ। ਦਾਰਾ ਸ਼ਿਕੋਹ ਇੰਨੀ ਤੇਜ਼ੀ ਨਾਲ ਡਰਿਆ ਹੋਇਆ ਪੰਜਾਬ ਵੱਲ ਆ ਰਿਹਾ ਸੀ ਨਾ ਤਾਂ ਉਸ ਨੇ ਕਿਤੇ ਲੰਮਾ ਸਮਾਂ ਠਹਿਰ ਕੇ ਆਪਣੇ ਪੁੱਤਰ ਸੁਲੇਮਾਨ ਸ਼ਿਕੋਹ ਅਤੇ ਨਾ ਆਪਣੇ ਪੋਤਰੇ ਸਿਪਾਹ ਸ਼ਿਕੋਹ ਦੇ ਮਿਲਣ ਦੀ ਉਡੀਕ ਕੀਤੀ ਅਤੇ ਨਾ ਲੜਾਈ ਕਰਨ ਦਾ ਮਨ ਬਣਾਇਆ ਸੀ। ਅਜਿਹੀ ਸਥਿਤੀ ਵਿੱਚ ਪੰਜਾਬ ਦੀ ਕੋਈ ਧਿਰ ਉਸ ਲਈ ਮਦਦ ਕਰਨ ਲਈ ਸੋਚ ਨਹੀਂ ਸਕਦੀ ਸੀ। ਸਮਕਾਲੀ ਲਿਖਤਾਂ ਵਿੱਚ ਅਜਿਹਾ ਕੋਈ ਵੇਰਵਾ ਨਹੀਂ ਹੈ ਜਿਸ ਨਾਲ ਇਹ ਸਾਬਤ ਹੁੰਦਾ ਹੋਵੇ ਕਿ ਦਾਰਾ ਸ਼ਿਕੋਹ ਦਾ ਲੜਾਈ ਕਰਨ ਦਾ ਕੋਈ ਇਰਾਦਾ ਹੋਵੇ। ਇੱਕੋ-ਇੱਕ ਸਮਕਾਲੀ ਲਿਖਤ ਮੁਨਸ਼ੀ ਸੁਜਾਨ ਰਾਏ ਦੀ ਖੁਲਾਸਤੁਤ ਤਵਾਰੀਖ਼ ਹੈ ਜਿਸ ਵਿੱਚ ਗੁਰੂ ਹਰਿ ਰਾਇ ਸਾਹਿਬ ਨਾਲ ਸਬੰਧਿਤ ਅਜਿਹਾ ਸੰਖੇਪ ਜਿਹਾ ਵੇਰਵਾ ਹੈ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਗੁਰੂ ਹਰਿ ਰਾਇ ਸਾਹਿਬ ਦਾਰਾ ਸ਼ਿਕੋਹ ਦੇ ਮਸਲੇ ਤੋਂ ਨਿਰਲੇਪ ਰਹੇ ਸਨ। ਮੁਨਸ਼ੀ ਸੁਜਾਨ ਰਾਏ ਲਿਖਦਾ ਹੈ "ਦਾਰਾ ਸ਼ਿਕੋਹ ਭਾਵੇਂ ਉਤੋਂ ਲੜਾਈ ਦਾ ਸਮਾਨ ਇਕੱਠਾ ਕਰ ਰਿਹਾ ਸੀ ਪਰ ਅਸਲ ਵਿੱਚ ਉਸ ਉੱਤੇ ਔਰੰਗੇਜ਼ੇਬ ਦਾ ਡਰ ਇਸ ਤਰ੍ਹਾਂ ਛਾ ਗਿਆ ਸੀ ਕਿ ਉਹ

---

20 ਸ੍ਰੀ *ਗੁਰ ਪ੍ਰਤਾਪ ਸੂਰਜ ਗ੍ਰੰਥ*, ਕਿਰਪਾਲ ਸਿੰਘ (ਸੰਪਾ.), ਜਿਲਦ 17ਵੀਂ ਸਦੀ ਭਾਗ ਦੂਜਾ, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, ਪੰਨਾ-18.

21 Khazan Singh, *History of the Sikh Religion*, Patiala, 1988, p. 147.

ਉਸ ਦਾ ਟਾਕਰਾ ਆਪਣੀ ਸੱਤਾ ਤੋਂ ਬਾਹਰ ਸਮਝਦਾ ਸੀ। ਉਸ ਦੀ ਮੁਲਤਾਨ ਤੇ ਕੰਧਾਰ ਵੱਲ ਨਿਕਲਣ ਜਾਣ ਦੀ ਨੀਅਤ ਸੀ। ਲੋਕ ਚੰਗੀ ਤਰ੍ਹਾਂ ਸਮਝਦੇ ਸਨ ਕਿ ਜਦੋਂ ਔਰੰਗਜ਼ੇਬ ਪੰਜਾਬ ਵੱਲ ਆਇਆ, ਦਾਰਾ ਸ਼ਿਕੋਹ ਲੜਨ-ਭਿੜਨ ਤੋਂ ਬਿਨਾਂ ਭੱਜ ਜਾਏਗਾ। ਲੋਕ ਉਸ ਦਾ ਸਾਥ ਛੱਡਣ ਦਾ ਇਰਾਦਾ ਰੱਖਦੇ ਸਨ। ਇਸ ਲਈ ਰਾਜਾ ਰਾਜਰੂਪ ਇਹ ਬਹਾਨਾ ਕਰ ਕੇ ਵਿਦਾ ਹੋ ਗਿਆ ਕਿ ਦੇਸ਼ ਪਹੁੰਚ ਕੇ ਫ਼ੌਜ ਦਾ ਸਾਮਾਨ ਠੀਕ ਕਰਨਾ ਹੈ ਅਤੇ ਪਹਾੜ ਦੇ ਜਿੰਮੀਦਾਰਾਂ ਦੀ ਹਾਰਦਿਕ ਪ੍ਰਸੰਨਤਾ ਪ੍ਰਾਪਤ ਕਰਨੀ ਜ਼ਰੂਰੀ ਹੈ। ਭਲਾਈ ਨੂੰ ਮੁੱਖ ਰੱਖ ਕੇ ਆਪਣੇ ਪੁੱਤਰ ਅਤੇ ਵਕੀਲ ਨੂੰ ਲਾਹੌਰ ਵਿੱਚ ਛੱਡ ਗਿਆ। ਕੁਝ ਦਿਨਾਂ ਮਗਰੋਂ ਪੁੱਤਰ ਵੀ ਰਾਤ ਦੇ ਸਮੇਂ ਨਿਕਲ ਗਿਆ। ਬਾਬਾ ਨਾਨਕ ਦੇ ਗੱਦੀਦਾਰ ਗੁਰੂ ਹਰਿ ਰਾਇ ਸਾਹਿਬ, ਜੋ ਬਹੁਤ ਸਾਰੀ ਫ਼ੌਜ ਲੈ ਕੇ ਆਏ ਸਨ, ਫ਼ੌਜ ਇਕੱਤਰ ਕਰਨ ਦੇ ਬਹਾਨੇ ਚਲੇ ਗਏ। ਇਸੇ ਤਰ੍ਹਾਂ ਬਹੁਤ ਸਾਰੇ ਸਾਥੀ ਵੱਖ ਹੋ ਗਏ।"[22]

ਸੁਜਾਨ ਰਾਏ ਭੰਡਾਰੀ ਦੇ ਕਥਨ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਗੁਰੂ ਹਰਿ ਰਾਇ ਸਾਹਿਬ ਨੇ ਨਾ ਬਿਆਸ ਦਰਿਆ ਦਾ ਕੋਈ ਘਾਟ ਰੋਕ ਕੇ ਰੱਖਿਆ ਸੀ ਅਤੇ ਨਾ ਕਿਸੇ ਤੋਪ ਦੀ ਵਰਤੋਂ ਕੀਤੀ ਸੀ। ਜਿਵੇਂ ਭਾਈ ਸੰਤੋਖ ਅਤੇ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ। ਫਿਰ ਵੀ ਸੁਜਾਨ ਰਾਏ ਦੇ ਕਥਨ ਵਿੱਚ, ਸਮਕਾਲੀ ਲੇਖਕ ਹੋਣ ਦੇ ਬਾਵਜੂਦ ਕੁਝ ਗੱਲਾਂ ਗਲਤ ਹਨ। ਪਹਿਲੀ ਗੱਲ ਇਹ ਕਿ ਗੁਰੂ ਹਰਿ ਰਾਇ ਸਾਹਿਬ ਨੇ ਮੁੱਢ ਤੋਂ ਲੜਾਈ ਵਾਲਾ ਝੁਕਾਅ ਨਹੀਂ ਰੱਖਿਆ ਸੀ। ਉਹ ਬਹੁਤ ਨਰਮ ਅਤੇ ਕੋਮਲ ਸੁਭਾਅ ਦੇ ਸਨ। ਉਨ੍ਹਾਂ ਦੇ ਦਾਦਾ ਗੁਰੂ, ਗੁਰੂ ਹਰਿਗੋਬਿੰਦ ਸਾਹਿਬ ਦਾ ਉਨ੍ਹਾਂ ਨੂੰ ਇਹੋ ਆਦੇਸ਼ ਸੀ ਜਿੱਥੋਂ ਤੱਕ ਹੋ ਸਕੇ ਲੜਾਈ ਤੋਂ ਟਲ ਕੇ ਰਹਿਣਾ ਹੈ। ਇਸ ਲਈ ਗੁਰੂ ਹਰਿ ਰਾਇ ਸਾਹਿਬ ਹਰ ਸਮੇਂ ਲੜਾਈ-ਭਿੜਾਈ ਵਾਲੇ ਮਸਲੇ ਤੋਂ ਲਾਂਭੇ ਰਹਿੰਦੇ ਸਨ। ਦਾਰਾ ਸ਼ਿਕੋਹ ਅਤੇ ਔਰੰਗਜ਼ੇਬ ਦੇ ਸ਼ਾਹੀ ਭੇੜ ਵਿੱਚ ਸ਼ਾਮਿਲ ਹੋਣ ਦੀ ਗੱਲ ਉਨ੍ਹਾਂ ਲਈ ਝੰਜਟ ਵਿਚ ਫਸਣ ਵਾਲੀ ਗੱਲ ਹੋਣੀ ਸੀ। ਇਸ ਲਈ ਗੁਰੂ ਹਰਿ ਰਾਇ ਸਾਹਿਬ ਇਸ ਜੰਗ ਤੋਂ ਬਿਲਕੁਲ ਨਿਰਲੇਪ ਰਹੇ ਸਨ। ਸੁਜਾਨ ਰਾਏ ਦੀ ਇਹ ਗੱਲ ਗਲਤ ਹੈ ਕਿ ਗੁਰੂ ਹਰਿ ਰਾਇ ਸਾਹਿਬ ਹੋਰ ਫ਼ੌਜ ਇਕੱਤਰ ਕਰਨ ਦੇ ਬਹਾਨੇ ਚਲੇ ਗਏ ਸਨ। ਗੁਰੂ ਸਾਹਿਬ ਨੂੰ ਬਹਾਨਾ ਕਰਨ ਦੀ ਲੋੜ ਨਹੀਂ ਸੀ ਕਿਉਂਕਿ ਮੁਗ਼ਲ ਸਾਮਰਾਜ ਦੀ ਰਾਜਨੀਤੀ ਵੱਲ ਉਨ੍ਹਾਂ ਦਾ ਕੋਈ ਲਗਾਓ ਨਹੀਂ ਸੀ। ਜੇਕਰ ਉਨ੍ਹਾਂ ਨੇ ਦਾਰਾ

22 ਸੁਜਾਨ ਰਾਏ ਭੰਡਾਰੀ, *ਖ਼ੁਲਾਸਤ-ਉਤ-ਤਵਾਰੀਖ਼* (ਪੰਜਾਬੀ ਅਨੁਵਾਦ), ਪੰਨੇ 526-27.

ਸ਼ਿਕੋਹ ਦੀ ਕਿਸੇ ਤਰ੍ਹਾਂ ਦੀ ਸਰਗਰਮ ਮਦਦ ਕੀਤੀ ਹੁੰਦੀ ਤਾਂ ਔਰੰਗਜ਼ੇਬ ਜਿਹੇ ਮੁਤੱਸਬੀ ਬਾਦਸ਼ਾਹ ਨੇ ਇਸ ਨੂੰ ਅਣਗੌਲਿਆਂ ਨਹੀਂ ਸੀ ਕਰਨਾ।

**ਗੁਰੂ ਹਰਿ ਰਾਇ ਸਾਹਿਬ ਦੀ ਮਾਲਵਾ ਫੇਰੀ**

ਗੁਰੂ ਹਰਿ ਸਾਹਿਬ ਤੋਂ ਪਹਿਲਾਂ, ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਮਾਲਵਾ ਵਿੱਚ ਆ ਚੁੱਕੇ ਸਨ। ਉਨ੍ਹਾਂ ਨੇ ਮਾਲਵਾ ਦੇ ਕਈ ਜੱਟ ਕਬੀਲਿਆਂ ਭੁੱਲਰ, ਸਿੱਧੂ ਬਰਾੜ ਆਦਿ ਨੂੰ ਇਕੱਠਾ ਕਰਕੇ ਸਿੱਖ ਧਰਮ ਵਿੱਚ ਲਿਆਂਦਾ ਸੀ। ਮਾਲਵਾ ਵਿੱਚ ਗੁਰੂ ਅਰਜਨ ਦੇਵ ਦੇ ਸਮੇਂ ਤੋਂ ਮਾਲਵਾ ਦੀ ਬਹੁਤ ਵਸੋਂ ਸਿੱਖ ਧਰਮ ਨੂੰ ਧਾਰਨ ਕਰ ਚੁੱਕੀ ਸੀ। ਗੁਰੂ ਹਰਿ ਰਾਇ ਸਾਹਿਬ ਦਾ ਸਮਾਂ ਲੱਗਭੱਗ ਸਾਰਾ ਸ਼ਾਂਤੀ ਵਾਲਾ ਸੀ, ਇਸ ਲਈ ਗੁਰੂ ਹਰਿ ਰਾਇ ਸਾਹਿਬ ਨੇ ਪੰਜਾਬ ਦੇ ਲੱਗਭੱਗ ਸਾਰੇ ਇਲਾਕਿਆਂ ਵਿੱਚ ਪਰਚਾਰ ਦੌਰੇ ਕੀਤੇ ਸਨ। ਪਹਿਲਾਂ ਉਨ੍ਹਾਂ ਨੇ ਦੁਆਬਾ ਦੇ ਦੌਰੇ ਕੀਤੇ ਅਤੇ ਫਿਰ ਮਾਝਾ ਵਿੱਚ ਉਨ੍ਹਾਂ ਦੇ ਜਾਣ ਦੇ ਵੇਰਵੇ ਮਿਲਦੇ ਹਨ। ਉਨ੍ਹਾਂ ਨੇ ਖੁੱਲ੍ਹਾ ਸਮਾਂ ਮਾਲਵਾ ਵਿੱਚ ਬਤੀਤ ਕੀਤਾ ਸੀ।

ਸਿੱਖ ਗੁਰੂ ਸਾਹਿਬਾਨ ਵੱਲੋਂ ਮਾਲਵਾ ਵਿੱਚ ਪ੍ਰਚਾਰ-ਦੌਰੇ ਕਰਦੇ ਸਮੇਂ ਗੁਰੂ ਅਰਜਨ ਦੇਵ ਦੇ ਸਮੇਂ ਤੋਂ ਮੋਗੇ ਨੇੜੇ ਵਸਿਆ ਪਿੰਡ ਡਰੌਲੀ ਭਾਈ ਕੀ ਸਿੱਖ ਧਰਮ ਦਾ ਪਹਿਲਾਂ ਕੇਂਦਰ ਬਣ ਗਿਆ ਸੀ। ਪਿੰਡ ਡਰੌਲੀ ਭਾਈ ਕੀ ਵਿਖੇ, ਗੁਰੂ ਹਰਿਗੋਬਿੰਦ ਸਾਹਿਬ ਦੀ ਵੱਡੀ ਸਾਲੀ ਬੀਬੀ ਰਾਮੋ ਭਾਈ ਸਾਂਈ ਦਾਸ ਨੂੰ ਵਿਆਹੇ ਹੋਏ ਸਨ। ਮਾਤਾ ਦਮੋਦਰੀ, ਬੀਬੀ ਰਾਮੋ ਦੀ ਛੋਟੀ ਭੈਣ ਸਨ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਅਰਜਨ ਦੇਵ(ਪਿਤਾ) ਦੇ ਸਮੇਂ ਵਿਆਹੇ ਗਏ ਸਨ। ਇਸ ਤਰ੍ਹਾਂ ਪਿੰਡ ਡਰੌਲੀ ਭਾਈ ਕੀ ਇੱਕ ਅਜਿਹਾ ਪਿੰਡ ਸੀ ਜਿੱਥੇ ਗੁਰੂ ਅਰਜਨ ਦੇਵ ਦੇ ਨੇੜਲੇ ਰਿਸ਼ਤੇਦਾਰ ਰਹਿੰਦੇ ਸਨ। ਜਦੋਂ ਗੁਰੂ ਅਰਜਨ ਦੇਵ ਨੂੰ 1606 ਈਸਵੀ ਵਿੱਚ ਸ਼ਹੀਦ ਕਰ ਦਿੱਤਾ ਗਿਆ ਸੀ, ਬਾਲ ਗੁਰੂ ਹਰਿਗੋਬਿੰਦ ਸਾਹਿਬ ਸਮੁੱਚੇ ਪਰਿਵਾਰ ਨਾਲ ਪਿੰਡ ਡਰੌਲੀ ਭਾਈ ਕੀ ਵਿਖੇ ਆ ਗਏ ਸਨ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਕਾਫੀ ਲੰਮਾ ਸਮਾਂ, ਲੱਗਭੱਗ ਡੇਢ ਸਾਲ ਤੱਕ ਰਹੇ ਸਨ। ਇਸ ਤਰ੍ਹਾਂ ਛੇਵੇਂ ਗੁਰੂ ਵੱਲੋਂ ਕਾਫੀ ਲੰਮਾ ਸਮਾਂ ਇਥੇ ਠਹਿਰਨ ਕਰਕੇ ਡਰੌਲੀ ਭਾਈ ਕੀ ਸਿੱਖ ਧਰਮ ਦਾ ਇੱਕ ਤਕੜਾ ਕੇਂਦਰ ਬਣ ਗਿਆ ਸੀ।[23]

---

23 ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 1999 (ਮੁੜ ਪ੍ਰਕਾਸ਼ਨ), ਪੰਨੇ 91-92 ਅਤੇ *ਗੁਰਧਾਮ ਦੀਦਾਰ,* ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 2005, ਪੰਨੇ 136-37.

ਗੁਰੂ ਹਰਿ ਰਾਇ ਸਾਹਿਬ ਕਰਤਾਰਪੁਰ ਸਾਹਿਬ ਤੋਂ ਚੱਲ ਕੇ ਸਭ ਤੋਂ ਪਹਿਲਾਂ ਪਿੰਡ ਡਰੌਲੀ ਭਾਈ ਕੀ ਵਿਖੇ ਪਹੁੰਚੇ ਸਨ। ਗੁਰੂ ਹਰਿ ਰਾਇ ਸਾਹਿਬ ਦੇ ਇੱਥੇ ਪਹੁੰਚਣ ਸਮੇਂ ਦੀ ਜਾਣਕਾਰੀ ਮਿਲਦੀ ਹੈ ਕਿ ਉਨ੍ਹਾਂ ਨਾਲ ਬਾਈ ਸੌ ਘੋੜਸਵਾਰ ਸਨ। ਇਸ ਲਈ ਇੰਨੀ ਵੱਡੀ ਗਿਣਤੀ ਵਿੱਚ ਘੋੜਿਆਂ ਅਤੇ ਘੋੜਸਵਾਰਾਂ ਕਰਕੇ ਅਤੇ ਡਰੌਲੀ ਭਾਈ ਕੀ ਵਿਖੇ ਖੁੱਲੀ ਥਾਂ ਨਾ ਹੋਣ ਕਰਕੇ ਉਨ੍ਹਾਂ ਦਾ ਉਤਾਰਾ ਪਿੰਡ ਡਗਰੂ ਵਿਖੇ ਕੀਤਾ ਗਿਆ ਸੀ। ਪਿੰਡ ਡਗਰੂ, ਡਰੌਲੀ ਭਾਈ ਕੀ ਤੋਂ ਮੋਗਾ-ਫ਼ਿਰੋਜ਼ਪੁਰ ਸੜਕ ਉਪਰ ਦੋ-ਤਿੰਨ ਕਿਲੋਮੀਟਰ ਦੀ ਦੂਰੀ ’ਤੇ ਸੀ। ਇੱਥੇ ਘੋਸਸਵਾਰ ਸਿੱਖਾਂ ਲਈ ਤੰਬੂ ਲਾਕੇ ਰਹਿਣ ਦਾ ਪ੍ਰਬੰਧ ਕੀਤਾ ਗਿਆ ਸੀ। ਗੁਰੂ ਰਾਇ ਸਾਹਿਬ ਨੇ ਇਥੇ ਰਹਿ ਕੇ ਆਪਣੇ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿੱਚ ਇੱਕ ਗੁਰਦੁਆਰਾ ਬਣਵਾਇਆ ਸੀ। ਇਸ ਉਸਾਰੀ ਦਾ ਕੰਮ ਗੁਰੂ ਸਾਹਿਬ ਨੇ ਇੱਥੋਂ ਕਰਵਾਇਆ ਸੀ। ਗੁਰੂ ਹਰਿ ਰਾਇ ਸਾਹਿਬ ਤੋਂ ਪਿੱਛੋਂ ਇੱਥੋਂ ਦੀਆਂ ਸਿੱਖ ਸੰਗਤਾਂ ਨੇ ਗੁਰੂ ਹਰਿ ਰਾਇ ਸਾਹਿਬ ਦੀ ਯਾਦ ਵਿੱਚ ਜਿਹੜਾ ਗੁਰਦੁਆਰਾ ਉਸਰਵਾਇਆ ਸੀ ਉਸ ਦਾ ਨਾਂ ਗੁਰਦੁਆਰਾ ਤੰਬੂ ਸਾਹਿਬ ਰੱਖਿਆ ਗਿਆ।[24]

ਡਰੌਲੀ ਭਾਈ ਅਤੇ ਡਗਰੂ ਵਿਖੇ ਕਾਫੀ ਲੰਮਾ ਸਮਾਂ ਰਹਿਣ ਉਪਰੰਤ ਗੁਰੂ ਹਰਿ ਰਾਇ ਸਾਹਿਬ ਮਾਲਵਾ ਦੇ ਹੋਰ ਪਿੰਡਾਂ ਵਿੱਚ ਧਰਮ ਪਰਚਾਰ ਕਰਨ ਲਈ ਗਏ ਸਨ। ਅਜਿਹੇ ਪਿੰਡਾਂ ਵਿੱਚੋਂ ਇੱਕ ਪਿੰਡ ਗਹਿਲ ਹੈ। ਅੱਜ ਕਲ ਇਹ ਪਿੰਡ ਜ਼ਿਲ੍ਹਾ ਬਰਨਾਲਾ ਵਿੱਚ ਹੈ। ਇੱਥੇ ਗੁਰੂ ਹਰਿ ਰਾਇ ਸਾਹਿਬ ਦੀ ਯਾਦ ਵਿੱਚ ਇੱਕ ਗੁਰਦੁਆਰਾ ਬਣਿਆ ਹੋਇਆ ਹੈ।[25] ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ।[26]

ਗੁਰੂ ਹਰਿ ਰਾਇ ਸਾਹਿਬ ਨੇ ਮਾਲਵਾ ਵਿੱਚ ਕਾਫੀ ਸਮਾਂ ਗੁਜ਼ਾਰਿਆ ਸੀ। ਉਹਨਾਂ ਦੇ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਪਹਿਲਾਂ ਮਾਲਵਾ ਵਿੱਚ ਆ ਚੁੱਕੇ ਸਨ ਅਤੇ ਇੱਥੇ ਮੁਗ਼ਲ ਅਧਿਕਾਰੀਆਂ ਵਿਰੁੱਧ ਇੱਕ ਸਫ਼ਲ ਲੜਾਈ ਲੜ ਚੁੱਕੇ ਸਨ। ਇਸ ਲਈ ਉਨ੍ਹਾਂ ਥਾਵਾਂ ਤੇ ਗੁਰੂ ਹਰਿ ਰਾਇ ਸਾਹਿਬ ਦਾ ਜਾਣਾ ਕੁਦਰਤੀ ਗੱਲ ਸੀ। ਅੱਜ ਕਲ ਜਿਹੜੀਆਂ ਥਾਵਾਂ ’ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿੱਚ ਗੁਰਦੁਆਰੇ ਬਣੇ ਹੋਏ

---

24 ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਕਿਰਪਾਲ ਸਿੰਘ (ਸੰਪਾ.) ਜਿਲਦ 17ਵੀਂ, ਭਾਗ ਪਹਿਲਾ, ਪੰਨਾ-34 (ਪ੍ਰਸਤਾਵਨਾ).

25 *ਉਹੀ*, ਪੰਨਾ ਓਹੀ।

26 ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 390.

ਹਨ ਇਨ੍ਹਾਂ ਵਿੱਚੋਂ ਸਥਾਨਕ ਪਰੰਪਰਾਵਾਂ ਅਨੁਸਾਰ, ਗੁਰਧਾਮ ਗੁਰੂ ਹਰਿ ਰਾਇ ਸਾਹਿਬ ਦੀ ਪ੍ਰੇਰਨਾ ਨਾਲ ਬਣਾਏ ਗਏ ਸਨ। ਇਸ ਲਈ ਅਨੇਕਾਂ ਥਾਵਾਂ ਅਜਿਹੀਆਂ ਹਨ ਜਿਨ੍ਹਾਂ ਥਾਵਾਂ ਤੇ ਗੁਰੂ ਸਾਹਿਬ ਗਏ ਤਾਂ ਸਨ ਪਰ ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰੇ ਨਹੀਂ ਬਣੇ। ਜਦੋਂ ਗੁਰੂ ਸਾਹਿਬ ਡਰੌਲੀ ਭਾਈ ਕੀ ਤੋਂ ਅੱਗੇ ਗਹਿਲ ਅਤੇ ਮਹਿਰਾਜ ਵੱਲ ਗਏ ਸਨ ਤਾਂ ਇਨ੍ਹਾਂ ਦੀ ਦੂਰੀ ਬਹੁਤ ਸੀ। ਵੱਖ-ਵੱਖ ਥਾਵਾਂ ਤੇ ਪਹੁੰਚਣ ਲਈ ਰਸਤੇ ਵਿੱਚ ਠਹਿਰਾ ਕਰਦੇ ਸਨ ਪਰ ਇਨ੍ਹਾਂ ਠਹਿਰਾਵਾਂ ਦੀ ਸਾਨੂੰ ਜਾਣਕਾਰੀ ਨਹੀਂ ਮਿਲਦੀ।

ਗੁਰੂ ਹਰਿ ਰਾਇ ਸਾਹਿਬ ਜਦੋ ਮਾਲਵਾ ਵਿੱਚ ਧਰਮ-ਪਰਚਾਰ ਕਰ ਰਹੇ ਸਨ ਤਾਂ ਉਸ ਸਮੇਂ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਭੁੱਲਰ ਅਤੇ ਸਿੱਧੂ-ਬਰਾੜਾਂ ਦੇ ਜੱਟ ਕਬੀਲਿਆਂ ਵਿੱਚ ਏਕਤਾ ਕਰਵਾਉਣ ਦੀ ਸੀ। ਭੁੱਲਰ ਇੱਕ ਸੁਤੰਤਰ ਜੱਟ ਕਬੀਲਾ ਸੀ ਜਿਸ ਦਾ ਵਰਤਮਾਨ ਮਹਿਰਾਜ, ਰਾਮਪੁਰਾ, ਫੂਲ ਅਤੇ ਨਥਾਣਾ ਆਦਿ ਪਿੰਡਾਂ ਵਾਲੀ ਜ਼ਮੀਨ ’ਤੇ ਕਬਜ਼ਾ ਸੀ। ਇਹ ਪਿੰਡ ਅਜੇ ਇੱਥੇ ਵਸਾਏ ਨਹੀਂ ਗਏ ਸੀ। ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਦੇ ਸਮੇਂ ਭੁੱਲਰਾਂ ਦਾ ਮੁਖੀ ਜੈਦ ਪੁਰਾਣਾ ਸੀ। ਦੂਜੇ ਪਾਸੇ ਸਿੱਧੂ-ਬਰਾੜਾਂ ਦਾ ਜੱਟ ਕਬੀਲਾ ਸੀ। ਪਰ ਇਸ ਕਬੀਲੇ ਦੀ ਮਾਲਵਾ ਵਿੱਚ ਕਿਤੇ ਮਲਕੀਅਤ ਨਹੀਂ ਸੀ। ਇਹ ਕਬੀਲਾ ਗੈਰ-ਮੌਰੂਸੀ ਹੀ ਸੀ। ਗੈਰ-ਮੌਰੂਸੀ ਦਾ ਮਤਲਬ ਹੈ ਕਿ ਜ਼ਮੀਨ ਰਹਿਤ ਅਤੇ ਟੱਪਰੀਵਾਸ ਕਬੀਲਾ ਹੋਣਾ। ਸਿੱਧੂ-ਬਰਾੜਾਂ ਦੀ ਗਿਣਤੀ ਬਹੁਤ ਸੀ ਪਰ ਗੈਰ-ਮੌਰੂਸੀ ਹੋਣ ਕਰਕੇ ਕਿਸੇ ਇੱਕ ਥਾਂ ’ਤੇ ਕੋਈ ਪੱਕਾ ਵਸੇਬਾ ਨਹੀਂ ਸੀ। ਸਿੱਧੂ ਵਿਅਕਤੀ ਤੋਂ ਇਸ ਦੀ ਸੰਤਾਨ ਦਾ ਗੋਤ ਸਿੱਧੂ ਪ੍ਰਚੱਲਿਤ ਹੋ ਗਿਆ ਸੀ। ਫਿਰ ਸਿੱਧੂ ਦੀ ਨੌਵੀਂ ਪੀੜ੍ਹੀ ਵਿੱਚ ਬਰਾੜ ਨਾਂ ਦਾ ਵਿਅਕਤੀ ਹੋਇਆ ਸੀ। ਇਹ ਬਰਾੜ ਆਪਣੇ ਸਮੇਂ ਦਾ ਬਹੁਤ ਦਲੇਰ ਅਤੇ ਨਿਡਰ ਯੋਧਾ ਸੀ। ਬਰਾੜ ਨੇ ਬਹੁਤ ਵਿਅਕਤੀ ਇਕੱਠੇ ਕਰ ਲਏ ਸਨ ਅਤੇ ਬਹੁਤ ਦੂਰ-ਦੂਰ ਤਕ ਧਾੜਾਂ[27] ਮਾਰਦਾ ਚਲਾ ਜਾਂਦਾ ਸੀ। ਇਸ ਕਰਕੇ ਬਰਾੜ ਤੋਂ ਉਸ ਦੀ ਸੰਤਾਨ ਨੇ ਆਪਣੇ-ਆਪ ਨੂੰ ਬਰਾੜ ਗੋਤ ਵਾਲੇ ਜੱਟ ਅਖਵਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਸਿੱਧੂ ਦੀ ਸੰਤਾਨ ਦੋ ਗੋਤਾਂ ਵਿੱਚ ਵੰਡੀ ਗਈ ਸੀ। ਇੱਕ ਸਿੱਧੂ ਗੋਤ ਦੇ ਜੱਟ ਸਨ ਅਤੇ ਦੂਜੇ ਬਰਾੜ ਗੋਤ ਦੇ ਜੱਟ ਸਨ। ਬਰਾੜ ਦੀ ਬਾਰਵੀਂ ਪੀੜ੍ਹੀ ਤੋਂ ਇੱਕ

27 ‘ਧਾੜਾਂ’ ਮਲਵਈ ਪੰਜਾਬੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਲੁੱਟਾਂ-ਖੋਹਾਂ ਕਰਨੀਆਂ। ਪਹਿਲਾਂ ਲੁੱਟਾਂ-ਖੋਹਾਂ ਦਸ-ਦਸ ਜਾਂ ਬੀਹ-ਬੀਹ ਬੰਦਿਆਂ ਵਲੋਂ ਕੀਤੀਆਂ ਜਾਂਦੀਆਂ ਸਨ। ਆਦਮੀਆਂ ਦੇ ਇਸ ਤਰ੍ਹਾਂ ਦੇ ਜੁੱਟ (ਗਰੁੱਪ) ਨੂੰ ਧਾੜ ਕਿਹਾ ਜਾਂਦਾ ਸੀ। ਇਉਂ ਕੁਝ ਬੰਦਿਆਂ ਦੇ ਧੜਿਆਂ ਤੋਂ ਜਦੋਂ ਕੋਈ ਲੁੱਟ-ਖੋਹ ਕੀਤੀ ਜਾਂਦੀ ਸੀ ਤਾਂ ਉਸ ਨੂੰ ਧਾੜ ਪੈਣੀ ਕਿਹਾ ਜਾਂਦਾ ਸੀ।

ਫੂਲ ਨਾਂ ਦਾ ਵਿਅਕਤੀ ਪੈਦਾ ਹੋਇਆ। ਇਸ ਫੂਲ ਤੋਂ ਉਸਦੀ ਸੰਤਾਨ ਆਪਣੇ-ਆਪ ਨੂੰ ਫੂਲ ਕੇ ਅਖਵਾਉਣ ਲਗ ਪਈ ਸੀ।[28] ਇਸ ਤਰ੍ਹਾਂ ਸਿੱਧੂ, ਬਰਾੜ ਅਤੇ ਫੂਲ ਕੇ ਇੱਕੋ ਬਜ਼ੁਰਗ ਦੀ ਸੰਤਾਨ ਸਨ ਪਰ ਇਹ ਸਮੇਂ ਦੇ ਬੀਤਣ ਨਾਲ ਉਕਤ ਤਿੰਨ ਨਾਵਾਂ ਵਾਲੇ ਜੱਟ-ਗੋਤ ਜਾਂ ਪਛਾਣ ਵਾਲੇ ਧੜੇ (ਉਪ-ਗੋਤ) ਬਣ ਗਏ ਸਨ। ਇਨ੍ਹਾਂ ਤਿੰਨਾਂ ਵਿੱਚੋਂ ਜਿਹੜੇ ਵਿਅਕਤੀ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਦੇ ਸੰਪਰਕ ਵਿੱਚ ਆਏ ਸਨ ਉਹ ਬਰਾੜ ਸਨ ਅਤੇ ਇਨ੍ਹਾਂ ਦੇ ਮੁਖੀ ਪੱਖੋ, ਪੱਖੋ ਦਾ ਪੁੱਤਰ ਮੋਹਨ ਫਿਰ ਮੋਹਨ ਦੇ ਪੁੱਤਰ ਰੂਪ ਚੰਦ ਅਤੇ ਕਾਲਾ, ਰੂਪ ਚੰਦ ਦੇ ਪੁੱਤਰ ਸੰਦਲੀ ਅਤੇ ਫੂਲ ਸਨ। ਮਾਲਵਾ ਦੇ ਜੱਟ ਕਬੀਲੇ ਗੁਰੂ ਅਰਜਨ ਦੇਵ ਦੇ ਸਮੇਂ ਤੋਂ ਸਿੱਖ ਧਰਮ ਵਿੱਚ ਆ ਚੁੱਕੇ ਸਨ[29] ਅਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਉਨ੍ਹਾਂ ਦੀ ਸਰਗਰਮ ਮਦਦ ਪ੍ਰਾਪਤ ਹੋਈ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਾਲਵਾ ਵਿੱਚ ਪਹੁੰਚ ਕੇ ਮੁਗ਼ਲ ਅਧਿਕਾਰੀਆਂ ਨਾਲ ਲੜਾਈ ਕਰਨੀ ਪਈ ਸੀ। ਇਸ ਲੜਾਈ ਵਿੱਚ ਗੁਰੂ ਸਾਹਿਬ ਨੂੰ ਮਾਲਵਾ ਦੇ ਜੱਟ ਕਬੀਲਿਆਂ ਦੀ ਪੂਰੀ ਭਰਵੀਂ ਮਦਦ ਮਿਲੀ ਸੀ ਅਤੇ ਲੜਾਈ ਵਿੱਚ ਫਤਿਹ ਹੋਈ ਸੀ। ਇਸ ਕਰਕੇ ਗੁਰੂ ਹਰਿ ਰਾਇ ਸਾਹਿਬ ਨੇ ਮਾਲਵਾ ਵਿੱਚ ਪਹੁੰਚ ਕੇ ਇਨ੍ਹਾਂ ਜੱਟ ਕਬੀਲਿਆਂ ਵਿੱਚ ਕਾਫੀ ਸਮਾਂ ਮਾਲਵਾ ਵਿੱਚ ਰਹਿ ਕੇ ਪਰਚਾਰ ਕੀਤਾ ਸੀ। ਮਾਲਵਾ ਦੇ ਜੱਟ ਕਬੀਲੇ, ਕਬੀਲੇਦਾਰੀ ਸੱਭਿਆਚਾਰ ਵਿੱਚ ਰਹਿੰਦੇ ਆ ਰਹੇ ਸਨ ਇਸ ਲਈ ਕੋਈ ਵੀ ਜੱਟ ਕਬੀਲਾ ਇੱਕ ਸਾਂਝੇ ਸਮਾਜਿਕ ਸੱਭਿਆਚਾਰ ਵਿੱਚ ਬੱਝ ਕੇ ਨਹੀਂ ਚਲਦਾ ਸੀ। ਸਿੱਖ ਧਰਮ ਦਾ ਇੱਕ ਮੁੱਖ ਸਿਧਾਂਤ ਸਰਬਸਾਂਝਾ ਸਮਾਜਿਕ ਸੱਭਿਆਚਾਰ ਸਥਾਪਿਤ ਕਰਨ ਦਾ ਸੀ। ਸਿੱਖ ਧਰਮ ਦਾ ਸਰਬਸਾਂਝਾ ਸਮਾਜਿਕ ਸੱਭਿਆਚਾਰ ਜਾਤ-ਪਾਤ ਅਤੇ ਊਚ-ਨੀਚ ਦੇ ਸਾਰੇ ਵਖਰੇਵਿਆਂ ਨੂੰ ਖ਼ਤਮ ਕਰਦਾ ਸੀ। ਜੱਟਾਂ ਦੇ ਕਬੀਲਾ ਸੱਭਿਆਚਾਰ ਵਿੱਚ ਇਹ ਸਾਰੇ ਵਖਰੇਵੇਂ ਸਨ। ਇਨ੍ਹਾਂ ਵਿੱਚ ਬਾਕੀ ਦੇ ਹਿੰਦੁਸਤਾਨੀ ਸਮਾਜ ਵਾਂਗ ਜਾਤ-ਪਾਤ ਦਾ ਵਖਰੇਵਾਂ ਤਾਂ ਸੀ ਇਸ ਦੇ ਨਾਲ ਨਾਲ ਆਪਸੀ ਜੱਟ ਕਬੀਲਿਆਂ ਵਿੱਚ ਵਿਆਹ-ਸ਼ਾਦੀਆਂ ਕਰਨ ਦੀਆਂ ਬੰਦਸ਼ਾਂ ਸਨ। ਜੱਟ-ਕਬੀਲਿਆਂ ਦੀ ਆਪਸ ਵਿੱਚ ਬਹੁਤ ਦੁਸ਼ਮਣੀ ਸੀ। ਭੁੱਲਰ ਜੱਟ ਕਬੀਲੇ ਦੀ ਸਿੱਧੂ-ਬਰਾੜ ਜੱਟ ਕਬੀਲੇ ਨਾਲ ਦੁਸ਼ਮਣੀ ਸੀ। ਇੱਥੋਂ ਤੱਕ ਕਿ ਬਰਾੜ ਕਬੀਲੇ

28 ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨੇ 819, 20, 21.

29 ਇੰਦੂ ਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ,* ਜਿਲਦ ਦੂਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ-33.

ਦੇ ਆਪਸੀ ਧੜੇ ਬਣੇ ਹੋਏ ਸਨ। ਇਨ੍ਹਾਂ ਧੜਿਆਂ ਦੀ ਆਪਸ ਵਿੱਚ ਦੁਸ਼ਮਣੀ ਸੀ। ਪਰ ਇੰਨੀਆਂ ਧੜੇਬੰਦਕ ਦੁਸ਼ਮਣੀਆਂ ਹੋਣ ਦੇ ਬਾਵਜੂਦ ਮਾਲਵਾ ਦੇ ਜੱਟ ਕਬੀਲੇ ਸਿੱਖ ਧਰਮ ਵਿੱਚ ਪ੍ਰਵੇਸ਼ ਕਰ ਚੁੱਕੇ ਸਨ। ਇਸ ਲਈ ਜਦੋਂ ਕਦੇ ਕੋਈ ਗੁਰੂ ਮਾਲਵਾ ਵਿੱਚ ਆਉਂਦਾ ਸੀ, ਜਿਵੇਂ ਪਹਿਲਾਂ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਆਏ ਸਨ ਅਤੇ ਪਿੱਛੋਂ ਗੁਰੂ ਹਰਿ ਰਾਇ ਸਾਹਿਬ (ਸੱਤਵੇਂ ਗੁਰੂ) ਆਏ ਸਨ, ਤਾਂ ਸਾਰੇ ਜੱਟ ਕਬੀਲੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਆ ਪਹੁੰਚਦੇ ਸਨ। ਗੁਰੂ ਸਾਹਿਬ ਦੇ ਜਾਣ ਬਾਅਦ ਇਹ ਕਬੀਲੇ ਫਿਰ ਆਪਸੀ ਦੁਸ਼ਮਣੀ ਤੇ ਆ ਜਾਂਦੇ ਸਨ।

ਗੁਰੂ ਹਰਿਗੋਬਿੰਦ ਸਾਹਿਬ 1634 ਈਸਵੀ ਵਿੱਚ ਮਾਲਵਾ ਵਿੱਚ ਆਏ ਸਨ ਅਤੇ ਉਨ੍ਹਾਂ ਨੇ ਗੁਰੂ ਸਰ ਮਹਿਰਾਜ (ਨਥਾਣੇ) ਦੇ ਅਸਥਾਨ ਤੇ ਮੁਗ਼ਲ ਅਧਿਕਾਰੀਆਂ ਨਾਲ ਲੜਾਈ ਲੜੀ ਸੀ। ਉਸ ਸਮੇਂ ਸਾਰੇ ਜੱਟ ਕਬੀਲੇ ਆਪਸੀ ਵੈਰ-ਵਿਰੋਧ ਮਿਟਾ ਕੇ ਅਤੇ ਪੂਰੀ ਤਰ੍ਹਾਂ ਇਕੱਠੇ ਹੋ ਕੇ ਗੁਰੂ ਹਰਿਗੋਬਿੰਦ ਦੀ ਮਦਦ 'ਤੇ ਆ ਗਏ ਸਨ। ਪਰ ਉਨ੍ਹਾਂ ਦੇ ਜਾਣ ਬਾਅਦ ਫਿਰ ਆਪਸ ਵਿੱਚ ਲੜਨ ਲੱਗ ਪਏ ਸਨ। ਆਪਸੀ ਲੜਾਈ ਦਾ ਕਾਰਨ ਮੁੱਖ ਰੂਪ ਵਿੱਚ ਜ਼ਮੀਨ ਉਪਰ ਕਬਜ਼ਾ ਕਰਨ ਦਾ ਹੁੰਦਾ ਸੀ। ਗੱਲ ਭੁੱਲਰ ਜੱਟ ਕਬੀਲੇ ਅਤੇ ਸਿੱਧੂ-ਬਰਾੜ ਜੱਟ ਕਬੀਲੇ ਦੀ ਹੋ ਰਹੀ ਹੈ। ਭੁੱਲਰ ਜੱਟ ਕਬੀਲੇ ਦਾ ਗੁਰੂ ਸਰ ਮਹਿਰਾਜ ਅਤੇ ਨਥਾਣੇ ਪਿੰਡਾਂ ਦੇ ਇਲਾਕੇ ਦੀ ਜ਼ਮੀਨ ਉਪਰ ਪੂਰਾ ਕਬਜ਼ਾ ਸੀ। ਜਿਸ ਸਮੇਂ ਇੱਥੇ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗ਼ਲ-ਅਧਿਕਾਰੀਆਂ ਨਾਲ ਲੜਾਈ ਲੜੀ ਸੀ ਉਸ ਸਮੇਂ ਇਹ ਪਿੰਡ-ਮਹਿਰਾਜ ਅਤੇ ਨਥਾਣਾ ਆਦਿ-ਵਸੇ ਨਹੀਂ ਸਨ। ਇਸ ਅਸਥਾਨ 'ਤੇ ਲੜੀ ਗਈ ਲੜਾਈ ਵਿੱਚ ਗੁਰੂ ਸਾਹਿਬ ਦੀ ਜਿੱਤ ਹੋਈ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਇਨ੍ਹਾਂ ਸਾਰੇ ਜੱਟ ਕਬੀਲਿਆਂ ਨੂੰ ਇੱਥੇ ਆਪੋ-ਆਪਣੇ ਪਿੰਡ ਵਸਾਉਣ ਦੇ ਆਦੇਸ਼ ਦੇ ਦਿੱਤੇ ਸਨ।[30]

ਗੁਰੂ ਸਾਹਿਬ ਦੇ ਜਾਣ ਪਿੱਛੋਂ ਸਿੱਧੂ-ਬਰਾੜਾਂ ਨੇ ਇਸ ਲੜਾਈ ਵਾਲੀ ਥਾਂ ਤੇ ਆਪਣਾ ਪਿੰਡ ਵਸਾ ਲਿਆ ਸੀ ਪਰ ਇਹ ਸਾਰੀ ਜ਼ਮੀਨ ਭੁੱਲਰ ਕਬੀਲੇ ਦੀ ਸੀ। ਭੁੱਲਰ ਕਬੀਲੇ ਦਾ ਮੁਖੀ ਜੈਦ ਪੁਰਾਣਾ ਸੀ। ਸਿੱਧੂ-ਬਰਾੜਾਂ ਦਾ ਕਬੀਲਾ ਜ਼ਮੀਨ-ਰਹਿਤ ਸੀ। ਉਹਨਾਂ ਕੋਲ ਕੋਈ ਜ਼ਮੀਨ ਨਹੀਂ ਸੀ ਪਰ ਲੜਾਈ ਵਿੱਚ

---

30 ਮੈਕਸ ਆਰਥਰ ਮੈਕਾਲਿਫ਼, *ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਅਤੇ ਰਚਨਾਕਾਰ,* (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 119; ਅਤੇ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਪੰਨੇ 77-78.

ਇਹਨਾਂ ਨੇ ਵੀ ਭਾਗ ਲਿਆ ਸੀ। ਇਹ ਇੱਕ ਥਾਂ ਤੇ ਪੱਕੇ ਤੌਰ 'ਤੇ ਵਸਣਾ ਚਾਹੁੰਦੇ ਸਨ। ਗੁਰੂ ਸਰ ਮਹਿਰਾਜ (ਨਥਾਣੇ) ਦੀ ਲੜਾਈ ਵਿਚਲੀ ਜਿੱਤ ਸਿੱਧੂ-ਬਰਾੜਾਂ ਲਈ ਬੜੀ ਵਰਦਾਨ ਸਾਬਤ ਹੋਈ ਇਸ ਤੋਂ ਬਾਅਦ ਇਨ੍ਹਾਂ ਨੂੰ ਇਥੇ ਪੱਕੇ ਤੌਰ ਤੇ ਪਿੰਡ ਵਸਾ ਕੇ ਰਹਿਣ ਦਾ ਮੌਕਾ ਮਿਲ ਗਿਆ ਸੀ। ਪਿੰਡ ਤਾਂ ਸਿੱਧੂ-ਬਰਾੜ ਕਬੀਲੇ ਨੇ ਵਸਾ ਲਿਆ ਸੀ ਪਰ ਇਹ ਆਰਜੀ ਸੀ। ਆਰਜੀ ਦਾ ਮਤਲਬ ਸੀ ਕਿ ਇਹ ਚੱਕਮੇ ਜਿਹੇ ਛੱਪਰਾਂ ਵਾਲਾ ਸੀ, ਪੱਕੇ ਘਰਾਂ ਵਾਲਾ ਜਾਂ ਕੰਧਾਂ ਵਾਲਾ ਪਿੰਡ ਨਹੀਂ ਸੀ। ਇਸ ਦਾ ਦੂਜਾ ਭਾਵ ਇਹ ਸੀ ਭੁੱਲਰਾਂ ਨੇ ਸਿੱਧੂ-ਬਰਾੜਾਂ ਨੂੰ ਇੱਕ ਪਿੰਡ ਵਸਾ ਕੇ ਰਹਿਣ ਦੀ ਗੱਲ ਤਾਂ ਸਹਿਣ ਕਰ ਲਈ ਸੀ ਪਰ ਉਹ ਇਨ੍ਹਾਂ ਸਿੱਧੂ-ਬਰਾੜਾਂ ਨੂੰ ਪੱਕੇ ਤੌਰ ਤੇ ਵਸਣ ਦੀ ਖੁੱਲ ਨਹੀਂ ਸੀ ਦੇਣਾ ਚਾਹੁੰਦੇ। ਇਸ ਲਈ ਸਿੱਧੂ-ਬਰਾੜਾਂ ਦੇ ਘਰ ਕੱਚੇ ਅਤੇ ਟੱਪਰੀ ਵਾਸ ਲੋਕਾਂ ਵਰਗੇ ਸਨ। ਉਨ੍ਹਾਂ ਸਮਿਆਂ ਵਿੱਚ ਪੀਣ ਵਾਲੇ ਪਾਣੀ ਦੀ ਬਹੁਤ ਵੱਡੀ ਸਮੱਸਿਆ ਹੁੰਦੀ ਸੀ। ਪਾਣੀ ਵਾਲਾ ਖੂਹ ਭੁੱਲਰਾਂ ਦੇ ਕਬਜ਼ੇ ਵਿੱਚ ਸੀ। ਸਿੱਧੂ-ਬਰਾੜਾਂ ਨੂੰ ਆਪਣਾ ਖੂਹ ਪੁੱਟਣ ਦੀ ਇਜ਼ਾਜ਼ਤ ਨਹੀਂ ਸੀ। ਇਸ ਲਈ ਸਿੱਧੂਆਂ ਦੀਆਂ ਔਰਤਾਂ ਪਾਣੀ ਭਰਨ ਲਈ ਭੁੱਲਰਾਂ ਦੇ ਖੂਹ 'ਤੇ ਜਾਂਦੀਆਂ ਸਨ। ਭੁੱਲਰਾਂ ਦੇ ਮੁੰਡੇ, ਆਦਮੀ ਜਾਂ ਹੋਰ ਵਿਹਲੇ ਲੋਕ ਖੂਹ ਉੱਤੇ ਬੈਠੇ ਰਹਿੰਦੇ ਸਨ। ਉਹ ਇਨ੍ਹਾਂ ਸਿੱਧੂਆਂ ਦੀਆਂ, ਪਾਣੀ ਭਰਨ ਆਉਂਦੀਆਂ ਔਰਤਾਂ ਨੂੰ ਭੱਦੇ ਮਖੌਲ ਕਰਦੇ ਰਹਿੰਦੇ ਸਨ। ਅਜਿਹੀਆਂ ਹਰਕਤਾਂ ਨਾਲ ਸਿੱਧੂਆਂ ਦੀਆਂ ਔਰਤਾਂ ਅਕਸਰ ਦੁਖੀ ਹੁੰਦੀਆਂ ਸਨ। ਉਹ ਆਪਣੇ ਘਰਾਂ ਵਿੱਚ ਆ ਕੇ ਆਪਣੇ ਮਰਦਾਂ ਨੂੰ ਵੀ ਦਸਦੀਆਂ ਸਨ।[31] ਇਸ ਨਾਲ ਸਿੱਧੂਆਂ ਦੇ ਘਰਾਂ ਵਿੱਚ ਗੁੱਸੇ ਭਰੀਆਂ ਗੱਲਾਂ ਹੁੰਦੀਆਂ ਸਨ ਸਿੱਧੂ ਕਰ ਕੁਝ ਨਹੀਂ ਸੀ ਸਕਦੇ। ਕਿਉਂਕਿ ਉਹ ਤਾਂ ਟੱਪਰੀਵਾਸ ਸਨ ਅਤੇ ਭੁੱਲਰਾਂ ਦੀ ਜ਼ਮੀਨ ਵਿੱਚ ਵਸ ਰਹੇ ਸਨ। ਉਹ ਜ਼ਮੀਨ ਨੂੰ ਛੱਡ ਕੇ ਨਹੀਂ ਜਾ ਸਕਦੇ ਸਨ ਅਤੇ ਰੋਜ਼ਾਨਾ ਆਪਣੀਆਂ ਔਰਤਾਂ ਨਾਲ ਹੁੰਦੀ ਛੇੜ-ਖਾਨੀ ਨੂੰ ਸਹਿਣ ਨਹੀਂ ਕਰ ਸਕਦੇ ਸਨ। ਇਸ ਲਈ ਸਿੱਧੂ ਕਬੀਲੇ ਦੇ ਲੋਕ ਸਬਰ ਦਾ ਘੁੱਟ ਭਰ ਕੇ ਜੀਅ ਰਹੇ ਸਨ।

ਗੁਰੂ ਹਰਿ ਰਾਇ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਤੋਂ ਪਿੱਛੋਂ ਸਿੱਖਾਂ ਦੇ ਸੱਤਵੇਂ ਗੁਰੂ ਬਣੇ ਸਨ। ਇੰਨਾਂ ਦਾ ਸਮਾਂ ਗੁਰੂ ਹਰਿਗੋਬਿੰਦ ਸਾਹਿਬ ਵਾਂਗ ਲੜਾਈਆਂ-ਭਿੜਾਈਆਂ ਵਾਲਾ ਨਹੀਂ ਸੀ। ਇਸ ਲਈ ਇਹ ਆਪਣਾ ਸਮਾਂ ਜ਼ਿਆਦਾ ਤੌਰ 'ਤੇ ਧਰਮ-ਪਰਚਾਰ ਦੇ ਕੰਮਾਂ ਵਿੱਚ ਬਤੀਤ ਕਰਦੇ ਸਨ। ਧਰਮ-ਪਰਚਾਰ

---

31 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* , ਕਿਰਪਾਲ ਸਿੰਘ (ਸੰਪਾ.), ਜਿਲਦ ਸਤਾਰਵੀਂ ਦਾ ਭਾਗ ਦੂਜਾ, ਪੰਨੇ 114-117.

ਕਰਨ ਲਈ ਇਹ ਮਾਲਵਾ ਵਿੱਚ ਆਏ ਸਨ। ਜਿਸ ਸਮੇਂ ਗੁਰੂ ਹਰਿ ਰਾਇ ਸਾਹਿਬ ਭੁੱਲਰ ਜੱਟਾਂ ਦੇ ਇਲਾਕੇ ਵਿੱਚ ਆਏ ਸਨ ਤਾਂ ਸਿੱਧੂ ਕਬੀਲੇ ਦੇ ਮੁਖੀਆਂ ਨੇ ਆਪਣੀ ਸਮੱਸਿਆ ਨੂੰ ਗੁਰੂ ਹਰਿ ਰਾਇ ਸਾਹਿਬ ਕੋਲ ਰੱਖਣ ਦਾ ਵਿਚਾਰ ਕੀਤਾ। ਸਮੱਸਿਆ ਰੱਖਦਿਆਂ ਸਿੱਧੂ ਕਬੀਲੇ ਦੇ ਮੁਖੀਆਂ ਨੇ ਗੁਰੂ ਸਾਹਿਬ ਕੋਲ ਇਹ ਬੇਨਤੀ ਕੀਤੀ ਜੇਕਰ ਗੁਰੂ ਸਾਹਿਬ ਆਪਣਾ ਅਸਰ-ਰਸੂਖ ਵਰਤ ਕੇ ਭੁੱਲਰਾਂ ਕੋਲੋਂ ਪੰਜ ਹਲਾਂ[32] ਦੀ ਜ਼ਮੀਨ ਸਿੱਧੂਆਂ ਨੂੰ ਦਿਵਾ ਦੇਣ ਤਾਂ ਉਹ ਉਥੇ ਆਪਣਾ ਪਿੰਡ ਪੱਕੇ ਤੌਰ ਤੇ ਵਸਾ ਸਕਦੇ ਹਨ ਅਤੇ ਆਪਣੀ ਲੋੜ ਅਨੁਸਾਰ ਖੂਹ ਵੀ ਲਗਵਾ ਸਕਦੇ ਹਨ।

ਪੰਜ ਹਲਾਂ ਦੀ ਜ਼ਮੀਨ ਭਾਈ ਸੰਤੋਖ ਸਿੰਘ ਨੇ ਲਿਖੀ ਹੈ ਆਮ ਤੌਰ ਤੇ ਇੱਕ ਹਲ ਦੀ ਜ਼ਮੀਨ ਦਾ ਮਤਲਬ ਹੁੰਦਾ ਹੈ ਕਿ ਉੰਨੀ ਜ਼ਮੀਨ ਜਿਸ ਨੂੰ ਇੱਕੋ ਹਲ ਨਾਲ ਵਾਹਿਆ-ਬੀਜਿਆ ਜਾ ਸਕਦਾ ਹੋਵੇ। ਇਸ ਤਰ੍ਹਾਂ 30 ਤੋਂ ਲੈ ਕੇ 50 ਬਿੱਘੇ (ਛੇ ਏਕੜ ਤੋਂ ਲੈ ਕੇ ਦਸ ਏਕੜ) ਤੱਕ ਦੀ ਜ਼ਮੀਨ ਨੂੰ ਇੱਕ ਹਲ ਦੀ ਜ਼ਮੀਨ ਮੰਨਿਆ ਜਾ ਸਕਦਾ ਹੈ। ਡਾ. ਕਿਰਪਾਲ ਸਿੰਘ ਨੇ ਇੱਕ ਹਲ ਦੀ ਜ਼ਮੀਨ ਪੰਜ ਏਕੜ ਮੰਨੀ ਹੈ।[33] ਇਸ ਤਰ੍ਹਾਂ ਪੰਜ ਹਲਾਂ ਦੀ ਜ਼ਮੀਨ ਦੀ ਮੰਗ ਨੂੰ ਨਹੀਂ ਲਿਖਿਆ ਸਗੋਂ ਉਨ੍ਹਾਂ ਨੇ ਲਿਖਿਆ ਹੈ ਕਿ ਸਿੱਧੂਆਂ ਨੇ ਇੱਕ ਪਿੰਡ ਦੀ ਜ਼ਮੀਨ ਮੰਗੀ ਸੀ। ਗਿਆਨ ਸਿੰਘ ਲਿਖਦਾ ਹੈ, "ਇੱਕ ਦਿਨ ਗੁਰੂ ਜੀ ਨੂੰ ਖੁਸ ਦੇਖ ਕੇ ਮੋਹਨ, ਕਾਲਾ, ਕਰਮ ਚੰਦ, ਸੰਤੂ, ਮੁਹੱਬਤ ਆਦਿ (ਸਾਰੇ ਸਿੱਧੂ ਕਬੀਲੇ ਦੇ ਮੁਖੀਏ) ਨੇ ਅਰਜ ਕੀਤੀ ਕਿ ਮਹਾਰਾਜ ਕੌੜੇ ਭੁੱਲਰ, ਧਾਲੀਵਾਲ ਜ਼ਿਮੀਦਾਰ ਜੋ ਏਸ ਦੇਸ਼ ਦੇ ਮਾਲਕ ਤੇ ਆਪ ਦੇ ਸੇਵਕ ਹਨ, ਸਾਨੂੰ ਮਲਕੀਯਤ ਦਾ ਪਿੰਡ ਬੰਨਣ ਨਹੀਂ ਦਿੰਦੇ ਤੇ ਨਾ ਹੀ ਖੂਹ ਲਾਵਣ ਦਿੰਦੇ ਹਨ ਸਗੋਂ ਸਾਡੀਆਂ ਇਸਤ੍ਰੀਆਂ ਜਦ ਏਨ੍ਹਾਂ ਦੇ ਖੂਹ ਪਰ ਪਾਣੀ ਲੈਣ ਜਾਂਦੀਆਂ ਹਨ ਤਾਂ ਏਹ ਲੋਗ ਉਨ੍ਹਾਂ ਦੀ ਬੇਇੱਜ਼ਤ ਕਰਦੇ ਹੈਂ ਤੇ ਹੋਰ ਅਨੇਕਾਂ ਤਰ੍ਹਾਂ ਦੇ ਕਲੇਸ਼ ਦਿੰਦੇ ਰਹਿੰਦੇ ਹਨ ਜੇ ਆਪ ਕਿਰਪਾ ਕਰਕੇ ਇੱਕ ਪਿੰਡ ਦੀ ਜ਼ਮੀਨ ਲੈ ਦਿਓ ਤਾਂ ਅਸੀਂ ਆਪਣਾ ਖੂਹ ਲਾ ਲਈਏ।"[34]

ਜੇਕਰ ਇੱਕ ਪਿੰਡ ਦੀ ਜ਼ਮੀਨ ਦੀ ਗੱਲ ਮੰਨੀ ਜਾਵੇ ਤਾਂ ਇਸ ਗੱਲ ਬਾਰੇ ਕਿਤੋਂ ਸਹੀ ਜਾਣਕਾਰੀ ਨਹੀਂ ਮਿਲ ਸਕਦੀ ਕਿ ਇੱਕ ਪਿੰਡ ਦੀ ਜਾਂ ਇੱਕ ਪਿੰਡ ਵਸਾਉਣ ਲਈ ਕਿੰਨੀ ਜ਼ਮੀਨ ਚਾਹੀਦੀ ਹੁੰਦੀ ਹੈ।

---

32 *ਉਹੀ,* ਪੰਨਾ 121.

33 *ਉਹੀ,* ਪੰਨਾ 125.

34 ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ 253.

ਇਸ ਲਈ ਇੱਕ ਪਿੰਡ ਦੀ ਜ਼ਮੀਨ ਦੀ ਮਿਣਤੀ ਦੀ ਕੋਈ ਗੱਲ ਸਪੱਸ਼ਟ ਨਹੀਂ ਹੈ। ਹਲਾਂ ਅਨੁਸਾਰ ਮੰਗੀ ਗਈ ਜ਼ਮੀਨ ਦਾ ਅੰਦਾਜ਼ਾ ਜ਼ਰੂਰ ਲੱਗ ਸਕਦਾ ਹੈ ਜਿਸ ਬਾਰੇ ਉੱਪਰ ਲਿਖਿਆ ਜਾ ਚੁੱਕਿਆ ਹੈ। ਉੱਪਰ ਦਿੱਤੀ ਗਈ ਟੂਕ ਵਿੱਚ ਭੁੱਲਰਾਂ ਨਾਲ ਕੌੜੇ ਸ਼ਬਦ ਵਰਤੇ ਗਏ ਹਨ। ਕੌੜੇ ਸ਼ਬਦ ਦਾ ਸ਼ਾਇਦ ਮਤਲਬ ਇਹ ਹੈ ਕਿ ਜਿਹੜੇ ਸਿੱਧੂ-ਬਰਾੜਾਂ ਨਾਲ ਗੱਲਬਾਤ ਨਹੀਂ ਕਰਨਾ ਚਾਹੁੰਦੇ ਸਨ ਜਾਂ ਸਿੱਧੂ-ਬਰਾੜਾਂ ਨੂੰ ਗੁਰੂ ਹਰਿ ਰਾਇ ਸਾਹਿਬ ਦੇ ਹੁਕਮ ਅਨੁਸਾਰ ਜ਼ਮੀਨ ਨਹੀਂ ਦੇਣਾ ਚਾਹੁੰਦੇ ਸਨ। ਕੁਝ ਭੁੱਲਰ ਉਹ ਸਨ ਜਿਹੜੇ ਸਿੱਧੂ-ਬਰਾੜਾਂ ਨਾਲ ਸਮਝੌਤਾ ਕਰਨ ਨੂੰ ਤਿਆਰ ਸਨ। ਇਸ ਗੱਲ ਨੂੰ ਲੇਖਕਾਂ (ਭਾਈ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ) ਨੇ ਸਪੱਸ਼ਟ ਤਾਂ ਨਹੀਂ ਕੀਤਾ ਪਰ ਜਾਪਦਾ ਇਉਂ ਹੈ ਜਿਵੇਂ ਸਮਝੌਤਾ ਨਾ ਕਰਨ ਵਾਲਿਆਂ ਨੂੰ ਲੇਖਕਾਂ ਨੇ ਕੌੜੇ ਭੁੱਲਰ ਕਿਹਾ ਹੈ ਜਿਸ ਦਾ ਭਾਵ ਹੈ ਇਹ ਭੁੱਲਰ ਸਿੱਧੂ-ਬਰਾੜਾਂ ਨੂੰ ਕੌੜੇ ਸ਼ਬਦ ਬੋਲਦੇ ਸਨ। ਸਮਝੌਤਾ ਕਰਨ ਵਾਲੇ ਭੁੱਲਰਾਂ ਨੂੰ ਮਿੱਠੇ ਭੁੱਲਰ ਮੰਨਿਆ ਜਾਂਦਾ ਹੈ। ਇਹ ਗੱਲਾਂ ਲੋਕ-ਪਰੰਪਰਾਵਾਂ ਵਿੱਚ ਪ੍ਰਚੱਲਿਤ ਹਨ।

ਗੁਰੂ ਸਾਹਿਬ ਨੇ ਭੁੱਲਰਾਂ ਦੇ ਮੁਖੀ ਲੋਕਾਂ ਨੂੰ ਆਪਣੇ ਕੋਲ ਬੁਲਾਇਆ ਤੇ ਉਨ੍ਹਾਂ ਨਾਲ ਸਿੱਧੂ ਕਬੀਲੇ ਦੇ ਲੋਕਾਂ ਦੀ ਮੰਗ ਬਾਰੇ ਵਿਚਾਰ ਕੀਤਾ। ਭੁੱਲਰਾਂ ਦਾ ਸਭ ਤੋਂ ਵੱਡਾ ਮੁਖੀ ਜੈਦ ਪੁਰਾਣਾ ਸੀ। ਇਸ ਦਾ ਪਿੰਡ ਭੈਂਖੜੀ ਸੀ। ਭੈਂਖੜੀ ਇਸ ਪਿੰਡ ਦਾ ਪੁਰਾਣਾ ਨਾਂ ਹੈ ਅਤੇ ਅੱਜ ਪਿੰਡ ਦਾ ਨਾਂ ਗੁਰੂ ਹਰਿ ਰਾਇਪੁਰ ਹੈ। ਅਸਲ ਵਿੱਚ ਭੈਂਖੜੀ ਪਿੰਡ ਨੂੰ ਆਮ ਬੋਲਚਾਲ ਵਿੱਚ ਭੋਖੜੀ ਕਿਹਾ ਜਾਂਦਾ ਸੀ ਇਸ ਲਈ ਇਸ ਸ਼ਬਦ ਨੂੰ ਸਮਾਜ ਦੇ ਗਲਤ ਜਾਂ ਸ਼ਰਾਰਤੀ ਅਨਸਰ ਕੁਝ ਵਿਗਾੜ ਕੇ ਬੋਲਦੇ ਸਨ। ਇਸ ਲਈ ਪਿਛਲੇ ਕੁਝ ਸਮੇਂ ਤੋਂ ਇਸ ਪਿੰਡ ਦਾ ਨਾਂ ਭੈਂਖੜੀ ਤੋਂ ਬਦਲ ਕੇ ਗੁਰੂ ਸਾਹਿਬ ਦੇ ਨਾਂ ਤੇ ਰੱਖ ਦਿੱਤਾ ਗਿਆ ਹੈ। ਭੈਂਖੜੀ ਦਾ ਅਰਥ ਹੈ ਕਿ ਇਸ ਪਿੰਡ ਨੂੰ ਜਿਸ ਮਾਤਾ ਦੀ ਔਲਾਦ ਨੇ ਵਸਾਇਆ ਸੀ ਉਹ ਬਹੁਤ ਦਲੇਰ ਅਤੇ ਨਿਡਰ ਔਰਤ ਸੀ। ਉਹ ਆਪਣੇ ਵਿਰੋਧੀ ਕਬੀਲੇ ਦੇ ਲੋਕਾਂ ਦਾ ਮੁਕਾਬਲਾ ਕਰਦੀ ਹੋਈ, ਪਿੱਛੇ ਹਟਦੀ ਹੋਈ ਜਦ ਇਸ ਥਾਂ ਤੇ ਪਹੁੰਚੀ ਸੀ ਜਾਂ ਉਸ ਨੇ ਹੌਂਸਲਾ ਕਰਦੇ ਹੋਏ ਪਿੱਛੇ ਹਟਦੀ ਹੋਈ ਨੇ ਇੱਕ ਦਮ ਖੜੋ ਕੇ ਅਤੇ ਪਿੱਛੇ ਮੂੰਹ ਫੇਰ ਕੇ ਅਜਿਹੀ ਬਹਾਦਰੀ ਨਾਲ, ਪਿੱਛੇ ਆ ਰਹੇ ਆਪਣੇ ਵਿਰੋਧੀਆਂ ਦਾ ਮੁਕਾਬਲਾ ਕੀਤਾ ਤੇ ਉਨ੍ਹਾਂ ਨੂੰ ਕੁੱਟ ਕੇ ਭਜਾ ਦਿੱਤਾ। ਉਸ ਮਾਤਾ ਵੱਲੋਂ ਇਸ ਤਰ੍ਹਾਂ ਪਿੱਛੇ ਮੂੰਹ ਫੇਰ ਕੇ ਮੁਕਾਬਲਾ ਕਰਨ ਦੀ ਗੱਲ ਨੂੰ ਇੱਥੋਂ ਦੀ ਮਲਵਈ ਬੋਲੀ ਅਨੁਸਾਰ ਉਹ ਭੌਂ ਖੜੀ ਕਿਹਾ ਜਾਂਦਾ ਸੀ। ਭਾਵ ਕਿ ਭੌਂ ਕੇ ਖੜੋ ਗਈ ਸੀ। ਇਸ ਮਾਤਾ ਦੀ ਔਲਾਦ ਨੇ

ਇਸ ਥਾਂ ਨੂੰ ਭਾਗਾਂ ਵਾਲੀ ਥਾਂ ਸਮਝ ਕੇ ਇੱਥੇ ਹੀ ਆਪਣਾ ਪਿੰਡ ਵਸਾ ਲਿਆ ਸੀ ਅਤੇ ਇਸ ਪਿੰਡ ਦਾ ਨਾਂ ਵੀ ਭੌਂਖੜੀ ਪ੍ਰਚੱਲਿਤ ਹੋ ਗਿਆ ਸੀ।[35]

ਜੈਦ ਪੁਰਾਣਾ, ਭੁੱਲਰਾਂ ਦਾ ਸਰਦਾਰ ਇਸੇ ਪਿੰਡ ਦਾ ਸੀ।[36] ਇਹ ਬਹੁਤ ਬਹਾਦਰ ਅਤੇ ਆਪਣੇ ਸਮੇਂ ਦਾ ਮੰਨਿਆ-ਪਰਮੰਨਿਆ ਲੜਾਕਾ ਸੀ। ਉਸ ਸਮੇਂ ਦਾ ਕੋਈ ਕਬੀਲੀਆਈ ਯੋਧਾ ਇਸ ਦਾ ਮੁਕਾਬਲਾ ਕਰਨ ਤੋਂ ਟਲਦਾ ਸੀ। ਗੁਰੂ ਹਰਿ ਰਾਇ ਸਾਹਿਬ ਨੇ ਜਦੋਂ ਭੁਲਰਾਂ ਦੇ ਮੁਖੀ ਨਾਲ ਗੱਲ ਕੀਤੀ ਤਾਂ ਜੈਦ ਪੁਰਾਣੇ ਨੇ ਜਵਾਬ ਦਿੱਤਾ ਕਿ ਉਹ ਸਿੱਧੂਆਂ ਨੂੰ ਆਪਣੀ ਜ਼ਮੀਨ ਵਿੱਚ ਪੱਕੇ ਤੌਰ ਤੇ ਵਸਣ ਲਈ ਇਜਾਜ਼ਤ ਨਹੀਂ ਦੇਣਗੇ। ਗੁਰੂ ਸਾਹਿਬ ਨੇ ਦੋਹਾਂ ਕਬੀਲਿਆਂ ਵਿੱਚ ਸਮਝੌਤਾ ਕਰਵਾਉਣ ਦੀ ਬੜੀ ਗੰਭੀਰ ਕੋਸ਼ਿਸ ਕੀਤੀ ਸੀ ਪਰ ਭੁੱਲਰ ਨਹੀਂ ਮੰਨੇ ਸਨ। ਗੁਰੂ ਸਾਹਿਬ ਨੇ ਭੁੱਲਰਾਂ ਨੂੰ ਇਹ ਕਹਿ ਦਿੱਤਾ ਕਿ ਉਹ ਸਾਰੇ ਜ਼ਿਮੀਦਾਰ ਕਬੀਲਿਆਂ ਵਿੱਚ ਏਕਤਾ ਚਾਹੁੰਦੇ ਹਨ ਜੇਕਰ ਭੁੱਲਰਾਂ ਨੇ ਸਿੱਧੂਆਂ ਨੂੰ ਉਨ੍ਹਾਂ ਦੇ ਪਿੰਡ ਵਿੱਚੋਂ ਜ਼ਬਰਦਸਤੀ ਉਠਾਉਣ ਦੀ ਕੋਸ਼ਿਸ਼ ਕੀਤੀ ਜਾਂ ਜਿਸ ਧਿਰ ਨੇ ਪਹਿਲਾਂ ਹਮਲਾ ਕੀਤਾ ਤਾਂ ਉਨ੍ਹਾਂ ਦੀਆਂ ਸਿੱਖ ਸੰਗਤਾਂ ਉਸ ਧਿਰ ਦੀ ਵਿਰੋਧਤਾ ਕਰਨਗੀਆਂ। ਗੁਰੂ ਸਾਹਿਬ ਦੀਆਂ ਇਨ੍ਹਾਂ ਹਦਾਇਤਾਂ ਵੱਲ ਜੈਦ ਪੁਰਾਣਾ ਨੇ ਗੰਭੀਰਤਾ ਨਾਲ ਗੌਰ ਨਹੀਂ ਕੀਤਾ ਅਤੇ ਉਸ ਨੇ ਸਿੱਧੂਆਂ ਉੱਪਰ ਹਮਲਾ ਕਰ ਦਿੱਤਾ। ਇਸ ਲਈ ਸਿੱਖ-ਸੰਗਤਾਂ ਦੀ ਮਦਦ ਅਤੇ ਹਮਦਰਦੀ ਸਿੱਧੂਆਂ ਨਾਲ ਹੋ ਗਈ ਸੀ। ਲੜਾਈ ਵਿੱਚ ਜੈਦਪੁਰਾਣਾ ਮਾਰਿਆ ਗਿਆ ਸੀ। ਇਸ ਲਈ ਭੁੱਲਰਾਂ ਦੀ ਮਾਲਕੀਅਤ ਹੋਣ ਦੇ ਬਾਵਜੂਦ ਉਹਨਾਂ ਦੀ ਤਾਕਤ ਘਟ ਗਈ ਸੀ। ਪਿੱਛੋਂ ਗੁਰੂ ਹਰਿ ਰਾਇ ਸਾਹਿਬ ਨੇ ਦੋਹਾਂ ਧਿਰਾਂ ਨੂੰ ਆਪਣੀ ਹਜ਼ੂਰੀ ਵਿੱਚ ਬਿਠਾ ਕੇ ਸਮਝੌਤਾ ਕਰਵਾ ਦਿੱਤਾ ਸੀ। ਇਸ ਤਰ੍ਹਾਂ ਸਿੱਧੂਆਂ ਨੇ ਆਪਣੇ ਆਰਜੀ ਪਿੰਡ ਨੂੰ ਪੱਕੇ ਤੌਰ ਤੇ ਵਸਾ ਲਿਆ ਸੀ ਅਤੇ ਇਸ ਪਿੰਡ ਦਾ ਨਾਂ ਮਹਿਰਾਜ (ਗੁਰੂਸਰ ਮਹਿਰਾਜ) ਰੱਖ ਲਿਆ ਸੀ। ਇਸ ਪਿੰਡ ਵਿੱਚ ਉਨ੍ਹਾਂ ਨੇ ਆਪਣਾ ਖੂਹ ਲਗਵਾ ਲਿਆ ਸੀ। ਪਿੱਛੋਂ ਇੱਥੋਂ ਦੇ ਸਾਰੇ ਜੱਟ

---

35 ਇਹ ਗੱਲਾਂ ਇਸ ਪਿੰਡ ਵਿੱਚ ਪੂਰੀ ਤਰ੍ਹਾਂ ਪ੍ਰਚੱਲਿਤ ਹਨ। ਪਿੰਡ ਦੇ ਵਧੇਰੇ ਲੋਕ ਇਸੇ ਗੱਲ ਦੀ ਪਰੋੜ੍ਹਤਾ ਕਰਦੇ ਹਨ। ਇਹ ਪਿੰਡ ਭੁੱਲਰਾਂ ਦਾ ਸੀ ਅਤੇ ਜੈਦ ਪੁਰਾਣਾ ਇਸੇ ਪਿੰਡ ਦਾ ਸੀ। ਇਸ ਪਿੰਡ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ, "ਰਾਜ ਫਰੀਦਕੋਟ ਵਿੱਚ ਥਾਣਾ ਨੇਹੀਆਂਵਾਲਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਗੋਨਿਆਣੇ ਤੋਂ ਤਿੰਨ ਮੀਲ ਪੂਰਵ ਹੈ। ਇਸ ਪਿੰਡ ਤੋਂ ਇੱਕ ਫਰਲਾਂਗ ਚੜ੍ਹਦੇ ਵਲ ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਇੱਕੋ ਗੁਰਦੁਆਰਾ ਹੈ। ਕੇਵਲ ਮੰਜੀ ਸਾਹਿਬ ਬਣਿਆ ਹੈ।" ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪਟਿਆਲਾ, 1990, ਪੰਨਾ 925.

36 *ਉਹੀ,* ਪੰਨਾ 533.

ਕਬੀਲਿਆਂ ਵਿੱਚ ਆਪਸੀ ਰਿਸ਼ਤੇ-ਨਾਤੇ ਕਰਨ ਦੇ ਆਦੇਸ਼ ਵੀ ਦੇ ਦਿੱਤੇ ਗਏ ਸਨ। ਮਾਲਵਾ ਦੇ ਲਗਭੱਗ ਸਾਰੇ ਜੱਟ ਕਬੀਲੇ ਇਕੱਠੇ ਹੋ ਗਏ ਸਨ ਅਤੇ ਉਨ੍ਹਾਂ ਸਭ ਵਿੱਚ ਗੁਰੂ ਇੱਕ ਸਾਂਝੀ ਕੜੀ ਸਨ।[37]

ਸਿੱਧੂ-ਬਰਾੜ ਕਬੀਲੇ ਦਾ ਵਸੇਬਾ ਮਾਲਵਾ ਵਿੱਚ ਗੁਰੂ ਹਰਿ ਰਾਇ ਸਾਹਿਬ ਦੇ ਆਸ਼ੀਰਵਾਦ ਨਾਲ ਹੋਇਆ ਸੀ ਇਸ ਕਰਕੇ ਉਹਨਾਂ ਨੇ ਗੁਰੂ ਹਰਿ ਰਾਇ ਸਾਹਿਬ ਦੀ ਸੇਵਾ ਬਹੁਤ ਕੀਤੀ ਅਤੇ ਰੋਜ਼ਾਨਾ ਉਹ ਗੁਰੂ ਹਰਿ ਰਾਇ ਦੀ ਹਜ਼ੂਰੀ ਵਿੱਚ ਪਹਿਰਾ ਦਿਆ ਕਰਦੇ ਸਨ। ਇਕ ਦਿਨ ਦੀ ਘਟਨਾ ਹੈ ਸਿੱਧੂਆਂ ਦਾ ਮੁਖੀ ਭਾਈ ਕਾਲਾ ਅਪਣੇ ਮਰ ਚੁੱਕੇ ਭਰਾ ਰੂਪ ਚੰਦ ਦੇ ਦੋ ਪੁੱਤਰਾਂ ਨੂੰ, ਜਿਹੜੇ ਅਜੇ ਛੋਟੀ ਉਮਰ ਦੇ ਸਨ, ਨਾਲ ਲੈ ਕੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਪਹੁੰਚਿਆ ਸੀ। ਇਹ ਬੱਚੇ ਸੰਦਲੀ ਅਤੇ ਫੂਲ ਸਨ। ਉਮਰ ਦੇ ਛੋਟੇ ਸਨ। ਫੂਲ ਨੂੰ ਕਾਲੇ ਨੇ ਆਪਣੇ ਮੋਢੇ ਉੱਪਰ ਚੁੱਕਿਆ ਹੋਇਆ ਸੀ ਅਤੇ ਸੰਦਲੀ ਨੇ ਕਾਲੇ ਦੀ ਉਂਗਲੀ ਫੜੀ ਹੋਈ ਸੀ। ਜਦੋਂ ਉਹ ਦੋਵੇਂ ਬੱਚਿਆਂ ਨੂੰ ਲੈ ਕੇ ਗੁਰੂ ਸਾਹਿਬ ਅੱਗੇ ਨਤਮਸਤਕ ਹੋਇਆ ਤਾਂ ਫੂਲ ਨੇ ਆਪਣਾ ਪੇਟ ਥਪ-ਥਪਾਇਆ। ਗੁਰੂ ਸਾਹਿਬ ਨੇ ਪੁੱਛਿਆ ਕਿ ਬੱਚਾ ਪੇਟ ਕਿਉਂ ਥਪ-ਥਪਾ ਰਿਹਾ ਹੈ ਤਾਂ ਕਾਲੇ ਨੇ ਉੱਤਰ ਦਿੱਤਾ ਕਿ ਜੀ ਇਹ ਭੁੱਖਾ ਹੈ। ਗੁਰੂ ਸਾਹਿਬ ਨੇ ਸੁਭਾਵਿਕ ਇਹ ਬੋਲ ਉਚਾਰੇ ਕਿ ਅੱਜ ਤਾਂ ਇਹ ਬੱਚਾ ਭੁੱਖਾ ਹੈ ਪਰ ਕਿਸੇ ਸਮੇਂ ਇਸ ਦੀ ਸੰਤਾਨ ਸੈਂਕੜੇ ਭੁੱਖਿਆ ਦੇ ਪੇਟ ਭਰੇਗੀ।[38] ਗੁਰੂ ਸਾਹਿਬ ਦੇ ਉਚਾਰੇ ਗਏ ਇਨ੍ਹਾਂ ਬੋਲਾਂ ਨੂੰ ਭਾਵੇਂ, ਇਸ ਵਿਸ਼ੇ ਉਪੱਰ ਲਿਖਣ ਵਾਲੇ ਹਰ ਇਤਿਹਾਸਕਾਰ ਨੇ ਲਿਖਿਆ ਹੈ ਪਰ ਇਹ ਗੱਲ ਦੇਖਣ ਵਾਲੀ ਹੈ ਕਿ ਇਹ ਲਿਖਤਾਂ ਉਸ ਸਮੇਂ ਦੀਆਂ ਲਿਖੀਆਂ ਹੋਈਆਂ ਹਨ ਜਿਸ ਸਮੇਂ ਫੂਲਕੀਆਂ ਮਿਸਲ ਦੇ ਰਾਜਿਆਂ ਦਾ ਰਾਜ ਸੀ। ਫੂਲ ਕੇ ਰਾਜੇ ਸਾਰੇ ਫੂਲ ਦੀ ਔਲਾਦ ਸਨ। ਇਸ ਕਰਕੇ ਇਨ੍ਹਾਂ ਦੇ ਸਮੇਂ ਲਿਖਣ ਵਾਲੇ ਲੇਖਕਾਂ ਉਪਰ ਇਨ੍ਹਾਂ ਰਾਜਿਆਂ ਦੇ ਸਮੇਂ ਦਾ ਪ੍ਰਭਾਵ ਪੈ ਜਾਣਾ ਕੁਦਰਤੀ ਗੱਲ ਸੀ। ਗੁਰੂ ਹਰਿ ਰਾਇ ਸਾਹਿਬ ਦਾ ਸਮਾਂ 1644 ਈਸਵੀ ਤੋਂ ਲੈ ਕੇ 1661 ਈਸਵੀ ਤੱਕ ਦਾ ਸੀ ਜਦੋਂ ਕਿ ਫੂਲਕੇ ਰਾਜਿਆਂ ਦਾ ਸਮਾਂ ਅਠਾਰ੍ਹਵੀਂ ਸਦੀ ਦੇ ਅੱਧ ਤੋਂ ਸ਼ੁਰੂ ਹੁੰਦਾ ਹੈ। ਇਸ ਲਈ ਇਸ ਤਰ੍ਹਾਂ ਦੀਆਂ ਗੱਲਾਂ ਪਿੱਛੋਂ ਦੇ ਸਮੇਂ ਦੇ ਪ੍ਰਭਾਵ

37 ਇਸ ਸਮੁੱਚੇ ਕਾਂਡ ਨੂੰ ਭਾਈ ਸੰਤੋਖ ਸਿੰਘ ਨੇ ਆਪਣੇ ਗ੍ਰੰਥ (ਸ੍ਰੀ ਗੁਰ ਪ੍ਰਤਾਪ) ਵਿੱਚ ਵਿਸਥਾਰ ਸਹਿਤ ਦਿੱਤਾ ਹੈ। ਇਸ ਜਾਣਕਾਰੀ ਨੂੰ ਮੈਕਾਲਿਫ਼ ਨੇ ਵੀ ਆਪਣੀ ਲਿਖਤ ਦਾ ਆਧਾਰ ਬਣਾਇਆ ਹੈ। ਮੈਕਾਲਿਫ਼, *ਸਿੱਖ ਧਰਮ ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਅਤੇ ਰਚਨਾਕਾਰ*, ਜਿਲਦ ਚੌਥੀ, ਪੰਨੇ 183-84.

38 *ਉਹੀ,* ਪੰਨਾ 184.

ਵਾਲੀਆਂ ਮੰਨੀਆਂ ਜਾ ਸਕਦੀਆਂ ਹਨ। ਗੁਰੂ ਸਾਹਿਬਾਨ ਲਈ ਹਰ ਵਿਅਕਤੀ ਸਮਾਨ ਸੀ। ਉਨ੍ਹਾਂ ਲਈ ਵੱਡੇ ਅਤੇ ਛੋਟੇ, ਗਰੀਬ ਅਤੇ ਅਮੀਰ ਦਾ ਕੋਈ ਫ਼ਰਕ ਨਹੀਂ ਸੀ।

ਗੁਰੂ ਹਰਿ ਰਾਇ ਸਾਹਿਬ ਦਾ ਮਾਲਵਾ ਦੇ ਇੱਕ ਹੋਰ ਬੜੇ ਤਕੜੇ ਘਰਾਣੇ ਨਾਲ ਬੜਾ ਗਹਿਰਾ ਸਬੰਧ ਰਿਹਾ ਹੈ। ਇਹ ਘਰਾਣਾ ਮਾਲਵਾ ਦੇ ਬਰਾੜ ਕਬੀਲੇ ਦੇ ਮੁਖੀ ਭਾਈ ਭਗਤੂ ਦਾ ਸੀ। ਭਾਈ ਭਗਤੂ ਗੁਰੂ ਅਰਜਨ ਦੇਵ ਦੇ ਸਮੇਂ ਤੋਂ ਗੁਰੂ-ਘਰ ਨਾਲ ਜੁੜੇ ਹੋਏ ਸਨ ਅਤੇ ਉਨ੍ਹਾਂ ਨੇ ਗੁਰੂ ਹਰਿ ਰਾਇ ਸਾਹਿਬ ਦੇ ਸਮੇਂ ਤੱਕ, ਬੜਾ ਲੰਮਾ ਸਮਾਂ ਗੁਰੂ ਘਰ ਦੀ ਸੇਵਾ ਕੀਤੀ ਸੀ।[39] ਗੁਰੂ ਅਰਜਨ ਦੇਵ ਨੇ ਭਾਈ ਭਗਤੂ ਨੂੰ ਮਾਲਵਾ ਵਿੱਚ ਸਿੱਖ ਧਰਮ ਦਾ ਪਰਚਾਰ-ਪਰਸਾਰ ਕਰਨ ਲਈ ਇੱਕ ਮਸੰਦ ਨਿਯੁਕਤ ਕੀਤਾ ਹੋਇਆ ਸੀ। ਮਸੰਦ ਗੁਰੂ-ਘਰ ਦੇ ਬਹੁਤ ਸਿਆਣੇ ਅਤੇ ਸਮਝਦਾਰ ਪਰਚਾਰਕ ਸਨ। ਮਸੰਦ ਸ਼ਬਦ ਫਾਰਸੀ ਦੇ ਮਸਨਦ ਤੋਂ ਪੰਜਾਬੀ ਪ੍ਰਭਾਵ ਵਾਲਾ ਬਣਿਆ ਹੋਇਆ ਸ਼ਬਦ ਹੈ ਪਰ ਇਹ ਮਸੰਦ ਗੁਰਬਾਣੀ ਦੇ ਗਿਆਤਾ, ਵਿਆਖਿਆਕਾਰ ਅਤੇ ਉੱਚ ਰਹਿਣੀ-ਬਹਿਣੀ ਵਾਲੇ ਗੁਰਸਿੱਖ ਸਨ। ਗੁਰੂ ਅਰਜਨ ਦੇਵ ਮਾਲਵਾ ਵਿੱਚ ਆਏ ਨਹੀਂ ਸਨ ਫਿਰ ਵੀ ਉਹ ਆਪਣੇ ਮਸੰਦਾਂ ਰਾਹੀਂ ਸਾਰੇ ਮਾਲਵਾ ਵਿੱਚ ਸਿੱਖ ਧਰਮ ਦਾ ਪਰਚਾਰ ਅਤੇ ਪਰਸਾਰ ਕਰਨ ਵਿੱਚ ਪੂਰੀ ਤਰ੍ਹਾਂ ਕਾਮਯਾਬ ਰਹੇ ਸਨ। ਇਹ ਸਭ ਕੁਝ ਉਨ੍ਹਾਂ ਇਮਾਨਦਾਰ ਅਤੇ ਦਿਆਨਤਦਾਰ ਮਸੰਦਾਂ ਕਰਕੇ ਸੀ ਜਿੰਨਾਂ ਨੂੰ ਗੁਰੂ ਅਰਜਨ ਦੇਵ ਨੇ ਸਿੱਖ ਧਰਮ ਨੂੰ ਪਰਚਾਰਨ ਦੀ ਜਿੰਮੇਵਾਰੀ ਦਿੱਤੀ ਹੋਈ ਸੀ। ਮਸੰਦ-ਪ੍ਰਥਾ ਦੀ ਪਰਪੱਕਤਾ ਨੂੰ ਇੱਕ ਹੋਰ ਪੱਖ ਤੋਂ ਵੇਖਿਆ ਜਾ ਸਕਦਾ ਹੈ। ਉਹ ਹੈ ਗੁਰੂ ਅਰਜਨ ਦੇਵ ਦੀ ਸ਼ਹਾਦਤ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਲੜਾਈਆਂ ਦਾ। ਭਾਈ ਭਗਤੂ ਇਸ ਸਮੁੱਚੇ ਸਮੇਂ ਦੌਰਾਨ ਪੂਰੀ ਤਰ੍ਹਾਂ ਅਡੋਲ ਅਤੇ ਅਟੱਲ ਰਹੇ ਸਨ। ਇਹ ਗੱਲ ਮਾਲਵਾ ਦੇ ਹੋਰ ਮਸੰਦਾਂ ਤੇ ਵੀ ਢੁੱਕਦੀ ਹੈ ਜਿਵੇਂ ਭਾਈ ਬਹਿਲੋ ਅਤੇ ਭਾਈ ਭੂੰਦੜ। ਇਨ੍ਹਾਂ ਮਸੰਦਾਂ ਦੇ ਕੀਤੇ ਹੋਏ ਪਰਚਾਰ ਦਾ ਨਤੀਜਾ ਸੀ ਕਿ ਇਸ ਸੰਕਟ ਦੇ ਸਮੇਂ ਮਾਲਵਾ ਦੀਆਂ ਸਿੱਖ ਸੰਗਤਾਂ ਆਪਣੇ ਗੁਰੂ ਸਾਹਿਬਾਨ ਨਾਲ ਪੂਰੀ ਦਰਿੜ੍ਹਤਾ ਨਾਲ ਜੁੜੀਆਂ ਰਹੀਆਂ ਸਨ।

"ਪੰਜਵੇਂ ਮਹਲੇ ਤੋਂ ਪਹਿਲੇ ਮਹਲਿਆਂ (ਦੇ ਸਮੇਂ) ਦੌਰਾਨ ਭੇਂਟ ਭਾਵ ਤੋਹਫੇ ਸਿੱਖਾਂ ਕੋਲੋਂ ਨਹੀਂ ਲੈਂਦੇ ਸਨ। ਅਤੇ ਜੋ ਕੁਝ ਉਹ ਆਪਣੀ ਇੱਛਾ ਅਨੁਸਾਰ ਦੇ ਦੇਂਦੇ ਉਸੇ ਨੂੰ ਪਰਵਾਨ ਕਰ ਲਿਆ ਜਾਂਦਾ। (ਗੁਰੂ)

---

39 ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਨਾ-902.

ਅਰਜਨ ਮਲ ਨੇ ਆਪਣੇ (ਗੁਰਗੱਦੀ) ਸਮੇਂ ਵਿੱਚ ਸਿੱਖਾਂ ਵਾਸਤੇ ਹਰ ਸ਼ਹਿਰ ਵਿੱਚ ਇੱਕ ਆਦਮੀ ਨਿਯੁਕਤ ਕਰ ਦਿੱਤਾ ਤਾਂ ਜੋ ਉਹ ਉਹਨਾਂ ਪਾਸੋਂ ਤੋਹਫੇ ਅਤੇ ਭੇਟਾ ਲੈ ਲਵੇ। ਲੋਕ ਉਹਨਾਂ ਮਸੰਦਾਂ ਦੇ ਮਾਧਿਅਮ ਰਾਹੀਂ ਸਿੱਖ ਬਣਨੇ ਆਰੰਭ ਹੋਏ। ਵੱਡੇ ਮਸੰਦ ਜਿਨ੍ਹਾਂ ਦੇ ਮਾਧਿਅਮ ਰਾਹੀਂ ਬਹੁਤੇ ਲੋਕ ਗੁਰੂ ਦੇ ਸਿੱਖ ਬਣ ਗਏ ਉਨ੍ਹਾਂ ਮਸੰਦਾਂ ਤੇ ਉਹਨਾਂ ਦੇ ਨਾਇਬਾਂ ਦੇ ਮਾਧਿਅਮ ਰਾਹੀਂ ਲੋਕ (ਗੁਰੂ ਦੇ) ਸਿੱਖ ਬਣੇ।

"ਲੋਕਾਂ ਨੇ ਦੱਸਿਆ ਹੈ ਕਿ ਸਿੱਖਾਂ ਲਈ ਉਦਾਸੀ ਭਾਵ ਕਿ ਦੁਨਿਆਵੀ ਤਿਆਗ, ਸਲਾਹੁਣਯੋਗ ਸੰਕਲਪ ਨਹੀਂ ਹੈ। ਗੁਰੂ ਦੇ ਬਹੁਤ ਸਾਰੇ ਸਿੱਖ ਖੇਤੀਬਾੜੀ ਕੁਝ ਵਿਉਪਾਰ ਅਤੇ ਕੁਝ ਨੌਕਰੀਆਂ ਵੀ ਕਰਦੇ ਹਨ। ਉਹਨਾਂ ਵਿੱਚ ਹਰ ਕੋਈ ਸਾਲ ਦੇ ਅੰਤ ਤੇ ਆਪਣੀ ਪਹੁੰਚ ਅਨੁਸਾਰ ਪੈਸੇ (ਸੋਨਾ) ਇਕੱਤਰ ਕਰ ਕੇ, ਨਜ਼ਰਾਂਨੇ (ਉਪਹਾਰ) ਵਜੋਂ, ਮਸੰਦ ਨੂੰ ਪਹੁੰਚਾਉਂਦੇ ਹਨ। ਮਸੰਦ ਉਸ ਪੈਸੇ ਨੂੰ ਆਪ ਨਹੀਂ ਖਰਚ ਕਰਦੇ। ਅਗਲੀ ਵਾਰੀ ਜਦੋਂ ਉਹ ਮਸੰਦ ਲਈ (ਭੇਟ) ਲਿਆਉਂਦੇ ਹਨ ਤਾਂ ਉਹ ਸਿਰਫ਼ ਉਸੇ ਹਾਲਤ ਵਿੱਚ ਜੇ ਮਸੰਦ ਦਾ ਕੋਈ ਨਿਰਬਾਹ ਦਾ ਸਾਧਨ ਨਾ ਹੋਵੇ, ਨਹੀਂ ਤਾਂ ਉਹ ਆਪ ਕੰਮ ਕਾਜ ਕਰਦੇ ਹਨ। ਇਸ (ਗੁਰੂ ਲਈ ਲਿਆਂਦੇ) ਧਨ ਨਾਲ ਉਹ ਆਪਣਾ ਤਨ ਨਹੀਂ ਲਬੇੜਦੇ। ਇਸ ਨੂੰ ਉੱਤਮ ਮੰਨਦੇ ਹੋਏ, ਉਹ ਗੁਰੂ ਨੂੰ ਪਹੁੰਚਾ ਦੇਂਦੇ ਹਨ। ਵਿਸਾਖ ਦੇ ਮਹੀਨੇ ਵਿੱਚ ਜਦੋਂ ਸੁਰਜ ਮੇਖ਼ ਰਾਸ਼ੀ ਵਿੱਚ ਦਾਖ਼ਲ ਹੁੰਦਾ ਹੈ ਤਾਂ ਮਸੰਦ ਲੋਕ ਗੁਰੂ ਦੀ ਦਰਗਾਹ ਵਿੱਚ ਆਉਂਦੇ ਹਨ। ਉਨ੍ਹਾਂ ਦੇ ਮੇਲੀਆਂ ਵਿੱਚੋਂ ਵੀ ਜੇ ਕੋਈ ਆਉਣ ਦੀ ਸਮਰੱਥਾ ਰੱਖਦਾ ਹੋਵੇ ਤਾਂ ਮਸੰਦ ਦੇ ਨਾਲ ਹੀ ਗੁਰੂ ਪਾਸ ਆ ਸਕਦਾ ਹੈ। ਵਾਪਿਸ ਰਵਾਨਾ ਹੋਣ ਸਮੇਂ ਹਰ ਇੱਕ ਨੂੰ ਗੁਰੂ ਇੱਕ ਪਗੜੀ ਬਖ਼ਸ਼ ਦੇਂਦਾ ਹੈ।"[40]

ਗੁਰੂ ਹਰਿਗੋਬਿੰਦ ਸਾਹਿਬ ਦੀ ਗੁਰੂਸਰ ਮਹਿਰਾਜ (ਨਥਾਣੇ) ਵਾਲੀ ਲੜਾਈ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ। ਭਾਈ ਭਗਤੂ ਸਿੱਖ ਧਰਮ ਦੇ ਬਹੁਤ ਵੱਡੀ ਉਮਰ ਦੇ ਬਜ਼ੁਰਗ ਮਸੰਦ ਸਨ। ਉਹ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਮੋਹਰੀ ਸਿੱਖਾਂ ਵਿੱਚੋਂ ਅਤੇ ਗੁਰੂ ਹਰਿ ਰਾਇ ਦੀ ਹਜੂਰੀ ਵਿੱਚ ਰਹਿੰਦੇ ਸਨ। ਤਿੰਨ ਪਾਤਸ਼ਾਹੀਆਂ ਦੀ ਹਜੂਰੀ ਵਿੱਚ ਰਹਿਣ ਦਾ ਭਾਈ ਭਗਤੂ ਨੂੰ ਮਾਣ ਪ੍ਰਾਪਤ ਸੀ। ਉਮਰ ਲੰਮੀ ਹੋ ਗਈ ਸੀ। ਗੁਰੂ ਹਰਿ ਰਾਇ ਦੇ ਸਮੇਂ ਭਾਈ ਭਗਤੂ ਸਭ ਤੋਂ ਵੱਡੀ ਉਮਰ ਦੇ ਸਿੱਖ ਸਨ। ਇਸ ਲਈ ਸੰਗਤਾਂ ਦੇ

40 ਹਰਚੰਦ ਸਿੰਘ ਬੇਦੀ (ਅਨੁ. ਅਤੇ ਸੰਪਾ.) ਗੰਡਾ ਸਿੰਘ, *ਸਿੱਖ ਇਤਿਹਾਸ ਸਰੋਤ ਪੁਸਤਕ, ਮਾਖਿਜ਼-ਏ-ਤਵਾਰੀਖਿ-ਏ-ਸਿੱਖਾਂ ਦਾ* (ਪੰਜਾਬੀ ਅਨੁਵਾਦ), ਖ਼ਾਲਸਾ ਕਾਲਜ, ਅੰਮ੍ਰਿਤਸਰ, 2000, ਪੰਨੇ 157-58.

ਦਰਬਾਰ ਵਿੱਚ ਬੈਠਿਆਂ ਇੱਕ ਦਿਨ ਗੁਰੂ ਹਰਿ ਰਾਇ ਨੇ ਆਪ ਨੂੰ ਠੱਠਾ-ਮਖੌਲ ਕਰਦਿਆਂ ਕਹਿ ਦਿੱਤਾ ਸੀ ਕਿ ਭਗਤੂ ਬਾਬਾ ਹੁਣ ਤੁਸੀਂ ਫਿਰ ਕਦੋਂ ਆਪਣੀ ਸ਼ਾਦੀ ਕਰਵਾ ਰਹੇ ਹੋ। ਗੁਰੂ ਸਾਹਿਬ ਵੱਲੋਂ ਇਹ ਕਹਿਣ ਦਾ ਭਾਵ ਤਾਂ ਇਹ ਸੀ ਕਿ ਆਪ ਲਾੜੀ ਮੌਤ ਨਾਲ ਕਦੋਂ ਸ਼ਾਦੀ ਕਰਵਾ ਰਹੇ ਹੋਂ। ਜਾਂ ਤਾਂ ਭੋਲੇ-ਭਾ ਵਜੋਂ ਤੇ ਜਾਂ ਕੁਝ ਪੂਰੀ ਤਰ੍ਹਾਂ ਸਮਝਣ ਨਾ ਕਰ ਕੇ, ਭਾਈ ਭਗਤੂ ਨੂੰ ਇਉਂ ਮਹਿਸੂਸ ਹੋਇਆ ਸ਼ਾਇਦ ਗੁਰੂ ਸਾਹਿਬ ਉਸ ਨੂੰ ਦੂਸਰੀ ਸ਼ਾਦੀ ਕਰਨ ਬਾਰੇ ਕਹਿ ਰਹੇ ਹਨ ਕਿਉਂਕਿ ਭਾਈ ਭਗਤੂ ਦੀ ਪਤਨੀ ਕਾਫੀ ਸਮਾਂ ਪਹਿਲਾਂ ਪ੍ਰਲੋਕ ਸਿਧਾਰ ਚੁੱਕੀ ਸੀ। ਭਾਈ ਭਗਤੂ ਦਾ ਧੀਆਂ ਪੁੱਤਰਾਂ ਵਾਲਾ ਪਰਿਵਾਰ ਸੀ। ਭਾਈ ਸਾਹਿਬ ਨੇ ਵੀ ਅੱਗੋਂ ਉਸੇ ਤਰ੍ਹਾਂ ਭੋਲੇਪਣ ਵਿੱਚ ਹੀ ਜਵਾਬ ਦਿੰਦਿਆਂ ਕਹਿ ਦਿੱਤਾ ਸੀ ਕਿ ਗੁਰੂ ਸਾਹਿਬ ਸਭ-ਕੁਝ ਤੁਹਾਡੇ ਹੁਕਮ ਵਿੱਚ ਹੈ। ਜਦੋਂ ਤੁਹਾਡਾ ਹੁਕਮ ਹੋਵੇਗਾ, ਦੂਸਰੀ ਸ਼ਾਦੀ ਹੋ ਜਾਵੇਗੀ। ਗੁਰੂ ਸਾਹਿਬ ਇਹ ਸੁਣ ਕੇ ਹੱਸ ਰਹੇ ਸਨ।[41]

ਇਹ ਗੱਲ ਭਾਈ ਭਗਤੂ ਨੇ ਆਪਣੇ ਹਮ-ਉਮਰ ਸਾਥੀਆਂ ਨਾਲ ਸਾਂਝੀ ਕੀਤੀ ਉਨ੍ਹਾਂ ਸਾਥੀਆਂ ਨੇ ਇਹ ਕਿਹਾ ਗੁਰੂ ਸਾਹਿਬ ਦੇ ਬਚਨ ਅਜਾਂਈ ਜਾਣ ਵਾਲੇ ਨਹੀਂ ਹਨ। ਇਨ੍ਹਾਂ ਦਾ ਕੁਝ ਤਾਂ ਮਤਲਬ ਹੈ। ਸਭ ਨੇ ਸਲਾਹ ਦਿੱਤੀ ਕਿ ਕਿਵੇਂ ਹੋਵੇ ਗੁਰੂ ਸਾਹਿਬ ਵੱਲੋਂ ਕਹੇ ਬਚਨਾਂ ਨੂੰ ਪੂਰਾ ਤਾਂ ਕਰਨਾ ਹੋਵੇਗਾ। ਭਾਈ ਭਗਤੂ ਨੇ ਕਿਹਾ ਕਿ ਹੁਣ ਇਸ ਵੱਡੀ ਉਮਰ ਵਿੱਚ ਉਸ ਨਾਲ ਕਿਹੜੀ ਔਰਤ ਸ਼ਾਦੀ ਕਰੇਗੀ? ਫ਼ਰਜੀ ਰੂਪ ਵਿੱਚ ਸ਼ਾਦੀ ਕਰਵਾਉਣੀ ਪਵੇ ਪਰ ਗੁਰੂ ਸਾਹਿਬ ਦੇ ਬਚਨ ਜ਼ਰੂਰ ਪੂਰੇ ਕਰਨੇ ਹਨ। ਇੱਕ ਦਿਨ ਅਜਿਹਾ ਹੋਇਆ ਕਿ ਖੇਤਾਂ ਵਿੱਚ ਇੱਕ ਲੜਕੀ ਡੰਗਰ ਚਾਰਦੀ ਫਿਰਦੀ ਸੀ ਤਾਂ ਭਗਤੂ ਨੇ ਕਿਹਾ ਕਿ ਕੀ ਉਹ ਲੜਕੀ ਉਸ ਨਾਲ ਫ਼ਰਜ਼ੀ ਰੂਪ ਵਿੱਚ ਸ਼ਾਦੀ ਕਰਵਾ ਸਕਦੀ ਹੈ? ਲੜਕੀ ਹੈਰਾਨ ਹੋ ਗਈ। ਨਾ ਫ਼ਰਜ਼ੀ ਤੇ ਨਾ ਨਕਲੀ, ਲੜਕੀ ਕਿਸੇ ਤਰ੍ਹਾਂ ਸ਼ਾਦੀ ਕਰਵਾਉਣ ਲਈ ਤਿਆਰ ਨਾ ਹੋਈ। ਜਦੋਂ ਭਾਈ ਭਗਤੂ ਨੇ ਆਪਣੇ ਗੁਰੂ ਸਾਹਿਬ ਦੇ ਉਚਾਰੇ ਬਚਨਾਂ ਬਾਰੇ ਦੱਸਿਆ ਤਾਂ ਲੜਕੀ ਤਿਆਰ ਹੋ ਗਈ। ਸ਼ਾਦੀ ਫ਼ਰਜ਼ੀ ਰੂਪ ਵਿੱਚ ਕੀਤੀ ਗਈ। ਭਾਈ ਭਗਤੂ ਨੇ ਸਭ ਕੁਝ ਗੁਰੂ ਸਾਹਿਬ ਨੂੰ ਦੱਸ ਦਿੱਤਾ। ਗੁਰੂ ਹਰਿ ਰਾਏ ਨੇ ਹੈਰਾਨ ਹੁੰਦਿਆਂ ਕਿਹਾ ਕਿ ਬਾਬਾ ਉਨ੍ਹਾਂ ਦਾ ਇਸ ਤਰ੍ਹਾਂ ਦੀ ਸ਼ਾਦੀ ਕਰਵਾਉਣ ਤੋਂ ਭਾਵ ਨਹੀਂ ਸੀ ਉਨਾਂ ਦਾ ਭਾਵ ਤਾਂ ਲਾੜੀ ਮੌਤ ਨਾਲ ਸ਼ਾਦੀ ਕਰਵਾਉਣ ਤੋਂ ਸੀ। ਭਾਈ ਸਾਹਿਬ ਨੇ ਕਿਹਾ ਕਿ ਸਭ ਕੁਝ ਕਰਨ ਕਰਵਾਉਣ ਵਾਲੇ ਤੁਸੀਂ ਹੋ ਉਸ ਨੂੰ

41 *ਉਹੀ*, ਪੰਨੇ 182-83; ਅਤੇ 186-87.

ਕਿਸੇ ਗੱਲ ਦਾ ਪਤਾ ਨਹੀਂ ਹੈ। ਪਛਤਾਵਾ ਤਾਂ ਭਾਈ ਭਗਤੂ ਨੂੰ ਹੋਇਆ। ਹੁਣ ਉਹ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਰਹਿਣ ਲੱਗ ਪਿਆ ਸੀ। ਉਸ ਨੇ ਫ਼ੈਸਲਾ ਕਰ ਲਿਆ ਕਿ ਉਹ ਹੁਣ ਅੰਤਲੇ ਦਮ ਤੱਕ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਰਹੇਗਾ।

ਇਕ ਦਿਨ ਅਜਿਹਾ ਆ ਗਿਆ ਕਿ ਭਾਈ ਭਗਤੂ ਦਾ ਅੰਤਿਮ ਸਮਾਂ ਆ ਗਿਆ। ਗੁਰੂ ਸਾਹਿਬ ਭਾਈ ਭਗਤੂ ਦੇ ਮੰਜੇ ਕੋਲ ਪਹੁੰਚੇ। ਭਾਈ ਭਗਤੂ ਦੇ ਕੋਲ ਬੈਠੇ, ਜਪੁਜੀ ਸਾਹਿਬ ਦਾ ਪਾਠ ਸੁਣਾਇਆ। ਭਾਈ ਭਗਤੂ ਨੇ ਇਸ਼ਾਰਾ ਕੀਤਾ ਕਿ ਗੁਰੂ ਸਾਹਿਬ ਕੀਰਤਨ ਸੋਹਿਲਾ ਦਾ ਪਾਠ ਸੁਣਾਉਣ। ਕੀਰਤਨ ਸੋਹਿਲਾ ਦਾ ਪਾਠ ਸੁਣਾਇਆ ਗਿਆ ਤੇ ਭਾਈ ਭਗਤੂ ਦੇ ਸੁਆਸ ਪੂਰੇ ਹੋ ਗਏ। ਗੁਰੂ ਸਾਹਿਬ ਨੇ ਸਸਕਾਰ ਦੀ ਸਾਰੀ ਤਿਆਰੀ ਆਪਣੀ ਨਿਗਰਾਨੀ ਹੇਠ ਕਰਵਾਈ। ਸਸਕਾਰ ਕਰਨ ਬਾਅਦ ਜਦੋਂ ਗੁਰੂ ਸਾਹਿਬ ਸੰਗਤਾਂ ਨੂੰ ਸੰਬੋਧਨ ਹੁੰਦੇ ਕਿਹਾ ਕਿ ਭਾਈ ਭਗਤੂ ਨੇ ਆਪਣੀ ਸਾਰੀ ਉਮਰ ਗੁਰੂ ਦੇ ਲੇਖੇ ਲਾਈ ਹੈ ਅਤੇ ਅਖੀਰਲਾ ਸੁਆਸ ਗੁਰੂ ਦੀ ਹਜ਼ੂਰੀ ਵਿੱਚ ਲਿਆ ਹੈ। ਅਜਿਹੇ ਗੁਰਸਿੱਖ ਦਾ ਅੰਤਿਮ-ਸਸਕਾਰ ਗੁਰੂ ਦੀ ਨਿਗਰਾਨੀ ਹੇਠ ਹੋਇਆ ਹੈ। ਇਸ ਗੱਲ ਦਾ ਗੁਰੂ ਨੂੰ ਬਹੁਤ ਮਾਣ ਹੈ। ਅਜਿਹਾ ਸਿੱਖ ਗੁਰੂ ਲਈ ਆਪਣੇ ਪਰਿਵਾਰਕ ਮੈਂਬਰਾਂ ਤੋਂ ਜਿਆਦਾ ਪਿਆਰਾ ਹੁੰਦਾ ਹੈ। ਭਾਈ ਭਗਤੂ ਨੇ ਆਪਣੇ ਸਮੁੱਚੇ ਪਰਿਵਾਰ ਦਾ ਪਾਰ-ਉਤਾਰਾ ਕਰ ਦਿੱਤਾ ਹੈ।[42]

ਭਾਈ ਭਗਤੂ ਦੀ ਗੱਲ ਇੱਥੇ ਖ਼ਤਮ ਨਹੀਂ ਹੋਈ ਸੀ। ਜਿਸ ਲੜਕੀ ਨੇ ਉਸ ਨਾਲ ਫ਼ਰਜ਼ੀ ਵਿਆਹ ਕਰਵਾਇਆ ਸੀ ਇਹ ਗੱਲ ਉਸ ਦੇ ਭਾਈਚਾਰੇ ਵਿੱਚ ਫੈਲ ਗਈ ਸੀ। ਇਸ ਕਰਕੇ ਉਸ ਲੜਕੀ ਦਾ ਹੋਰ ਕਿਸੇ ਨਾਲ ਵਿਆਹ ਨਹੀਂ ਹੋ ਸਕਿਆ। ਆਖਰ ਉਹ ਲੜਕੀ ਸਭ-ਕੁਝ ਛੱਡ ਕੇ ਭਾਈ ਭਗਤੂ ਦੇ ਪਰਿਵਾਰ ਕੋਲ ਚਲੀ ਗਈ ਸੀ। ਭਗਤੂ ਦੇ ਪਰਿਵਾਰ ਦਾ ਵੱਡਾ ਪੁੱਤਰ ਭਾਈ ਗੌਰਾ[43] ਸੀ ਜਿਹੜਾ ਆਪਣੇ ਜੱਟ ਕਬੀਲੇ ਬਰਾੜਾਂ ਦਾ ਮੰਨਿਆ ਪਰਮੰਨਿਆ ਚੌਧਰੀ ਸੀ। ਉਸ ਨੇ ਇਸ ਲੜਕੀ ਨੂੰ ਆਪਣੀ ਦੂਸਰੀ ਮਾਂ ਸਮਝ ਕੇ ਆਪਣੇ ਪਰਿਵਾਰ ਵਿੱਚ ਰੱਖ ਲਿਆ ਸੀ। ਲੜਕੀ ਦੀ ਉਮਰ ਮੁਟਿਆਰਾਂ ਵਾਲੀ ਸੀ ਪਰ ਰਿਸ਼ਤਾ ਤਾਂ ਸਮਝਣ ਦਾ ਹੁੰਦਾ ਹੈ। ਗੌਰਾ ਸਮਝ ਰਿਹਾ ਸੀ ਕਿ ਉਹ ਉਸ ਦੇ ਪਿਤਾ ਦੀ ਵਿਧਵਾ ਹੈ ਇਸ ਲਈ ਉਸ ਲਈ ਤਾਂ ਉਹ ਮਾਂ ਬਰਾਬਰ ਹੀ ਹੈ। ਪਰ ਸ਼ਰੀਕ ਉਸ ਨੂੰ ਇੱਕ ਮੁਟਿਆਰ ਲੜਕੀ ਵਜੋਂ ਦੇਖ ਰਹੇ ਸੀ। ਇੱਕ ਦਿਨ ਭਾਈ

---

42 *ਉਹੀ,* ਪੰਨਾ 183.

43 ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 432; ਅਤੇ ਗਿਆਨ ਸਿੰਘ, ਗੁਰਧਾਮ ਸੰਗ੍ਰਹਿ, ਪੰਨੇ 91-92.

ਗੌਰੇ ਨੇ ਆਪਣੀ ਲੜਕੀ (ਧੀ) ਦੀ ਸ਼ਾਦੀ ਦੀ ਗੱਲ ਆਪਣੇ ਭਾਈਚਾਰੇ ਨਾਲ ਸਾਂਝੀ ਕੀਤੀ ਕਿ ਕੋਈ ਚੰਗਾ ਟਿਕਾਣਾ ਦੱਸਿਆ ਜਾਵੇ। ਕਿਤੇ ਗੱਲਾਂ-ਗੱਲਾਂ ਵਿੱਚ ਗੁਰੂ ਹਰਿ ਰਾਇ ਸਾਹਿਬ ਦੇ ਚੌਰ-ਬਰਦਾਰ ਭਾਈ ਜੱਸੇ ਨੇ ਕਹਿ ਦਿੱਤਾ ਭਾਈ ਗੌਰਾ ਆਪਣੀ ਧੀ ਵਾਸਤੇ ਤਾਂ ਰਿਸ਼ਤਾ ਲਭ ਰਿਹਾ ਹੈ ਪਰ ਉਸ ਨੂੰ ਆਪਣੀ ਦੂਸਰੀ ਮਾਂ ਬਾਰੇ ਵੀ ਰਿਸ਼ਤਾ ਲੱਭ ਲੈਣਾ ਚਾਹੀਦਾ ਹੈ ਉਹ ਵੀ ਤਾਂ ਮੁਟਿਆਰ ਹੈ। ਜੇ ਕੋਈ ਹੋਰ ਰਿਸ਼ਤਾ ਉਸ ਵਾਸਤੇ ਨਹੀਂ ਲੱਭਦਾ ਤਾਂ ਉਹ ਖੁਦ (ਭਾਈ ਜੱਸਾ) ਵਿਆਹ ਕਰਵਾਉਣ ਲਈ ਤਿਆਰ ਹੈ। ਇਸ ਗੱਲ ਦਾ ਭਾਈ ਗੋਰੇ ਨੇ ਬਹੁਤ ਗੁੱਸਾ ਕੀਤਾ ਅਤੇ ਉਸ ਨੇ ਉਸੇ ਸਮੇਂ ਭਾਈ ਜੱਸੇ ਦਾ ਸਿਰ ਕਲਮ ਕਰ ਦਿੱਤਾ ਅਤੇ ਗੁਰੂ ਸਾਹਿਬ ਦੇ ਦਰਬਾਰ ਵਿੱਚੋਂ ਦੌੜ ਗਿਆ ਸੀ। ਪਤਾ ਲੱਗਣ ਤੇ ਗੁਰੂ ਹਰਿ ਰਾਇ ਸਾਹਿਬ ਨੇ ਭਾਈ ਗੌਰੇ ਨੂੰ ਤਿਆਗ ਦੇਣ ਦਾ ਫ਼ੈਸਲਾ ਕਰ ਲਿਆ ਅਤੇ ਸਿੱਖ-ਸੰਗਤਾਂ ਨੂੰ ਉਸ ਦਾ ਬਾਈਕਾਟ ਕਰਨ ਦਾ ਆਦੇਸ਼ ਦੇ ਦਿੱਤਾ ਸੀ।[44]

ਦੂਜੇ ਪਾਸੇ ਭਾਈ ਗੌਰੇ ਦੀ ਸਾਰੀ ਸ਼ਕਤੀ ਗੁਰੂ ਘਰ ਦੀ ਬਖ਼ਸ਼ਿਸ ਕਾਰਨ ਸੀ। ਇਸ ਲਈ ਉਸ ਨੇ ਗੁੱਸੇ ਵਿੱਚ ਭਾਈ ਜੱਸੇ ਦਾ ਕਤਲ ਕਰ ਦਿੱਤਾ ਸੀ ਪਰ ਉਹ ਗੁਰੂ ਸਾਹਿਬ ਦੀ ਕਰੋਪੀ ਨੂੰ ਨਹੀਂ ਸਹਾਰ ਸਕਦਾ ਸੀ। ਇਸ ਲਈ ਉਸ ਨੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਪਹੁੰਚ ਕੇ ਮੁਆਫ਼ੀ ਮੰਗਣ ਦੀ ਪੇਸ਼ਕਸ਼ ਕੀਤੀ ਪਰ ਗੁਰੂ ਸਾਹਿਬ ਨਹੀਂ ਮੰਨੇ ਸਨ। ਆਖਰ ਭਾਈ ਗੌਰੇ ਨੇ ਇਹ ਫ਼ੈਸਲਾ ਕਰ ਲਿਆ ਕਿ ਜਦੋਂ ਤੱਕ ਗੁਰੂ ਸਾਹਿਬ ਉਸ ਨੂੰ ਮੁਆਫ਼ ਕਰਕੇ, ਸਿੱਖ-ਸੰਗਤਾਂ ਵਿੱਚ ਸ਼ਾਮਿਲ ਨਹੀਂ ਕਰਦੇ ਉਦੋਂ ਤੱਕ ਉਹ ਗੁਰੂ ਸਾਹਿਬ ਦੇ ਨੇੜੇ ਤੇ ਪਿੱਛੇ ਰਹੇਗਾ। ਇਸ ਤਰ੍ਹਾਂ ਕੁਝ ਸਾਲ ਬੀਤ ਗਏ ਸਨ। ਇੱਕ ਦਿਨ ਅਜਿਹਾ ਹੋਇਆ ਕਿ ਗੁਰੂ ਹਰਿ ਰਾਇ ਜਦੋਂ ਮਾਲਵਾ ਵਿੱਚ ਧਰਮ-ਪਰਚਾਰ ਕਰਦੇ ਹੋਏ ਵਿਚਰ ਰਹੇ ਸਨ ਤਾਂ ਗੁਰੂ-ਘਰ ਦੇ ਵਿਰੋਧੀਆਂ ਦਾ ਇੱਕ ਦਲ ਨੇ ਗੁਰੂ ਸਾਹਿਬ ਦੇ ਡੇਰੇ ਉੱਪਰ ਹਮਲਾ ਕਰ ਦਿੱਤਾ ਕਿ ਇਸ ਸਮੇਂ ਉਨ੍ਹਾਂ ਦੀ ਮਦਦ ਤੇ ਹੋਰ ਕੌਣ ਆ ਸਕਦਾ ਹੈ। ਭਾਈ ਗੌਰੇ ਦਾ ਦਲ ਗੁਰੂ ਸਾਹਿਬ ਦੇ ਡੇਰੇ ਦੇ ਨੇੜੇ ਸੀ। ਜਦੋਂ ਉਸ ਨੇ ਇਹ ਸੁਣਿਆ ਕੇ ਗੁਰੂ ਸਾਹਿਬ ਦੇ ਡੇਰੇ ਤੇ ਕਿਸੇ ਵਿਰੋਧੀ ਨੇ ਹਮਲਾ ਕਰ ਦਿੱਤਾ ਹੈ ਤਾਂ ਉਸ ਨੇ ਇੱਕ ਦਮ ਡੇਰੇ ਵਿੱਚ ਪਹੁੰਚ ਕੇ ਵਿਰੋਧੀਆਂ ਨੂੰ ਕੁੱਟ ਕੇ ਭਜਾ ਦਿੱਤਾ। ਪਿੱਛੋਂ ਪਤਾ ਲੱਗਿਆ ਕਿ ਦੁਸ਼ਮਣਾਂ ਨੇ ਗੁਰੂ ਦਾ ਡੇਰਾ ਲੁੱਟਣ ਲਈ ਹਮਲਾ ਕੀਤਾ ਸੀ ਪਰ ਭਾਈ ਗੌਰੇ ਦੀ ਹਿੰਮਤ ਨਾਲ ਡੇਰੇ ਦਾ ਨੁਕਸਾਨ ਹੋਣਾ ਬਚ ਗਿਆ

44 ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ,* ਕਿਰਪਾਲ ਸਿੰਘ (ਸੰਪਾ.), ਜਿਲਦ 17ਵੀਂ ਭਾਗ ਦੂਜਾ, ਪੰਨੇ 189-95.

ਹੈ। ਇਸ ਕਾਰਨ ਸਿੱਖ-ਸੰਗਤਾਂ ਨੇ ਕਿਹਾ ਭਾਈ ਗੌਰੇ ਦੀ ਮਦਦ ਵੱਲ ਦੇਖ ਕੇ ਉਸ ਨੂੰ ਮੁਆਫ਼ ਕਰ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਗੌਰੇ ਨੂੰ ਮੁੜ ਤੋਂ ਫਿਰ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਸ਼ਾਮਿਲ ਕਰ ਲਿਆ ਸੀ।[45]

ਭਾਈ ਗੌਰਾ ਦਾ ਬਠਿੰਡੇ ਦੇ ਇਲਾਕੇ ਵਿੱਚ ਪਹਿਲਾਂ ਤੋਂ ਬਹੁਤ ਦਬਦਬਾ ਸੀ। ਪਰ ਭਾਈ ਜੱਸਾ ਨੂੰ ਮਾਰਨ ਕਰਕੇ ਉਹ ਸਿੱਖ ਸੰਗਤ ਵਿੱਚੋਂ ਛੇਕਿਆ ਗਿਆ ਸੀ ਅਤੇ ਆਪਣੇ ਇਲਾਕੇ ਵਿੱਚੋਂ ਬਾਹਰ ਨਿਕਲ ਗਿਆ ਸੀ। ਉਸ ਨੇ ਗੁਰੂ ਹਰਿ ਰਾਇ ਸਾਹਿਬ ਦੀ ਦੁਸ਼ਮਣਾਂ ਹੱਥੋਂ ਰੱਖਿਆ ਕੀਤੀ ਸੀ ਤਾਂ ਗੁਰੂ ਸਾਹਿਬ ਨੇ ਭਾਈ ਗੌਰੇ ਨੂੰ ਫਿਰ ਸਿੱਖ ਸੰਗਤਾਂ ਵਿੱਚ ਸ਼ਾਮਿਲ ਕਰ ਲਿਆ ਸੀ ਅਤੇ ਆਪਣੇ ਇਲਾਕੇ (ਬਠਿੰਡੇ) ਵਿੱਚ ਭੇਜ ਦਿੱਤਾ ਸੀ। ਭਾਈ ਜੱਸੇ ਨੂੰ ਬਾਕਾਇਦਾ ਸਿੱਖ ਸੰਗਤਾਂ ਦਾ ਦਰਬਾਰ ਲਗਾ ਕੇ ਗੁਰੂ ਸਾਹਿਬ ਵੱਲੋਂ ਸਿਰੋਪਾਓ ਦਿੱਤਾ ਗਿਆ ਸੀ। ਭਾਈ ਗੌਰਾ ਭਾਈ ਭਗਤੂ ਦਾ ਪੁੱਤਰ ਸੀ ਅਤੇ ਭਾਈ ਭਗਤੂ ਬਹੁਤ ਲੰਮੇ ਸਮੇਂ ਤੋਂ ਬਠਿੰਡਾ ਦੇ ਖੇਤਰ ਵਿੱਚ ਧਰਮ-ਪਰਚਾਰ ਕਰ ਰਿਹਾ ਸੀ। ਇਸ ਕਰਕੇ ਭਾਈ ਗੌਰੇ ਦਾ ਆਪਣੇ ਇਲਾਕੇ ਵਿੱਚ ਬਹੁਤ ਮਾਣ-ਸਤਿਕਾਰ ਸਥਾਪਿਤ ਹੋ ਗਿਆ ਸੀ। ਭਾਈ ਗੌਰੇ ਦਾ ਸਾਰਾ ਪਰਿਵਾਰ (ਖਾਨਦਾਨ) ਬਰਾੜ ਗੋਤ ਦੇ ਜੱਟਾਂ ਦਾ ਸੀ। ਉਸ ਨੇ ਬਰਾੜਾਂ ਨੂੰ ਆਪਣੇ ਨਾਲ ਮਿਲਾ ਕੇ ਇੱਕ ਬਹੁਤ ਤਕੜੀ ਸੈਨਿਕ ਸ਼ਕਤੀ ਸਥਾਪਿਤ ਕਰ ਲਈ ਸੀ। ਪਿੱਛੋਂ ਜਾ ਕੇ ਅਠਾਰ੍ਹਵੀਂ ਸਦੀ ਵਿੱਚ ਭਾਈ ਗੌਰੇ ਦੀ ਔਲਾਦ ਨੇ ਆਪਣੀ ਸੈਨਿਕ ਸ਼ਕਤੀ ਦੇ ਸਹਾਰੇ ਕੈਥਲ ਦੀ ਰਿਆਸਤ ਸਥਾਪਿਤ ਕਰ ਲਈ ਸੀ।[46]

ਗੁਰੂ ਹਰਿ ਰਾਇ ਸਾਹਿਬ ਕੱਤਕ ਵਦੀ ਨੌਂ ਦਿਨ ਐਤਵਾਰ ਮੁਤਾਬਕ 6 ਅਕਤੂਬਰ, ਸੰਨ 1661 ਈਸਵੀ ਨੂੰ ਜੋਤੀ-ਜੋਤ ਸਮਾ ਗਏ ਸਨ।[47] ਗੁਰੂ ਸਾਹਿਬ ਕੀਰਤਪੁਰ ਸਾਹਿਬ ਵਿਖੇ ਜਨਮੇ ਸਨ ਅਤੇ ਕੀਰਤਪੁਰ ਸਾਹਿਬ ਵਿਖੇ ਜੋਤੀ-ਜੋਤ ਸਮਾਏ ਸਨ। ਇਸ ਤਰ੍ਹਾਂ ਉਨ੍ਹਾਂ ਨੇ ਕੁੱਲ ਉਮਰ 31 ਸਾਲ 8 ਮਹੀਨੇ, 22 ਦਿਨ ਬਤੀਤ ਕੀਤੀ। ਗਿਆਨ ਸਿੰਘ ਨੇ ਗੁਰੂ ਸਾਹਿਬ ਦੀ ਸਮੁੱਚੀ ਉਮਰ ਅਤੇ ਗੁਰਿਆਈ ਸਮੇਂ ਦਾ ਪੂਰਾ ਵੇਰਵਾ ਦਿੱਤਾ ਹੈ: "ਗੁਰੂ ਸਾਹਿਬ 13 ਸੁਦੀ ਮਾਘ ਸੰਮਤ 1686 ਬਿਕਰਮੀ ਨੂੰ ਪੈਦਾ ਹੋਏ, 14 ਸਾਲ 2

45 Harbans Singh (Chief Ed.), *op.cit.*, pp. 57-58.

46 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਪੰਨੇ 250 ਅਤੇ 252.

47 ਸਰੂਪ ਸਿੰਘ ਕੋਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 1965, ਪੰਨਾ 26 ਅਤੇ ਕਿਰਪਾਲ ਸਿੰਘ (ਸੰਪਾ.) *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ 7 ਵੀਂ ਭਾਗ ਦੂਜਾ, ਅੰਮ੍ਰਿਤਸਰ, 2016, ਪੰਨਾ 31.

ਮਹੀਨੇ 3 ਦਿਨ ਦੀ ਉਮਰ ਵਿੱਚ ਗੱਦੀ ਤੇ ਬੈਠੇ ਅਤੇ 17 ਬਰਸ 6 ਮਹੀਨੇ 9 ਦਿਨ ਗੁਰਬਾਣੀ ਕਰ, ਸਾਰੀ ਉਮਰ 31 ਬਰਸ, 8 ਮਹੀਨੇ, 22 ਦਿਨ ਭੋਗ ਕੇ, ਕੱਤਕ ਵਦੀ 9, ਸੰਮਤ 1718 ਬਿਕਰਮੀ ਨੂੰ 6 ਘੜੀ ਦਿਨ ਰਹੇ ਕੀਰਤਪੁਰ ਵਿੱਚ ਜੋਤੀ-ਜੋਤੀ ਸਮਾਇ।"[48]

ਜਵਾਨੀ ਦੀ ਉਮਰ ਵਿੱਚ ਜੋਤੀ-ਜੋਤੀ ਸਮਾਂ ਜਾਣ ਦਾ ਕਾਰਨ ਕਿਸੇ ਲੇਖਕ ਨੇ ਨਹੀਂ ਦੱਸਿਆ। ਗੁਰ ਹਰਿ ਰਾਇ ਸਾਹਿਬ ਦਾ ਸਮੁੱਚਾ ਜੀਵਨ ਸ਼ਾਂਤੀ ਦੇ ਸਮੇਂ ਵਿੱਚ ਬਤੀਤ ਹੋਇਆ ਸੀ। ਇੱਕ ਦੋ ਸਮੇਂ ਅਜਿਹੇ ਆਏ ਸਨ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਆਲੇ-ਦੁਆਲੇ ਦੇ ਹਾਲਾਤਾਂ ਨੂੰ ਸੰਕਟ ਦੇ ਸਮੇਂ ਵਿੱਚ ਪਾ ਦਿੱਤਾ ਸੀ ਪਰ ਗੁਰੂ ਸਾਹਿਬ, ਆਪਣੇ ਦਾਦਾ, ਗੁਰੂ ਹਰਿਗੋਬਿੰਦ ਸਾਹਿਬ ਦੇ ਆਦੇਸ਼ਾਂ ਅਨੁਸਾਰ ਹਰ ਸਮੇਂ ਲੜਾਈਆਂ-ਭਿੜਾਈਆਂ ਵਿੱਚ ਪੈਣ ਤੋਂ ਗੁਰੇਜ਼ ਕਰਦੇ ਰਹੇ ਸਨ। ਇਸ ਲਈ ਕੋਈ ਵੀ ਸੰਕਟਮਈ ਸਮਾਂ ਗੁਰੂ ਸਾਹਿਬ ਦੀਆਂ ਧਾਰਮਿਕ ਗਤੀਵਿਧੀਆਂ ਉਪਰ ਪ੍ਰਭਾਵ ਨਹੀਂ ਪਾ ਸਕਿਆ।

ਪਹਿਲਾ ਸੰਕਟਮਈ ਸਮਾਂ ਗੁਰੂ ਸਾਹਿਬ ਦੇ ਗੁਰਿਆਈ ਧਾਰਨ ਤੋਂ ਥੋੜ੍ਹੇ ਸਮੇਂ ਬਾਅਦ 1645 ਈਸਵੀ ਵਿੱਚ ਪੈਦਾ ਹੋ ਗਿਆ ਸੀ ਜਦੋਂ ਸ਼ਾਹ ਜਹਾਨ ਬਾਦਸ਼ਾਹ ਦੇ ਇੱਕ ਅਧਿਕਾਰੀ ਜਿਸ ਨੂੰ ਮੋਬੀਦ ਜ਼ੁਲਿਫਕਾਰ ਅਰਦਿਸਤਾਨੀ ਨੇ ਗਵਰਨਰ ਲਿਖਿਆ ਹੈ, ਨਜਾਬਤ ਖਾਨ ਨੇ ਕਹਿਲੂਰ ਅਤੇ ਹਿਡੂਰ ਪਹਾੜੀ ਰਿਆਸਤਾਂ ਉੱਪਰ ਹਮਲਾ ਕਰ ਦਿੱਤਾ ਸੀ। ਕੀਰਤਪੁਰ ਸਾਹਿਬ ਇਹਨਾਂ ਪਹਾੜੀ ਰਿਆਸਤਾਂ ਵਿੱਚ ਵਸਿਆ ਹੋਇਆ ਸੀ ਇਸ ਕਰਕੇ ਗੁਰੂ ਹਰਿ ਰਾਇ ਸਾਹਿਬ ਹਮਲੇ ਤੋਂ ਪਹਿਲਾਂ ਕੀਰਤਪੁਰ ਸਾਹਿਬ ਨੂੰ ਛੱਡ ਕੇ ਕਿਸੇ ਦੁਰਾਡੀ ਅਤੇ ਸੁਰੱਖਿਅਤ ਥਾਂ ਤੇ ਚਲੇ ਗਏ ਸਨ। ਇਸ ਗੱਲ ਦਾ ਜਿਕਰ ਮੋਬੀਦ ਅਰਦਿਸਤਾਨੀ ਨੇ ਕੀਤਾ ਹੈ: "ਹਰ ਰਾਏ ਕੀਰਤਪੁਰ ਵਿਖੇ ਇੱਕ ਸਾਲ ਤੱਕ ਰਹੇ। ਜਦੋਂ ਸੰਨ 1055 ਹਿਜਰੀ (1645 ਈਸਵੀ) ਵਿੱਚ ਨਜਾਬਤ ਖਾਨ ਪੁੱਤਰ ਮਿਰਜਾ ਸ਼ਾਹ ਰੁਖ, ਸ਼ਾਹ ਜਹਾਨ ਦੇ ਗਵਰਨਰ ਨੇ ਰਾਜਾ ਤਾਰਾ ਚੰਦ ਦੇ ਇਲਾਕੇ ਉੱਪਰ ਫ਼ੌਜ ਚੜ੍ਹਾ ਕੇ ਤਬਾਹ ਕੀਤਾ ਤੇ ਤਾਰਾ ਚੰਦ ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਗੁਰੂ ਹਰਿ ਰਾਏ ਸਰਹਿੰਦ ਦੇ ਨੇੜੇ ਸਥਾਨ ਥਾਪਲ ਜੋ ਰਾਜਾ ਮੇਦਨੀ ਪ੍ਰਕਾਸ਼ ਦਾ ਮੁਲਕ ਸੀ ਉੱਥੇ ਚਲੇ ਗਏ।"[49] ਲੇਖਕ ਨੇ ਇਸ ਹਮਲੇ ਦਾ ਵਿਸਥਾਰ ਵਿੱਚ ਬਿਰਤਾਂਤ ਨਹੀਂ ਦਿੱਤਾ ਅਤੇ ਕੁਝ ਵੇਰਵੇ ਸਪੱਸ਼ਟ ਨਹੀਂ ਹਨ। ਜਿਵੇਂ ਥਾਪਲ ਨਾਂ

---

48 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ-260.

49 ਹਰਚੰਦ ਸਿੰਘ ਬੇਦੀ (ਅਨੁ. ਤੇ ਸੰਪਾ.), ਗੰਡਾ ਸਿੰਘ, *ਸਿੱਖ ਇਤਿਹਾਸ ਸਰੋਤ ਪੁਸਤਕ*, ਪੰਨਾ-163.

ਸਪੱਸ਼ਟ ਨਹੀਂ ਹੈ। ਅਜੇ ਤੱਕ ਇਸ ਥਾਂ ਦੀ ਤਲਾਸ਼ ਨਹੀਂ ਹੋ ਸਕੀ। ਇਸ ਕਰਕੇ ਜਾਂ ਤਾਂ ਇਹ ਨਾਂ ਕਿਸੇ ਭੁਲੇਖੇ ਕਾਰਨ ਲਿਖ ਦਿੱਤਾ ਗਿਆ ਹੈ ਤੇ ਜਾਂ ਫਿਰ ਪਛਾਣ ਨਹੀਂ ਹੋ ਸਕੀ। ਅਜੋਕੇ ਇਤਿਹਾਸਕਾਰਾਂ ਨੇ ਥਾਪਲ ਨੂੰ ਨਾਹਨ ਸ਼ਹਿਰ ਮੰਨਿਆ ਹੈ। ਨਾਹਨ ਰਿਆਸਤ ਦਾ ਰਾਜਾ ਮੇਦਨੀ ਪ੍ਰਕਾਸ਼ ਸੀ। ਇਸ ਦਾ ਨਾਂ ਸਪੱਸ਼ਟ ਰੂਪ ਵਿੱਚ ਮੋਬੀਦ ਅਰਦਿਸਤਾਨੀ ਨੇ ਲਿਖਿਆ ਹੈ। ਗੁਰੂ ਸਾਹਿਬਾਨ ਦੇ ਸਬੰਧ ਨਾਹਨ ਰਿਆਸਤ ਨਾਲ ਬਹੁਤ ਚੰਗੇ ਸਨ।[50]

ਦੂਜਾ ਸੰਕਟਕਾਲ ਦਾਰਾ ਸ਼ਿਕੋਹ ਦੀ ਆਮਦ ਵਾਲਾ ਸੀ। ਗੁਰੂ ਹਰਿ ਰਾਇ ਸਾਹਿਬ ਇਸ ਸੰਕਟਕਾਲ ਸਮੇਂ ਸਮੁੱਚੀ ਸਥਿਤੀ ਤੋਂ ਨਿਰਲੇਪ ਰਹੇ। ਸਿੱਖ ਲਿਖਤਾਂ ਵਿੱਚ ਗੁਰੂ ਸਾਹਿਬ ਵੱਲੋਂ ਦਾਰਾ ਸ਼ਿਕੋਹ ਦੀ ਮਦਦ ਕਰਨ ਦੇ ਅਨੇਕਾਂ ਤਰ੍ਹਾਂ ਦੇ ਵੇਰਵੇ ਦਿੱਤੇ ਮਿਲਦੇ ਹਨ। ਪਰ ਇਹ ਵੇਰਵੇ ਇਤਿਹਾਸ ਦੀ ਕਸਵੱਟੀ ਤੇ ਪੂਰੇ ਨਹੀਂ ਉੱਤਰਦੇ।

ਗੁਰੂ ਹਰਿ ਰਾਇ ਸਾਹਿਬ ਦੇ ਵੱਡੇ ਕੰਮ ਮਾਲਵਾ ਵਿਚਲੇ ਸਨ ਜਿੱਥੇ ਉਹਨਾਂ ਨੇ ਮਾਲਵਾ ਦੇ ਜੱਟ ਕਬੀਲਿਆਂ ਨੂੰ ਆਪਸੀ ਏਕਤਾ ਵਿੱਚ ਪਰੋ ਕੇ ਉਹਨਾਂ ਦਾ ਇੱਕ ਸਾਂਝਾ ਭਾਈਚਾਰਾ ਸਥਾਪਿਤ ਕਰਨ ਲਈ ਪ੍ਰੇਰਿਆ ਸੀ। ਮਾਲਵਾ ਦੇ ਸਾਰੇ ਜੱਟ ਕਬੀਲੇ ਸਿੱਖ ਧਰਮ ਵਿੱਚ ਪ੍ਰਵੇਸ਼ ਕਰ ਚੁੱਕੇ ਸਨ ਪਰ ਸਿੱਧੂ ਅਤੇ ਬਰਾੜ ਜੱਟ ਕਬੀਲੇ ਤਾਂ ਪੂਰੇ ਦੇ ਪੂਰੇ ਗੁਰੂ ਘਰ ਦੇ ਸ਼ਰਧਾਲੂ ਬਣ ਗਏ ਸਨ। ਸਮਾਂ ਪਾ ਕੇ ਮਾਲਵਾ ਵਿੱਚ ਬਰਾੜ ਕਬੀਲੇ ਦੀ ਤਾਕਤ ਇੰਨੀ ਜਿਆਦਾ ਸਥਾਪਿਤ ਹੋ ਗਈ ਸੀ ਕਿ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਆਪਣੇ ਜ਼ਫ਼ਰਨਾਮੇ ਵਿੱਚ ਬਰਾੜ ਜੱਟਾਂ ਵੱਲੋਂ ਕੀਤੀ ਗਈ ਮਦਦ ਦਾ ਜ਼ਿਕਰ ਕੀਤਾ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਮਾਲਵਾ ਵਿੱਚ ਗੁਰੂ ਹਰਿ ਰਾਇ ਸਾਹਿਬ ਨੇ ਪੂਰਾ ਧਰਮ-ਪਰਚਾਰ ਕਰਕੇ ਸਿੱਖ ਧਰਮ ਦੇ ਭਵਿੱਖ ਨੂੰ ਕਿੰਨਾ ਪਰਿਪੱਕ ਅਤੇ ਨਿਸ਼ਚਤ ਕਰ ਦਿੱਤਾ ਸੀ।

ਗੁਰੂ ਹਰਿ ਰਾਇ ਸਾਹਿਬ ਦੇ ਜੋਤੀ-ਜੋਤ ਸਮਾਂ ਜਾਣ ਬਾਅਦ ਗੁਰੂ-ਪਰਿਵਾਰ ਵਿੱਚ ਕੁਝ ਅਣਸੁਖਾਵੇਂ ਹਾਲਾਤ ਪੈਦਾ ਹੋ ਗਏ ਸਨ ਪਰ ਇਹਨਾਂ ਅਣਸੁਖਾਵੇਂ ਹਾਲਾਤਾਂ ਨੂੰ ਛੇਤੀ ਸੁਧਾਰ ਲਿਆ ਗਿਆ ਸੀ। ਇਸ ਸਮੇਂ ਤੱਕ ਸਿੱਖ ਸੰਗਤਾਂ ਦੀ ਤਾਕਤ ਵਿਆਪਕ ਪੱਧਰ ਤੇ ਸਥਾਪਿਤ ਹੋ ਚੁੱਕੀ ਸੀ। ਇਹ ਅਣਸੁਖਾਵਾਂ ਮਾਹੌਲ ਗੁਰੂ

---

50 ਕਿਰਪਾਲ ਸਿੰਘ (ਸੰਪਾ.), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ 17ਵੀਂ, ਭਾਗ ਪਹਿਲਾ, ਪੰਨੇ 26-28.

ਹਰਿ ਰਾਇ ਸਾਹਿਬ ਵੱਲੋਂ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਗੁਰੂਗੱਦੀ ਦਾ ਵਾਰਿਸ ਨਿਯੁਕਤ ਕਰਨ ਤੋਂ ਰੱਦ ਕਰਨ ਨਾਲ ਪੈਦਾ ਹੋਇਆ ਸੀ। ਗੁਰੂ ਸਾਹਿਬ ਦੇ ਦੋ ਪੁੱਤਰ ਸਨ। ਵੱਡੇ ਰਾਮ ਰਾਇ ਅਤੇ ਛੋਟੇ ਹਰਿਕ੍ਰਿਸ਼ਨ ਸਨ। ਰਾਮ ਰਾਇ ਨੂੰ ਕੁਝ ਕਾਰਨਾਂ ਕਰਕੇ ਗੁਰਗੱਦੀ ਦਾ ਵਾਰਿਸ ਮੰਨਣ ਦੇ ਯੋਗ ਨਹੀਂ ਸਮਝਿਆ ਗਿਆ ਸੀ। ਇਸ ਲਈ ਛੋਟੇ ਪੁੱਤਰ, ਹਰਿਕ੍ਰਿਸ਼ਨ ਜਿਹੜੇ ਕਿ ਉਸ ਸਮੇਂ ਕੇਵਲ ਅੱਠ ਕੁ ਸਾਲ ਦੀ ਉਮਰ ਦੇ ਸਨ, ਨੂੰ ਅੱਠਵਾਂ ਗੁਰੂ ਬਣਾਇਆ ਗਿਆ ਸੀ।

ਰਾਮ ਰਾਇ ਬਾਰੇ ਬਹੁਤ ਗੱਲਾਂ ਪ੍ਰਚੱਲਿਤ ਹਨ। ਇਹ ਗੱਲ ਇਤਿਹਾਸ ਦਾ ਤੱਥ ਹੈ ਕਿ ਰਾਮ ਰਾਇ ਨੂੰ ਔਰੰਗਜ਼ੇਬ ਨੇ ਗੜ੍ਹਵਾਲ (ਵਰਤਮਾਨ ਉਤਰਾਖੰਡ) ਦੇ ਇਲਾਕੇ ਵਿੱਚ ਤਕੜੀ ਜਾਗੀਰ ਦਿੱਤੀ ਹੋਈ ਸੀ। ਇਸ ਜਾਗੀਰ ਵਾਲੇ ਖੇਤਰ ਨੂੰ ਦੂਨ ਕਿਹਾ ਜਾਂਦਾ ਸੀ। ਇਲਾਕਾ ਇਹ ਬਹੁਤ ਸੋਹਣੇ ਵਾਤਾਵਰਣ ਵਾਲਾ ਸੀ। ਦੂਨ ਦਾ ਮਤਲਬ ਹੈ ਵਾਦੀ। ਵਾਦੀ ਦਾ ਮਤਲਬ ਹੈ ਉਹ ਇਲਾਕਾ ਜਿਹੜਾ ਚਾਰੇ ਪਾਸਿਆਂ ਤੋਂ ਪਹਾੜੀਆਂ ਜਾਂ ਪਰਬਤਾਂ ਨਾਲ ਘਿਰਿਆ ਹੋਇਆ ਹੋਵੇ। ਭਾਵ ਪਰਬਤਾਂ ਦੇ ਵਿਚਕਾਰ ਪੱਧਰ ਇਲਾਕਾ। ਇੱਥੇ ਰਾਮ ਰਾਇ ਨੇ ਆਪਣਾ ਡੇਰਾ ਬਣਾ ਲਿਆ ਸੀ। ਇਸ ਕਰਕੇ ਉਸ ਦੇ ਡੇਰੇ ਵਾਲੇ ਅਸਥਾਨ ਨੂੰ ਡੇਰਾ ਦੂਨ ਕਿਹਾ ਜਾਣ ਲੱਗ ਪਿਆ ਸੀ। ਇਸ ਦਾ ਅੱਜ ਕੱਲ ਸਹੀ ਉਚਾਰਣ ਡੇਹਰਾਦੂਨ ਹੈ। ਇਹ ਵਰਤਮਾਨ ਉਤਰਾਖੰਡ ਰਾਜ ਦੀ ਰਾਜਧਾਨੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ ਯੂ.ਪੀ. (ਉਸ ਸਮੇਂ ਇਸ ਨੂੰ ਯੂ.ਪੀ. ਭਾਵ ਕਿ ਯੂਨਾਈਟਿਡ ਪ੍ਰੋਵਿੰਸ (ਸੰਯੁਕਤ ਪ੍ਰਾਂਤ) ਕਿਹਾ ਜਾਂਦਾ ਸੀ।) ਵਿੱਚ ਹਰਿਦੁਆਰ ਤੋਂ ਚਾਲੀ ਮੀਲ (64 ਕਿਲੋਮੀਟਰ) ਦੇ ਫਾਸਲੇ ਪੁਰ ਪਹਾੜੀ ਦੂਨ ਵਿੱਚ ਰਾਮ ਰਾਇ ਦੀ ਸਮਾਧ ਹੈ, ਜਿਸ ਦੀ ਇਮਾਰਤ ਸੰਨ 1699 ਈਸਵੀ ਵਿੱਚ ਬਣੀ ਹੈ। ਇਸ ਦੇ ਕਾਰਨ ਇਸ ਇਲਾਕੇ ਤੇ ਨਗਰ ਦਾ ਨਾਮ ਦੇਹਰਾਦੂਨ ਹੋ ਗਿਆ ਹੈ। ਇੱਥੇ ਬਲੂ ਹਸਣਾ ਸਾਧੂ ਸੰਪਰਦਾ ਦੇ ਉਦਾਸੀ ਮਹੰਤ ਹਨ। ਮੁਗ਼ਲ ਬਾਦਸ਼ਾਹ ਦੇ ਵੇਲੇ ਦੀ ਜਾਗੀਰ ਲੱਗੀ ਹੋਈ ਹੈ। ਦਸ਼ਮੇਸ਼ ਜੀ ਦਾ ਇੱਥੇ ਗੁਰਦੁਆਰਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਮਾਤਾ ਪੰਜਾਬ ਕੌਰ ਦੀ ਸਹਾਇਤਾ ਲਈ ਦੁਸ਼ਟ ਮਸੰਦਾਂ ਨੂੰ ਦੰਡ ਦੇਣ ਲਈ ਪਾਉਂਟੇ ਤੋਂ ਇੱਥੇ ਆਏ।[51]

---

51 ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960, ਪੰਨਾ-649.

ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਵਿੱਚ ਲਿਖਿਆ ਹੈ ਕਿ 1920 ਈਸਵੀ ਤੱਕ ਰਾਮ ਰਾਇ ਦੀ ਸਮਾਧ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਪਰ ਅੱਜ ਕੱਲ ਨਹੀਂ ਹੈ।[52] ਸ਼ਾਇਦ ਇਹ 1920 ਈਸਵੀ ਵਿੱਚ ਚੱਲੀ ਗੁਰਦੁਆਰਾ ਸੁਧਾਰ ਲਹਿਰ ਤੋਂ ਡਰ ਕੇ ਇੱਥੋਂ ਦੇ ਮਹੰਤਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਬੰਦ ਕਰ ਦਿੱਤਾ ਸੀ ਤਾਂ ਕਿ ਇਸ ਡੇਰੇ ਨੂੰ ਕਿਤੇ ਸਿੱਖ ਗੁਰਦੁਆਰਾ ਨਾ ਬਣਾ ਦੇਣ।

---

52 Harbans Singh (Chief Ed.), *op.cit.*, Vol. III, p. 462.

# ਅਧਿਆਇ-ਪੰਜਵਾਂ

# ਗੁਰੂ ਤੇਗ਼ ਬਹਾਦਰ ਸਾਹਿਬ ਦੇ ਮਾਲਵਾ ਅਤੇ ਬਾਂਗਰ ਇਲਾਕਿਆਂ ਦੇ ਦੌਰੇ

ਗੁਰੂ ਹਰਿ ਰਾਇ ਸਾਹਿਬ ਤੋਂ ਪਿੱਛੋਂ ਪੰਜ ਸਾਲ ਦੀ ਉਮਰ ਵਿੱਚ ਗੁਰੂ ਹਰਿਕ੍ਰਿਸ਼ਨ ਸਾਹਿਬ ਸਿੱਖਾਂ ਦੇ ਅੱਠਵੇਂ ਗੁਰੂ ਹੋਏ ਪਰ ਆਪ ਛੋਟੀ ਉਮਰ ਵਿੱਚ ਹੀ ਜੋਤੀ-ਜੋਤ ਸਮਾ ਗਏ ਸਨ। ਆਪ ਦਾ ਜਨਮ 07 ਜੁਲਾਈ,1656 ਈਸਵੀ ਨੂੰ ਹੋਇਆ ਸੀ। ਗੁਰਿਆਈ ਮਿਲਣ ਦੇ ਸਮੇਂ ਤੋਂ ਆਪ ਦੇ ਵੱਡੇ ਭਰਾ ਰਾਮ ਰਾਇ ਨੇ ਗੁਰਿਆਈ ਦਾ ਝਗੜਾ ਸ਼ੁਰੂ ਕਰ ਦਿੱਤਾ ਸੀ। ਇਸ ਕਾਰਨ ਉਸ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਵੱਲੋਂ ਗੁਰੂ ਹਰਿਕ੍ਰਿਸ਼ਨ ਨੂੰ ਉਨ੍ਹਾਂ ਦੇ ਦਰਬਾਰ ਵਿੱਚ ਪੇਸ਼ ਹੋਣ ਦਾ ਹੁਕਮ ਹੋ ਗਿਆ ਸੀ ਅਤੇ ਆਪ ਨੂੰ ਦਿੱਲੀ ਜਾਣਾ ਪਿਆ ਸੀ। ਦਿੱਲੀ ਵਿਖੇ ਰਹਿਣ ਦਾ ਪ੍ਰਬੰਧ ਰਾਜਪੂਤ ਰਾਜਾ, ਮਿਰਜ਼ਾ ਜੈ ਸਿੰਘ ਦੀ ਹਵੇਲੀ ਵਿੱਚ ਕੀਤਾ ਗਿਆ ਸੀ। ਮਿਰਜ਼ਾ ਰਾਜਾ ਜੈ ਸਿੰਘ ਦਾ ਮੁਗ਼ਲ ਦਰਬਾਰ ਵਿੱਚ ਚੰਗਾ ਮਾਣ-ਸਤਿਕਾਰ ਸੀ। ਇਸ ਕਰਕੇ ਗੁਰੂ ਹਰਿਕ੍ਰਿਸ਼ਨ ਨੂੰ ਮਿਰਜਾ ਰਾਜਾ ਜੈ ਸਿੰਘ ਰਾਹੀਂ ਹੀ ਬੁਲਾਇਆ ਗਿਆ ਹੋਵੇ। ਪਰ ਦਿੱਲੀ ਪਹੁੰਚ ਕੇ ਬਾਲ ਗੁਰੂ ਚੇਚਕ ਦੀ ਬਿਮਾਰੀ ਦਾ ਸ਼ਿਕਾਰ ਹੋ ਗਏ ਸਨ। ਇਹ ਚੇਚਕ ਮਾਰੂ ਸਾਬਤ ਹੋਈ। 30 ਮਾਰਚ, 1664 ਈਸਵੀ ਨੂੰ ਗੁਰੂ ਹਰਿਕ੍ਰਿਸ਼ਨ ਜੋਤੀ-ਜੋਤ ਸਮਾ ਗਏ। ਗੁਰੂ ਸਾਹਿਬ ਨੇ ਅੱਠ ਸਾਲਾਂ ਦੀ ਉਮਰ ਬਤੀਤ ਕੀਤੀ ਸੀ।[1] ਉਨ੍ਹਾਂ ਦੇ ਅੰਤਿਮ ਸਮੇਂ ਜਿਹੜੇ ਮੁਖੀ ਸਿੱਖ, ਗੁਰੂ ਸਾਹਿਬ ਕੋਲ ਦਿੱਲੀ ਵਿਖੇ ਸਨ ਉਨ੍ਹਾਂ ਸਭਨਾਂ ਦੀ ਸਲਾਹ ਨਾਲ ਉਨ੍ਹਾਂ ਦਾ ਅਗਲਾ ਉੱਤਰਾਧਿਕਾਰੀ ਗੁਰੂ ਤੇਗ਼ ਬਹਾਦਰ ਨੂੰ ਨਿਯੁਕਤ ਕੀਤਾ ਗਿਆ ਸੀ। ਰਿਸ਼ਤੇ ਦੇ ਤੌਰ 'ਤੇ ਗੁਰੂ ਤੇਗ਼ ਬਹਾਦਰ, ਗੁਰੂ ਹਰਿਕ੍ਰਿਸ਼ਨ ਦੇ ਬਾਬਾ (Grand Father) ਲੱਗਦੇ ਸਨ। ਗੁਰੂ ਹਰਿਕ੍ਰਿਸ਼ਨ, ਗੁਰੂ ਤੇਗ਼ ਬਹਾਦਰ ਦੇ ਵੱਡੇ ਭਰਾ (ਸਵਰਗਵਾਸੀ) ਗੁਰਦਿੱਤਾ ਦੇ ਪੋਤਰੇ ਸਨ। ਗੁਰਦਿੱਤਾ, ਗੁਰੂ ਹਰਿਗੋਬਿੰਦ ਸਾਹਿਬ, ਛੇਵੇਂ ਪਾਤਿਸ਼ਾਹ ਦੇ ਵੱਡੇ ਪੁੱਤਰ ਸਨ ਜੋ ਗੁਰੂ ਹਰਗੋਬਿੰਦ ਸਾਹਿਬ ਦੇ ਜੀਵਨ-ਕਾਲ ਵਿੱਚ ਅਕਾਲ ਚਲਾਣਾ ਕਰ ਗਏ ਸਨ।

ਗੁਰੂ ਹਰਿਕ੍ਰਿਸ਼ਨ ਦੇ ਜੋਤੀ-ਜੋਤ ਸਮਾ ਜਾਣ ਸਮੇਂ ਤੇਗ਼ ਬਹਾਦਰ ਸਾਹਿਬ ਪੰਜਾਬ ਦੇ ਨਗਰ ਬਕਾਲਾ ਵਿਖੇ ਸਨ। ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸਥਿਤ ਹੈ ਅਤੇ ਮਾਝੇ ਦਾ ਮਸ਼ਹੂਰ ਨਗਰ ਹੈ। ਅੱਜ

---

1 Teja Singh, Ganda Singh, *A Short History of the Sikhs*, Punjabi University, Patiala, 1999, pp. 49-50.

ਕੱਲ ਇਸ ਨਗਰ ਨੂੰ 'ਬਾਬਾ ਬਕਾਲਾ' ਕਿਹਾ ਜਾਂਦਾ ਹੈ। 'ਬਾਬਾ ਬਕਾਲਾ' ਨਾਂ ਪ੍ਰਚੱਲਿਤ ਹੋਣ ਪਿੱਛੇ ਸਿੱਖ ਪਰੰਪਰਾ ਇਹ ਹੈ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਅੰਤਿਮ ਸਮੇਂ ਆਪਣੇ ਅਗਲੇ ਹੋਣ ਵਾਲੇ ਉੱਤਰਾਧਿਕਾਰੀ ਬਾਰੇ ਬੋਲਦਿਆਂ ਫੁਰਮਾਇਆ ਸੀ ਕਿ 'ਬਾਬਾ ਜੀ ਬਕਾਲਾ ਵਿੱਚ ਰਹਿ ਰਹੇ ਹਨ।' ਭਾਵ ਕਿ ਰਿਸ਼ਤੇ ਵਿੱਚ ਤੇਗ਼ ਬਹਾਦਰ ਸਾਹਿਬ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ 'ਬਾਬਾ' ਲੱਗਦੇ ਸਨ ਇਸ ਲਈ ਉਨ੍ਹਾਂ ਨੂੰ 'ਬਾਬਾ' ਕਹਿ ਕੇ ਬੁਲਾਇਆ ਜਾਂਦਾ ਸੀ। ਇਸ ਤਰ੍ਹਾਂ ਜਿਹੜੀ ਸਿੱਖ ਸੰਗਤ ਤੇਗ਼ ਬਹਾਦਰ ਸਾਹਿਬ ਨੂੰ ਗੁਰਿਆਈ ਦੀਆਂ ਰਸਮਾਂ ਅਦਾ ਕਰਨ ਲਈ ਦਿੱਲੀ ਤੋਂ ਪੰਜਾਬ ਵਿੱਚ ਬਕਾਲਾ ਨਗਰ ਵਿੱਚ ਆਈ ਸੀ ਉਹ ਸਭ ਪੁੱਛਣ ਵਾਲਿਆਂ ਨੂੰ ਇਹ ਦੱਸਦੀ ਆ ਰਹੀ ਸੀ ਕਿ 'ਬਾਬਾ' ਬਕਾਲਾ ਰਹਿ ਰਿਹਾ ਹੈ ਉਹ ਅਗਲੇ ਗੁਰੂ ਹੋਣਗੇ। ਇਸ ਸਮੇਂ ਤੋਂ ਸਭ ਸੰਗਤਾਂ 'ਬਾਬਾ ਬਕਾਲਾ, ਬਾਬਾ ਬਕਾਲਾ' ਉਚਾਰਣ ਲੱਗ ਪਈਆਂ ਸਨ। ਇਸ ਤਰ੍ਹਾਂ 'ਬਕਾਲਾ' ਨਾਂ 'ਬਾਬਾ ਬਕਾਲਾ' ਦੇ ਤੌਰ 'ਤੇ ਪ੍ਰਚੱਲਿਤ ਹੋ ਗਿਆ ਸੀ।

ਗੁਰੂ ਤੇਗ਼ ਬਹਾਦਰ ਸਾਹਿਬ ਦਾ ਜਨਮ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਮਾਤਾ ਨਾਨਕੀ ਦੀ ਕੁੱਖੋਂ ਵਿਸਾਖ ਸੁਦੀ, 5, ਸੰਮਤ 1678 ਬਿਕਰਮੀ ਮੁਤਾਬਕ 01 ਅਪ੍ਰੈਲ, 1621 ਈਸਵੀ ਨੂੰ ਅੰਮ੍ਰਿਤਸਰ ਵਿਖੇ ਹੋਇਆ ਸੀ। ਤੇਗ਼ ਬਹਾਦਰ ਸਾਹਿਬ ਪੰਜ ਭਰਾ ਸਨ ਅਤੇ ਇੱਕ ਭੈਣ ਸੀ। ਚਾਰ ਵੱਡੇ ਭਰਾਵਾਂ ਅਤੇ ਇੱਕ ਵੱਡੀ ਭੈਣ ਦੇ ਨਾਂ ਸਨ: ਗੁਰਦਿੱਤਾ, ਬੀਬੀ ਵੀਰੋ, ਸੂਰਜ ਮੱਲ, ਅਣੀ ਰਾਏ ਅਤੇ ਅਟੱਲ ਰਾਏ। ਤੇਗ਼ ਬਹਾਦਰ ਸਭ ਤੋਂ ਛੋਟੇ ਸਨ। ਇਨ੍ਹਾਂ ਦੇ ਜਨਮ ਦੀ ਮਿਤੀ ਗੁਰਬਿਲਾਸ *ਪਾਤਿਸ਼ਾਹੀ ਛੇਵੀਂ* ਵਿੱਚ ਜੋ ਸਿਰਫ਼ ਬਿਕਰਮੀ ਸੰਮਤ ਵਿੱਚ ਲਿਖੀ ਹੋਈ ਹੈ।[2]

ਗੁਰੂ ਤੇਗ਼ ਬਹਾਦਰ ਸਾਹਿਬ ਦੇ ਸਮੇਂ ਅੰਮ੍ਰਿਤਸਰ ਬਹੁਤ ਵਿਕਸਤ ਹੋ ਚੁੱਕਿਆ ਨਗਰ ਸੀ। ਇੰਨ੍ਹਾਂ ਦਾ ਸਾਰਾ ਬਚਪਨ ਇੱਥੇ ਗੁਜ਼ਰਿਆ ਸੀ ਅਤੇ ਇੰਨ੍ਹਾਂ ਦੀ ਪੜ੍ਹਾਈ-ਲਿਖਾਈ ਦਾ, ਘੋੜਸਵਾਰੀ ਅਤੇ ਸਿੱਖਿਆ ਦਾ ਸਾਰਾ ਪ੍ਰਬੰਧ ਅੰਮ੍ਰਿਤਸਰ ਵਿਖੇ ਕੀਤਾ ਗਿਆ ਸੀ। ਬਾਬਾ ਬੁੱਢਾ ਅਤੇ ਭਾਈ ਗੁਰਦਾਸ ਜਿਹੇ ਗੁਣੀ-ਗਿਆਨੀ ਅਤੇ ਸਮਝ-ਸੂਝ ਰੱਖਣ ਵਾਲੇ ਸੱਜਣ ਆਪ ਦੇ ਬਚਪਨ ਦੇ ਨਿਗਰਾਨ ਸਨ। ਫ਼ੌਜਾ ਸਿੰਘ ਅਨੁਸਾਰ, "ਸੈਨਿਕ ਵਿੱਦਿਆ ਦੇ ਨਾਲ ਨਾਲ ਸਾਹਿਬਜ਼ਾਦਾ ਤੇਗ਼ ਬਹਾਦਰ ਨੇ ਦੂਸਰੀ ਵਿਦਿਆ ਵੀ ਬੜੇ ਸ਼ੌਂਕ ਨਾਲ ਗ੍ਰਹਿਣ ਕੀਤੀ। ਹਿੰਦੂ ਤੇ ਸਿੱਖ ਧਰਮਾਂ ਦੇ ਦਾਰਸ਼ਨਿਕ ਪੱਖਾਂ ਵਿੱਚ ਉਨ੍ਹਾਂ ਨੇ ਵਿਸ਼ੇਸ਼ ਕਰ ਕੇ ਕਮਾਲ

---

2 *ਗੁਰਬਿਲਾਸ ਪਾਤਸ਼ਾਹੀ ਛੇਵੀਂ* (ਲਿਖਾਰੀ ਦਾ ਨਾਮ ਨਹੀਂ), ਭਾਸ਼ਾ ਵਿਭਾਗ, ਪਟਿਆਲਾ, 1970 (ਅਧਿਆਇ ਨੌਵਾਂ, ਬੰਦ 1033-1039), ਪੰਨਾ 272.

ਹਾਸਿਲ ਕੀਤਾ। ਪੰਜਾਬੀ ਤੋਂ ਇਲਾਵਾ ਬ੍ਰਜ ਭਾਸ਼ਾ ਤੇ ਸੰਸਕ੍ਰਿਤ ਵਿੱਚ ਉਨ੍ਹਾਂ ਨੂੰ ਚੰਗੀ ਮੁਹਾਰਤ ਹੋ ਗਈ। ਰਾਗ ਵਿਦਿਆ ਵਿੱਚ ਉਨ੍ਹਾਂ ਦੀ ਦਿਲਚਸਪੀ ਹੋਰ ਵੀ ਜ਼ਿਆਦਾ ਸੀ। ਉਨ੍ਹਾਂ ਦੀ ਬਾਣੀ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਰਾਗਾਂ-ਰਾਗਣੀਆਂ ਬਾਰੇ ਬਹੁਤ ਉੱਚੇ ਦਰਜੇ ਦਾ ਗਿਆਨ ਪ੍ਰਾਪਤ ਸੀ। ਭਾਈ ਗੁਰਦਾਸ, ਜਿਨ੍ਹਾਂ ਦੀ ਰਚਨਾ ਨੂੰ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਦਰਸਾਇਆ ਸੀ, ਸਾਹਿਬਜ਼ਾਦਾ ਤੇਗ਼ ਬਹਾਦਰ ਦੇ ਅਧਿਆਪਕਾਂ ਵਿੱਚੋਂ ਸਭ ਤੋਂ ਵੱਡੇ ਵਿਦਵਾਨ ਸਨ।"[3]

ਮੁਗ਼ਲ ਬਾਦਸ਼ਾਹ ਦੀਆਂ ਨੀਤੀਆਂ ਵਿੱਚ, 1627 ਈਸਵੀ ਦੌਰਾਨ ਜਹਾਂਗੀਰ ਦੀ ਮੌਤ ਨਾਲ ਅਤੇ ਸ਼ਾਹ ਜਹਾਨ ਦੇ ਬਾਦਸ਼ਾਹ ਬਣਨ ਨਾਲ ਕਾਫੀ ਬਦਲਾਅ ਆ ਗਿਆ ਸੀ। ਇਸ ਬਦਲਾਅ ਦਾ ਪ੍ਰਭਾਵ ਗੁਰੂ ਹਰਿਗੋਬਿੰਦ ਸਾਹਿਬ ਉੱਪਰ ਪਿਆ ਸੀ ਕਿਉਂਕਿ 1629 ਈਸਵੀ ਤੋਂ ਗੁਰੂ ਹਰਿਗੋਬਿੰਦ ਸਾਹਿਬ ਉੱਪਰ ਮੁਗ਼ਲ ਅਧਿਕਾਰੀਆਂ ਵੱਲੋਂ ਹਮਲੇ ਹੋਣੇ ਸ਼ੁਰੂ ਗਏ ਸਨ। ਇਸ ਲਈ ਗੁਰੂ ਪਰਿਵਾਰ ਨੂੰ ਅੰਮ੍ਰਿਤਸਰ ਵਿੱਚੋਂ ਉੱਠ ਕੇ ਹੋਰ ਕਈ ਥਾਵਾਂ 'ਤੇ ਜਾ ਕੇ ਰਹਿਣਾ ਪਿਆ ਸੀ। ਪਹਿਲਾਂ ਅੰਮ੍ਰਿਤਸਰ ਛੱਡ ਕੇ ਕਰਤਾਰਪੁਰ (ਜਲੰਧਰ), ਫਿਰ ਕਰਤਾਰਪੁਰ ਤੋਂ ਹਰਿਗੋਬਿੰਦਪੁਰ, ਇੱਥੋਂ ਮਾਲਵਾ ਵਿੱਚ ਗੁਰੂਸਰ ਮਹਿਰਾਜ ਵਿਖੇ, ਫਿਰ ਅੰਮ੍ਰਿਤਸਰ ਤੋਂ ਕਰਤਾਰਪੁਰ ਅਤੇ ਅਖੀਰ ਵਿੱਚ ਕੀਰਤਪੁਰ ਸਾਹਿਬ ਜਾ ਕੇ ਰਹਿਣਾ ਪਿਆ ਸੀ। ਇਸ ਨਾਲ ਪਰਿਵਾਰ ਦੀ ਸੁੱਖ-ਸ਼ਾਂਤੀ ਉੱਪਰ ਪ੍ਰਭਾਵ ਪੈਣਾ ਕੁਦਰਤੀ ਸੀ। ਲੜਾਈਆਂ ਵਾਲਾ ਇਹ ਸਾਰਾ ਮਾਹੌਲ ਤੇਗ਼ ਬਹਾਦਰ ਨੇ ਆਪਣੀ 13-14 ਸਾਲਾਂ ਦੀ ਉਮਰ ਵਿੱਚ ਦੇਖਿਆ ਸੀ। ਇਸ ਤਰ੍ਹਾਂ ਤੇਗ਼ ਬਹਾਦਰ ਨੇ ਆਪਣੀ ਜੁਆਨੀ ਦੇ ਸਮੇਂ ਹਰ ਕਿਸਮ ਦੇ ਮਾਹੌਲ ਦੇਖ ਲਏ ਸਨ।

ਤੇਗ਼ ਬਹਾਦਰ ਦੇ ਵਿਆਹ ਦੇ ਸਮੇਂ ਬਾਰੇ ਕਿਸੇ ਲਿਖਤ ਤੋਂ ਸਾਲ ਜਾਂ ਮਿਤੀ ਦੀ ਜਾਣਕਾਰੀ ਨਹੀਂ ਮਿਲਦੀ। ਪਰ ਸਮੇਂ ਦੇ ਹਾਲਾਤਾਂ ਨੂੰ ਸਾਹਮਣੇ ਰੱਖ ਕੇ ਤੇਗ਼ ਬਹਾਦਰ ਦੇ ਵਿਆਹ ਦੇ ਸਮੇਂ ਦੀ ਗੱਲ ਕੀਤੀ ਜਾ ਸਕਦੀ ਹੈ। 1629 ਈਸਵੀ ਤੋਂ ਲੈ ਕੇ 1635 ਈਸਵੀ ਤੱਕ ਦੇ ਛੇ ਸਾਲਾਂ ਦਾ ਸਮਾਂ ਗੁਰੂ ਹਰਿਗੋਬਿੰਦ ਸਾਹਿਬ ਲਈ ਕਿਸੇ ਇੱਕ ਥਾਂ 'ਤੇ ਟਿਕ ਕੇ ਰਹਿਣ ਵਾਲਾ ਨਹੀਂ ਸੀ। ਇਸ ਸਮੇਂ ਦੌਰਾਨ ਉਨ੍ਹਾਂ ਨੂੰ ਚਾਰ ਲੜਾਈਆਂ ਕਰਨੀਆਂ ਪਈਆਂ ਸਨ। ਇਹ ਲੜਾਈਆਂ ਵੱਖ-ਵੱਖ ਥਾਵਾਂ 'ਤੇ ਕੀਤੀਆਂ ਗਈਆਂ ਸਨ। ਜਿਵੇਂ ਅੰਮ੍ਰਿਤਸਰ, ਕਰਤਾਰਪੁਰ, ਹਰਗੋਬਿੰਦਪੁਰ, ਅਤੇ ਮਾਲਵਾ ਵਿੱਚ ਗੁਰੂਸਰ ਮਹਿਰਾਜ ਵਿਖੇ।[4] ਇਸ ਤਰ੍ਹਾਂ ਦੀ ਭਗਦੜ

---

3 ਫ਼ੌਜਾ ਸਿੰਘ ਤਾਰਨ ਸਿੰਘ, *ਗੁਰੂ ਤੇਗ਼ ਬਹਾਦਰ: ਜੀਵਨ ਅਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨਾ 12.

4 Teja Singh, Ganda Singh, *A Short History of the Sikhs*, Punjabi University, Patiala, 1999, pp. 42-44.

ਵਾਲੀ ਜ਼ਿੰਦਗੀ ਵਿੱਚ ਵਿਆਹ-ਸ਼ਾਦੀਆਂ ਵਰਗੇ ਕਾਰਜ ਕਰਨੇ ਸੌਖੇ ਨਹੀਂ ਹੁੰਦੇ। ਉਨ੍ਹਾਂ ਦੀ ਬੇਟੀ ਬੀਬੀ ਵੀਰੋ ਦੀ ਸ਼ਾਦੀ, 1629 ਈਸਵੀ ਵਿੱਚ ਅੰਮ੍ਰਿਤਸਰ ਵਿਖੇ ਹੋ ਰਹੀ ਸੀ, ਉਸ ਸਮੇਂ ਉਨ੍ਹਾਂ ਉੱਪਰ ਹਮਲਾ ਕਰ ਦਿੱਤਾ ਗਿਆ ਸੀ ਅਤੇ ਬਰਾਤੀਆਂ ਲਈ ਤਿਆਰ ਕੀਤਾ ਸਾਰਾ ਖਾਣਾ ਖਰਾਬ ਕਰ ਦਿੱਤਾ ਗਿਆ ਸੀ। ਇਹ ਇੱਕ ਪ੍ਰਤੱਖ ਮਿਸਾਲ ਸੀ ਦੁਸ਼ਮਣ ਦੇ ਵਤੀਰੇ ਦੀ। ਇਹ ਕਿਹਾ ਜਾ ਸਕਦਾ ਹੈ ਛੇ ਸਾਲਾਂ (1629-1635 ਈਸਵੀ) ਦੇ ਸਮੇਂ ਵਿੱਚ ਸ਼ਾਦੀ ਵਾਲੇ ਕਾਰਜ ਦਾ ਹੋਣਾ ਸੰਭਵ ਨਹੀਂ ਸੀ। 1635 ਈਸਵੀ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਇੰਨਾ ਸਾਰੀਆਂ ਥਾਵਾਂ ਨੂੰ ਛੱਡ ਕੇ ਕੀਰਤਪੁਰ[5] ਆ ਕੇ ਰਹਿਣ ਲਗ ਪਏ ਸਨ। ਕੀਰਤਪੁਰ ਸਾਹਿਬ ਦਾ ਜੀਵਨ ਸ਼ਾਂਤਮਈ ਸੀ। ਤੇਗ਼ ਬਹਾਦਰ ਦੀ ਉਮਰ ਇਸ ਸਮੇਂ 14-15 ਸਾਲ ਦੀ ਸੀ। ਉਮਰ ਦਾ ਸਮਾਂ ਵਿਆਹ ਸ਼ਾਦੀ ਦੇ ਸਮੇਂ ਨੂੰ ਅੰਦਾਜ਼ਨ ਵਿੱਚ ਸਹਾਈ ਹੁੰਦਾ ਹੈ। ਇਸ ਲਈ ਇੱਕ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਤੇਗ਼ ਬਹਾਦਰ ਦੀ ਸ਼ਾਦੀ ਕੀਰਤਪੁਰ ਸਾਹਿਬ ਰਹਿੰਦਿਆਂ ਹੀ ਹੋਈ ਹੋ ਸਕਦੀ ਹੈ ਅਤੇ ਦੂਜਾ ਉਸ ਸਮੇਂ ਤੇਗ਼ ਬਹਾਦਰ ਦੀ ਉਮਰ ਪੰਦਰਾਂ ਸਾਲਾਂ ਦੀ ਜਾਂ ਕੁਝ ਵੱਧ ਹੋ ਸਕਦੀ ਹੈ। ਲਾਲ ਚੰਦ ਸੁਭਿਖੀ ਖੱਤਰੀ ਦਾ ਪਰਿਵਾਰ, ਜਿਹੜਾ ਕਿ ਮੌਜੂਦਾ ਹਰਿਆਣਾ ਦੇ ਜ਼ਿਲ੍ਹਾ ਅੰਬਾਲਾ ਦੇ ਨੇੜੇ ਦੇ ਪਿੰਡ ਲਖਨੌਰ ਸਾਹਿਬ ਦਾ ਰਹਿਣ ਵਾਲਾ ਸੀ, ਉਸ ਦੀ ਬੇਟੀ ਬੀਬੀ ਗੁਜਰੀ ਨਾਲ ਤੇਗ਼ ਬਹਾਦਰ ਦੀ ਸ਼ਾਦੀ ਹੋਈ ਸੀ।

ਗੁਰੂ ਹਰਿਗੋਬਿੰਦ ਸਾਹਿਬ ਦੇ ਪਿੱਛੋਂ ਜਿਸ ਤਰ੍ਹਾਂ ਗੁਰਗੱਦੀ ਚਲਦੀ ਰਹੀ ਸੀ ਉਸ ਅਨੁਸਾਰ ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬਾਨ ਬਾਰੇ ਥੋੜ੍ਹੀ ਜਿਹੀ ਬਾਰੀਕੀ ਨਾਲ ਸਮਝਣ ਦੀ ਲੋੜ ਹੈ। ਗੁਰੂ ਹਰਿਗੋਬਿੰਦ ਦੇ ਪੰਜ ਬੇਟਿਆਂ ਵਿੱਚ ਸਭ ਤੋਂ ਵੱਡੇ ਗੁਰਦਿੱਤਾ ਸਨ। ਇਹ ਗੁਰੂ ਸਾਹਿਬ ਦੇ ਜੀਵਨ ਦੌਰਾਨ ਹੀ ਅਕਾਲ ਚਲਾਣਾ ਕਰ ਗਏ ਸਨ। ਇਨ੍ਹਾਂ ਦੇ ਦੋ ਬੇਟੇ ਸਨ: ਧੀਰ ਮੱਲ ਅਤੇ ਹਰਿ ਰਾਇ। ਧੀਰ ਮੱਲ ਨੂੰ ਯੋਗ ਨਹੀਂ ਸਮਝਿਆ ਗਿਆ ਸੀ ਇਸ ਲਈ ਸੱਤਵੇਂ ਗੁਰੂ ਬਣੇ ਗੁਰਦਿੱਤਾ ਦੇ ਛੋਟੇ ਪੁੱਤਰ ਹਰਿ ਰਾਇ ਸਾਹਿਬ। ਅੱਗੇ ਹਰਿਰਾਇ ਸਾਹਿਬ ਦੇ ਦੋ ਪੁੱਤਰ ਸਨ: ਰਾਮ ਰਾਇ ਅਤੇ ਹਰਿਕ੍ਰਿਸ਼ਨ ਸਾਹਿਬ। ਰਾਮ ਰਾਇ ਨੂੰ ਯੋਗ[6] ਨਹੀਂ ਸਮਝਿਆ ਗਿਆ ਸੀ। ਇਸ ਲਈ ਗੁਰਗੱਦੀ ਮਿਲੀ ਹਰਿਕ੍ਰਿਸ਼ਨ ਸਾਹਿਬ ਨੂੰ। ਇਸ ਸਮੇਂ ਤੱਕ ਗੁਰੂ ਹਰਿਗੋਬਿੰਦ ਸਾਹਿਬ ਦੇ ਸਿਰਫ਼ ਦੋ ਪੁੱਤਰ ਹੀ ਜਿਉਂਦੇ ਸਨ। ਇਹ ਸਨ ਸੂਰਜ ਮੱਲ ਅਤੇ ਤੇਗ਼ ਬਹਾਦਰ।

---

5 ਕੀਰਤਪੁਰ ਸਾਹਿਬ ਹਿੰਦੂ ਰਿਆਸਤ ਕਹਿਲੂਰ (ਬਿਲਾਸਪੁਰ) ਵਿੱਚ ਸਥਿਤ ਸੀ। ਇਸ ਲਈ ਇਹ ਥਾਂ ਮੁਗ਼ਲ ਸਾਮਰਾਜ ਦੇ ਕਿਸੇ ਸੂਬੇ ਵਿੱਚ ਨਾ ਹੋਣ ਕਾਰਨ ਕਿਸੇ ਮੁਗ਼ਲ ਹਮਲੇ ਦੇ ਖਤਰੇ ਤੋਂ ਬਾਹਰ ਸੀ। ਇਹ ਕਿਸੇ ਵੀ ਮੁੱਖ ਮਾਰਗ ਉੱਪਰ ਨਹੀਂ ਸੀ। ਇਹ ਬਿਲਕੁਲ ਇੱਕ ਪਾਸੇ ਹਟਵੀਂ ਅਤੇ ਨੀਮ-ਪਹਾੜੀ ਖੇਤਰ ਵਿੱਚ ਸੀ।

6 ਇੱਥੇ ਯੋਗ ਅਤੇ ਆਯੋਗ ਦਾ ਮਤਲਬ ਹੈ ਕਿ ਗੁਰੂ ਦੇ ਤੌਰ 'ਤੇ ਅਗਲਾ ਉੱਤਰਾਧਿਕਾਰੀ ਸਿਰਫ਼ ਉਸ ਵਾਰਸ ਨੂੰ ਚੁਣਿਆ ਜਾਂਦਾ ਸੀ ਜਿਸ ਵਿੱਚ ਸਿੱਖ ਧਰਮ ਨੂੰ, ਗੁਰੂ ਨਾਨਕ ਸਾਹਿਬ ਵੱਲੋਂ ਨੀਅਤ ਕੀਤੇ ਉਦੇਸ਼ਾਂ ਅਤੇ ਸਿਧਾਤਾਂ ਅਨੁਸਾਰ, ਸੁਚੱਜੀ ਅਗਵਾਈ ਦੇਣ ਵਿੱਚ ਕਾਬਲ ਸਮਝਿਆ ਗਿਆ ਹੋਵੇ।

ਸੂਰਜ ਮੱਲ ਯੋਗ ਨਹੀਂ ਸਨ। ਤੇਗ਼ ਬਹਾਦਰ ਪੂਰੀ ਤਰ੍ਹਾਂ ਯੋਗ ਸਨ। ਇਸ ਲਈ ਸਭ ਸੋਚ-ਵਿਚਾਰ ਅਨੁਸਾਰ ਨੌਵੇਂ ਗੁਰੂ, ਤੇਗ਼ ਬਹਾਦਰ ਨੂੰ ਥਾਪਿਆ ਗਿਆ ਸੀ ਅਤੇ ਤੇਗ਼ ਬਹਾਦਰ, ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਬਾਬਾ ਲੱਗਦੇ ਸਨ। ਤੇਗ਼ ਬਹਾਦਰ ਉਸ ਸਮੇਂ ਬਕਾਲਾ ਨਗਰ ਵਿੱਚ ਰਹਿੰਦੇ ਸਨ। ਇਸ ਲਈ ਗੁਰੂ ਹਰਿਕ੍ਰਿਸ਼ਨ ਸਾਹਿਬ ਵੱਲੋਂ ਕਿਹਾ ਗਿਆ ਸੀ ਕਿ ਅਗਲੇ ਹੋਣ ਵਾਲੇ, ਉਨ੍ਹਾਂ ਦੇ ਉੱਤਰਾਧਿਕਾਰੀ 'ਬਾਬਾ ਜੀ ਬਕਾਲੇ ਵਿੱਚ ਰਹਿ ਰਹੇ ਹਨ ਸਾਰੀ ਸੰਗਤ ਉਨ੍ਹਾਂ ਪਾਸ ਜਾਵੇ।' ਗੁਰੂ ਕੀਆਂ ਸਾਖੀਆਂ ਵਿੱਚ ਲਿਖਿਆ ਹੈ: "ਹਮਾਰੇ ਪੀਛੇ ਸਿੱਖ ਸੰਗਤੋਂ ਕਾ ਗੁਰੂ, ਬਾਬਾ ਜੀ ਬਕਾਲਾ ਨਗਰੀ ਮੇਂ ਹੈ, ਉਨ ਕਾ ਦਰਸ਼ਨ ਕਰੀਏ। ਦੀਵਾਨ ਜੀ, ਇਹ ਗੁਰਿਆਈ ਕੀ ਸਮੱਗਰੀ ਬਕਾਲਾ ਗਾਉ ਮੈਂ ਲੇ ਜਾਏ ਕੇ ਬਾਬਾ ਸ੍ਰੀ ਤੇਗ਼ ਬਹਾਦਰ ਜੀ ਆਗੇ ਭੇਟਾ ਕਰ ਦੀਨੀ। ਅਸਾਂ ਕੇ ਬਾਅਦ ਆਜ ਸੇ ਸਿੱਖ ਸੰਗਤੋਂ ਕਾ ਸਤਿਗੁਰੂ ਬਕਾਲਾ ਨਗਰੀ ਵਾਲੇ ਬਾਬਾ ਜੀ ਹੈਨ। ਸੰਗਤਾਂ ਜਾਇ ਕੇ ਉਨਹੋਂ ਕੇ ਦਰਸ਼ਨ ਕਰਨ।"[7]

ਗੁਰੂ ਹਰਿਕ੍ਰਿਸ਼ਨ ਸਾਹਿਬ ਚੇਤ ਸੁਦੀ ਤੇਰਾਂ, ਸੰਮਤ 1721 ਬਿਕਰਮੀ ਮੁਤਾਬਕ 30 ਮਾਰਚ, 1664 ਈਸਵੀ ਨੂੰ ਜੋਤੀ-ਜੋਤ ਸਮਾਏ ਸਨ। ਪਰ ਉੱਥੋਂ ਦੀ ਸੰਗਤ ਅਗਸਤ ਦੇ ਮਹੀਨੇ ਤਕ, ਭਾਵ ਚਾਰ ਮਹੀਨਿਆਂ ਦੇ ਸਮੇਂ ਤੋਂ ਵੀ ਵੱਧ ਤੱਕ ਦਿੱਲੀ ਤੋਂ ਪੰਜਾਬ ਆਉਣ ਲਈ ਰਵਾਨਾ ਨਹੀਂ ਹੋ ਸਕੀ ਸੀ। ਹੋ ਸਕਦਾ ਹੈ ਕਿ ਬਾਦਸ਼ਾਹ ਔਰੰਗਜੇਬ ਨੇ ਹੀ ਕੋਈ ਅਜਿਹਾ ਅੜਿੱਕਾ ਖੜਾ ਕਰ ਦਿੱਤਾ ਹੋਵੇ ਜਿਸ ਕਰਕੇ ਸੰਗਤਾਂ ਉੱਥੋਂ ਰਵਾਨਾ ਨਾ ਹੋ ਸਕੀਆਂ ਹੋਣ। ਗੁਰੂ ਹਰਿਕ੍ਰਿਸ਼ਨ ਸਾਹਿਬ ਬਾਦਸ਼ਾਹ ਔਰੰਗਜ਼ੇਬ ਦੇ ਬੁਲਾਵੇ 'ਤੇ ਦਿੱਲੀ ਗਏ ਸਨ ਅਤੇ ਬਾਦਸ਼ਾਹ ਨੂੰ ਮਿਲਣ ਤੋਂ ਪਹਿਲਾਂ ਹੀ ਚੇਚਕ ਨਾਲ ਜੋਤੀ-ਜੋਤ ਸਮਾ ਗਏ ਸਨ। ਅਜਿਹਾ ਕੋਈ ਲਿਖਤੀ ਵੇਰਵਾ ਨਹੀਂ ਮਿਲਦਾ ਪਰ ਚਾਰ ਮਹੀਨਿਆਂ ਤੋਂ ਵੱਧ ਸਮੇਂ ਤੱਕ ਸੰਗਤ ਦਾ ਦਿੱਲੀ ਵਿਖੇ ਰੁਕੇ ਰਹਿਣਾ, ਕੁਝ ਨਾ ਕੁਝ ਆਸਾਧਰਣ ਸਥਿਤੀਆਂ ਵੱਲ ਇਸ਼ਾਰਾ ਕਰਦਾ ਹੈ।

11 ਅਗਸਤ, 1664 ਈਸਵੀ ਨੂੰ (ਭਾਦੋਂ ਵਦੀ ਅਮਾਵਸ ਸੰਮਤ 1721 ਬਿਕਰਮੀ) ਸਿੱਖ ਸੰਗਤ ਆਪਣੇ ਮੁੱਖੀ ਸਿੱਖਾਂ ਸਮੇਤ, ਗੁਰਿਆਈ ਦੀ ਸਮੱਗਰੀ ਲੈ ਕੇ ਦਿੱਲੀ ਤੋਂ ਪੰਜਾਬ ਲਈ ਰਵਾਨਾ ਹੋਈ। ਇਸ ਸੰਗਤ ਦੀ ਅਗਵਾਈ ਇਹ ਮੁਖੀਏ ਸਿੱਖ ਕਰ ਰਹੇ ਸਨ: ਦਵਾਰਕਾ ਦਾਸ ਛਿੱਬਰ ਦੇ ਪੁੱਤਰ ਦੀਵਾਨ ਦਰਘਾ ਮੱਲ ਛਿੱਬਰ; ਗੌਤਮ ਛਿੱਬਰ ਦਾ ਪੋਤਰਾ ਅਤੇ ਪੈੜੇ ਦਾ ਪੁੱਤਰ ਚੌਪਤ ਰਾਇ ਛਿੱਬਰ; ਮੂਲੇ ਦਾ ਪੜਪੋਤਾ; ਬੱਲੂ ਦਾ ਪੋਤਾ ਅਤੇ ਮਾਈ ਦਾਸ ਦਾ ਪੁੱਤਰ ਭਾਈ ਜੇਠਾ; ਬੱਲੂ ਦਾ ਪੋਤਾ ਤੇ ਮਾਈ ਦਾਸ ਦਾ ਇੱਕ ਹੋਰ ਪੁੱਤਰ

7 ਸਰੂਪ ਸਿੰਘ ਕੋਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪਟਿਆਲਾ, 1986, ਪੰਨਾ-59.

ਮਨੀ ਰਾਮ (ਭਾਈ ਮਨੀ ਸਿੰਘ), ਕੌਲਾ ਦਾ ਪੋਤਾ ਤੇ ਪਦਮੇ ਦਾ ਪੁੱਤਰ ਭਾਈ ਜਮੂੰ; ਬਾਬੇ ਦਾ ਪੁੱਤਰ ਭਾਈ ਗੁਰਬਖਸ਼, ਉਮੈਦੇ ਦਾ ਪੋਤਾ ਤੇ ਬਾਬੇ ਦਾ ਇੱਕ ਹੋਰ ਪੁੱਤਰ ਭਾਈ ਨਾਨੂੰ ਅਤੇ ਸਵਰਗੀ ਗੁਰੂ ਸਾਹਿਬ ਦੇ ਮਾਤਾ ਸੁਲੱਖਣੀ ਆਦਿ ਇਹ ਸਾਰੇ ਬਾਬਾ ਬਕਾਲਾ ਵਿਖੇ ਆ ਪਹੁੰਚੇ ਸਨ: ਹੋਰ ਵੀ ਕੁਝ ਸਿੱਖਾਂ ਦੇ ਇੱਥੇ ਪਹੁੰਚਣ ਦਾ ਵੇਰਵਾ ਮਿਲਦਾ ਹੈ। ਇਹ ਸਨ ਗੋਇੰਦਵਾਲ ਤੋਂ ਮੋਹਰੀ ਭੱਲਾ ਦੇ ਪੋਤੇ ਤੇ ਅਰਜਨੀ ਸਾਹਿਬ ਦੇ ਪੁੱਤਰ ਦਵਾਰਕਾ ਦਾਸ ਅਤੇ ਬਾਬਾ ਬੁੱਢਾ ਦੇ ਪੁੱਤਰ ਗੁਰਦਿੱਤਾ ਰੰਧਾਵਾ।[8]

ਇਨ੍ਹਾਂ ਮੁਖੀ ਸਿੱਖਾਂ ਨੇ ਬਕਾਲਾ ਪਹੁੰਚ ਕੇ ਸਿੱਖ ਸੰਗਤਾਂ ਦੇ ਬਹੁਤ ਵੱਡੇ ਇਕੱਠ ਵਿੱਚ ਤੇਗ਼ ਬਹਾਦਰ ਨੂੰ ਗੁਰਿਆਈ ਅਦਾ ਕਰਨ ਦੀਆਂ ਰਸਮਾਂ ਪੂਰੀਆਂ ਕੀਤੀਆਂ। ਰਸਮਾਂ ਪੂਰੀਆਂ ਕਰਨ ਦਾ ਕੰਮ ਬਾਬਾ ਬੁੱਢਾ ਦੇ ਪੁੱਤਰ ਗੁਰਦਿੱਤਾ ਰੰਧਾਵਾ ਨੇ ਕੀਤਾ। ਇਸ ਤਰ੍ਹਾਂ ਨੌਵੇਂ ਗੁਰੂ ਨੂੰ ਨਿਯੁਕਤ ਕਰਨ ਦੀਆਂ ਰਸਮਾਂ ਤਾਂ ਪੂਰੀਆਂ ਹੋ ਗਈਆਂ ਸਨ ਪਰ ਇੱਥੇ ਧੀਰ ਮੱਲ ਨੇ ਤਾਕਤ ਦੇ ਜ਼ੋਰ ਨਾਲ ਇਹ ਰੌਲਾ ਪਾ ਦਿੱਤਾ ਸੀ ਕਿ ਗੁਰਗੱਦੀ ਦਾ ਅਸਲੀ ਹੱਕਦਾਰ ਉਹ ਹੈ ਤੇਗ਼ ਬਹਾਦਰ ਨਹੀਂ। ਇਹ ਧੀਰ ਮੱਲ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਤਾਇਆ ਸੀ ਅਤੇ ਆਪਣੇ-ਆਪ ਨੂੰ ਗੁਰਦਿੱਤਾ ਦਾ ਵੱਡਾ ਪੁੱਤਰ ਮੰਨ ਕੇ ਗੁਰਿਆਈ ਦਾ ਹੱਕਦਾਰ ਦਰਸਾ ਰਿਹਾ ਸੀ। ਪਰ ਗੁਰੂ ਸਾਹਿਬਾਨ ਦੇ ਫ਼ੈਸਲਿਆਂ ਅਨੁਸਾਰ ਇਸ ਨੂੰ ਗੁਰਿਆਈ ਤੋਂ ਲਗਾਤਾਰ ਦੋ ਪੀੜ੍ਹੀਆਂ ਤੋਂ ਰੱਦ ਕਰ ਦਿੱਤਾ ਗਿਆ ਸੀ। ਇਸ ਸਮੇਂ ਤੋਂ ਧੀਰ ਮੱਲ ਵਿਰੋਧਤਾ ਕਰਦਾ ਆ ਰਿਹਾ ਸੀ। ਹੋ ਸਕਦਾ ਹੈ ਕਿ ਉਸ ਦੇ ਪਿੱਛੇ ਕਿਸੇ ਸਰਕਾਰੀ ਅਧਿਕਾਰੀ ਦੀ ਵੀ ਸ਼ਹਿ ਹੋਵੇ। ਸਿੱਖ ਸੰਗਤਾਂ ਤਾਂ ਉਸ ਨਾਲ ਨਹੀਂ ਸਨ। ਪਰ ਸਿੱਖ ਸੰਗਤਾਂ ਉਸ ਨਾਲ ਲੜਾਈ ਕਰਨ ਲਈ ਵੀ ਤਿਆਰ ਨਹੀਂ ਸਨ। ਸ਼ਾਇਦ ਸੰਗਤਾਂ ਨੂੰ ਨਵੇਂ ਬਣੇ ਗੁਰੂ, ਗੁਰੂ ਤੇਗ਼ ਬਹਾਦਰ ਸਾਹਿਬ ਨੇ ਲੜਾਈ ਕਰਨ ਤੋਂ ਰੋਕ ਦਿੱਤਾ ਸੀ।

ਬਕਾਲਾ ਵਿਖੇ, ਤੇਗ਼ ਬਹਾਦਰ ਸਾਹਿਬ ਨੂੰ ਗੁਰਿਆਈ ਦੀ ਰਸਮ ਅਦਾ ਕਰਨ ਸਮੇਂ ਦੇ ਕਈ ਕਿਸਮ ਦੇ ਵਿਚਾਰ ਪ੍ਰਚੱਲਿਤ ਹਨ ਇੱਥੇ ਬਾਈ ਦਾਅਵੇਦਾਰ ਆਪੋ-ਆਪਣੀਆਂ ਮੰਜੀਆਂ ਲਾ ਕੇ ਬੈਠ ਗਏ ਸਨ। ਇਹ ਬਾਈ ਦੇ ਬਾਈ ਦਾਅਵੇਦਾਰ ਕਹਿ ਰਹੇ ਸਨ ਕਿ ਨੌਵਾਂ ਗੁਰੂ ਬਣਨ ਦਾ ਹੱਕਦਾਰ ਸਿਰਫ਼ ਉਹਨਾਂ ਨੂੰ ਹੈ। ਪਰ ਇਹ ਗੱਲ ਇਤਿਹਾਸਕ ਨੁਕਤਾ-ਨਿਗ੍ਹਾ ਤੋਂ ਸਹੀ ਸਾਬਤ ਨਹੀਂ ਹੁੰਦੀ ਕਿਉਂਕਿ ਉਸ ਸਮੇਂ ਦੇ ਗੁਰੂ ਪਰਿਵਾਰਾਂ ਵਿੱਚੋਂ ਅਜਿਹੇ ਬਾਈ ਦਾਅਵੇਦਾਰ ਲੱਭੇ ਨਹੀਂ ਜਾ ਸਕਦੇ। ਇੱਕ ਦਾਅਵੇਦਾਰ ਸਰਗਰਮ ਸੀ ਅਤੇ

---

8 ਸਰੂਪ ਸਿੰਘ ਕੋਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ-60; ਅਤੇ ਫ਼ੌਜਾ ਸਿੰਘ, ਤਾਰਨ ਸਿੰਘ, *ਗੁਰੂ ਤੇਗ਼ ਬਹਾਦਰ: ਜੀਵਨ ਤੇ ਰਚਨਾ,* ਪੰਨੇ 22-23.

ਉਹ ਸੀ ਧੀਰ ਮੱਲ। ਧੀਰ ਮੱਲ ਇਸ ਗੱਲ ਦਾ ਦਾਅਵਾ ਕਰ ਸਕਦਾ ਸੀ ਕਿ ਨੌਵਾਂ ਗੁਰੂ ਬਣਨ ਦਾ ਅਧਿਕਾਰ ਉਸ ਦਾ ਬਣਦਾ ਹੈ। ਇੱਕ ਤਾਂ ਉਹ ਸਵਰਗਵਾਸੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪਰਿਵਾਰ ਵਿੱਚੋਂ ਸੀ ਅਤੇ ਛੇਵੇਂ ਗੁਰੂ, ਹਰਿਗੋਬਿੰਦ ਸਾਹਿਬ ਦਾ ਵੱਡਾ ਪੋਤਰਾ ਸੀ। ਉਸ ਨੂੰ ਪਹਿਲੇ ਦੋ ਗੁਰੂ ਸਾਹਿਬਾਨ (ਹਰਿਗੋਬਿੰਦ ਸਾਹਿਬ ਅਤੇ ਹਰਿ ਰਾਇ ਸਾਹਿਬ) ਵੱਲੋਂ ਰੱਦ ਕਰ ਦਿੱਤਾ ਗਿਆ ਸੀ ਪਰ ਫਿਰ ਵੀ ਉਹ (ਧੀਰ ਮੱਲ) ਸਥਾਨਕ ਅਧਿਕਾਰੀਆਂ ਨਾਲ ਮਿਲ ਕੇ ਦਾਅਵਾ ਕਰ ਸਕਦਾ ਸੀ। ਦੂਜਾ, ਉਸ ਦੇ ਹੱਕ ਵਿੱਚ ਇਹ ਗੱਲ ਵੀ ਜਾਂਦੀ ਸੀ ਕਿ ਉਸ ਦੀ ਰਿਹਾਇਸ਼ ਬਾਬਾ ਬਕਾਲਾ ਦੇ ਨੇੜੇ ਸਥਿਤ ਕਰਤਾਰਪੁਰ ਵਿਖੇ ਸੀ।[9] ਇਸ ਤਰ੍ਹਾਂ ਉਹ ਬਾਬਾ ਬਕਾਲਾ ਦੇ ਨੇੜੇ ਰਹਿੰਦਾ ਹੋਣ ਕਰਕੇ ਉਥੋਂ ਦੀਆਂ ਸਾਰੀਆਂ ਗਤੀਵਿਧੀਆਂ ਉੱਪਰ ਨਿਗ੍ਹਾ ਰੱਖ ਸਕਦਾ ਸੀ। ਇਹ ਗੱਲ ਪੂਰੀ ਤਰਾਂ ਸਪੱਸ਼ਟ ਅਤੇ ਸਾਫ ਸੀ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਅੰਤਿਮ ਸਮੇਂ ਦਿੱਲੀ ਵਿਖੇ ਉਨ੍ਹਾਂ ਦੇ ਮੁਖੀ ਸਿੱਖਾਂ ਨੇ ਪੂਰੀ ਸੋਚ-ਵਿਚਾਰ ਉਪਰੰਤ ਤੇਗ਼ ਬਹਾਦਰ ਸਾਹਿਬ ਨੂੰ ਨੌਵੇਂ ਗੁਰੂ ਦੇ ਤੌਰ ’ਤੇ ਨਿਯੁਕਤ ਕਰਨ ਦਾ ਫੈਸਲਾ ਕਰ ਲਿਆ ਸੀ। ਇਸ ਅਨੁਸਾਰ ਸਭ ਮੁਖੀ ਅਤੇ ਜਿੰਮੇਵਾਰ ਸਿੱਖ ਸੱਜਣਾ ਨੇ ਦਿੱਲੀ ਤੋਂ ਬਾਬਾ ਬਕਾਲਾ ਪਹੁੰਚ ਕੇ ਤੇਗ਼ ਬਹਾਦਰ ਸਾਹਿਬ ਨੂੰ ਗੁਰਿਆਈ ਦੀਆਂ ਰਸਮਾਂ ਅਦਾ ਕਰ ਦਿੱਤੀਆਂ ਸਨ। ਸਭ ਕੁਝ ਹੋ ਜਾਣ ਦੇ ਬਾਵਜੂਦ ਧੀਰ ਮੱਲ, ਸਥਾਨਕ ਸਰਕਾਰੀ ਅਧਿਕਾਰੀਆਂ ਦੀ ਸਹਿ ਨਾਲ ਜਾਂ ਤਾਕਤ ਦੇ ਜ਼ੋਰ ਨਾਲ ਗੁਰਗੱਦੀ ਹਥਿਆਉਣੀ ਚਾਹੁੰਦਾ ਸੀ।

ਇਸ ਸਮੇਂ ਬਾਬਾ ਬਕਾਲਾ ਵਿਖੇ ਇੱਕ ਹੋਰ ਘਟਨਾ ਵਾਪਰ ਗਈ ਸੀ। ਉਸ ਅਨੁਸਾਰ ਇਸ ਘਟਨਾ ਦਾ ਸੰਖੇਪ ਸਾਰ ਇਸ ਤਰ੍ਹਾਂ ਹੈ: ਭਾਈ ਮੱਖਣ ਸ਼ਾਹ ਲੁਬਾਣਾ ਬੜਾ ਤਕੜਾ ਸਿੱਖ ਵਪਾਰੀ ਸੀ। ਉਹ ਆਮ ਤੌਰ ’ਤੇ ਮੁਗ਼ਲ ਫ਼ੌਜ ਨੂੰ ਮੁਹਿੰਮਾਂ ’ਤੇ ਜਾਣ ਸਮੇਂ ਅਨਾਜ ਆਦਿ ਦੀ ਸਪਲਾਈ ਕਰਦਾ ਸੀ। ਵਣਜਾਰਿਆਂ[10] ਦਾ ਇਹ ਕੰਮ ਸੀ। ਇਸ ਤਰ੍ਹਾਂ ਉਹ ਬਹੁਤ ਦੂਰ-ਦੂਰ ਤੱਕ ਘੁੰਮ-ਫਿਰ ਆਉਂਦੇ ਸਨ। ਅਨਾਜ ਦੀ ਢੋਆ-ਢੁਆਈ

---

9 ਕਰਤਾਰਪੁਰ (ਜਲੰਧਰ) ਅਤੇ ਬਾਬਾ ਬਕਾਲਾ ਦਾ ਸਿੱਧਾ ਫਾਸਲਾ ਸਿਰਫ਼ ਦਸ ਕਿਲੋਮੀਟਰ ਦਾ ਸੀ। ਇਸ ਕਰ ਕੇ ਧੀਰ-ਮੱਲ ਬਾਬਾ ਬਕਾਲਾ ਵਿਖੇ ਵਾਪਰੀ ਹਰ ਗੱਲ ਉੱਪਰ ਧਿਆਨ ਰੱਖ ਸਕਦਾ ਸੀ।

10 ਤਿਰਲੋਚਨ ਸਿੰਘ ਨੇ ਜੇ. ਐਚ. ਹਟਨ (J.H. Hutton) ਅਤੇ ਡਬਲਿਊ ਕਰੁੱਕ (W. Crook) ਦੇ ਆਧਾਰ ’ਤੇ ਵਣਜਾਰਿਆਂ ਨੂੰ ਇਸ ਤਰ੍ਹਾਂ ਬਿਆਨਿਆ ਹੈ: ਇਹ ਲੋਕ ਅਨਾਜ ਦੇ ਵਾਪਾਰੀ ਅਤੇ ਪਸ਼ੂ-ਪਾਲਕ ਹੁੰਦੇ ਸਨ। ਇਹ ਅਰਧ ਟੱਪਰੀਵਾਸ ਹੁੰਦੇ ਸਨ। ਇਨ੍ਹਾਂ ਨੂੰ ਰਾਜਸਥਾਨੀ ਬੋਲੀ ਵਿੱਚ ਲਾਮਬਾੜੀ ਵੀ ਕਿਹਾ ਜਾਂਦਾ ਸੀ ਜਿਸ ਦਾ ਪੰਜਾਬੀ ਉਚਾਰਣ ਲੁਬਾਣਾ ਬਣ ਗਿਆ ਸੀ। ਇੰਨ੍ਹਾਂ ਦਾ ਮੁੱਖ ਪੇਸ਼ਾ ਸ਼ਾਹੀ ਫ਼ੌਜ ਨੂੰ ਉਨ੍ਹਾਂ ਦੀਆਂ ਮੁਹਿੰਮਾਂ ਸਮੇਂ, ਆਨਾਜ ਅਤੇ ਹੋਰ ਖਾਣ-ਪੀਣ ਦੀ ਰਸਦ ਸਪਲਾਈ ਕਰਨਾ ਹੁੰਦਾ ਸੀ। ਇਹ ਬਲਦਾਂ ਨਾਲ ਜੁੜੇ ਹੋਏ ਗੱਡਿਆਂ ਤੇ ਅਨਾਜ ਢੋਂਦੇ ਸਨ ਅਤੇ ਇਹ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਸਿੱਖ ਧਰਮ ਵਿੱਚ ਆ ਗਏ ਸਨ। Trilochan Singh, *Guru Tegh Bahadur Prophet and Martyr*, Gurdwara Prabandhak Committee, Delhi, 1967, pp. 142-143.

ਆਮ ਤੌਰ 'ਤੇ ਗੱਡਿਆਂ ਰਾਹੀਂ, ਊਠਾਂ ਅਤੇ ਖੱਚਰਾਂ-ਖੋਤਿਆਂ ਰਾਹੀਂ ਕੀਤੀ ਜਾਂਦੀ ਸੀ। ਇਨ੍ਹਾਂ ਦੇ ਇੱਕ ਨਿਸਚਤ ਗਿਣਤੀ ਦੇ ਸਮੂਹ ਨੂੰ 'ਟਾਂਡਾ' ਕਿਹਾ ਜਾਂਦਾ ਸੀ। ਜਿਸ ਵਪਾਰੀ ਦੇ ਜਿੰਨੇ ਸਮੂਹ ਹੁੰਦੇ ਸਨ ਉਸ ਨੂੰ ਉੱਨੇ ਹੀ ਟਾਂਡਿਆ ਦਾ ਮਾਲਕ ਕਹਿ ਦਿੱਤਾ ਜਾਂਦਾ ਸੀ। ਮੱਖਣ ਸ਼ਾਹ ਲੁਬਾਣਾ ਕਈ ਟਾਂਡਿਆ ਦਾ ਮਾਲਕ ਹੋਣ ਕਰਕੇ ਇੱਕ ਧਨਾਢ ਅਤੇ ਬਹੁਤ ਵਿਅਕਤੀਆਂ ਦੀ ਤਾਕਤ ਵਾਲਾ ਨੇਤਾ ਸੀ। ਉਹ ਆਪਣੇ ਟਾਂਡਿਆਂ ਸਮੇਤ ਨਵੇਂ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸਿਜਦਾ ਕਰਨ ਲਈ ਬਾਬਾ ਬਕਾਲਾ ਵਿਖੇ ਆਇਆ ਸੀ। ਉਸ ਨੇ ਬਕਾਲਾ ਪਹੁੰਚ ਕੇ ਦੇਖਿਆ ਕਿ ਧੀਰ ਮੱਲ ਤਾਕਤ ਦੇ ਜ਼ੋਰ ਨਾਲ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਸਿੱਖ ਸੰਗਤਾਂ ਨੂੰ ਤੰਗ ਪ੍ਰੇਸ਼ਾਨ ਕਰ ਰਿਹਾ ਹੈ। ਇਸ ਲਈ ਮੱਖਣ ਸ਼ਾਹ ਨੇ ਆਪਣੇ ਬੰਦਿਆਂ ਨਾਲ ਧੀਰ ਮੱਲ ਨੂੰ ਉਸੇ ਤਰ੍ਹਾਂ ਦਾ ਜਵਾਬ ਦਿੱਤਾ ਜਿਸ ਤਰ੍ਹਾਂ ਉਹ ਕਰ ਰਿਹਾ ਸੀ। ਇਸ ਨਾਲ ਧੀਰ ਮੱਲ ਨੂੰ ਪਤਾ ਲਗ ਗਿਆ ਸੀ ਕਿ ਹੁਣ ਉਸ ਦਾ ਰੌਲਾ-ਗੌਲਾ ਨਹੀਂ ਚੱਲ ਸਕੇਗਾ। ਭਾਵ ਕਿ ਮੱਖਣ ਸ਼ਾਹ ਲੁਬਾਣਾ ਨੇ ਤਾਕਤ ਦੇ ਜ਼ੋਰ ਨਾਲ ਧੀਰ ਮੱਲ ਨੂੰ ਬਾਬਾ ਬਕਾਲਾ ਤੋਂ ਕੱਢ ਦਿੱਤਾ ਸੀ। ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਸਿੱਖ ਸੰਗਤਾਂ ਬਿਨਾਂ ਰੋਕ ਦੇ ਆਪਣਾ ਧਰਮ-ਪਰਚਾਰ ਦਾ ਕੰਮ ਕਰਨ ਲਗ ਪਈਆਂ ਸਨ।

ਗੁਰੂ ਤੇਗ਼ ਬਹਾਦਰ ਸਾਹਿਬ ਨੇ ਧਰਮ-ਪਰਚਾਰ ਦਾ ਕੰਮ ਸ਼ੁਰੂ ਕੀਤਾ ਅਤੇ ਉਹ ਬਾਬਾ ਬਕਾਲਾ ਤੋਂ ਰਵਾਨਾ ਹੋ ਕੇ ਸਭ ਤੋਂ ਪਹਿਲਾਂ ਅੰਮ੍ਰਿਤਸਰ ਗਏ। ਗੁਰੂ ਹਰਿਗੋਬਿੰਦ ਸਾਹਿਬ ਵੱਲੋਂ 1635 ਈਸਵੀ ਵਿੱਚ ਅੰਮ੍ਰਿਤਸਰ ਨੂੰ ਛੱਡ ਦਿੱਤੇ ਜਾਣ ਪਿੱਛੋਂ, ਕੋਈ ਵੀ ਗੁਰੂ ਅੰਮ੍ਰਿਤਸਰ ਨਹੀਂ ਗਿਆ ਸੀ। 1635 ਈਸਵੀ ਤੋਂ ਲੈ ਕੇ 1664 ਈਸਵੀ ਤੱਕ ਲਗਾਤਾਰ 19-20 ਸਾਲਾਂ ਤੋਂ ਸਾਰੇ ਅੰਮ੍ਰਿਤਸਰ ਉੱਪਰ ਪ੍ਰਿਥੀ ਚੰਦ ਅਤੇ ਮਿਹਰਬਾਨ ਦੀ ਸੰਤਾਨ ਦਾ ਕਬਜ਼ਾ ਚੱਲਿਆ ਆਉਂਦਾ ਸੀ। ਭਾਈ ਮੱਖਣ ਸ਼ਾਹ ਲੁਬਾਣਾ ਦੀ ਹਿੰਮਤ ਕਰਕੇ ਸਾਰੀਆਂ ਸੰਗਤਾਂ ਗੁਰੂ ਤੇਗ਼ ਬਹਾਦਰ ਸਾਹਿਬ ਦੀ ਅਗਵਾਈ ਹੇਠ ਅੰਮ੍ਰਿਤਸਰ ਪਹੁੰਚੀਆਂ। ਉੱਥੇ ਦੇ ਸੋਢੀ ਸਿੱਖ ਸੰਗਤਾਂ ਨੂੰ ਦੇਖ ਕੇ ਪਹਿਲੋਂ ਹੀ ਸ੍ਰੀ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰਕੇ ਚਲੇ ਗਏ ਸਨ। ਭਾਈ ਮੱਖਣ ਸ਼ਾਹ ਚਾਹੁੰਦੇ ਸਨ ਕਿ ਸ੍ਰੀ ਦਰਬਾਰ ਸਾਹਿਬ ਦੇ ਦਰਵਾਜ਼ੇ ਜਬਰਦਸਤੀ ਖੋਲ੍ਹ ਲਏ ਜਾਣ ਪਰ ਗੁਰੂ ਤੇਗ਼ ਬਹਾਦਰ ਸਾਹਿਬ ਨੇ ਉਨ੍ਹਾਂ ਨੂੰ ਇਉਂ ਕਰਨ ਤੋਂ ਰੋਕ ਦਿੱਤਾ ਸੀ। ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜੇ ਇੱਕ ਜਗ੍ਹਾ[11] ਤੇ ਬੈਠ ਕੇ ਅਤੇ ਗੁਰਬਾਣੀ ਦਾ ਪਾਠ ਕਰਕੇ ਚਲੇ ਗਏ ਸਨ। ਉਨ੍ਹਾਂ ਦੇ ਬੈਠਣ ਦੇ ਸਮੇਂ ਤੱਕ, ਭੱਜੇ ਹੋਏ ਸੋਢੀਆਂ ਦਾ ਕੋਈ ਵੀ ਬੰਦਾ ਉੱਥੇ ਨਹੀਂ ਪਹੁੰਚਿਆਂ ਸੀ। ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਸਾਹਿਬ

---

11 ਜਿਸ ਜਗ੍ਹਾ 'ਤੇ ਬੈਠ ਕੇ ਗੁਰੂ ਤੇਗ਼ ਬਹਾਦਰ ਸਾਹਿਬ ਸੋਢੀਆਂ ਨੂੰ ਉਡੀਕ ਉਡੀਕ ਕੇ ਚਲੇ ਗਏ ਸਨ ਉਹ ਜਗ੍ਹਾ ਸ੍ਰੀ ਅਕਾਲ ਬੁੰਗੇ ਦੇ ਨਜ਼ਦੀਕ ਹੀ ਹੈ ਅਤੇ ਇੱਥੇ ਪਿੱਛੋਂ ਇਸੇ ਗੱਲ ਦੀ ਯਾਦ ਵਿੱਚ ਇੱਕ ਥੜਾ ਬਣਾ ਦਿੱਤਾ ਗਿਆ ਸੀ। ਅੱਜਕਲ ਇੱਥੇ ਗੁਰੂ ਤੇਗ਼ ਬਹਾਦਰ ਦੀ ਯਾਦ ਵਿੱਚ ਗੁਰਦੁਆਰਾ ਥੜ੍ਹਾ ਸਾਹਿਬ ਪਾਤਸ਼ਾਹੀ ਨੌਵੀਂ ਹੈ।

ਕਾਫੀ ਸਮੇਂ ਦੀ ਉਡੀਕ ਕਰਨ ਬਾਅਦ ਉੱਥੋਂ ਉਠ ਕੇ, ਅੰਮ੍ਰਿਤਸਰ ਦੇ ਨੇੜੇ ਹੀ ਸਥਿਤ ਇੱਕ ਪਿੰਡ ਵੱਲਾ ਵਿਖੇ ਪਹੁੰਚ ਗਏ ਸਨ।

ਪਿੱਛੋਂ ਅੰਮ੍ਰਿਤਸਰ ਦੀਆਂ ਸਿੱਖ ਸੰਗਤਾਂ ਨੂੰ ਜਦ ਇਸ ਗੱਲ ਦਾ ਪਤਾ ਲੱਗਿਆ ਕਿ ਮਿਹਰਬਾਨ ਅਤੇ ਸੋਢੀਆਂ ਨੇ ਸ੍ਰੀ ਦਰਬਾਰ ਸਾਹਿਬ ਦੇ ਦਰਵਾਜ਼ੇ ਗੁਰੂ ਸਾਹਿਬ ਲਈ ਨਹੀਂ ਖੋਹਲੇ ਅਤੇ ਗੁਰੂ ਸਾਹਿਬ ਕਾਫੀ ਸਮਾਂ ਉਨ੍ਹਾਂ ਦੀ ਉਡੀਕ ਕਰਕੇ ਵੱਲਾ ਪਿੰਡ ਵਿਖੇ ਚਲੇ ਗਏ ਸਨ ਤਾਂ ਅੰਮ੍ਰਿਤਸਰ ਦੀਆਂ ਮਾਈਆਂ ਵਿਸ਼ੇਸ਼ ਰੂਪ ਵਿੱਚ ਇਕੱਠੀਆਂ ਹੋ ਕੇ ਪਿੰਡ ਵੱਲਾ ਪਹੁੰਚੀਆਂ ਅਤੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਜੱਥੇ ਦੀ ਪੂਰੀ ਆਓ-ਭਗਤ ਕੀਤੀ। ਇਕੱਠੀਆਂ ਹੋਈਆਂ ਮਾਈਆਂ ਨੇ ਸੋਢੀ ਹਰਿ ਅਤੇ ਸੋਢੀ ਕੌਲ, ਜਿਹੜੇ ਕਿ ਸ੍ਰੀ ਦਰਬਾਰ ਸਾਹਿਬ ਤੇ ਕਾਬਜ਼ ਸਨ, ਦੀ ਨਿਖੇਧੀ ਕੀਤੀ। ਗੁਰੂ ਸਾਹਿਬ ਨੇ ਕਿਹਾ ਸੀ ਕਿ 'ਅਜਿਹੇ ਮਤਸਰ ਦੇ ਮਾਰੇ ਬੰਦਿਆਂ ਨੂੰ ਸਤਿਗੁਰ ਨਾਨਕ ਦੇਵ ਸੁਮੱਤ ਬਖਸ਼ਣਗੇ। ਅੰਮ੍ਰਿਤਸਰ ਦੀਆਂ ਬੀਬੀਆਂ ਅਤੇ ਮਾਈਆਂ ਨੂੰ ਸਤਿਗੁਰੂ ਨਾਨਕ ਦੇਵ ਨੇ ਚੰਗੀ ਮੱਤ ਬਖਸ਼ੀ ਹੋਈ ਹੈ।'

ਵੱਲਾ ਪਿੰਡ ਵਿਖੇ ਕੁਝ ਦਿਨ ਰਹਿਣ ਉਪਰੰਤ ਗੁਰੂ ਤੇਗ਼ ਬਹਾਦਰ ਸਾਹਿਬ ਤਰਨਤਾਰਨ ਸਾਹਿਬ, ਗੋਇੰਦਵਾਲ ਅਤੇ ਖਡੂਰ ਸਾਹਿਬ ਦੇ ਗੁਰਧਾਮਾ ਦਾ ਦਰਸ਼ਨ-ਦੀਦਾਰ ਕਰਦੇ ਹੋਏ ਅਤੇ ਪਹਿਲੇ ਗੁਰੂ ਪਰਿਵਾਰਾਂ ਨੂੰ ਮਿਲਦੇ ਹੋਏ ਵਾਪਿਸ ਬਾਬਾ ਬਕਾਲਾ ਆ ਗਏ ਸਨ। ਇੱਥੇ ਕੁਝ ਦਿਨ ਠਹਿਰਣ ਉਪਰੰਤ ਗੁਰੂ ਸਾਹਿਬ ਆਪਣੇ ਪਰਿਵਾਰ ਸਮੇਤ ਕੀਰਤਪੁਰ ਸਾਹਿਬ ਵਿਖੇ ਪਹੁੰਚੇ। ਕੀਰਤਪੁਰ ਵਿਖੇ ਪਹੁੰਚਣ ਦਾ ਸਮਾਂ ਜੇਠ, ਸੰਮਤ 1722 ਬਿਕਰਮੀ ਮੁਤਾਬਕ ਮਈ, 1665 ਈਸਵੀ ਦਾ ਸੀ।[12] ਕੀਰਤਪੁਰ ਸਾਹਿਬ ਵਿਖੇ ਪਹੁੰਚ ਕੇ ਅੱਠਵੇਂ ਗੁਰੂ ਸਾਹਿਬ ਦੀ ਮਾਤਾ ਸੁਲੱਖਣੀ ਅਤੇ ਬਾਕੀ ਸੂਰਜ ਮੱਲ ਦੇ ਪਰਿਵਾਰ ਨਾਲ ਸਿੱਖ ਧਰਮ ਦੇ ਪਰਚਾਰ ਬਾਰੇ ਵਿਚਾਰ-ਵਟਾਂਦਰਾ ਕੀਤਾ। ਇੱਥੇ ਰਹਿੰਦਿਆਂ ਬਿਲਾਸਪੁਰ (ਕਹਿਲੂਰ) ਰਿਆਸਤ ਦੇ ਰਾਜਾ ਦੀਪ ਚੰਦ ਦੇ ਦਿਹਾਂਤ ਦੀ ਖ਼ਬਰ ਮਿਲੀ। ਬਿਲਾਸਪੁਰ ਦੇ ਸ਼ਾਹੀ ਪਰਿਵਾਰ ਵੱਲੋਂ ਰਾਜਾ ਦੀਪ ਚੰਦ ਦੇ ਸਤਾਰ੍ਹਵੇਂ ਦਿਨ ਦੀਆਂ ਰਸਮਾਂ ਕਰਨ ਸਮੇਂ ਦਾ ਸੱਦਾ ਮਿਲਿਆ। ਰਾਜੇ ਦੀ ਸਤਾਰ੍ਹਵੀਂ ਪੰਦਰਾਂ ਜੇਠ, ਸੰਮਤ 1722 ਬਿਕਰਮੀ ਮੁਤਾਬਕ 13 ਮਈ, 1665 ਈਸਵੀ ਨੂੰ ਸੀ।[13]

ਸੱਦੇ ਮੁਤਾਬਕ ਗੁਰੂ ਸਾਹਿਬ ਦਾ ਬਿਲਾਸਪੁਰ ਜਾਣਾ ਜ਼ਰੂਰੀ ਸੀ। ਭੱਟ ਵਹੀ ਪੂਰਬੀ-ਦੱਖਣੀ ਅਨੁਸਾਰ ਪਰਿਵਾਰ ਦੇ ਜਿਹੜੇ ਜਿਹੜੇ ਮੈਂਬਰ ਗੁਰੂ ਸਾਹਿਬ ਨਾਲ ਗਏ ਸਨ ਉਨ੍ਹਾਂ ਦਾ ਵੇਰਵਾ ਇਉਂ ਹੈ:

---

12 ਫ਼ੌਜਾ ਸਿੰਘ, *ਗੁਰੂ ਤੇਗ਼ ਬਹਾਦਰ: ਜੀਵਨ ਤੇ ਰਚਨਾ*, ਪੰਨਾ 28.

13 *ਉਹੀ*, ਪੰਨਾ ਓਹੀ।

"ਗੁਰੂ ਤੇਗ਼ ਬਹਾਦਰ ਜੀ ਮਹਲ ਨਾਮਾ ਬਾਸੀ ਕੀਰਤਪੁਰ ਕਹਿਲੂਰ-ਬਿਲਾਸਪੁਰ ਆਏ ਰਾਣੀ ਚੰਪਾ ਕੇ ਬੁਲਾਵੇ ਪਰ ਤੇ ਰਾਜਾ ਦੀਪ ਚੰਦ ਬੇਟਾ ਰਾਜਾ ਤਾਰਾ ਚੰਦ ਦੀ ਸਾਤਰ੍ਹਵੀਂ ਤੇ ਸਾਲ ਸਤਰ੍ਹੈ ਸੈ ਬਾਈਸ ਜੇਠ ਪਰਬਿਸ਼ਟੇ 15 ਮੰਗਲਵਾਰ ਕੇ ਦਿਹੁੰ ਗੈਲ ਮਾਤਾ ਨਾਨਕੀ ਜੀ ਆਏ ਮਾਤਾ ਗੁਰੂ ਤੇਗ਼ ਬਹਾਦਰ ਜੀ ਕੀ, ਮਾਤਾ ਹਰ ਜੀ ਆਏ ਇਸਤਰੀ ਸੂਰਜ ਮੱਲ ਜੀ ਕੀ, ਮਾਤਾ ਸੁਲੱਖਣੀ ਜੀ ਆਏ ਇਸਤ੍ਰੀ ਗੁਰੂ ਹਰਿ ਰਾਇ ਜੀ ਕੀ ਸ੍ਰੀ ਦੀਪ ਚੰਦ ਨੰਦ ਚੰਦ ਆਏ ਬੇਟੇ ਸੂਰਜ ਮੱਲ ਜੀ ਕੇ ਦੀਵਾਨ ਦਰਘਾ ਮਲ ਆਇਆ ਬੇਟਾ ਦਵਾਰਕਾ ਦਾਸ ਛਿੱਬਰ ਕਾ ਜੇਠਾ ਦਿਆਲ ਦਾਸ ਆਏ ਬੇਟੇ ਮਾਈ ਦਾਸ ਜਲਹਾਨੇ ਕੇ ਦੁਰਗਾ ਦਾਸ ਆਇਆ ਬੇਟਾ ਪਦਮ ਰਾਏ ਹਜਾਵਤ ਕਾ, ਦਰਯਾ ਬੇਟਾ ਮੂਲੇ ਜਲਹਾਨੇ ਕਾ ਹੋਰ ਸਿੱਖ ਫ਼ਕੀਰ ਆਏ। ਰਾਣੀ ਚੰਪਾ ਨੇ ਗੁਰੂ ਜੀ ਕਾ ਬੜਾ ਆਉ ਭਗਤ ਕੀਆ। ਨਮਾਂ ਗਾਮ ਬਸਾਨੇ ਕੇ ਲੀਏ ਲੋਦੀਪੁਰ, ਮੀਆਂਪੁਰ ਔਰ ਸਹੋਦੇ ਗਾਮਾਂ ਕੀ ਭੋਇੰ ਦੀ। ਤਿੰਨ ਦਿਹੁੰ ਗੁਰੂ ਜੀ ਚੰਪਾ ਕੇ ਗ੍ਰਿਹਿ ਮੇਂ ਰਹਿ ਕਰ ਵਾਪਿਸ ਕੀਰਤਪੁਰ ਆਇ ਗਏ।"[14]

ਇਸ ਤਰ੍ਹਾਂ ਰਾਜਾ ਦੀਪ ਚੰਦ ਦੀ ਸਤਾਰ੍ਹਵੀਂ ਮੌਕੇ ਬਿਲਾਸਪੁਰ ਦੀ ਰਾਣੀ ਵੱਲੋਂ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਕੀਰਤਪੁਰ ਸਾਹਿਬ ਤੋਂ ਥੋੜ੍ਹੀ ਦੂਰ ਇੱਕ ਨਵੀਂ ਥਾਂ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ। ਇਹ ਪੇਸ਼ਕਸ਼ ਬਿਲਕੁਲ ਮੁਫ਼ਤ ਕੀਤੀ ਗਈ ਸੀ। ਪਰ ਗੁਰੂ-ਘਰ ਵਿੱਚ ਕੋਈ ਵੀ ਅਜਿਹੀ ਜਾਗੀਰ, ਪਟਾ ਜਾਂ ਥਾਂ ਮੁਫ਼ਤ ਲੈਣ ਦੀ ਪਰੰਪਰਾ ਨਹੀਂ ਸੀ। ਇਸ ਲਈ ਗੁਰੂ ਸਾਹਿਬ ਨੇ ਰਾਣੀ ਬਿਲਾਸਪੁਰ ਦਾ ਧੰਨਵਾਦ ਕਰਦਿਆਂ ਜਗ੍ਹਾ ਮੁੱਲ ਖਰੀਦਣ ਲਈ ਕਿਹਾ ਭਾਵੇਂ ਮੁੱਲ ਭਾਵੇਂ ਥੋੜ੍ਹਾ ਹੀ ਲਿਆ ਜਾਵੇ। ਰਾਣੀ ਚੰਪਾ ਨੇ ਗੁਰੂ ਸਾਹਿਬ ਦੀ ਗੱਲ ਮੰਨ ਲਈ ਅਤੇ ਉਕਤ ਦੱਸੇ ਗਏ ਤਿੰਨ ਪਿੰਡਾਂ ਦੀ ਜ਼ਮੀਨ ਗੁਰੂ-ਘਰ ਨੂੰ ਮੁੱਲ ਦੇ ਦਿੱਤੀ ਗਈ ਅਤੇ ਥਾਂ ਦਾ ਬੈਨਾਮਾ ਗੁਰੂ ਤੇਗ਼ ਬਹਾਦਰ ਸਾਹਿਬ ਦੀ ਮਾਤਾ ਨਾਨਕੀ ਦੇ ਨਾਂ ਕਰਵਾ ਦਿੱਤਾ ਗਿਆ। ਮਾਤਾ ਨਾਨਕੀ ਦੇ ਨਾਂ 'ਤੇ ਵਸਾਏ ਜਾਣ ਵਾਲੇ ਨਗਰ ਦਾ ਨਾਂ ਚੱਕ ਨਾਨਕੀ ਰੱਖਿਆ ਗਿਆ। 21 ਹਾੜ੍ਹ, ਸੰਮਤ 1722 ਬਿਕਰਮੀ ਮੁਤਾਬਕ 19 ਜੂਨ, 1665 ਈਸਵੀ ਨੂੰ ਇਸ ਨਗਰ ਦਾ ਨੀਂਹ ਪੱਥਰ ਰੱਖਿਆ ਗਿਆ। ਨੀਂਹ ਰੱਖਣ ਦੀ ਰਸਮ ਬਾਬਾ ਬੁੱਢਾ ਦੇ ਸਪੁੱਤਰ ਭਾਈ ਗੁਰਦਿੱਤਾ ਰੰਧਾਵਾ ਨੇ ਕੀਤੀ। *ਗੁਰੂ ਕੀਆਂ ਸਾਖੀਆਂ* ਵਿੱਚ ਲਿਖਿਆ ਹੈ: "ਸੰਮਤ ਸਤਰਾਂ ਸੈ ਬਾਈਸ, ਅਸਾਢ ਮਾਸ ਕੀ ਇਕੀਸ ਕੇ ਦਿਹੁੰ ਬਾਬਾ ਗੁਰਦਿੱਤਾ ਜੀ ਰੰਧਾਵਾ ਕੇ ਹਾਥ ਸੇ ਸਹੋਦੇ ਗਾਉਂ ਕੇ ਰਕਬਾ ਮੇਂ ਮਾਖੋਵਾਲ ਕੇ ਥੇਹ ਤੇ ਮੋੜ੍ਹੀ ਗਾਡੀ। ਇਸ ਨਏਂ ਗਾਉਂ ਕਾ ਨਾਮ" 'ਚੱਕ ਨਾਨਕੀ' ਰਾਖਾ। ਇਸੇ ਦੇਖ ਸਾਰੀ ਸੰਗਤ ਮੇਂ ਖੁਸ਼ੀ ਕੇ ਬਾਦਲ ਛਾਏ ਗਏ। ਦੀਵਾਨ ਦਰਘਾ ਮਲ ਨੇ ਖਲੇ ਹੋਏ

14 *ਉਹੀ,* ਪੰਨਾ-33.

ਅਰਦਾਸ ਕੀ। ਸੰਗਤ ਮੇਂ ਤਰਾ-ਤਰੀ ਤ੍ਰਿਹਾਵਲ ਪ੍ਰਸਾਦਿ ਬਾਂਟਾ ਗਿਆ। ਸਤਿਗੁਰਾਂ ਇਸ ਸਾਲ ਦਾ ਚੁਆਸਾ 'ਚੱਕ ਨਾਨਕੀ' ਮੇਂ ਗੁਜ਼ਾਰਾ।[15]

## ਗੁਰੂ ਤੇਗ਼ ਬਹਾਦਰ ਸਾਹਿਬ ਵੱਲੋਂ ਪੂਰਬੀ ਭਾਰਤ ਦੇ ਦੌਰੇ

ਗੁਰੂ ਨਾਨਕ ਦੇਵ ਪਿੱਛੋਂ ਇਹ ਸਿਰਫ਼ ਗੁਰੂ ਤੇਗ਼ ਬਹਾਦਰ ਹੀ ਸਨ ਜਿਨ੍ਹਾਂ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਜਾ ਕੇ ਭਾਰਤ ਦੇ ਵੱਖ-ਵੱਖ ਖੇਤਰਾਂ ਦੇ ਦੌਰੇ ਕੀਤੇ ਸਨ। ਗੁਰੂ ਤੇਗ਼ ਬਹਾਦਰ ਨੇ ਗੁਰਿਆਈ ਧਾਰਨ ਕਰਨ ਤੋਂ ਪਹਿਲਾਂ ਵੀ ਭਾਰਤ ਦੀਆਂ ਕੁਝ ਥਾਵਾਂ ਦੇ ਦੌਰੇ ਕੀਤੇ ਸਨ ਤੇ ਜਾਂ ਇਹ ਸਾਰੇ ਦੌਰੇ ਗੁਰਿਆਈ ਧਾਰਨ ਕਰਨ ਤੋਂ ਪਿੱਛੋਂ ਹੀ ਕੀਤੇ ਸਨ। ਭੱਟ ਵਹੀਆਂ ਅਤੇ ਗੁਰੂ ਕੀਆਂ ਸਾਖੀਆਂ[16] ਇਸ ਮੱਤ ਦੀਆਂ ਹਨ ਜਿਹੜੀਆਂ ਇਹ ਜਾਣਕਾਰੀ ਦਿੰਦੀਆਂ ਹਨ ਕਿ ਗੁਰੂ ਤੇਗ਼ ਬਹਾਦਰ ਨੇ ਗੁਰਿਆਈ ਧਾਰਨ ਕਰਨ ਤੋਂ ਪਹਿਲਾਂ ਵੀ ਪੂਰਬੀ ਭਾਰਤ ਦੀਆਂ ਕੁਝ ਥਾਵਾਂ ਦੇ ਦੌਰੇ ਕੀਤੇ ਸਨ। ਪਰ ਬਚਿੱਤ੍ਰ ਨਾਟਕ ਵਿੱਚ, ਜਿਸ ਨੂੰ ਗੁਰੂ ਗੋਬਿੰਦ ਸਿੰਘ ਦੀ ਆਪਣੀ ਰਚਨਾ ਮੰਨਿਆ ਜਾਂਦਾ ਹੈ, ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ। ਬਚਿੱਤ੍ਰ ਨਾਟਕ ਵਿੱਚ ਸਿਰਫ਼ ਗੁਰਿਆਈ ਧਾਰਨ ਕਰਨ ਤੋਂ ਪਿੱਛੋਂ ਹੀ ਭਾਰਤੀ ਅਸਥਾਨਾਂ ਦੇ ਦੌਰੇ ਕਰਨ ਦੀ ਜਾਣਕਾਰੀ ਦਿੱਤੀ ਗਈ ਹੈ।[17]

ਗੁਰੂ ਗੋਬਿੰਦ ਸਿੰਘ ਦੀ ਜਨਮ-ਮਿਤੀ ਬਾਰੇ ਦੋ ਵਿਚਾਰ ਹਨ। ਇੱਕ 1661 ਈਸਵੀ ਦੇ ਸਾਲ ਦੀ ਪੋਹ ਸੁਦੀ ਸੱਤਵੀਂ ਦਾ ਅਤੇ ਦੂਜਾ 1666 ਈਸਵੀ ਦੇ ਸਾਲ ਦੀ ਪੋਹ ਸੁਦੀ ਸੱਤਵੀਂ ਦਾ। ਸਿੱਖ ਸੰਗਤਾਂ ਵੱਲੋਂ ਦੂਜੇ ਵਿਚਾਰ ਨੂੰ ਅਪਣਾ ਕੇ ਜਨਮ-ਦਿਨ ਮਨਾਇਆ ਜਾਂਦਾ ਹੈ। ਇਸ ਅਨੁਸਾਰ ਜਿਹੜਾ ਕਥਨ ਬਚਿੱਤ੍ਰ ਨਾਟਕ ਵਾਲਾ ਹੈ ਇਹ ਕਥਨ ਉਕਤ ਜਾਣਕਾਰੀ ਨੂੰ ਗੁਰੂ ਤੇਗ਼ ਬਹਾਦਰ ਵੱਲੋਂ ਭਾਰਤ ਦੇ ਤੀਰਥ-ਅਸਥਾਨਾ ਦੀ ਯਾਤਰਾ, ਗੁਰਿਆਈ ਧਾਰਨ ਕਰਨ ਤੋਂ ਬਾਅਦ ਦੇ ਸਮੇਂ ਦੀ ਦੱਸਦਾ ਹੈ। ਡਾ. ਤਿਰਲੋਚਨ ਸਿੰਘ ਇਸ ਗੱਲ ਨੂੰ ਮੰਨ ਕੇ ਲਿਖਦੇ ਹਨ ਕਿ ਗੁਰੂ ਤੇਗ਼ ਬਹਾਦਰ ਗੁਰਿਆਈ ਧਾਰਨ ਕਰਨ ਤੱਕ ਬਾਬਾ ਬਕਾਲੇ ਤੋਂ

---

15 ਸਰੂਪ ਸਿੰਘ ਕੋਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪੰਨਾ-66.

16 *ਉਹੀ*, ਪੰਨੇ 52-60; ਫ਼ੌਜਾ ਸਿੰਘ, ਤਾਰਨ ਸਿੰਘ, *ਗੁਰੂ ਤੇਗ਼ ਬਹਾਦਰ: ਜੀਵਨ ਤੇ ਰਚਨਾ*, ਪੰਨੇ 17-18; ਅਤੇ ਪਿਆਰ ਸਿੰਘ, *ਗੁਰੂ ਤੇਗ਼ ਬਹਾਦਰ: ਫਾਰਸੀ ਸਰੋਤ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1976, ਪੰਨੇ 26-27.

17 'ਬਚਿੱਤ੍ਰ ਨਾਟਕ' ਪੋਥੀ *ਦਸਗ੍ਰੰਥੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1978, ਪੰਨਾ-127.

ਬਾਹਰ ਨਹੀਂ ਗਏ ਸਨ। ਉਹ ਲਗਾਤਾਰ ਬਕਾਲਾ ਵਿਖੇ ਰਹਿ ਕੇ ਅਕਾਲ ਪੁਰਖ ਦਾ ਨਾਮ ਜਪਦੇ ਰਹੇ ਸਨ। ਉਹ ਬਾਹਰ ਕਿਸੇ ਵੀ ਦੌਰਿਆਂ ਤੇ ਨਹੀਂ ਗਏ ਸਨ।[18]

ਗੁਰੂ ਤੇਗ਼ ਬਹਾਦਰ ਸਾਹਿਬ, ਹਿੰਦੁਸਤਾਨ ਦੇ ਪੂਰਬੀ ਪ੍ਰਦੇਸ਼ਾਂ ਵਿੱਚ ਸਥਿਤ ਤੀਰਥ-ਅਸਥਾਨਾਂ 'ਤੇ ਗਏ ਸਨ। ਪਰ ਇਸ ਯਾਤਰਾ ਬਾਰੇ ਵੀ ਲੇਖਕਾਂ ਵਿੱਚ ਬਹੁਤ ਵਖਰੇਵਾਂ ਹੈ। ਗੁਰੂ ਸਾਹਿਬ ਦੀ ਇਹ ਯਾਤਰਾ ਚੱਕ ਨਾਨਕੀ ਦੀ ਮੋੜ੍ਹੀ ਗੱਡਣ ਤੋਂ ਚਾਰ-ਪੰਜ ਮਹੀਨੇ ਪਿੱਛੋਂ ਤੋਂ ਲੈ ਕੇ 1672 ਈਸਵੀ ਦੇ ਮੁੱਢਲੇ ਸਮੇਂ ਦੀ ਦੱਸੀ ਗਈ ਹੈ। ਭਾਵ 1665 ਈਸਵੀ ਦੇ ਅਖੀਰਲੇ ਮਹੀਨਿਆਂ ਤੋਂ ਲੈ ਕੇ 1672 ਈਸਵੀ ਦੇ ਪਹਿਲੇ ਤਿੰਨ ਮਹੀਨਿਆਂ ਤੱਕ ਦੀ ਹੈ। ਇਹ ਛੇ-ਸੱਤ ਸਾਲ ਦਾ ਸਮਾਂ ਬਣਦਾ ਹੈ।[19] ਦੇਖਣ ਅਤੇ ਸਮਝਣ ਵਾਲੀ ਗੱਲ ਇਹ ਹੈ ਕਿ ਗੁਰੂ ਸਾਹਿਬ ਨੇ ਜੂਨ, 1665 ਈਸਵੀ ਵਿੱਚ ਚੱਕ ਨਾਨਕੀ ਨਗਰ ਦੀ ਨੀਂਹ ਰੱਖੀ ਅਤੇ ਇਸ ਨਗਰ ਦੀ ਉਸਾਰੀ ਦਾ ਕੰਮ ਅਜੇ ਅਰੰਭਿਆ ਹੀ ਸੀ ਕਿ ਚਾਰ-ਪੰਜ ਮਹੀਨਿਆਂ ਬਾਅਦ ਅਕਤੂਬਰ-ਨਵੰਬਰ 1665 ਈਸਵੀ ਵਿੱਚ ਉਨਾਂ ਨੇ ਪੂਰਬੀ ਭਾਰਤ ਦੇ ਪ੍ਰਦੇਸ਼ਾਂ ਦੀ ਯਾਤਰਾ ਸ਼ੁਰੂ ਕਰ ਦਿੱਤੀ ਸੀ। ਪੁਰਾਣੇ ਨਗਰਾਂ-ਬਕਾਲਾ ਅਤੇ ਕੀਰਤਪੁਰ ਸਾਹਿਬ-ਦੀਆਂ ਰਿਹਾਇਸ਼ੀ ਥਾਵਾਂ ਨੂੰ ਛੱਡ ਦਿੱਤਾ ਗਿਆ ਸੀ। ਇਸ ਲਈ ਜ਼ਰੂਰੀ ਸੀ ਕਿ ਚੱਕ ਨਾਨਕੀ (ਆਨੰਦਪੁਰ ਸਾਹਿਬ) ਦੀ ਉਸਾਰੀ ਨੂੰ ਛੇਤੀ ਪੂਰਨ ਕਰਵਾਇਆ ਜਾਂਦਾ ਅਤੇ ਲੋੜ ਅਨੁਸਾਰ ਨਗਰ ਦੀ ਨਕਸ਼ਾਬੰਦੀ ਕਰਨਾ ਤੇ ਕਰਵਾਉਣਾ ਬਹੁਤ ਜ਼ਰੂਰੀ ਸੀ। ਸਭ ਤੋਂ ਵਧ ਕੇ ਪੈਸੇ ਦੀ ਲੋੜ ਨੂੰ ਵੀ ਪੂਰਾ ਕਰਨਾ ਜ਼ਰੂਰੀ ਸੀ। ਇਨ੍ਹਾਂ ਸਾਰੇ ਪੱਖਾਂ ਨੂੰ ਅਣਗੌਲਿਆਂ ਕਰਕੇ ਜਾਂ ਛੱਡ ਕੇ, ਗੁਰੂ ਸਾਹਿਬ ਭਾਰਤ ਦੇ ਪੂਰਬੀ ਰਾਜਾਂ ਦੇ ਤੀਰਥ-ਅਸਥਾਨਾਂ ਦੀ ਯਾਤਰਾ ਕਰਨ ਲਈ ਤੁਰ ਪਏ ਸਨ। ਫਿਰ ਦੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਯਾਤਰਾਵਾਂ ਤੋਂ, ਗੁਰੂ ਸਾਹਿਬ, ਪੰਜ ਸਾਲਾਂ ਤੋਂ ਵੀ ਵੱਧ ਸਮੇਂ ਬਾਅਦ ਵਾਪਿਸ ਚੱਕ ਨਾਨਕੀ ਪਰਤੇ ਸਨ। ਇੰਨਾ ਲੰਮਾ ਸਮਾਂ ਚੱਕ ਨਾਨਕੀ ਦੀ ਉਸਾਰੀ ਕਰਵਾਉਣ ਤੋਂ ਪਰੇ ਰਹਿਣਾ, ਕਈ ਸਵਾਲ ਪੈਦਾ ਕਰਦਾ ਹੈ। ਵੱਡਾ ਸਵਾਲ ਇਹ ਹੀ ਹੈ ਕਿ ਕੀ ਗੁਰੂ ਸਾਹਿਬ ਇਸ ਸਮੇਂ ਆਪਣਾ ਸਾਧਾਰਨ ਜੀਵਨ ਜੀਅ ਰਹੇ ਸਨ ਜਾਂ ਸਮੇਂ ਦੀ ਮੁਗ਼ਲ ਹਕੂਮਤ ਵੱਲੋਂ ਉਨ੍ਹਾਂ ਉੱਪਰ ਬੰਦਸ਼ਾਂ ਲਗਾਈਆਂ ਹੋਈਆਂ ਸਨ?

---

18 Trilochan Singh, *op.cit.*, pp. 92-109.

19 ਫ਼ੌਜਾ ਸਿੰਘ, *ਗੁਰੂ ਤੇਗ਼ ਬਹਾਦਰ, ਯਾਤਰਾ ਅਸਥਾਨ ਪਰੰਪਰਾਵਾਂ ਅਤੇ ਯਾਦ ਚਿੰਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨੇ 35-55 ਅਤੇ ਪਿਆਰ ਸਿੰਘ, *ਗੁਰੂ ਤੇਗ਼ ਬਹਾਦਰ: ਫਾਰਸੀ ਸਰੋਤ*, ਪੰਨੇ 36-40.

ਇਹ ਸਵਾਲ ਇਸ ਕਰਕੇ ਪੈਦਾ ਹੋਏ ਹਨ ਕਿਉਂਕਿ ਗੁਰੂ ਸਾਹਿਬ ਨੂੰ ਨਵੰਬਰ, 1665 ਈਸਵੀ ਵਿੱਚ ਧਮਧਾਨ ਸਾਹਿਬ (ਵਰਤਮਾਨ ਹਰਿਆਣਾ, ਕੈਥਲ) ਤੋਂ ਗ੍ਰਿਫ਼ਤਾਰ ਹੋਇਆ ਦੱਸਿਆ ਗਿਆ ਹੈ।[20] ਇਹ ਗ੍ਰਿਫ਼ਤਾਰੀ ਆਲਿਮ ਖਾਂ ਰੁਹੇਲਾ ਨੇ ਕੀਤੀ ਸੀ ਅਤੇ ਇੱਕ ਮਹੀਨੇ ਤੋਂ ਉੱਪਰ ਸਮੇਂ ਤੱਕ ਗੁਰੂ ਸਾਹਿਬ ਕੈਦਖ਼ਾਨੇ ਵਿੱਚ ਰਹੇ ਸਨ।[21] ਇਸ ਤਰ੍ਹਾਂ ਹੋ ਸਕਦਾ ਹੈ ਕਿ ਚੱਕ ਨਾਨਕੀ ਨਗਰ ਦੀ ਉਸਾਰੀ ਕਰਨ ਸਮੇਂ ਮੁਗ਼ਲ ਹਕੂਮਤ ਵੱਲੋਂ ਜਾਣ-ਬੁੱਝ ਕੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਰਸਤੇ ਵਿੱਚ ਰੋੜੇ ਅਟਕਾਏ ਜਾਂਦੇ ਹੋਣ। ਪਰ ਇਸ ਮੱਤ ਬਾਰੇ ਬਹੁਤੇ ਲੇਖਕ ਅਤੇ ਇਤਿਹਾਸਕਾਰ ਚੁੱਪ ਹਨ। ਉਨ੍ਹਾਂ ਨੇ ਇਸ ਸਮੇਂ ਬਾਰੇ ਖੁੱਲ੍ਹ ਕੇ ਵਿਚਾਰ ਪ੍ਰਗਟ ਨਹੀਂ ਕੀਤੇ। ਇਸ ਸਮੁੱਚੇ ਸਮੇਂ ਬਾਰੇ, ਭਾਵ ਪੂਰਬੀ ਪ੍ਰਦੇਸ਼ਾਂ ਦੇ ਦੌਰਿਆਂ ਬਾਰੇ, ਇੱਕ ਵੱਡੇ ਅਧਿਕਾਰੀ ਦਾ ਨਾਂ ਵਾਰ-ਵਾਰ ਸਾਹਮਣੇ ਆ ਰਿਹਾ ਹੈ। ਇਹ ਵੱਡਾ ਅਧਿਕਾਰੀ ਸੀ ਜੈਪੁਰ ਦਾ ਰਾਜਾ, ਮਿਰਜ਼ਾ ਰਾਜਾ ਰਾਮ ਸਿੰਘ। ਇਹ ਬਾਦਸ਼ਾਹ ਔਰੰਗਜ਼ੇਬ ਦਾ ਵਿਸ਼ਵਾਸ਼ਪਾਤਰ ਵੀ ਰਿਹਾ ਸੀ ਅਤੇ ਇਸ ਦੀ ਨਿਗਰਾਨੀ ਹੇਠ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਰੱਖਿਆ ਗਿਆ ਅਤੇ ਇਸ ਰਾਜੇ ਦੇ ਨਾਲ ਪੂਰਬੀ ਪ੍ਰਦੇਸ਼ਾਂ ਦੇ ਦੌਰਿਆਂ 'ਤੇ ਜਾਂਦਿਆਂ ਗੁਰੂ ਸਾਹਿਬ ਨੂੰ ਦਿਖਾਇਆ ਗਿਆ ਹੈ। ਕਿਸੇ ਵੀ ਲੇਖਕ ਜਾਂ ਇਤਿਹਾਸਕਾਰ ਨੇ ਇਹ ਗੱਲ ਖੁੱਲ੍ਹ ਕੇ ਨਹੀਂ ਲਿਖੀ ਕਿ ਗੁਰੂ ਤੇਗ਼ ਬਹਾਦਰ ਸਾਹਿਬ ਮਿਰਜ਼ਾ ਰਾਜਾ ਰਾਮ ਸਿੰਘ ਦੀ ਨਿਗਰਾਨੀ ਹੇਠ ਪੂਰਬੀ ਰਾਜਾਂ ਦੇ ਤੀਰਥ ਅਸਥਾਨਾਂ ਤੇ ਗਏ ਸਨ। ਪਰ ਜਾਪਦਾ ਇਹ ਹੈ ਗੁਰੂ ਸਾਹਿਬ ਇਸ ਸਮੁੱਚੇ ਸਮੇਂ (1665 ਈਸਵੀ-1772 ਈਸਵੀ) ਦੌਰਾਨ ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ ਤਹਿਤ ਮਿਰਜ਼ਾ ਰਾਜਾ ਰਾਮ ਸਿੰਘ ਦੀ ਨਿਗਰਾਨੀ ਹੇਠ ਸਨ। ਇਹ ਖੁੱਲ੍ਹੀ ਨਜ਼ਰਬੰਦੀ ਸੀ। ਖੁੱਲ੍ਹੀ ਨਜ਼ਰਬੰਦੀ ਅਨੁਸਾਰ, ਗ੍ਰਿਫ਼ਤਾਰ ਕੀਤਾ ਗਿਆ ਕੋਈ ਵਿਅਕਤੀ, ਕੁੱਝ ਸ਼ਰਤਾਂ ਸਹਿਤ ਮੁੱਖ ਲਸ਼ਕਰ ਤੋਂ ਕੁਝ ਨੀਅਤ ਕੀਤੀਆਂ ਦੂਰੀਆਂ ਤੱਕ ਉਰ੍ਹਾਂ-ਪਰ੍ਹਾਂ ਜਾ ਸਕਦਾ ਹੈ। ਹੋ ਸਕਦਾ ਹੈ ਕਿ ਗੁਰੂ ਸਾਹਿਬ ਨੇ ਇਹ ਸਮਾਂ ਮਿਰਜ਼ਾ ਰਾਜਾ ਰਾਮ ਸਿੰਘ ਦੇ ਲਸ਼ਕਰ ਦੇ ਨੇੜੇ-ਤੇੜੇ ਰਹਿ ਕੇ ਇਸ ਤਰ੍ਹਾਂ ਬਿਤਾਇਆ ਹੋਵੇ। ਇਸ ਤਰ੍ਹਾਂ ਦੇ ਵੇਰਵੇ ਮਿਲਦੇ ਸਨ ਕਿ ਗੁਰੂ ਸਾਹਿਬ 1672 ਈਸਵੀ ਦੇ ਸ਼ੁਰੂ ਵਿੱਚ ਬੰਧਨ-ਮੁਕਤ ਹੋਏ ਹਨ। ਭੱਟ ਵਹੀ ਤਲੌਂਡਾ ਪਰਗਨਾ ਜੀਂਦ ਵਿੱਚ ਲਿਖਿਆ ਹੈ: "ਗੁਰੂ ਤੇਗ਼ ਬਹਾਦਰ ਜੀ ਮਹਲ ਨਾਮਾ .......... ਆਸਾਮਪਤੀ ਰਾਜਾ ਸੁਰਗਦੇਵ ਅੰਬੇਰਪਤੀ

20 ਇਸ ਗੱਲ ਨੂੰ 'ਭੱਟ ਵਹੀ ਜਾਦੋ ਬੰਸੀਓ ਕੀ' ਵਿੱਚ ਅਤੇ *ਗੁਰੂ ਕੀਆਂ ਸਾਖੀਆਂ* ਵਿੱਚ ਬਿਆਨ ਕੀਤਾ ਗਿਆ ਹੈ। ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.) ਸਾਖੀ 25ਵੀਂ ਪੰਨੇ 67-68; ਅਤੇ ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਕਵਿਤਾ), ਭਾਸ਼ਾ ਵਿਭਾਗ, ਪਟਿਆਲਾ, 1971, ਪੰਨਾ-672.

21 ਪਿਆਰ ਸਿੰਘ, *ਗੁਰੂ ਤੇਗ਼ ਬਹਾਦਰ: ਫ਼ਾਰਸੀ ਸਰੋਤ*, ਪੰਨਾ-37.

ਰਾਜਾ ਰਾਮ ਸਿੰਘ ਸੇ ਵਿਦਾਇਗੀ ਲੈ ਦਿੱਲੀ ਭਾਈ ਕਲਿਆਨੇ ਦੀ ਧਰਮਸਾਲਾ ਮੇਂ ਆਏ ਨਿਵਾਸ ਕੀਆ ਗੈਲ ਦੀਵਾਨ ਦਰਘਾ ਮੱਲ ਛਿੱਬਰ, ਨਵਾਬ ਸੈਫ਼ ਖ਼ਾਨ ਆਏ ਸਾਲ ਸਤਰੈ ਸੈ ਸਤਾਈਸ ਅਸਾੜ੍ਹ ਮਾਸ ਕੀ ਬਾਈਸ (20 ਜੂਨ, 1670 ਈਸਵੀ) ਕੋ ਦੋ ਮਾਸ ਤੇਰਾਂ ਦਿਹੁੰ ਦਿੱਲੀ ਮੇਂ ਬਿਰਾਜੇ। ਗੁਰੂ ਜੀ ਸ਼ਾਹੀ ਨਜ਼ਰਬੰਦੀ ਸੇ ਮੁਕਤ ਹੋਏ ਰਾਜਾ ਰਾਮ ਸਿੰਘ ਕੀ ਮਾਤਾ ਪੁਸ਼ਪਾ ਦੇਵੀ ਸੇ ਵਿਦਾਇਗੀ ਲੈ ਮਦਰ ਦੇਸ਼ ਆਏ।"[22]

ਪਿਆਰ ਸਿੰਘ ਨੇ ਇਸ ਗੱਲ ਬਾਰੇ ਲਿਖਿਆ ਹੈ: "ਗੁਰੂ ਤੇਗ਼ ਬਹਾਦਰ ਨੂੰ ਜਦੋਂ ਇਨ੍ਹਾਂ ਨਵੇਂ ਅਤਿਆਚਾਰਾਂ ਦਾ ਪਤਾ ਲੱਗਾ ਤਾਂ ਉਹ ਬਹੁਤ ਚਿੰਤਾਤੁਰ ਹੋਏ। ਉਨ੍ਹਾਂ ਹੁਣ ਪੰਜਾਬ ਵੱਲ ਰੁੱਖ ਕੀਤਾ। ਆਪਣੇ ਪਰਿਵਾਰ ਨਾਲ 1670 ਈਸਵੀ ਦੇ ਸ਼ੁਰੂ ਵਿੱਚ ਪਟਨਾ ਤੋਂ ਉਹ ਵੱਖ-ਵੱਖ ਥਾਵਾਂ ਤੋਂ ਹੁੰਦੇ ਹੋਏ 22 ਹਾੜ੍ਹ ਸੰਮਤ ਸਤਾਰਾਂ ਸੌ ਸਤਾਈ (20 ਜੂਨ, 1670 ਈਸਵੀ) ਨੂੰ ਦਿੱਲੀ ਪਹੁੰਚੇ ਅਤੇ ਇੱਥੋਂ ਦੋ ਮਹੀਨੇ ਤਿੰਨ ਦਿਨ ਠਹਿਰਨ ਪਿੱਛੋਂ ਸ਼ਾਹੀ ਨਜ਼ਰਬੰਦੀ ਤੋਂ ਮੁਕਤ ਹੋਏ।"[23] ਪਰ ਨਾਲ ਹੀ ਪਿਆਰ ਸਿੰਘ ਲਿਖ ਰਹੇ ਹਨ ਕਿ ਗੁਰੂ ਸਾਹਿਬ ਦੀ ਕਿਸੇ ਵੀ ਥਾਂ ਦੀ ਗ੍ਰਿਫ਼ਤਾਰੀ ਦੀਆਂ ਤਾਰੀਖਾਂ ਦਾ ਨਿਪਟਾਰਾ ਕਿਸੇ ਵੀ ਲਿਖਤ ਤੋਂ ਨਹੀਂ ਕੀਤਾ ਜਾ ਸਕਦਾ। ਇਹ "ਨਿਤਾਰਾ ਗੁਰੂ ਕੀਆਂ ਸਾਖੀਆਂ ਤੋਂ ਵੀ ਨਹੀਂ ਹੋ ਸਕਿਆ।"[24]

ਇਹ ਦੇਖਿਆ ਗਿਆ ਹੈ ਕਿ ਕੋਈ ਵੀ ਲੇਖਕ ਜਾਂ ਇਤਿਹਾਸਕਾਰ ਕਿਸੇ ਗੱਲ ਨੂੰ ਅੰਤਿਮ ਸਚਾਈ ਮੰਨ ਕੇ ਨਹੀਂ ਲਿਖ ਰਿਹਾ। ਸਾਰੇ ਇਸ ਗੱਲ ਨੂੰ ਅੰਦਾਜ਼ੇ ਅਨੁਸਾਰ ਅਤੇ ਖੁੱਲ੍ਹੇ ਰੂਪ ਵਿੱਚ ਰੱਖ ਕੇ ਲਿਖ ਰਹੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਸਾਨੂੰ ਜਿੰਨੇ ਸਰੋਤ ਗੁਰੂ ਤੇਗ਼ ਬਹਾਦਰ ਬਾਰੇ ਮਿਲ ਰਹੇ ਹਨ ਉਹ ਬਹੁਤ ਵਖਰੇਵਾਂ ਰੱਖਦੇ ਹਨ। ਜਦੋਂ ਤੱਕ ਕੋਈ ਹੋਰ ਭਰੋਸੇਯੋਗ ਸਰੋਤ ਨਹੀਂ ਮਿਲਦਾ ਉਦੋਂ ਤੱਕ ਕਿਸੇ ਗੱਲ ਨੂੰ ਨਿਰਣਈ ਰੂਪ ਵਿੱਚ ਲਿਖਣਾ ਸੰਭਵ ਨਹੀਂ ਹੈ।

### ਗੁਰੂ ਤੇਗ਼ ਬਹਾਦਰ ਸਾਹਿਬ ਦੇ ਮਾਲਵਾ ਦੇ ਦੌਰੇ

ਗੁਰੂ ਤੇਗ਼ ਬਹਾਦਰ ਸਾਹਿਬ 1671 ਈਸਵੀ ਵਿੱਚ ਪੂਰਬੀ ਭਾਰਤ ਦੇ ਦੌਰਿਆਂ ਤੋਂ ਵਾਪਿਸ ਮੁੜ ਆਏ ਸਨ। ਪੰਜਾਬ ਵਿੱਚ ਪਹੁੰਚ ਕੇ ਉਹ ਆਪਣੇ ਉਸ ਨਵੇਂ ਵਸਾਏ ਗਏ ਨਗਰ ਚੱਕ ਨਾਨਕੀ ਵਿਖੇ ਪਹੁੰਚੇ ਜਿਹੜਾ ਉਨ੍ਹਾਂ ਨੇ ਪੂਰਬੀ ਭਾਰਤ ਦੇ ਦੌਰਿਆਂ 'ਤੇ ਜਾਣ ਤੋਂ ਪਹਿਲਾਂ 1665 ਈਸਵੀ ਵਿੱਚ ਉਸਾਰਨਾ ਸ਼ੁਰੂ

---

22 ਫ਼ੌਜਾ ਸਿੰਘ, *ਗੁਰੂ ਤੇਗ਼ ਬਹਾਦਰ ਯਾਤਰਾ ਅਸਥਾਨ ਪਰੰਪਰਾਵਾਂ ਅਤੇ ਯਾਦ ਚਿੰਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨਾ-54 ਅਤੇ ਪੰਨਾ-47.

23 ਪਿਆਰ ਸਿੰਘ, *ਗੁਰੂ ਤੇਗ਼ ਬਹਾਦਰ: ਫਾਰਸੀ ਸਰੋਤ*, ਪੰਨਾ-39.

24 *ਉਹੀ*, ਪੰਨਾ ਓਹੀ.

ਕਰਵਾਇਆ ਸੀ। ਗੁਰੂ ਸਾਹਿਬ 1665 ਈਸਵੀ ਤੋਂ ਲੈ ਕੇ 1671 ਈਸਵੀ ਦੇ ਅੰਤ ਤੱਕ ਪੰਜ-ਛੇ ਸਾਲਾਂ ਤੱਕ ਇੱਥੋਂ ਬਾਹਰ ਰਹੇ ਸਨ ਪਰ ਪਿੱਛੋਂ ਗੁਰੂ ਸਾਹਿਬ ਦੀਆਂ ਹਦਾਇਤਾਂ ਅਨੁਸਾਰ ਸਿੱਖ ਸੰਗਤਾਂ ਇਸ ਅਸਥਾਨ ਦੀ ਉਸਾਰੀ ਕਰਵਾਉਂਦੀਆਂ ਰਹੀਆਂ ਸਨ। ਇਸ ਅਸਥਾਨ ਦੀ ਉਸਾਰੀ ਦਾ ਕੰਮ ਪੂਰਾ ਹੋ ਗਿਆ ਸੀ। ਇੱਥੇ ਲੋੜ ਅਨੁਸਾਰ ਘਰ ਅਤੇ ਦਰਬਾਰ-ਅਸਥਾਨ ਬਣਾਏ ਜਾ ਚੁੱਕੇ ਸਨ। ਇਸ ਲਈ ਗੁਰੂ ਸਾਹਿਬ ਨੇ ਆਪਣੇ ਪਰਿਵਾਰ ਨੂੰ ਚੱਕ ਨਾਨਕੀ (ਆਨੰਦਪੁਰ ਸਾਹਿਬ) ਵਿਖੇ ਬੁਲਾ ਲਿਆ ਸੀ। ਗੁਰੂ ਸਾਹਿਬ ਦੇ ਪਰਿਵਾਰ ਸਮੇਤ ਇੱਥੇ ਆ ਕੇ ਰਹਿਣ ਲੱਗ ਜਾਣ ਕਾਰਨ, ਦੂਰ-ਨੇੜੇ ਦੀਆਂ ਸਿੱਖ ਸੰਗਤਾਂ ਵੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਣ ਲੱਗ ਪਈਆਂ ਸਨ। ਕਵੀ ਸੇਵਾ ਸਿੰਘ ਦੀ ਲਿਖਤ *ਸ਼ਹੀਦ ਬਿਲਾਸ* (ਭਾਈ ਮਨੀ ਸਿੰਘ) ਅਨੁਸਾਰ ਇਹ ਜਾਣਕਾਰੀ ਮਿਲਦੀ ਹੈ ਕਿ ਭਾਈ ਮਨੀ ਸਿੰਘ ਆਪਣੇ ਪਰਿਵਾਰ ਸਮੇਤ ਚੱਕ ਨਾਨਕੀ ਵਿਖੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਪਹੁੰਚ ਗਿਆ ਸੀ।[25]

ਵਿਸਾਖੀ ਦੇ ਤਿਉਹਾਰ ਜਾਂ ਪੁਰਬ (ਦਿਵਸ) ਨੂੰ ਮਨਾਉਣਾ ਗੁਰੂ ਨਾਨਕ ਦੇਵ ਪਾਤਿਸ਼ਾਹ ਦੇ ਸਮੇਂ ਕਰਤਾਰਪੁਰ ਸਾਹਿਬ ਵਿਖੇ ਸ਼ੁਰੂ ਕਰ ਦਿੱਤਾ ਗਿਆ ਸੀ। ਗੁਰੂ ਅਮਰ ਦਾਸ ਦੇ ਸਮੇਂ ਇਸ ਨੂੰ ਤਿਉਹਾਰ ਦੇ ਰੂਪ ਵਿੱਚ ਮਨਾਇਆ ਜਾਣਾ ਸ਼ੁਰੂ ਕਰ ਦਿੱਤਾ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਨੌਵੇਂ ਪਾਤਸ਼ਾਹ ਦੇ ਤੌਰ 'ਤੇ ਗੁਰਿਆਈ ਸੰਭਾਲਣ ਤੋਂ ਪਿੱਛੋਂ ਸ਼ਾਇਦ ਪਹਿਲੀ ਵਾਰ ਚੱਕ ਨਾਨਕੀ ਵਿਖੇ ਵਿਸਾਖੀ ਦਾ ਪੁਰਬ ਮਨਾਇਆ ਸੀ। ਸ਼ਹੀਦ ਬਿਲਾਸ ਦੀ ਟੂਕ ਵਿੱਚ ਦੋ ਵੇਰਵੇ ਆਏ ਹਨ।[26] ਇੱਕ ਇਹ ਕਿ 'ਵੈਸਾਖੀ ਕੇ ਦਿਵਸ ਪੈ ਪਹੁੰਚਯੋ ਪੁਰੀ ਅਨੰਦ।' ਅਤੇ ਦੂਜਾ 'ਸਤ੍ਰਹ ਸੈ ਨੋ ਬੀਸ ਮੈਂ ਚੇਤ੍ਰ ਮਾਸ ਪਛਾਨ।' ਕਿਉਂਕਿ ਲਿਖਤ ਕਵਿਤਾ ਵਿੱਚ ਲਿਖੀ ਹੋਈ ਹੈ। ਕਈ ਲੋਕ ਤੁਕਬੰਦੀ ਕਰਨ ਖਾਤਰ ਸ਼ਬਦਾਂ ਨੂੰ ਅੱਗੇ ਪਿੱਛੇ ਕਰ ਦਿੰਦੇ ਹਨ ਅਤੇ ਸਤਰ ਦੀ ਆਖਰੀ ਆਵਾਜ਼ ਲਈ ਉੱਪਰਲੀ ਤੁਕ ਨਾਲ ਮੇਲਣ ਵਾਸਤੇ ਸ਼ਬਦਾਵਲੀ ਨੂੰ ਆਪਣੀ ਮਰਜ਼ੀ ਨਾਲ ਵਰਤਣ ਦੀ ਖੁੱਲ੍ਹ ਲੈ ਲੈਂਦੇ ਹਨ। ਇਸ ਗੱਲ ਨੂੰ ਸਾਹਮਣੇ ਰੱਖ ਕੇ ਉਕਤ ਤੁਕਾਂ ਦੇ ਅਰਥ ਇਹ ਬਣਦੇ ਹਨ ਕਿ ਭਾਈ

---

25 ਕਿਉਂਕਿ ਇਹ ਲਿਖਤ ਕਾਫ਼ੀ ਸਮਾਂ ਪਿੱਛੋਂ ਸੰਨ 1870 ਈ. ਵਿੱਚ ਲਿਖੀ ਗਈ ਸੀ ਇਸ ਲਈ ਲੇਖਕ ਨੇ ਉਸ ਸਮੇਂ ਦੇ ਪ੍ਰਚੱਲਿਤ ਨਾਂ ਹੀ ਲਿਖੇ ਹਨ ਜਿਵੇਂ ਕਿ ਮਨੀ ਸਿੰਘ ਜਾਂ ਆਨੰਦਪੁਰ ਆਦਿ। ਗੁਰੂ ਤੇਗ਼ ਬਹਾਦਰ ਦੀ ਹਜ਼ੂਰੀ ਵਿੱਚ ਆਉਣ ਸਮੇਂ ਭਾਈ ਮਨੀ ਸਿੰਘ ਅੰਮ੍ਰਿਤ ਛਕ ਕੇ ਸਿੰਘ ਨਹੀਂ ਬਣੇ ਸਨ। ਇਸੇ ਤਰ੍ਹਾਂ ਉਸ ਸਮੇਂ ਅਜੇ ਚੱਕ ਨਾਨਕੀ ਦਾ ਨਾਂ ਆਨੰਦਪੁਰ ਪ੍ਰਚੱਲਿਤ ਨਹੀਂ ਹੋਇਆ ਸੀ। ਆਨੰਦਪੁਰ ਨਾਂ ਗੁਰੂ ਦਸਮ ਪਾਤਿਸ਼ਾਹ ਨੇ ਰੱਖਿਆ ਸੀ।

26 ਸੇਵਾ ਸਿੰਘ, *ਸ਼ਹੀਦ ਬਿਲਾਸ, ਭਾਈ ਮਨੀ ਸਿੰਘ,* ਗਿਆਨੀ ਗਰਜਾ ਸਿੰਘ (ਸੰਪਾ.), ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1961, ਪੰਨੇ 58-59.

ਮਨੀ ਸਿੰਘ ਆਪਣੇ ਪਰਿਵਾਰ ਸਮੇਤ ਸੰਮਤ 1729 ਬਿਕਰਮੀ ਦੇ ਚੇਤ ਦੇ ਮਹੀਨੇ ਵਿੱਚ ਆਨੰਦਪੁਰ (ਚੱਕ ਨਾਨਕੀ) ਵਿਖੇ ਪਹੁੰਚ ਗਿਆ ਸੀ।[27]

ਮਾਲਵਾ ਪੰਜਾਬ ਦਾ ਇੱਕ ਅਜਿਹਾ ਖੇਤਰ ਸੀ ਜਿੱਥੇ ਜੱਟ ਕਬੀਲਿਆਂ ਦੀ ਆਬਾਦੀ ਬਹੁ ਗਿਣਤੀ ਵਿੱਚ ਸੀ। ਮਾਲਵਾ ਦਾ ਕੇਂਦਰ ਗੁਰੂ-ਕਾਲ ਸਮੇਂ ਸਰਹਿੰਦ ਸੀ ਜੋ ਮੁਗ਼ਲ ਸਾਮਰਾਜ ਦਾ ਇੱਕ ਮਜ਼ਬੂਤ ਸੂਬਾਈ ਕੇਂਦਰ ਸੀ। ਸਰਹਿੰਦ ਤੋਂ ਪਹਿਲਾਂ ਸਮਾਣਾ ਅਤੇ ਸੁਨਾਮ ਸ਼ਹਿਰ ਵੱਖ-ਵੱਖ ਸਮਿਆਂ 'ਤੇ ਮਾਲਵਾ ਦੇ ਕੇਂਦਰ ਰਹੇ ਸਨ। ਸਰਹਿੰਦ ਲਾਹੌਰ ਅਤੇ ਦਿੱਲੀ ਦੇ ਵਿਚਕਾਰ ਸ਼ੇਰ ਸ਼ਾਹ ਸੂਰੀ ਵੱਲੋਂ ਬਣਾਏ ਗਏ (ਗਰੈਂਡ ਟਰੰਕ ਰੋਡ) ਮੁੱਖ ਮਾਰਗ ਉੱਪਰ ਲੱਗਭੱਗ ਅੱਧ ਵਿੱਚ ਸੀ। ਪੰਜਾਬ ਨੂੰ ਕਈ ਇਲਾਕਾਈ ਕੇਂਦਰਾਂ ਵਿੱਚ ਵੰਡ ਕੇ ਰੱਖਿਆ ਹੋਇਆ ਸੀ। ਇਹ ਕੇਂਦਰ ਸਨ: ਲਾਹੌਰ, ਮੁਲਤਾਨ, ਜਲੰਧਰ ਅਤੇ ਸਰਹਿੰਦ। ਲਾਹੌਰ ਪੰਜਾਬ ਸੂਬੇ ਦਾ ਮੁੱਖ ਕੇਂਦਰ ਸੀ। ਦੂਸਰੇ ਨੰਬਰ ਤੇ ਸਰਹਿੰਦ ਦਾ ਸੂਬਾ ਸੀ। ਸਰਹਿੰਦ ਦੇ ਸੂਬੇ ਦੀ ਵਿਸ਼ੇਸ਼ਤਾ ਸੀ ਕਿ ਇਹ ਇੱਕ ਤਾਂ ਦਿੱਲੀ ਦੇ ਬਿਲਕੁਲ ਨੇੜੇ ਸੀ ਅਤੇ ਦੂਜਾ ਇਹ ਕਿ ਇੱਥੋਂ ਦੇ ਰਹਿਣ ਵਾਲੇ ਕਬੀਲੇ ਬਹੁਤ ਦਲੇਰ ਅਤੇ ਸੁਤੰਤਰ ਸੁਭਾਅ ਵਾਲੇ ਸਨ। ਇਸ ਲਈ ਇੱਥੋਂ ਮੁਗ਼ਲ ਸਰਕਾਰ ਲਈ ਫ਼ੌਜ ਵਿੱਚ ਭਰਤੀ ਕਰਨ ਲਈ ਸੌਖਿਆ ਤਕੜੇ ਨੌਜਵਾਨ ਮਿਲ ਜਾਂਦੇ ਸਨ। ਇਹ ਸਾਰਾ ਖੇਤਰ ਮਾਰੂਥਲ ਖੁਸ਼ਕ ਜੰਗਲੀ ਇਲਾਕਾ ਸੀ। ਪਰ ਸਰਹਿੰਦ ਵਿੱਚ ਸ਼ੇਖ਼ ਅਹਿਮਦ ਸਰਹਿੰਦੀ ਦਾ ਮੁੱਖ ਕੇਂਦਰ ਹੋਣ ਕਰਕੇ ਸਰਹਿੰਦ ਸਰਕਾਰ ਉਸ ਦੇ ਪ੍ਰਭਾਵ ਅਧੀਨ ਸੀ।[28]

ਗੁਰੂ ਤੇਗ਼ ਬਹਾਦਰ ਸਾਹਿਬ ਭਾਰਤ ਦੇ ਵੱਖ-ਵੱਖ ਖੇਤਰਾਂ ਦੇ ਦੌਰੇ ਕਰ ਰਹੇ ਸਨ। ਪਿਛਲੇ ਕੁਝ ਸਮੇਂ ਵਿੱਚ ਪੂਰਬੀ ਭਾਰਤ ਦੇ ਵੱਖ-ਵੱਖ ਖੇਤਰਾਂ ਦਾ ਦੌਰਾ ਕਰਕੇ ਆਏ ਸਨ। ਚੱਕ ਨਾਨਕੀ ਵਿਖੇ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚੋਂ ਮੁਖੀ ਸਿੱਖ ਗੁਰੂ ਸਾਹਿਬ ਕੋਲ ਪਹੁੰਚਦੇ ਸਨ। ਮਾਲਵਾ ਦੇ ਸਿੱਖ ਆਪੋ-ਆਪਣੇ

---

27 ਫ਼ੌਜਾ ਸਿੰਘ ਤਾਰਨ ਸਿੰਘ, *ਗੁਰੂ ਤੇਗ਼ ਬਹਾਦਰ: ਜੀਵਨ ਅਤੇ ਰਚਨਾ*, ਪੰਨਾ-13.

28 ਫ਼ੌਜਾ ਸਿੰਘ ਨੇ ਸ਼ੇਖ਼ ਅਹਿਮਦ ਸਰਹਿੰਦੀ ਬਾਰੇ ਲਿਖਿਆ ਹੈ, "ਸ਼ੇਖ਼ ਅਹਿਮਦ (1564-1624 ਈ.) ਸ਼ੇਖ਼ ਅਬਦੁਲ ਫਾਰੂਕੀ ਕਾਬੁਲੀ ਨਕਸ਼ਬੰਦੀ ਦਾ ਪੁੱਤਰ ਸੀ। ਉਸ ਦੀ ਪੀੜ੍ਹੀ ਦੂਜੇ ਖ਼ਲੀਫੇ ਉਮਰ (634-644 ਈ.) ਨਾਲ ਜਾ ਮਿਲਦੀ ਹੈ। ਜਿਸ ਨੂੰ ਫਾਰੂਕੀ ਕਹਿੰਦੇ ਸਨ। ਉਸ ਦੇ ਪ੍ਰਭਾਵਸ਼ਾਲੀ ਉੱਤਰਾਧਿਕਾਰੀਆਂ ਵਿੱਚੋਂ ਸ਼ੇਖ਼ ਅਹਿਮ ਮਾਸੂਮ, ਮੁਹੰਮਦ, ਸੱਈਦ, ਖਵਾਜਾ ਨਕਸ਼ਬੰਦੀ ਤੇ ਮੁਹੰਮਦ ਜੁਬੇਰ ਬਹੁਤ ਪ੍ਰਸਿੱਧ ਸਨ। ਇਨ੍ਹਾਂ ਨੇ ਰਾਜ ਦੇ ਮਾਮਲਿਆਂ ਉਤੇ ਡੂੰਘੀ ਛਾਪ ਛੱਡੀ ਸੀ। ਸਰਹਿੰਦ ਵਿਖੇ ਹੁਣ ਵੀ ਸ਼ੇਖ਼ ਅਹਿਮਦ ਦਾ ਸੁੰਦਰ ਮਜ਼ਾਰ ਮੌਜੂਦ ਹੈ ਜਿਸ ਨੂੰ 'ਰੋਜ਼ਾ-ਸ਼ਰੀਫ਼' ਕਹਿੰਦੇ ਹਨ।" ਫ਼ੌਜਾ ਸਿੰਘ, ਤਾਰਨ ਸਿੰਘ, *ਗੁਰੂ ਤੇਗ਼ ਬਹਾਦਰ: ਜੀਵਨ ਅਤੇ ਰਚਨਾ*, ਪੰਨਾ-65.

ਖੇਤਰਾਂ ਵਿੱਚ ਗੁਰੂ ਸਾਹਿਬ ਨੂੰ ਆਉਣ ਦਾ ਸੱਦਾ ਦਿੰਦੇ ਸਨ। ਉਹਨਾਂ ਸੱਦਿਆਂ ਦੀ ਰੌਸ਼ਨੀ ਵਿੱਚ ਗੁਰੂ ਸਾਹਿਬ ਨੇ ਪੰਜਾਬ ਦੇ ਮਾਲਵਾ ਖੇਤਰ ਦਾ ਦੌਰਾ ਕਰਨ ਦਾ ਫੈਸਲਾ ਕੀਤਾ ਸੀ। ਅੰਦਾਜ਼ਾ ਹੈ ਕਿ ਗੁਰੂ ਸਾਹਿਬ ਨੇ ਮਾਲਵਾ ਦੀਆਂ ਪਰਚਾਰ-ਯਾਤਰਾਵਾਂ 1674 ਈਸਵੀ ਦੇ ਪਿਛਲੇ ਅੱਧ ਵਿੱਚ ਚੌਮਾਸਾ[29] ਲੰਘਾ ਕੇ ਕੀਤੀਆਂ ਸਨ। ਇਹ ਯਾਤਰਾਵਾਂ 1675 ਈਸਵੀ ਦੇ ਅੱਧ ਤੱਕ ਚੌਮਾਸੇ ਤੋਂ ਪਹਿਲਾਂ ਸਮਾਪਤ ਕਰ ਲਈਆਂ ਗਈਆਂ ਸਨ।

ਮਾਲਵਾ ਵਿਚਲੀਆਂ ਯਾਤਰਾਵਾਂ ਦੇ ਸੰਬੰਧ ਵਿੱਚ ਕੁਝ ਗੱਲਾਂ ਵਿਸ਼ੇਸ਼ ਕਰਕੇ ਧਿਆਨ ਦੇਣ ਯੋਗ ਹਨ। ਇੱਕ ਇਹ ਕਿ, ਜੇਕਰ ਮਾਲਵਾ ਵਿੱਚ ਅੰਮ੍ਰਿਤਸਰ ਵਾਲੇ ਪਾਸਿਉਂ ਪ੍ਰਵੇਸ਼ ਕਰਨਾ ਹੋਵੇ ਤਾਂ ਹਰੀਕੇ ਪੱਤਣ ਰਾਹੀਂ ਸਤਲੁਜ ਨੂੰ ਪਾਰ ਕਰਕੇ ਆਉਣਾ ਪੈਂਦਾ ਸੀ। ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਆਪਣੇ ਆਪਣੇ ਸਮੇਂ ਆਏ ਸਨ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਵੀ ਇਸ ਪਾਸਿਉਂ ਹੀ ਮਾਲਵਾ ਵਿੱਚ ਦਾਖ਼ਲ ਹੋਏ ਸਨ। ਇਸ ਪਾਸੇ ਪਹਿਲਾਂ ਮੁੱਖ ਪੜਾਅ ਡਰੋਲੀ ਭਾਈ ਕੀ ਬਣਦਾ ਸੀ। ਜੇਕਰ ਮਾਲਵਾ ਵਿੱਚ ਚੱਕ ਨਾਨਕੀ ਜਾਂ ਕੀਰਤਪੁਰ ਸਾਹਿਬ ਵਾਲੇ ਪਾਸਿਉਂ ਆਉਣਾ ਹੁੰਦਾ ਸੀ ਤਾਂ ਸਤਲੁਜ ਨੂੰ ਰੋਪੜ ਵਾਲੇ ਪੱਤਣ ਤੋਂ ਪਾਰ ਕਰਨਾ ਪੈਂਦਾ ਸੀ। ਇੱਧਰੋਂ ਪਾਰ ਕਰਕੇ ਮਾਲਵਾ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਪੁਆਧ ਅਤੇ ਮਾਲਵਾ ਦਾ ਵਿਚਕਰਾਲਾ ਕੇਂਦਰੀ ਅਸਥਾਨ ਸ਼ੈਫਾਬਾਦ ਬਣਦਾ ਸੀ। ਸ਼ੈਫਾਬਾਦ ਨੂੰ ਬਹਾਦਰਗੜ੍ਹ ਕਿਹਾ ਜਾਂਦਾ ਹੈ। ਇਹ ਬਹਾਦਰਗੜ੍ਹ ਪਟਿਆਲੇ ਦੇ ਬਿਲਕੁਲ ਨਜ਼ਦੀਕ ਹੈ। ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਸਾਹਿਬ ਮਾਲਵਾ ਵਿੱਚ ਪ੍ਰਵੇਸ਼ ਕਰਨ ਲਈ ਸਭ ਤੋਂ ਪਹਿਲਾਂ ਸ਼ੈਫਾਬਾਦ ਪਹੁੰਚੇ ਅਤੇ ਇਹ ਪਟਿਆਲੇ ਤੋਂ ਪਟਿਆਲਾ-ਰਾਜਪੁਰਾ ਹਾਈ-ਵੇ (High-way) ਉੱਪਰ ਅੱਠ ਕਿਲੋਮੀਟਰ ਦੀ ਦੂਰੀ ’ਤੇ ਹੈ।

ਸ਼ੈਫਾਬਾਦ, ਨਵਾਬ ਸੈਫ਼ ਅਲੀ ਖ਼ਾਨ ਜਾਂ ਨਵਾਬ ਸੈਫ਼ ਉਦ-ਦੀਨ ਖ਼ਾਨ ਦੀ ਰਿਹਾਇਸ਼ ਸੀ। ਇਹ ਸੈਫ਼ ਅਲੀ ਖ਼ਾਨ ਔਰੰਗਜ਼ੇਬ ਬਾਦਸ਼ਾਹ ਦਾ ਬੜਾ ਕਰੀਬੀ ਰਿਸ਼ਤੇਦਾਰ ਸੀ। ਮੁਆਸਰਿ ਆਲਮਗੀਰੀ ਵਿੱਚ ਸੈਫ਼ ਅਲੀ ਖ਼ਾਨ ਨੂੰ ਔਰੰਗਜ਼ੇਬ ਦਾ ਧਰਮ ਦਾ ਭਰਾ ਲਿਖਿਆ ਹੋਇਆ ਹੈ। ਧਰਮ ਦਾ ਭਰਾ ਦਾ ਮਤਲਬ ਹੈ

---

29 ਚੌਮਾਸਾ ਦਾ ਮਤਲਬ ਹੈ ਕਿ ਤਪਦੀ ਗਰਮ ਦੇ ਦੋ ਮਹੀਨੇ ਜੇਠ ਅਤੇ ਹਾੜ੍ਹ ਅਤੇ ਵਰਖਾ ਰੁੱਤ ਦੇ ਦੋ ਮਹੀਨੇ ਸੌਣ ਅਤੇ ਭਾਦੋਂ ਲੰਘਾ ਕੇ ਕਿਸੇ ਯਾਤਰਾ ’ਤੇ ਰਵਾਨਾ ਹੋਣਾ। ਪੰਜਾਬ ਵਿੱਚ ਇਹ ਚਾਰ ਮਹੀਨੇ (ਜੇਠ, ਹਾੜ੍ਹ, ਸਾਵਨ ਅਤੇ ਭਾਦੋਂ) ਬਾਹਰ ਤੁਰਨ-ਫਿਰਨ ਵਾਸਤੇ ਬਹੁਤ ਔਖੇ ਮਹੀਨੇ ਹੁੰਦੇ ਹਨ। ਜੇਠ-ਹਾੜ੍ਹ ਵਿੱਚ ਬਹੁਤ ਤਪਸ ਭਰੀ ਗਰਮੀ ਪੈਂਦੀ ਸੀ ਅਤੇ ਸੋਣ-ਭਾਦੋਂ ਵਿੱਚ ਵਰਖਾ-ਰੁਤ ਹੋਣ ਕਰਕੇ ਕੱਚੇ ਰਸਤਿਆਂ ਵਿੱਚ ਅਤੇ ਨਦੀਆਂ-ਨਾਲਿਆਂ ਵਿੱਚ ਪਾਣੀ ਭਰ ਜਾਂਦਾ ਸੀ। ਇਸ ਲਈ ਪੁਰਾਤਨ ਪੰਜਾਬ ਵਿੱਚ ਇਨ੍ਹਾਂ ਚਾਰ ਮਹੀਨਿਆਂ ਨੂੰ ਲੰਘਾ ਕੇ ਹੀ ਵੱਡਾ ਕੰਮ ਆਰੰਭਿਆ ਜਾਂਦਾ ਸੀ।

ਕਿ ਉਹ ਉਸ ਦਾ ਸਕਾ ਭਰਾ ਤਾਂ ਨਹੀਂ ਸੀ ਪਰ ਉਹ ਇੱਕ-ਦੂਜੇ ਦੇ ਇੰਨੇ ਵਿਸ਼ਵਾਸ਼ਪਾਤਰ ਸਨ ਕਿ ਉਹ ਭਰਾਵਾਂ ਵਾਂਗ ਰਹਿੰਦੇ ਸਨ। ਨਵਾਬ ਸੈਫ਼ ਅਲੀ ਖ਼ਾਨ ਦੇ ਪਿਤਾ ਦਾ ਨਾਂ ਤਰਬੀਅਤ ਖ਼ਾਨ ਸੀ ਅਤੇ ਸੈਫ ਅਲੀ ਖ਼ਾਨ ਦਾ ਇੱਕ ਭਰਾ ਹੋਰ ਸੀ ਜਿਸ ਦਾ ਨਾਂ ਫ਼ਿਦਾਈ ਖ਼ਾਨ ਸੀ। ਔਰੰਗਜ਼ੇਬ, ਸੈਫ਼ ਅਲੀ ਖ਼ਾਨ ਦੀ ਵਫ਼ਾਦਾਰੀ ਤੋਂ ਬਹੁਤ ਖੁਸ਼ ਸੀ। ਇਸ ਲਈ ਉਸ ਨੇ ਸੈਫ਼ ਅਲੀ ਖ਼ਾਨ ਨੂੰ ਆਗਰਾ ਦਾ ਸੂਬੇਦਾਰ ਬਣਾ ਦਿੱਤਾ ਸੀ। ਪਰ ਸੈਫ਼ ਅਲੀ ਖ਼ਾਨ ਔਰੰਗਜ਼ੇਬ ਦਾ ਇੰਨਾ ਵਿਸ਼ਵਾਸ਼ਪਾਤਰ ਅਤੇ ਸੂਬੇਦਾਰ ਦੀ ਪਦਵੀ 'ਤੇ ਪਹੁੰਚਣ ਦੇ ਬਾਵਜੂਦ ਵੀ ਫ਼ਕੀਰੀ ਅਤੇ ਤਿਆਗੀ ਸੁਭਾਅ ਵਾਲਾ ਸੀ। ਉਹ ਗੁਰੂ ਹਰਿ ਰਾਇ ਸਾਹਿਬ ਦੇ ਸਮੇਂ ਤੋਂ ਸਿੱਖ ਗੁਰੂ ਸਾਹਿਬਾਨ ਨਾਲ ਮਿਲਦਾ-ਜੁਲਦਾ ਰਹਿੰਦਾ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਉਨ੍ਹਾਂ ਦਾ ਮੇਲਜੋਲ ਉਨ੍ਹਾਂ ਦੇ ਗੁਰੂ ਬਣਨ ਦੇ ਸਮੇਂ ਤੋਂ ਪਹਿਲਾਂ ਦਾ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਵੱਲੋਂ ਗੁਰਿਆਈ ਧਾਰਨ ਕਰਨ ਤੋਂ ਬਾਅਦ ਤਾਂ ਨਵਾਬ ਸੈਫ਼ ਅਲੀ ਖ਼ਾਨ ਉਨ੍ਹਾਂ ਦਾ ਇੱਕ ਕਿਸਮ ਦਾ ਮੁਰੀਦ ਬਣ ਗਿਆ ਸੀ।[30] ਇਸ ਕਰਕੇ ਔਰੰਗਜ਼ੇਬ ਦਾ ਝੁਕਾਅ ਨਵਾਬ ਸੈਫ਼ ਅਲੀ ਖ਼ਾਨ ਵੱਲੋਂ ਕਈ ਵਾਰ ਉਚਾਟ ਹੁੰਦਾ ਰਿਹਾ ਸੀ। ਪਰ ਸੈਫ਼ ਅਲੀ ਖ਼ਾਨ ਆਪਣੀ ਡਿਊਟੀ ਵਿੱਚ ਪੂਰੀ ਵਫਾਦਾਰੀ ਨਾਲ ਅਤੇ ਨਿਪੁੰਨਤਾ ਨਾਲ ਕੰਮ ਕਰਦਾ ਸੀ। ਇਸ ਕਰਕੇ ਕਈ ਵਾਰ ਔਰੰਗਜ਼ੇਬ ਨੇ ਉਸ ਦੇ ਫ਼ਕੀਰੀ ਸੁਭਾਅ ਨੂੰ ਅਤੇ ਗੁਰੂ ਤੇਗ਼ ਬਹਾਦਰ ਪ੍ਰਤੀ ਝੁਕਾਅ ਨੂੰ ਨਜ਼ਰਅੰਦਾਜ਼ ਕਰਕੇ ਕਸ਼ਮੀਰ ਦਾ ਇੱਕ-ਦੋ ਵਾਰ ਸੂਬੇਦਾਰ ਨਿਯੁਕਤ ਕੀਤਾ ਸੀ ਅਤੇ ਮਾਨ-ਸਨਮਾਨ ਉਸ ਨੂੰ ਦਿੱਤੇ ਸਨ। ਪਰ ਜਦੋਂ ਸੈਫ਼ ਅਲੀ ਖ਼ਾਨ ਦੀ ਨੇੜਤਾ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਵਧਦੀ ਗਈ ਤਾਂ ਔਰੰਗਜ਼ੇਬ ਨੇ ਸੈਫ਼ ਅਲੀ ਖ਼ਾਨ ਨੂੰ ਸਰਕਾਰੀ ਜਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਸੀ। ਉਸ ਨੂੰ ਸੈਫ਼ਾਬਾਦ ਵਾਲੇ ਸਥਾਨ 'ਤੇ ਇੱਕ ਜਾਗੀਰ ਦੇ ਦਿੱਤੀ ਸੀ। ਸੈਫ਼ ਅਲੀ ਖ਼ਾਨ ਇਸੇ ਜਾਗੀਰ ਵਿੱਚ ਆਪਣੀ ਰਿਹਾਇਸ਼ ਬਣਾ ਕੇ ਰਹਿਣ ਲੱਗ ਪਿਆ ਸੀ। ਇਸ ਥਾਂ ਦਾ ਨਾਂ ਉਸ ਨੇ ਸੈਫ਼ਾਬਾਦ ਰੱਖਿਆ ਸੀ।[31]

ਗੁਰੂ ਤੇਗ਼ ਬਹਾਦਰ ਸਾਹਿਬ ਆਪਣੇ ਪਰਿਵਾਰ ਅਤੇ ਮੁਖੀ ਸਿੱਖਾਂ ਸਮੇਤ ਸ਼ੈਫਾਬਾਦ ਪਹੁੰਚ ਕੇ ਸੈਫ਼ ਅਲੀ ਖ਼ਾਨ ਦੀ ਰਿਹਾਇਸ਼ ਦੇ ਬਾਹਰ ਉਸ ਦੇ ਬਾਗ ਵਿੱਚ ਉੱਤਰੇ ਸਨ। ਇਸ ਥਾਂ ਉੱਪਰ ਇਸ ਸਮੇਂ ਇੱਕ ਬਹੁਤ ਅਲੀਸਾਨ ਗੁਰਦੁਆਰਾ ਹੈ। ਇਹ ਅਸਥਾਨ ਬਹਾਦਰਗੜ੍ਹ ਕਿਲ੍ਹੇ ਦੇ ਬਾਹਰ ਪਟਿਆਲਾ-ਰਾਜਪੁਰਾ ਹਾਈ-ਵੇ ਉੱਪਰ ਖੱਬੇ ਪਾਸੇ ਸਥਿਤ ਹੈ। ਜਿਹੜਾ ਵਰਤਮਾਨ ਕਿਲ੍ਹਾ ਬਹਾਦਰਗੜ੍ਹ ਹੈ, ਸੈਫ਼ ਅਲੀ ਖ਼ਾਨ ਦੀ

---

30 Teja Singh, Ganda Singh, *A Short History of the Sikhs*, pp. 55.

31 ਫ਼ੌਜਾ ਸਿੰਘ, ਤਾਰਨ ਸਿੰਘ, *ਗੁਰੂ ਤੇਗ਼ ਬਹਾਦਰ: ਜੀਵਨ ਅਤੇ ਰਚਨਾ*, ਪੰਨੇ 75-76.

ਰਿਹਾਇਸ਼ ਇਸ ਦੇ ਅੰਦਰਲੇ ਪਾਸੇ, ਭਾਵ ਹਾਈ-ਵੇ ਦੇ ਦੂਸਰੇ ਸੱਜੇ ਪਾਸੇ ਸੀ। ਦੋਹਾਂ ਥਾਵਾਂ ਦੇ ਵਿੱਚੋਂ ਦੀ ਵਰਤਮਾਨ ਹਾਈ-ਵੇ ਲੰਘਦਾ ਹੈ।

ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਵਿੱਚ ਲਿਖਿਆ ਹੈ, "ਸ਼ੈਫਾਬਾਦ ਸਰਫ਼ ਦੀਨ (ਸੈਫ਼ ਅਲੀ ਖ਼ਾਨ) ਕੋਲ। ਕੂਏ ਕੇ ਕਿਨਾਰੇ ਪੰਚਬਟੀ ਕੇ ਸਮਾਨ ਅਸਥਾਨ ਦੇਖਾ, ਤਿਥੇ ਹੀ ਡੇਰਾ ਕੀਆ। ਤਿਸ ਕਸਬੇ ਕਾ ਮਾਲਕ ਸ਼ਰਫ਼ ਦੀਨ ਥਾ। ਬੜਾ ਨੇਕ ਮਰਦ ਹੈਸੀ ਦਿਲ ਕਾ ਸਾਫ਼ ਹੈਸੀ ਤਿਸ ਨੇ ਭੀ ਸੁਨਿਆ ਜੋ ਤੇਗ਼ ਬਹਾਦਰ ਸਾਹਿਬ ਬਾਗ ਬੀਚ ਉਤਰੇ ਹੈਨਿ ਬਡਾ ਖੁਸ਼ ਹੋਆ, ਬਾਗੇ ਬੀਚ ਸਮਾਵੇ ਨਾਹੀ। ਉਸੀ ਵਕਤ ਲੈ ਕਰ ਕੇ ਮੇਵਿਓ ਕੀ ਡਾਲੀਆਂ ਲੰਗਰ ਨੂੰ ਰਸਤ ਮੰਗਵਾਇ, ਆਪ ਗੁਰੂ ਜੀ ਨੂੰ ਆਇ ਮਥਾ ਟੇਕਿਆ। ਕਹਿਣ ਲਗਾ, 'ਗੁਰੂ ਜੀ ਆਜ ਮੇਰਾ ਜਨਮ ਸਫ਼ਲ ਹੁਆ।' ਗੁਰੂ ਜੀ ਬਚਨ ਕੀਆ, 'ਤੁਸਾਂ ਸਾਹਿਬ ਕੋ ਚਿਤ ਕੀਆ ਹੈ। ਤੁਹਾਡੀਆਂ ਇਕੀ ਕੁਲਾਂ ਕਾ ਜਨਮ ਸਫਲਾ ਕੀਆ।', 'ਗਰੀਬ ਨਿਵਾਜ ਜੀ ਡੇਰਾ ਅੰਦਰ ਕਰੀਏ।' ਗੁਰੂ ਜੀ ਬਚਨ ਕੀਆ, 'ਡੇਰਾ ਇਸੀ ਜਾਗਾ ਬਹੁਤ ਵਧੀਆ ਹੈ।'"[32]

ਸੈਫ਼ ਅਲੀ ਖ਼ਾਨ (ਸ਼ਰਫਦੀਨ) ਨੇ ਸੋਚਿਆ ਕਿ ਸ਼ਾਇਦ ਗੁਰੂ ਸਾਹਿਬ ਉਸ ਦੇ ਪਰਿਵਾਰ ਕਰਕੇ ਕਿਲ੍ਹੇ ਅੰਦਰ ਆ ਕੇ ਨਹੀਂ ਰਹਿਣਾ ਚਾਹੁੰਦੇ। ਇਸ ਲਈ ਉਸ ਨੇ ਆਪਣੀ ਰਿਹਾਇਸ਼ ਦੇ ਬਿਲਕੁਲ ਨਾਲ ਹੀ ਇੱਕ ਪਾਸੇ ਗੁਰੂ ਸਾਹਿਬ ਦੇ ਰਹਿਣ ਵਾਸਤੇ ਤੰਬੂ ਅਤੇ ਕਨਾਤਾਂ ਦਾ ਪ੍ਰਬੰਧ ਕੀਤਾ।[33] ਗੁਰੂ ਸਾਹਿਬ ਦੇ ਪਰਿਵਾਰ ਵਾਸਤੇ ਪਾਣੀ ਦੀ ਵਰਤੋਂ ਲਈ ਇੱਕ ਖੂਹੀ ਵੀ ਖੁਦਵਾਈ ਸੀ। ਗੁਰੂ ਸਾਹਿਬ ਦੀ ਰਿਹਾਇਸ਼ ਦਾ ਪ੍ਰਬੰਧ ਕਰਕੇ ਸੈਫ਼ ਅਲੀ ਖ਼ਾਨ ਨੇ ਬਾਹਰ ਬਾਗ ਵਿੱਚ ਆ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਪਰਿਵਾਰ ਸਮੇਤ ਅੰਦਰ ਕਿਲ੍ਹੇ ਵਿੱਚ ਚੱਲਣ। ਗੁਰੂ ਸਾਹਿਬ ਪਰਿਵਾਰ ਸਮੇਤ ਕਿਲ੍ਹੇ ਅੰਦਰ ਗਏ। ਜਾਂਦੇ ਜਾਂਦੇ ਜਿਉਂ ਹੀ ਅੰਦਰਲੀ ਮਸਜਿਦ ਕੋਲੋਂ ਦੀ ਲੰਘੇ ਤਾਂ ਸੈਫ਼ ਅਲੀ ਖ਼ਾਨ ਨੇ ਕਿਹਾ ਕਿ ਗੁਰੂ ਸਾਹਿਬ ਦੀ ਰਿਹਾਇਸ਼ ਅੱਗੇ ਹੈ। ਇਹ ਤਾਂ ਖੁਦਾ ਦਾ ਘਰ ਹੈ। ਸਾਖੀ ਪੋਥੀ ਵਿੱਚ ਲਿਖਿਆ ਹੈ, "ਗੁਰੂ ਜੀ ਅੰਦਰ ਆਨ ਬੈਠੇ। ਸ਼ਰਫ਼ ਦੀਨ

---

32 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ* (ਭਾਈ ਵੀਰ ਸਿੰਘ (ਸੰਪਾ.), ਅਸਲ ਲੇਖਕ ਦਾ ਨਾਮ ਨਹੀਂ ਹੈ), ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1950, ਪੰਨੇ 1 ਅਤੇ 2. (ਅਗੇ ਤੋਂ ਸਿਰਫ਼ *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਹੀ* ਲਿਖਿਆ ਜਾਵੇਗਾ।

33 ਸਾਖੀ ਪੋਥੀ ਵਿੱਚ ਤਾਂ ਲਿਖਿਆ ਹੈ ਕਿ ਗੁਰੂ ਸਾਹਿਬ ਲਈ ਪੱਕੀਆਂ ਇੱਟਾਂ ਦਾ ਮਕਾਨ ਤਿਆਰ ਕੀਤਾ ਗਿਆ ਸੀ। ਪਰ ਮਕਾਨ ਦੀ ਤਿਆਰੀ ਲਈ ਬਹੁਤ ਸਮੇਂ ਦੀ ਲੋੜ ਹੁੰਦੀ ਹੈ। ਖੂਹ ਜਾਂ ਖੂਹੀ ਲਗਵਾਉਣ ਲਈ ਵੀ ਬਹੁਤ ਸਮਾਂ ਲੱਗਦਾ ਹੈ। ਜਾਂ ਤਾਂ ਇਹ ਤਿਆਰੀ ਬਹੁਤ ਸਮਾਂ ਪਹਿਲਾਂ ਕਰ ਲਈ ਗਈ ਹੋਵੇਗੀ ਤੇ ਜਾਂ ਬਾਅਦ ਵਿੱਚ। ਤੁਰੰਤ ਰਿਹਾਇਸ਼ ਦਾ ਪ੍ਰਬੰਧ ਆਰਜੀ ਤੌਰ 'ਤੇ ਤੰਬੂਆਂ ਦਾ ਹੀ ਹੋ ਸਕਦਾ ਸੀ।

ਮੁਹਰਾਂ ਭੇਟਾ ਆਨਿ ਧਰੀਆ, ਪੌਸ਼ਾਕ ਰਖੀ, ਮਥਾ ਟੇਕਿਆ। ਤਿਸ ਕੀ ਸਮਾਈ (ਬੇਗਮ) ਨੇ ਮਾਤਾ ਗੁਜਰੀ ਜੀ ਕੋ ਮਥਾ ਟੇਕਿਆ। ਭੂਖਨ ਬਸਤ੍ਰ ਦੀਏ ਅਨਿਕ ਪ੍ਰਕਾਰ ਕੇ।"[34]

ਇਸ ਤਰ੍ਹਾਂ ਮੁਖੀ ਸਿੱਖਾਂ ਦਾ ਡੇਰਾ ਬਾਹਰ ਬਾਗ ਵਿੱਚ ਕੀਤਾ ਗਿਆ ਅਤੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਪਰਿਵਾਰ ਦੀ ਰਿਹਾਇਸ਼ ਕਿਲ੍ਹੇ ਦੇ ਅੰਦਰ ਕੀਤੀ ਗਈ ਸੀ। ਸਾਖੀ ਪੋਥੀ ਵਿੱਚ ਲਿਖਿਆ ਹੈ ਕਿ ਗੁਰੂ ਨੇ ਇੱਥੇ ਸੈਫ਼ ਅਲੀ ਖ਼ਾਨ ਕੋਲ ਚੌਮਾਸਾ (ਚਾਰ ਮਹੀਨੇ) ਕੱਟਿਆ ਸੀ। ਇਹ ਕੁਦਰਤੀ ਸੀ ਕਿ ਇਹ ਚਾਰ ਮਹੀਨੇ ਗੁਰੂ ਸਾਹਿਬ ਨੇ ਸਿਰਫ਼ ਸੈਫ਼ਾਬਾਦ ਵਿਖੇ ਬੈਠ ਕੇ ਹੀ ਨਹੀਂ ਬਤੀਤ ਕੀਤੇ ਸਨ। ਅੱਜ ਕੱਲ ਜਿੰਨੇ ਵੀ ਪਿੰਡ ਬਹਾਦਰਗੜ੍ਹ (ਸੈਫ਼ਾਬਾਦ ਦਾ ਮੌਜੂਦਾ ਨਾਂ) ਦੇ 20-20 ਅਤੇ 30-30 ਕਿਲੋਮੀਟਰ ਦੀ ਦੂਰੀ 'ਤੇ ਹਨ ਜਿਵੇਂ ਰੁੜਕੀ, ਸੈਫ਼ਦੀਪੁਰ, ਮਹਿਮਦਪੁਰ, ਅਲੀਪੁਰ, ਸੀਲ, ਹਸਨਪੁਰ, ਕਬੂਲਪੁਰ, ਹਰਪਾਲਪੁਰ ਟਹਿਲਪੁਰਾ ਆਦਿ ਹਨ ਇਨ੍ਹਾਂ ਸਭ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੇ ਆਉਣ ਦੀਆਂ ਪਰੰਪਰਾਵਾਂ ਮਿਲਦੀਆਂ ਹਨ ਅਤੇ ਇੰਨ੍ਹਾਂ ਪਿੰਡਾਂ ਵਿੱਚ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰੇ ਵੀ ਬਣੇ ਹੋਏ ਹਨ। ਇਸ ਦਾ ਭਾਵ ਹੈ ਕਿ ਗੁਰੂ ਸਾਹਿਬ ਇੰਨ੍ਹਾਂ ਆਲੇ-ਦੁਆਲੇ ਦੇ ਪਿੰਡਾਂ ਵਿੱਚ ਇਸ ਸਮੇਂ ਦੌਰਾਨ ਆਉਂਦੇ-ਜਾਂਦੇ ਰਹਿੰਦੇ ਸਨ।[35]

ਸੈਫ਼ ਅਲੀ ਖ਼ਾਨ ਦਾ ਫ਼ਕੀਰੀ ਸੁਭਾਅ ਤਾਂ ਪਹਿਲਾਂ ਤੋਂ ਹੀ ਸੀ। ਗੁਰੂ ਸਾਹਿਬ ਦੀ ਸੰਗਤ ਕਰਕੇ ਉਹ ਹੋਰ ਵੀ ਰੱਬੀ ਰੰਗਤ ਵਿੱਚ ਰੰਗਿਆ ਗਿਆ ਸੀ। ਗੁਰੂ ਸਾਹਿਬ ਨੇ ਵੀ ਸੈਫ਼ ਅਲੀ ਖ਼ਾਨ ਨੂੰ ਉਪਦੇਸ਼ ਦਿੰਦਿਆਂ ਕਿਹਾ ਸੀ "ਸਾਹਿਬ ਨੂੰ ਹਰਦਮ ਯਾਦ ਰੱਖਣਾ, ਸਾਧ-ਫ਼ਕੀਰ ਕੀ ਸੇਵਾ ਬੰਦਗੀ ਕਰਨੀ; ਮਨ ਨੀਵਾਂ ਰੱਖਣਾ, ਤੁਸਾਨੂੰ ਸਦਾ ਹੀ ਆਨੰਦ ਰਹੇਗਾ।" ਸੈਫ਼ ਅਲੀ ਖ਼ਾਨ ਨੇ ਗੁਰੂ ਸਾਹਿਬ ਦੇ ਉਪਦੇਸ਼ ਨੂੰ ਆਪਣੇ ਜੀਵਨ ਦਾ ਉਦੇਸ਼ ਹੀ ਬਣਾ ਲਿਆ ਸੀ। ਸਾਥੀ ਪੋਥੀ ਵਿੱਚ ਲਿਖਿਆ ਹੈ, "ਉਸੀ ਦਿਨ ਤੇ ਚਿਪੀ ਪਿਆਲਾ ਰਖੇ, ਗਿਰਿਸਤ ਵਿੱਚ ਹੀ ਫ਼ਕੀਰੀ ਕਰੇ। ਗੁਰੂ ਜੀ ਕੋ ਲੰਗਰ ਕੇ ਲੀਏ ਭਾਂਡੇ ਦੀਏ, ਤੰਬੂ ਛਾਇਆਮਾਨ ਦੀਆ। ਭਾਰ-ਬਰਦਾਰੀ ਕੋ ਸ਼ੁਤਰ (ਊਠ) ਦੀਏ। ਅਸਵਾਰੀ ਕੋ ਬਡਾ ਉਮਦਾ ਘੋੜਾ ਦੀਆ। ਮਾਤਾ ਜੀ ਕੀ ਅਸੁਵਾਰੀ ਕੋ ਰਥ ਦੀਆ।"[36] ਇਸ ਤਰ੍ਹਾਂ ਗੁਰੂ ਸਾਹਿਬ ਸੈਫ਼ ਅਲੀ ਖ਼ਾਨ ਕੋਲ ਚਾਰ ਮਹੀਨੇ ਰਹਿ ਕੇ ਅੱਗੇ ਪਟਿਆਲੇ ਵੱਲ ਨੂੰ ਸਾਰੀ ਸੰਗਤ ਅਤੇ ਮੁਖੀ ਸਿੱਖਾਂ ਸਮੇਤ ਰਵਾਨਾ ਹੋਏ।[37]

---

34 *ਉਹੀ,* ਪੰਨਾ-3.

35 ਫ਼ੌਜਾ ਸਿੰਘ (ਸੰਪਾ.), *ਗੁਰੂ ਤੇਗ਼ ਬਹਾਦਰ: ਯਾਤਰਾ ਅਸਥਾਨ ਪਰੰਪਰਾਵਾਂ,* ਅਤੇ ਯਾਦ ਚਿੰਨ, ਪੰਨੇ 42-53.

36 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ,* ਪੰਨਾ-4.

37 ਅੱਜ ਕੱਲ ਬਹਾਦਰਗੜ੍ਹ (ਸੈਫ਼ਾਬਾਦ) ਵਿਖੇ ਗੁਰੂ ਸਾਹਿਬ ਦੀ ਯਾਦ ਵਿੱਚ ਦੋ ਗੁਰਦੁਆਰੇ ਹਨ। ਇਕ ਕਿਲ੍ਹੇ ਦੇ ਅੰਦਰ ਹੈ ਤੇ ਇੱਕ ਬਾਹਰ ਹੈ। ਅੰਦਰਲੇ ਗੁਰਦੁਆਰੇ ਵਿੱਚ ਉਹੀ ਖੂਹੀ ਵੀ ਹੈ। ਕਿਲੇ ਅੰਦਰ ਉਸ ਸਮੇਂ ਦੀ ਮਸਜਿਦ ਵੀ ਹੈ।

ਸੈਫ਼ਾਬਾਦ (ਬਹਾਦਰਗੜ੍ਹ) ਤੋਂ ਰਵਾਨਾ ਹੋ ਕੇ, ਇੱਥੋਂ ਦਸ ਕਿਲੋਮੀਟਰ ਦੂਰ, ਗੁਰੂ ਸਾਹਿਬ ਲਹਿਲ ਪਿੰਡ ਵਿੱਚ ਜਾ ਉਤਰੇ। ਲਹਿਲ ਪਿੰਡ ਮੌਜੂਦਾ ਪਟਿਆਲਾ ਦੀ ਉਹ ਥਾਂ ਹੈ ਜਿੱਥੇ ਅੱਜ ਕੱਲ ਗੁਰਦੁਆਰਾ ਦੁਖ ਨਿਵਾਰਣ ਸਾਹਿਬ ਹੈ। ਇਸ ਦੇ ਬਿਲਕੁਲ ਸਾਹਮਣੇ ਲਹਿਲ ਪਿੰਡ ਹੈ। ਇਹ ਮੌਜੂਦਾ ਰੂਪ ਵਿੱਚ ਪਟਿਆਲਾ ਦਾ ਇੱਕ ਮੁਹੱਲਾ ਜਾਂ ਕਾਲੋਨੀ ਹੈ ਜਿਸ ਨੂੰ ਲਹਿਲ ਕਾਲੋਨੀ ਵੀ ਕਹਿ ਦਿੱਤਾ ਜਾਂਦਾ ਹੈ। ਗੁਰੂ ਸਾਹਿਬ ਇਸ ਲਹਿਲ ਪਿੰਡ ਵਿਖੇ ਕਈ ਦਿਨ ਠਹਿਰੇ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਇੱਥੇ ਦੋ ਗੁਰਦੁਆਰੇ ਸਥਾਪਿਤ ਹਨ। ਇੱਕ ਪਹਿਲਾ ਅਤੇ ਵੱਡੀ ਮੰਨਤ ਵਾਲਾ ਗੁਰਦੁਆਰਾ ਮੋਤੀ ਬਾਗ ਸਾਹਿਬ ਹੈ। ਦੂਜਾ ਵੱਡਾ ਗੁਰਦੁਆਰਾ ਲਹਿਲ ਖਾਸ ਵਿੱਚ ਗੁਰਦੁਆਰਾ ਦੁਖ ਨਿਵਾਰਣ ਸਾਹਿਬ ਹੈ। ਦੋਵਾਂ ਥਾਵਾਂ 'ਤੇ ਗੁਰੂ ਸਾਹਿਬ ਦੇ ਕੁਝ ਦਿਨ ਠਹਿਰਣ ਦੀਆਂ ਪਰੰਪਰਾਵਾਂ ਹਨ। ਪਟਿਆਲਾ ਸ਼ਹਿਰ ਉਸ ਸਮੇਂ ਨਹੀਂ ਸੀ। ਇਹ ਸ਼ਹਿਰ ਬਹੁਤ ਸਮਾਂ ਪਿੱਛੋਂ, ਅਠਾਰ੍ਹਵੀਂ ਸਦੀ ਦੇ ਪਿਛਲੇ ਅੱਧ ਵਿਚ ਹੀ ਵਸਿਆ ਸੀ।[38] ਇਸ ਕਰਕੇ ਇੱਥੇ ਇਹ ਗੁਰਦੁਆਰੇ ਪਟਿਆਲਾ ਰਿਆਸਤ ਦੇ ਹੋਂਦ ਵਿੱਚ ਆਉਣ ਤੋਂ ਪਿੱਛੋਂ ਉਸਾਰੇ ਗਏ ਸਨ।

ਲਹਿਲ (ਪਟਿਆਲਾ) ਰਹਿੰਦੇ ਹੋਏ ਗੁਰੂ ਸਾਹਿਬ ਇਸ ਦੇ ਨੇੜੇ-ਤੇੜੇ ਦੇ ਪਿੰਡਾਂ ਜਿਵੇਂ ਕਿ ਨੌਲੱਖਾ, ਟਹਿਲਪੁਰਾ, ਆਕੜ, ਅਤੇ ਲੰਗ ਆਦਿ ਵਿੱਚ ਵੀ ਗਏ ਸਨ। ਇਨ੍ਹਾਂ ਪਿੰਡਾਂ ਵਿੱਚ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰੇ ਬਣੇ ਹੋਏ ਹਨ। ਪਟਿਆਲੇ ਤੋਂ ਨਾਭੇ ਵੱਲ ਜਾਂਦਿਆਂ ਰਸਤੇ ਵਿੱਚ ਕਈ ਪਿੰਡ ਆਉਂਦੇ ਹਨ। ਜਿਵੇਂ ਕਿ ਸੀਂਭੜੋ, ਧੰਗੇੜਾ, ਅਗੌਲ, ਰੋਹਟਾ-ਰੋਹਟੀ, ਥੂਹੀ, ਰਾਮਗੜ੍ਹ ਬੌੜਾਂ, ਆਲੋ ਅਰਖ ਤੇ ਗੁਣੀ ਕੇ ਆਦਿ ਹਨ। ਇਨ੍ਹਾਂ ਸਭ ਪਿੰਡਾਂ ਵਿੱਚ ਗੁਰੂ ਸਾਹਿਬ ਦੇ ਆਉਣ ਦੀਆਂ ਪਰੰਪਰਾਵਾਂ ਮਿਲਦੀਆਂ ਹਨ ਅਤੇ ਇਨ੍ਹਾਂ ਸਭ ਪਿੰਡਾਂ ਵਿੱਚ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰੇ ਵੀ ਬਣੇ ਹੋਏ ਹਨ।[39] ਇਨ੍ਹਾਂ ਪਿੰਡਾਂ ਵਿੱਚੋਂ ਠਹਿਰਦੇ ਹੋਏ ਅਤੇ ਲੋਕਾਂ ਨਾਲ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦੇ ਹੋਏ ਗੁਰੂ ਸਾਹਿਬ ਦਾ ਅਗਲਾ ਮੁੱਖ ਪੜਾਅ ਮਾਲਵਾ ਦੇ ਇੱਕ ਬਹੁਤ ਵੱਡੇ ਪਿੰਡ ਭਵਾਨੀਗੜ੍ਹ ਵਿਖੇ ਹੋਣ ਦੀ ਜਾਣਕਾਰੀ ਮਿਲਦੀ ਹੈ। ਭਵਾਨੀਗੜ੍ਹ ਦਾ ਉਸ ਸਮੇਂ ਨਾਂ ਢੋਡੇ ਸੀ। ਢੋਡੇ ਜੱਟ ਸਿੱਖਾਂ ਦਾ ਇੱਕ ਗੋਤ ਹੈ। ਇੱਥੇ ਢੋਡੇ ਜੱਟ ਰਹਿੰਦੇ ਸਨ। ਉਨ੍ਹਾਂ ਕਰਕੇ ਪਿੰਡ ਨੂੰ ਢੋਡੇ ਕਿਹਾ ਜਾਂਦਾ ਸੀ। ਜਦੋਂ ਬਾਬਾ ਆਲਾ ਸਿੰਘ ਨੇ ਇੱਥੇ ਆਪਣੀ ਮੁੱਖ ਸੈਨਿਕ ਚੌਂਕੀ ਬਣਾਈ ਤਾਂ

38 ਪਟਿਆਲਾ ਸ਼ਹਿਰ ਨੂੰ ਅਠਾਰ੍ਹਵੀਂ ਸਦੀ ਦੇ ਦੂਜੇ ਅੱਧ ਵਿੱਚ ਬਾਬਾ ਆਲਾ ਸਿੰਘ ਨੇ ਸਥਾਪਿਤ ਕੀਤਾ ਸੀ। ਪਟਿਆਲਾ ਦਾ ਮਤਲਬ ਹੈ ਪੱਟੀ ਆਲਾ। ਭਾਵ ਕਿ ਜ਼ਮੀਨ ਦੀ ਇਹ ਪੱਟੀ (ਚੱਕ) ਬਾਬਾ ਆਲਾ ਸਿੰਘ ਦੀ ਸੀ।

39 *ਉਹੀ,* ਪੰਨੇ 204, 32, 209.

ਇੱਕ ਕਿਲ੍ਹਾ ਵੀ ਬਣਾ ਲਿਆ ਸੀ। ਕਿਲ੍ਹੇ ਦਾ ਨਾਂ ਭਵਾਨੀਗੜ੍ਹ ਰੱਖਿਆ ਗਿਆ ਸੀ। ਇਸ ਕਿਲ੍ਹੇ ਕਰਕੇ ਹੀ ਇਸ ਸਾਰੇ ਪਿੰਡ ਨੂੰ ਭਵਾਨੀਗੜ੍ਹ ਕਹਿ ਕੇ ਬੁਲਾਇਆ ਜਾਣਾ ਸ਼ੁਰੂ ਹੋ ਗਿਆ ਸੀ।[40]

ਭਵਾਨੀਗੜ੍ਹ ਤੋਂ ਆਲੇ-ਦੁਆਲੇ ਦੇ ਪਿੰਡਾਂ ਵਿੱਚ ਗੁਰੂ ਸਾਹਿਬ ਦੇ ਜਾਣ ਦੀਆਂ ਪਰੰਪਰਾਵਾਂ ਮਿਲਦੀਆਂ ਹਨ। ਜਿਵੇਂ ਭਵਾਨੀਗੜ੍ਹ ਤੋਂ ਪੰਜ ਕੁ ਕਿਲੋਮੀਟਰ ਦੀ ਦੂਰੀ ’ਤੇ ਹਾਈ-ਵੇ ਉੱਪਰ ਪਿੰਡ ਫੱਗੂਵਾਲਾ ਸਥਿਤ ਹੈ। ਇਸ ਪਿੰਡ ਦੇ ਬਾਹਰਵਾਰ ਇੱਕ ਕਿਲੋਮੀਟਰ ਦੀ ਦੂਰੀ ’ਤੇ ਭਵਾਨੀਗੜ੍ਹ-ਸੁਨਾਮ ਸੜਕ ਉੱਪਰ ਇੱਕ ਸ਼ਾਨਦਾਰ ਗੁਰਦੁਆਰਾ ਹੈ। ਇਹ ਗੁਰਦੁਆਰਾ ਗੁਰੂ ਤੇਗ਼ ਬਹਾਦਰ ਦੀ ਯਾਦ ਵਿੱਚ ਬਣਿਆ ਹੋਇਆ ਹੈ। ਇੱਥੋਂ ਥੋੜ੍ਹੀ ਦੂਰੀ ਉੱਪਰ ਇਸ ਸੜਕ ਉੱਪਰ ਪਿੰਡ ਘਰਾਚੋਂ ਹੈ। ਇੱਥੇ ਵੀ ਗੁਰਦੁਆਰਾ ਸਾਹਿਬ ਗੁਰੂ ਤੇਗ਼ ਬਹਾਦਰ ਦੀ ਆਮਦ ਨੂੰ ਦਰਸਾ ਰਿਹਾ ਹੈ। ਭਵਾਨੀਗੜ੍ਹ-ਸੁਨਾਮ ਸੜਕ ਉੱਪਰ ਘਰਾਚੋਂ ਤੋਂ ਅੱਗੇ ਸੁਨਾਮ ਵੱਲ ਨੂੰ ਪਿੰਡ ਨਾਗਰਾ ਹੈ। ਇੱਥੇ ਵੀ ਗੁਰੂ ਸਾਹਿਬ ਆਏ ਸਨ। ਇਸ ਤਰ੍ਹਾਂ ਸੁਨਾਮ ਦੇ ਲਾਗਲੇ ਇਲਾਕੇ ਵਿੱਚ ਪਿੰਡ ਦਿੜ੍ਹਬਾ ਅਤੇ ਕਮਾਲਪੁਰ ਹਨ। ਇਨ੍ਹਾਂ ਪਿੰਡਾਂ ਵਿੱਚ ਗੁਰੂ ਤੇਗ਼ ਬਹਾਦਰ ਦੀ ਯਾਦ ਵਿੱਚ ਗੁਰਦੁਆਰੇ ਬਣੇ ਹੋਏ ਹਨ। ਇਹ ਗੁਰਦੁਆਰੇ ਸਥਾਨਕ ਪਰੰਪਰਾਵਾਂ ਅਨੁਸਾਰ ਬਣੇ ਹੋਏ ਹਨ। ਸਥਾਨਕ ਪਰੰਪਰਾਵਾਂ ਪੀੜ੍ਹੀ-ਦਰ-ਪੀੜ੍ਹੀ ਮੌਖਿਕ ਰੂਪ ਵਿੱਚ ਮੂੰਹੋਂ-ਮੂੰਹੀਂ ਚਲਦੀਆਂ ਆ ਰਹੀਆਂ ਹਨ। ਜਿੰਨ੍ਹਾਂ ਵੀ ਲੇਖਕਾਂ ਨੇ ਸਰਵੇ ਕਰਕੇ ਆਪੋ-ਆਪਣੀਆਂ ਲਿਖਤਾਂ ਲਿਖੀਆਂ ਹਨ ਉਨ੍ਹਾਂ ਨੇ ਪਿੰਡ-ਪਿੰਡ ਫਿਰ ਕੇ ਅਤੇ ਪਿੰਡਾਂ ਦੇ ਬਜ਼ੁਰਗ ਲੋਕਾਂ ਕੋਲੋਂ ਸੁਣ ਕੇ ਹੀ ਲਿਖੀਆਂ ਹਨ ਜਿਵੇਂ ਕਿ ਗਿਆਨੀ ਗਿਆਨ ਸਿੰਘ ਨੇ *ਗੁਰਧਾਮ ਸੰਗ੍ਰਹਿ*[41] ਕਿਤਾਬ ਲਿਖੀ ਹੈ ਅਤੇ ਗਿਆਨੀ ਠਾਕਰ ਸਿੰਘ ਨੇ ਗੁਰਦੁਆਰਾ ਦਰਸ਼ਨ[42] ਲਿਖੀ ਹੈ। ਇਸ ਤਰ੍ਹਾਂ ਗੁਰੂ ਸਾਹਿਬ ਇਸ ਇਲਾਕੇ (ਸੰਗਰੂਰ-ਸੁਨਾਮ) ਵਿੱਚੋਂ ਦੀ ਧਰਮ-ਪਰਚਾਰ ਕਰਦੇ ਹੋਏ ਪਿੰਡ ਮੂਲੋਵਾਲ ਪਹੁੰਚੇ। ਮੂਲੋਵਾਲ ਪਿੰਡ, ਧੂਰੀ-ਬਰਨਾਲਾ ਸੜਕ ਉੱਪਰ ਧੂਰੀ ਤੋਂ ਗਿਆਰਾਂ ਕਿਲੋਮੀਟਰ ਦੀ ਦੂਰੀ ’ਤੇ ਹੈ। ਸਾਖੀ ਪੋਥੀ ਵਿੱਚ ਮੂਲੋਵਾਲ ਵਿਖੇ ਗੁਰੂ ਸਾਹਿਬ ਦੀ ਆਮਦ ਬਾਰੇ ਲਿਖਿਆ ਗਿਆ ਹੈ: ਜਦੋਂ ਗੁਰੂ ਸਾਹਿਬ ਸੰਗਤਾਂ ਸਮੇਤ “ਅਗੇ ਡੇਰਾ ਕੂਚ ਕਰੀਂ ਜਾਂਦੇ ਥੇ (ਤਾਂ) ਮੂਲੋਵਾਲ ਕੇ ਕੂਏ ਪਰ ਜਾ ਖੜੇ ਹੋਏ। ਬਚਨ ਹੋਇਆ: ‘ਜਲ ਲਿਆਵੋ ਛਕਣ ਨੂੰ।’ ਓਥੇ ਜਿਮੀਦਾਰ (ਜੱਟ ਕਿਸਾਨ) ਬੈਠੇ ਸਨ, ਕਹਿੰਦੇ, ਇਸ (ਖੂਹ) ਦਾ ਜਲ ਖਾਰਾ ਹੈ ਜੀ। ਖੂਹ ਉੱਤੇ ਮੋੜ੍ਹੇ ਦਿੱਤੇ

---

40 ਭਵਾਨੀਗੜ੍ਹ, ਪਟਿਆਲਾ-ਸੰਗਰੂਰ ਹਾਈ-ਵੇ ਉੱਪਰ ਪਟਿਆਲੇ ਤੋਂ 35-36 ਕਿਲੋਮੀਟਰ ਦੀ ਵਿੱਥ ਤੇ ਸਥਿਤ ਕਸਬਾ ਹੈ।

41 ਗਿਆਨ ਸਿੰਘ, *ਗੁਰਧਾਮ ਸੰਗ੍ਰਹਿ*, ਪੰਨਾ-120.

42 ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰਾ ਦਰਸ਼ਨ*, ਲਾਭ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1924, ਪੰਨਾ 81.

ਹੋਇ ਹਨ।" ਇਨ੍ਹਾਂ ਸਤਰਾਂ ਦਾ ਮਤਲਬ ਹੈ ਕਿ ਇਸ ਇਲਾਕੇ ਦੇ ਖੂਹਾਂ ਦਾ ਪਾਣੀ ਖਾਰਾ ਸੀ ਇਸ ਲਈ ਪੀਣ ਦੇ ਕਾਬਲ ਨਹੀਂ ਸੀ। ਇਹ ਲੱਗਭੱਗ ਸਾਰੇ ਮਾਲਵਾ ਦੀ ਸਮੱਸਿਆ ਸੀ। ਖੂਹਾਂ ਤੋਂ ਬਿਨਾਂ ਪੀਣ ਵਾਲੇ ਪਾਣੀ ਦਾ ਹੋਰ ਕੋਈ ਸਾਧਨ ਨਹੀਂ ਸੀ। ਕਈ ਪਿੰਡ, ਕਈ ਕਈ ਥਾਈਂ, ਕੱਚੇ ਖੂਹ ਪੁੱਟ ਰੱਖਦੇ ਸਨ। ਜੇ ਕਿਸੇ ਖੂਹ ਦਾ ਪਾਣੀ ਅਚਾਨਕ ਹੀ ਪੀਣ ਯੋਗ ਹੁੰਦਾ ਸੀ ਤਾਂ ਉਸ ਨੂੰ ਰੱਖ ਲੈਂਦੇ ਸਨ ਅਤੇ ਦੂਜੇ ਖਾਰੇ ਪਾਣੀ ਵਾਲੇ ਖੂਹਾਂ ਨੂੰ ਕੰਡੀਲੇ ਮੋੜ੍ਹਿਆਂ ਨਾਲ ਜਾਂ ਵੱਡੀਆਂ ਲੱਕੜਾਂ ਨਾਲ ਢੱਕ ਕੇ ਰੱਖ ਦਿੰਦੇ ਸਨ ਤਾਂ ਕਿ ਕੋਈ ਯਾਤਰੀ ਭੁੱਲ-ਭੁਲੇਖੇ ਇਸ ਦਾ ਖਾਰਾ ਪਾਣੀ ਨਾ ਪੀ ਲਵੇ। ਖਾਰਾ ਪਾਣੀ ਪੇਟ ਨੂੰ ਖ਼ਰਾਬ ਕਰ ਦਿੰਦਾ ਸੀ। ਇਸੇ ਕਰਕੇ ਮੂਲੋਵਾਲ ਦਾ ਖੂਹ, ਖਾਰੇ ਪਾਣੀ ਵਾਲਾ ਹੋਣ ਕਰਕੇ ਢਕਿਆ ਪਿਆ ਸੀ। ਪਰ ਜਦੋਂ ਗੁਰੂ ਸਾਹਿਬ ਨੇ ਖੂਹ ਕੋਲ ਆ ਕੇ ਇੱਥੇ ਬੈਠੇ ਜੱਟ ਕਿਸਾਨਾ ਨੂੰ ਪਾਣੀ ਬਾਰੇ ਪੁੱਛਿਆ ਤਾਂ ਉਨਾਂ ਨੇ ਉਕਤ ਬਿਆਨ ਦਿੰਦਿਆਂ ਖੂਹ ਦੀ ਅਸਲੀਅਤ ਬਾਰੇ ਦੱਸ ਦਿੱਤਾ ਸੀ। ਉਨਾਂ ਦਾ ਜਵਾਬ ਸੁਣ ਕੇ ਗੁਰੂ ਸਾਹਿਬ ਨੇ ਫਿਰ ਕਿਹਾ ਕਿ ਚਲੋ ਤੁਸੀਂ ਪਾਣੀ ਤਾਂ ਲਿਆਵੋ, ਪਾਣੀ ਨਹੀਂ ਪੀਵਾਂਗੇ, ਘੱਟੋ-ਘੱਟ ਹੱਥ-ਮੂੰਹ ਤਾਂ ਧੋ ਲਵਾਂਗੇ। ਉਹ ਕਿਸਾਨ ਪਾਣੀ ਲੈ ਆਏ। ਜਦੋਂ ਗੁਰੂ ਸਾਹਿਬ ਨੇ ਹੱਥ-ਮੂੰਹ ਧੋਤੇ ਅਤੇ ਜਲ ਦੀਆਂ ਕੁਰਲੀਆਂ ਕੀਤੀਆਂ ਤਾਂ ਉਨਾਂ ਨੂੰ ਉਹ ਪੀਣ ਯੋਗ ਵੀ ਲੱਗਿਆ। *ਸਾਖੀ ਪੋਥੀ* ਵਿੱਚ ਲਿਖਿਆ ਹੈ: "ਗੁਰ ਜੀ ਨੇ ਕਹਿਆ: 'ਮੋੜੇ ਉੱਤੋਂ ਲਾਹ ਕੇ ਲਿਆਵੋ ਜਲ।' ਸਿੱਖਾਂ ਨੇ ਖੂਹ ਉਤੋਂ ਮੋੜ੍ਹੇ ਲਾਹ ਕੇ ਲਿਆਂਦਾ ਜਲ। ਗੁਰੂ ਜੀ ਨੇ ਚੁਲਾ ਕੀਤਾ, ਮੁਹੁ ਧੋਤਾ। ਬਚਨ ਕੀਤਾ: 'ਏਥੇ ਨੌ ਖੂਹ ਲਗਨਗੇ।'"[43]

ਇਸ ਗੱਲ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਪਿੰਡ ਦੇ ਲੋਕ ਭਾਵੇਂ ਅਗਿਆਨਤਾ ਵੱਸ ਜਾਂ ਕਿਸੇ ਵੱਲੋਂ ਪਾਏ ਭਰਮ-ਭੁਲੇਖੇ ਕਰਕੇ ਖੂਹ ਦਾ ਪਾਣੀ ਪੀਣ ਤੋਂ ਬੰਦ ਹੋ ਚੁੱਕੇ ਸਨ ਪਰ ਜਦੋਂ ਗੁਰੂ ਸਾਹਿਬ ਨੇ ਆਪ ਪਾਣੀ ਪੀ ਕੇ ਕਿਹਾ ਕਿ ਇਹ ਮਿੱਠਾ ਹੈ ਭਾਵ ਪੀਣ ਯੋਗ ਹੈ ਤਾਂ ਪਿੰਡ ਦੇ ਲੋਕ ਪਾਣੀ ਪੀਣ ਲਗ ਪਏ ਸਨ। ਸਿਰਫ਼ ਇਸ ਖੂਹ ਦਾ ਪਾਣੀ ਹੀ ਪੀਣ ਨਹੀਂ ਲੱਗੇ ਸਨ ਸਗੋਂ ਗੁਰੂ ਸਾਹਿਬ ਨੇ ਲੋਕਾਂ ਨੂੰ ਪਰੇਰ ਕੇ ਨੌਂ ਖੂਹ ਹੋਰ ਲਗਵਾ ਦਿੱਤੇ ਸਨ।

ਸਾਖੀ ਪੋਥੀ ਵਿੱਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਪਿੰਡ ਦੇ ਲਹਿੰਦੇ ਵੱਲ ਡੇਰਾ ਕੀਤਾ। ਲਹਿੰਦੇ ਵੱਲ ਦਾ ਮਤਲਬ ਹੈ ਛਿਪਦੇ ਸੂਰਜ ਵੱਲ। ਗੁਰੂ ਸਾਹਿਬ ਨੇ ਪਿੰਡ ਦੇ ਸਮੂਹ ਲੋਕਾਂ ਨੂੰ ਬੁਲਾ ਕੇ ਪੁੱਛਿਆ ਕਿ "ਤੁਸਾਂ ਕੇ ਕੈ ਥਾਉਂ ਹਨਿ ਸੋਟੀ ਫੜਨ ਵਾਲੇ? ਪੱਗਾਂ ਪੈਨ੍ਹਾਈਏ। ਗੋਇੰਦੇ ਚੌਧਰੀ ਕਹਿਆ: ਥਾਉਂ ਤਾਂ ਸਾਡੇ

---

43 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨੇ 5-6.

ਸਤਿ ਹਨਿ, ਸੋਟੀ ਫੜਨਿ ਵਾਲਾ ਤਾਂ ਮੈਂ ਹੀ ਹਾਂ।" ਗੁਰੂ ਜੀ ਨੇ ਬਚਨ ਕੀਤਾ: ਅਸੀਂ ਸੱਤਾਂ ਨੂੰ ਹੀ ਪਹਿਰਾਵਾਂਗੇ ਪੱਗਾਂ।"[44]

ਇਸ ਦਾ ਮਤਲਬ ਹੈ ਕਿ ਉਸ ਸਮੇਂ ਪਿੰਡ ਦਾ ਚੌਧਰੀ ਗੋਂਦਾ ਜਾਂ ਗੋਇੰਦਾ ਨਾਂ ਦਾ ਵਿਅਕਤੀ ਸੀ। ਉਸ ਦੇ ਪੁੱਤਰ-ਪਰਿਵਾਰ ਸਨ। ਸੋਟੀ ਫੜਨ ਵਾਲੇ ਦਾ ਮਤਲਬ ਹੈ ਮੁਖੀ। ਗੁਰੂ ਸਾਹਿਬ ਨੇ ਕਿਹਾ ਕਿ ਉਹ ਉਸ ਦੇ ਸੱਤਾਂ ਪੁੱਤਰਾਂ ਨੂੰ ਹੀ ਚੌਧਰੀ ਵਜੋਂ ਮਾਣਤਾ ਦਿੰਦੇ ਹਨ। ਗੋਇੰਦੇ ਦੇ ਸੱਤੇ ਪੁੱਤਰਾਂ ਨੂੰ ਗੁਰੂ ਸਾਹਿਬ ਨੇ ਸੋਟੀਆਂ ਬਖ਼ਸ਼ ਦਿੱਤੀਆਂ ਸਨ। ਸੋਟੀਆਂ ਬਖਸ਼ਣ ਦਾ ਮਤਲਬ ਹੈ, ਸੱਤੇ ਹੀ ਆਪੋ-ਆਪਣੇ ਇਲਾਕੇ ਦੇ ਚੌਧਰੀ (ਸਰਦਾਰ) ਬਣਾ ਦਿੱਤੇ ਸਨ। ਗੁਰੂ ਸਾਹਿਬ ਇੱਥੇ ਨੌ ਦਿਨ ਰਹੇ ਸਨ। ਇਸ ਨਗਰ ਨੇ ਗੁਰੂ ਸਾਹਿਬ ਦੀ ਪੂਰੀ ਸੇਵਾ ਕੀਤੀ ਸੀ।

ਮੂਲੋਵਾਲ ਤੋਂ ਚੱਲ ਕੇ ਗੁਰੂ ਤੇਗ਼ ਬਹਾਦਰ ਸਾਹਿਬ ਪਿੰਡ ਸੇਖਾ ਵਿੱਚ ਜਾ ਉੱਤਰੇ। ਇੱਥੋਂ ਦੇ ਵਸਨੀਕ ਜਵੰਧਾ ਗੋਤ ਦੇ ਜੱਟ ਸਨ। ਇੱਥੇ ਆਲੇ-ਦੁਆਲੇ ਦੇ ਬਾਈ ਪਿੰਡਾਂ ਵਿੱਚ ਜਵੰਧੇ ਜੱਟ ਵਸਦੇ ਸਨ। ਇਸ ਕਰਕੇ ਇਨ੍ਹਾਂ ਪਿੰਡਾਂ ਨੂੰ ਜਵੰਧਿਆਂ ਦਾ ਬਾਹੀਆ ਕਿਹਾ ਜਾਂਦਾ ਸੀ। ਤਿਲੋਕਾ ਇਨ੍ਹਾਂ ਦਾ ਚੌਧਰੀ ਸੀ। ਪਹਿਲਾਂ ਇਹ ਜਵੰਧੇ ਬੈਰਾਗੀ ਸਾਧਾਂ ਦੇ ਪੈਰੋਕਾਰ ਸਨ ਪਰ ਗੁਰੂ ਤੇਗ਼ ਬਹਾਦਰ ਸਾਹਿਬ ਵੱਲੋਂ ਕੀਤੇ ਗਏ ਧਰਮ-ਪਰਚਾਰ ਨਾਲ ਇਹ ਸਭ ਸਿੱਖ ਧਰਮ ਵਿੱਚ ਆ ਗਏ ਸਨ।[45] ਸਾਖੀ ਪੋਥੀ ਅਨੁਸਾਰ ਸੇਖਾ ਤੋਂ ਚੱਲ ਕੇ ਗੁਰੂ ਸਾਹਿਬ ਹੰਡਿਆਇ ਪਿੰਡ ਪਹੁੰਚੇ। ਇੱਥੇ ਪਿੰਡ ਵਿੱਚ ਗਲ ਘੁੱਟਣ ਦੀ ਬਿਮਾਰੀ ਫੈਲੀ ਹੋਈ ਸੀ। ਗੁਰੂ ਸਾਹਿਬ ਨੇ ਪਿੰਡ ਵਾਸੀਆਂ ਨੂੰ ਦੇਸੀ ਦਵਾਈਆਂ ਦਿੱਤੀਆਂ ਖਾਣ ਲਈ ਜਿਸ ਨਾਲ ਗਲਘੋਟੂ ਬਿਮਾਰੀ ਤੋਂ ਆਰਾਮ ਮਿਲਦਾ ਸੀ। ਇੱਥੇ ਨੇੜੇ ਦੇ ਪਿੰਡ ਕੁੰਭੜਵਾਲ ਦੇ ਲੋਕ ਗੁਰੂ ਸਾਹਿਬ ਦੇ ਦਰਸ਼ਨ ਕਰਨ ਪਹੁੰਚੇ। ਸਿੱਖ ਸੰਗਤਾਂ ਦੀ ਬਹੁਤ ਟਹਿਲ-ਸੇਵਾ ਕੀਤੀ ਗਈ। ਜਿੱਥੇ ਗੁਰੂ ਸਾਹਿਬ ਦਾ ਡੇਰਾ ਸੀ ਉੱਥੇ ਟਾਲ੍ਹੀਆਂ ਦੀ ਝਿੰਗੀ ਸੀ ਅਤੇ ਝਿੰਗੀ ਵਿੱਚ ਇੱਕ ਢਾਬ ਸੀ। ਇਸ ਜਗ੍ਹਾ ਉੱਪਰ ਅੱਜ ਕੱਲ ਬਹੁਤ ਵਧੀਆ ਗੁਰਦੁਆਰਾ ਅਤੇ ਸਰੋਵਰ ਹੈ।[46]

ਸਾਖੀ ਪੋਥੀ ਅਨੁਸਾਰ ਗੁਰੂ ਸਾਹਿਬ ਅੱਗੇ ਧੌਲੇ ਅਤੇ ਸੋਹੀਵਾਲ ਪਿੰਡਾਂ ਵਿੱਚ ਗਏ ਸਨ। ਅੱਗੇ ਢਿੱਲੋਂ ਗੋਤ ਦੇ ਜੱਟਾਂ ਦੇ ਪਿੰਡ ਢਿਲਵਾਂ ਜਾ ਡੇਰਾ ਕੀਤਾ। ਸਾਖੀ ਪੋਥੀ ਅਨੁਸਾਰ ਢਿਲਵਾਂ ਤੋਂ ਅੱਗੇ ਭੀਖੀ, ਮਾਈਸਰ ਖਾਨਾ, ਦੁੱਲਮੀ, ਅਲੀ ਸ਼ੇਰ, ਜੋਗਾ, ਭੂਪਾਲੀ, ਖੀਵਾ ਆਦਿ ਪਿੰਡਾਂ ਵਿੱਚ ਗਏ ਸਨ। ਇਨ੍ਹਾਂ ਹੀ ਪਿੰਡਾਂ ਦੀ ਜੂਹ

---

44 *ਉਹੀ,* ਪੰਨਾ-6.

45 *ਉਹੀ,* ਪੰਨਾ-7.

46 *ਉਹੀ,* ਪੰਨੇ 8-10.

ਵਿੱਚ ਕਾਬਲ ਤੋਂ ਆਈ ਹੋਈ ਸੰਗਤ ਮਿਲੀ। ਗੁਰੂ ਸਾਹਿਬ ਨੇ ਇਸ ਸੰਗਤ ਦਾ ਡੇਰਾ ਉੱਥੇ ਕਰਵਾਇਆ। ਸਾਖੀ ਪੋਥੀ ਵਿੱਚ ਲਿਖਿਆ ਹੈ: "ਪਿੰਡ ਸਮਾਊ ਦੀ ਹੱਦ ਵਿੱਚ ਕਾਬਲ ਕੀ ਸੰਗਤ ਮਿਲੀ, ਉਥੇ ਹੀ ਉਤਰ ਪਏ। ਬਣ ਹੇਠ ਸਤਰੰਜੀਆਂ (ਦਰੀਆਂ) ਵਿਛਾ ਦਿੱਤੀਆਂ। ਸ਼ਬਦ ਕੀ ਚੌਂਕੀ ਲੱਗੀ ਹੋਣ। ਕਾਰ ਭੇਟ ਲੱਗੇ ਚੜ੍ਹਾਉਣ ਸਿੱਖ। ਗੁਰੂ ਜੀ ਸਰਬਤ ਕੋ ਖੁਸ਼ੀ ਕਰੀ। ਸਿੱਖਾਂ ਨੂੰ ਗੁਰੂ ਕਾ ਦਰਸ਼ਨ ਕਰਕੇ ਬੜਾ ਆਨੰਦ ਹੋਇਆ।"[47]

ਸਾਖੀ ਪੋਥੀ ਵਿੱਚ ਗੁਰੂ ਸਾਹਿਬ ਵੱਲੋਂ ਭੀਖੀ ਪਿੰਡ ਵਿਖੇ ਜਾਣ ਦੀ ਚੰਗੀ ਜਾਣਕਾਰੀ ਦਿੱਤੀ ਗਈ ਹੈ। ਇਸ ਅਨੁਸਾਰ ਭੀਖੀ ਦਾ ਚੌਧਰੀ ਦੇਸੂ ਸੀ। ਉਹ ਸਰਵਰੀਆਂ ਦਾ ਚੇਲਾ ਸੀ। ਸਰਵਰੀਆਂ ਨੂੰ ਸੁਲਤਾਨੀਏ ਵੀ ਕਹਿ ਦਿੱਤਾ ਜਾਂਦਾ ਹੈ।[48] ਭੀਖੀ ਵਿੱਚ ਸਰਵਰੀਆਂ ਦਾ ਕਾਫੀ ਵਧੇਰੇ ਪ੍ਰਭਾਵ ਸੀ। ਸਰਵਰੀਆਂ ਦੀ ਨਿਸ਼ਾਨੀ ਵਜੋਂ ਉਹ ਆਪਣੇ ਕੋਲ ਹਰ ਸਮੇਂ ਖੂੰਡੀ ਰੱਖਦਾ ਸੀ। ਖੂੰਡੀ ਉਸ ਵਿਅਕਤੀ ਨੂੰ ਦਿੱਤੀ ਜਾਂਦੀ ਸੀ ਜਿਹੜਾ ਆਪਣੇ ਇਲਾਕੇ ਦਾ ਮੁਖੀ ਹੁੰਦਾ ਸੀ। ਇਸ ਦਾ ਮਤਲਬ ਹੈ ਕਿ ਦੇਸੂ ਆਪਣੇ ਇਲਾਕੇ ਦੇ ਸਾਰੇ ਸਰਵਰੀਆਂ ਦਾ ਮੁਖੀ ਸੀ। ਜਦੋਂ ਇਹ ਦੇਸੂ ਗੁਰੂ ਤੇਗ਼ ਬਹਾਦਰ ਨੂੰ ਮਿਲਣ ਆਇਆ ਤਾਂ ਜਦੋਂ ਗੁਰੂ ਸਾਹਿਬ ਨੇ ਪੁੱਛਿਆ ਕਿ ਇਹ ਖੂੰਡੀ ਕਿਉਂ ਰੱਖੀ ਹੈ ਤਾਂ ਉਸ ਨੇ ਜਵਾਬ ਦਿੱਤਾ, 'ਜੀ ਅਸੀਂ ਸੁਲਤਾਨੀ ਹਾਂ, ਰਖਿਆ ਦੀ ਪਾਈ ਹੈ ਜੀ। ਗੁਰੂ ਜੀ ਬਚਨ ਕੀਤਾ: ਤੈਨੂੰ ਰਾਜ ਬਖ਼ਸ਼ਿਆ, ਇਹ ਸਰਵਰ ਦੀ ਖੂੰਡੀ ਸੁਟ ਪਾਉ। ਗੁਰੂ ਸਾਹਿਬ ਨੇ ਉਸ ਨੂੰ ਪੰਜ ਤੀਰ ਬਖ਼ਸ਼ੇ ਅਤੇ ਬਚਨ ਕੀਤਾ, ਤੈਨੂੰ ਸਰਦਾਰੀ ਬਖ਼ਸ਼ ਦਿੱਤੀ ਹੈ, ਤੂੰ ਜਿਧਰ ਵੀ ਮੂੰਹ ਕਰੇਂਗਾ ਤੇਰੀ ਫਤਿਹ ਹੀ ਹੋਵੇਗੀ। ਜੇਕਰ ਤੂੰ ਸਿੱਖੀ ਨਾਲ ਜੁੜਿਆ ਰਹੇਂਗਾ ਤੇਰੀ ਸਰਦਾਰੀ ਵੀ ਬਣੀ ਰਹੇਗੀ।'[49] ਭੀਖੀ ਦੇ ਵਾਸੀ ਚਹਿਲ ਗੋਤ ਦੇ ਜੱਟ ਸਨ।

ਸਾਖੀ ਪੋਥੀ ਵਿੱਚ ਭੀਖੀ ਦੇ ਚੌਧਰੀ ਦਾ ਨਾਂ ਦੇਸੂ ਦੱਸਿਆ ਹੈ ਪਰ ਪੰਡਿਤ ਤਾਰਾ ਸਿੰਘ ਨਰੋਤਮ ਨੇ ਅਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਦਾ ਨਾਂ ਗੈਂਡਾ ਚਾਹਲ ਲਿਖਿਆ ਹੈ। ਪੰਡਿਤ ਨਰੋਤਮ ਦੇ ਸ਼ਬਦਾਂ ਵਿੱਚ, "ਗੁਰੂ ਜੀ ਭੀਖੀ ਰਹੇ। ਊਹਾਂ ਚਾਹਲ ਗੋਤ ਕੇ ਜਿਮੀਂਦਾਰ ਕੋ ਸੁਲਤਾਨ ਕੀ ਸੇਵਕੀ ਸੇ ਹਟਾਯ ਕੇ ਸਭ

47 *ਉਹੀ*, ਪੰਨੇ 12-14.

48 ਸਰਵਰੀਏ ਜਾਂ ਸੁਲਤਾਨੀਏ ਮਾਲਵਾ ਵਿੱਚ ਇੱਕ ਕਿਸਮ ਦੀ ਮੁਸਲਮਾਨੀ ਸੰਪਰਦਾ ਹੀ ਸੀ। ਇਨ੍ਹਾਂ ਦੇ ਡੇਰੇ ਆਮ ਤੌਰ ਤੇ ਕਿਸੇ ਨਾ ਕਿਸੇ ਪੀਰ ਦੀ ਕਬਰ ਉੱਪਰ ਹੀ ਹੁੰਦੇ ਸਨ। ਇਨਾਂ ਨੂੰ ਪੀਰਖ਼ਾਨੇ ਕਿਹਾ ਜਾਂਦਾ ਹੈ। ਮਾਲਵਾ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਪੀਰਖ਼ਾਨੇ ਹਨ: H.A. Rose (Ed.), *A Glossary of the Tribes and Casts*, Languages Department, Patiala, 1970 (reprint), pp. 566-573.

49 *ਉਹੀ*, ਪੰਨਾ-15.

ਜਗਾ ਫਤੇ ਪਾਵਨ ਹੇਤ ਪਾਂਚ ਤੀਰ ਬਖ਼ਸ਼ੇ। ਨਾਮ ਗੈਂਡਾ ਥਾ।"[50] ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ, "ਪਿੰਡ (ਭੀਖੀ) ਤੋਂ ਉੱਤਰ-ਪੱਛਮ ਪਾਸ ਹੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਨੇ ਇੱਥੇ ਦਸ ਦਿਨ ਨਿਵਾਸ ਕੀਤਾ। ਇਥੋਂ ਦੇ ਤਰਖਾਣਾ ਅਤੇ ਬਾਣੀਆਂ ਨੇ ਸੇਵਾ ਕੀਤੀ। ਗੈਂਡਾ ਚਾਹਲ ਗੋਤ ਦਾ ਜੋ ਸੁਲਤਾਨ ਦਾ ਉਪਾਸ਼ਕ ਸੀ ਸਤਿਗੁਰਾਂ ਦਾ ਉਪਦੇਸ਼ ਸੁਣ ਕੇ ਸਿੱਖ ਹੋਇਆ।"[51]

ਭੀਖੀ ਤੋਂ ਅੱਗੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਮੌੜ ਪਿੰਡ ਵਿਖੇ ਜਾਣ ਦੀ ਜਾਣਕਾਰੀ ਮਿਲਦੀ ਹੈ। ਅੱਜ ਕੱਲ ਇਸ ਨੂੰ ਮੌੜ ਮੰਡੀ ਕਿਹਾ ਜਾਂਦਾ ਹੈ। ਇਹ ਸੁਨਾਮ-ਮਾਨਸਾ-ਮਲੋਟ ਸੜਕ ਉੱਪਰ ਸਥਿਤ ਹੈ। ਇਹ ਇਲਾਕਾ ਮਾਲਵਾ ਦਾ ਕੇਂਦਰ ਹੈ। ਉਨ੍ਹਾਂ ਸਮਿਆਂ ਵਿੱਚ ਇਹ ਇਲਾਕਾ, ਜੰਗਲੀ ਅਤੇ ਬੇਆਬਾਦ ਸੀ। ਜੰਗਲ ਵੀ ਖੁਸ਼ਕ ਅਤੇ ਕੰਡੀਲੇ ਸਨ। ਟਿੱਬਿਆਂ ਦੀ ਰੇਤ ਵਾਲੀ ਜ਼ਮੀਨ ਸੀ। ਪਿੰਡ ਦੂਰ-ਦੂਰ ਸਨ। ਰਸਤੇ ਕੱਚੇ ਸਨ। ਪਿੰਡ ਦੂਰ-ਦੂਰ ਹੋਣ ਕਰਕੇ ਅਤੇ ਬੇਆਬਾਦ ਹੋਣ ਕਰਕੇ ਇਸ ਇਲਾਕੇ ਬਾਰੇ ਭਾਂਤ-ਭਾਂਤ ਦੀਆਂ ਗੱਲਾਂ ਫੈਲੀਆਂ ਹੋਈਆਂ ਸਨ। ਸੂਰਜ ਛਿਪਣ ਤੋਂ ਬਾਅਦ ਕੋਈ ਵੀ ਵਿਅਕਤੀ ਬਾਹਰ ਨਹੀਂ ਨਿਲਕਦਾ ਸੀ। ਜਿੱਥੇ ਵੀ ਕਿਤੇ ਦਰਖਤਾਂ ਦੀ ਸੰਘਣੀ ਜਿਹੀ ਝਿੜੀ ਹੁੰਦੀ ਸੀ ਉਹ ਹੀ ਛਾਂਦਾਰ ਥਾਂ ਹੁੰਦੀ ਸੀ। ਪਰ ਅਜਿਹੀਆਂ ਝਿੜੀਆਂ ਬਾਰੇ ਵਹਿਮ-ਭਰਮ ਬਹੁਤ ਫੈਲੇ ਹੋਏ ਸਨ।

ਜਿਹੜੀ ਜਾਣਕਾਰੀ ਸਾਖੀ ਪੋਥੀ ਵਿੱਚ ਗੁਰੂ ਜੀ ਦੇ ਮੌੜ ਵਿਖੇ ਜਾਣ ਦੀ ਦਿੱਤੀ ਗਈ ਹੈ ਉਸ ਅਨੁਸਾਰ ਸਾਰੀ ਜਾਣਕਾਰੀ ਇੱਕ ਜਿੰਨ (ਵੱਡਾ ਭੂਤ ਜਾਂ ਰਾਖਸ਼) ਦੇ ਦੁਆਲੇ ਹੀ ਕੇਂਦਰਿਤ ਹੈ। ਗੁਰੂ ਸਾਹਿਬ ਮੌੜ ਪਿੰਡ ਤੋਂ ਬਾਹਰ ਇੱਕ ਸੰਘਣੀ ਝਿੜੀ ਵਿੱਚ ਡੇਰਾ ਲਾ ਕੇ ਠਹਿਰ ਗਏ ਸਨ। ਸਥਾਨਕ ਲੋਕਾਂ ਨੇ ਆ ਕੇ ਦੱਸਿਆ ਕਿ ਇੱਥੇ ਤਾਂ ਇੱਕ ਬੜਾ ਭਿਆਨਕ ਜਿੰਨ ਰਹਿੰਦਾ ਹੈ ਇਸ ਲਈ ਗੁਰੂ ਸਾਹਿਬ ਇੱਥੇ ਨਾ ਰਹਿਣ। ਪਰ ਗੁਰੂ ਸਾਹਿਬ ਨੇ ਜਵਾਬ ਦਿੰਦਿਆਂ ਕਿਹਾ ਕਿ ਉਹ ਜਿੰਨ ਨੂੰ ਕੁੱਟ ਕੇ ਭਜਾ ਦੇਣਗੇ। ਗੁਰੂ ਸਾਹਿਬ ਨੇ ਉਸ ਝਿੜੀ ਵਿੱਚ ਕਈ ਦਿਨ ਡੇਰਾ ਕੀਤਾ ਸੀ। ਲੋਕ ਹੈਰਾਨ ਸਨ ਕਿ ਜਿਸ ਝਿੜੀ ਵਿੱਚ ਉਹ ਕਿਸੇ ਖਤਰਨਾਕ ਜਿੰਨ ਦੇ ਰਹਿਣ ਦੀ ਗੱਲ ਸੁਣਦੇ ਸੀ ਉੱਥੇ ਗੁਰੂ ਸਾਹਿਬ ਕਿਵੇਂ ਰਹਿ ਸਕੇ ਸਨ। ਆਖਰ ਗੁਰੂ ਸਾਹਿਬ ਨੇ ਲੋਕਾਂ ਨੂੰ ਸਮਝਾਇਆ ਕਿ ਸੁੰਨੀਆਂ ਥਾਵਾਂ ਬਾਰੇ ਅਕਸਰ ਗਲਤ ਅਫ਼ਵਾਹਾਂ ਉੱਡਦੀਆਂ ਰਹਿੰਦੀਆਂ ਹਨ। ਕਿਸੇ ਨੂੰ ਅਜਿਹੇ ਵਹਿਮ-ਭਰਮ ਨਹੀਂ ਕਰਨੇ ਚਾਹੀਦੇ।[52] ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ: "ਮੌੜ

50 ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ*, ਟੈਂਪਲ ਪ੍ਰਿੰਟਿੰਗ ਪ੍ਰੈੱਸ, ਅੰਬਾਲਾ, 1884, ਪੰਨਾ-81.

51 ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪਟਿਆਲਾ, 1990, ਪੰਨਾ-686.

52 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨੇ 17-18.

ਪਿੰਡ ਤੋਂ ਉੱਤਰ ਵੱਲ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਗੁਰਦੁਆਰਾ ਹੈ। ਦਰਬਾਰ ਉੱਚਾ ਸੁੰਦਰ ਬਣਿਆ ਹੋਇਆ ਹੈ। ਰਹਿਣ ਲਈ ਦੋ ਮੰਜਲੇ ਪੱਕੇ ਮਕਾਨ ਹਨ ਜੋ ਮਹੰਤ ਹਰੀ ਸਿੰਘ ਨੇ ਗੁਰਦੁਆਰੇ ਦੇ ਚੜ੍ਹਾਵੇ ਨਾਲ ਬਣਾਏ ਹਨ। ਉਸ ਦੇ ਦਿਹਾਂਤ ਪਿੱਛੋਂ ਨਗਰ ਵਾਸੀਆਂ ਨੇ ਇੱਕ ਕਮੇਟੀ ਬਣਾ ਕੇ 14 ਮੱਘਰ, ਸੰਮਤ 1980 ਬਿਕਰਮੀ ਮੁਤਾਬਕ ਦਸੰਬਰ, 1923 ਈਸਵੀ ਨੂੰ ਗੁਰਦੁਆਰੇ ਦੀ ਸੇਵਾ ਆਪਣੇ ਹੱਥ ਲਈ।"[53]

ਇੱਕ ਪਿੰਡ ਟਾਹਲਾ ਸਾਹਿਬ, ਮੌੜ ਮੰਡੀ ਦੇ ਨੇੜੇ ਸੀ। ਗੁਰੂ ਸਾਹਿਬ ਅਜੇ ਮੌੜ ਵਿਖੇ ਹੀ ਰਹਿ ਰਹੇ ਸਨ। ਇੱਥੇ ਟਾਹਲਾ ਸਾਹਿਬ ਵਿਖੇ ਟਾਹਲੀਆਂ ਦਾ ਇੱਕ ਤਕੜਾ ਝੁੰਡ ਸੀ ਅਤੇ ਇਸ ਝੁੰਡ ਵਿਚਕਾਰ ਇੱਕ ਛੋਟੀ ਢਾਬ ਸੀ। ਇਸ ਢਾਬ ਦਾ ਪਾਣੀ ਬਹੁਤ ਸਾਫ ਸੀ। ਗੁਰੂ ਸਾਹਿਬ ਨੇ ਕਿਹਾ ਕਿ ਇਸ ਢਾਬ ਨੂੰ ਸੰਭਾਲ ਕੇ ਰੱਖੋ। ਇਸ ਦਾ ਪਾਣੀ ਬਹੁਤ ਸਾਫ ਹੈ। ਇਹ ਕੁਦਰਤ ਦਾ ਵਰਦਾਨ ਹੈ। ਗੁਰੂ ਸਾਹਿਬ ਨੇ ਲੋਕਾਂ ਨੂੰ ਇਸ ਢਾਬ ਵਿੱਚੋਂ ਮਿੱਟੀ ਪੁੱਟ ਕੇ ਹੋਰ ਡੂੰਘੀ ਅਤੇ ਚੌੜੀ ਕਰਨ ਵਾਸਤੇ ਹੁਕਮ ਦਿੱਤਾ ਤਾਂ ਕਿ ਇਸ ਢਾਬ ਵਿੱਚ ਵਰਖਾ ਦਾ ਜ਼ਿਆਦਾ ਪਾਣੀ ਇਕੱਠਾ ਹੋ ਸਕੇ। ਸਾਖੀ ਪੋਥੀ ਵਿੱਚ ਲਿਖਿਆ ਹੈ ਕਿ ਗੁਰੂ ਸਾਹਿਬ ਮੌੜਾਂ ਵਿਖੇ ਠਹਿਰੇ ਹੋਏ ਹੀ ਇਸ ਢਾਬ ਦੀ ਕਾਰ ਸੇਵਾ ਕਰਵਾਉਂਦੇ ਸਨ। ਸਾਖੀ ਪੋਥੀ ਅਨੁਸਾਰ "ਤਿਥੋਂ (ਮੌੜਾਂ ਤੋਂ) ਗੁਰੂ ਕੇ ਜਾਇ ਬੈਠਦੇ ਟਾਲੀਏਂ (ਟਾਹਲਾ ਸਾਹਿਬ)। ਤਾਲ (ਢਾਬ) ਕੀ ਮੌੜਾਂ ਥੋਂ ਕਾਰ ਕਢਵਾਉਂਦੇ। ਇੱਕ ਗੁਰਪੁਰਬ ਵੱਡਾ ਹੋਇਆ। ਗੁਰੂ ਜੀ ਪਾਸ ਮਥਾ ਟੇਕਣ ਸੰਗਤਾਂ ਦੂਰ-ਦੂਰ ਤੋਂ ਆਉਂਦੀਆਂ ਸਨ। ਇੱਕ ਮਹੀਨਾ ਤੇ ਦਸ ਦਿਨ ਡੇਰਾ ਰਹਿਆ।"[54] ਇਨ੍ਹਾਂ ਟਾਲ੍ਹੀਆਂ ਦੇ ਝੁੰਡ ਵਿੱਚ ਇੱਕ ਵੱਡੀ ਟਾਹਲੀ ਸੀ ਜਿਸ ਹੇਠ ਗੁਰੂ ਸਾਹਿਬ ਬਿਰਾਜਦੇ ਸਨ ਅਤੇ ਇਸੇ ਵੱਡੀ ਟਾਹਲੀ ਦੀ ਛਾਂ ਹੇਠ ਹੀ ਗੁਰਪੁਰਬ ਮਨਾਇਆ ਗਿਆ ਸੀ। ਸਥਨਾਕ ਸੰਗਤਾਂ ਨੇ ਇੱਥੇ ਇੱਕ ਪੱਕਾ ਥੜ੍ਹਾ ਬਣਾ ਲਿਆ ਸੀ। ਇਸੇ ਥੜ੍ਹੇ 'ਤੇ ਹਰ ਸਾਲ ਕੱਤਕ ਦੀ ਪੂਰਨਮਾਸ਼ੀ ਦਾ ਪੁਰਬ ਮਨਾਉਂਦੀਆਂ ਸਨ। ਪਿੱਛੋਂ ਇਸ ਥੜ੍ਹੇ ਵਾਲੀ ਥਾਂ ਉੱਪਰ ਗੁਰਦੁਆਰਾ ਬਣਾ ਲਿਆ ਸੀ ਜਿਸ ਦਾ ਨਾਂ ਗੁਰਦੁਆਰਾ ਟਾਹਲਾ ਸਾਹਿਬ ਰੱਖਿਆ ਗਿਆ ਸੀ। ਸਾਖੀ ਪੋਥੀ ਵਿੱਚ ਲਿਖਿਆ ਹੈ ਕਿ ਟਾਹਲਾ ਸਾਹਿਬ ਦੇ ਲੋਕਾਂ ਦੀ ਰਿਸ਼ਤੇਦਾਰੀ ਭੀਖੀ ਦੇ ਚੌਧਰੀ ਦੇਸੂ ਨਾਲ ਸੀ। ਦੇਸੂ ਦੀ ਧੀ ਇੱਥੇ ਵਿਆਹੀ ਸੀ। ਇਸ ਲਈ ਟਾਹਲਾ ਸਾਹਿਬ, ਮੌੜਾਂ ਅਤੇ ਭੀਖੀ ਦੇ ਲੋਕ ਸਾਰੇ ਗੁਰੂ-ਘਰ ਨਾਲ ਜੁੜ ਗਏ ਸਨ।

---

53 ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ-22.

54 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨਾ-18.

ਗੁਰੂ ਤੇਗ਼ ਬਹਾਦਰ ਸਾਹਿਬ ਟਾਹਲਾ ਸਾਹਿਬ ਅਤੇ ਮੌੜ ਪਿੰਡਾਂ ਵਿੱਚ ਕਈ ਦਿਨ ਬਿਰਾਜਣ ਬਾਅਦ ਇੱਥੋਂ ਰਵਾਨਾ ਹੋ ਕੇ ਤਲਵੰਡੀ ਸਾਬੋ ਵਿਖੇ ਪਹੁੰਚੇ। ਇਹ ਭਾਈ ਡੱਲੇ ਦੇ ਪਰਿਵਾਰ ਦਾ ਪਿੰਡ ਸੀ। ਡੱਲਾ ਬਰਾੜ ਜੱਟ ਸੀ। ਆਪਣੇ ਇਲਾਕੇ ਦਾ ਅਤੇ ਆਪਣੇ ਸਮੇਂ ਦਾ ਸਿਰਕੱਢ ਜੱਟ ਜਿਮੀਂਦਾਰ ਸੀ। ਉਸ ਨੇ ਮੌੜੀ ਪਹੁੰਚ ਕੇ ਗੁਰੂ ਸਾਹਿਬ ਨੂੰ ਆਪਣੇ ਪਿੰਡ ਵਿਖੇ ਆਉਣ ਦਾ ਸੱਦਾ ਦਿੱਤਾ ਸੀ। ਡੱਲੇ ਚੌਧਰੀ ਨੇ ਆਪਣੀ ਹਵੇਲੀ ਦੇ ਬਾਹਰ ਸਿੱਖ ਸੰਗਤਾਂ ਦਾ ਡੇਰਾ ਕਰਵਾਇਆ ਸੀ। ਇੱਥੇ ਇੱਕ ਬਹੁਤ ਉੱਚੀ ਟਿੱਬੀ ਸੀ। ਇਸ ਟਿੱਬੀ ਦੀ ਸਾਂਭ-ਸੰਭਾਲ ਨਾ ਹੋਣ ਕਰਕੇ ਇਸ ਨੂੰ ਕੀੜੀਆਂ ਅਤੇ ਚੂਹਿਆਂ ਨੇ ਖੱਡਾਂ ਪੁੱਟ-ਪੁੱਟ ਕੇ ਇੱਕ ਬਰਮੀ[55] ਜਿਹਾ ਬਣਾ ਲਿਆ ਸੀ। ਗੁਰੂ ਸਾਹਿਬ ਨੇ ਇਸ ਬਰਮੀ ਨੂੰ ਮੱਥਾ ਟੇਕਿਆ ਸੀ। ਜਦੋਂ ਸਿੱਖਾਂ ਨੇ ਪੁੱਛਿਆ ਕਿ ਗੁਰੂ ਸਾਹਿਬ ਤੁਸੀਂ ਇਸ ਬਰਮੀ ਨੂੰ ਮੱਥਾ ਕਿਉਂ ਟੇਕਿਆ ਹੈ ਤਾਂ ਗੁਰੂ ਸਾਹਿਬ ਨੇ ਦੱਸਿਆ ਕਿ ਇੱਥੇ ਪਹਿਲਾਂ ਗੁਰੂ ਨਾਨਕ ਦੇਵ ਵੀ ਆ ਚੁੱਕੇ ਹਨ। ਸਾਖੀ ਪੋਥੀ ਵਿੱਚ ਸਾਰੀ ਵਾਰਤਾ ਭਵਿੱਖਮਈ ਵਾਕਾਂ ਵਾਲੀ ਬਣਾ ਰੱਖੀ ਹੈ।[56]

ਸਾਖੀ ਪੋਥੀ ਵਿੱਚ ਹੀ ਲਿਖਿਆ ਹੈ ਕਿ ਇੱਕ ਦਿਨ ਇੱਥੇ ਗੁਰੂ ਸਾਹਿਬ ਇੱਕ ਬੇਰੀ ਹੇਠਾਂ ਬੈਠੇ ਸਨ। ਸਿੱਖ ਸੰਗਤਾਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਉਨ੍ਹਾਂ ਉਚਾਰਿਆ ਸੀ ਕਿ ਇਹ ਅਸਥਾਨ ਸਿੱਖਾਂ ਦੀ ਕਾਸ਼ੀ ਹੋਵੇਗਾ। ਕਈ ਵਾਰ ਇਸ ਨੂੰ ਗੁਰੂ ਕੀ ਕਾਸ਼ੀ ਵੀ ਕਹਿ ਦਿੱਤਾ ਜਾਂਦਾ ਹੈ। ਗੁਰੂ ਕੀ ਕਾਸ਼ੀ ਜਾਂ ਸਿੱਖਾਂ ਦੀ ਕਾਸ਼ੀ ਹੋਣ ਦਾ ਮਤਲਬ ਹੈ ਕਿ ਇਹ ਥਾਂ ਵਿੱਦਿਆ ਦਾ ਅਜਿਹਾ ਕੇਂਦਰ ਹੋਵੇਗੀ ਜਿਹੜੀ ਗੁਰਮਤਿ ਅਨੁਸਾਰ ਸਿੱਖਿਆ ਦੇਵੇਗੀ। ਕਾਸ਼ੀ ਦਾ ਮਤਲਬ ਹੈ ਬਨਾਰਸ। ਬਨਾਰਸ ਉੱਤਰ ਪ੍ਰਦੇਸ਼ ਰਾਜ ਵਿੱਚ ਹਿੰਦੂ ਧਰਮ ਦਾ ਬਹੁਤ ਵੱਡਾ ਵਿਦਿਅਕ ਕੇਂਦਰ ਹੈ। ਇਸ ਵਰਦਾਨ ਤੋਂ ਭਾਵ ਹੈ ਗੁਰੂ ਤੇਗ਼ ਬਹਾਦਰ ਬਨਾਰਸ ਜਿਹਾ ਹਿੰਦੂ ਵਿੱਦਿਆ ਕੇਂਦਰ ਦੇਖ ਚੁੱਕੇ ਸਨ ਅਤੇ ਉਨ੍ਹਾਂ ਦੇ ਮਨ ਵਿੱਚ ਮਾਲਵਾ ਵਿਖੇ ਇੱਕ ਸਿੱਖ ਵਿੱਦਿਅਕ ਕੇਂਦਰ ਸਥਾਪਤ ਕਰਨ ਦਾ ਵਿਚਾਰ ਸੀ। ਫਿਰ ਇਨ੍ਹਾਂ ਵਿਚਾਰਾਂ ਦੀ ਸਾਂਝ ਕਰਦਿਆਂ ਸਿੱਖ ਗੁਰੂ ਸਾਹਿਬ ਤੋਂ ਹੋਰ ਵਧੇਰੇ ਸਪੱਸ਼ਟਤਾ ਨਾਲ ਪੁੱਛਦੇ ਹਨ ਕਿ ਵਿੱਦਿਆ ਦੇ ਕੇਂਦਰ ਵਿੱਚ ਤਾਂ ਬਹੁਤ ਕੁਝ ਹੁੰਦਾ ਹੈ ਇੱਥੇ ਤਾਂ ਸਭ ਪਾਸੇ ਉਜਾੜ ਤੇ ਰੇਤ ਦੇ ਟਿੱਬੇ ਹੀ ਹਨ। ਇਹਨਾਂ ਸਵਾਲਾਂ ਦੀ ਰੌਸ਼ਨੀ ਵਿੱਚ ਉਪਦੇਸ਼ ਕਰਦੇ ਹੋਏ ਗੁਰੂ

55 ਮਲਵਈ ਬੋਲੀ ਵਿੱਚ ਬਰਮੀ ਉਸ ਥਾਂ ਨੂੰ ਕਿਹਾ ਜਾਂਦਾ ਹੈ ਜਿਹੜੀ ਕੀੜੀਆਂ ਨੇ ਮਿੱਟੀ ਕੱਢ ਕੱਢ ਕੇ ਉੱਚੀ ਜਿਹੀ ਬਣਾ ਰੱਖੀ ਹੋਵੇ। ਇਹ ਉੱਚੀ ਥਾਂ ਅੰਦਰੋਂ ਖੋਖਲੀ ਹੁੰਦੀ ਹੈ। ਖੋਖਲੀ ਹੋਣ ਕਰਕੇ ਉਸ ਵਿੱਚ ਸੱਪ ਆ ਬੈਠਦੇ ਹਨ। ਬਰਮੀ ਵਿੱਚ ਸੱਪਾਂ ਦਾ ਵਾਸਾ ਮੰਨਿਆ ਜਾਂਦਾ ਹੈ।

56 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨਾ-20.

ਸਾਹਿਬ ਕਹਿੰਦੇ ਹਨ ਕਿ ਜਿੱਥੇ ਅਸੀਂ ਆ ਕੇ ਬੈਠੇ ਸਾਂ ਉਹ ਸਾਡਾ ਦਮਦਮਾ ਹੋਵੇਗਾ। ਦਮਦਮਾ ਦਾ ਭਾਵ ਹੈ ਕਿ ਬਿਰਾਜਣ ਵਾਲਾ ਉੱਚਾ ਥੜ੍ਹਾ। ਜਿਹੜਾ ਵੀ ਸਿੱਖ ਇਸ ਦੀ ਸੇਵਾ-ਸੰਭਾਲ ਕਰੇਗਾ ਉਸ ਨੂੰ ਰਿੱਧੀਆਂ-ਸਿੱਧੀਆਂ ਮਿਲਣਗੀਆਂ ਅਤੇ ਰਾਜ-ਭਾਗ ਵੀ ਮਿਲੇਗਾ। ਉਸ ਨੂੰ ਸਿੱਖੀ ਵੀ ਹਾਸਲ ਹੋਵੇਗੀ ਅਤੇ ਇੱਥੇ ਲੰਗਰ ਵੀ ਅਤੁੱਟ ਚੱਲੇਗਾ। ਇੱਥੇ ਗੁਰੂ ਦਾ ਸਰੋਵਰ ਹੋਵੇਗਾ ਜਿਸ ਵਿੱਚ ਹਰ ਕਿਸਮ ਦਾ ਵਿਅਕਤੀ ਆ ਕੇ ਇਸ਼ਨਾਨ ਕਰੇਗਾ। ਇੱਥੇ ਬੜੇ ਬੜੇ ਗੁਣੀ-ਗਿਆਨੀ ਹੋਣਗੇ ਜਿਹੜੇ ਸ਼ਬਦਾਂ ਦੀ ਵਿਚਾਰ ਕਰਿਆ ਕਰਨਗੇ। ਵਿਗਿਆਨ ਨੂੰ ਸਮਝਣ-ਸਮਝਾਉਣ ਵਾਲੇ, ਲਿਖਾਰੀ, ਵਿਦਿਆਰਥੀ, ਭਜਨ ਕਰਨ ਵਾਲੇ ਅਤੇ ਟਹਿਲ-ਸੇਵਾ ਕਰਨ ਵਾਲੇ ਵੀ ਹੋਣਗੇ। ਅਖੀਰ ਤੇ ਅਖਰੀਲਾ ਵਾਕ ਕਹਿ ਕੇ ਗੁਰੂ ਸਾਹਿਬ ਸਾਰੀ ਗੱਲ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੰਦੇ ਹਨ। "ਅਸੀਂ ਇਸੀ ਕਾ ਦਰਸ਼ਨ ਕਰਨ ਆਏ ਥੇ।"[57] ਗੁਰੂ ਸਾਹਿਬ ਇਸ ਅਸਥਾਨ ਤੇ ਵਿੱਦਿਅਕ ਕੇਂਦਰ ਸਥਾਪਿਤ ਕਰਨ ਵਾਸਤੇ ਇੱਥੇ ਆਏ ਹਨ।

ਸਾਖੀ ਪੋਥੀ ਅਨੁਸਾਰ ਗੁਰੂ ਸਾਹਿਬ ਤਲਵੰਡੀ ਸਾਬੋ ਤੋਂ ਬਠਿੰਡਾ ਨੂੰ ਗਏ। ਬਠਿੰਡਾ ਦਾ ਮਤਲਬ ਹੈ 'ਭੱਟੀ ਦਾ ਕਿਲ੍ਹਾ'। ਸਮੇਂ ਦੇ ਬੀਤਣ ਨਾਲ 'ਭੱਟੀ ਦਾ ਕਿਲ੍ਹਾ' ਛੋਟਾ ਹੋ ਕਿ ਇਕੱਲਾ 'ਭੱਟੀ ਦਾ' ਹੀ ਰਹਿ ਗਿਆ ਸੀ। ਇਸ 'ਭੱਟੀ ਦਾ' ਨਾਂ ਅੰਗਰੇਜ਼ੀ ਭਾਸ਼ਾ ਵਿੱਚ Bhati Da ਆਖਰ Bhatinda ਬਣ ਗਿਆ ਅਤੇ ਇਸ ਤੋਂ ਮਲਵਈ ਉਚਾਰਣ ਹੁੰਦਾ ਹੋਇਆ ਬਠਿੰਡਾ ਬਣ ਗਿਆ। ਇਹ ਬਹੁਤ ਪੁਰਾਤਨ ਕਿਲ੍ਹਾ ਹੈ। ਸ਼ਾਇਦ ਦਸਵੀਂ ਸਦੀ ਦੇ ਸਮੇਂ ਦਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਦੇ ਸਮੇਂ ਇਹ ਕਿਲ੍ਹਾ ਬਿਲਕੁਲ ਬੇ-ਵਾਰਸ ਸੀ। ਕਿਉਂਕਿ ਇਸ ਸਮੇਂ ਤੱਕ ਮਾਲਵਾ ਦੀ ਰਾਜਨੀਤਿਕ ਅਹਿਮੀਅਤ ਖ਼ਤਮ ਹੋ ਚੁੱਕੀ ਸੀ। ਗੁਰੂ ਸਾਹਿਬ ਜਦੋਂ ਬਠਿੰਡਾ ਆਏ ਸਨ ਤਾਂ ਇਹ ਕਿਲ੍ਹਾ ਖਾਲੀ ਸੀ ਜਿਹੜੇ ਇਸ ਇਲਾਕੇ ਦੇ ਬਰਾੜ ਜੱਟ ਕਬੀਲੇ ਸਨ ਉਨ੍ਹਾਂ ਲਈ ਵੀ ਇਸ ਕਿਲ੍ਹੇ ਦੀ ਕੋਈ ਅਹਿਮੀਅਤ ਨਹੀਂ ਸੀ। ਸਾਖੀ ਪੋਥੀ ਵਿੱਚ ਇਥੋਂ ਦੀ ਆਮਦ ਬਾਰੇ ਸਿਰਫ਼ ਇੰਨਾ ਹੀ ਲਿਖਿਆ ਹੈ: "ਗੁਰੂ ਜੀ ਸ਼ਿਕਾਰ ਚੜ੍ਹੇ ਸਨ। ਪੰਜਾਂ ਕੋਹਾਂ ਥੋਂ ਬਠਿੰਡਾ ਵੇਖਿਆ। ਗੁਰੂ ਜੀ ਨੇ ਕਿਹਾ: 'ਏਹੁ ਉਚੇ ਥਾਇ ਕਿਆ ਹੈ ਦਿਸਦਾ?' ਸਿਖਾਂ ਕਹਿਆ: ਜੀ ਬਠਿੰਡਾ ਹੈ। ਚਲੇ ਖੇਡਦੇ ਖੇਡਦੇ ਜਾਇ ਪਹੁੰਚੇ। ਦੇਖ ਕੇ ਗੁਰੂ ਜੀ ਨੇ ਕਹਿਆ, 'ਵਡੀ ਜਗਾ ਹੈ।' ਨੌ ਦਿਨ ਰਹੇ।"[58]

---

57 *ਉਹੀ*, ਪੰਨੇ 21-22.

58 *ਉਹੀ*, ਪੰਨੇ 22-23.

ਬਠਿੰਡਾ ਤੋਂ ਅਗਲਾ ਪੜਾਅ, ਸਾਖੀ ਪੋਥੀ ਅਨੁਸਾਰ ਮਾਈਸਰ ਖਾਨਾ ਵਿਖੇ ਕੀਤਾ ਗਿਆ ਸੀ। ਮਾਈਸਰ ਖਾਨਾ ਇਸ ਸਮੇਂ ਸੁਨਾਮ-ਮਾਨਸਾ-ਬਠਿੰਡਾ ਸੜਕ ਉੱਪਰ ਮੌੜ ਮੰਡੀ ਤੋਂ ਨੌਂ ਕਿਲੋਮੀਟਰ ਦੀ ਦੂਰੀ ’ਤੇ ਹੈ। ਜਿਵੇਂ ਨਾਂ ਤੋਂ ਹੀ ਸਪੱਸ਼ਟ ਹੈ ਕਿ ਇੱਥੇ ਦੇਵੀ ਦਾ ਮੰਦਰ ਅਤੇ ਸਰੋਵਰ ਹੈ। ਇਸ ਦੇਵੀ ਨੂੰ ਮਾਈ ਕਹਿ ਕੇ ਪੁਕਾਰਿਆ ਜਾਂਦਾ ਹੈ। ਨਾਲ ਹੀ ਸਰੋਵਰ ਹੋਣ ਕਰਕੇ ਲੋਕ ਇਸ ਨੂੰ ਮਾਈਸਰ ਬੋਲਦੇ ਹਨ। ਖਾਨਾ ਤੋਂ ਮਤਲਬ ਹੈ ਕਿ ਇਸ ਅਸਥਾਨ ਨੂੰ ਖਾਨਾ ਨਾਂ ਦੇ ਸਿੱਧੂ ਗੋਤ ਦੇ ਜੱਟ ਜ਼ਿਮੀਦਾਰ ਨੇ ਵਸਾਇਆ ਸੀ। ਇਸ ਲਈ ਇਸ ਅਸਥਾਨ ਨੂੰ ‘ਮਾਈਸਰ ਖਾਨਾ’ ਦੇ ਸੰਯੁਕਤ ਨਾਂ ਨਾਲ ਪੁਕਾਰਦੇ ਹਨ। ਸਾਖੀ ਪੋਥੀ ਵਿੱਚ ਲਿਖਿਆ ਹੈ: “ਇੱਕ ਡੇਰਾ ਮਾਈਸਰ ਖਾਨੇ ਹੋਇਆ।”[59] ਬਠਿੰਡਾ ਜ਼ਿਲ੍ਹੇ ਦੇ 1960 ਦੇ ਬੰਦੋਬਸਤ ਰਿਕਾਰਡ ਵਿੱਚ ਦੱਸਿਆ ਗਿਆ ਹੈ ਕਿ ਇਹ ਅਸਥਾਨ ਅੰਦਾਜ਼ਨ ਚਾਰ ਸੌ ਸਾਲ ਪੁਰਾਣਾ ਹੈ ਜਿਸ ਨੂੰ ਸਿੱਧੂਆਂ ਨੇ ਵਸਾਇਆ ਸੀ।[60] ਇੱਥੋਂ ਦੇ ਮਾਈ ਦੇਵੀ ਦੇ ਮੰਦਰ ਦੀ ਆਲੇ-ਦੁਆਲੇ ਦੇ ਪਿੰਡਾਂ ਵਿੱਚ ਬਹੁਤ ਮਾਨਤਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਦੇ ਇੱਥੇ ਆਉਣ ਕਰਕੇ ਇਸ ਅਸਥਾਨ ’ਤੇ ਉਨਾਂ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਵੀ ਬਣਿਆ ਹੋਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਬਾਰੇ ਲਿਖਿਆ ਹੈ, “ਇਸ (ਪਿੰਡ) ਦੀ ਵਸੋਂ ਦੇ ਨਾਲ ਹੀ ਦੱਖਣ ਵੱਲ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦਾ ਗੁਰਦੁਆਰਾ ਹੈ। ਛੋਟਾ ਜਿਹਾ ਮੰਦਰ ਬਣਿਆ ਹੋਇਆ ਹੈ ਪਾਸ ਰਿਹਾਇਸ਼ੀ ਮਕਾਨ ਹਨ। ਢਾਈ ਘੁਮਾਅ ਜ਼ਮੀਨ ਪਿੰਡ ਵੱਲੋਂ ਹੈ। ਪੁਜਾਰੀ ਉਦਾਸੀ ਹੈ। ਗੁਰਦੁਆਰੇ ਨਾਲ ਦਾ ਟੋਭਾ ‘ਤਿਤਰਸਰ’ ਨਾਮ ਤੋਂ ਪ੍ਰਸਿੱਧ ਹੈ।”[61]

ਮਾਈਸਰ ਖਾਨਾ ਦੇ ਨੇੜੇ ਪਿੰਡ ਪੰਧੇਰ ਹੈ। ਸਾਖੀ ਪੋਥੀ ਵਿੱਚ ਲਿਖਿਆ ਹੈ “ਅਗੇ ਪੰਧੇਰੀ ਜਾਇ ਖਲੋਤੇ। ਸਿਖਾਂ ਕਹਿਆ ‘ਡੇਰਾ ਕਰਾਵੋ’। ਉਹ ਹਥਾਈ ਜਾਇ ਖੜੇ ਹੋਏ ਸਨ। ਜੱਟ ਕਹਿੰਦੇ: ‘ਘੁਮਿਆਰ ਕੇ ਡੇਰਾ, ਆਏ ਗਏ ਕਾ ਡੇਰਾ ਉਥੇ ਹੀ ਹੁੰਦਾ ਹੈ।’ ਸਿੱਖ ਕਹਿੰਦੇ: ਜੀ, ਏਹ ਤਾਂ ਲੋਕ ਮੋਟੇ ਜਿਹੇ ਹਨ।”[62] ਇੱਥੋਂ ਦਾ ਚੌਧਰੀ ਖੁਮਾਰੀ ਨਾਂ ਦਾ ਵਿਅਕਤੀ ਸੀ। ਇਸ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਸੀ ਕਿ ਇਸ ਹਥਾਈ ਦੀ ਸਾਫ-ਸਫਾਈ ਇੱਥੋਂ ਦੇ ਘੁਮਿਆਰ ਕਰਦੇ ਹਨ। ਇਸ ਕਰਕੇ ਇਸ ਪਿੰਡ ਵਿੱਚ ਹਰ ਆਏ-ਗਏ ਸਾਧੂ-ਸੰਤ ਨੂੰ ਇੱਥੇ ਠਹਿਰਾਇਆ ਜਾਂਦਾ ਹੈ।

---

59 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨਾ-12.

60 ਫ਼ੌਜਾ ਸਿੰਘ, *ਗੁਰੂ ਤੇਗ਼ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ-ਚਿੰਨ੍ਹ*, ਪੰਨੇ 128-29.

61 ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ-959.

62 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨਾ-12.

ਗੁਰੂ ਤੇਗ਼ ਬਹਾਦਰ ਸਾਹਿਬ ਦਾ ਅਗਲਾ ਪੜਾਅ ਪਿੰਡ ਭੈਣੀ ਬਾਘਾ ਵਿਖੇ ਹੋਣ ਦੀ ਜਾਣਕਾਰੀ ਮਿਲਦੀ ਹੈ। ਇਹ ਪਿੰਡ ਮਾਨਸਾ-ਬਠਿੰਡਾ ਸੜਕ ਉੱਪਰ ਸਥਿਤ ਹੈ। ਇੱਥੇ ਗੁਰੂ ਸਾਹਿਬ ਦੀ ਯਾਦ ਵਿੱਚ ਦੋ ਗੁਰਦੁਆਰੇ ਹਨ। ਇੱਕ ਗੁਰਦੁਆਰਾ ਰਕਾਬਸਰ ਅਤੇ ਦੂਜਾ ਗੁਰਦੁਆਰਾ ਪਿਪਲਸਰ ਸਾਹਿਬ ਹੈ। ਸਥਾਨਕ ਰਵਾਇਤਾਂ ਅਨੁਸਾਰ ਇੱਥੋਂ ਦੇ ਇੱਕ ਦਲਿਤ (ਚਮਿਆਰ) ਨੇ ਗੁਰੂ ਸਾਹਿਬ ਦੇ ਘੋੜਿਆਂ ਦੇ ਰਕਾਬਾਂ ਨੂੰ ਠੀਕ ਕਰਨ ਦੀ ਅਤੇ ਘੋੜਿਆਂ ਦੇ ਖੁਰਾਂ ਨਾਲ ਖੁਰੀਆਂ ਲਗਾਉਣ ਦੀ ਬਹੁਤ ਸੇਵਾ ਕੀਤੀ ਸੀ। ਗੁਰੂ ਸਾਹਿਬ ਨੇ ਉਸ ਦਲਿਤ ਵਿਅਕਤੀ ਨੂੰ ਇੱਥੋਂ ਦੀ ਸਿੱਖ ਸੰਗਤ ਦਾ ਮੁਖੀ ਥਾਪ ਦਿੱਤਾ ਸੀ। ਸਥਾਨਕ ਲੋਕਾਂ ਅਨੁਸਾਰ ਇਸ ਪਿੰਡ ਦੇ ਸਭ ਦਲਿਤ ਸ਼ਰਧਾਵਾਨ ਸਿੱਖ ਹਨ।[63]

ਭੈਣੀ ਬਾਘਾ ਤੋਂ ਬਾਅਦ ਪਿੰਡ ਖਿਆਲਾ ਕਲਾਂ ਦਾ ਜ਼ਿਕਰ ਆਉਂਦਾ ਹੈ ਜਿੱਥੇ ਗੁਰੂ ਤੇਗ਼ ਬਹਾਦਰ ਸਾਹਿਬ ਮਾਲਵਾ ਦੀ ਯਾਤਰਾ ਕਰਦੇ ਹੋਏ ਪਹੁੰਚੇ ਸਨ। ਇੱਥੇ ਗੁਰੂ ਸਾਹਿਬ ਦੀ ਯਾਦ ਵਿੱਚ ਤਿੰਨ ਗੁਰਦੁਆਰੇ ਬਣੇ ਹੋਏ ਹਨ। ਇੱਕ ਗੁਰਦੁਆਰਾ ਮਹੰਤਾਂ ਵਾਲਾ ਹੈ, ਜਿੱਥੇ ਨਿਹੰਗ ਸਿੰਘਾਂ ਦਾ ਪ੍ਰਬੰਧ ਹੈ। ਦੂਸਰਾ ਗੁਰਦੁਆਰਾ ਤੀਰਸਰ ਹੈ। ਇੱਥੇ ਗੁਰੂ ਸਾਹਿਬ ਨੇ ਆਪਣੇ ਤੀਰ ਦੀ ਮੁਖੀ ਨਾਲ ਖੂਹ ਖੁਦਵਾਉਣ ਦੀ ਸ਼ੁਰੂਆਤ ਕੀਤੀ ਸੀ। ਇਹ ਖੂਹ ਪਿੰਡ ਦੇ ਲੋਕਾਂ ਲਈ ਪੀਣ ਵਾਲੇ ਪਾਣੀ ਦੀ ਜ਼ਰੂਰਤ ਵਾਸਤੇ ਲਗਵਾਇਆ ਗਿਆ ਸੀ। ਪਿੱਛੋਂ ਇਸ ਖੂਹ ਵਾਲੀ ਥਾਂ ਤੇ ਇੱਕ ਗੁਰਦੁਆਰੇ ਦੀ ਉਸਾਰੀ ਕਰ ਦਿੱਤੀ ਸੀ। ਇਹ ਇੱਥੋਂ ਦੇ ਬੱਸ ਅੱਡੇ ਤੋਂ ਇੱਕ ਫਰਲਾਂਗ ਦੀ ਦੂਰੀ ’ਤੇ ਹੈ। ਤੀਸਰਾ ਗੁਰਦੁਆਰਾ ਬੇਰੀ ਸਾਹਿਬ ਹੈ। ਇੱਕ ਬੇਰੀ ਦਾ ਬਹੁਤ ਪੁਰਾਣਾ ਦਰਖ਼ਤ ਇੱਥੇ ਹੈ। ਇਸ ਬੇਰੀ ਨੂੰ ਗੁਰੂ ਸਾਹਿਬ ਦੇ ਸਮੇਂ ਦੀ ਹੀ ਮੰਨਿਆ ਜਾ ਰਿਹਾ ਹੈ।[64]

ਪਿੰਡ ਖਿਆਲਾ ਕਲਾਂ ਵਿੱਚ ਪੰਡਤ ਗੁੱਜਰ ਰਾਮ ਦੀ ਵੰਸ਼ ਵਿੱਚੋਂ ਪੱਤੀ ਮੱਕਾ ਦੇ ਵਿੱਚ ਪੰਡਤ ਹਰੀ ਰਾਮ ਦੇ ਲੜਕੇ ਨਛੱਤਰ ਸਿੰਘ ਦੇ ਘਰ ਇੱਕ ਛੰਨਾ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਛੰਨੇ ਬਾਰੇ ਕਿਹਾ ਜਾਂਦਾ ਹੈ ਕਿ ਪੰਡਿਤ ਗੁੱਜਰ ਰਾਮ ਨੇ ਇਸ ਛੰਨੇ ਵਿੱਚ ਦੁੱਧ ਲਿਆਂਦਾ ਸੀ ਗੁਰੂ ਸਾਹਿਬ ਨੂੰ ਛਕਾਉਣ ਵਾਸਤੇ। ਗੁਰੂ ਸਾਹਿਬ ਨੇ ਦੁੱਧ ਛਕਣ ਬਾਅਦ ਪੰਡਤ ਨੂੰ ਆਸ਼ੀਰਵਾਦ ਦਿੰਦਿਆ ਕਿਹਾ ਜਿੰਨਾ ਚਿਰ ਇਹ ਛੰਨਾ ਤੇਰੇ ਘਰ ਰਹੇਗਾ ਉਂਨਾ ਸਮਾਂ ਤੇਰੇ ਘਰ ਵਿੱਚ ਦੁੱਧ ਰਹੇਗਾ ਜਿਸ ਨੂੰ ਸੰਤ ਜਨ ਛਕ ਕੇ ਤੇਰਾ ਜਸ ਗਾਉਂਦੇ ਰਹਿਣਗੇ। ਸਾਥੀ ਪੋਥੀ ਵਿੱਚ ਲਿਖਿਆ ਹੈ: “ਤੇਰਾ ਛੰਨਾ ਵੀ ਵਿਆਹ ਕਾਰਜ ਪੂਰਦਾ ਰਹੂ। ਤੇਰੇ ਭਾਂਡੇ ਦੁੱਧ ਭੀ ਰਹੂ ਸਦਾ। ਏਥੇ ਖੂਹ ਲਗੇਗਾ। ਇੱਕ ਏਸ ਜਗਾ ਬੋਹੜ ਲਗੇਗਾ।”[65] ਪੰਡਿਤ ਤਾਰਾ ਸਿੰਘ ਨਰੋਤਮ ਨੇ

---

63 ਫ਼ੌਜਾ ਸਿੰਘ, *ਗੁਰੂ ਤੇਗ਼ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ-ਚਿੰਨ੍ਹ*, ਪੰਨੇ 124-26.

64 *ਉਹੀ*, ਪੰਨੇ 122-24.

65 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨਾ-13.

ਲਿਖਿਆ ਹੈ, "ਈਹਾਂ ਬ੍ਰਾਹਮਣ ਨੇ ਸੇਵਾ ਕਰੀ। ਗੁਰੂ ਜੀ ਨੇ ਬ੍ਰਾਹਮਣ ਕੋ ਆਗਿਆ ਦਈ ਕੂਏ ਪਰ ਬੜ (ਬਰੋਟਾ) ਕਾ ਪੇੜ ਲਗਾਓ। ਇਹ ਕੂਆ ਔਰ ਬੜ ਅਬ ਤਕ ਹੈ।"[66]

ਖਿਆਲਾ ਕਲਾਂ ਤੋਂ ਕੁਛ ਦੂਰ ਪਿੰਡ ਜੋਗਾ ਹੈ। ਇਹ ਮਾਨਸਾ-ਬਰਨਾਲਾ ਸੜਕ ਉੱਪਰ ਸਥਿਤ ਹੈ। ਇਸ ਦੀ ਤਹਿਸੀਲ ਤੇ ਜ਼ਿਲ੍ਹਾ ਮਾਨਸਾ ਹੈ। ਜੋਗੇ ਦੇ ਬਿਲਕੁਲ ਨੇੜੇ ਰੱਲਾ ਪਿੰਡ ਹੈ। ਇਸ ਕਰਕੇ ਅਕਸਰ ਜੋਗਾ-ਰੱਲਾ ਇਕੱਠਾ ਇੱਕੋ ਨਾਂ ਨਾਲ ਪੁਕਾਰਿਆ ਜਾਂਦਾ ਹੈ। ਸਥਾਨਕ ਪਰੰਪਰਾ ਅਨੁਸਾਰ ਰੱਲਾ ਪਿੰਡ ਪਹਿਲਾਂ ਵਸ ਗਿਆ ਸੀ ਅਤੇ ਜੋਗਾ ਪਿੰਡ ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਪਣੇ ਆਸ਼ੀਰਵਾਦ ਨਾਲ ਵਸਵਾਇਆ ਸੀ। ਇਹ ਪਰੰਪਰਾ ਇਸ ਤਰ੍ਹਾਂ ਹੈ ਕਿ ਜਿਸ ਸਮੇਂ ਗੁਰੂ ਸਾਹਿਬ ਇੱਥੇ ਆਏ ਸਨ ਤਾਂ ਉਹ ਰੱਲੇ ਪਿੰਡ ਦੀ ਜੂਹ ਵਿੱਚ ਇੱਕ ਉੱਚੇ ਥੇਹ ਉੱਪਰ ਆ ਕੇ ਬੈਠ ਗਏ ਸਨ ਜਾਂ ਉਹਨਾਂ ਨੇ ਡੇਰਾ ਲਾ ਲਿਆ ਸੀ। ਇੱਥੇ ਰੱਲੇ ਪਿੰਡ ਦੇ ਚੌਧਰੀ ਦੇ ਭਤੀਜੇ ਜੁਗਰਾਜ ਨੇ ਗੁਰੂ ਸਾਹਿਬ ਅਤੇ ਉਹਨਾਂ ਦੀਆਂ ਸਿੱਖ ਸੰਗਤਾਂ ਦੀ ਬਹੁਤ ਸੇਵਾ ਕੀਤੀ ਸੀ। ਸੇਵਾ ਤਾਂ ਰੱਲੇ ਦੇ ਚੌਧਰੀ ਅਤੇ ਲੋਕਾਂ ਨੇ ਬਹੁਤ ਕੀਤੀ ਸੀ ਪਰ ਜੁਗਰਾਜ ਕੁਝ ਜਿਆਦਾ ਹੀ ਗੁਰੂ ਸਾਹਿਬ ਦਾ ਸ਼ਰਧਾਲੂ ਸੀ। ਗੁਰੂ ਸਾਹਿਬ ਨੇ ਜੁਗਰਾਜ ਨੂੰ ਇੱਥੋਂ ਦੀ ਸਿੱਖ ਸੰਗਤ ਦਾ ਮੁਖੀ ਥਾਪਿਆ ਸੀ ਅਤੇ ਉਸ ਥੇਹ ਉੱਪਰ ਉਸ ਨੂੰ ਆਪਣਾ ਵੱਖਰਾ ਪਿੰਡ ਸਥਾਪਿਤ ਕਰਨ ਲਈ ਆਦੇਸ਼ ਦੇ ਦਿੱਤੇ ਸਨ। ਜੁਗਰਾਜ ਨੂੰ ਸਥਾਨਕ ਲੋਕ ਜੋਗਾ ਜੋਗਾ ਕਹਿ ਕੇ ਬੁਲਾਉਂਦੇ ਸਨ। ਇਸ ਕਰਕੇ ਨਵੇਂ ਵਸਾਏ ਗਏ ਪਿੰਡ ਨੂੰ ਜੋਗਾ ਪਿੰਡ ਕਿਹਾ ਗਿਆ ਸੀ। ਸਾਖੀ ਪੋਥੀ ਵਿੱਚ ਲਿਖਿਆ ਹੈ, "ਜੋਗੇ ਕੇ ਲਾਉਣੇ (ਨੇੜੇ) ਗੁਰੂ ਜੀ ਨੇ ਦੁਪਹਿਰੇ ਡੇਰਾ ਕੀਤਾ। ਫੇਰ ਗੁਰੂ ਜੀ ਨੇ ਕਹਿਆ: ਕੋਈ ਏਸ ਜਗਾ ਵਸਦਾ ਹੈ ਕਿ ਨਹੀਂ? ਸਿਖਾਂ ਕਹਿਆ: ਕੋਈ ਕੋਈ ਮਨੁੱਖ ਫਿਰਦਾ ਹੈ ਜੀ। ਅੱਗੇ ਕੂਚ ਹੋਏ ਚਲੇ ਜਾਂਦੇ ਸਨ। ਜੁਗਰਾਜ ਨੇ ਆਣ ਮਥਾ ਟੇਕਿਆ। ਕਹਿਆ: ਜੀ ਚਲੋ ਡੇਰਾ ਕਰੋ। ਗੁਰੂ ਜੀ ਨੇ ਕਹਿਆ: ਐਤ ਥੇਹ ਪਿੰਡ ਵਸਾਇ ਲੈ ਅਜੀਤ ਕਲਰੀ ਹੈ। ਉਥੇ ਜੋਗਾ ਵਸਿਆ।"[67] ਪੰਡਿਤ ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ "ਜੋਗਾ ਗਾਮ ਅਲੀਸ਼ੇਰ ਸੇ ਪਾਂਚ ਕੋਸ ਵਾਯੂ ਕੋਣ ਮੇਂ। ਇੱਕ ਗੁਰਦੁਆਰਾ ਦੋ ਪੁਜਾਰੀ ਕਬੀ ਰਹਿਤ ਹੈ ਕਬੀ ਨਹੀਂ। ਅਲੀਸ਼ੇਰ ਸੇ ਉਠ ਕਰ ਗੁਰੂ ਜੀ ਇਸ ਗ੍ਰਾਮ ਮੇਂ ਉਤਰੇ ਥੇ।"[68]

---

66 ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ*, ਅੰਬਾਲਾ, 1884, ਪੰਨਾ-81.

67 *ਮਾਲਵਾ ਦੇਸ਼ ਰਟਨ ਦਾ ਸਾਖੀ ਪੋਥੀ*, ਪੰਨੇ 13-14.

68 ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨਾ-80.

ਜੋਗਾ-ਰੱਲਾ ਪਿੰਡਾਂ ਤੋਂ ਅਗਲਾ ਪੜਾਅ ਗੁਰੂ ਤੇਗ਼ ਬਹਾਦਰ ਸਾਹਿਬ ਦਾ ਪਿੰਡ ਭੂਪਾਲ ਵਿਖੇ ਹੋਇਆ। ਇਸ ਦਾ ਜ਼ਿਲ੍ਹਾ ਮਾਨਸਾ ਹੈ। ਸਾਖੀ ਪੋਥੀ ਵਿੱਚ ਲਿਖਿਆ ਹੈ: "ਗੁਰੂ ਜੀ ਨੇ ਡੇਰਾ ਭੂਪਾਲੀਂ ਕੀਤਾ। ਨਗਰੀ ਨੇ ਕੱਖ, ਪੱਠੇ ਅਤੇ ਦੁੱਧ-ਦਹੀਂ ਦੀ ਬਹੁਤ ਸੇਵਾ-ਟਹਿਲ ਕੀਤੀ। ਘੋੜਿਆਂ ਨੂੰ ਦਾਣਾ ਦੀਆ।"[69] ਵਿਸਾਖਾ ਸਿੰਘ ਜਨੇਤਪੁਰਾ ਨੇ ਲਿਖਿਆ ਹੈ: "ਇਸ ਪਿੰਡ ਤੋਂ ਉੱਤਰ-ਪੂਰਬ ਪਾਸੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਇੱਕ ਰਾਤ ਬਿਰਾਜੇ ਸਨ। ਮੰਜੀ ਸਾਹਿਬ ਬਣਿਆ ਹੋਇਆ ਹੈ। 50 ਘੁਮਾਅ ਜ਼ਮੀਨ ਰਿਆਸਤ ਪਟਿਆਲਾ ਵੱਲੋਂ ਗੁਰਦੁਆਰੇ ਦੇ ਨਾਉਂ ਹੈ। ਪੁਜਾਰੀ ਸਿੰਘ ਹੈ।"[70]ਅੱਜਕੱਲ ਭੂਪਾਲ ਵਿਖੇ ਦੋ ਗੁਰਦੁਆਰੇ ਹਨ ਅਤੇ ਦੋਵੇਂ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿੱਚ ਹਨ।

ਭੂਪਾਲ ਤੋਂ ਅੱਗੇ ਗੁਰੂ ਤੇਗ਼ ਬਹਾਦਰ ਸਾਹਿਬ ਪਿੰਡ ਧਲੇਉਂ ਜਾਂ ਧਲੇਵਾਂ ਵਿਖੇ ਗਏ। ਇਸ ਦੀ ਤਹਿਸੀਲ ਅਤੇ ਜ਼ਿਲ੍ਹਾ ਮਾਨਸਾ ਹੈ। ਇੱਥੇ ਜਿਹੜਾ ਗੁਰਦੁਆਰਾ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿੱਚ ਬਣਿਆ ਹੋਇਆ ਹੈ ਉਸ ਨੂੰ ਸੰਮਤ 1973 ਬਿਕਰਮੀ ਮੁਤਾਬਕ 1916 ਈਸਵੀ ਵਿੱਚ ਬਣਾਇਆ ਗਿਆ ਸੀ। ਇਸ ਗੁਰਦੁਆਰੇ ਨੂੰ ਬਣਾਉਣ ਵਿੱਚ ਪਿੰਡ ਰਾਇ ਸਿੰਘ ਵਾਲਾ (ਨੇੜੇ ਭਵਾਨੀਗੜ੍ਹ) ਦੇ ਸਰਦਾਰ ਰਣਬੀਰ ਸਿੰਘ ਦਾ ਬਹੁਤ ਵੱਡਾ ਯੋਗਦਾਨ ਸੀ। ਪਹਿਲਾਂ ਰਿਆਸਤ ਪਟਿਆਲੇ ਵੱਲੋਂ ਇਸ ਗੁਰਦੁਆਰੇ ਨੂੰ 120 ਰੁਪਏ ਸਾਲਾਨਾ ਮਿਲਦੇ ਹੁੰਦੇ ਸਨ।[71] ਪਰ ਅੱਜ ਕਲ ਇਹ ਰਵਾਇਤ ਬੰਦ ਹੋ ਚੁੱਕੀ ਹੈ ਅਤੇ ਇਸ ਗੁਰਦੁਆਰੇ ਦਾ ਪ੍ਰਬੰਧ ਸਥਾਨਕ ਪ੍ਰਬੰਧਕੀ ਕਮੇਟੀ ਦੇ ਕੋਲ ਹੈ ਗੁਰਦੁਆਰਾ ਸਾਹਿਬ ਦਾ ਨਾਂ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਹੈ।

ਧਲੇਉਂ ਤੋਂ ਬਾਰਾਂ ਕਿਲੋਮੀਟਰ 'ਤੇ ਪਿੰਡ ਕਣਕਵਾਲ ਹੈ। ਇੱਥੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਆਉਣ ਦੀ ਜਾਣਕਾਰੀ ਮਿਲਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਬਾਰੇ ਲਿਖਿਆ ਹੈ, "ਕਣਕਵਾਲ ਕਲਾਂ, ਰਿਆਸਤ ਪਟਿਆਲਾ, ਨਜ਼ਾਮਤ, ਤਸੀਲ, ਥਾਣਾ ਸੁਨਾਮ ਵਿੱਚ ਇੱਕ ਪਿੰਡ ਹੈ। ਇਸ ਪਿੰਡ ਤੋਂ ਉੱਤਰ ਵੱਲ ਦੋ ਫਰਲਾਂਗ 'ਤੇ ਗੁਰੂ ਤੇਗ਼ ਬਹਾਦਰ ਜੀ ਦਾ ਗੁਰਦੁਆਰਾ ਹੈ। ਸੰਮਤ 1978 ਬਿਕਰਮੀ (ਸੰਨ 1921 ਈਸਵੀ) ਵਿੱਚ ਨਾ ਮੁਕੰਮਲ ਜਿਹਾ ਮੰਦਿਰ ਬਣਾਇਆ ਗਿਆ ਹੈ। ਕੋਈ ਸੇਵਾਦਾਰ ਨਾ ਹੋਣ ਕਰਕੇ ਹਾਲਤ

---

69 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨਾ-14.

70 ਵਿਸਾਖਾ ਸਿੰਘ ਜਨੇਤਪੁਰਾ, *ਮਾਲਵਾ ਇਤਿਹਾਸ*, ਜਿਲਦ ਪਹਿਲੀ, ਗੁਰਮਤਿ ਪ੍ਰਚਾਰਕ ਸਭਾ, ਕਿਸ਼ਨਪੁਰਾ, 1954, ਪੰਨਾ-87.

71 ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ-497.

ਢਿੱਲੀ ਹੈ। ਰੇਲਵੇ ਸਟੇਸ਼ਨ ਛਾਜਲੀ ਤੋਂ ਪੱਛਮ ਵੱਲ ਪੰਜ ਮੀਲ ਦੇ ਕਰੀਬ ਹੈ।"[72] ਇਸ ਇਲਾਕੇ ਵਿੱਚ ਪਿੰਡ ਬੱਛੋਆਣਾ ਹੈ। ਇੱਥੇ ਵੀ ਗੁਰੂ ਸਾਹਿਬ ਦੇ ਆਉਣ ਦੀ ਜਾਣਕਾਰੀ ਮਿਲਦੀ ਹੈ। ਸਾਖੀ ਪੋਥੀ ਵਿੱਚ ਲਿਖਿਆ ਹੈ: "ਅਗੇ ਡੇਰਾ ਬੱਛੋਆਣੇ ਹੋਇਆ। ਪਿਪਲੁ ਕੀ ਛਾਂਉ ਡੇਰਾ ਹੋਇਆ ਤਲਾਉ ਕੇ ਕਿਨਾਰੇ। ਵਡੀ ਢਾਬ ਹੈਸੀ। ਗੁਰੂ ਜੀ ਨੇ ਡੇਰਾ ਸੱਤ ਦਿਨ ਰੱਖਿਆ। ਗੁਰੂ ਜੀ ਨਾਲ ਬਹੁਤ ਸੰਗਤਾਂ ਸਨ। ਲੱਸੀ ਨੂੰ ਮਹੀਂ (ਮੱਝਾਂ) ਬਹੁਤ ਸਨ। ਇੱਕ ਬੂਰੀ ਮਹਿਂ (ਮੱਝ) ਬਹੁਤ ਉਮਦੀ (ਦੁੱਧ ਵਾਲੀ) ਸੀ।"[73]

ਇਸ ਇਲਾਕੇ ਵਿੱਚ ਕਈ ਪਿੰਡ ਖੀਵਾ ਨਾਂ ਦੇ ਹਨ ਜਿਵੇਂ ਕਿ ਖੀਵਾ ਸਜਾਦੇ ਵਾਲਾ, ਖੀਵਾ ਦਿਆਲੂ ਵਾਲਾ, ਖੀਵਾ ਮੀਹਾਂ ਸਿੰਘ ਵਾਲਾ ਅਤੇ ਖੀਵਾ ਕਲਾਂ। ਪਰ ਖੀਵਾ ਕਲਾਂ ਜਾਂ ਖੀਵਾ ਵੱਡਾ ਇਨ੍ਹਾਂ ਸਾਰਿਆਂ ਵਿੱਚੋਂ ਅਲੱਗ ਪਿੰਡ ਹੈ। ਇਹ ਭੀਖੀ-ਬਰਨਾਲਾ ਸੜਕ ਨਾਲ ਭੀਖੀ ਤੋਂ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਇੱਕ ਕਿਲੋਮੀਟਰ ਲੰਮੀ ਲਿੰਕ ਰੋਡ ਨਾਲ ਜੁੜਿਆ ਹੋਇਆ ਹੈ। ਇੱਥੋਂ ਦੇ ਜੱਟੂ ਸਿੰਘ ਨਾਂ ਦੇ ਵਿਅਕਤੀ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਸੀ। ਗੁਰੂ ਸਾਹਿਬ ਨੇ ਇਸ ਦੀ ਸ਼ਰਧਾਮਈ ਸੇਵਾ ਤੋਂ ਖੁਸ਼ ਹੋ ਕੇ ਜੱਟੂ ਸਿੰਘ ਨੂੰ ਇੱਥੋਂ ਦੀ ਸੰਗਤ ਦਾ ਮੁਖੀ ਥਾਪ ਦਿੱਤਾ ਸੀ।[74]

ਪਿੰਡ ਅਲੀਸ਼ੇਰ ਵੀ ਇਸ ਇਲਾਕੇ ਵਿੱਚ ਹੈ। ਇੱਥੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਆਉਣ ਦੀ ਜਾਣਕਾਰੀ ਮਿਲਦੀ ਹੈ। ਜਿਸ ਥਾਂ 'ਤੇ ਗੁਰੂ ਸਾਹਿਬ ਠਹਿਰੇ ਸਨ ਉਸ ਥਾਂ 'ਤੇ ਇਕ ਝਿੜੀ ਅਤੇ ਢਾਬ ਸੀ। ਇਸ ਦੇ ਨੇੜੇ ਇੱਕ ਉੱਚਾ ਟਿੱਲਾ ਸੀ ਜਿਹੜਾ ਪਿੰਡ ਦੇ ਲੋਕਾਂ ਨੇ ਢਾਬ ਵਿੱਚੋਂ ਮਿੱਟੀ ਕੱਢ ਕੇ ਉੱਚਾ ਕਰ ਦਿੱਤਾ ਸੀ। ਇਸ ਥਾਂ 'ਤੇ ਪਿੱਛੋਂ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਉਸਾਰ ਦਿੱਤਾ ਗਿਆ ਸੀ। ਢਾਬ ਦੀ ਥਾਂ 'ਤੇ ਸਰੋਵਰ ਬਣਾ ਦਿੱਤਾ ਗਿਆ ਸੀ। ਮਹਾਨ ਕੋਸ਼ ਵਿੱਚ ਲਿਖਿਆ ਹੈ, "ਭੰਦੇਰ ਤੋਂ ਤਿੰਨ ਕੋਹ ਦੱਖਣ ਵੱਲ (ਅਲੀਸ਼ੇਰ) ਹੈ। ਇਸ ਥਾਂ ਸਤਿਗੁਰ ਤੇਗ਼ ਬਹਾਦਰ ਜੀ ਨੇ ਚਰਨ ਪਾਏ ਸਨ। ਗੁਰਦੁਆਰਾ ਬਣਿਆ ਹੋਇਆ ਹੈ।"[75] ਅਲੀਸ਼ੇਰ ਦੇ ਨੇੜੇ ਪਿੰਡ ਪੰਧੇਰ ਹੈ। ਇੱਥੇ ਗੁਰੂ ਸਾਹਿਬ ਦੇ ਆਉਣ ਦੀ ਜਾਣਕਾਰੀ ਮਿਲਦੀ ਹੈ। ਪੰਧੇਰ ਪਿੰਡ ਵਿੱਚ ਇੱਕ ਘੁਮਿਆਰ ਪਰਿਵਾਰ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਸੀ। ਜਿਸ ਕਰਕੇ ਇਸ ਘੁਮਿਆਰ ਪਰਿਵਾਰ ਨੂੰ ਇੱਥੋਂ ਦੀਆਂ ਸਿੱਖ ਸੰਗਤਾਂ ਦਾ ਮੁਖੀ ਬਣਾਇਆ ਗਿਆ ਸੀ। ਇਸ ਘੁਮਿਆਰ ਪਰਿਵਾਰ ਨੇ ਆਪਣਾ ਰਿਹਾਇਸ਼ੀ ਮਕਾਨ, ਜਿਸ ਤਰ੍ਹਾਂ ਉਹ ਕੱਚਾ-ਪੱਕਾ ਸੀ, ਸਿੱਖ ਸੰਗਤਾਂ ਦੇ ਪਾਠ-ਕੀਰਤਨ ਲਈ ਸੌਂਪ ਦਿੱਤਾ ਸੀ। ਇੱਥੇ ਪਿੰਡ ਦੀਆਂ ਸੰਗਤਾਂ ਨੇ ਗੁਰਦੁਆਰਾ ਉਸਾਰ ਦਿੱਤਾ ਸੀ। ਇਸ

---

72 *ਉਹੀ*, ਪੰਨਾ-292.

73 *ਮਾਲਵਾ ਦੇਸ਼ ਰਟਨ ਦੀ ਪੋਥੀ*, ਪੰਨਾ-25.

74 ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨਾ 80 ਅਤੇ ਗੁਰਦੁਆਰਾ ਨੰਬਰ 31.

75 ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ-832.

ਗੁਰਦੁਆਰੇ ਨੂੰ ਆਪਸੀ ਰਜ਼ਾਮੰਦੀ ਨਾਲ ਪਿੱਛੋਂ 1926 ਈਸਵੀ ਵਿੱਚ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਨੂੰ ਸੌਂਪ ਦਿੱਤਾ ਸੀ। ਅੱਜ ਵੀ ਇੱਥੋਂ ਦੇ ਘੁਮਿਆਰ ਪਰਿਵਾਰਾਂ ਵਿੱਚ ਪੂਰਨ ਸਿੱਖੀ-ਸੇਵਕੀ ਹੈ।[76]

ਇੱਥੇ ਇਰਦ-ਗਿਰਦ ਦੋ ਪਿੰਡ ਹੀਰੋਂ ਕਲਾਂ ਅਤੇ ਸ਼ਾਹਪੁਰ ਹਨ। ਇਹਨਾਂ ਪਿੰਡਾਂ ਵਿੱਚ ਗੁਰੂ ਸਾਹਿਬ ਦੇ ਆਉਣ ਦੀ ਜਾਣਕਾਰੀ ਮਿਲਦੀ ਹੈ। ਪਿੰਡ ਹੀਰੋ ਕਲਾਂ ਦੇ ਗੁਰਦੁਆਰੇ ਦਾ ਨਾਂ ਗੁਰਦੁਆਰਾ ਕੰਵਲਸਰ ਪਾਤਸ਼ਾਹੀ ਨੌਵੀਂ ਹੈ ਅਤੇ ਪਿੰਡ ਸ਼ਾਹਪੁਰ ਵਿਚਲੇ ਗੁਰਦੁਆਰੇ ਦਾ ਨਾਂ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਹੈ। ਅਸਲ ਵਿੱਚ ਜਿੱਥੇ ਵੀ ਗੁਰੂ ਸਾਹਿਬ ਗਏ ਸਨ ਉਨਾਂ ਦੀ ਆਮਦ ਦੇ ਸਬੂਤ ਵਜੋਂ ਪਿੰਡ ਦੀਆਂ ਸੰਗਤਾਂ ਨੇ ਉਨਾਂ ਦੀ ਯਾਦ ਵਿੱਚ ਗੁਰਦੁਆਰੇ ਉਸਾਰ ਲਏ ਸਨ। ਇਸ ਲਈ ਪਿੰਡਾਂ ਵਿਚਲੇ ਗੁਰਦੁਆਰੇ ਆਪਣੇ ਆਪ ਵਿੱਚ ਇੱਕ ਸਬੂਤ ਹੋ ਨਿਬੜੇ ਹਨ। ਪਿੰਡਾਂ ਵਿਚਲੀ ਪੀੜ੍ਹੀ-ਦਰ-ਪੀੜ੍ਹੀ ਚਲੀ ਆ ਰਹੀ ਪਰੰਪਰਾ ਗੁਰੂ ਸਾਹਿਬਾਨ ਦੀ ਆਮਦ ਦੀ ਨਿਸ਼ਾਨੀ ਦਾ ਪੱਕਾ ਸਬੂਤ ਮੰਨੀ ਜਾਂਦੀ ਹੈ। ਗੁਰੂ ਸਾਹਿਬਾਨ ਦੀ ਆਮਦ ਦੇ ਸਬੂਤ ਮੁਹੱਈਆ ਕਰਨ ਵਿੱਚ ਗੁਰਦੁਆਰਿਆਂ ਦੀ ਮਹੱਤਤਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਇਸ ਲਈ ਸਿੱਖਾਂ ਦੀ ਗੁਰਦੁਆਰਾ ਸੰਸਥਾ ਆਪਣੇ ਆਪ ਵਿੱਚ ਇੱਕ ਇਤਿਹਾਸਕ ਪਰਮਾਣ ਬਣ ਗਈ ਹੈ।

ਮਾਲਵਾ ਦੇ ਪਿੰਡਾਂ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੇ ਆਉਣ-ਜਾਣ ਬਾਰੇ ਇੱਕ ਮੁੱਖ ਸਮੱਸਿਆ ਇਹ ਆਉਂਦੀ ਹੈ ਕਿ ਇਸ ਗੱਲ ਨੂੰ ਕਿਸੇ ਤਰ੍ਹਾਂ ਪਰਪੱਕ ਨਹੀਂ ਕੀਤਾ ਜਾ ਸਕਦਾ ਕਿ ਗੁਰੂ ਸਾਹਿਬ ਕਿਹੜੇ ਪਿੰਡ ਵਿੱਚ ਪਹਿਲਾਂ ਗਏ ਸਨ ਤੇ ਕਿਹੜੇ ਪਿੰਡ ਪਿੱਛੋਂ ਗਏ ਸਨ।[77] ਗੁਰੂ ਸਾਹਿਬ ਨੇ ਕਿਸ ਮਾਰਗ ਨੂੰ ਅਪਣਾ ਕੇ ਆਪਣੇ ਪਰਚਾਰ ਦੌਰੇ ਕੀਤੇ ਸਨ। ਅੱਜ ਕੱਲ ਸਾਰੇ ਪੁਰਾਣੇ ਰਸਤੇ ਖ਼ਤਮ ਹੋ ਗਏ ਹਨ। ਇੱਥੋਂ ਤੱਕ ਕਿ ਅੱਜ ਪੁਰਾਣੇ ਰਸਤਿਆਂ ਦੀਆਂ ਕਿਸੇ ਤਰ੍ਹਾਂ ਦੀਆਂ ਨਿਸ਼ਾਨੀਆਂ ਨਹੀਂ ਹਨ। ਪੁਰਾਣੀਆਂ ਨਿਸ਼ਾਨੀਆਂ ਅਤੇ ਪੁਰਾਣੇ ਰਸਤਿਆਂ ਨੂੰ ਖ਼ਤਮ ਕਰਨ ਵਿੱਚ ਸਭ ਤੋਂ ਵੱਡਾ ਯੋਗਦਾਨ ਪੰਜਾਬ ਦੀ ਮੁਰੱਬਾਬੰਦੀ ਨੇ ਕੀਤਾ ਹੈ। ਪੰਜਾਬ ਦੀ ਮੁਰੱਬਾਬੰਦੀ ਪੰਜਾਬ ਦੀ ਖੇਤੀਬਾੜੀ ਵਿੱਚ ਇੱਕ ਬਹੁਤ ਵੱਡਾ ਇਨਕਲਾਬੀ ਕਦਮ ਸੀ ਜਿਸ ਨੇ ਪੰਜਾਬ ਦੀ ਖੇਤੀਬਾੜੀ ਵਿੱਚ ਹਰਾ ਇਨਕਲਾਬ ਲਿਆਂਦਾ ਸੀ। ਪਰ ਇਸ ਨੇ ਖੇਤੀਬਾੜੀ ਦੀ ਪੁਰਾਤਨਤਾ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ। ਪੁਰਾਣੇ ਰਸਤੇ ਖ਼ਤਮ ਕਰ ਦਿੱਤੇ, ਪੁਰਾਣੀਆਂ ਢਾਬਾਂ ਅਤੇ ਛੱਪੜ

---

76 ਫ਼ੌਜਾ ਸਿੰਘ, *ਗੁਰੂ ਤੇਗ਼ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ-ਚਿੰਨ੍ਹ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨੇ 108-109.

77 ਉਹੀ, ਪੰਨਾ-8 (ਭੂਮਿਕਾ).

ਖ਼ਤਮ ਕਰ ਦਿੱਤੇ, ਪੁਰਾਣੇ ਦਰੱਖਤ ਖ਼ਤਮ ਕਰ ਦਿੱਤੇ। ਮੁਰੱਬਾਬੰਦੀ ਨੇ ਨਵੇਂ ਰਸਤੇ ਕੱਢ ਦਿੱਤੇ ਸਨ ਅਤੇ ਨਵੀਆਂ ਖੇਤੀਬਾੜੀ ਪਰੰਪਰਾਵਾਂ ਸਥਾਪਿਤ ਕਰ ਦਿੱਤੀਆਂ ਸਨ। ਇਸ ਲਈ ਅੱਜ ਨਾ ਤਾਂ ਪੁਰਾਣੇ ਰਸਤਿਆਂ ਦੀ ਕੋਈ ਨਿਸ਼ਾਨਦੇਹੀ ਹੋ ਸਕਦੀ ਹੈ ਅਤੇ ਨਾ ਹੀ ਪਿੰਡਾਂ ਦੀ ਕੋਈ ਪੁਰਾਣੀ ਲੜੀ ਬਣਾਈ ਜਾ ਸਕਦੀ ਹੈ। ਇਹ ਕਹਿਣਾ ਬਹੁਤ ਮੁਸ਼ਕਲ ਹੈ ਕਿ ਗੁਰੂ ਸਾਹਿਬ ਕਿਹੜੇ ਪਿੰਡ ਵਿੱਚ ਪਹਿਲਾਂ ਗਏ ਸਨ ਤੇ ਕਿਹੜੇ ਵਿੱਚ ਪਿੱਛੋਂ। ਇਹ ਸਿਰਫ਼ ਅੰਦਾਜ਼ੇ ਨਾਲ ਗੱਲ ਕੀਤੀ ਗਈ ਹੈ।

ਇਸ ਗੱਲ ਦਾ ਨਿਰਣਾ ਕਰਨਾ ਬਹੁਤ ਔਖਾ ਹੈ ਕਿ ਗੁਰੂ ਸਾਹਿਬ ਮਾਲਵਾ ਵਿੱਚ ਕਿੰਨੀ ਵਾਰ ਆਏ ਸਨ। ਕਈ ਥਾਵਾਂ 'ਤੇ ਗੁਰੂ ਸਾਹਿਬ ਇੱਕ ਤੋਂ ਵੱਧ ਵਾਰ ਆਏ ਜਾਪਦੇ ਹਨ। ਪਟਿਆਲਾ ਦੇ ਨੇੜੇ ਸੈਫ਼ਾਬਾਦ ਦਾ ਕਸਬਾ ਸੀ। ਜਿਸ ਨੂੰ ਅੱਜ-ਕੱਲ ਬਹਾਦਰਗੜ੍ਹ ਕਿਹਾ ਜਾਂਦਾ ਹੈ। ਇੱਥੇ ਜਿਹੜੀ ਰਿਹਾਇਸ਼ ਗੁਰੂ ਸਾਹਿਬ ਲਈ ਕਿਲ੍ਹੇ ਦੇ ਅੰਦਰ ਕੀਤੀ ਗਈ ਸੀ ਉੱਥੇ ਪਾਣੀ ਦੀ ਸਹੂਲਤ ਲਈ ਇੱਕ ਪੱਕੀ ਖੂਹੀ ਵੀ ਲਗਵਾਈ ਗਈ ਸੀ। ਇਹ ਖੂਹੀ ਅੱਜ ਵੀ ਹੈ। ਇੱਥੋਂ ਦੀਆਂ ਪਰੰਪਰਾਵਾਂ ਦਸਦੀਆਂ ਹਨ ਕਿ ਨਵਾਬ ਸੈਫ਼ ਅਲੀ ਖ਼ਾਨ ਨੇ ਗੁਰੂ ਸਾਹਿਬ ਦੀ ਰਿਹਾਇਸ਼ ਲਈ ਪੱਕੇ ਮਕਾਨ ਬਣਾਏ ਸਨ। ਪਰ ਸਾਖੀ ਪੋਥੀ ਵਿੱਚ ਲਿਖਿਆ ਗਿਆ ਹੈ ਕਿ ਗੁਰੂ ਸਾਹਿਬ ਇੱਥੇ ਨੌਂ ਦਿਨ ਰਹੇ ਸਨ। ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਨੌਂ ਦਿਨਾਂ ਦੀ ਰਿਹਾਇਸ਼ ਲਈ ਨਾ ਤਾਂ ਪੱਕੀ ਖੂਹੀ ਬਣਾਈ ਜਾ ਸਕਦੀ ਹੈ ਅਤੇ ਨਾ ਪੱਕੇ ਮਕਾਨ ਬਣਾਏ ਜਾ ਸਕਦੇ ਹਨ। ਇੱਕ ਖੂਹੀ ਲਈ ਘੱਟੋ-ਘੱਟ ਇੱਕ ਮਹੀਨੇ ਦਾ ਸਮਾਂ ਜ਼ਰੂਰੀ ਹੈ। ਕਿਉਂਕਿ ਖੂਹੀ ਦੀ ਤਿਆਰੀ ਲਈ ਜਿਸ ਸਮਾਨ ਦੀ ਲੋੜ ਹੁੰਦੀ ਹੈ ਉਹ ਛੇਤੀ ਤਿਆਰ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਪੱਕੇ ਮਕਾਨ ਤਿਆਰ ਕਰਨ ਲਈ ਵੀ ਜ਼ਿਆਦਾ ਸਮੇਂ ਦੀ ਲੋੜ ਹੁੰਦੀ ਹੈ। ਇਸ ਲਈ ਸ਼ੈਫਾਬਾਦ ਦੀ ਯਾਤਰਾ ਜਾਂ ਰਿਹਾਇਸ਼ ਬਾਰੇ ਇਹ ਕਹਿਣਾ ਜ਼ਿਆਦਾ ਠੀਕ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਇੱਥੇ ਅਕਸਰ ਆਉਂਦੇ ਰਹਿੰਦੇ ਸਨ। ਇਸ ਦੇ ਕਈ ਕਾਰਨ ਸਨ। ਇੱਕ ਤਾਂ ਨਵਾਬ ਸੈਫ਼ ਅਲੀ ਖ਼ਾਨ ਦਾ ਉਨ੍ਹਾਂ ਨਾਲ ਬਹੁਤ ਗਹਿਰਾ ਸੰਬੰਧ ਸੀ ਕਿਉਂਕਿ ਨਵਾਬ ਸੈਫ਼ ਅਲੀ ਖ਼ਾਨ ਸੂਫੀਆਂ ਵਾਲੀ ਸੋਚ ਦਾ ਵਿਅਕਤੀ ਸੀ। ਸੂਫੀ ਸੋਚ ਦਾ ਧਾਰਨੀ ਹੋਣ ਕਰਕੇ ਉਹ ਗੁਰੂ ਤੇਗ਼ ਬਹਾਦਰ ਸਾਹਿਬ ਦੀ ਵਿਚਾਰਧਾਰਾ ਤੋਂ ਜਾਣੂ ਅਤੇ ਸਹਿਮਤ ਸੀ। ਦੂਜਾ ਕਾਰਨ ਇਹ ਹੋ ਸਕਦਾ ਸੀ ਕਿ ਸੈਫ਼ ਅਲੀ ਖ਼ਾਨ ਔਰੰਗਜ਼ੇਬ ਦੀਆਂ ਕੱਟੜ ਨੀਤੀਆਂ ਨਾਲ ਸਹਿਮਤ ਨਹੀਂ ਸੀ। ਤੀਜਾ ਵੱਡਾ ਕਾਰਨ ਇਹ ਸੀ ਕਿ ਸੈਫ਼ਾਬਾਦ (ਬਹਾਦਰਗੜ੍ਹ) ਚੱਕ ਨਾਨਕੀ ਤੋਂ ਕੁਰਕਸ਼ੇਤਰ, ਪਿਹੋਵਾ ਜਾਂ ਹਰਿਦੁਆਰ ਵੱਲ ਜਾਣ ਵਾਲੇ ਰਸਤੇ ਉੱਪਰ ਸਥਿਤ ਸੀ। ਗੁਰੂ ਸਾਹਿਬ ਹਿੰਦੂ ਤੀਰਥ-ਅਸਥਾਨਾਂ 'ਤੇ ਆਪਣੇ ਧਰਮ-ਪਰਚਾਰ ਲਈ ਜਾਇਆ

ਕਰਦੇ ਸਨ ਅਤੇ ਇੱਧਰ ਆਉਣ ਜਾਣ ਸਮੇਂ ਸੈਫ਼ਾਬਾਦ ਵਿਖੇ ਗੁਰੂ ਸਾਹਿਬ ਆਪਣਾ ਠਹਿਰਾਅ ਕਰਿਆ ਕਰਦੇ ਸਨ। ਚੱਕ ਨਾਨਕੀ ਅਤੇ ਕੁਰਕਸ਼ੇਤਰ ਦੇ ਰਸਤੇ ਉੱਪਰ ਸੈਫ਼ਾਬਾਦ ਤਕਰੀਬਨ ਅੱਧ ਵਿਚਕਾਰ ਪੈਂਦਾ ਸੀ। ਇਸ ਲਈ ਗੁਰੂ ਸਾਹਿਬ ਸੈਫ਼ਾਬਾਦ ਵਿਖੇ ਆਪਣਾ ਠਹਿਰਾਅ ਕਰਦੇ ਸਨ।

ਗੁਰੂ ਤੇਗ਼ ਬਹਾਦਰ ਸਾਹਿਬ ਨੇ ਜਦੋਂ ਮਾਲਵਾ ਦੇ ਦੌਰੇ ਕੀਤੇ ਸਨ ਤਾਂ ਉਸ ਸਮੇਂ ਉਨ੍ਹਾਂ ਦਾ ਪਰਿਵਾਰ ਅਤੇ ਚੋਣਵੇਂ ਮੁਖੀ ਸਿੱਖ ਵੀ ਉਨ੍ਹਾਂ ਦੇ ਨਾਲ ਹੁੰਦੇ ਸਨ। ਇਹ ਸਾਰਾ ਵਹੀਰ ਹਰ ਪਿੰਡ ਵਿੱਚ ਨਹੀਂ ਪਹੁੰਚਦਾ ਸੀ। ਇਸ ਲਈ ਗੁਰੂ ਸਾਹਿਬ ਵੱਲੋਂ ਇੱਕ ਵੱਡੇ ਪਿੰਡ ਵਿੱਚ ਡੇਰਾ ਕਰ ਲਿਆ ਜਾਂਦਾ ਸੀ। ਡੇਰਾ ਪਿੰਡ ਦੀ ਸਾਂਝੀ ਧਰਮਸ਼ਾਲਾ ਵਿੱਚ ਕੀਤਾ ਜਾਂਦਾ ਸੀ। ਜੇਕਰ ਧਰਮਸ਼ਾਲਾ ਨਹੀਂ ਹੁੰਦੀ ਸੀ ਤਾਂ ਪਿੰਡ ਦੇ ਬਾਹਰ ਕਿਸੇ ਉੱਚੀ ਥਾਂ ’ਤੇ ਤੰਬੂ-ਕਨਾਤਾ ਲਗਾ ਕੇ ਕਰ ਲਿਆ ਜਾਂਦਾ ਸੀ। ਪਰ ਡੇਰਾ ਸਾਂਝੀ ਥਾਂ ਉੱਪਰ ਕੀਤਾ ਜਾਂਦਾ ਸੀ। ਇੱਕ ਪਿੰਡ ਵਿੱਚ ਡੇਰਾ ਲਗਾ ਕੇ, ਪਰਿਵਾਰ ਉੱਥੇ ਹੀ ਰੱਖਿਆ ਜਾਂਦਾ ਸੀ। ਲੋੜ ਅਨੁਸਾਰ ਗੁਰੂ ਸਾਹਿਬ ਆਪ ਇਕੱਲੇ ਤੇ ਕੁਝ ਮੁਖੀ ਸਿੱਖਾਂ ਨਾਲ ਆਲੇ-ਦੁਆਲੇ ਦੇ ਪਿੰਡਾਂ ਵਿੱਚ ਧਰਮ-ਪਰਚਾਰ ਲਈ ਜਾਂਦੇ ਸਨ ਅਤੇ ਸ਼ਾਮ ਨੂੰ ਵਾਪਿਸ ਉਸ ਥਾਂ ’ਤੇ ਆ ਜਾਂਦੇ ਸਨ ਜਿੱਥੇ ਡੇਰਾ ਲੱਗਿਆ ਹੁੰਦਾ ਸੀ।

ਗੁਰੂ ਤੇਗ਼ ਬਹਾਦਰ ਸਾਹਿਬ ਦੇ ਮਾਲਵਾ ਦੌਰਿਆਂ ਸਮੇਂ ਕੁਝ ਗੱਲਾਂ ਵੱਲ ਵਿਸ਼ੇਸ਼ ਰੂਪ ਵਿੱਚ ਧਿਆਨ ਦੇਣ ਦੀ ਲੋੜ ਹੈ। ਮਾਲਵਾ ਵਿੱਚ ਪਾਣੀ ਦੀ ਬਹੁਤ ਵੱਡੀ ਸਮੱਸਿਆ ਸੀ। ਇਲਾਕਾ ਰੇਤਲਾ ਸੀ ਜਾਂ ਚੀਕਣੀ ਮਿੱਟੀ ਵਾਲਾ ਸੀ। ਖੁਸ਼ਕ ਜੰਗਲ ਸਨ। ਪਾਣੀ ਵਾਲਾ ਨਦੀ-ਨਾਲਾ ਕੋਈ ਵੀ ਨਹੀਂ ਸੀ। ਧਰਤੀ ਹੇਠਲਾ ਪਾਣੀ ਖਾਰਾ ਸੀ ਅਤੇ ਪੀਣ ਦੇ ਯੋਗ ਨਹੀਂ ਸੀ। ਇਸ ਲਈ ਜਿੰਨੇ ਵੀ ਖੂਹ ਸਨ ਉਹਨਾਂ ਦਾ ਪਾਣੀ ਖਾਰਾ ਸੀ। ਸਿਰਫ਼ ਉਹਨਾਂ ਖੂਹਾਂ ਦਾ ਪਾਣੀ ਪੀਣਯੋਗ ਸੀ ਜਿਹੜੇ ਬਹੁਤ ਡੂੰਘੇ ਸਨ। ਡੂੰਘੇ ਖੂਹ ਲਗਾਉਣੇ ਬਹੁਤ ਔਖੇ ਸਨ। ਅਨੇਕਾਂ ਪਿੰਡਾਂ ਵਿੱਚ ਗੁਰੂ ਸਾਹਿਬ ਨਾਲ ਅਜਿਹੀਆਂ ਗੱਲਾਂ ਜੁੜੀਆਂ ਹੋਈਆਂ ਹਨ ਕਿ ਗੁਰੂ ਸਾਹਿਬ ਨੇ ਫਲਾਣੇ ਪਿੰਡ ਵਿੱਚ ਖੂਹ ਦਾ ਪਾਣੀ ਮਿੱਠਾ ਕੀਤਾ ਜਾਂ ਫਲਾਣੇ ਪਿੰਡ ਵਿੱਚ ਗੁਰੂ ਸਾਹਿਬ ਨੇ ਖੂਹ ਲਗਵਾਇਆ ਸੀ। ਇਹ ਵੀ ਕਿ ਗੁਰੂ ਨੇ ਫਲਾਣੇ ਪਿੰਡ ਵਿੱਚ ਛੱਪੜ ਜਾਂ ਢਾਬਾਂ ਪੁਟਵਾਈਆਂ ਜਾਂ ਪਹਿਲੀਆਂ ਢਾਬਾਂ ਨੂੰ ਹੋਰ ਡੂੰਘਾ ਜਾਂ ਚੌੜਾ ਕਰਵਾਇਆ। ਖੂਹਾਂ ਤੋਂ ਪਿੱਛੋਂ ਪਾਣੀ ਦਾ ਦੂਸਰਾ ਸੋਮਾ ਸਿਰਫ਼ ਛੱਪੜ ਜਾਂ ਢਾਬਾਂ ਹੁੰਦੀਆਂ ਸਨ। ਮੀਹਾਂ ਵੇਲੇ ਮੀਂਹ ਦੇ ਪਾਣੀ ਨਾਲ ਇਹ ਛੱਪੜ ਜਾਂ ਢਾਬਾਂ ਭਰ ਜਾਂਦੇ ਸਨ। ਇਨਾਂ ਭਰੀਆਂ ਢਾਬਾਂ ਨੂੰ ਸੰਭਾਲ ਕੇ ਰੱਖਿਆ ਜਾਂਦਾ ਸੀ।

ਗੁਰੂ ਸਾਹਿਬ ਪਿੰਡ ਲਈ ਸਰਬ ਸਾਂਝੇ ਹੁੰਦੇ ਸਨ ਇੱਕ ਤਾਂ ਉਨ੍ਹਾਂ ਕੋਲ ਆਪਣੇ ਆਦਮੀ ਬਹੁਤ ਹੁੰਦੇ ਸਨ। ਦੂਜਾ ਉਹ ਪਿੰਡ ਦੀਆਂ ਸੰਗਤਾਂ ਨੂੰ ਇਕੱਠਾ ਕਰਕੇ ਸਾਂਝੇ ਕੰਮ ਲਈ ਪ੍ਰੇਰਦੇ ਸਨ। ਸਿੱਟੇ ਵਜੋਂ ਸਾਰੇ ਪਿੰਡ ਦੇ ਲੋਕ ਜਦੋਂ ਗੁਰੂ ਸਾਹਿਬ ਦੇ ਆਦੇਸ਼ਾਂ ਅਨੁਸਾਰ ਇਕੱਠੇ ਹੋ ਕੇ ਕਿਸੇ ਕੰਮ ਨੂੰ ਕਰਦੇ ਸਨ ਤਾਂ ਵੱਡੇ ਤੋਂ ਵੱਡਾ ਕੰਮ ਥੋੜ੍ਹੇ ਸਮੇਂ ਵਿੱਚ ਹੋ ਜਾਂਦਾ ਸੀ। ਇੱਕ ਪਰਿਵਾਰ ਲਈ ਨਾ ਖੂਹ ਲਗਾਉਣਾ ਸੌਖਾ ਸੀ ਅਤੇ ਨਾ ਛੱਪੜ ਜਾਂ ਢਾਬ ਨੂੰ ਪੁਟਵਾਉਣਾ ਸੌਖਾ ਸੀ। ਪਰ ਇਹੀ ਕੰਮ ਪਿੰਡ ਦੇ ਲੋਕ ਜਦੋਂ ਰਲ ਕੇ ਕਰਦੇ ਸਨ ਤਾਂ ਸੌਖਾ ਹੋ ਜਾਂਦਾ ਸੀ। ਪਿੰਡਾਂ ਦੇ ਲੋਕਾਂ ਨੂੰ ਸਿਰਫ਼ ਇੱਕ ਸਰਬਸਾਂਝੇ ਨੇਤਾ ਦੀ ਲੋੜ ਹੁੰਦੀ ਸੀ। ਜਦੋਂ ਗੁਰੂ ਸਾਹਿਬ ਇੱਕ ਸਰਬਸਾਂਝੇ ਗੁਰੂ ਦੇ ਰੂਪ ਵਿੱਚ ਲੋਕਾਂ ਦੇ ਵਿਚਕਾਰ ਬੈਠਦੇ ਸਨ ਤਾਂ ਉੱਥੇ ਚੜ੍ਹਾਵੇ ਦੇ ਰੂਪ ਵਿੱਚ ਪੈਸਾ ਇਕੱਠਾ ਹੋ ਜਾਂਦਾ ਸੀ ਅਤੇ ਬਾਕੀ ਖਾਣ-ਪੀਣ ਦੀ ਰਸਦ ਇਕੱਠੀ ਹੋ ਜਾਂਦੀ ਸੀ। ਇਸ ਲਈ ਸਿੱਖ ਧਰਮ ਦਾ ਪਰਚਾਰ ਕਰਦੇ ਸਮੇਂ ਗੁਰੂ ਸਾਹਿਬ ਨੇ ਪਿੰਡਾਂ ਦੀਆਂ ਸਮੱਸਿਆਵਾਂ ਸੁਣੀਆਂ ਸਨ ਅਤੇ ਉਨ੍ਹਾਂ ਦਾ ਸਮਾਧਾਨ ਵੀ ਕੀਤਾ ਸੀ। ਇਉਂ ਸਾਰਾ ਮਾਲਵਾ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਗਿਆ ਸੀ।

ਮਾਲਵਾ ਵਿੱਚ ਜ਼ਿਆਦਾਤਰ ਜੱਟ ਕਬੀਲਾਦਾਰੀ ਸੱਭਿਆਚਾਰ ਸੀ। ਕਬੀਲਾਦਾਰੀ ਸੱਭਿਆਚਾਰ ਦਾ ਮਤਲਬ ਹੈ ਕਿ ਹਰ ਜੱਟ ਕਬੀਲੇ ਦੀਆਂ ਆਪਣੀਆਂ ਪਰੰਪਰਾਵਾਂ ਅਤੇ ਵਿਸ਼ਵਾਸ ਹੁੰਦੇ ਸਨ। ਉਨਾਂ ਦੇ ਵੱਡੇ-ਵਡੇਰੇ, ਜਿੰਨਾਂ ਨੂੰ ਜਠੇਰੇ ਕਿਹਾ ਜਾਂਦਾ ਹੈ, ਵੀ ਆਪਣੇ-ਆਪਣੇ ਸਨ। ਇਸ ਵੱਖਰੇ ਸੱਭਿਆਚਾਰ ਅਤੇ ਵਿਸ਼ਵਾਸ਼ ਨੇ ਜੱਟ ਕਬੀਲਿਆਂ ਨੂੰ ਇਕੱਠਾ ਨਹੀਂ ਹੋਣ ਦਿੱਤਾ ਸੀ। ਇਹ ਕੰਮ ਸਿੱਖ ਗੁਰੂ ਸਾਹਿਬਾਨ ਨੇ ਕਰਨਾ ਆਰੰਭਿਆ ਸੀ। ਗੁਰੂ ਤੇਗ਼ ਬਹਾਦਰ ਤੋਂ ਪਹਿਲਾਂ ਉਨਾਂ ਦੇ ਪਿਤਾ, ਗੁਰੂ ਹਰਿਗੋਬਿੰਦ ਸਾਹਿਬ ਮਾਲਵਾ ਦੇ ਕੁਝ ਕਬੀਲਿਆਂ ਨੂੰ ਇਕੱਠਾ ਕਰ ਚੁੱਕੇ ਸਨ ਅਤੇ ਇਹਨਾਂ ਦੀ ਬਹੁਤ ਮਦਦ ਗੁਰੂ ਸਾਹਿਬ ਨੂੰ ਮਿਲ ਗਈ ਸੀ। ਗੁਰੂ ਹਰਿ ਰਾਇ ਸਾਹਿਬ, ਮਾਲਵਾ ਵਿੱਚ ਆ ਕੇ ਇਹਨਾਂ ਜੱਟ-ਕਬੀਲਿਆਂ, ਖਾਸ ਕਰਕੇ ਸਿੱਧੂ ਅਤੇ ਭੁੱਲਰ ਕਬੀਲਿਆਂ ਨੂੰ ਇਕੱਠਾ ਕਰ ਗਏ ਸਨ। ਇਹ ਦੋ ਗੁਰੂ ਸਾਹਿਬਾਨ, ਗੁਰੂ ਤੇਗ਼ ਬਹਾਦਰ ਤੋਂ ਪਹਿਲਾਂ ਮਾਲਵਾ ਵਿੱਚ ਮੁੱਢਲਾ ਕੰਮ ਕਰ ਚੁੱਕੇ ਸਨ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਹਨਾਂ ਦੋਵਾਂ ਦੇ ਮੁਕਾਬਲੇ ’ਤੇ ਜ਼ਿਆਦਾ ਵਿਸ਼ਾਲ ਅਤੇ ਭਾਵਪੂਰਤ ਦੌਰੇ ਕੀਤੇ ਸਨ। ਅੱਜ ਮਾਲਵਾ ਵਿੱਚ ਜਿੰਨੇ ਗੁਰਦੁਆਰੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿੱਚ ਬਣੇ ਹੋਏ ਹਨ ਉਹ ਸਾਰੇ ਗੁਰੂ ਸਾਹਿਬਾਨਾਂ ਦੀ ਯਾਦ ਵਿੱਚ ਬਣੇ ਗੁਰਦੁਆਰਿਆਂ ਤੋਂ ਕਿਤੇ ਜ਼ਿਆਦਾ ਹਨ। ਗੁਰਦੁਆਰਿਆਂ ਦੀ ਇਹ ਗਿਣਤੀ ਇਸ ਗੱਲ ਦਾ ਸਬੂਤ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਨੇ ਮਾਲਵਾ ਵਿੱਚ ਬਾਕੀ ਸਭ ਗੁਰੂ ਸਾਹਿਬਾਨਾਂ ਨਾਲੋਂ ਵਧੇਰੇ ਧਰਮ-ਪਰਚਾਰ

ਕੀਤਾ ਸੀ। ਇਹਨਾਂ ਪਰਚਾਰ ਦੌਰਿਆਂ ਨੂੰ ਜੇਕਰ ਬਾਂਗਰ[78] ਦੇ ਇਲਾਕੇ ਵਿਚਲੇ ਪਰਚਾਰ ਦੌਰਿਆਂ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਇਹ ਪਰਚਾਰ ਦੌਰੇ ਆਪਣੇ ਆਪ ਦੇ ਵਿੱਚ ਇਨਕਲਾਬੀ ਦੌਰੇ ਬਣ ਜਾਂਦੇ ਹਨ। ਬਾਂਗਰ ਦਾ ਖੇਤਰ ਅੱਜ ਕੱਲ ਹਰਿਆਣਾ ਰਾਜ ਵਿੱਚ ਹੈ। ਇਹ ਦੋਵੇਂ ਖੇਤਰ, ਬਾਂਗਰ ਅਤੇ ਮਾਲਵਾ, ਆਪਸ ਵਿੱਚ ਇੱਕ-ਦੂਜੇ ਨਾਲ ਜੁੜੇ ਹੋਏ ਹਨ। ਮਾਲਵਾ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿੱਚ ਬਣਾਏ ਗਏ ਗੁਰਦੁਆਰਿਆਂ ਅਤੇ ਬਾਂਗਰ ਦੇ ਖੇਤਰ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿੱਚ ਬਣੇ ਗੁਰਦੁਆਰਿਆਂ ਦੀ ਗਿਣਤੀ ਜ਼ਿਆਦਾ ਹੈ।

ਬਾਂਗਰ ਦੇ ਇਲਾਕਿਆਂ ਦੀ ਯਾਤਰਾ ਕਰਨ ਸਮੇਂ ਜਾਂ ਧਰਮ ਪਰਚਾਰ ਕਰਨ ਸਮੇਂ ਗੁਰੂ ਤੇਗ਼ ਬਹਾਦਰ ਸਾਹਿਬ ਨੇ ਧਮਧਾਨ ਨੂੰ ਆਪਣਾ ਕੇਂਦਰ ਬਣਾਇਆ ਸੀ। ਧਮਧਾਨ ਇਸ ਸਮੇਂ ਹਰਿਆਣਾ ਦੇ ਜੀਂਦ ਜ਼ਿਲ੍ਹੇ ਵਿੱਚ ਪਾਤੜਾਂ-ਨਰਵਾਣਾ ਹਾਈ-ਵੇ ਉੱਪਰ ਦਾਤਾ ਸਿੰਘ ਵਾਲਾ ਪਿੰਡ ਤੋਂ ਵੀਹ ਕਿਲੋਮੀਟਰ ਦੱਖਣ-ਪੱਛਮ ਵੱਲ ਸਥਿਤ ਹੈ। ਜਿਹੜੀ ਮਸੰਦ ਪ੍ਰਥਾ ਗੁਰੂ ਅਰਜਨ ਦੇਵ ਦੇ ਸਮੇਂ ਤੋਂ ਚੱਲਦੀ ਆ ਰਹੀ ਸੀ। ਉਸ ਪ੍ਰਥਾ ਅਨੁਸਾਰ ਇੱਕ ਭਾਈ ਦੱਗੋ ਨਾਂ ਦਾ ਵਿਅਕਤੀ ਇੱਥੇ ਮਸੰਦ ਨਿਯੁਕਤ ਕੀਤਾ ਹੋਇਆ ਸੀ। ਗੁਰੂ ਤੇਗ਼ ਬਹਾਦਰ ਦੇ ਸਮੇਂ ਇਹ ਭਾਈ ਦੱਗੋ ਹੀ ਇਸ ਇਲਾਕੇ ਦਾ ਮਸੰਦ ਸੀ। ਗੁਰੂ ਸਾਹਿਬ ਇੱਥੇ ਦਿਵਾਲੀ ਦੇ ਤਿਉਹਾਰ ਸਮੇਂ ਆਏ ਸਨ। ਇੱਥੋਂ ਦੀ ਸੰਗਤ ਨਾਲ ਰਲ ਕੇ ਉਨ੍ਹਾਂ ਨੇ ਦੀਵਾਲੀ ਦਾ ਤਿਉਹਾਰ ਬਹੁਤ ਧੂਮ-ਧਾਮ ਨਾਲ ਮਨਾਇਆ ਸੀ। ਦੀਵਾਲੀ ਤੋਂ ਪਿੱਛੋਂ ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਸਾਹਿਬ ਦਾ ਗੁਰਪੁਰਬ ਮਨਾਇਆ ਗਿਆ ਸੀ। ਗੁਰਪੁਰਬ ਸਮੇਂ ਖੀਰ ਅਤੇ ਕੜਾਹ-ਪ੍ਰਸਾਦਿ ਬਹੁਤ ਖੁੱਲ੍ਹਾ ਵਰਤਾਇਆ ਗਿਆ ਸੀ। ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਵਿੱਚ ਲਿਖਿਆ ਹੈ: "ਅਗੇ ਡੇਰਾ ਗੁਰੂ ਜੀ ਨੇ ਧਮਧਾਣ ਕੀਤਾ। ਓਥੇ ਇਕ ਜ਼ਿਮੀਦਾਰ ਮਿਲਿਆ। ਦੱਗੋ ਉਸ ਦਾ ਨਾਮ ਥਾ। ਉਹ ਗੁਰੂ ਕਾ ਮਸੰਦ ਥਾ। ਗੁਰੂ ਜੀ ਕਹਿਆ: 'ਭਾਈ ਦੱਗੋ! ਦੁੱਧ ਲੈ ਕੇ ਮਿਲਿਆ ਹੈਂ, ਐਥੇ ਦੁਧ ਸਦੀਵ ਰਹੂਗਾ।' ਗੁਰੂ ਜੀ ਕਹਿਆ: ਦਗੋ, ਸਾਧ ਸੰਗਤ ਦੀ ਟਹਿਲ ਕਰੁ, ਜਬ ਤਕ ਡੇਰਾ ਐਥੇ ਹੈ'... ਦੀਵਾਲੀ ਦਾ ਮੇਲਾ ਆਇਆ, ਬਹੁਤ ਸੰਗਤਾਂ ਆਈਆਂ। ਬੜਾ ਜੋੜ ਮੇਲੇ ਹੋਇਆ। ਦੇਗ ਪ੍ਰਸਾਦਿ ਹੋਇਆ, ਕੜਾਹੁ ਪ੍ਰਸਾਦਿ ਹੋਆ।... ਗੁਰੂ ਜੀ ਬਚਨ ਕੀਤਾ... ਪੰਦ੍ਰਾਂ

78 ਬਾਂਗਰ ਦਾ ਮਤਲਬ ਹੈ ਅਜਿਹਾ ਰੋਹੀ ਜਾਂ ਰੇਤਲਾ ਇਲਾਕਾ ਜਿੱਥੇ ਕੋਈ ਵੀ ਰੁੱਖ, ਬੂਟਾ ਜਾਂ ਝਾੜ ਆਦਿ ਨਾ ਹੋਵੇ। ਭਾਵ ਕਿ ਬਿਲਕੁਲ ਰੇਤਲਾ ਜਾਂ ਬੇਕਾਰ ਖੇਤਰ। ਬਾਂਗਰ ਦੇ ਖੇਤਰ ਵਿੱਚ ਪਾਣੀ ਦੀ ਬਹੁਤ ਵੱਡੀ ਘਾਟ ਸੀ। ਅੱਜ ਇਹ ਖੇਤਰ ਹਰਿਆਣਾ ਵਿੱਚ ਹੈ। ਇਸ ਵਿੱਚ ਹਾਂਸੀ, ਹਿਸਾਰ, ਟੋਹਾਣਾ, ਨਰਵਾਣਾ, ਜੀਂਦ, ਕੈਥਲ, ਅਤੇ ਰੋਹਤਕ ਦੇ ਇਲਾਕੇ ਹਨ।

ਦਿਹੁ ਏਥੇ ਹੋਰ ਰਹਿਣਾ ਹੈ। ਗੁਰੂ ਨਾਨਕ ਜੀ ਦਾ ਪੂਰਨਮਾ ਕਾ ਪੁਰਬ ਕਰ ਕੇ ਚੜਾਂਗੇ।.... ਬਹੁਤਾ ਦੁਧ ਮੰਗਵਾਇਆ। ਤਸਮਈ (ਖੀਰ) ਹੋਈ। ਹੋਰ ਪ੍ਰਸਾਦਿ ਭੀ ਦਿਨ ਰਾਤ ਤਈਆਰ ਹੁੰਦੇ ਰਹੇ।... ਪੂਰਨਮਾਸੀ ਕੋ ਜਗ ਪੂਰਾ ਹੋਇਆ। ਤਿਸੀ ਦਿਨ ਤੇ ਗੁਰੂ ਜੀ ਕਾ ਤਿਸ ਦੇਸ ਮੇਂ ਜਸ ਹੋਇਆ ਰਹਿਆ ਹੈ।"[79]

ਧਮਧਾਣ ਵਿਖੇ ਕਾਫੀ ਸਮਾਂ ਠਹਿਰਣ ਉਪਰੰਤ ਗੁਰੂ ਸਾਹਿਬ ਬਾਂਗਰ ਦੇਸ ਦੇ ਹੋਰ ਪਿੰਡਾਂ-ਨਗਰਾਂ ਵਿੱਚ ਗਏ ਸਨ। ਜਿਵੇਂ ਕਿ ਖਨੌਰ ਅਤੇ ਬਹਿਰ ਜੱਖ ਆਦਿ ਪਿੰਡ ਹਨ। ਫਿਰ ਕੈਂਥਲ ਗਏ। ਉੱਥੋਂ ਦੇ ਇੱਕ ਤਰਖਾਣ ਪਰਿਵਾਰ ਨੇ ਗੁਰੂ ਸਾਹਿਬ ਅਤੇ ਉਨ੍ਹਾਂ ਦੀਆਂ ਸੰਗਤਾਂ ਦੀ ਬਹੁਤ ਸੇਵਾ ਕੀਤੀ ਸੀ। ਉਸ ਨੇ ਪੁੱਛਿਆ ਸੀ ਕਿ ਉਨ੍ਹਾਂ ਨੂੰ ਕਿਹੜੇ-ਕਿਹੜੇ ਪੁਰਬ ਮਨਾਉਣੇ ਚਾਹੀਦੇ ਹਨ। ਗੁਰੂ ਸਾਹਿਬ ਨੇ ਦੱਸਿਆ ਬਸਾਖੀ ਮਨਾਓ ਅਤੇ ਦੀਵਾਲੀ ਮਨਾਓ।[80] ਇਸ ਇਲਾਕੇ ਵਿੱਚ ਡਾਕੂਆਂ ਅਤੇ ਧਾੜਵੀਆਂ ਦੀਆਂ ਅਕਸਰ ਧਾੜਾਂ ਪੈਂਦੀਆਂ ਰਹਿੰਦੀਆਂ ਸਨ। ਗੁਰੂ ਸਾਹਿਬ ਨੇ ਇੱਥੇ ਸਿੱਖ ਸੰਗਤਾਂ ਦੀਆਂ ਪੰਚਾਇਤਾਂ ਬਣਾ ਦਿੱਤੀਆਂ ਜਿਹੜੀਆਂ ਸਥਾਨਕ ਲੋਕਾਂ ਨੂੰ ਲਾਮਬੰਦ ਕਰਕੇ ਦਿਨ-ਰਾਤ ਤਿਆਰ ਰੱਖਦੀਆਂ ਸਨ।

ਗੁਰੂ ਤੇਗ਼ ਬਹਾਦਰ ਸਾਹਿਬ ਨੇ ਮਾਲਵਾ ਅਤੇ ਬਾਂਗਰ ਖੇਤਰਾਂ ਦੇ ਜਿਹੜੇ ਦੌਰੇ ਕੀਤੇ ਸਨ ਉਹਨਾਂ ਨਾਲ ਇਹ ਦੋਵੇਂ ਖੇਤਰ ਸਿੱਖ ਧਰਮ ਵਿੱਚ ਆ ਚੁੱਕੇ ਸਨ। ਸ਼ਾਇਦ ਇਸ ਗੱਲ ਦਾ ਪ੍ਰਤੀਕਰਮ ਸੀ ਜੋ ਰਿਪੋਰਟਾਂ ਸੂਹੀਆਂ ਨੇ ਔਰੰਗਜ਼ੇਬ ਨੂੰ ਭੇਜੀਆਂ ਸਨ ਉਹ ਬਹੁਤ ਚੇਤਾਵਨੀ ਭਰੀਆਂ ਸਨ। ਇਨ੍ਹਾਂ ਚਿਤਾਵਨੀ ਭਰੀਆਂ ਰਿਪੋਰਟਾਂ ਤੋਂ ਪਤਾ ਲੱਗ ਜਾਂਦਾ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦੇ ਦੌਰੇ ਕਿੰਨੇ ਪ੍ਰਭਾਵਸ਼ਾਲੀ ਅਤੇ ਵਿਆਪਕ ਸਨ।

ਫ਼ੌਜਾ ਸਿੰਘ ਨੇ ਗੁਰੂ ਤੇਗ਼ ਬਹਾਦਰ ਦੇ ਮਾਲਵਾ ਦੌਰਿਆਂ ਦਾ ਸਿੱਟਾ ਕੱਢਦਿਆਂ ਹੋਇਆ ਲਿਖਿਆ ਹੈ, "ਗੁਰੂ ਤੇਗ਼ ਬਹਾਦਰ ਦਾ ਮਾਲਵਾ ਤੇ ਬਾਂਗਰ ਦੇਸ਼ ਉੱਤੇ ਜੋ ਗਹਿਰਾ ਪ੍ਰਭਾਵ ਪਿਆ ਹੈ ਉਹ ਕੇਵਲ ਰਾਜਸੀ ਖੇਤਰ ਤੱਕ ਸੀਮਤ ਨਹੀਂ। ਉਹ ਲੋਕਾਂ ਦੇ ਸਮਾਜਿਕ ਤੇ ਸਭਿਆਚਾਰਕ ਜੀਵਨ ਵਿੱਚ ਵੀ ਉਸੇ ਤਰ੍ਹਾਂ ਪਰਗਟ ਹੋਇਆ ਹੈ। ਲੋਕਾਂ ਦੇ ਮਨਾਂ ਵਿੱਚ ਨੌਵੇਂ ਗੁਰੂ ਪ੍ਰਤੀ ਇੰਨੀ ਸ਼ਰਧਾ ਹੈ ਕਿ ਉਹਨਾਂ ਦੀ ਪਾਵਨ ਯਾਦ ਨਾਲ ਸਬੰਧਿਤ ਜਿੰਨੇ ਪਵਿੱਤਰ ਅਸਥਾਨ ਇਸ ਇਲਾਕੇ ਵਿੱਚ ਹਨ ਹੋਰ ਕਿਤੇ ਨਹੀਂ ਮਿਲਦੇ। ਇਨਾਂ ਗੁਰ ਅਸਥਾਨਾਂ ਦੀਆਂ ਪਰੰਪਰਾਵਾਂ ਲੋਕਾਂ ਦੇ ਜੀਵਨ ਦਾ ਇੱਕ ਅਨਿੱਖੜਵਾਂ ਅੰਗ ਬਣ ਗਈਆਂ ਹਨ। ਅਜਿਹਾ

---

79 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨੇ 27, 30 ਅਤੇ 31.

80 *ਉਹੀ*, ਪੰਨੇ 34-35.

ਧੁਰਾ ਬਣ ਗਈਆਂ ਹਨ ਜਿਸ ਦੇ ਦੁਆਲੇ ਉਨਾਂ ਦਾ ਸਭਿਆਚਾਰਕ ਜੀਵਨ ਘੁੰਮਦਾ ਹੈ।"[81] ਇਸ ਸੱਭਿਆਚਾਰਕ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਉਜਾਗਰ ਕਰਦੇ ਹੋਏ ਫ਼ੌਜਾ ਸਿੰਘ ਅੱਗੇ ਲਿਖਦੇ ਹਨ, "ਕਾਰਜ ਕੋਈ ਵੀ ਹੋਵੇ, ਗੁਰੂ ਦੀ ਓਟ ਲੈਣਾ ਜ਼ਰੂਰੀ ਹੈ। ਮੁੰਡੇ ਦਾ ਵਿਆਹ ਹੋਵੇ ਭਾਵੇਂ ਕੁੜੀ ਦਾ, ਹਰ ਰਸਮ ਤੋਂ ਪਹਿਲਾਂ ਗੁਰੂ ਨੂੰ ਯਾਦ ਕੀਤਾ ਜਾਂਦਾ ਹੈ। ਉਲਾਦ ਲਈ ਸੁੱਖਣਾ ਸੁੱਖੀਆਂ ਜਾਂਦੀਆਂ ਹਨ। ਰੋਗੀ ਭਾਵੇਂ ਬੱਚਾ ਹੋਵੇ ਭਾਵੇਂ ਬੁੱਢਾ, ਭਾਵੇਂ ਆਦਮੀ ਹੋਵੇ ਭਾਵੇਂ ਔਰਤ, ਉਸ ਦੇ ਦੁੱਖ ਨਿਵਾਰਣ ਲਈ, ਗੁਰੂ ਦੇ ਪਵਿੱਤਰ ਤਲਾਵਾਂ ਵਿੱਚ ਇਸ਼ਨਾਨ ਕੀਤਾ ਜਾਂ ਕਰਵਾਇਆ ਜਾਂਦਾ ਹੈ, ਅਰਦਾਸਾਂ ਕੀਤੀਆਂ ਜਾਂਦੀਆਂ ਹਨ।"[82] ਅੱਜ ਮਾਲਵਾ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿੱਚ ਬਣੇ ਕਈ ਗੁਰਦੁਆਰਿਆਂ ਦਾ ਨਾਂ ਹੀ 'ਦੂਖ ਨਿਵਾਰਣ' ਰੱਖਿਆ ਹੋਇਆ ਹੈ। ਭਾਵ ਕਿ ਮਲਵਈਆਂ ਦਾ ਵਿਸ਼ਵਾਸ ਇਸ ਹੱਦ ਤੱਕ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਜੁੜ ਚੁੱਕਿਆ ਹੈ ਕਿ ਉਹ ਸਮਝਦੇ ਹਨ ਕਿ ਗੁਰੂ ਸਾਹਿਬ ਦੇ ਕੀਤੇ ਹੋਏ ਬਚਨ ਉਨਾਂ ਦੇ ਹਰ ਦੁੱਖ ਨੂੰ ਦੂਰ ਕਰਨ ਵਿੱਚ ਸੱਚੇ ਸਾਬਤ ਹੋਣਗੇ। ਲੋਕਾਂ ਦਾ ਅਜਿਹਾ ਵਿਸ਼ਵਾਸ਼ ਬੇਸ਼ੱਕ ਵਿਗਿਆਨਕ ਨਜ਼ੱਰੀਏ ਤੋਂ ਘੱਟ-ਵੱਧ ਠੀਕ ਹੋਵੇ ਪਰ ਲੋਕਾਂ ਦਾ ਇਹ ਵਿਸ਼ਵਾਸ਼ ਗੁਰੂ ਸਾਹਿਬ ਪ੍ਰਤੀ ਉਨਾਂ ਦੀ ਸ਼ਰਧਾ ਨੂੰ ਜ਼ਰੂਰ ਦਰਸਾਉਂਦਾ ਹੈ। ਸ਼ਰਧਾ ਅਤੇ ਵਿਸ਼ਵਾਸ਼ ਹੀ ਕਿਸੇ ਧਰਮ ਦਾ ਬੁਨਿਆਦੀ ਤੱਤ ਹੁੰਦਾ ਹੈ ਅਤੇ ਗੁਰੂ ਸਾਹਿਬ ਨੇ ਮਾਲਵਾ ਦੇ ਲੋਕਾਂ ਵਿੱਚ ਇਹ ਸ਼ਰਧਾ ਤੇ ਵਿਸ਼ਵਾਸ ਪੂਰੀ ਤਰ੍ਹਾਂ ਭਰ ਦਿੱਤਾ ਸੀ। "ਇਨਾਂ ਗੱਲਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸੱਭਿਆਚਾਰਕ ਤੇ ਸਮਾਜਿਕ ਪੱਖ ਤੋਂ ਗੁਰੂ ਦੀ ਪਵਿੱਤਰ ਯਾਦ ਨਾਲ ਸੰਬੰਧਿਤ ਸਥਾਨਕ ਪਰੰਪਰਾਵਾਂ ਇੱਕ ਠੋਸ ਸਮਾਜੀ ਹਕੀਕਤ ਹਨ ਜਿਸ ਨੂੰ ਧਿਆਨ ਗੋਚਰੇ ਕੀਤੇ ਬਿਨਾਂ ਲੋਕਾਂ ਦੇ ਸਾਧਾਰਨ ਤੇ ਵਾਸਤਵਿਕ ਜੀਵਨ ਨੂੰ ਸਮਝਣਾ ਅਸੰਭਵ ਹੈ।"[83]

ਗੁਰੂ ਤੇਗ਼ ਬਹਾਦਰ ਸਾਹਿਬ ਵੱਲੋਂ ਮਾਲਵਾ ਦੇ ਸਫ਼ਰਾਂ ਬਾਰੇ ਡਾ. ਤਿਰਲੋਚਨ ਸਿੰਘ ਨੇ ਆਪਣੇ ਅਨੁਭਵ ਤੋਂ ਲਿਖਦਿਆਂ ਕਿਹਾ ਹੈ ਕਿ ਭਾਵੇਂ ਮੁੱਢਲੀਆਂ ਗੁਰਮੁਖੀ ਲਿਖਤਾਂ ਵਿੱਚ ਸਾਡੇ ਲੇਖਕਾਂ ਨੇ ਗੁਰੂ ਸਾਹਿਬ ਨਾਲ ਕੁਝ ਅਸਥਾਨ ਮਾਲਵਾ ਵਿੱਚ ਲੱਭੇ ਹਨ ਪਰ ਗੁਰੂ ਸਾਹਿਬ ਇਨ੍ਹਾਂ ਨਾਲੋਂ ਕਿਤੇ ਜਿਆਦਾ ਅਸਥਾਨਾਂ 'ਤੇ ਗਏ ਸਨ। "ਮੇਰੀਆਂ ਲੱਭਤਾ ਦੱਸਦੀਆਂ ਹਨ ਕਿ ਗੁਰੂ ਸਾਹਿਬ ਤਕਰੀਬਨ 90 ਪਿੰਡਾਂ ਵਿੱਚ

---

81 ਫ਼ੌਜਾ ਸਿੰਘ, *ਗੁਰੂ ਤੇਗ਼ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ-ਚਿੰਨ੍ਹ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨਾ-XI (ਭੂਮਿਕਾ)।

82 *ਉਹੀ,* ਪੰਨਾ ਓਹੀ।

83 *ਉਹੀ,* ਪੰਨਾ ਓਹੀ।

ਗਏ ਸਨ ਜਿੱਥੇ ਅੱਜ ਕੱਲ ਉਨਾਂ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰੇ ਬਣੇ ਹੋਏ ਹਨ। ਹਰ ਪਿੰਡ ਵਿੱਚ ਜਾ ਕੇ ਗੁਰੂ ਸਾਹਿਬ ਨੇ ਉੱਥੋਂ ਦੇ ਲੋਕਾਂ ਨੂੰ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਪੁੱਛਿਆ ਸੀ ਅਤੇ ਉਨ੍ਹਾਂ ਦਾ ਸਮਾਧਾਨ ਕੀਤਾ ਸੀ। ਜਿੱਥੇ ਕਿਤੇ ਖੇਤ ਸੁੱਕੇ ਅਤੇ ਬੰਜਰ ਸਨ ਤਾਂ ਗੁਰੂ ਸਾਹਿਬ ਨੇ ਉੱਥੇ ਖੂਹ ਲਗਵਾਏ। ਜਿੱਥੇ ਕਿਤੇ ਦੁੱਧ ਨਹੀਂ ਸੀ ਗੁਰੂ ਸਾਹਿਬ ਨੇ ਉੱਥੇ ਲੋਕਾਂ ਨੂੰ ਗਊਆਂ ਦਾਨ ਵਿੱਚ ਦਿੱਤੀਆਂ। ਬੇਜ਼ਮੀਨੇ ਲੋਕਾਂ ਲਈ ਥਾਂ ਦੇਣ ਲਈ ਵੱਡੇ-ਵੱਡੇ ਜਿੰਮੀਦਾਰਾਂ ਨੂੰ ਪ੍ਰੇਰਿਆ ਤਾਂ ਕਿ ਗਰੀਬ ਲੋਕ ਸੁਤੰਤਰਤਾ ਤੇ ਸਵੈ-ਇੱਛਾ ਨਾਲ ਆਪਣਾ ਜੀਵਨ ਬਿਤਾ ਸਕਣ। ਖਾਲੀ ਪਈਆਂ ਰੋਹੀਆਂ ਵਿੱਚ ਗੁਰੂ ਸਾਹਿਬ ਨੇ ਦਰੱਖ਼ਤ ਲਗਵਾਏ ਸਨ। ਗੁਰੂ ਸਾਹਿਬ ਸਮਝਦੇ ਹਨ ਕਿ ਪਰਮਾਤਮਾ ਦੀ ਮੇਹਰ ਗਰੀਬਾਂ ਦੇ ਛੱਪਰਾਂ ਅਤੇ ਢਾਰਿਆਂ ਵਿੱਚ ਹੀ ਹੁੰਦੀ ਹੈ। ਇਨ੍ਹਾਂ ਗਰੀਬ ਲੋਕਾਂ ਲਈ ਹੀ ਗੁਰੂ ਸਾਹਿਬ ਨੇ ਇੱਕ ਪਾਸੇ ਧਰਮ ਦੇ ਗਿਆਨ ਦੀਆਂ ਰਿਸ਼ਮਾਂ ਬਖੇਰੀਆਂ ਸਨ ਅਤੇ ਨਾਲ ਦੀ ਨਾਲ ਹੀ ਉਨਾਂ ਨੂੰ ਨਿਰਭੈ ਹੋ ਕੇ, ਜੀਵਨ ਬਸਰ ਕਰਨ ਲਈ ਪ੍ਰੇਰਿਆ ਸੀ।"[84]

ਮਾਲਵਾ ਦੇ ਪਿੰਡਾਂ ਵਿੱਚ ਧਰਮ ਦਾ ਉਪਦੇਸ਼ ਦਿੰਦੇ ਹੋਏ ਗੁਰੂ ਤੇਗ਼ ਬਹਾਦਰ ਸਾਹਿਬ ਅੱਗੇ ਬਾਂਗਰ ਦੇ ਇਲਾਕੇ ਵਿੱਚ ਚਲੇ ਗਏ ਸਨ। ਬਾਂਗਰ ਦੇ ਖੇਤਰ ਦਾ ਕੇਂਦਰ ਉਨਾਂ ਨੇ ਧਮਧਾਨ ਸਾਹਿਬ ਨੂੰ ਬਣਾਇਆ ਸੀ। ਧਮਧਾਨ ਸਾਹਿਬ ਅੱਜ ਕੱਲ ਬਾਂਗਰ ਦੇ ਇਲਾਕੇ ਦੇ ਸਿੱਖਾਂ ਦਾ ਇੱਕ ਮਸ਼ਹੂਰ ਕੇਂਦਰ ਹੈ। ਗੁਰੂ ਸਾਹਿਬ ਦੀਆਂ ਬਾਂਗਰ ਅਤੇ ਮਾਲਵਾ ਵਿਚਲੀਆਂ ਯਾਤਰਾਵਾਂ ਆਪਣੇ-ਆਪ ਵਿੱਚ ਬੇਮਿਸਾਲ ਯਾਤਰਾਵਾਂ ਸਨ। ਧਰਮ-ਉਪਦੇਸ਼ ਦੇ ਨਾਲ ਨਾਲ ਗੁਰੂ ਸਾਹਿਬ ਨੇ ਇੰਨੇ ਲੋਕ-ਭਲਾਈ ਦੇ ਕੰਮ ਕੀਤੇ ਅਤੇ ਕਰਵਾਏ ਸਨ। ਇਸ ਤਰ੍ਹਾਂ ਦੇ ਕੰਮ ਦੀ ਅਜਿਹੀ ਜਾਣਕਾਰੀ ਨਾ ਤਾਂ ਗੁਰੂ ਤੇਗ਼ ਬਹਾਦਰ ਸਾਹਿਬ ਤੋਂ ਪਹਿਲਾਂ ਦੀ ਕੋਈ ਮਿਲਦੀ ਹੈ ਅਤੇ ਨਾ ਉਨ੍ਹਾਂ ਤੋਂ ਪਿੱਛੋਂ ਦੀ ਮਿਲਦੀ ਹੈ। ਇਹ ਸਮੁੱਚਾ ਖੇਤਰ ਸਿੱਖੀ ਦਾ ਗੜ੍ਹ ਬਣ ਗਿਆ ਸੀ। ਇਹੀ ਕਾਰਨ ਸੀ ਕਿ ਉਨ੍ਹਾਂ ਦੇ ਇਸ ਧਰਮ ਪਰਚਾਰ ਦੀਆਂ ਜੋ ਖੁਫ਼ੀਆਂ ਜਾਂ ਸਰਕਾਰੀ ਰਿਪੋਰਟਾਂ, ਸਰਕਾਰੀ ਅਧਿਕਾਰੀਆਂ ਨੂੰ ਮਿਲੀਆਂ ਜਾਂ ਸਰਕਾਰੀ ਅਧਿਕਾਰੀਆਂ ਨੇ ਅੱਗੇ ਬਾਦਸ਼ਾਹ ਔਰੰਗਜ਼ੇਬ ਨੂੰ ਭੇਜੀਆਂ ਉਹ ਬਹੁਤ ਵਧਾਅ ਚੜ੍ਹਾਅ ਕੇ ਭੇਜੀਆਂ ਗਈਆਂ ਸਨ। ਅਸਲ ਵਿੱਚ ਇਨ੍ਹਾਂ ਰਿਪੋਰਟਾਂ ਨੂੰ ਗਲਤ ਰੂਪ ਵਿੱਚ ਬਿਆਨ ਕਰ ਕੇ ਭੇਜਿਆ ਗਿਆ ਸੀ।

---

84 Trilochan Singh, *Guru Tegh Bahadur Prophet and Martyr*, Gurdwara Parbhandak Committee, Delhi, 1967, pp. 276-77.

ਜਦੋਂ ਗੁਰੂ ਸਾਹਿਬ ਪਹਿਲਾਂ ਭਾਰਤ ਦੇ ਪੂਰਬੀ ਪ੍ਰਦੇਸ਼ਾਂ ਦੇ ਦੌਰਿਆਂ 'ਤੇ ਗਏ ਸਨ ਤਾਂ ਉਨ੍ਹਾਂ ਨੂੰ ਧਮਧਾਨ ਸਾਹਿਬ (ਹਰਿਆਣਾ ਦਾ ਬਾਂਗਰ ਖੇਤਰ) ਤੋਂ ਇਹ ਦੋਸ਼ ਲਾ ਕੇ ਗ੍ਰਿਫਤਾਰ ਕਰ ਲਿਆ ਗਿਆ ਸੀ ਕਿ ਗੁਰੂ ਸਾਹਿਬ ਨੇ ਲੋਕਾਂ ਦਾ ਬਹੁਤ ਵੱਡਾ ਇਕੱਠ ਕਰਕੇ ਉਨ੍ਹਾਂ ਨੂੰ ਨਿਰਭਉ ਅਤੇ ਨਿਰਵੈਰ ਹੋ ਕੇ ਜੀਵਨ ਜਿਊਣ ਦਾ ਸੰਦੇਸ਼ ਦਿੱਤਾ ਸੀ। ਇਸ ਇਕੱਠ ਨੂੰ ਇਸ ਤਰ੍ਹਾਂ ਦੱਸਿਆ ਗਿਆ ਸੀ ਗੁਰੂ ਸਾਹਿਬ ਲੋਕਾਂ ਨੂੰ ਸਰਕਾਰ ਖਿਲਾਫ਼ ਬਗਾਵਤ ਲਈ ਉਕਸਾ ਰਹੇ ਹੋਣ। ਅਸਲ ਵਿੱਚ ਗੱਲ ਇਹ ਸੀ ਕਿ ਗੁਰੂ ਸਾਹਿਬ ਨੇ ਧਮਧਾਨ ਸਾਹਿਬ ਵਿਖੇ ਗੁਰੂ ਨਾਨਕ ਸਾਹਿਬ ਦਾ ਕੱਤਕ ਸੁਦੀ ਪੂਰਨਮਾਸ਼ੀ ਦਾ ਗੁਰਪੁਰਬ ਮਨਾਇਆ ਸੀ। ਗੁਰਪੁਰਬ ਕਰਕੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ-ਸੰਗਤਾਂ ਇਕੱਠੀਆਂ ਹੋਈਆਂ ਸਨ। ਹਜ਼ਾਰਾਂ ਸੰਗਤਾਂ ਵੱਲੋਂ ਸ਼ਰਧਾ ਪੂਰਵਕ ਚੜ੍ਹਾਵਾ ਚੜ੍ਹਾਇਆ ਗਿਆ ਸੀ। ਇਹ ਸ਼ਰਧਾ ਅਨੁਸਾਰ ਕੁਦਰਤੀ ਗੱਲਾਂ ਸਨ। ਪਰ ਸੂਹੀਆਂ ਦੀਆਂ ਰਿਪੋਰਟਾਂ ਵਿੱਚ ਦੱਸਿਆ ਗਿਆ ਸੀ ਕਿ ਗੁਰੂ ਸਾਹਿਬ ਨੇ ਹਜ਼ਾਰਾਂ ਲੋਕਾਂ ਦੇ ਇਕੱਠ ਕੋਲੋਂ ਨਜ਼ਰਾਨਾ ਵੀ ਲਿਆ ਸੀ ਅਤੇ ਉਨ੍ਹਾਂ ਨੂੰ ਬਗਾਵਤ ਲਈ ਵੀ ਉਕਸਾਇਆ ਸੀ। ਇਸ ਦੇ ਸਿੱਟੇ ਵਜੋਂ ਗੁਰੂ ਸਾਹਿਬਾਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।[85] ਬਿਲਕੁਲ ਇਸ ਤਰ੍ਹਾਂ ਮਾਲਵਾ ਵਿੱਚ ਵਿਚਰਦਿਆਂ ਗੁਰੂ ਸਾਹਿਬ ਨੇ ਅਨੇਕਾਂ ਥਾਵਾਂ 'ਤੇ ਗੁਰਪੁਰਬ ਮਨਾਏ ਸਨ। ਜਿਹੜੇ ਪਿੰਡ ਪਹਿਲਾਂ ਤੋਂ ਸਿੱਖ ਧਰਮ ਵਿੱਚ ਆ ਚੁੱਕੇ ਸਨ ਉੱਥੇ ਬਹੁਤ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੁੰਦੇ ਸਨ। ਇਸ ਤਰ੍ਹਾਂ ਦੇ ਇਕੱਠਾ ਨੂੰ ਸਰਕਾਰੀ ਅਧਿਕਾਰੀ ਹਮੇਸ਼ਾ ਤੋੜ-ਮਰੋੜ ਕੇ ਪੇਸ਼ ਕਰਦੇ ਸਨ। ਫ਼ੌਜਾ ਸਿੰਘ ਲਿਖਦਾ ਹੈ ਕਿ "ਇਨ੍ਹਾਂ ਸਾਰੀਆਂ ਸਥਿਤੀਆਂ ਨੇ ਮਿਲ ਕੇ ਸਰਕਾਰੀ ਹਲਕਿਆਂ ਵਿੱਚ ਇੱਕ ਨਿਰਮੂਲ ਡਰ ਤੇ ਖ਼ਾਹ-ਮੁਖ਼ਾਹ ਸ਼ੱਕ ਦਾ ਵਾਤਾਵਰਣ ਪੈਦਾ ਕਰ ਦਿੱਤਾ। ਗੁਰੂ ਜੀ ਦੀਆਂ ਗਤੀਵਿਧੀਆਂ ਨਾਲ ਸੰਬੰਧਤ ਗੱਲਾਂ ਸਰਕਾਰੀ ਖ਼ਬਰ ਨਵੀਸਾਂ ਨੇ ਸਰਕਾਰ ਨੂੰ ਵਧਾ-ਚੜ੍ਹਾ ਕੇ ਗਲਤ ਤਰ੍ਹਾਂ ਨਾਲ ਪੇਸ਼ ਕਰਕੇ ਦੱਸੀਆਂ।"[86]

ਉਸ ਸਮੇਂ, ਗੁਰੂ ਤੇਗ਼ ਬਹਾਦਰ ਸਾਹਿਬ ਮਾਲਵਾ ਅਤੇ ਬਾਂਗਰ ਦਾ ਦੌਰਾ ਸੰਪੂਰਣ ਕਰਕੇ ਵਾਪਿਸ ਚੱਕ ਨਾਨਕੀ (ਆਨੰਦਪੁਰ ਸਾਹਿਬ) ਵਿਖੇ ਆਏ ਸਨ ਤਾਂ 25 ਮਈ 1675 ਈਸਵੀ ਨੂੰ ਕਸ਼ਮੀਰੀ ਪੰਡਿਤਾਂ ਦਾ ਇੱਕ ਜੱਥਾ ਕਸ਼ਮੀਰ ਵਿੱਚ ਮੁਗ਼ਲ ਹਾਕਮਾਂ ਦੇ ਜ਼ੁਲਮਾਂ ਤੋਂ ਤੰਗ ਹੋਇਆ ਚੱਕ ਨਾਨਕੀ ਵਿਖੇ ਪਹੁੰਚਿਆ। ਕਸ਼ਮੀਰੀ ਪੰਡਿਤਾਂ ਦਾ ਇਹ ਜੱਥਾ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਸੀ। ਭੱਟ ਵਹੀ ਤਲੌਂਡਾ ਪਰਗਨਾ ਜੀਂਦ ਵਿੱਚ ਲਿਖਿਆ ਹੈ: "ਕਿਰਪਾ ਰਾਮ ਬੇਟਾ ਅੜੂ ਰਾਮ ਕਾ ਪੋਤਾ ਨਰੈਣ ਦਾਸ ਕਾ ਪੜਪੋਤਾ ਬਰਹਮ ਦਾਸ ਕਾ ਬੰਸ ਠਾਕਰ ਦਾਸ ਕਾ ਭਾਰਦਵਾਜੀ ਗੋਤਰਾ ਸਰਸੁਤ ਦੱਤ ਬਰਾਹਮਣ ਵਾਸੀ ਮਟਨ

---

85 ਫ਼ੌਜਾ ਸਿੰਘ, *ਗੁਰੂ ਤੇਗ਼ ਬਹਾਦਰ: ਜੀਵਨ ਅਤੇ ਰਚਨਾ*, ਪੰਨੇ 37-38.

86 *ਉਹੀ*, ਪੰਨਾ-74.

ਪਰਗਨਾ ਸ੍ਰੀ ਨਗਰ ਦੇਸ਼ ਕਸ਼ਮੀਰ ਖੋੜਸ ਮੁਖੀ ਬਰਾਹਮਣੋ ਕਾ ਸੰਗ ਲੈ ਕੇ ਚੱਕ ਨਾਨਕੀ ਆਇਆ ਪਰਗਨਾ ਕਹਿਲੂਰ ਮੇਂ ਸਬੰਤ ਸਤ੍ਰਹੈ ਸੈ ਬਤੀਸ ਜੇਠ ਮਾਸੇ ਸੁਦੀ ਇਕਾਦਸ਼ੀ ਕੇ ਦਿਹੁ ਗੁਰੂ ਤੇਗ਼ ਬਹਾਦਰ ਮਹਲਾ ਨਾਮਾ..... ਨੇ ਇਨੇ ਧੀਰਜ ਦਈ।"[87] ਸ਼ਹੀਦ ਬਿਲਾਸ ਭਾਈ ਮਨੀ ਸਿੰਘ ਵਿੱਚ ਲਿਖਿਆ ਹੈ।[88]

ਕਸ਼ਮੀਰੀ ਪੰਡਿਤਾਂ ਦੇ ਚੱਕ ਨਾਨਕੀ ਵਿਖੇ ਪਹੁੰਚਣ ਦੀ ਗੱਲ ਪੰਜਾਬ ਅਤੇ ਉੱਤਰੀ ਭਾਰਤ ਵਿੱਚ ਚਾਰੇ ਪਾਸੇ ਫੈਲ ਗਈ ਸੀ। ਇਸ ਕਰਕੇ ਹੋਰ ਕਈ ਪਾਸਿਆਂ ਤੋਂ ਦੁਖੀ ਪੰਡਿਤਾਂ ਦੇ ਜੱਥੇ ਚੱਕ ਨਾਨਕੀ ਵਿਖੇ ਪਹੁੰਚ ਰਹੇ ਸਨ। ਪੰਡਿਤਾਂ ਨੂੰ ਇੱਕੋ-ਇੱਕ ਆਸ ਗੁਰੂ ਤੇਗ਼ ਬਹਾਦਰ ਸਾਹਿਬ ਹੀ ਰਹਿ ਗਏ ਸਨ। ਸ਼ਾਇਦ ਪੰਡਿਤਾਂ ਨੇ ਇਹ ਦੇਖ ਲਿਆ ਸੀ ਕਿ ਜਿਸ ਗੁਰੂ ਸਾਹਿਬ ਨੇ ਮਾਲਵਾ ਅਤੇ ਬਾਂਗਰ ਦੇਸ ਵਿੱਚ ਘੁੰਮ-ਫਿਰ ਕੇ ਲੋਕਾਂ ਵਿੱਚ ਧਾਰਮਿਕ ਜਾਗ੍ਰਿਤੀ ਲਿਆਂਦੀ ਹੈ ਅਤੇ ਲੋਕਾਂ ਨੂੰ ਇਕੱਠੇ ਕੀਤਾ ਹੈ, ਸ਼ਾਇਦ ਇਸ ਤਰ੍ਹਾਂ ਗੁਰੂ ਸਾਹਿਬ ਕਸ਼ਮੀਰ ਦੇ ਦੌਰਿਆਂ ਦਾ ਪ੍ਰੋਗਰਾਮ ਬਣਾ ਕੇ ਕਸ਼ਮੀਰ ਵਿੱਚ ਆ ਜਾਣ। ਕਸ਼ਮੀਰ ਵਿੱਚ ਉਸੇ ਤਰ੍ਹਾਂ ਜਾਗ੍ਰਿਤੀ ਆਵੇਗੀ ਅਤੇ ਇਉਂ ਲੋਕ-ਸ਼ਕਤੀ ਬਣੇਗੀ। ਇਹ ਗੱਲ ਅਜੇ ਹੋਰ ਖੋਜ ਦੀ ਮੁਹਤਾਜ ਹੈ ਕਿ ਕਸ਼ਮੀਰੀ ਪੰਡਿਤਾਂ ਦੇ ਦੁਖ ਦੀ ਗੱਲ ਸੁਣ ਕੇ ਗੁਰੂ ਸਾਹਿਬ ਕਸ਼ਮੀਰ ਦਾ ਦੌਰਾ ਕਰਨ ਦਾ ਪ੍ਰੋਗਰਾਮ ਬਣਾਇਆ ਸੀ ਜਾਂ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਆ ਸੀ। ਕਿਉਂਕਿ ਇਸ ਬਾਰੇ ਇਤਿਹਾਸਕਾਰਾਂ ਵਿੱਚ ਅਜੇ ਤੱਕ ਇੱਕ ਮੱਤ ਨਹੀਂ ਹੋ ਸਕਿਆ। ਇਹ ਵੀ ਕਿ ਔਰੰਗਜ਼ੇਬ ਉਸ ਸਮੇਂ ਕਿੱਥੇ ਸੀ? ਦਿੱਲੀ ਵਿੱਚ ਸੀ ਜਾਂ ਹਸਨ ਅਬਦਾਲ ਵਿਖੇ ਸੀ? ਇਹ ਦੋਵੇਂ ਥਾਵਾਂ ਹੀ ਇੱਕ-ਦੂਜੇ ਦੇ ਉਲਟ ਸਨ। ਇਸ ਲਈ ਇਸ ਗੱਲ ਉੱਪਰ ਬਹੁਤੀ ਬਹਿਸ ਨਾ ਕਰਦੇ ਹੋਏ ਇੰਨਾ ਹੀ ਕਿਹਾ ਜਾ ਸਕਦਾ ਹੈ ਕਿ ਚੱਕ ਨਾਨਕੀ ਵਿਖੇ ਕਸ਼ਮੀਰ ਅਤੇ ਹੋਰ ਥਾਵਾਂ ਤੋਂ ਇਕੱਠੇ ਹੋਏ ਦੁਖੀ ਪੰਡਿਤਾਂ ਦੇ ਆਉਣ ਦੀਆਂ ਰਿਪੋਰਟਾਂ ਸਰਕਾਰੀ ਅਧਿਕਾਰੀਆਂ ਕੋਲ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ। ਇਸ ਤਰ੍ਹਾਂ ਸਰਕਾਰ ਵੀ ਚੌਕਸ ਹੋ ਗਈ ਸੀ। ਸਰਕਾਰ ਦੀ ਇਸ ਚੌਕਸੀ ਦਾ ਨਤੀਜਾ ਸੀ ਕਿ ਜਿਉਂ ਹੀ ਗੁਰੂ ਤੇਗ਼ ਬਹਾਦਰ ਸਾਹਿਬ ਚੱਕ ਨਾਨਕੀ ਤੋਂ ਰਵਾਨਾ ਹੋ ਕੇ ਮੁਗ਼ਲ ਸਰਕਾਰ ਦੇ ਖੇਤਰ[89] ਵਿੱਚ ਦਾਖ਼ਲ ਹੋਏ ਤਾਂ ਉਨ੍ਹਾਂ ਨੂੰ ਰੋਪੜ ਪੁਲੀਸ ਚੌਂਕੀ ਦੇ ਦਰੋਗੇ

---

87 *ਉਹੀ,* ਪੰਨਾ-86.

88 ਸੇਵਾ ਸਿੰਘ, *ਸ਼ਹੀਦ ਬਿਲਾਸ ਭਾਈ ਮਨੀ ਸਿੰਘ,* ਗਿਆਨੀ ਗਰਜਾ ਸਿੰਘ (ਸੰਪਾ.), ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ, 1961, ਪੰਨੇ 59-60.

89 ਕਿਉਂਕਿ ਚੱਕ ਨਾਨਕੀ ਬਿਲਾਸਪੁਰ (ਕਹਿਲੂਰ) ਦੀ ਰਿਆਸਤ ਵਿੱਚ ਸਥਿਤ ਸੀ। ਬਿਲਾਸਪੁਰ ਵਿੱਚ ਰੋਪੜ ਦੀ ਪੁਲੀਸ ਜਾ ਨਹੀਂ ਸਕਦੀ ਸੀ। ਇਸ ਲਈ ਜਿਉਂ ਹੀ ਬਿਲਾਸਪੁਰ ਦੀ ਹੱਦ ਵਿੱਚੋਂ ਨਿਕਲ ਕੇ ਗੁਰੂ ਸਾਹਿਬ ਸਰਹਿੰਦ ਸੂਬੇ ਦੇ ਖੇਤਰ ਵਿੱਚ ਦਾਖ਼ਲ ਹੋਏ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਮਿਰਜ਼ਾ ਨੂੰਰ ਮੁਹੰਮਦ ਨੇ ਇੱਕ ਛੋਟੇ ਜਿਹੇ ਪਿੰਡ ਮਲਿਕਪੁਰ ਰੰਘੜਾ ਤੋਂ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਇੱਥੇ ਉਨ੍ਹਾਂ ਨੂੰ ਚਾਰ ਮਹੀਨਿਆਂ ਤੱਕ ਰੱਖਿਆ ਗਿਆ ਸੀ। ਇਸ ਬਾਰੇ 'ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਬਲੌਤੋਂ ਕਾ' ਵਿੱਚ ਇਸ ਤਰ੍ਹਾਂ ਲਿਖਿਆ ਹੈ: "ਗੁਰੂ ਤੇਗ਼ ਬਹਾਦਰ ਜੀ ਮਹਲ ਨਾਮਾ ਕੋ ਨੂਰ ਮੁਹੰਮਦ ਖਾ ਮਿਰਜ਼ਾ ਚੌਂਕੀ ਰੋਪੜ ਵਾਲੇ ਨੇ ਸਾਲ ਸਤਰੈ ਸੈ ਬੱਤੀਸ ਸਾਵਨ ਪਰਵਿਸ਼ਟੇ ਬਾਰਾਂ ਕੇ ਦਿਹੁੰ ਗਾਉਂ ਮਲਿਕਪੁਰ ਰੰਘੜਾਂ ਪਰਗਨਾ ਘਨੌਲਾ ਸੇ ਪਕੜ ਕੇ ਸਰਹਿੰਦ ਪਹੁੰਚਾਇਆ ਗੈਲ ਦੀਵਾਨ ਮਤੀ ਦਾਸ ਸਤੀ ਦਾਸ ਬੇਟੇ ਹੀਰਾ ਮਲ ਛਿਬਰ ਕੇ ਗੈਲ ਦਿਆਸ ਦਾਸ ਬੇਟਾ ਮਾਈ ਦਾਸ ਬਲੌਤ ਕਾ ਪਕੜਿਆ ਆਇਆ। ਗੁਰੂ ਜੀ ਚਾਰ ਮਾਸ ਬਸੀ ਪਠਾਨਾ ਕੇ ਬੰਦੀਖ਼ਾਨੇ ਮੇਂ ਬੰਦ ਰਹੇ।"[90]

ਗੁਰੂ ਕੀਆਂ ਸਾਖੀਆਂ ਵਿੱਚ ਲਿਖਿਆ ਗਿਆ ਹੈ: "ਹਾਕਮ ਸਰਹਿੰਦ ਸੇ ਪਤਾ ਚਲਾ ਹੈ ਕਿ ਗੁਰੂ ਤੇਗ਼ ਬਹਾਦਰ ਕਸ਼ਮੀਰੀ ਬ੍ਰਾਹਮਣਾ ਕੀ ਫਰਿਆਦ ਲੈ ਕੇ ਦਿੱਲੀ ਜਾ ਰਹਾ ਹੈ ਇਨੈ ਹਿਰਾਸਤ ਮੇਂ ਲੇ ਲੇਨਾ ਜ਼ਰੂਰੀ ਹੈ। ਨਾਜ਼ਮ ਸਰਹਿੰਦ ਨੇ ਚੌਂਕੀ ਸਰਦਾਰ ਰੋਪੜ ਸੇ ਲਿਖਾ ਕੇ ਉਸੇ ਸਮੇਂ ਬਮੈ ਹਮਰਾਹੀ ਸਿੱਖਾਂ ਗ੍ਰਿਫ਼ਤਾਰ ਕਰ ਕੇ ਮੇਰੇ ਰੂਬਰੂ ਸਰਹਿੰਦ ਮੇਂ ਲਾਇ ਕੇ ਪੇਸ਼ ਕੀਆ ਜਾਏ। ਉੱਪਰ ਗੁਰੂ ਜੀ ਬਮੈ ਤੀਨ ਸਿਖੋਂ ਕੇ ਨਦੀ ਸਰਸਾ ਪਾਰ ਹੋਇ ਕੇ ਮਲਕਪੁਰ ਰੰਘੜਾਂ ਭਾਈ ਨਗਾਹੀਏ ਸਿਖ ਕੇ ਗ੍ਰਿਹ ਮੇਂ ਆਏ ਨਿਵਾਸ ਕੀਆ। ਸੁਬਹਾ ਗੁਰੂ ਜੀ ਕਾ ਬਚਨ ਪਾਇ ਭਾਈ ਮਤੀ ਦਾਸ ਕੂਏ ਸੇ ਪਾਣੀ ਲੇਨੇ ਆਇਆ। ਭਾਵੀ ਪਰਬਲ ਮਤੀ ਦਾਸ ਹਰਟ ਦੀ ਲੱਕੜੀ ਸੇ ਪਾਉ ਰਾਖ ਕਰ ਪਾਣੀ ਨਿਕਾਲਨੇ ਲਗਾ। ਇਸ ਕਾ ਪੈਰ ਫਿਸਲ ਗਿਆ। ਜਿਸ ਸੇ ਮਤੀ ਦਾਸ ਕੂਏ ਮੇਂ ਗਿਰ ਪੜਾ। ਇਸ ਕੇ ਗਿਰਨੇ ਕੀ ਅਵਾਜ਼ ਸੁਣ ਕੇ ਗਿਰਦਾ ਨਵਾਹ ਕੇ ਲੋਕ ਆਏ ਜਮਾ ਹੂਏ। ਦੀਵਾਨ ਮਤੀ ਦਾਸ ਕੋ ਗਾਉਂ ਕੇ ਲੋਕਾਂ ਨੇ ਨਿਕਾਲਾ। ਪੂਛਨੇ ਸੇ ਪਤਾ ਚਲਾ ਕਿ ਇਹ ਗੁਰੂ ਜੀ ਸਮੇਤ ਨਗਾਹੀਏ ਕੇ ਘਰ ਮੇਂ ਠਹਿਰਾ ਹੂਆ ਹੈ। ਨਗਰ ਵਾਸੀ ਰੰਘੜਾਂ ਨੇ ਰੋਪੜ ਕੀ ਚੌਂਕੀ ਮੇਂ ਆਏ ਪਤਾ ਦੀਆ ਕਿ ਹਮਾਰੇ ਗਾਉਂ ਮੇਂ ਸਿਖੋਂ ਕਾ ਗੁਰੂ ਤੇਗ਼ ਬਹਾਦਰ ਆਇਆ ਹੂਆ ਹੈ। ਚੌਂਕੀ ਸਰਦਾਰ ਨੇ ਮਲਕਪੁਰ ਜਾਏ ਗੁਰੂ ਜੀ ਕੋ ਤੀਨ ਸਿਖੋਂ ਹਮਰਾਹ ਪਕੜ ਰੋਪੜ ਮੇਂ ਲਿਆਂਦਾ। ਅਗਲੇ ਦਿਹੁੰ ਸੰਮਤ ਸਤਰ੍ਹਾ ਸੈ ਬਤੀਸ ਸਾਵਨ ਪਰਵਿਸ਼ਟੇ ਤੇਰਾਂ ਕੋ ਇਨੇ ਹਾਕਮ ਸਰਹਿੰਦ ਕੇ ਆਗੇ ਪੇਸ਼ ਕੀਆ ਗਿਆ। ਇਨ ਕੋ ਬਸੀ ਪਠਾਣਾ ਕੀ ਹਵਾਲਾਤ ਮੇਂ ਬੰਦ ਕਰ ਦਿੱਲੀ ਦਰਬਾਰ ਮੇਂ ਇਤਲਾਹ ਦੇਈ ਗਈ।"[91]

---

90 ਫ਼ੌਜਾ ਸਿੰਘ, ਤਾਰਨ ਸਿੰਘ, *ਗੁਰੂ ਤੇਗ਼ ਬਹਾਦਰ: ਜੀਵਨ ਅਤੇ ਰਚਨਾ*, ਪੰਨਾ-87.

91 ਸਰੂਪ ਸਿੰਘ ਕੋਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪਟਿਆਲਾ, 1986, ਪੰਨੇ 73-74.

ਇਹ ਲਿਖਤਾਂ ਸਿੱਖ ਇਤਿਹਾਸ ਦੀਆਂ ਮੁੱਢਲੀਆਂ ਲਿਖਤਾਂ ਹਨ। ਇਨ੍ਹਾਂ ਤੋਂ ਸਾਬਿਤ ਹੁੰਦਾ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਰੋਪੜ ਦੇ ਨੇੜੇ ਵਸੇ ਪਿੰਡ ਮਲਿਕਪੁਰ ਰੰਘੜਾਂ ਤੋਂ ਗ੍ਰਿਫ਼ਤਾਰ ਕਰਕੇ ਪਹਿਲਾਂ ਬਸੀ ਪਠਾਣਾ ਦੀ ਜੇਲ੍ਹ ਵਿੱਚ ਰੱਖਿਆ ਗਿਆ ਸੀ ਅਤੇ ਪਿੱਛੋਂ ਦਿੱਲੀ ਲਿਜਾਇਆ ਗਿਆ ਸੀ। ਦਿੱਲੀ ਵਿਖੇ ਹੀ ਉਨ੍ਹਾਂ ਨੂੰ ਮੱਘਰ ਸੁਦੀ ਪੰਚਮੀ, ਸੰਮਤ 1732 ਬਿਕਰਮੀ ਮੁਤਾਬਕ ਗਿਆਰਾਂ ਨਵੰਬਰ 1675 ਈਸਵੀ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ।[92] ਪਰ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਅਤੇ ਸ਼ਹਾਦਤ ਨਾਲ ਜੁੜਿਆ ਹੋਇਆ ਇੱਕ ਵਿਚਾਰ ਇਹ ਹੈ ਕਿ ਗੁਰ ਤੇਗ਼ ਬਹਾਦਰ ਸਾਹਿਬ ਨੂੰ ਆਗਰਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਭਾਈ ਸੰਤੋਖ ਸਿੰਘ[93] ਅਤੇ ਗਿਆਨ ਗਿਆਨ ਸਿੰਘ[94] ਇਸ ਵਿਚਾਰ ਦੇ ਮੁੱਖ ਲੇਖਕ ਹਨ। ਇਨ੍ਹਾਂ ਅਨੁਸਾਰ ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਨੰਦਪੁਰ ਸਾਹਿਬ ਪਹੁੰਚਣ ਵਾਲੇ ਪੰਡਿਤਾਂ ਨੂੰ ਕਹਿ ਦਿੱਤਾ ਸੀ ਕਿ ਜਾਓ, ਔਰੰਗਜ਼ੇਬ ਨੂੰ ਕਹਿ ਦਿਓ ਕਿ ਪਹਿਲਾਂ ਗੁਰੂ ਤੇਗ਼ ਬਹਾਦਰ ਨੂੰ ਮੁਸਲਮਾਨ ਬਣਾ ਲਓ ਤੇ ਫਿਰ ਉਹ ਸਾਰੇ ਬ੍ਰਾਹਮਣ-ਖੱਤਰੀ ਆਪਣੇ-ਆਪ ਇਸਲਾਮ ਨੂੰ ਅਪਣਾ ਲੈਣਗੇ। ਜਦੋਂ ਇਹ ਖ਼ਬਰ ਔਰੰਗਜ਼ੇਬ ਕੋਲ ਪਹੁੰਚੀ ਤਾਂ ਔਰੰਗਜ਼ੇਬ ਨੇ ਆਪਣੀ ਪੁਲੀਸ, ਗੁਰੂ ਸਾਹਿਬ ਨੂੰ ਫੜਨ ਲਈ ਚੱਕ ਨਾਨਕੀ ਵਿਖੇ ਭੇਜੀ। ਪਰ ਗੁਰੂ ਸਾਹਿਬ ਉੱਥੇ ਨਹੀਂ ਮਿਲੇ। ਗੁਰੂ ਸਾਹਿਬ ਪਹਿਲਾਂ ਹੀ ਉੱਥੋਂ ਹਕੂਮਤ ਦੀ ਗ੍ਰਿਫ਼ਤਾਰੀ ਤੋਂ ਬਚਣ ਲਈ ਚੱਕ ਨਾਨਕੀ ਤੋਂ ਰਵਾਨਾ ਹੋ ਚੁੱਕੇ ਸਨ। ਪਰ ਹਕੂਮਤ ਗੁਰੂ ਸਾਹਿਬ ਨੂੰ ਪਕੜਨ ਲਈ ਉਨ੍ਹਾਂ ਦੀ ਭਾਲ ਕਰਨ ਲੱਗ ਪਈ ਸੀ। ਆਖਿਰ ਜਦੋਂ ਚੱਕ ਨਾਨਕੀ ਤੋਂ ਰਵਾਨਾ ਹੋ ਕੇ ਗੁਰੂ ਸਾਹਿਬ ਵੱਖ-ਵੱਖ ਥਾਵਾਂ ਰਾਹੀਂ ਹੁੰਦੇ ਹੋਏ ਆਗਰਾ ਪਹੁੰਚੇ ਤਾਂ ਉੱਥੇ ਪਹੁੰਚ ਕੇ ਗੁਰੂ ਸਾਹਿਬ ਨੇ ਇੱਕ ਆਜੜੀ ਨੂੰ ਇੱਕ ਸੋਨੇ ਦੀ ਮੁਹਰ ਅਤੇ ਇੱਕ ਕੀਮਤੀ ਦੁਸ਼ਾਲਾ ਦੇ ਕੇ ਬਾਜ਼ਾਰ ਵਿੱਚੋਂ ਕੁੱਝ ਮਠਿਆਈ ਖਰੀਦ ਕੇ ਲਿਆਉਣ ਲਈ ਭੇਜਿਆ। ਮਠਿਆਈ ਲੈਣ ਗਏ ਆਜੜੀ ਰਾਹੀਂ ਇਸ ਗੱਲ ਦਾ ਪਤਾ ਲੱਗ ਗਿਆ ਸੀ ਕਿ ਗੁਰੂ ਤੇਗ਼ ਬਹਾਦਰ ਆਗਰਾ ਪਹੁੰਚ ਗਏ ਹਨ। ਇਸ ਕਰਕੇ ਗੁਰੂ ਸਾਹਿਬ ਨੂੰ ਆਗਰਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਆਗਰਾ ਤੋਂ ਹੋਣ ਦੀ, ਸਿਵਾਏ ਇੱਕ ਪੁਰਾਤਨ ਪਰੰਪਰਾ ਤੋਂ, ਹੋਰ ਕਿਸੇ ਤੱਥ ਜਾਂ ਗਵਾਹੀ ਤੋਂ ਇਤਿਹਾਸਕ ਪੁਸ਼ਟੀ ਨਹੀਂ ਹੁੰਦੀ। ਨਾ ਹੀ ਇਹ ਦਲੀਲ ਤਰਕ-ਸੰਗਤ ਹੈ। ਆਗਰਾ, ਆਨੰਦਪੁਰ ਸਾਹਿਬ ਅਤੇ ਦਿੱਲੀ ਮਾਰਗ ਤੋਂ ਇੱਕ ਪਾਸੇ ਬਹੁਤ ਹਟਵਾਂ ਹੈ ਅਤੇ ਇਹ ਕਿਸੇ ਵੀ ਤਰ੍ਹਾਂ ਦਿੱਲੀ

---

92 ਕੇਸਰ ਸਿੰਘ ਛਿਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਰਤਨ ਸਿੰਘ ਜੱਗੀ (ਸੰਪਾ.), ਮੈਗਜ਼ੀਨ ਪਰਖ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972, ਚਰਣ ਨੌਵਾਂ।

93 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਦਸਵੀਂ, ਭਾਸ਼ਾ ਵਿਭਾਗ, ਪਟਿਆਲਾ, 1993, ਰਾਸ ਬਾਰ੍ਹਵੀਂ, ਅੰਸੂ 28, ਪੰਨੇ 4336-4343.

94 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ-127.

ਨੂੰ ਜਾਣ ਵਾਲੇ ਮਾਰਗ ’ਤੇ ਸਥਿਤ ਨਹੀਂ ਹੈ। ਇਸ ਲਈ ਦਿੱਲੀ ਪਹੁੰਚਣ ਲਈ ਆਗਰਾ ਕਿਸੇ ਵੀ ਤਰ੍ਹਾਂ ਰਸਤੇ ਵਿੱਚ ਨਹੀਂ ਆਉਂਦਾ। ਜੇਕਰ ਗੁਰੂ ਸਾਹਿਬ ਦਾ ਮਕਸਦ ਰਸਤੇ ਵਿਚਲੇ ਪਿੰਡਾਂ ਵਿੱਚ ਧਰਮ ਪਰਚਾਰ ਕਰਦਿਆਂ ਜਾਣ ਦਾ ਹੋਵੇ ਤਾਂ ਵੀ ਇੰਨੇ ਲੰਮੇ ਪੈਂਡੇ ਨੂੰ ਤਹਿ ਕਰਨ ਵਿੱਚ ਬਹੁਤ ਸਮਾਂ ਲੱਗਦਾ ਹੈ। ਜੇਕਰ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਚੱਕ ਨਾਨਕੀ ਪਹੁੰਚ ਕੇ ਗ੍ਰਿਫ਼ਤਾਰ ਕਰਨ ਲਈ ਆਪਣੇ ਅਧਿਕਾਰੀਆਂ ਨੂੰ ਕਿਹਾ ਹੋਵੇ ਜਿਵੇਂ ਬਹੁਤੇ ਮੁੱਢਲੇ ਲੇਖਕ ਕਹਿੰਦੇ ਹਨ, ਤਾਂ ਗੁਰੂ ਸਾਹਿਬ ਦਾ ਇੰਨੇ ਲੰਮੇ ਰਸਤੇ ਨੂੰ ਹਕੂਮਤ ਦੀਆਂ ਨਿਗਾਹਾਂ ਤੋਂ ਬਚ ਕੇ ਤਹਿ ਕਰਨਾ ਬਹੁਤ ਮੁਸ਼ਕਿਲ ਸੀ। ਫਿਰ ਜਦੋਂ ਗੁਰੂ ਸਾਹਿਬ ਦਾ ਵੱਡਾ ਮਕਸਦ ਔਰੰਗਜ਼ੇਬ ਨੂੰ ਮਿਲਣ ਦਾ ਸੀ ਤਾਂ ਗੁਰੂ ਸਾਹਿਬ ਨੇ ਛੇਤੀ ਤੋਂ ਛੇਤੀ ਮਿਲਣਾ ਸੀ। ਇਸ ਲਈ ਤਰਕ-ਸੰਗਤ ਗੱਲ ਇਹੋ ਹੋ ਸਕਦੀ ਹੈ ਕਿ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਆਗਰਾ ਤੋਂ ਨਹੀਂ ਮੰਨੀ ਜਾ ਸਕਦੀ ਜਿਵੇਂ ਸਾਡੇ ਪੁਰਾਤਨ ਲਿਖਾਰੀਆਂ ਦੀ ਧਾਰਨਾ ਚਲੀ ਆਉਂਦੀ ਹੈ। ਗੁਰੂ ਸਾਹਿਬ ਦੀ ਗ੍ਰਿਫ਼ਤਾਰੀ, ਭੱਟ ਵਹੀਆਂ ਅਤੇ ਗੁਰੂ ਕੀਆਂ ਸਾਖੀਆਂ ਜਾਣਕਾਰੀ ਦਿੰਦੀਆਂ ਹਨ, ਮਲਿਕਪੁਰ ਰੰਘੜਾਂ (ਰੋਪੜ ਨੇੜੇ) ਤੋਂ ਹੋਈ ਠੀਕ ਸਾਬਤ ਹੁੰਦੀ ਹੈ। ਫ਼ੌਜਾ ਸਿੰਘ[95] ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ।

ਇੱਕ ਹੋਰ ਵਿਚਾਰ, ਜਿਹੜਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਜੁੜਿਆ ਹੋਇਆ ਵਿਵਾਦਮਈ ਹੋ ਰਿਹਾ ਹੈ, ਉਹ ਹੈ ਕਿ ਗੁਰੂ ਸਾਹਿਬ ਨੂੰ ਦਿੱਲੀ ਵਿਖੇ ਸ਼ਹੀਦ ਕਰਨ ਸਮੇਂ, ਔਰੰਗਜ਼ੇਬ ਖੁਦ ਦਿੱਲੀ ਵਿਖੇ ਮੌਜੂਦ ਸੀ ਜਾਂ ਨਹੀਂ। ਇਹ ਵਿਵਾਦ ਇਸ ਕਰਕੇ ਪੈਦਾ ਹੋਇਆ ਹੈ ਕਿਉਂਕਿ ਸਾਡੇ ਕੋਲ ਦੋ ਅਜਿਹੀਆਂ ਮਜ਼ਬੂਤ ਗਵਾਹੀਆਂ ਮੌਜੂਦ ਹਨ ਜਿਹੜੀਆਂ ਇਨ੍ਹਾਂ ਦੋਹਾਂ ਪੱਖਾਂ ਦੀ ਪਰਪੱਕਤਾ ਕਰ ਰਹੀਆਂ ਹਨ। ਇਸ ਮੱਤ ਦੀ ਗਵਾਹੀ, ਕਿ ਔਰੰਗਜ਼ੇਬ ਨਵੰਬਰ (ਮੱਘਰ) 1675 ਈਸਵੀ ਨੂੰ ਦਿੱਲੀ ਵਿਖੇ ਨਹੀਂ ਸਗੋਂ ਹਸਨ ਅਬਦਾਲ ਵਿਖੇ ਸੀ, ਮੁਆਸਰਿ ਆਲਮਗੀਰੀ[96], ਦੇ ਰਹੀ ਹੈ। ਇਸ ਅਨੁਸਾਰ ਔਰੰਗਜ਼ੇਬ 26 ਜੂਨ, 1674 ਈਸਵੀ ਤੋਂ ਲੈ ਕੇ 23 ਦਸੰਬਰ, 1675 ਈਸਵੀ ਤੱਕ ਹਸਨ ਅਬਦਾਲ ਵਿਖੇ ਹੀ ਸੀ। ਬਿਨਾ ਸ਼ੱਕ ਇਹ ਲਿਖਤ ਔਰੰਗਜ਼ੇਬ ਦੇ ਦਰਬਾਰ ਦੀ ਇੱਕ ਕਿਸਮ ਦੀ ਡਾਇਰੀ ਹੀ ਹੈ। ਪਰ ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਦੀ ਆਪਣੀ ਜੀਵਨੀ ‘ਬਚਿੱਤ੍ਰ ਨਾਟਕ’ ਦੀ ਗਵਾਹੀ ਹੈ।

95 ਫ਼ੌਜਾ ਸਿੰਘ, ਤਾਰਨ ਸਿੰਘ, *ਗੁਰੂ ਤੇਗ਼ ਬਹਾਦਰ: ਜੀਵਨ ਅਤੇ ਰਚਨਾ*, ਪੰਨਾ-80.

96 ਸਾਕੀ ਮੁਸਤਾਅਦ ਖਾਂ, *ਮੁਆਸਰਿ ਆਲਮਗੀਰੀ* (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977, ਪੰਨਾ-95.

ਭਾਵ 'ਤਿਲਕ ਅਤੇ ਜੰਞੂ (ਹਿੰਦੂਆਂ ਦੇ ਪਵਿੱਤਰ ਧਾਰਮਿਕ ਨਿਸ਼ਾਨ) ਦਾ ਰਾਖਾ ਆਪ ਅਕਾਲ ਪੁਰਖ ਹੈ। ਕਲਯੁਗ ਵਿੱਚ ਗੁਰੂ ਤੇਗ਼ ਬਹਾਦਰ ਵੱਲੋਂ ਇਨ੍ਹਾਂ ਦੀ ਰਾਖੀ ਕਰ ਕੇ ਬਹੁਤ ਵੱਡਾ ਪਰਉਪਕਾਰੀ ਵਾਲਾ ਕੰਮ ਕੀਤਾ ਗਿਆ ਜਿੰਨ੍ਹਾਂ ਨੇ ਸਭ ਲੋਕਾਂ ਦੇ ਅਕੀਦਿਆਂ ਨੂੰ ਬਚਾਉਣ ਹਿਤ ਇੰਨੀ ਵੱਡੀ ਕੁਰਬਾਨੀ ਕੀਤੀ। ਆਪਣਾ ਸੀਸ ਦੇ ਦਿੱਤਾ ਪਰ ਮੌਤ ਤੋਂ ਡਰੇ ਨਹੀਂ। ਗੁਰੂ ਤੇਗ਼ ਬਹਾਦਰ ਨੇ ਇਹ ਸਭ ਕੁਝ ਧਰਮ ਦੀ ਰੱਖਿਆ ਲਈ ਕੀਤਾ। ਉਨ੍ਹਾਂ ਨੇ ਆਪਣਾ ਸੀਸ ਵਾਰ ਦਿੱਤਾ ਪਰ ਆਪਣੀਆਂ ਧਾਰਮਿਕ ਜਿੰਮੇਵਾਰੀਆਂ ਵਾਲੀ ਦ੍ਰਿੜ੍ਹਤਾ ਨਹੀਂ ਛੱਡੀ। ਅਕਾਲ ਪੁਰਖ ਦੇ ਨਾਮ ਦਾ ਜਾਪ ਕਰਨ ਵਾਲੇ ਲੋਕਾਂ ਨੂੰ ਆਪਣੀ ਜਾਨ ਬਚਾਉਣ ਵਾਸਤੇ ਨਾਟਕ-ਚੇਟਕ (ਕਰਾਮਾਤਾਂ ਆਦਿ ਦਿਖਾਉਣ) ਕਰਨ ਤੋਂ ਸ਼ਰਮ ਆਉਂਦੀ ਹੈ। ਗੁਰੂ ਤੇਗ਼ ਬਹਾਦਰ ਨੇ ਆਪਣੀ ਸ਼ਹਾਦਤ ਦੇ ਕੇ ਇਸ ਦੀ ਸਾਰੀ ਜ਼ਿੰਮੇਵਾਰੀ ਦਾ ਠੀਕਰ, ਦਿੱਲੀ ਦੇ ਮਾਲਕ (ਦੇਸ ਦੇ ਬਾਦਸ਼ਾਹ) ਸਿਰ ਭੰਨ ਕੇ ਪਰਲੋਕ ਨੂੰ ਜਾਣ ਦੀਆਂ ਤਿਆਰੀਆਂ ਕਰ ਲਈਆਂ ਸਨ। ਗੁਰੂ ਤੇਗ਼ ਬਹਾਦਰ ਵਰਗੀ ਅਜਿਹੀ ਕੁਰਬਾਨੀ ਹੋਰ ਕਿਸੇ ਨੇ ਨਹੀਂ ਕੀਤੀ।[97] ਗੁਰੂ ਤੇਗ਼ ਬਹਾਦਰ ਦੇ ਸ਼ਹੀਦ ਹੋ ਜਾਣ ਕਰਨ ਭਾਵੇਂ ਇਸ ਜਗਤ ਵਿੱਚ ਤਾਂ ਸੋਗ ਦੀ ਲਹਿਰ ਫੈਲ ਗਈ ਸੀ ਪਰ ਜਿਹੜਾ ਅਗਲਾ (ਸਵਰਗ ਵਾਲਾ) ਜਗਤ ਹੈ ਉਸ ਵੱਲੋਂ ਉਨ੍ਹਾਂ ਦੀ ਜੈ ਜੈ ਕਾਰ ਹੋ ਰਹੀ ਹੈ।'

ਉਕਤ ਕਥਨ ਦੇ ਇਹ ਭਾਵ ਅਰਥ ਹਨ। ਇਨ੍ਹਾਂ ਵਿੱਚ ਮਾੜਾ-ਮੋਟਾ ਤਾਂ ਅਰਥਾਂ ਦਾ ਫ਼ਰਕ ਹੋ ਸਕਦਾ ਹੈ ਪਰ ਭਾਵ ਇਹੋ ਹੀ ਹਨ। ਇਸ ਕਥਨ ਵਿੱਚ ਕੁਝ ਇਕ ਨੁਕਤੇ ਧਿਆਨ ਦੇਣ ਯੋਗ ਹਨ। ਇੱਕ ਤਾਂ ਤਿਲਕ-ਜੰਞੂ ਵਾਲਾ ਨੁਕਤਾ ਹੈ, ਦੂਜਾ ਦਿਲੀਸ ਦੇ ਸਿਰ ਠੀਕਰਾ ਭੰਨਣ ਵਾਲਾ ਨੁਕਤਾ ਹੈ, ਅਤੇ ਤੀਜਾ ਧਰਮ ਲਈ ਸੀਸ ਦੇਣ ਦਾ ਅਤੇ ਆਪਣੀ ਦਰਿੜ੍ਹਤਾ ਨਾ ਛੱਡਣ ਦਾ ਹੈ। ਇਹ ਸਾਰਾ ਕਥਨ ਬਹੁਤ ਭਾਵ-ਪੂਰਨ ਹੈ। ਇਸ ਗੱਲ ਤੇ ਤਾਂ ਵਿਦਵਾਨਾਂ ਵਿੱਚ ਦੋ ਰਾਵਾਂ ਹੋ ਸਕਦੀਆਂ ਹਨ ਕਿ ਇਹ ਬਚਿੱਤ੍ਰ ਨਾਟਕ ਵਾਲੇ ਕਥਨ, ਜਿਸ ਨੂੰ ਗੁਰੂ ਗੋਬਿੰਦ ਸਿੰਘ ਦੀ ਸਵੈ-ਜੀਵਨੀ ਮੰਨਿਆ ਜਾਂਦਾ ਹੈ, ਵਾਕਈ ਗੁਰੂ ਸਾਹਿਬ ਦੀ ਆਪਣੀ ਲਿਖਤ ਹੈ ਜਾਂ ਨਹੀਂ। ਪਰ ਇਸ ਗੱਲ 'ਤੇ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਬਚਿੱਤ੍ਰ ਨਾਟਕ ਵਾਲੀ ਲਿਖਤ

97 'ਬਚਿੱਤ੍ਰ ਨਾਟਕ' *ਦਸ ਗ੍ਰੰਥੀ ਪੋਥੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1978, ਧਿਆਏ ਪੰਜਵਾਂ, ਬੰਦ 13-16, ਪੰਨਾ-117.

ਗੁਰੂ ਗੋਬਿੰਦ ਸਿੰਘ ਦੀ ਸਮਕਾਲੀ ਲਿਖਤ ਜ਼ਰੂਰ ਹੈ।[98] ਇਸ ਲਈ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਦਿੱਲੀ ਵਿੱਚ ਹੋਣ ਬਾਰੇ ਅਤੇ ਇਸ ਸ਼ਹਾਦਤ ਦੀ ਸਾਰੀ ਜਿੰਮੇਵਾਰੀ ਬਾਦਸ਼ਾਹ ਔਰੰਗਜ਼ੇਬ ਦੀ ਹੋਣ ਬਾਰੇ ਕੋਈ ਸ਼ੱਕ ਨਹੀਂ ਰਹਿ ਜਾਂਦਾ।

ਪਰ ਦੂਜੇ ਪਾਸੇ ਜਿਹੜੀ ਸਾਕੀ ਮੁਸਤਾਦ ਖਾਂ ਦੀ ਲਿਖਤ ਮੁਆਸਰਿ ਆਲਮਗੀਰੀ ਹੈ, ਇਹ ਵੀ ਆਪਣੇ-ਆਪ ਵਿੱਚ ਬਹੁਤ ਮਹੱਤਵਪੂਰਨ ਹੈ। ਮੁਆਸਰਿ ਆਲਮਗੀਰੀ ਦੀਆਂ ਮਿਤੀਆਂ ਨੂੰ ਉਸ ਸਮੇਂ ਤੱਕ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਉਸ ਦੇ ਮੁਕਾਬਲੇ ਤੇ ਕੋਈ ਹੋਰ ਸਮਕਾਲੀ ਲਿਖਤ ਇਸ ਦਾ ਖੰਡਨ ਨਹੀਂ ਕਰਦੀ। ਜਿਹੜੇ ਵੀ ਇਤਿਹਾਸਕਾਰਾਂ ਨੇ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਸਮੇਂ, ਔਰੰਗਜ਼ੇਬ ਦੀ ਮੌਜੂਦਗੀ ਜਾਂ ਗੈਰ-ਮੌਜੂਦਗੀ ਬਾਰੇ ਆਪਣੇ-ਆਪਣੇ ਮੱਤ ਜ਼ਾਹਰ ਕੀਤੇ ਹਨ ਉਹ ਇਨ੍ਹਾਂ ਦੋਵੇਂ ਗਵਾਹੀਆਂ-ਬਚਿੱਤਰ ਨਾਟਕ ਵਾਲੀ ਅਤੇ ਮੁਆਸਰਿ ਆਲਮਗੀਰੀ ਵਿੱਚੋਂ ਕਿਸੇ ਇੱਕ 'ਤੇ ਆਧਾਰਿਤ ਕਰਕੇ ਜ਼ਾਹਰ ਕੀਤੇ ਹਨ। ਭਾਵ ਕਿ ਜਿੰਨ੍ਹਾਂ ਨੇ ਇਹ ਕਿਹਾ ਹੈ ਕਿ ਔਰੰਗਜ਼ੇਬ ਗੁਰੂ ਸਾਹਿਬ ਦੀ ਸ਼ਹਾਦਤ ਸਮੇਂ ਦਿੱਲੀ ਵਿਖੇ ਮੌਜੂਦ ਸੀ, ਜਿਵੇਂ ਕਿ ਭਾਈ ਸੰਤੋਖ ਸਿੰਘ[99], ਗਿਆਨੀ ਗਿਆਨ ਸਿੰਘ[100] ਅਤੇ ਡਾ. ਤਿਰਲੋਚਨ ਸਿੰਘ[101] ਹਨ, ਇਨ੍ਹਾਂ ਨੇ ਬਚਿੱਤ੍ਰ ਨਾਟਕ ਨੂੰ ਆਪਣਾ ਆਧਾਰ ਬਣਾਇਆ ਹੈ। ਜਿਹੜੇ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਔਰੰਗਜ਼ੇਬ ਗੁਰੂ ਸਾਹਿਬ ਦੀ ਸ਼ਹਾਦਤ ਸਮੇਂ ਦਿੱਲੀ ਵਿਖੇ ਮੌਜੂਦ ਨਹੀਂ ਸੀ। ਸਗੋਂ ਹਸਨ ਅਬਦਾਲ ਵਿਖੇ ਸੀ, ਜਿਵੇਂ ਕਿ ਫ਼ੌਜਾ ਸਿੰਘ[102] ਅਤੇ ਡਾ. ਪਿਆਰ ਸਿੰਘ[103] ਹਨ।

ਸਿੱਟੇ ਦੇ ਰੂਪ ਵਿੱਚ ਇਹ ਗੱਲ ਜ਼ਰੂਰ ਕਹੀ ਜਾ ਸਕਦੀ ਹੈ ਕਿ ਗੁਰੂ ਤੇਗ਼ ਬਹਾਦਰ ਜਿਹੇ ਗੁਰੂ ਦੀ, ਜਿਹੜੇ ਕਿ ਨਾ ਹੀ ਸਿਰਫ਼ ਸਿੱਖਾਂ ਦੇ ਹੀ ਧਾਰਮਿਕ ਗੁਰੂ ਸਨ ਸਗੋਂ ਸਮੁੱਚਾ ਹਿੰਦੂ ਸਮਾਜ ਵੀ ਉਨ੍ਹਾਂ ਨੂੰ ਆਪਣਾ ਧਾਰਮਿਕ ਰਹਿਬਰ ਸਮਝਦਾ ਸੀ, ਨੂੰ ਮੌਤ ਦੀ ਸਜਾ ਦੇਣ ਦਾ ਫੈਸਲਾ ਔਰੰਗਜ਼ੇਬ ਤੋਂ ਬਗੈਰ ਹੋਰ

---

98 ਅੱਜ ਕਿਉਂਕਿ ਦਸਮ ਗ੍ਰੰਥ ਬਾਰੇ ਵੀ ਇਹ ਵਿਵਾਦ ਚੱਲ ਰਿਹਾ ਹੈ ਕਿ ਕੀ ਇਹ ਦਸਮ ਪਾਤਿਸ਼ਾਹ ਦੀ ਆਪਣੀ ਰਚਨਾ ਹੈ ਜਾਂ ਨਹੀਂ। ਭਾਵੇਂ ਇਸ ਥੀਸਿਸ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ। ਮਹੱਤਤਾ ਤਾਂ ਦਸਮ ਗ੍ਰੰਥ ਵਿਚਲੀ ਰਚਨਾ ਦੀ ਇਤਿਹਾਸਕ ਤੌਰ ਤੇ ਮੰਨਣ ਵਾਲੀ ਹੈ। ਇਤਿਹਾਸਕ ਤੌਰ 'ਤੇ ਬਚਿੱਤ੍ਰ ਨਾਟਕ ਬਹੁਤ ਮਹੱਤਵਪੂਰਨ ਹੈ।

99 ਭਾਈ ਸੰਤੋਖ ਸਿੰਘ, *ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸ ਬਾਰ੍ਹਵੀਂ, ਅੰਸੂ 31-32.

100 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ-129.

101 Trilochan Singh, *Guru Tegh Bahadur Prophet and Martyr*, Gurdwara Parbhandak Committee, Delhi, 1967, p. 318.

102 ਫ਼ੌਜਾ ਸਿੰਘ, ਤਾਰਨ ਸਿੰਘ, *ਗੁਰੂ ਤੇਗ਼ ਬਹਾਦਰ: ਜੀਵਨ ਅਤੇ ਰਚਨਾ*, ਪੰਨੇ 83, 84 ਅਤੇ 85.

103 ਪਿਆਰ ਸਿੰਘ, *ਗੁਰੂ ਤੇਗ਼ ਬਹਾਦਰ* (ਫਾਰਸੀ ਸਰੋਤ), ਪੰਨਾ-48.

ਕੋਈ ਨਹੀਂ ਦੇ ਸਕਦਾ ਸੀ। ਗੱਲ ਔਰੰਗਜ਼ੇਬ ਦੀ ਦਿੱਲੀ ਵਿਖੇ ਮੌਜੂਦਗੀ ਦੀ ਜਾਂ ਗੈਰ-ਮੌਜੂਦਗੀ ਦੀ ਨਹੀਂ ਹੈ, ਗੱਲ ਹੈ ਉਨ੍ਹਾਂ ਦੇ ਹੁਕਮ ਦੀ। ਬਾਦਸ਼ਾਹ ਦੇ ਹੁਕਮ ਤੋਂ ਬਿਨਾ ਇੰਨੀ ਵੱਡੀ ਧਾਰਮਿਕ ਸ਼ਖ਼ਸੀਅਤ ਨੂੰ ਮੌਤ ਦੀ ਸਜ਼ਾ ਦਿੱਤੀ ਹੀ ਨਹੀਂ ਜਾ ਸਕਦੀ ਸੀ। ਕਿਉਂਕਿ ਗੁਰੂ ਤੇਗ਼ ਬਹਾਦਰ ਜਿਹੇ ਮਹਾਨ ਗੁਰੂ ਦੀ ਸ਼ਹਾਦਤ ਦਾ ਪ੍ਰਤੀਕ੍ਰਮ ਵੀ ਰਾਸ਼ਟਰਪੱਧਰ ਦਾ ਹੋਣਾ ਸੀ ਅਤੇ ਹੋਇਆ ਸੀ। ਇਸ ਪ੍ਰਤੀਕ੍ਰਮ ਦਾ ਪ੍ਰਭਾਵ ਔਰੰਗਜ਼ੇਬ ਦੇ ਸਾਮਰਾਜ ਦੀ ਸਥਿਰਤਾ ’ਤੇ ਵੀ ਪੈਣਾ ਸੀ। ਇਸ ਲਈ ਇੰਨੇ ਵੱਡੇ ਪ੍ਰਭਾਵ ਵਾਲੀ ਮੌਤ ਦੀ ਸਜ਼ਾ ਦਾ ਫੈਸਲਾ ਬਾਦਸ਼ਾਹ ਦੀ ਪਰਵਾਨਗੀ ਬਗੈਰ ਨਹੀਂ ਹੋ ਸਕਦਾ ਸੀ। ਇਸ ਲਈ ਇਹ ਮੰਨਿਆ ਜਾਣਾ ਗਲਤ ਨਹੀਂ ਹੈ ਕਿ ਗੁਰੂ ਤੇਗ਼ ਬਹਾਦਰ ਨੂੰ ਮੌਤ ਦੀ ਸਜ਼ਾ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਦਿੱਤੀ ਗਈ ਸੀ। ਨਤੀਜੇ ਦੇ ਰੂਪ ਵਿੱਚ ਗੁਰੂ ਤੇਗ਼ ਬਹਾਦਰ ਅਤੇ ਉਨ੍ਹਾਂ ਦੇ ਤਿੰਨ ਸਾਥੀਆਂ, ਭਾਈ ਮਤੀ ਦਾਸ, ਭਾਈ ਸਤੀ ਦਾਸ, ਅਤੇ ਭਾਈ ਦਿਆਲਾ ਨੂੰ ਵੱਖ-ਵੱਖ ਢੰਗਾਂ ਨਾਲ ਮੱਘਰ ਸੁਦੀ ਪੰਚਮੀ, ਸੰਮਤ 1732 ਬਿਕਰਮੀ ਮੁਤਾਬਕ 11 ਨਵੰਬਰ, 1675 ਈਸਵੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦ ਕਰ ਦਿੱਤਾ ਗਿਆ ਸੀ। ਭਾਈ ਲੱਖੀ ਸ਼ਾਹ ਵਣਜਾਰੇ ਨੇ ਆਪਣੇ ਪੁੱਤਰਾਂ ਨਗਾਹੀਆ, ਹੇਮਾ, ਹਾੜੀ ਅਤੇ ਕਾਹਨੇ ਦੇ ਲੜਕੇ ਧੂਮਾ ਦੀ ਸਹਾਇਤਾ ਨਾਲ ਗੁਰੂ ਸਾਹਿਬ ਦੇ ਪਾਵਨ ਸਰੀਰ ਨੂੰ ਚੁੱਕ ਕੇ ਅਤੇ ਆਪਣੇ ਘਰ ਲਿਜਾ ਕੇ ਗੁਰਦੁਆਰਾ ਰਕਾਬ ਗੰਜ (ਵਰਤਮਾਨ) ਵਾਲੀ ਥਾਂ ਤੇ ਆਪਣੇ ਹੀ ਘਰ ਨੂੰ ਅੱਗ ਲਗਾ ਕੇ ਸਸਕਾਰ ਕਰ ਦਿੱਤਾ ਸੀ। ਗੁਰੂ ਸਾਹਿਬ ਦੇ ਪਾਵਨ ਸੀਸ ਨੂੰ ਭਾਈ ਜੈਤਾ ਆਪਣੇ ਸਾਥੀਆਂ ਨਾਲ ਰਲ ਕੇ, ਚੱਕ ਨਾਨਕੀ (ਆਨੰਦਪੁਰ ਸਾਹਿਬ) ਵਿਖੇ ਲੈ ਗਿਆ ਸੀ। ਇਸ ਲਈ ਗੁਰੂ ਸਾਹਿਬ ਦੇ ਸੀਸ ਦਾ ਸਸਕਾਰ ਚੱਕ ਨਾਨਕੀ ਵਿਖੇ ਕੀਤਾ ਗਿਆ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਪ੍ਰਭਾਵ ਬਹੁਤ ਗੰਭੀਰ ਕਿਸਮ ਦਾ ਸੀ। ਉਨ੍ਹਾਂ ਦੀ ਸ਼ਹਾਦਤ ਦੇ ਤੁਰੰਤ ਬਾਅਦ ਸਿੱਖ ਅਤੇ ਹਿੰਦੂ ਸਮਾਜ ਵੱਲੋਂ ਕੋਈ ਹਿੰਸਕ ਘਟਨਾਵਾਂ ਵਾਲਾ ਪ੍ਰਤੀਰੋਧ ਨਹੀਂ ਹੋਇਆ ਪਰ ਇਸ ਨੇ ਖ਼ਾਲਸਾ ਪੰਥ ਦੀ ਸਾਜਨਾ ਨੂੰ ਜਰੂਰੀ ਕਰ ਦਿੱਤਾ। ਖ਼ਾਲਸੇ ਦੀ ਸਾਜਨਾ ਭਾਰਤੀ ਇਤਿਹਾਸ ਵਿੱਚ ਬਹੁਤ ਮਹੱਤਵਪੂਰਨ ਘਟਨਾ ਹੋ ਨਿਬੜੀ ਹੈ। ਇਸ ਨੇ ਸਿੱਖ ਸਮਾਜ ਦੀ ਸੋਚ ਨੂੰ ਇੱਕ ਨਵਾਂ ਮੋੜ ਦਿੱਤਾ ਸੀ। ਕਿਉਂਕਿ ਖ਼ਾਲਸਾ ਦੀ ਸਾਜਨਾ ਨਾਲ ਬਾਕਾਇਦਾ ਰੂਪ ਵਿੱਚ, ਪੰਜਾਬ ਦੀ ਧਰਤੀ ’ਤੇ ਇੱਕ ਹਥਿਆਰਬੰਦ ਸੰਘਰਸ਼ ਦੀ ਸ਼ੁਰੂਆਤ ਹੋ ਗਈ ਸੀ। ਦੂਜਾ ਪ੍ਰਭਾਵ ਉੱਤਰੀ ਭਾਰਤ ਦੇ ਹਿੰਦੂਆਂ ਦੇ ਮਨਾਂ ਉੱਪਰ, ਵਿਸ਼ੇਸ਼ ਕਰਕੇ ਕਸ਼ਮੀਰ ਦੇ ਹਿੰਦੂਆਂ ਦੇ ਮਨਾਂ ਉੱਪਰ ਬਹੁਤ ਗੰਭੀਰਤਾ ਭਰਿਆ ਸੀ। ਕਸ਼ਮੀਰ ਦਾ ਸਮੁੱਚਾ ਹਿੰਦੂ ਸਮਾਜ ਗੁਰੂ ਤੇਗ਼ ਬਹਾਦਰ ਪ੍ਰਤੀ ਸਿੱਖੀ-ਸ਼ਰਧਾ ਦਾ ਪ੍ਰਤੀਕ ਬਣ ਗਿਆ ਸੀ।

# ਅਧਿਆਇ-ਛੇਵਾਂ

# ਗੁਰੂ ਗੋਬਿੰਦ ਸਿੰਘ ਦਾ ਮਾਲਵਾ ਵਿੱਚ ਠਹਿਰਾਅ ਅਤੇ ਜ਼ਫ਼ਰਨਾਮਾ ਲਿਖਣਾ

ਗੁਰੂ ਤੇਗ਼ ਬਹਾਦਰ, ਨੌਵੇਂ ਪਾਤਿਸ਼ਾਹ ਦੇ ਉੱਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਸਨ। ਗੁਰੂ ਤੇਗ਼ ਬਹਾਦਰ ਨੇ ਮਾਲਵਾ ਅਤੇ ਬਾਂਗਰ ਦੇ ਖੇਤਰਾਂ ਵਿੱਚ ਬਹੁਤ ਸਮਾਂ ਧਰਮ-ਪਰਚਾਰ ਕੀਤਾ ਸੀ। ਉਸ ਤਰ੍ਹਾਂ ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਨੇ ਆਪਣਾ ਬਹੁਤ ਸਮਾਂ ਮਾਲਵਾ ਵਿੱਚ ਬਿਤਾਇਆ ਸੀ। ਗੁਰੂ ਤੇਗ਼ ਬਹਾਦਰ ਮਾਲਵਾ ਵਿੱਚ ਸਿਰਫ ਧਰਮ ਪਰਚਾਰ ਕਰਨ ਆਏ ਸਨ ਅਤੇ ਉਨ੍ਹਾਂ ਨੇ ਪਿੰਡ-ਪਿੰਡ ਵਿੱਚ ਵਿਚਰ ਕੇ ਧਰਮ ਪਰਚਾਰ ਅਤੇ ਲੋਕ-ਭਲਾਈ ਕੰਮ ਕੀਤੇ ਅਤੇ ਕਰਵਾਏ ਸਨ। ਗੁਰੂ ਗੋਬਿੰਦ ਸਿੰਘ ਦਾ ਸਮਾਂ, ਮਾਲਵਾ ਵਿੱਚ ਆਉਣ ਦਾ ਅਤੇ ਠਹਿਰਣ ਦਾ ਸ਼ਾਂਤਮਈ ਨਹੀਂ ਸੀ ਅਤੇ ਉਨ੍ਹਾਂ ਨੇ ਮਾਲਵਾ ਵਿੱਚ ਵਿਚਰਦਿਆਂ ਅਤੇ ਠਹਿਰਦਿਆਂ ਜੰਗੀ ਨੁਕਤਾ-ਨਿਗ੍ਹਾ ਤੋਂ ਕੰਮ ਕੀਤਾ ਸੀ। ਗੁਰੂ ਗੋਬਿੰਦ ਸਿੰਘ ਉਸ ਸਮੇਂ ਮਾਲਵਾ ਵਿੱਚ ਆਏ ਸਨ ਜਦੋਂ ਮੁਗ਼ਲ ਹਕੂਮਤ ਦੀਆਂ ਸੈਨਾਵਾਂ (ਮੁਗ਼ਲ ਅਤੇ ਪਹਾੜੀ) ਨੇ ਉਨ੍ਹਾਂ ਕੋਲੋਂ ਆਨੰਦਪੁਰ ਸਾਹਿਬ ਨੂੰ ਖਾਲੀ ਕਰਵਾਇਆ ਸੀ। ਆਨੰਦਪੁਰ ਸਾਹਿਬ ਨੂੰ ਖਾਲੀ ਕਰਨ ਦਾ ਸਮਾਂ ਲੜਾਈ ਵਾਲਾ ਸੀ। ਇਉਂ ਦੋਹਾਂ ਧਿਰਾਂ ਵਿਚਕਾਰ, ਆਨੰਦਪੁਰ ਸਾਹਿਬ ਤੋਂ ਲੈ ਕੇ ਪਹਿਲਾਂ ਚਮਕੌਰ ਸਾਹਿਬ ਤੱਕ ਅਤੇ ਫਿਰ ਚਮਕੌਰ ਸਾਹਿਬ ਤੋਂ ਲੈ ਕੇ ਖਿਦਰਾਣੇ ਦੀ ਢਾਬ (ਮੁਕਤਸਰ) ਤੱਕ ਲੜਾਈ ਹੁੰਦੀ ਰਹੀ। ਮੁਕਤਸਰ (ਖਿਦਰਾਣੇ) ਦੀ ਲੜਾਈ ਤੋਂ ਪਿੱਛੋਂ ਦਾ ਸਮਾਂ ਬਹੁਤ ਸ਼ਾਂਤਮਈ ਨਹੀਂ ਸੀ। ਇਸ ਸਮੇਂ, ਜਿਹੜਾ ਤਕਰੀਬਨ ਨੌ ਮਹੀਨਿਆਂ ਦਾ ਸਮਾਂ ਬਣਦਾ ਹੈ, ਗੁਰੂ ਸਾਹਿਬ ਨੇ ਮਾਲਵਾ ਦੇ ਪਿੰਡਾਂ ਵਿੱਚ ਵਿਚਰ ਕੇ ਧਰਮ ਪਰਚਾਰ ਕੀਤਾ ਸੀ। ਇਹ ਸਮਾਂ ਸ਼ਾਂਤੀ ਵਾਲਾ ਨਹੀਂ ਸੀ ਕਿਉਂਕਿ ਉਨ੍ਹਾਂ ਨੂੰ ਤਲਵੰਡੀ ਸਾਬੋ ਤੋਂ ਛੇਤੀ ਦੱਖਣੀ ਭਾਰਤ ਵੱਲ ਨੂੰ ਜਾਣਾ ਪਿਆ ਸੀ। ਜਿਉਂ ਹੀ ਗੁਰੂ ਸਾਹਿਬ ਮਾਲਵਾ ਤੋਂ ਰਾਜਸਥਾਨ ਵਿੱਚੋਂ ਦੀ ਦੱਖਣੀ ਭਾਰਤ ਵੱਲ ਨੂੰ ਰਵਾਨਾ ਹੋਏ ਤਾਂ ਉਹ ਮੁੜ ਕੇ ਵਾਪਿਸ ਪੰਜਾਬ ਵਿੱਚ ਨਹੀਂ ਆ ਸਕੇ ਸਨ। ਇਹ ਸਮੁੱਚਾ ਸਮਾਂ 1705 ਈਸਵੀ ਤੋਂ ਲੈ ਕੇ ਉਨ੍ਹਾਂ ਦੇ ਅੰਤਿਮ ਸਮੇਂ 1708 ਈਸਵੀ ਤੱਕ ਦਾ ਬਣਦਾ ਹੈ। ਇਸ ਸਮੇਂ ਵਿੱਚੋਂ ਗੁਰੂ ਸਾਹਿਬ 1705 ਈਸਵੀ ਦੇ ਅਖੀਰ ਤੋਂ ਲੈ ਕੇ 1706 ਈਸਵੀ ਦੇ ਅਖੀਰ ਤੱਕ ਅੰਦਾਜ਼ਨ 9-10 ਮਹੀਨੇ ਮਾਲਵਾ ਵਿੱਚ ਰਹੇ ਅਤੇ ਵਿਚਰੇ ਸਨ। ਇਸ ਪਾਠ ਵਿੱਚ ਇਸੇ ਸਮੇਂ ਦੀਆਂ ਸਮੁੱਚੀਆਂ ਗਤੀਵਿਧੀਆਂ ਅਤੇ

ਕਾਰਵਾਈਆਂ ਬਾਰੇ ਇਤਿਹਾਸਕ ਅਧਿਐਨ ਕੀਤਾ ਜਾਣਾ ਹੈ। ਸੰਖੇਪ ਵਿੱਚ ਗੁਰੂ ਗੋਬਿੰਦ ਸਿੰਘ ਦੇ ਉਸ ਮੁੱਢਲੇ ਸਮੇਂ ਨੂੰ ਬਿਆਨਿਆ ਜਾਂਦਾ ਹੈ ਜਿਹੜਾ ਕਿ ਉਨ੍ਹਾਂ ਦੇ ਜਨਮ ਤੋਂ ਲੈ ਕੇ ਆਨੰਦਪੁਰ ਸਾਹਿਬ ਦੀਆਂ ਲੜਾਈਆਂ ਤੱਕ ਦਾ ਹੈ।

ਗੁਰੂ ਸਾਹਿਬ ਦੀ ਜਨਮ-ਮਿਤੀ ਨਾਲ ਸਬੰਧਿਤ ਦੋ ਵਿਚਾਰ ਮੰਨੇ ਜਾ ਰਹੇ ਹਨ। ਇਕ ਪੋਹ ਸੁਦੀ ਸੱਤਵੀ, ਸੰਮਤ 1722 ਬਿਕਰਮੀ ਮੁਤਾਬਕ 1666 ਈਸਵੀ ਦਾ ਪੋਹ ਮਹੀਨਾ। ਹਰੀ ਰਾਮ ਗੁਪਤਾ[1], ਜੇ.ਐਸ.ਗਰੇਵਾਲ-ਐਸ.ਐਸ.ਬੱਲ[2] ਨੇ ਉਕਤ ਮਿਤੀ ਨੂੰ 22 ਦਸੰਬਰ, 1666 ਈਸਵੀ ਦਰਸਾਇਆ ਹੈ ਅਤੇ ਤੇਜਾ ਸਿੰਘ ਗੰਡਾ ਸਿੰਘ[3] ਨੇ 26 ਦਸੰਬਰ, 1666 ਈਸਵੀ ਦਰਸਾਇਆ ਹੈ। ਦੂਜੇ ਮੱਤ ਅਨੁਸਾਰ ਗੁਰੂ ਸਾਹਿਬ ਦੀ ਜਨਮ-ਮਿਤੀ ਪੋਹ ਸੁਦੀ ਸੱਤਵੀਂ, ਸੰਮਤ 1718 ਬਿਕਰਮੀ ਦੀ ਮੰਨੀ ਜਾਂਦੀ ਹੈ। ਇਸ ਮੱਤ ਨੂੰ ਦਰਸਾਉਣ ਵਾਲੇ ਸਰੋਤ ਭੱਟ ਵਹੀਆਂ, ਗੁਰੂ ਕੀਆਂ ਸਾਖੀਆਂ[4] ਅਤੇ ਕੇਸਰ ਸਿੰਘ ਛਿੱਬਰ[5] ਹਨ। ਕਨਿੰਘਮ[6], ਪੇਨ[7] ਅਤੇ ਮੁਹੰਮਦ ਲਤੀਫ਼[8] ਨੇ ਇਸ ਮੱਤ ਨੂੰ ਅਪਣਾਇਆ ਹੈ।

ਇਨ੍ਹਾਂ ਦੋਹਾਂ ਮੱਤਾਂ ਵਿੱਚ ਇਕ ਸਾਲ ਦਾ ਫ਼ਰਕ ਹੈ ਪਰ ਮਹੀਨੇ ਦੀ ਤਿੱਥ ਇੱਕ ਪੋਹ ਸੁਦੀ ਸੱਤਵੀ ਹੈ। ਇਸ ਲਈ ਇਸ ਵਖਰੇਵੇਂ ਦੀ ਕੋਈ ਬਹੁਤੀ ਚਰਚਾ ਨਹੀਂ ਕੀਤੀ ਗਈ। ਅੱਜ ਸਮੁੱਚੇ ਸਿੱਖ ਜਗਤ ਵੱਲੋਂ ਗੁਰੂ ਸਾਹਿਬ ਦਾ ਜਨਮ-ਦਿਵਸ ਪੋਹ ਸੁਦੀ ਸੱਤਵੀਂ ਨੂੰ ਹੀ ਮਨਾਇਆ ਜਾ ਰਿਹਾ ਹੈ।[9]

---

1 Hari Ram Gupta, *History of the Sikhs*, Vol. I, *The Sikh Gurus, (1469-1708)*, New Delhi, 1994, p. 225.

2 J.S. Grewal, S.S. Bal, *Guru Gobind Singh: A Biographical Study*, Punjab University, Chandigarh, 1987, p. 30.

3 Teja Singh, Ganda Singh, *A Short History of the Sikhs*, Punjabi University, Patiala, 1999, p. 54.

4 *ਭੱਟ ਵਹੀਆਂ* ਅਤੇ ਸਰੂਪ ਸਿੰਘ ਕੋਸ਼ਿਸ਼, *ਗੁਰੂ ਕੀਆਂ ਸਾਖੀਆਂ* , ਪਿਆਰਾ ਸਿੰਘ ਪਦਮ (ਸੰਪਾ.), ਪਟਿਆਲਾ, 1986, ਪੰਨਾ-13.

5 ਕੇਸਰ ਸਿੰਘ ਛਿੱਬਰ, 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ', ਰਤਨ ਸਿੰਘ ਜੱਗੀ (ਸੰਪਾ.), ਮੈਗਜ਼ੀਨ ਪਰਖ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972, ਚਰਣ 10ਵਾਂ, ਬੰਦ 1 ਅਤੇ 2.

6 Cunningham, *History of the Sikhs*, New Delhi, 1985, p. 59.

7 C.H. Pane, *History of the Sikhs*, Languages Department, Patiala, 1970, (reprint), p. 22.

8 S.M. Latif, *History of the Panjab*, New Delhi, 1964, p. 261.

9 ਨਵੇਂ ਨਾਨਕ ਸ਼ਾਹੀ ਕੈਲੰਡਰ ਅਨੁਸਾਰ ਸਾਰੇ ਮੱਤਾਂ ਦੀ ਇੱਕੋ ਪ੍ਰਮਾਣਿਤ ਮਿਤੀ ਈਸਵੀ ਸਾਲ ਦੇ ਅਨੁਸਾਰ 5 ਜਨਵਰੀ ਨੀਅਤ ਕੀਤੀ ਗਈ ਸੀ ਪਰ ਇਸ ਮਿਤੀ ਨੂੰ ਸਮੁੱਚੇ ਸਿੱਖ ਜਗਤ ਨੇ ਅਪਣਾਇਆ ਨਹੀਂ ਹੈ।

ਬਾਲ ਗੋਬਿੰਦ ਦਾ ਜਨਮ ਪਟਨਾ ਸਾਹਿਬ (ਬਿਹਾਰ) ਵਿਖੇ, ਮਾਤਾ ਗੁਜਰੀ ਦੀ ਕੁੱਖੋਂ ਹੋਇਆ ਸੀ। ਉਸ ਸਮੇਂ ਗੁਰੂ ਤੇਗ਼ ਬਹਾਦਰ ਪੂਰਬੀ ਭਾਰਤ ਦੇ ਦੌਰਿਆਂ 'ਤੇ ਗਏ ਹੋਏ ਸਨ। ਇਸ ਤਰ੍ਹਾਂ ਬਾਲ ਗੋਬਿੰਦ ਨੇ ਆਪਣੇ ਬਚਪਨ ਦੇ ਪਹਿਲੇ ਪੰਜ ਜਾਂ ਸਾਢੇ ਪੰਜ ਸਾਲ ਪਟਨਾ ਸਾਹਿਬ ਵਿਖੇ ਗੁਜ਼ਾਰੇ ਸਨ। ਗੁਰੂ ਤੇਗ਼ ਬਹਾਦਰ ਪੂਰਬੀ ਭਾਰਤੀ ਦੌਰਿਆਂ ਤੋਂ ਵਾਪਿਸ ਪੰਜਾਬ ਵਿੱਚ ਆਏ ਤਾਂ ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਪਟਨਾ ਤੋਂ ਪੰਜਾਬ ਬੁਲਾ ਲਿਆ ਸੀ। ਪਰਿਵਾਰ ਦੇ ਪਟਨਾ ਤੋਂ ਰਵਾਨਾ ਹੋਣ ਦੀ ਮਿਤੀ ਮਾਰਚ 1671 ਈਸਵੀ ਅਤੇ ਪੰਜਾਬ ਪਹੁੰਚਣ ਦੀ ਮਿਤੀ ਦਸੰਬਰ 1671 ਈਸਵੀ ਮੰਨੀ ਗਈ ਹੈ।[10] ਗੁਰੂ ਤੇਗ਼ ਬਹਾਦਰ ਸਮੇਤ ਪਰਿਵਾਰ ਚੱਕ ਨਾਨਕੀ (ਆਨੰਦਪੁਰ ਸਾਹਿਬ) ਦੇ ਨਵੇਂ ਵਸਾਏ ਗਏ ਨਗਰ ਵਿੱਚ ਰਹਿ ਰਹੇ ਸਨ। ਦੇਸ਼ ਦੇ ਹਾਲਾਤ ਧਾਰਮਿਕ ਤੌਰ 'ਤੇ ਸਰਬ ਸਾਂਝੀਵਾਲਤਾ ਅਤੇ ਸ਼ਾਂਤੀ ਵਾਲੇ ਨਹੀਂ ਸਨ। ਕਸ਼ਮੀਰ ਵਿੱਚ ਮੁਗ਼ਲ ਹਾਕਮਾਂ ਦੇ ਹਿੰਦੂ ਆਬਾਦੀ ਉੱਪਰ ਕੀਤੇ ਜਾਂਦੇ ਅੱਤਿਆਚਾਰ ਸਾਰੇ ਉੱਤਰੀ ਭਾਰਤ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਸਨ। ਉੱਥੋਂ ਦੇ ਬ੍ਰਾਹਮਣਾਂ ਨੂੰ ਧੱਕੇ ਨਾਲ ਇਸਲਾਮ ਨੂੰ ਧਾਰਨ ਕਰ ਲੈਣ ਲਈ ਮਜ਼ਬੂਰ ਕੀਤਾ ਜਾਂਦਾ ਸੀ। ਅਜਿਹੀ ਕੋਈ ਵੀ ਹਿੰਦੂ ਰਿਆਸਤ ਨਹੀਂ ਸੀ ਜਿਹੜੀ ਕਸ਼ਮੀਰ ਦੇ ਬ੍ਰਾਹਮਣਾਂ ਦਾ ਮਸਲਾ ਬਾਦਸ਼ਾਹ ਔਰੰਗਜੇਬ ਦੇ ਧਿਆਨ ਵਿੱਚ ਲਿਆ ਕੇ ਉਸ ਦਾ ਨਿਬੇੜਾ ਕਰਵਾ ਸਕਣ ਦੇ ਸਮਰੱਥ ਹੁੰਦੀ। ਨਾ ਅਜਿਹਾ ਕੋਈ ਹਿੰਦੁਸਤਾਨੀ ਨੇਤਾ ਸੀ ਜਿਹੜਾ ਇਸ ਮਸਲੇ ਨੂੰ ਨਿਬੜਾਉਣ ਦੀ ਕੋਸ਼ਿਸ਼ ਕਰ ਸਕਦਾ ਸੀ। ਇਸ ਲਈ ਸਭ ਪਾਸਿਆਂ ਤੋਂ ਨਿਰਾਸ਼ ਹੋ ਕੇ ਕਸ਼ਮੀਰੀ ਬ੍ਰਾਹਮਣ ਇਕੱਠੇ ਹੋ ਕੇ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ, ਚੱਕ ਨਾਨਕੀ ਵਿਖੇ ਪਹੁੰਚੇ। ਗੁਰੂ ਕੀਆਂ ਸਾਖੀਆਂ ਵਿੱਚ ਲਿਖਿਆ ਹੈ: "ਸੰਮਤ ਸਤਰਾਂ ਸੈ ਬਤੀਸ (1732) ਜੇਠ ਮਾਸੇ ਸੁਦੀ ਇਕਾਦਸੀ ਕੇ ਦਿਹੁੰ ਸੰਗਤਾਂ ਹੁੰਮ-ਹੁੰਮਾਇ ਕੇ ਦਰਸ਼ਨ ਪਾਨੇ ਆਈਆਂ। ਇਸੀ ਦਿਵਸ ਭਾਈ ਅੜੂ ਰਾਮ ਦੱਤ, ਮਟਨ ਨਿਵਾਸੀ ਕਾ ਬੇਟਾ, ਕਿਰਪਾ ਰਾਮ ਖੋੜਸ ਬ੍ਰਾਹਮਣੋ ਕੋ ਸਾਥ ਲੈ ਕੇ ਕਸ਼ਮੀਰ ਦੇਸ ਸੇ ਗੁਰੂ ਜੀ ਕੇ ਦਰਬਾਰ ਮੇਂ ਆਇ ਫਰਿਆਦੀ ਹੂਆ। ਇਸੇ ਹਾਥ ਬਾਂਧ ਬੇਨਤੀ ਕੀ, ਜੀ ਗਰੀਬ-ਨਿਵਾਜ, ਕਸ਼ਮੀਰ ਦੇਸ ਦਾ ਹਾਕਮ ਹਮੇਂ ਜਬਰੀ ਮੁਸਲਮਾਨ ਬਨਾਏ ਰਹਾ ਹੈ, ਸਹਾਈ ਹੋਨਾ। ਜੀ ਸੱਚੇ ਪਾਤਿਸ਼ਾਹ ਅਸੀਂ ਦੁਖੀਏ ਆਪ ਕੇ ਦਰਬਾਰ ਮੇਂ ਆਏ ਹਾਂ, ਹੋਰ ਅਸਾਡੀ ਫਰਿਆਦ ਸੁਣਨੇ ਵਾਲਾ ਕੋਈ ਨਹੀਂ। ਗੁਰੂ ਜੀ ਨੇ ਇਨੈ ਧੀਰਜ ਦਈ ਅਰ ਕਹਾ, ਤੁਸਾਂ ਕੀ ਸਹਾਇਤਾ ਬਾਬਾ ਨਾਨਕ ਜੀ ਕਰਨਗੇ। ਇਤਨਾ

---

10 ਫ਼ੌਜਾ ਸਿੰਘ, *ਐਟਲਸ: ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-14.

ਕਹਿ ਕਰ ਆਕਾਸ਼ ਕੀ ਤਰਫ ਦੇਖਾ। ਏਕ ਘੜੀ ਬਾਦ ਸੰਗਤ ਕੀ ਤਰਫ਼ ਦੇਖ ਬਚਨ ਹੋਆ, ਸੀਸ ਦੀਏ ਬਿਨਾ ਏਹ ਕਾਰਜ ਸਫ਼ਲ ਨਹੀਂ ਹੋਗਾ। ਆਗੇ ਸੀਸ ਗੁਰੂ ਅਰਜਨ ਜੀ ਦੀਆ ਥਾ, ਅਬ ਹਮੇਂ ਦੇਨਾ ਪੜੇਗਾ। ਇਤਨਾ ਕਹਿ ਗੁਰੂ ਜੀ ਸਮਾਧੀ ਮੇ ਇਸਥਿਤ ਹੋਇ ਗਏ।"[11]

ਕਸ਼ਮੀਰੀ ਬ੍ਰਾਹਮਣਾਂ ਦਾ ਇਹ ਮਸਲਾ ਇੰਨਾ ਪੇਚੀਦਾ ਹੋ ਗਿਆ ਕਿ ਗੁਰੂ ਤੇਗ਼ ਬਹਾਦਰ ਨੂੰ ਮੁਗ਼ਲ ਹਕੂਮਤ ਨੇ ਗ੍ਰਿਫਤਾਰ ਕਰ ਲਿਆ ਸੀ। ਉਨ੍ਹਾਂ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ, ਮੱਘਰ ਸੁਦੀ ਪੰਚਮੀ, ਸੰਮਤ 1732 ਬਿਕਰਮੀ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ।[12] ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਨਾਲ ਸਾਰੇ ਉੱਤਰੀ ਭਾਰਤ ਵਿੱਚ, ਖਾਸ ਕਰਕੇ ਪੰਜਾਬ ਵਿੱਚ ਹਾਲਾਤ ਬੇਚੈਨੀ ਵਾਲੇ ਬਣ ਗਏ ਸਨ। ਗੁਰੂ ਗੋਬਿੰਦ ਸਿੰਘ ਇਸ ਸਮੇਂ ਬਾਲ-ਅਵਸਥਾ ਵਿੱਚ ਸਨ। ਕੁਦਰਤੀ ਗੱਲ ਹੈ ਸਮੁੱਚਾ ਸਿੱਖ ਜਗਤ ਅਸ਼ਾਂਤ ਸੀ ਅਤੇ ਚੱਕ ਨਾਨਕੀ ਦੇ ਹਾਲਾਤ ਸਾਧਾਰਨ ਨਹੀਂ ਸਨ। ਇਸ ਕਰਕੇ ਆਖਰਕਾਰ ਗੁਰੂ ਗੋਬਿੰਦ ਸਿੰਘ ਨੂੰ ਕੁਝ ਸਮੇਂ ਲਈ ਚੱਕ ਨਾਨਕੀ ਵਾਲੀ ਰਿਹਾਇਸ਼ ਨੂੰ ਬਦਲ ਕੇ ਪਾਉਂਟਾ ਸਾਹਿਬ ਵਿਖੇ ਜਾ ਕੇ ਰਿਹਾਇਸ਼ ਕਰਨੀ ਪਈ ਸੀ।

ਪਾਉਂਟਾ ਸਾਹਿਬ ਨਾਹਨ ਪਹਾੜੀ ਰਿਆਸਤ ਵਿਚ ਜਮੁਨਾ ਨਦੀ ਦੇ ਕੰਢੇ ਉਪਰ ਵਸਾਇਆ ਹੋਇਆ ਨਗਰ ਸੀ। ਜਮੁਨਾ ਨਦੀ ਨਾਹਨ ਅਤੇ ਗੜ੍ਹਵਾਲ ਰਿਆਸਤ ਦੀ ਸਾਂਝੀ ਹੱਦ ਸੀ। ਇਹ ਅਸਥਾਨ ਚੱਕ ਨਾਨਕੀ ਤੋਂ ਕਾਫੀ ਦੂਰ (ਤਕਰੀਬਨ ਦੋ ਸੌ ਕਿਲੋਮੀਟਰ) ਸੀ। ਇਸ ਕਰਕੇ ਚੱਕ ਨਾਨਕੀ ਨਾਲੋਂ ਪਾਉਂਟਾ ਸਾਹਿਬ ਜਿਆਦਾ ਸ਼ਾਂਤੀ ਵਾਲਾ ਅਸਥਾਨ ਸੀ। ਪਰ ਇੱਥੋਂ ਦੇ ਹਾਲਾਤ ਕੁਝ ਕਾਰਣਾਂ ਕਰਕੇ ਗੁਰੂ ਗੋਬਿੰਦ ਸਿੰਘ ਲਈ ਸ਼ਾਂਤੀ ਵਾਲੇ ਨਾ ਬਣੇ ਰਹਿ ਸਕੇ। ਪਾਉਂਟਾ ਸਾਹਿਬ ਦੇ ਨੇੜੇ, ਵਰਤਮਾਨ ਦੇਹਰਾਦੂਨ ਸ਼ਹਿਰ ਦੀ ਥਾਂ 'ਤੇ, ਬਾਬਾ ਰਾਮ ਰਾਇ ਦਾ ਡੇਰਾ ਸੀ। ਬਾਬਾ ਰਾਮ ਰਾਇ ਗੁਰੂ ਪਰਿਵਾਰ ਵਿੱਚੋਂ ਸਨ ਪਰ ਉਨ੍ਹਾਂ ਨੂੰ ਗੁਰੂ ਹਰਿ ਰਾਇ ਸਾਹਿਬ ਨੇ ਗੁਰਗੱਦੀ ਦਾ ਵਾਰਸ ਬਣਨ ਦੇ ਯੋਗ ਨਹੀਂ ਸਮਝਿਆ ਸੀ। ਇਸ ਲਈ ਬਾਬਾ ਰਾਮ ਰਾਇ, ਬਾਦਸ਼ਾਹ ਔਰੰਗਜੇਬ ਦੀ ਮਦਦ ਨਾਲ ਦੇਹਰਾਦੂਨ ਵਿਖੇ ਗੁਰੂ ਘਰ ਤੋਂ ਅਲੱਗ ਹੋ ਕੇ ਬੈਠ ਗਿਆ ਸੀ।

---

11 ਪਿਆਰਾ ਸਿੰਘ ਪਦਮ (ਸੰਪਾ.), *ਗੁਰੂ ਕੀਆਂ ਸਾਖੀਆਂ*, ਪੰਨੇ 71-72.

12 ਫ਼ੌਜਾ ਸਿੰਘ, ਤਾਰਨ ਸਿੰਘ, *ਗੁਰੂ ਤੇਗ਼ ਬਹਾਦਰ: ਜੀਵਨ ਅਤੇ ਅਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨਾ-89.

ਗੁਰੂ ਗੋਬਿੰਦ ਸਿੰਘ ਦੇ ਪਾਉਂਟਾ ਸਾਹਿਬ ਵਿਖੇ ਆ ਕੇ ਠਹਿਰਣ ਕਾਰਨ, ਬਾਬਾ ਰਾਮ ਰਾਇ ਉਨ੍ਹਾਂ ਦੀ ਸ਼ਰਨ ਵਿੱਚ ਆ ਗਿਆ ਸੀ। ਜਿਸ ਕਰਕੇ ਬਾਬਾ ਰਾਮ ਰਾਇ ਦਾ ਡੇਰਾ, ਉਸ ਦੀ ਸਮੁੱਚੀ ਜਾਗੀਰ ਸਮੇਤ, ਗੁਰੂ ਘਰ ਨਾਲ ਜੁੜ ਗਿਆ ਸੀ। ਇਸ ਕਾਰਨ ਗੜ੍ਹਵਾਲ ਦੇ ਰਾਜਾ ਦੇ ਗੁਰੂ ਗੋਬਿੰਦ ਸਿੰਘ ਨਾਲ ਸਬੰਧ ਖ਼ਰਾਬ ਹੋ ਗਏ ਸਨ। ਸਿੱਟੇ ਵਜੋਂ 2 ਅਕਤੂਬਰ, ਸੰਨ 1688 ਈਸਵੀ ਵਿੱਚ ਗੜ੍ਹਵਾਲ ਦੇ ਰਾਜਾ ਅਤੇ ਗੁਰੂ ਗੋਬਿੰਦ ਸਿੰਘ ਵਿਚਕਾਰ ਭੰਗਾਣੀ ਦੇ ਸਥਾਨ 'ਤੇ ਲੜਾਈ ਹੋਈ। ਇਸ ਲੜਾਈ ਕਰਕੇ ਗੁਰੂ ਸਾਹਿਬ, ਪਾਉਂਟਾ ਸਾਹਿਬ ਵਿਖੇ ਹੋਰ ਸਮਾਂ ਨਹੀਂ ਰਹੇ ਸਨ ਅਤੇ ਜਲਦੀ ਹੀ ਪਾਉਂਟਾ ਸਾਹਿਬ ਨੂੰ ਛੱਡ ਕੇ ਫਿਰ ਤੋਂ ਵਾਪਿਸ ਆਨੰਦਪੁਰ ਸਾਹਿਬ ਵਿਖੇ ਆ ਗਏ ਸਨ।

ਵਾਪਿਸ ਆਨੰਦਪੁਰ ਸਾਹਿਬ ਆ ਕੇ ਹਾਲਾਤ ਸ਼ਾਂਤੀ ਵਾਲੇ ਨਹੀਂ ਸਨ, ਇੱਥੇ ਆਉਣ ਤੋਂ ਬਾਅਦ ਗੁਰੂ ਸਾਹਿਬ ਨੂੰ ਕਈ ਲੜਾਈਆਂ ਦਾ ਸਾਹਮਣਾ ਕਰਨਾ ਪਿਆ ਸੀ। ਨਾਦੌਣ ਦੀ ਲੜਾਈ 20 ਮਾਰਚ, 1690 ਈਸਵੀ ਨੂੰ ਹੋਈ ਸੀ। ਇਸ ਤੋਂ ਕੁਝ ਸਮਾਂ ਪਿੱਛੋਂ ਦਿਲਾਵਰ ਖ਼ਾਨ ਦੇ ਪੁੱਤਰ ਵੱਲੋਂ ਆਨੰਦਪੁਰ ਸਾਹਿਬ ਵਿਖੇ ਮੁਹਿੰਮ ਨੂੰ ਲੈ ਕੇ ਆਉਣ, ਫਿਰ ਹੁਸੈਨ ਖ਼ਾਂ ਦੇ ਹਮਲਾਵਰ ਹੋ ਕੇ ਆਉਣ ਦੀ ਜਾਣਕਾਰੀ ਮਿਲਦੀ ਹੈ। ਇਸ ਤੋਂ ਪਿੱਛੋਂ ਸ਼ਾਹਜਾਦਾ ਮੁਅੱਜ਼ਮ ਦੀ ਮੁਹਿੰਮ ਵੀ ਆਈ ਸੀ। ਇਹ ਜਾਣਕਾਰੀ 'ਬਚਿੱਤ੍ਰ ਨਾਟਕ' ਵਿੱਚ ਦਿੱਤੀ ਗਈ ਹੈ ਜਿਸ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਦੀ ਆਪਣੀ ਲਿਖਤ ਹੈ। ਇਨ੍ਹਾਂ ਲੜਾਈਆਂ ਦਾ ਬਿਰਤਾਂਤ ਸਾਡੇ ਇਤਿਹਾਸਕਾਰਾਂ[13] ਵੱਲੋਂ ਬੜੇ ਵਿਸਥਾਰ ਵਿੱਚ ਦਿੱਤਾ ਗਿਆ ਹੈ। ਇਨ੍ਹਾਂ ਲੜਾਈਆਂ ਵੱਲ ਦੇਖ ਕੇ ਲੱਗਦਾ ਹੈ ਜਦੋਂ ਗੁਰੂ ਗੋਬਿੰਦ ਸਿੰਘ ਪਾਉਂਟਾ ਸਾਹਿਬ ਤੋਂ ਵਾਪਿਸ ਆਨੰਦਪੁਰ ਸਾਹਿਬ ਵਿਖੇ ਆਏ ਸਨ ਉਸ ਸਮੇਂ ਤੋਂ ਗੁਰੂ ਗੋਬਿੰਦ ਸਿੰਘ ਉੱਪਰ ਹਮਲੇ ਹੋਣੇ ਸ਼ੁਰੂ ਹੋ ਗਏ ਸਨ। ਇਸ ਸਮੁੱਚੇ ਘਟਨਾਵਾਂ-ਭਰਭੂਰ ਸਮੇਂ ਨੂੰ ਸਾਹਮਣੇ ਰੱਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਲਈ, ਉਨ੍ਹਾਂ ਦੀ ਗੁਰਿਆਈ ਦੇ ਸਮੇਂ ਤੋਂ ਲੈ ਕੇ ਹਾਲਾਤ ਠੀਕ ਨਹੀਂ ਰਹੇ ਸਨ। ਪਹਿਲੀ ਗੱਲ ਤਾਂ ਉਨ੍ਹਾਂ ਦੇ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਹੀ ਇੰਨੀ ਵੱਡੀ ਘਟਨਾ ਸੀ ਜਿਸ ਨੇ ਸਮੁੱਚੇ ਸਿੱਖ ਜਗਤ ਦੀ

---

13 Teja Singh, Ganda Singh, *op.cit.*, pp. 63-65; Khushwant Singh, *History of the Sikhs*, Vol. I, Oxford, 2011, pp. 76-77; J.S. Grewal, *The Sikhs of the Punjab*, Cambridge University, 2011, pp. 73-76.

ਸਾਂਤ-ਸੋਚ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਸੀ। ਆਨੰਦਪੁਰ ਸਾਹਿਬ ਤੋਂ ਪਾਉਂਟਾ ਸਾਹਿਬ ਦੀ ਥਾਂ ਦੀ ਬਦਲੀ ਇਸ ਗੱਲ ਨੂੰ ਦਰਸਾਉਂਦੀ ਹੈ ਕਿ ਆਨੰਦਪੁਰ ਸਾਹਿਬ ਦੇ ਹਾਲਾਤ ਠੀਕ ਨਹੀਂ ਸਨ। ਫਿਰ ਪਾਉਂਟਾ ਸਾਹਿਬ ਦੇ ਹਾਲਾਤਾਂ ਨੂੰ ਭੰਗਾਣੀ ਦੀ ਲੜਾਈ ਨੇ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਦਿੱਤਾ ਸੀ। ਵਾਪਿਸ ਆਨੰਦਪੁਰ ਆ ਕੇ ਸ਼ਾਂਤੀ ਦਾ ਸਮਾਂ ਨਹੀਂ ਮਿਲਿਆ। ਗੁਰਿਆਈ ਧਾਰਨ ਕਰਨ ਦੇ ਸਮੇਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ, 1699 ਈਸਵੀ ਤੱਕ ਆਸਾਧਾਰਣ ਹਾਲਾਤਾਂ ਵਿੱਚ ਵਿਚਰਦੇ ਆ ਰਹੇ ਸਨ। ਅਜਿਹੇ ਆਸਾਧਾਰਣ ਹਾਲਾਤਾਂ ਦਾ ਸਾਹਮਣਾ ਕਰਨ ਲਈ ਉਨ੍ਹਾਂ ਨੂੰ ਆਪਣੀਆਂ ਗਤੀਵਿਧੀਆਂ ਨੂੰ ਨਵਾਂ ਰੂਪ ਦੇਣਾ ਪਿਆ ਸੀ। ਇਹ ਨਵਾਂ ਰੂਪ ਉਨ੍ਹਾਂ ਵੱਲੋਂ 1699 ਈਸਵੀ ਦੀ ਵਿਸਾਖੀ ’ਤੇ ਖ਼ਾਲਸਾ ਸਾਜੇ ਜਾਣ ਨਾਲ ਸਾਹਮਣੇ ਆਉਂਦਾ ਹੈ।

1699 ਈਸਵੀ ਦੀ ਵਿਸਾਖੀ ਦੇ ਦਿਵਸ ’ਤੇ ਗੁਰੂ ਗੋਬਿੰਦ ਸਿੰਘ ਵੱਲੋਂ ਆਨੰਦਪੁਰ ਸਾਹਿਬ ਵਿਖੇ ਇੱਕ ਬਹੁਤ ਵੱਡਾ ਇਕੱਠ, ਸਮੁੱਚੇ ਦੇਸ ਦੀਆਂ ਸਿੱਖ ਸੰਗਤਾਂ ਦਾ ਕੀਤਾ ਗਿਆ ਸੀ। ਉਨ੍ਹਾਂ ਸਮਿਆਂ ਵਿੱਚ ਸ਼ਾਇਦ ਹੀ ਕੋਈ ਹੋਰ ਇੰਨਾ ਵੱਡਾ ਇਕੱਠ ਦੇਸ ਦੀ ਜਨਤਾ ਦਾ ਕਿਤੇ ਹੋਇਆ ਹੋਵੇ। ਗੁਰੂ ਸਾਹਿਬ ਵੱਲੋਂ ਬੁਲਾਏ ਗਏ ਇਸ ਇਕੱਠ ਵਿੱਚ ਦੇਸ ਦੇ ਹਰ ਹਿੱਸੇ ਵਿੱਚੋਂ ਸਿੱਖ ਪਹੁੰਚੇ ਹੋਏ ਸਨ। ਜਿਹੜੇ ਪੰਜ ਪਿਆਰੇ-ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ, ਅਤੇ ਭਾਈ ਸਾਹਿਬ ਸਿੰਘ ਦੇ ਰੂਪ ਵਿੱਚ ਸਾਜੇ ਗਏ ਸਨ ਉਹ ਹਿੰਦੁਸਤਾਨ ਦੇ ਪੰਜ ਵੱਖ-ਵੱਖ ਹਿੱਸਿਆਂ ਤੋਂ ਸਨ। ਭਾਈ ਦਯਾ ਸਿੰਘ ਲਾਹੌਰ ਦੇ ਖੱਤਰੀ ਸਨ; ਭਾਈ ਧਰਮ ਸਿੰਘ ਹਸਤਨਾਪੁਰ (ਦਿੱਲੀ) ਦੇ ਇਲਾਕੇ ਦੇ ਜੱਟ ਸਨ; ਭਾਈ ਮੋਹਕਮ ਸਿੰਘ ਦੁਆਰਕਾ ਦੀ ਧੋਬੀ ਜਾਤੀ ਨਾਲ ਭਾਈ ਹਿੰਮਤ ਸਿੰਘ ਜਗਨਨਾਥਪੁਰੀ ਦੀ ਝੀਵਰ ਜਾਤ ਨਾਲ ਸਬੰਧਿਤ ਸਨ ਅਤੇ ਭਾਈ ਸਾਹਿਬ ਸਿੰਘ ਬਿਦਰ ਦੇ ਨਾਈ ਸਨ।[14] ਲਾਹੌਰ, ਹਸਤਨਾਪੁਰ (ਦਿੱਲੀ), ਦੁਆਰਕਾ ਜਗਨਨਾਥਪੁਰੀ ਅਤੇ ਬਿਦਰ ਹਿੰਦੁਸਤਾਨ ਦੇ ਵੱਖ-ਵੱਖ ਖੇਤਰ ਸਨ ਜਿੱਥੋਂ ਆਨੰਦਪੁਰ ਸਾਹਿਬ (ਪੰਜਾਬ) ਬਹੁਤ ਦੂਰ ਸੀ। ਉਨ੍ਹਾਂ ਸਮਿਆਂ ਵਿੱਚ ਜਦੋਂ ਆਨੰਦਪੁਰ ਸਾਹਿਬ ਕਿਸੇ ਮੁੱਖ ਮਾਰਗ ਨਾਲ ਜੁੜਿਆ ਹੋਇਆ ਅਸਥਾਨ ਨਹੀਂ ਸੀ। ਇਹ ਅਸਥਾਨ ਅਣਜਾਣੇ ਕੱਚੇ ਰਸਤਿਆਂ ਨਾਲ ਜੁੜਿਆ ਹੋਇਆ ਸੀ। ਸਵਾਰੀ ਜਾਂ ਆਵਾਜਾਈ ਦਾ ਕੋਈ ਪ੍ਰਬੰਧ ਨਹੀਂ ਸੀ। ਸਭ ਤੋਂ ਵੱਡੀ ਗੱਲ ਇਹ ਕਿ ਔਰੰਗਜ਼ੇਬ ਬਾਦਸ਼ਾਹ ਦੇ ਰਾਜ ਵਿੱਚ, ਖ਼ਾਲਸੇ ਨੂੰ ਸਾਜਣ ਵਰਗੀ ਕਾਰਵਾਈ ਕਰਨੀ ਜ਼ਿਆਦਾ ਖ਼ਤਰਨਾਕ ਸੀ। ਦੇਸ ਦੇ ਦੱਖਣ, ਪੂਰਬ,

---

14 Teja Singh, Ganda Singh, *op.cit.*, p. 67.

ਉੱਤਰ, ਪੱਛਮ ਖੇਤਰਾਂ ਤੱਕ ਸੁਨੇਹੇ ਪਹੁੰਚਾਉਣੇ ਅਤੇ ਉਨ੍ਹਾਂ ਖੇਤਰਾਂ ਵਿੱਚੋਂ ਆਦਮੀਆਂ ਅਤੇ ਪਰਿਵਾਰਾਂ ਦਾ ਇਕੱਠੇ ਹੋ ਕੇ ਆਉਣਾ ਅਤੇ ਮੁਲਕ ਭਰ ਵਿੱਚੋਂ ਸਿੱਖ ਸੰਗਤਾਂ ਦਾ ਵਿਸ਼ਾਲ ਇਕੱਠ ਕਰਨਾ ਆਪਣੇ-ਆਪ ਵਿੱਚ ਬੇਮਿਸਾਲ ਕੰਮ ਸੀ। ਗੁਰੂ ਗੋਬਿੰਦ ਸਿੰਘ ਨੇ ਇਹ ਕੰਮ ਕੀਤਾ ਅਤੇ ਨਗਾਰੇ ਦੀ ਚੋਟ ਨਾਲ ਕੀਤਾ ਸੀ। ਉਸ ਸਮੇਂ ਗੁਰੂ ਸਾਹਿਬ ਨੇ ਇਕ ਨਗਾਰਾ ਤਿਆਰ ਕਰਵਾਇਆ ਸੀ ਜਿਸ ਦਾ ਨਾਂ 'ਰਣਜੀਤ ਨਗਾਰਾ' ਰੱਖਿਆ ਗਿਆ ਸੀ। ਗੁਰੂ ਸਾਹਿਬ ਦਾ ਹੁਕਮ ਸੀ ਹਰ ਕੰਮ ਨੂੰ ਕਰਨ ਸਮੇਂ ਅਤੇ ਕੰਮ ਦੀ ਪੂਰਤੀ ਹੋਣ ਤੋਂ ਬਾਅਦ ਰਣਜੀਤ ਨਗਾਰੇ ਨੂੰ ਵਜਾਉਣਾ ਹੈ। ਇਸ ਲਈ ਖ਼ਾਲਸਾ ਦੀ ਸਿਰਜਣਾ ਜਿਹਾ ਕੰਮ ਚੁੱਪ-ਚਾਪ ਜਾਂ ਲੁਕ-ਛਿਪ ਕੇ ਨਹੀਂ ਕੀਤਾ ਗਿਆ ਸੀ। ਇਤਿਹਾਸਕਾਰਾਂ ਦੇ ਅੰਦਾਜ਼ੇ ਅਨੁਸਾਰ ਇਹ ਇਕੱਠ ਗਿਣਤੀ ਦੇ ਪੱਖੋਂ ਵੀਹ ਹਜ਼ਾਰ ਤੋਂ ਲੈ ਕੇ ਅੱਸੀ ਹਜ਼ਾਰ ਤੱਕ ਦੀ ਗਿਣਤੀ ਦਾ ਸੀ।[15]

ਇਸ ਵਿਸ਼ਾਲ ਇਕੱਠ ਵਿੱਚ ਗੁਰੂ ਗੋਬਿੰਦ ਸਿੰਘ ਨੇ ਪੁਰਾਣੇ ਸਮੇਂ ਤੋਂ ਚੱਲਦੀ ਆ ਰਹੀ ਮਸੰਦ ਪ੍ਰਥਾ ਨੂੰ ਖਤਮ ਕਰ ਦਿੱਤਾ ਸੀ। ਮਸੰਦ ਪ੍ਰਥਾ ਗੁਰੂ ਅਰਜਨ ਦੇਵ ਦੇ ਸਮੇਂ ਤੋਂ ਚਲਦੀ ਆ ਰਿਹਾ ਸੀ। ਗੁਰੂ ਤੇਗ਼ ਬਹਾਦਰ ਦੇ ਸਮੇਂ ਤੱਕ ਇਹ ਪ੍ਰਥਾ ਪੂਰੀ ਸਫ਼ਲਤਾ ਨਾਲ ਚਲਦੀ ਆ ਰਹੀ ਸੀ ਪਰ ਜਿਸ ਤਰ੍ਹਾਂ ਦੇ ਹਾਲਾਤ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਦੇ ਬਾਅਦ ਪੈਦਾ ਹੋ ਗਏ ਅਤੇ ਆਨੰਦਪੁਰ ਸਾਹਿਬ ਉਪਰ ਹਕੂਮਤ ਦੇ ਅਧਿਕਾਰੀਆਂ ਵੱਲੋਂ ਗੁਰੂ ਸਾਹਿਬ ਉੱਪਰ ਹਮਲੇ ਕੀਤੇ ਜਾ ਰਹੇ ਸਨ ਉਸ ਤਰ੍ਹਾਂ ਦੇ ਹਾਲਾਤ ਮੁਤਾਬਕ ਸ਼ਾਇਦ ਮਸੰਦ ਪ੍ਰਥਾ ਸਮੇਂ ਦੇ ਹਾਣ ਦਾ ਬਣ ਕੇ ਨਹੀਂ ਚੱਲ ਸਕੀ ਸੀ। ਇਸ ਕਰਕੇ ਗੁਰੂ ਸਾਹਿਬ ਨੇ ਮਸੰਦ ਪ੍ਰਥਾ ਨੂੰ ਖ਼ਤਮ ਕਰ ਦਿੱਤਾ ਸੀ। ਇਸ ਦੀ ਥਾਂ 'ਤੇ ਪੰਚਾਇਤੀ ਖ਼ਾਲਸਾ ਪ੍ਰਥਾ ਸਥਾਪਤ ਕਰ ਦਿੱਤੀ ਸੀ। ਪੰਚਾਇਤੀ ਖ਼ਾਲਸਾ ਪ੍ਰਥਾ ਪੰਜਾਬ ਦੀਆਂ ਪਰੰਪਰਾਵਾਂ ਵਾਲੀ ਅਤੇ ਪੰਜਾਬ ਦੀ ਜਨਤਾ ਵਿੱਚ ਪੰਜ ਮੈਂਬਰਾਂ ਦੀ ਪੰਚਾਇਤ ਦਾ ਸੰਕਲਪ ਮੁੱਢ ਤੋਂ ਪਵਿੱਤਰ ਮੰਨਿਆ ਆ ਰਿਹਾ ਸੀ। ਸਿੱਖ ਧਰਮ ਅਨੁਸਾਰ ਪੰਜ ਦੀ ਗਿਣਤੀ ਪਵਿੱਤਰ ਮੰਨੀ ਗਈ ਸੀ। ਇਸ ਕਰਕੇ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਪੰਜ ਪਿਆਰਿਆਂ ਦੀ ਚੋਣ ਕੀਤੀ। ਪੰਜ ਪਿਆਰਿਆਂ ਦੀ ਚੋਣ ਕਰਨ ਦਾ ਤਰੀਕਾ ਅਕਾਲ ਪੁਰਖ ਨੂੰ ਸਮਰਪਿਤ ਅਤੇ ਇੱਕ ਪਵਿੱਤਰ ਸਿਧਾਂਤ

---

15 ਤੇਜਾ ਸਿੰਘ, ਗੰਡਾ ਸਿੰਘ ਨੇ ਇਹ ਗਿਣਤੀ 80,000 ਦੱਸੀ ਹੈ: *ਏ ਸ਼ਾਰਟ ਹਿਸਟਰੀ ਆਫ਼ ਦਾ ਸਿੱਖਸ਼,* ਪੰਨਾ-68; ਸਯੱਦ ਮੁਹੰਮਦ ਲਤੀਫ਼ ਨੇ ਇਹ ਗਿਣਤੀ 80,000 ਦੱਸੀ ਹੈ: *ਹਿਸਟਰੀ ਆਫ਼ ਦਾ ਪੰਜਾਬ,* ਨਿਊ ਦਿੱਲੀ, 1985, ਪੰਨਾ-263; ਖੁਸ਼ਵੰਤ ਸਿੰਘ ਨੇ ਇਹ ਗਿਣਤੀ ਵੀਹ ਹਜ਼ਾਰ ਦੀ ਦੱਸੀ ਹੈ: *ਏ ਹਿਸਟਰੀ ਆਫ਼ ਦਾ ਸਿੱਖਸ਼,* ਭਾਗ ਪਹਿਲਾ, ਪੰਨਾ-83.

'ਤੇ ਆਧਾਰਿਤ ਸੀ। ਗੁਰੂ ਸਾਹਿਬ ਨੇ ਪੰਜ ਪਿਆਰਿਆਂ ਦੀ ਚੋਣ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਨੂੰ ਅਜਿਹੇ ਪੰਜ ਸਿੱਖਾਂ ਦੀ ਲੋੜ ਹੈ ਜਿਹੜੇ ਆਪਣਾ ਸੀਸ ਗੁਰੂ ਨੂੰ ਭੇਟ ਕਰ ਸਕਦੇ ਹੋਣ। ਗੁਰੂ ਸਾਹਿਬ ਦੇ ਹੱਥ ਵਿੱਚ ਨੰਗੀ ਅਤੇ ਲਿਸ਼ਕਦੀ ਹੋਈ ਤਲਵਾਰ ਸੀ। ਇਸ ਨੂੰ ਗੁਰੂ ਸਾਹਿਬ ਇਸ ਤਰ੍ਹਾਂ ਲਹਿਰਾ ਰਹੇ ਸਨ ਜਿਵੇਂ ਸਿੱਖ ਦੇ ਉੱਠਣ ਸਾਰ ਉਸ ਦਾ ਸੀਸ ਕਤਲ ਕਰ ਦਿੱਤਾ ਜਾਵੇਗਾ। ਗੁਰੂ ਸਾਹਿਬ ਦੀ ਮੰਗ ਨਾਲ ਕੁਝ ਸਮੇਂ ਲਈ ਜਨਤਾ ਦੇ ਇਕੱਠ ਵਿੱਚ ਛਨਾਟਾ ਛਾ ਗਿਆ ਸੀ। ਜਿਹੜਾ ਰਿਸ਼ਤਾ ਪਿਛਲੀਆਂ ਨੌ ਪੀੜ੍ਹੀਆਂ ਰਾਹੀਂ ਗੁਰੂ ਅਤੇ ਸਿੱਖ ਦਾ ਅਟੁੱਟ ਅਤੇ ਵਿਸ਼ਵਾਸਪੂਰਨ ਚਲਦਾ ਆ ਰਿਹਾ ਸੀ ਉਸ ਨੇ ਆਪਣੇ ਗੁਰੂ ਦੀ ਹਰ ਮੰਗ ਨੂੰ ਪੂਰਾ ਕਰਨਾ ਸੀ। ਇਹ ਗੁਰੂ ਅਤੇ ਸਿੱਖ ਦਾ ਵਿਸ਼ਵਾਸ ਸੀ। ਇੱਕ-ਇੱਕ ਕਰਕੇ ਪੰਜ ਸਿੱਖ ਆਪਣਾ-ਆਪਣਾ ਸੀਸ ਭੇਟ ਕਰਨ ਲਈ ਉੱਠੇ। ਇਹ ਪੰਜ ਸਿੱਖ ਸਨ: ਭਾਈ ਦਯਾ ਰਾਮ, ਭਾਈ ਧਰਮ ਦਾਸ, ਭਾਈ ਮੋਹਕਮ ਚੰਦ, ਭਾਈ ਹਿੰਮਤ ਚੰਦ, ਅਤੇ ਭਾਈ ਸਾਹਿਬ ਚੰਦ। ਇਹ ਪੰਜੇ ਸਿੱਖ ਦੇਸ ਦੇ ਵੱਖ-ਵੱਖ ਖੇਤਰਾਂ ਵਿੱਚੋਂ ਅਤੇ ਹਿੰਦੁਸਤਾਨੀ ਸਮਾਜ ਦੀਆਂ ਵੱਖ-ਵੱਖ ਜਾਤਾਂ ਵਿੱਚੋਂ ਸਨ। ਗੁਰੂ ਸਾਹਿਬ ਇਨ੍ਹਾਂ ਪੰਜਾਂ ਨੂੰ ਉੱਥੇ ਹੀ ਇਕ ਪਾਸੇ ਲਗਾਏ ਗਏ ਤੰਬੂ ਵਿੱਚ ਲੈ ਗਏ। ਕੁਝ ਸਮੇਂ ਬਾਅਦ ਇਨ੍ਹਾਂ ਪੰਜਾਂ ਨੂੰ ਬੜੇ ਸੋਹਣੇ ਅਤੇ ਬਿਲਕੁਲ ਨਵੇਂ ਤਿਆਰ ਕੀਤੇ ਨੀਲੇ ਰੰਗ ਦੇ ਬਸਤਰ ਪਹਿਨਾ ਕੇ ਤੰਬੂ ਤੋਂ ਬਾਹਰ ਵਿਸ਼ਾਲ ਇਕੱਠ ਦੇ ਸਾਹਮਣੇ ਲੈ ਕੇ ਆਏ। ਸਿਰਾਂ 'ਤੇ ਪੱਗਾਂ ਬੰਨ੍ਹੀਆਂ ਹੋਈਆਂ, ਗਾਤਰਾ ਕਿਰਪਾਨ ਪਹਿਨੀ ਹੋਈ, ਤੇੜ ਵਿੱਚ ਕਛਹਿਰਾ ਅਤੇ ਸੱਜੇ ਹੱਥ ਵਿੱਚ ਕੜਾ ਪਾਇਆ ਹੋਇਆ ਪੂਰਾ ਖ਼ਾਲਸਾਈ ਪਹਿਰਾਵਾ ਸੀ। ਬਾਹਰ ਸਟੇਜ 'ਤੇ ਆ ਕੇ ਗੁਰੂ ਸਾਹਿਬ ਨੇ ਅੰਮ੍ਰਿਤ ਤਿਆਰ ਕੀਤਾ[16] ਅਤੇ ਇਕੋ ਬਾਟੇ ਵਿੱਚੋਂ ਸਭ ਨੂੰ ਵਾਰੀ-ਵਾਰੀ ਛਕਾਇਆ। ਇਕੋ ਬਾਟੇ ਵਿੱਚੋਂ ਛਕਾਉਣ ਦਾ ਮਤਲਬ ਸੀ ਉਹ ਸਭ ਬਰਾਬਰ ਹਨ ਅਤੇ ਉਨ੍ਹਾਂ ਵਿੱਚ ਜਾਤ-ਪਾਤ ਦੀ ਕੋਈ ਨਫ਼ਰਤ ਨਹੀਂ। ਉਨ੍ਹਾਂ ਨੂੰ ਉਪਦੇਸ਼ ਦਿੰਦਿਆਂ ਗੁਰੂ ਸਾਹਿਬ ਨੇ ਕਿਹਾ ਉਨ੍ਹਾਂ ਦੇ ਸੀਸ ਹੁਣ ਉਨ੍ਹਾਂ ਦੇ ਗੁਰੂ ਦੇ ਹੋ ਗਏ ਹਨ। ਉਨ੍ਹਾਂ ਦੇ ਸੀਸ ਹੁਣ ਤੋਂ ਬਾਅਦ ਹੋਰ ਕਿਸੇ ਦੁਨਿਆਵੀ ਹਾਕਮ ਅੱਗੇ ਨਹੀਂ ਝੁਕਣਗੇ। ਉਨ੍ਹਾਂ ਦਾ ਆਪਣੇ ਗੁਰੂ ਨਾਲ ਸਿੱਧਾ ਸਬੰਧ ਹੋ ਗਿਆ ਹੈ। ਗੁਰੂ ਅਤੇ ਸਿੰਘ ਦੇ ਵਿਚਕਾਰ ਕੋਈ ਤੀਸਰਾ ਵਿਅਕਤੀ ਨਹੀਂ ਹੋਵੇਗਾ। ਸਭ ਦੇ ਨਾਵਾਂ ਨਾਲ 'ਸਿੰਘ' ਸ਼ਬਦ ਵਿਸ਼ੇਸ਼ਣ ਦੇ ਰੂਪ ਵਿੱਚ ਲਾਇਆ ਗਿਆ। ਔਰਤ ਦੇ ਨਾਂ ਨਾਲ ਵਿਸ਼ੇਸ਼ਣ ਦੇ ਰੂਪ ਵਿੱਚ

16 Teja Singh Ganda Singh, *op.cit.*, pp. 67-69; Harbans Singh, *Guru Gobind Singh*, Guru Gobind Singh Foundation, Chandigarh, 1966, pp. 72-78.

‘ਕੌਰ’ ਲਗਾਏ ਜਾਣ ਦੀ ਹਦਾਇਤ ਕੀਤੀ ਗਈ। ਖ਼ਾਲਸਾ ਦਾ ਨਵਾਂ ਰੂਪ ਸਾਬਤ-ਸੂਰਤ ਕੇਸਾਂ ਵਾਲਾ ਹੋਣਾ ਸੀ। ਕੇਸਾਂ ਦੀ ਸਫਾਈ ਲਈ ਕੰਘੇ ਦਾ ਰੱਖਣਾ ਜ਼ਰੂਰੀ ਕੀਤਾ ਗਿਆ। ਤੇੜ ਵਿੱਚ ਕਛਹਿਰਾ ਪਹਿਨਣ ਦੀ ਹਦਾਇਤ ਕੀਤੀ ਗਈ ਅਤੇ ਸੱਜੇ ਹੱਥ ਵਿੱਚ ਸਰਬਲੋਹ ਦਾ ਕੜਾ ਪਹਿਨਣ ਦੀ ਹਦਾਇਤ ਕੀਤੀ ਗਈ। ਗਾਤਰਾ ਕਿਰਪਾਨ ਪਹਿਨਾਈ ਗਈ। ਇਸ ਤਰ੍ਹਾਂ ਅੰਮ੍ਰਿਤਧਾਰੀ ਸਿੰਘ (ਖ਼ਾਲਸਾ) ਲਈ ਕੱਕਾ ਅੱਖਰ ਨਾਲ ਸ਼ੁਰੂ ਹੋਣ ਵਾਲੀਆਂ ਪੰਜ ਵਸਤਾਂ ਜ਼ਰੂਰੀ ਕਰ ਦਿੱਤੀਆਂ ਗਈਆਂ ਸਨ। ਜਿਵੇਂ ਕਿ 1. ਕੱਕਾ ਕੇਸ, 2. ਕੱਕਾ ਕੰਘਾ, 3. ਕੱਕਾ ਕੜਾ, 4. ਕੱਕਾ ਕਿਰਪਾਨ, ਅਤੇ 5. ਕੱਕਾ ਕਛਹਿਰਾ।

ਖ਼ਾਲਸਾ ਦੀ ਸਾਜਣਾ ਨਾਲ ਖ਼ਾਲਸੇ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ ਗਈ ਸੀ। ਇਸ ਨਾਲ ਅੰਮ੍ਰਿਤਧਾਰੀ ਸਿੰਘਾਂ ਦੀ ਸੋਚ ਵਿੱਚ ਇਨਕਲਾਬੀ ਤਬਦੀਲੀ ਆ ਗਈ। ਇਹ ਨਵੀਂ ਤਬਦੀਲੀ ਸੁਤੰਤਰ ਸੋਚ ਅਤੇ ਰੁਤਬੇ ਵਾਲੀ ਸੀ। ਖ਼ਾਲਸੇ ਵਿੱਚ ਕੋਈ ਜਾਤ-ਪਾਤ ਨਹੀਂ ਸੀ, ਸਭ ਆਪਸ ਵਿੱਚ ਬਰਾਬਰ ਸਨ। ਸਾਰੇ ਗੁਰੂ ਗੋਬਿੰਦ ਸਿੰਘ ਦੇ ਪੁੱਤਰ ਕਰ ਕੇ ਜਾਣੇ ਜਾਂਦੇ ਸਨ। ਇੱਕੋ ਪਿਤਾ ਦੇ ਪੁੱਤਰ ਹੋਣ ਕਰਕੇ ਸਭ ਭਾਈ ਸਨ। ਸਭ ਵਿੱਚ ਪੂਰਨ ਰੂਪ ਵਿੱਚ ਇਕਮਿਕਤਾ ਦੀ ਭਾਵਨਾ ਪੈਦਾ ਕਰਨ ਲਈ ਇੱਕੋ ਮਾਤਾ (ਮਾਤਾ ਸਾਹਿਬ ਕੌਰ) ਦੀ ਸੰਤਾਨ ਹੋਣ ਦਾ ਵਿਚਾਰ ਦਿੱਤਾ ਗਿਆ। ਸਭ ਨੂੰ ਆਨੰਦਪੁਰ ਸਾਹਿਬ ਦਾ ਵਾਸੀ (ਨਾਗਰਿਕ) ਮੰਨਿਆ ਗਿਆ ਸੀ। ਇਉਂ ਨਵੇਂ ਸਜੇ ਖ਼ਾਲਸਾ ਦੇ ਆਪਸੀ ਭਾਈਚਾਰੇ ਦੀਆਂ ਤੰਦਾਂ ਤਾਂ ਪੱਕੀਆਂ ਹੋਈਆਂ ਹੀ ਸਨ, ਇਸ ਨਾਲ ਉਨ੍ਹਾਂ ਵਿੱਚ ਸੁਤੰਤਰ ਹੋਂਦ ਅਖ਼ਤਿਆਰ ਕਰਨ ਦੀ ਚਿਣਗ ਲੱਗ ਗਈ ਸੀ।

ਕਵੀ ਸੈਨਾਪਤਿ, ਗੁਰੂ ਸਾਹਿਬ ਦਾ ਸਮਕਾਲੀ ਦਰਬਾਰੀ ਕਵੀ ਲਿਖਦਾ ਹੈ ਗੁਰੂ ਗੋਬਿੰਦ ਸਿੰਘ ਨੇ ਵਿਸਾਖੀ ਦੇ ਦਿਵਸ ’ਤੇ ਆਨੰਦਪੁਰ ਸਾਹਿਬ ਵਿਖੇ ਬਹੁਤ ਵੱਡਾ ਇਕੱਠ ਕੀਤਾ। ਸੈਨਾਪਤਿ ਨੇ ਇਸ ਇਕੱਠ ਨੂੰ ਮੇਲਾ ਲਿਖਿਆ ਹੈ। ਉਸ ਨੇ ਵਿਸਾਖੀ ਦਾ ਦਿਵਸ ਲਿਖਿਆ ਹੈ ਪਰ ਸਾਲ ਨਹੀਂ ਲਿਖਿਆ। ਸੈਨਾਪਤਿ ਨੇ ਇਹ ਵੀ ਲਿਖਿਆ ਹੈ ਕਿ ਵਿਸਾਖੀ ਦੇ ਦਿਵਸ ’ਤੇ ਖ਼ਾਲਸਾ ਦੀ ਸਾਜਨਾ ਕੀਤੀ। ਖ਼ਾਲਸਾ ਦੀ ਸਾਜਣਾ ਦੀ ਸਮੁੱਚੀ ਕਾਰਵਾਈ ਨੂੰ ਦੇਖ ਕੇ ਕੁਝ ਸੰਗਤਾਂ ਤਾਂ ਸਹਿਮ ਗਈਆਂ ਸਨ ਪਰ ਕੁਝ ਸੰਗਤਾਂ ਨੇ ਖ਼ਾਲਸਾ ਬਣਨਾ ਪਰਵਾਨ ਕਰ ਲਿਆ ਸੀ।[17]

---

17 ਸੈਨਾਪਤਿ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, ਧਿਆਏ ਪੰਜਵਾਂ, ਬੰਦ 1-6, ਪੰਨਾ 20.

ਇਸ ਲਿਖਤ ਵਿੱਚ ਸਾਲ ਦਾ ਜ਼ਿਕਰ ਨਹੀਂ ਕੀਤਾ ਪਰ ਇਸ ਗੰਡਾ ਸਿੰਘ ਨੇ ਇਸ ਦੀ ਭੂਮਿਕਾ ਵਿੱਚ ਅਤੇ ਫੁੱਟ-ਨੋਟ ਵਿੱਚ ਇਹ ਜਾਣਕਾਰੀ ਦਿੱਤੀ ਹੈ ਕਿ ਇਹ ਵਿਸਾਖੀ ਪਹਿਲੀ ਵਿਸਾਖ, ਸੰਮਤ 1756 ਬਿਕਰਮੀ ਮੁਤਾਬਕ 30 ਮਾਰਚ, 1699 ਈਸਵੀ ਦੀ ਸੀ।[18] ਦੂਜੀ ਵੱਡੀ ਗੱਲ, ਜਿਸ ਦੀ ਇਤਿਹਾਸਕ ਤੌਰ 'ਤੇ ਬਹੁਤ ਮਹੱਤਤਾ ਹੈ, ਸੈਨਾਪਤਿ ਨੇ ਲਿਖੀ ਹੈ ਕਿ ਖ਼ਾਲਸਾ ਸਾਜ ਕੇ ਮਸੰਦ ਪ੍ਰਥਾ ਨੂੰ ਬਹੁਤ ਸਖ਼ਤੀ ਨਾਲ ਬੰਦ ਕਰ ਦਿੱਤਾ ਸੀ ਅਤੇ ਗੁਰੂ ਸਾਹਿਬ ਨੇ ਖ਼ਾਲਸਾ ਲਈ ਰਹਿਤ ਮਰਿਆਦਾ ਦਸਦਿਆਂ ਕਿਹਾ ਖ਼ਾਲਸਾ ਨੇ ਉਹ ਪੁਰਾਣੀਆਂ ਰਸਮਾਂ ਨਹੀਂ ਕਰਨੀਆਂ ਜਿਨ੍ਹਾਂ ਨੂੰ ਮਰਨ ਸਮੇਂ ਜਾਂ ਬੱਚੇ ਦੇ ਜਨਮ ਸਮੇਂ ਪਹਿਲਾਂ ਤੋਂ ਕੀਤਾ ਜਾਂਦਾ ਆ ਰਿਹਾ ਹੈ। ਸਭ ਨੇ ਸੰਗਤ ਦਾ ਸਾਥ ਕਰਨਾ ਹੈ ਅਤੇ ਗੁਰੂ ਦੀ ਦੱਸੀ ਹੋਈ ਮਰਿਆਦਾ ਨੂੰ ਮੰਨਣਾ ਹੈ।

ਖ਼ਾਲਸਾ ਪਰੰਪਰਾਵਾਂ ਅਨੁਸਾਰ ਖ਼ਾਲਸਾ ਸਾਜ ਕੇ ਸਭ ਤੋਂ ਪਹਿਲਾਂ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਚੁਣਿਆ। ਸਮਕਾਲੀ ਲਿਖਤ ਵਿੱਚ ਇਨ੍ਹਾਂ ਪੰਜ ਪਿਆਰਿਆਂ ਦੇ ਨਾਂ ਨਹੀਂ ਦਿੱਤੇ ਗਏ ਪਰ ਪਿਛਲੀਆਂ ਲਿਖਤਾਂ ਵਿੱਚ ਦਿੱਤੇ ਗਏ ਨਾਵਾਂ ਅਨੁਸਾਰ ਪੰਜ ਪਿਆਰਿਆਂ ਦੇ ਨਾਂ ਇਸ ਤਰ੍ਹਾਂ ਹਨ: ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ, ਅਤੇ ਭਾਈ ਸਾਹਿਬ ਸਿੰਘ। ਇਹ ਵੀ ਕਿ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਪਿੱਛੋਂ ਗੁਰੂ ਸਾਹਿਬ ਨੇ ਉਨ੍ਹਾਂ ਹੱਥੋਂ ਆਪ ਅੰਮ੍ਰਿਤ ਛਕਿਆ ਸੀ। ਵਿਸ਼ਵ ਦੇ ਇਤਿਹਾਸ ਵਿੱਚ ਗੁਰੂ ਸਾਹਿਬ ਨੇ ਆਪਣੇ ਹੀ ਪੈਰੋਕਾਰਾਂ ਹੱਥੋਂ ਆਪ ਉਨ੍ਹਾਂ ਦਾ ਪੈਰੋਕਾਰ ਬਣਨ ਲਈ, ਅੰਮ੍ਰਿਤ ਛਕ ਕੇ ਇੱਕ ਨਵੀਂ ਪਿਰਤ ਪਾ ਦਿੱਤੀ ਸੀ। ਇਸ ਗੱਲ ਨੂੰ ਉਸ ਸਮੇਂ ਦੇ ਸਮਕਾਲੀ ਕਵੀ ਭਾਈ ਗੁਰਦਾਸ ਦੂਜੇ ਨੇ ਆਪਣੀ ਇੱਕ ਵਾਰ ਵਿੱਚ ਲਿਖਿਆ ਹੈ:

"ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।"[19]

ਕਨਿੰਘਮ ਨੇ ਲਿਖਿਆ ਹੈ: 'ਸਿੱਖਾਂ ਦਾ ਅਖੀਰਲਾ ਪੈਗੰਬਰ (apostle) ਬੇਸ਼ੱਕ ਆਪਣੀਆਂ ਪ੍ਰਾਪਤੀਆਂ ਨੂੰ ਪੂਰੀਆਂ ਹੁੰਦਾ ਆਪਣੇ ਜੀਵਨ-ਕਾਲ ਵਿੱਚ ਨਹੀਂ ਦੇਖ ਸਕਿਆ ਪਰ ਉਸ ਨੇ ਆਪਣੀ ਧਰਤੀ

---

18 *ਉਹੀ*, ਪੰਨਾ 40 ਅਤੇ 20

19 ਇਹ ਭਾਈ ਗੁਰਦਾਸ ਦੂਜੇ ਨਾਲ ਜਾਣੇ ਜਾਂਦੇ ਹਨ। ਇਹ ਮਾਲਵਾ ਦੇ ਰਹਿਣ ਵਾਲੇ ਸਨ। ਇਨ੍ਹਾਂ ਦੀ ਇਕੋ ਵਾਰ ਮਿਲਦੀ ਹੈ। ਜਿਸ ਨੂੰ ਖ਼ਾਲਸੇ ਦੀ ਵਾਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਵਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਈ ਗੁਰਦਾਸ ਦੀਆਂ ਵਾਰਾਂ ਦੇ ਨਾਲ ਅਖੀਰ 'ਤੇ 41ਵੀਂ ਵਾਰ ਦਾ ਨੰਬਰ ਦੇ ਕੇ ਛਾਪਿਆ ਹੋਇਆ ਹੈ। *ਵਾਰਾਂ* ਭਾਈ ਗੁਰਦਾਸ, ਅਮਰ ਸਿੰਘ (ਸੰਪਾ.), *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ*, ਅੰਮ੍ਰਿਤਸਰ, 1981, ਵਾਰ 41ਵੀਂ, ਪੰਨਾ-440.

ਦੇ ਮਨੁੱਖਾਂ ਦੀਆਂ ਮਰ ਚੁੱਕੀਆਂ ਭਾਵਨਾਵਾਂ (dormant energies of a vanquished people) ਨੂੰ ਸਮਾਜਿਕ ਸੁਤੰਤਰਤਾ ਅਤੇ ਰਾਸ਼ਟਰੀ ਅਹਿਸਾਸ ਨਾਲ ਭਰ ਦਿੱਤਾ ਸੀ। ਆਪਣੇ ਸਮੇਂ ਦੀਆਂ ਅਪਾਰ ਮੁਸ਼ਕਲਾਂ ਨੂੰ (ਗੁਰੂ) ਗੋਬਿੰਦ (ਸਿੰਘ) ਭਲੀਭਾਂਤ ਸਮਝਦਾ ਸੀ ਫਿਰ ਵੀ ਇਨ੍ਹਾਂ ਦਾ ਸਾਹਮਣਾ ਕਰਨ ਲਈ ਉਸ ਨੇ ਆਪਣੇ ਪੈਰੋਕਾਰਾਂ ਨੂੰ ਪ੍ਰਚੰਡ-ਜੁਆਲਾ ਵਾਂਗ ਭੜਕਾ ਦਿੱਤਾ ਸੀ। ਇਸ ਜਿੰਦਾ ਜੋਸ਼ ਨੇ ਸਮੁੱਚੇ ਸਿੱਖਾਂ ਨੂੰ ਉਤੇਜਿਤ ਕੀਤਾ ਹੋਇਆ ਸੀ। (ਗੁਰੂ) ਗੋਬਿੰਦ (ਸਿੰਘ) ਦੀ ਇਸ ਅਦੁੱਤੀ ਕਾਰਵਾਈ ਨੇ ਨਾ ਸਿਰਫ਼ ਸਿੱਖਾਂ ਦੇ ਇਰਾਦਿਆਂ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੱਤਾ ਸੀ, ਇਸ ਨਾਲ ਉਨ੍ਹਾਂ ਦੇ ਸਰੀਰਕ ਜੁੱਸਿਆਂ ਵਿੱਚ ਪ੍ਰਭਾਵਸ਼ਾਲੀ ਬਦਲਾਅ ਆਇਆ ਸੀ। ਇਸ ਨਾਲ ਸਮੁੱਚੀ ਸਿੱਖ ਕੌਮ (whole people) ਦੇ ਚਿਹਰਿਆਂ-ਮੋਹਰਿਆਂ ਵਿੱਚ ਇੱਕ ਵਿਸ਼ੇਸ਼ਤਾ ਭਰਿਆ ਬਦਲਾਅ ਆਇਆ ਸੀ। ਇਸ ਵਿਸ਼ੇਸ਼ਤਾ ਭਰੇ ਬਦਲਾਅ ਵਿੱਚ ਸਿੱਖਾਂ ਦਾ ਧਰਮ ਅਤੇ ਕੌਮੀ ਜ਼ੋਸ਼ ਸਮਾਇਆ ਹੋਇਆ ਸੀ।[20] ਕਨਿੰਘਮ ਦੇ ਇਸ ਕਥਨ ਨੂੰ ਹੋਰ ਸਪੱਸ਼ਟਤਾ ਨਾਲ ਬਿਆਨ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਖ਼ਾਲਸਾ ਸਾਜੇ ਜਾਣ ਤੋਂ ਬਾਅਦ ਪੰਜਾਬ ਦੀ ਧਰਤੀ 'ਤੇ ਮੁਗ਼ਲ ਸਾਮਰਾਜ ਵਿਰੁੱਧ ਇੱਕ ਕ੍ਰਾਂਤੀਕਾਰੀ ਸੰਘਰਸ਼ ਛਿੜ ਗਿਆ ਸੀ।

ਸਿੱਟਾ ਇਨ੍ਹਾਂ ਗੱਲਾਂ ਦਾ ਇਹ ਹੋਇਆ ਸੀ ਕਿ ਆਨੰਦਪੁਰ ਸਾਹਿਬ ਉੱਪਰ ਹਮਲੇ ਹੋਣੇ ਸ਼ੁਰੂ ਹੋ ਗਏ ਸਨ। ਸਭ ਤੋਂ ਪਹਿਲਾਂ ਹਮਲਾ, ਬਿਲਾਸਪੁਰ ਰਿਆਸਤ ਦੇ ਰਾਜੇ ਅਜਮੇਰ ਚੰਦ ਵੱਲੋਂ, ਹੋਰ ਗੁਆਂਢੀ ਰਿਆਸਤਾਂ ਦੀ ਮਦਦ ਨਾਲ ਕੀਤਾ ਗਿਆ। ਇਹ ਹਮਲਾ 31 ਭਾਦੋਂ ਅਤੇ ਇੱਕ ਅੱਸੂ, ਸੰਮਤ 1757 ਬਿਕਰਮੀ ਮੁਤਾਬਕ 16-17 ਅਗਸਤ, 1700 ਈਸਵੀ ਨੂੰ ਕੀਤਾ ਗਿਆ ਸੀ।[21] ਆਨੰਦਪੁਰ ਸਾਹਿਬ ਵਿਖੇ ਸਿੱਖ ਸੰਗਤਾਂ ਦਾ ਆਉਣ ਜਾਣ ਹਰ ਰੋਜ਼ ਬਣਿਆ ਰਹਿੰਦਾ ਸੀ। ਇਸ ਕਰਕੇ ਗੁਰੂ ਸਾਹਿਬ ਕੋਲ ਆਦਮੀਆਂ ਦੀ ਕਮੀ ਨਹੀਂ ਸੀ। ਇਸ ਲਈ ਪਹਾੜੀ ਰਾਜਿਆਂ ਦੀ ਮਿਲਵੀਂ ਫ਼ੌਜ ਦਾ, ਸਿੱਖ ਸੰਗਤਾਂ ਪੂਰੀ ਸਫ਼ਲਤਾ ਨਾਲ ਮੁਕਾਬਲਾ ਕਰਦੀਆਂ ਰਹਿੰਦੀਆਂ ਸਨ। ਜਦੋਂ ਕਦੇ ਪਹਾੜੀ ਸੈਨਾ ਗੁਰੂ ਅਤੇ ਸਿੱਖ ਸੰਗਤਾਂ ਨੂੰ ਆਨੰਦਪੁਰ ਤੋਂ ਉਠਾਉਣ ਵਿੱਚ ਕਾਯਮਾਬ ਨਹੀਂ ਹੁੰਦੀਆਂ ਸਨ ਤਾਂ ਉਹ ਗੁਰੂ ਸਾਹਿਬ ਅੱਗੇ ਬੇਨਤੀ ਕਰਦੇ ਕਿ ਜੇਕਰ ਉਹ

---

20 Cunningham, J.D., *A History of the Sikhs*, New Delhi, 1985, p. 75.

21 ਸੈਨਾਪਤਿ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, ਪੰਨਾ-919 (ਭੂਮਿਕਾ)

ਕੁਝ ਸਮੇਂ ਲਈ ਆਨੰਦਪੁਰ ਤੋਂ ਉਰ੍ਹਾਂ-ਪਰ੍ਹਾਂ ਹੋ ਜਾਣ ਤਾਂ ਉਹ ਵਾਪਿਸ ਜਾ ਸਕਦੀਆਂ ਹਨ। ਇਸ ਲਈ ਗੁਰੂ ਸਾਹਿਬ ਲੜਾਈ ਨੂੰ ਟਾਲਣ ਲਈ ਜਾਂ ਇਹ ਪ੍ਰਭਾਵ ਦੇਣ ਲਈ ਕਿ ਉਹ ਹਮਲਾਵਰ ਨਹੀਂ ਹਨ ਅਤੇ ਜੇਕਰ ਉਨ੍ਹਾਂ ਨੂੰ ਆਨੰਦਪੁਰ ਵਿੱਚ ਸ਼ਾਂਤੀ ਨਾਲ ਰਹਿਣ ਦਿੱਤਾ ਜਾਵੇ ਤਾਂ ਉਹ ਸ਼ਾਂਤੀ ਨਾਲ ਰਹਿਣ ਨੂੰ ਤਿਆਰ ਹਨ, ਇਹ ਸੋਚ ਕੇ ਗੁਰੂ ਸਾਹਿਬ ਆਨੰਦਪੁਰ ਤੋਂ ਕੁਝ ਕੁ ਸਮੇਂ ਲਈ ਉਰ੍ਹਾਂ-ਪਰ੍ਹਾਂ ਹੋ ਜਾਂਦੇ ਸਨ। ਬਾਦਸ਼ਾਹ ਔਰੰਗਜ਼ੇਬ ਖ਼ਾਲਸਾ ਦੀ ਸਾਜਣਾ ਦੇ ਮਤਲਬ ਨੂੰ ਸਮਝਦਾ ਸੀ। ਉਹ ਗੁਰੂ ਸਾਹਿਬ ਨੂੰ ਆਨੰਦਪੁਰ ਵਿੱਚ ਲਗਾਤਾਰ ਟਿਕ ਕੇ ਰਹਿਣ ਨਹੀਂ ਦੇਣਾ ਚਾਹੁੰਦਾ ਸੀ। ਸਰਹਿੰਦ ਦੇ ਫ਼ੌਜਦਾਰ ਨੂੰ ਅਤੇ ਲਾਹੌਰ ਦੇ ਸੂਬੇਦਾਰ ਨੂੰ ਪਹਾੜੀ ਰਿਆਸਤਾਂ ਉੱਪਰ ਨਿਗ੍ਹਾ ਰੱਖਣ ਨੂੰ ਕਿਹਾ ਜਾਂਦਾ ਸੀ।[22] ਇਸ ਲਈ ਗੁਰੂ ਸਾਹਿਬ ਅਤੇ ਪਹਾੜੀ ਰਿਆਸਤਾਂ ਦੇ ਰਾਜਿਆਂ ਵਿਚਕਾਰ ਭਾਵੇਂ ਕਿਸੇ ਵੀ ਕਿਸਮ ਦੀ ਰਜ਼ਾਮੰਦੀ ਹੁੰਦੀ ਸੀ ਉਸ ਨੂੰ ਸਰਹਿੰਦ ਅਤੇ ਲਾਹੌਰ ਦੇ ਸੂਬੇਦਾਰ ਜ਼ਿਆਦਾ ਸਮੇਂ ਲਈ ਰਹਿਣ ਨਹੀਂ ਦਿੰਦੇ ਸਨ। ਸਰਹਿੰਦ ਦਾ ਫ਼ੌਜਦਾਰ ਬਿਲਾਸਪੁਰ ਅਤੇ ਆਨੰਦਪੁਰ ਦੇ ਜ਼ਿਆਦਾ ਨਜ਼ਦੀਕ ਸੀ ਇਸ ਲਈ ਉਸ ਦਾ ਦਖ਼ਲ ਬਿਲਾਸਪੁਰ ਦੀ ਰਿਆਸਤ ਦੇ ਪ੍ਰਬੰਧ ਵਿੱਚ ਜ਼ਿਆਦਾ ਹੁੰਦਾ ਸੀ। ਔਰੰਗਜ਼ੇਬ ਦਾ ਇੱਕ ਫ਼ੁਰਮਾਨ ਅਜਿਹਾ ਮਿਲਦਾ ਹੈ ਜਿਹੜਾ ਸਰਹਿੰਦ ਦੇ ਫ਼ੌਜਦਾਰ ਦੇ ਨਾਂ ਜਾਰੀ ਹੋਇਆ ਸੀ ਅਤੇ ਜਿਸ ਵਿੱਚ ਹਦਾਇਤ ਕੀਤੀ ਗਈ ਕਿ ਗੋਬਿੰਦ ਨੂੰ ਇਹ ਤਾੜਨਾ ਕਰ ਦਿੱਤੀ ਜਾਵੇ ਜੇਕਰ ਉਹ ਸੰਤਾਂ ਵਾਂਗ ਰਹਿਣਾ ਚਾਹੁੰਦਾ ਹੈ ਤਾਂ ਉਹ ਕਿਤੇ ਵੀ ਰਹਿ ਸਕਦਾ ਹੈ ਪਰ ਜੇਕਰ ਉਸ ਦੇ ਤੌਰ ਤਰੀਕੇ ਬਾਦਸ਼ਾਹਾਂ ਵਾਂਗ ਰਹਿਣ ਦੇ ਹਨ ਤਾਂ ਉਸ ਨੂੰ ਹਰ ਹਾਲ ਵਿੱਚ ਆਨੰਦਪੁਰ ਤੋਂ ਉਖੇੜ ਦਿੱਤਾ ਜਾਵੇ।[23]

ਅਜਿਹੇ ਫ਼ੁਰਮਾਨਾਂ ਕਾਰਨ ਆਨੰਦਪੁਰ ਵਿੱਚ ਗੁਰੂ ਸਾਹਿਬ ਦਾ ਸ਼ਾਂਤੀ ਨਾਲ ਰਹਿਣਾ ਸੰਭਵ ਨਹੀਂ ਸੀ। ਇਸ ਲਈ ਭਾਵੇਂ ਕਈ ਵਾਰ ਗੁਰੂ ਸਾਹਿਬ ਅਤੇ ਬਿਲਾਸਪੁਰ ਦੀ ਰਿਆਸਤ ਵਿਚਕਾਰ ਸ਼ਾਂਤੀ ਨਾਲ ਰਹਿਣ ਦੇ ਰਾਜੀਨਾਮੇ ਹੁੰਦੇ ਰਹੇ ਪਰ ਸਰਹਿੰਦ ਦੇ ਫ਼ੌਜਦਾਰ ਵੱਲੋਂ ਹਰ ਸਮੇਂ ਦਖ਼ਲਅੰਦਾਜ਼ੀ ਹੋਣ ਕਾਰਨ ਆਨੰਦਪੁਰ ਉੱਪਰ ਹਮਲੇ ਹੁੰਦੇ ਰਹਿੰਦੇ ਸਨ। ਇਹ ਸਥਿਤੀ 1705 ਦੇ ਅਖੀਰ ਤੱਕ ਬਣੀ ਰਹੀ ਸੀ। *ਗੁਰੂ*

22 J.S. Grewal, S.S. Bal, *op.cit.*, pp. 9-10.

23 Muhammad Qasim's 'Ibratnama' (Eng. Trans.), J.S. Grewal and Irfan Habib (Ed.), *Sikh History from Persian Sources*, New Delhi, 2007, pp. 113-14.

*ਕੀਆਂ ਸਾਖੀਆਂ* [24] ਅਨੁਸਾਰ, ਅਖੀਰ ਸਰਹਿੰਦ ਦੀਆਂ ਫੌਜਾਂ ਅਤੇ ਪਹਾੜੀ ਰਿਆਸਤਾਂ ਦੀਆਂ ਮਿਲਵੀਆਂ ਫੌਜਾਂ ਨੇ ਸੰਮਤ 1762 ਬਿਕਰਮੀ ਜੇਠ ਮਹੀਨੇ ਦੀ ਪੰਜ ਤਾਰੀਖ਼ ਮੁਤਾਬਕ 20-21 ਮਈ 1705 ਈਸਵੀ ਨੂੰ ਆਨੰਦਪੁਰ ਉਪਰ ਵੱਡਾ ਹਮਲਾ ਕਰ ਦਿੱਤਾ ਸੀ। ਇਹ ਹਮਲਾ ਬਹੁਤ ਭਿਆਨਕ ਸੀ। ਸਿੱਖ ਸੰਗਤਾਂ ਦੇ ਜੱਥੇ ਬਾਹਰਲੇ ਪਿੰਡਾਂ ਵਿੱਚੋਂ ਪਹੁੰਚਦੇ ਸਨ ਪਰ ਮੁਗ਼ਲ ਫੌਜਾਂ ਨੇ ਆਨੰਦਪੁਰ ਨੂੰ ਆਉਣ ਵਾਲੇ ਸਾਰੇ ਰਸਤੇ ਰੋਕ ਰੱਖੇ ਸਨ। ਇਸ ਤਰ੍ਹਾਂ ਆਨੰਦਪੁਰ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ ਸੀ। ਬਾਹਰਲੀ ਮਦਦ ਗੁਰੂ ਸਾਹਿਬ ਤੱਕ ਪਹੁੰਚਦੀ ਨਹੀਂ ਸੀ। ਅੰਦਰਲੀ ਸਾਰੀ ਸ਼ਕਤੀ ਦਿਨ-ਬ-ਦਿਨ ਘਟਦੀ ਜਾਂਦੀ ਸੀ। ਜੇਠ (ਮਈ) ਮਹੀਨੇ ਦਾ ਘੇਰਾ ਪਿਆ ਹੋਇਆ ਪੋਹ (ਦਸੰਬਰ ਦਾ ਦੂਸਰਾ ਅੱਧ) ਤੱਕ ਚੱਲਦਾ ਰਿਹਾ ਸੀ। ਆਨੰਦਪੁਰ ਵਿੱਚ ਆਦਮੀਆਂ ਦੀ ਤਾਂ ਘਾਟ ਆ ਗਈ ਸੀ, ਸਗੋਂ ਅਨਾਜ-ਪਾਣੀ ਦੀ ਵੀ ਭਾਰੀ ਕਮੀ ਆ ਗਈ ਸੀ। ਇਸ ਤਰ੍ਹਾਂ ਗੁਰੂ ਸਾਹਿਬ ਨੂੰ ਆਨੰਦਪੁਰ ਵਿੱਚੋਂ ਨਿਕਲਣ ਲਈ ਮਜ਼ਬੂਰ ਹੋਣਾ ਪਿਆ ਸੀ। ਆਖਿਰ ਪੋਹ (ਦਸੰਬਰ) ਦੇ ਮਹੀਨੇ 1705 ਈਸਵੀ (ਸੰਮਤ 1762 ਬਿਕਰਮੀ) ਨੂੰ ਆਨੰਦਪੁਰ ਨੂੰ ਖਾਲੀ ਕਰ ਦਿੱਤਾ ਗਿਆ ਸੀ।[25] ਆਨੰਦਪੁਰ ਨੂੰ ਖਾਲੀ ਕਰਨ ਦੀ ਮਿਤੀ ਆਧੁਨਿਕ ਸਿੱਖ ਇਤਿਹਾਸਕਾਰਾਂ ਵੱਲੋਂ 1704 ਈਸਵੀ ਦੇ ਦਸੰਬਰ ਮਹੀਨੇ ਦੀ ਮੰਨੀ ਹੈ ਜਿਵੇਂ ਕਿ ਤੇਜਾ ਸਿੰਘ ਗੰਡਾ ਸਿੰਘ[26], ਜੇ.ਐਸ.ਗਰੇਵਾਲ[27] ਅਤੇ ਹਰਬੰਸ ਸਿੰਘ[28] ਲਿਖਦੇ ਹਨ। ਇਸ ਤਰ੍ਹਾਂ ਆਨੰਦਪੁਰ ਨੂੰ ਖਾਲੀ ਕਰਨ ਦੀਆਂ ਮਿਤੀਆਂ ਵਿੱਚ ਕੁਝ ਵਿਵਾਦ ਹੈ।

## ਗੁਰੂ ਗੋਬਿੰਦ ਸਿੰਘ ਦਾ ਮਾਲਵਾ ਵਿੱਚ ਜਾਣਾ

ਆਨੰਦਪੁਰ ਸਾਹਿਬ ਨੂੰ ਖਾਲੀ ਕਰਨ ਦੀ ਘਟਨਾ ਨਾਲ ਗੁਰੂ ਗੋਬਿੰਦ ਸਿੰਘ ਦਾ ਮਾਲਵਾ ਵਿੱਚ ਜਾਣ ਦਾ ਕੰਮ ਸ਼ੁਰੂ ਹੁੰਦਾ ਹੈ। ਗੁਰੂ ਸਾਹਿਬ ਆਨੰਦਪੁਰ ਨੂੰ ਛੱਡਣ ਪਿੱਛੋਂ ਮਾਲਵਾ ਵਿੱਚ ਗਏ ਸਨ। ਅਜੇ ਤੱਕ ਇਸ ਤੱਥ ਉਪਰ ਸਹਿਮਤ ਨਹੀਂ ਹੋਇਆ ਜਾ ਸਕਿਆ ਕਿ ਆਨੰਦਪੁਰ ਨੂੰ 1704 ਈਸਵੀ ਦੇ ਦਸੰਬਰ ਵਿੱਚ ਛੱਡਿਆ ਗਿਆ ਸੀ। ਜਾਂ 1705 ਈਸਵੀ ਦੇ ਦਸੰਬਰ ਵਿੱਚ। ਇਸ ਤਰ੍ਹਾਂ ਪੂਰੇ ਇੱਕ ਸਾਲ ਦਾ ਫ਼ਰਕ ਪੈਂਦਾ ਹੈ।

---

24 ਸਰੂਪ ਸਿੰਘ ਕੋਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪਟਿਆਲਾ, 1986, ਪੰਨਾ-143.

25 *ਗੁਰ-ਪ੍ਰਣਾਲੀਆਂ*, ਭਾਈ ਰਣਧੀਰ ਸਿੰਘ (ਸੰਪਾ.), ਅੰਮ੍ਰਿਤਸਰ, 1977, ਪੰਨੇ 118-19; 130, 160, 206, 226 ਅਤੇ 243.

26 Teja Singh, Ganda Singh, *op.cit.*, p. 71.

27 J.S. Grewal, *op.cit.*, p. 78.

28 Harbans Singh, *Guru Gobind Singh*, p. 110.

ਇਸ ਇੱਕ ਸਾਲ ਦੇ ਫ਼ਰਕ ਨਾਲ ਗੁਰੂ ਗੋਬਿੰਦ ਸਿੰਘ ਦੀਆਂ ਉਨ੍ਹਾਂ ਗਤੀਵਿਧੀਆਂ ਦੇ ਸਮੇਂ ਉਪਰ ਵੀ ਫ਼ਰਕ ਪੈਂਦਾ ਹੈ ਜਿਹੜੀਆਂ ਉਨ੍ਹਾਂ ਨੇ ਮਾਲਵਾ ਵਿੱਚ ਰਹਿੰਦਿਆਂ ਹੋਇਆ ਕੀਤੀਆਂ ਸਨ। ਜਿਸ ਤਰ੍ਹਾਂ ਖਿਦਰਾਣੇ (ਮੁਕਤਸਰ) ਦੀ ਲੜਾਈ ਹੈ ਅਤੇ ਫਿਰ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਣ ਦੇ ਸਮੇਂ ਬਾਰੇ ਹੈ। ਇਸ ਤਰ੍ਹਾਂ ਇਸ ਇੱਕ ਸਾਲ ਦੇ ਸਮੇਂ ਨੇ ਇਨ੍ਹਾਂ ਸਾਰੀਆਂ ਘਟਨਾਵਾਂ ’ਤੇ ਪ੍ਰਭਾਵ ਪਾਉਣਾ ਹੈ। ਹੈਰਾਨੀ ਇਸ ਗੱਲ ਦੀ ਹੈ ਅਜੇ ਤੱਕ ਸਿੱਖ ਇਤਿਹਾਸ ਨੂੰ ਲਿਖਣ ਵਾਲੇ ਇਤਿਹਾਸਕਾਰਾਂ ਨੇ ਇਕ ਸਾਲ ਦੇ ਇਸ ਵਿਵਾਦ ਨੂੰ ਹੱਲ ਨਹੀਂ ਕੀਤਾ। ਗੁਰੂ ਗੋਬਿੰਦ ਸਿੰਘ ਦੇ ਸਮਕਾਲੀ ਕਵੀ ਸੈਨਾਪਤਿ ਨੇ ਸ੍ਰੀ ਗੁਰ ਸੋਭਾ ਵਿੱਚ, ਇਨ੍ਹਾਂ ਸਾਰੀਆਂ ਘਟਨਾਵਾਂ ਬਾਰੇ ਲਿਖਿਆ ਹੈ ਪਰ ਉਸ ਨੇ ਮਿਤੀ-ਸਾਲ ਕੋਈ ਨਹੀਂ ਲਿਖਿਆ। ਪਰ ਇਸ ਤੱਥ ਦਾ ਕੋਈ ਨਾ ਕੋਈ ਹੱਲ ਕੱਢ ਕੇ ਤਾਂ ਚੱਲਣਾ ਹੀ ਹੋਵੇਗਾ। ਇਸ ਲਈ ਇਹ ਕਹਿਣਾ ਕੋਈ ਅਢੁੱਕਵਾਂ ਨਹੀਂ ਹੋਵੇਗਾ ਕਿ ਸਰੂਪ ਸਿੰਘ ਕੌਸ਼ਿਸ਼ ਦੀਆਂ *ਗੁਰੂ ਕੀਆਂ ਸਾਖੀਆਂ*, ਭਾਈ ਰਣਧੀਰ ਸਿੰਘ ਦੀਆਂ ਸੰਪਾਦਿਤ ਕੀਤੀਆਂ *ਗੁਰ-ਪ੍ਰਣਾਲੀਆਂ* ਅਤੇ ਕੇਸਰ ਸਿੰਘ ਛਿੱਬਰ ਦਾ *ਬੰਸਾਵਲੀਨਾਮਾ* ਵਿੱਚ ਦਿੱਤੀਆਂ ਗਈਆਂ ਮਿਤੀਆਂ-ਸਾਲ ਸੱਚਾਈ ਦੇ ਜ਼ਿਆਦਾ ਨੇੜੇ ਹਨ। ਇਨ੍ਹਾਂ ਵਿੱਚ ਆਨੰਦਪੁਰ ਸਾਹਿਬ ਨੂੰ ਛੱਡਣ ਦਾ ਸਮਾਂ 1762 ਬਿਕਰਮੀ ਦੀਆਂ ਸਰਦੀਆਂ (ਮੱਘਰ-ਪੋਹ) ਦਾ ਲਿਖਿਆ ਹੋਇਆ ਹੈ। ਆਧੁਨਿਕ ਇਤਿਹਾਸਕਾਰਾਂ ਤੇਜਾ ਸਿੰਘ ਗੰਡਾ ਸਿੰਘ, ਜੇ.ਐਸ.ਗਰੇਵਾਲ, ਅਤੇ ਹਰਬੰਸ ਸਿੰਘ ਨੇ ਆਪਣੀਆਂ ਮਿਤੀਆਂ ਤੇ ਸਾਲਾਂ ਦੇ ਸਰੋਤਾਂ ਬਾਰੇ ਲਿਖਿਆ ਨਹੀਂ ਹੈ ਪਰ ਇਨ੍ਹਾਂ ਦੇ ਸਰੋਤ ਭਾਈ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਹਨ। ਇਨ੍ਹਾਂ ਦੋਵੇਂ ਸਰੋਤਾਂ ਵਿੱਚ ਵਰਤੇ ਗਏ ਸਾਲ ਸੰਮਤ ਸਿੱਖ ਇਤਿਹਾਸ ਵਿੱਚ ਘੱਟ ਪਰਵਾਣ ਕੀਤੇ ਗਏ ਹਨ। ਫ਼ੌਜਾਸਿੰਘ ਨੇ ਗੁਰੂ ਗੋਬਿੰਦ ਸਿੰਘ ਵੱਲੋਂ ਆਨੰਦਪੁਰ ਸਾਹਿਬ ਛੱਡਣ ਦੀ ਮਿਤੀ ਅਤੇ ਸਾਲ 1705 ਈਸਵੀ ਦੇ ਦਸੰਬਰ ਦਾ ਲਿਖਿਆ ਹੈ। ਇਸ ਮਿਤੀ ਨੂੰ ਅਸਲ ਪਰਵਾਣਗੀ ਉਦੋਂ ਮਿਲਦੀ ਹੈ ਜਦੋਂ ਗੰਡਾ ਸਿੰਘ ਆਪਣੀ ਪਹਿਲੀ ਲਿਖੀ ਹੋਈ ਮਿਤੀ ਨੂੰ ਸੁਧਾਰ ਕੇ 1705 ਈਸਵੀ ਦੇ ਦਸੰਬਰ ਦੀ ਲਿਖ ਦਿੰਦੇ ਹਨ। ਪਹਿਲੀ 1704 ਈਸਵੀ ਵਾਲੀ ਮਿਤੀ ਉਨ੍ਹਾਂ ਨੇ ਤੇਜਾ ਸਿੰਘ ਗੰਡਾ ਸਿੰਘ ਵਾਲੀ ਕਿਤਾਬ *ਏ ਸ਼ਾਰਟ ਹਿਸਟਰੀ ਆਫ਼ ਦਾ ਸਿੱਖਸ਼* ਵਿੱਚ ਲਿਖੀ ਸੀ।[29] ਪਿੱਛੋਂ ਉਨ੍ਹਾਂ ਨੇ ਸੈਨਾਪਤਿ ਦੀ *ਸ੍ਰੀ ਗੁਰ ਸੋਭਾ* ਨੂੰ ਸੰਪਾਦਿਤ ਕਰਦਿਆਂ ਇਸ ਮਿਤੀ ਨੂੰ ਸੁਧਾਰ ਕੇ 1705 ਈਸਵੀ ਦਾ ਦਸੰਬਰ ਲਿਖਿਆ ਹੈ। ਇਸ ਕਿਤਾਬ ਨੂੰ ਉਨ੍ਹਾਂ ਨੇ 1967 ਵਿੱਚ ਸੰਪਾਦਿਤ ਕੀਤਾ ਸੀ। ਇਸ ਵਿੱਚ ਉਨ੍ਹਾਂ

29 Teja Singh, Ganda Singh, *op.cit.*, p. 71.

ਨੇ ਲਿਖਿਆ ਹੈ: "ਅੰਤ ਗੁਰੂ ਜੀ ਨੇ ਇਨ੍ਹਾਂ ਸਾਰਿਆਂ ਦੀ ਸਲਾਹ ਮੰਨ ਕੇ ਆਨੰਦਗੜ੍ਹ (ਆਨੰਦਪੁਰ ਸਾਹਿਬ) ਛੱਡ ਦੇਣ ਦਾ ਫ਼ੈਸਲਾ ਕਰ ਲਿਆ। ਇਸੇ 6-7 ਪੋਹ, ਸੰਮਤ, 1762 ਬਿਕਰਮੀ, 5-6 ਦਸੰਬਰ, ਸਨ 1705, ਦੀ ਰਾਤ ਨੂੰ ਆਨੰਦਪੁਰ ਨੂੰ ਖਾਲੀ ਕਰ ਦਿੱਤਾ ਗਿਆ।"[30] *ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ* ਵਿੱਚ ਵੀ ਇਸ ਮਿਤੀ ਨੂੰ ਅਪਣਾਇਆ ਗਿਆ ਹੈ।[31] ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਨੇ ਆਨੰਦਪੁਰ ਸਾਹਿਬ ਨੂੰ ਦਸੰਬਰ, 1705 ਈਸਵੀ ਨੂੰ ਖਾਲੀ ਕੀਤਾ ਸੀ।

ਪਹਿਲਾਂ 1674-75 ਈਸਵੀ ਵਿੱਚ, ਗੁਰੂ ਤੇਗ਼ ਬਹਾਦਰ ਸਾਹਿਬ ਮਾਲਵਾ ਅਤੇ ਬਾਂਗਰ ਖੇਤਰਾਂ ਦਾ ਦੌਰਾ ਕਰ ਚੁੱਕੇ ਸਨ। ਉਹ ਵੀ ਆਨੰਦਪੁਰ ਤੋਂ ਰਵਾਨਾ ਹੋਏ ਸਨ ਅਤੇ ਉਨ੍ਹਾਂ ਦੇ ਸਮੇਂ ਆਨੰਦਪੁਰ ਨੂੰ ਚੱਕ-ਨਾਨਕੀ ਕਿਹਾ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਉਨ੍ਹਾਂ ਤੋਂ ਤੀਹ ਸਾਲ ਪਿੱਛੋਂ ਮਾਲਵਾ ਵਿੱਚ ਗਏ ਸਨ। ਗੁਰੂ ਤੇਗ਼ ਬਹਾਦਰ ਦਾ ਸਮਾਂ ਸ਼ਾਂਤਮਈ ਸੀ ਅਤੇ ਉਹ ਹਰ ਪਿੰਡ ਅਤੇ ਹਰ ਨਗਰ ਵਿੱਚ ਆਰਾਮ ਨਾਲ ਠਹਿਰਦੇ ਹੋਏ ਇਸ ਰਸਤੇ (ਆਨੰਦਪੁਰ ਤੋਂ ਰੋਪੜ ਰਾਹੀਂ) ਸਤਲੁਜ ਨੂੰ ਪਾਰ ਕਰਕੇ ਕੁਰਾਲੀ ਅਤੇ ਮੁਰਿੰਡੇ ਰਾਹੀਂ, ਬਹਾਦਰਗੜ੍ਹ (ਪਟਿਆਲਾ) ਹੁੰਦੇ ਹੋਏ ਮਾਲਵਾ ਵਿੱਚ ਗਏ ਸਨ। ਗੁਰੂ ਗੋਬਿੰਦ ਸਿੰਘ ਦਾ ਸਮਾਂ ਸ਼ਾਂਤਮਈ ਨਹੀਂ ਸੀ ਸਗੋਂ ਬਹੁਤ ਗੜਬੜ ਭਰਭੂਰ ਅਤੇ ਜਾਨੀ ਤੇ ਮਾਲੀ ਨੁਕਸਾਨ ਵਾਲਾ ਸੀ। ਇਸ ਕਰਕੇ ਗੁਰੂ ਗੋਬਿੰਦ ਸਿੰਘ ਆਨੰਦਪੁਰ ਸਾਹਿਬ ਤੋਂ ਲੜਾਈ ਕਰਦੇ ਹੋਏ ਨਿਕਲੇ ਸਨ। ਆਨੰਦਪੁਰ ਚੋਂ ਨਿਕਲਣ ਸਾਰ ਉਨ੍ਹਾਂ ਉੱਤੇ ਮੁਗ਼ਲ ਅਧਿਕਾਰੀਆਂ ਵੱਲੋਂ ਸੈਨਿਕ ਹਮਲਾ ਕਰ ਦਿੱਤਾ ਸੀ। ਇਸ ਲਈ ਉਹ ਕਾਫੀ ਲੰਮਾ ਰਸਤਾ ਲੜਦੇ ਹੋਏ ਚਲਦੇ ਰਹੇ ਸਨ। ਇਹ ਪੂਰੀ ਭਗਦੜ ਵਾਲਾ ਸਮਾਂ ਸੀ। ਇਸ ਭਗਦੜ ਕਾਰਨ ਉਨ੍ਹਾਂ ਦਾ ਪਰਿਵਾਰ ਅਤੇ ਛੋਟੇ ਬੱਚੇ (ਛੋਟੇ ਸਾਹਿਬਜ਼ਾਦੇ)[32] ਉਨ੍ਹਾਂ ਨਾਲੋਂ ਵਿਛੜ ਗਏ ਸਨ ਅਤੇ ਗੁਰੂ ਗੋਬਿੰਦ ਸਿੰਘ ਰੋਪੜ ਤੋਂ ਸਿੱਧਾ ਕੁਰਾਲੀ, ਮੁਰਿੰਡਾ ਜਾਂ ਸਰਹਿੰਦ ਵੱਲ ਆਉਣ ਦੀ ਬਜਾਏ, ਰੋਪੜ ਲੰਘ ਕੇ ਬੂਰਮਾਜਰਾ ਪਿੰਡ ਤੋਂ ਕੋਟਲੀ ਵਲ ਮੁੜ ਕੇ ਚਮਕੌਰ ਪਹੁੰਚ ਗਏ ਸਨ। ਉਨ੍ਹਾਂ ਨਾਲ ਦੋ ਵੱਡੇ ਸਾਹਿਬਜ਼ਾਦੇ[33], ਉਨ੍ਹਾਂ ਦੇ ਸਾਜੇ ਹੋਏ

---

30 ਸੈਨਾਪਤਿ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, ਪੰਨਾ-51 (ਭੂਮਿਕਾ).

31 Harbans Singh (Chief Ed.), *The Encyclopaedia of Sikhism*, Vol. II, Punjabi University, Patiala, 2001, p. 90.

32 ਛੋਟੇ ਸਾਹਿਬਜ਼ਾਦਿਆਂ ਦੇ ਨਾਂ ਸਨ: ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ।

33 ਵੱਡੇ ਸਾਹਿਬਜ਼ਾਦਿਆਂ ਦੇ ਨਾਂ ਸਨ: ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ।

ਪੰਜ ਪਿਆਰਿਆਂ ਸਮੇਤ ਕੁੱਲ 40 ਸਿੰਘ ਸਨ।[34] ਇੰਨ੍ਹਾਂ ਦਾ ਜ਼ਿਕਰ ਗੁਰੂ ਸਾਹਿਬ ਨੇ ਖੁਦ ਜ਼ਫ਼ਰਨਾਮੇ ਵਿੱਚ ਕੀਤਾ ਹੈ ਜਿਹੜਾ ਕਾਫੀ ਸਮਾਂ ਪਿੱਛੋਂ ਉਨ੍ਹਾਂ ਨੇ ਔਰੰਗਜ਼ੇਬ ਨੂੰ ਲਿਖਿਆ ਸੀ। ਇਹ ਚਾਲੀ ਸਿੰਘ ਥੱਕੇ ਹੋਏ ਅਤੇ ਭੁੱਖਣ ਭਾਣੇ ਸਨ। ਇਨ੍ਹਾਂ ਨਾਲ ਗੁਰੂ ਸਾਹਿਬ ਚਮਕੌਰ ਪਹੁੰਚ ਕੇ ਉੱਥੋਂ ਦੇ ਇੱਕ ਜਿੰਮੀਦਾਰ ਦੇ ਬਾਗ ਵਿੱਚ ਜਾ ਖੜੋਏ। ਜਦੋਂ ਘਰ ਬੈਠੇ ਜਿੰਮੀਦਾਰ ਨੂੰ ਇਸ ਗੱਲ ਦਾ ਪਤਾ ਲੱਗਿਆ ਕਿ ਉਸ ਦੇ ਬਾਗ ਵਿੱਚ ਗੁਰੂ ਸਾਹਿਬ ਖੜੇ ਹਨ ਤਾਂ ਉਹ ਉਨ੍ਹਾਂ ਨੂੰ ਆਪਣੀ ਹਵੇਲੀ ਵਿੱਚ ਲੈ ਆਇਆ। ਇਹ ਜਾਣਕਾਰੀ ਗੁਰੂ ਸਾਹਿਬ ਦੇ ਸਮਕਾਲੀ ਕਵੀ ਸੈਨਾਪਤਿ ਨੇ ਦਿੱਤੀ ਹੈ।

ਇਹ ਸ਼ਾਮ ਦਾ ਸਮਾਂ ਸੀ। ਆਨੰਦਪੁਰ ਤੋਂ ਪਿੱਛਾ ਕਰਦੀ ਆ ਰਹੀ ਫ਼ੌਜ ਕਾਫੀ ਦੂਰ ਰਹਿ ਗਈ ਸੀ। ਗੁਰੂ ਸਾਹਿਬ ਨੇ ਸ਼ਾਇਦ ਸੋਚਿਆ ਹੋਵੇ ਕਿ ਫ਼ੌਜ ਪਿੱਛੇ ਹੀ ਮੁੜ ਗਈ ਹੋਈ ਹੈ। ਚਮਕੌਰ ਵਿੱਚ ਠਹਿਰੇ ਹੋਏ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੰਘਾਂ ਦੀ ਖ਼ਬਰ ਇੱਥੋਂ ਦੇ ਸੂਹੀਆਂ ਨੇ ਸਰਹਿੰਦ ਦੇ ਸੂਬੇਦਾਰ ਨੂੰ ਭੇਜ ਦਿੱਤੀ ਸੀ। ਰਾਤ ਪੈਣ ’ਤੇ ਬੇਸ਼ੁਮਾਰ ਫ਼ੌਜ ਨੇ ਚਮਕੌਰ ਨੂੰ ਆ ਘੇਰਾ ਪਾ ਲਿਆ। ਅਚਾਨਕ ਹੀ ਫ਼ੌਜ ਵੱਲੋਂ ਘੇਰਾ ਪਾ ਲੈਣ ਦੀ ਗੱਲ ਨੂੰ ਗੁਰੂ ਸਾਹਿਬ ਨੇ ਆਪਣੇ ਜ਼ਫ਼ਰਨਾਮੇ ਵਿੱਚ ਲਿਖਿਆ ਹੈ।[35] ਭਿਅੰਕਰ ਲੜਾਈ ਹੋਈ ਸੀ ਅਤੇ ਗੁਰੂ ਸਾਹਿਬ ਸਿਰਫ ਤਿੰਨ ਸਿੰਘਾਂ ਨਾਲ ਜੀਵਤ ਨਿਕਲੇ ਸਨ। ਦੋਵੇਂ ਵੱਡੇ ਸਾਹਿਬਜ਼ਾਦੇ-ਅਜੀਤ ਸਿੰਘ ਅਤੇ ਜੁਝਾਰ ਸਿੰਘ ਸ਼ਹੀਦ ਹੋ ਗਏ ਸਨ। ਤਿੰਨ ਪਿਆਰੇ ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ, ਅਤੇ ਭਾਈ ਸਾਹਿਬ ਸਿੰਘ ਸਮੇਤ ਬਾਕੀ ਸਾਰੇ 37 ਸਿੰਘ ਸ਼ਹੀਦ ਹੋ ਗਏ ਸਨ। ਸਿਰਫ਼ ਤਿੰਨ ਸਿੰਘ, ਭਾਈ ਦਯਾ ਸਿੰਘ ਸਭ ਤੋਂ ਵੱਡਾ ਪਿਆਰਾ, ਭਾਈ ਧਰਮ ਸਿੰਘ ਦੂਜੇ ਨੰਬਰ ਵਾਲਾ ਪਿਆਰਾ ਅਤੇ ਭਾਈ ਮਾਨ ਸਿੰਘ, ਗੁਰੂ ਸਾਹਿਬ ਨਾਲ ਨਿਕਲ ਸਕੇ ਸਨ। ਇਹ ਤਿੰਨੋ ਸਿੰਘ ਗੁਰੂ ਸਾਹਿਬ ਨਾਲ ਮਾਛੀਵਾੜੇ ਦੇ ਜੰਗਲਾਂ ਵਿੱਚ ਪਹੁੰਚ ਕੇ ਮਿਲੇ ਸਨ।

ਅਗਲੇ ਦਿਨ ਘੇਰਾ ਪਾਉਣ ਵਾਲੀ ਫ਼ੌਜ ਨੂੰ ਗੁਰੂ ਸਾਹਿਬ ਦੀ ਲਾਸ਼ ਪੂਰੀ ਤਲਾਸ਼ ਕਰਨ ’ਤੇ ਨਹੀਂ ਮਿਲੀ ਸੀ। ਇਸ ਲਈ ਫ਼ੌਜ ਦੇ ਜਰਨੈਲ ਸਮਝ ਗਏ ਕਿ ਗੁਰੂ ਸਾਹਿਬ ਬਚ ਕੇ ਨਿਕਲ ਗਏ ਹਨ। ਇਸ ਲਈ

---

34 ਜ਼ਫ਼ਰਨਾਮਾ ਦਾ 19 ਵਾਂ ਸ਼ੇਅਰ: ਗੁਰਸਨਹ ਚਿਹ ਕਾਰਿ ਕੁਨੱਦ ਚਿਹਲ ਨਰ।।
ਕਿਹ ਦਹ ਲਕ ਬਰਾਯਦ ਬਰੋ ਬੇਖ਼ਬਰ।।

35 ਸੈਨਾਪਤਿ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਧਿਆਏ ਬਾਰਵਾਂ, ਬੰਦ 3-8, ਪੰਨਾ-74.

ਉਨ੍ਹਾਂ ਨੇ ਗੁਰੂ ਸਾਹਿਬ ਦੀ ਤਲਾਸ਼ ਕਰਨ ਲਈ ਅਗਲੇ ਦਿਨ ਪਿੰਡਾਂ ਦੇ ਪਿੰਡ ਤਲਾਸ਼ ਮਾਰੇ ਸਨ। ਪਰ ਗੁਰੂ ਸਾਹਿਬ ਆਪਣੇ ਸਿੰਘਾਂ ਨਾਲ ਬਹੁਤ ਦੂਰ ਨਿਕਲ ਗਏ ਸਨ। ਗੁਰੂ ਸਾਹਿਬ ਵੱਲੋਂ ਪਿੰਡਾਂ ਵਿੱਚੋਂ ਦੀ ਨਿਕਲ ਜਾਣ ਦੇ ਢੰਗ-ਤਰੀਕਿਆਂ ਦੀਆਂ ਅਨੇਕਾਂ ਕਿਸਮ ਦੀਆਂ ਗੱਲਾਂ ਵੱਖ ਵੱਖ ਲਿਖਤਾਂ ਵਿੱਚ ਲਿਖੀਆਂ ਮਿਲਦੀਆਂ ਹਨ[36] ਪਰ ਇਹ ਲਿਖਤਾਂ ਨਾ ਤਾਂ ਸਮਕਾਲੀ ਜਾਂ ਭਰੋਸੇਯੋਗ ਹਨ ਅਤੇ ਅਜਿਹੀਆਂ ਗੱਲਾਂ ਉਸ ਸਮੇਂ ਹੋ ਸਕਦੀਆਂ ਸਨ। ਕਿਸੇ ਸਮਕਾਲੀ ਜਾਂ ਭਰੋਸੇਯੋਗ ਲਿਖਤ ਵਿੱਚ ਗੁਰੂ ਸਾਹਿਬ ਵੱਲੋਂ ਨਿਕਲ ਜਾਣ ਵਾਲੀ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਲਈ ਇੱਥੇ ਸਿਰਫ਼ ਇਨ੍ਹਾਂ ਲਿਖਿਆ ਜਾ ਸਕਦਾ ਹੈ ਗੁਰੂ ਸਾਹਿਬ ਰਾਤੋ-ਰਾਤ ਪੂਰੀ ਤੇਜੀ ਨਾਲ ਚਲਦੇ ਹੋਏ ਮਾਲਵਾ ਦੇ ਉਨ੍ਹਾਂ ਪਿੰਡਾਂ ਵੱਲ ਨਿਕਲ ਗਏ ਸਨ ਜਿੱਥੇ ਸਿੱਖਾਂ ਦੀ ਤਕੜੀ ਆਬਾਦੀ ਸੀ। ਜਿਵੇਂ ਕਿ ਘੱਲ ਕਲਾਂ, ਘੁਲਾਲ, ਰਾਮਪੁਰ ਕਟਾਣੀ ਹੁੰਦੇ ਹੋਏ ਆਲਮਗੀਰ ਪਹੁੰਚ ਗਏ ਸਨ। ਇਹ ਸਾਰੇ ਪਿੰਡ ਮਾਲਵਾ ਦੇ ਅਤੇ ਸਿੱਖਾਂ ਦੀ ਘਣੀ ਆਬਾਦੀ ਵਾਲੇ ਸਨ। ਜਿਹੜੇ ਪਿੰਡ ਗੁਰੂ ਸਾਹਿਬ ਪਹੁੰਚਦੇ ਸਨ ਉਸ ਪਿੰਡ ਵਿੱਚੋਂ ਅਨੇਕਾਂ ਵਿਅਕਤੀ ਹਥਿਆਰਾਂ ਸਮੇਤ ਗੁਰੂ ਸਾਹਿਬ ਨਾਲ ਆ ਰਲਦੇ ਸਨ। ਇਸ ਗੱਲ ਦੀ ਜਾਣਕਾਰੀ ਬਹੁਤ ਘੱਟ ਮਿਲਦੀ ਹੈ ਕਿ ਗੁਰੂ ਸਾਹਿਬ ਕਿੱਥੇ ਕਿੱਥੇ ਠਹਿਰੇ ਸਨ ਜਾਂ ਉਨ੍ਹਾਂ ਨੂੰ ਕੌਣ-ਕੌਣ ਮਿਲਿਆ ਸੀ।

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਆਲਮਗੀਰ ਵਿਖੇ ਭਾਈ ਨਿਗਾਹੀਆ ਸਿੰਘ ਦੁੱਲਟ, ਲੌਂਗੋਵਾਲ ਨਿਵਾਸੀ ਆਪਣੇ ਦੁਲਟ ਕਬੀਲੇ ਦੇ ਲੋਕਾਂ ਨੂੰ ਨਾਲ ਲੈ ਕੇ ਆ ਮਿਲਿਆ ਸੀ। ਉਸ ਨੇ ਇਕ ਘੋੜਾ ਅਤੇ ਇਕ ਜੁੱਤੀ ਦਾ ਜੋੜਾ ਗੁਰੂ ਨੂੰ ਭੇਟ ਕੀਤਾ।[37] ਅਗਲਾ ਪਿੰਡ ਹੇਹਰ ਸੀ ਜਿੱਥੇ ਗੁਰੂ ਸਾਹਿਬ ਆਪਣੇ ਸੰਗੀ-ਸਾਥੀਆਂ ਨਾਲ ਪਹੁੰਚੇ ਸਨ। ਇੱਥੋਂ ਦੇ ਵਸਨੀਕ ਆਪੋ-ਆਪਣੀ ਸਮਰੱਥਾ ਅਨੁਸਾਰ ਰਸਦ-ਪਾਣੀ ਲੈ ਕੇ ਪਹੁੰਚੇ ਸਨ। ਇੱਥੇ ਮਹੰਤ ਕਿਰਪਾਲ ਦਾਸ ਦਾ ਡੇਰਾ ਸੀ। ਇਹ ਮਹੰਤ ਭਾਵੇਂ ਉਦਾਸੀ ਸੀ ਪਰ ਇਹ ਉਦਾਸੀ ਸੰਤ ਭੰਗਾਣੀ ਦੀ ਲੜਾਈ ਵਿੱਚ ਗੁਰੂ ਸਾਹਿਬ ਨਾਲ ਰਲ ਕੇ ਲੜ ਚੁੱਕਿਆ ਸੀ। ਇਸ ਗੱਲ ਦਾ ਜ਼ਿਕਰ 'ਬਚਿੱਤ੍ਰ ਨਾਟਕ'[38] ਵਿੱਚ ਆਉਂਦਾ ਹੈ।

---

36 ਜਿਵੇਂ ਉੱਚ ਦੇ ਪੀਰ ਬਣਨ ਦੀਆਂ ਜਾਂ ਗਨੀ ਖਾਂ ਨਬੀ ਖਾਂ ਪਾਸ ਠਹਿਰਣਦੀਆਂ ਆਦਿ, ਆਦਿ।

37 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ* (ਪੱਥਰ ਛਾਪ), ਸਿਆਲਕੋਟ, 1891 ਈ., ਪੰਨਾ-332.

38 *ਦਸ ਗ੍ਰੰਥੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1978, ਪੰਨੇ 128-29.

ਮਹੰਤ ਕਿਰਪਾਲ ਦਾਸ ਨੇ ਬਹੁਤ ਰਸਦ ਭੇਟਾ ਕੀਤੀ ਅਤੇ ਆਪਣੇ ਉਦਾਸੀ ਚੇਲਿਆਂ ਨੂੰ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਭੇਟ ਕੀਤਾ।[39] ਹੇਹਰ ਤੋਂ ਅੱਗੇ ਰਾਏਕੋਟ ਨਗਰ ਪਹੁੰਚੇ। ਰਾਏਕੋਟ, ਰਾਏ ਕੱਲ੍ਹਾ ਦੀ ਰਿਆਸਤ ਦਾ ਕੇਂਦਰ ਸੀ। ਰਾਏ ਕੱਲ੍ਹਾ ਆਪਣੇ ਆਦਮੀਆਂ ਨਾਲ ਅੱਗੋਂ ਗੁਰੂ ਸਾਹਿਬ ਨੂੰ ਜਾ ਮਿਲਿਆ। ਰਾਏ ਕੱਲ੍ਹਾ ਰਾਜਪੂਤ ਸੀ ਪਰ ਇਸ ਦੇ ਪੁਰਖੇ ਪਿਛਲੀਆਂ ਕੁਝ ਪੀੜ੍ਹੀਆਂ ਤੋਂ ਮੁਸਲਮਾਨ ਬਣ ਚੁੱਕੇ ਸਨ। ਇਸ ਨੇ ਦੁੱਖ ਦੇ ਸਮੇਂ ਪੂਰਾ ਸਾਥ ਦਿੱਤਾ ਸੀ। ਗੁਰੂ ਕੀਆਂ ਸਾਖੀਆਂ ਵਿੱਚ ਲਿਖਿਆ ਗਿਆ ਹੈ ਰਾਇ ਕੱਲ੍ਹਾ ਨੇ ਆਪਣੇ ਇਕ ਵਿਸ਼ਵਾਸਪਾਤਰ ਵਿਅਕਤੀ ਨੂਰਾ ਮਾਹੀ ਨੂੰ ਸਰਹਿੰਦ ਭੇਜ ਕੇ ਇਸ ਗੱਲ ਦਾ ਪਤਾ ਲਗਾਇਆ ਸੀ ਕਿ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨਾਲ ਕੀ ਬੀਤ ਚੁੱਕੀ ਹੈ ਜਾਂ ਬੀਤ ਰਹੀ ਹੈ। ਨੂਰਾ ਮਾਹੀ ਨੇ ਸਾਰੀ ਜਾਣਕਾਰੀ ਲੈਣ ਉਪਰੰਤ ਵਾਪਿਸ ਆ ਕੇ ਦੱਸਿਆ ਕਿ ਉਨ੍ਹਾਂ ਸਭ ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੇ ਸ਼ਹੀਦ ਕਰ ਦਿੱਤਾ ਹੈ। ਇਹ ਦੁਖਦਾਈ ਖ਼ਬਰ ਸੁਣ ਕੇ ਉੱਥੇ ਹਾਜ਼ਰ ਸਭ ਲੋਕਾਂ ਨੇ ਇਸ ਜ਼ੁਲਮ ਦੀ ਨਿੰਦਿਆ ਕੀਤੀ ਅਤੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ।[40]

ਰਾਏਕੋਟ ਤੋਂ ਗੁਰੂ ਸਾਹਿਬ ਸਮੂਹ ਵਹੀਰ ਨਾਲ ਚੱਲਦੇ ਹੋਏ ਪਿੰਡ ਲੰਮੇ ਜੱਟਪੁਰੇ ਪਹੁੰਚੇ। ਇੱਥੇ ਪਹੁੰਚਣ ਤੱਕ ਸੈਂਕੜੇ ਆਦਮੀ ਗੁਰੂ ਸਾਹਿਬ ਨਾਲ ਰਲ ਚੁੱਕੇ ਸਨ। ਅਗਲਾ ਪਿੰਡ ਤਖ਼ਤੂਪੁਰਾ ਸੀ। ਇੱਥੋਂ ਦੀ ਇੱਕ ਢਾਬ ਉੱਪਰ ਗੁਰੂ ਸਾਹਿਬ ਨੇ ਆਪਣੇ ਸਾਥੀ ਸਿੰਘਾਂ ਨਾਲ ਡੇਰਾ ਲਾਇਆ। ਇਹ ਸਾਰਾ ਇਲਾਕਾ ਸਿੱਖਾਂ ਦੀ ਘਣੀ ਆਬਾਦੀ ਵਾਲਾ ਸੀ। ਮਿਲ ਰਹੀਆਂ ਦੁਖਦਾਈ ਖ਼ਬਰਾਂ ਗੁਰੂ ਸਾਹਿਬ ਦੇ ਇਰਾਦਿਆਂ ਨੂੰ ਹੋਰ ਦ੍ਰਿੜ੍ਹਤਾ ਬਖਸ਼ ਰਹੀਆਂ ਸਨ। ਇੱਥੇ ਨੇੜੇ ਮਧੇਅ ਪਿੰਡ ਸੀ। ਇਸ ਪਿੰਡ ਵਿੱਚ ਇੱਕ ਉਮਰਦੀਨ ਨਾਂ ਦਾ ਹਕੀਮ ਰਹਿੰਦਾ ਸੀ। ਜਾਣਕਾਰੀ ਮਿਲਦੀ ਹੈ ਕਿ ਇਸ ਉਮਰਦੀਨ ਵੈਦ ਨੇ ਗੁਰੂ ਸਾਹਿਬ ਦੇ ਸਰੀਰ ਤੇ ਆਏ ਜ਼ਖ਼ਮਾਂ ਨੂੰ ਸਾਫ਼ ਕਰਕੇ ਮਲ੍ਹਮ ਪੱਟੀ ਕੀਤੀ ਸੀ। ਇੱਥੋਂ ਸਾਰਾ ਵਹੀਰ ਚਲਦਾ ਹੋਇਆ ਪਿੰਡ ਭਦੌੜ ਪਹੁੰਚਿਆ। ਭਦੌੜ ਵਿਖੇ ਉਦਾਸੀ ਸਾਧੂ ਚਰਨ ਦਾਸ ਦਾ ਡੇਰਾ ਸੀ। ਇਹ ਸਿੱਖ ਧਰਮ ਦਾ ਪਰਚਾਰਕ ਸੀ। ਸੰਤ ਚਰਨ ਦਾਸ ਨੇ ਆਪਣੇ ਇਲਾਕੇ ਵਿੱਚ ਬਹੁਤ ਰਸਦ-ਪਾਣੀ ਇਕੱਠਾ ਕੀਤਾ ਅਤੇ ਅਨੇਕਾਂ ਨੌਜਵਾਨਾ ਨੂੰ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਪੇਸ਼ ਕੀਤਾ ਸੀ। ਇਹ ਸਾਰੀ ਜਾਣਕਾਰੀ *ਗੁਰੂ ਕੀਆਂ ਸਾਖੀਆਂ* ਵਿੱਚ ਦਿੱਤੀ ਗਈ ਹੈ।[41]

---

39 *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪਟਿਆਲਾ, 1986, ਪੰਨਾ-152.

40 *ਉਹੀ*, ਪੰਨੇ 153-54.

41 *ਉਹੀ*, ਪੰਨੇ 154-53.

ਇਹ ਸਾਰਾ ਇਲਾਕਾ ਮਾਲਵਾ ਦਾ ਕੇਂਦਰ ਸੀ। ਇੱਥੇ ਛੇਵੇਂ, ਸੱਤਵੇਂ ਅਤੇ ਨੌਵੇਂ ਪਾਤਿਸ਼ਾਹ (ਕ੍ਰਮਵਾਰ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਇ ਸਾਰਿਬ, ਅਤੇ ਗੁਰੂ ਤੇਗ਼ ਬਹਾਦਰ ਸਾਹਿਬ) ਸਿੱਖ ਧਰਮ ਦਾ ਪਰਚਾਰ ਕਰ ਚੁੱਕੇ ਸਨ। ਇਸ ਸਮੇਂ ਤੱਕ ਇਹ ਖੇਤਰ ਸਿੱਖ ਧਰਮ ਦਾ ਗੜ੍ਹ ਬਣ ਚੁੱਕਿਆ ਸੀ। ਇਸ ਖੇਤਰ ਦੇ ਜੱਟ ਕਬੀਲੇ ਸਿੱਖ ਧਰਮ ਵਿੱਚ ਪ੍ਰਵੇਸ਼ ਕਰ ਚੁੱਕੇ ਸਨ। ਇਨ੍ਹਾਂ ਜੱਟ ਕਬੀਲਿਆਂ ਦੀ ਖਾਸੀਅਤ ਸੀ ਇਹ ਮੁਗ਼ਲ ਹਕੂਮਤ ਨੂੰ ਛਿਮਾਹੀ ਮੁਆਮਲਾ ਭਰਦੇ ਸਨ ਅਤੇ ਲੋੜ ਪੈਣ ’ਤੇ ਮੁਗ਼ਲ ਫ਼ੌਜਾਂ ਦੀ ਮਦਦ ਲਈ ਰਸਦ-ਪਾਣੀ ਮੁਹੱਈਆ ਕਰਵਾਉਂਦੇ ਸਨ। ਇਸ ਬਦਲੇ ਮੁਗ਼ਲ ਹਕੂਮਤ ਇਨ੍ਹਾਂ ਜੱਟ ਕਬੀਲਿਆਂ ਦੇ ਅੰਦਰੂਨੀ ਮਾਮਲਿਆਂ ਵਿੱਚ ਕੋਈ ਦਖ਼ਲਅੰਦਾਜ਼ੀ ਨਹੀਂ ਕਰਦੀ ਸੀ। ਇਹ ਜੱਟ ਕਬੀਲਿਆਂ ਦੀ ਨੀਤੀ ਦਾ ਇੱਕ ਪਾਸਾ ਸੀ। ਨੀਤੀ ਦਾ ਦੂਜਾ ਪਾਸਾ ਇਹ ਸੀ ਕਿ ਇਹ ਕਬੀਲੇ ਪੂਰਨ ਰੂਪ ਵਿੱਚ ਸਿੱਖ ਧਰਮ ਨੂੰ ਆਪਣਾ ਚੁੱਕੇ ਸਨ। ਇਨ੍ਹਾਂ ਦੀ ਧਾਰਮਿਕ ਨੀਤੀ ਵਿੱਚ ਮੁਗ਼ਲ ਹਕੂਮਤ ਕੋਈ ਦਖ਼ਲਅੰਦਾਜ਼ੀ ਨਹੀਂ ਕਰਦੀ ਸੀ। ਗੁਰੂ ਸਾਹਿਬਾਨ ਨੂੰ ਇਨ੍ਹਾਂ ਜੱਟ ਕਬੀਲਿਆਂ ਦੀ ਨੀਤੀ ਦਾ ਪਤਾ ਸੀ। ਇਸ ਕਰਕੇ ਗੁਰੂ ਸਾਹਿਬ ਮਾਲਵਾ ਵਿੱਚ ਵਿਚਰਦੇ ਸਮੇਂ ਜਦੋਂ ਅਜਿਹੇ ਜੱਟ ਕਬੀਲੇ ਦੇ ਚੌਧਰੀਆਂ ਕੋਲ ਜਾਂਦੇ ਸਨ ਤਾਂ ਉਹ ਉਨ੍ਹਾਂ ਨਾਲ ਉਸ ਹੱਦ ਤੱਕ ਵਰਤਦੇ ਸਨ ਜਿਸ ਹੱਦ ਤੱਕ ਵਰਤਦਿਆਂ ਇਹ ਚੌਧਰੀ ਹਕੂਮਤ ਵਲ ਆਪਣੀ ਵਫਾਦਾਰੀ ਬਚਾ ਕੇ ਰੱਖ ਸਕਦੇ ਸਨ ਅਤੇ ਗੁਰੂ ਸਾਹਿਬ ਪ੍ਰਤੀ ਉਨ੍ਹਾਂ ਦੀ ਸ਼ਰਧਾ ਵੀ ਕਾਇਮ ਰਹਿ ਸਕਦੀ ਸੀ।

ਇਹ ਗੱਲ ਪਹਿਲਾ ਰਾਏਕੋਟ ਦੇ ਨਵਾਬ ਰਾਏ ਕੱਲ੍ਹਾ ਨਾਲ ਮਿਲਣ ਸਮੇਂ ਅਤੇ ਅੱਗੇ ਜਾਂਦੇ ਹੋਏ ਦੀਨਾ-ਕਾਂਗੜ ਪਹੁੰਚਣ ਸਮੇਂ ਕਾਇਮ ਰੱਖੀ ਗਈ ਸੀ। ਦੀਨਾ-ਕਾਂਗੜ ਦੇ ਧਾਲੀਵਾਲ ਜੱਟ ਲਖਮੀਰ ਸਿੰਘ ਤੇ ਸ਼ਮੀਰ ਸਿੰਘ ਮੁਗ਼ਲ ਹਕੂਮਤ ਨਾਲ ਅਕਬਰ ਦੇ ਸਮੇਂ ਤੋਂ ਬਹੁਤ ਨੇੜਤਾ ਰੱਖਦੇ ਆ ਰਹੇ ਸਨ। ਇਸ ਲਈ ਉਹ ਸਾਰਾ ਸਮਾਂ ਆਪਣੀ ਚੌਧਰ ਵਾਲੇ ਇਲਾਕੇ ਵਿੱਚ ਆਪਣੀ ਅੰਦਰੂਨੀ ਖੁਦ-ਮੁਖ਼ਤਿਆਰੀ ਨੂੰ ਮਾਣਦੇ ਆ ਰਹੇ ਸਨ ਪਰ ਗੁਰੂ-ਘਰ ਪ੍ਰਤੀ ਆਪਣੀ ਸ਼ਰਧਾ ਵੀ ਰੱਖਦੇ ਆ ਰਹੇ ਸਨ। ਜਦੋਂ ਗੁਰੂ ਸਾਹਿਬ ਭਦੌੜ ਤੋਂ ਰਵਾਨਾ ਹੋ ਕੇ ਦੀਨਾ-ਕਾਂਗੜ ਪਹੁੰਚੇ ਸਨ ਤਾਂ ਉਨ੍ਹਾਂ ਨੇ ਆਪਣੀ ਰਿਹਾਇਸ਼ ਤਾਂ ਆਪਣੇ ਅਨਿੰਨ ਸੇਵਕ ਭਾਈ ਦੇਸੂ ਤਰਖਾਣ ਦੇ ਘਰ ਰੱਖੀ ਸੀ। ਉਨ੍ਹਾਂ ਦੀ ਸਮੁੱਚੀ ਸਿੱਖ ਸੰਗਤ ਦੀ ਲੰਗਰ-ਪਾਣੀ ਵਲੋਂ ਸੇਵਾ ਲਖਮੀਰ ਤੇ ਸ਼ਮੀਰ ਧਾਲੀਵਾਲ ਚੌਧਰੀ ਹੀ ਕਰਦੇ ਰਹੇ ਸਨ। ਇਹ ਧਾਲੀਵਾਲ ਚੌਧਰੀ ਅੰਦਰੂਨੀ ਤੌਰ ’ਤੇ ਸਰਹਿੰਦ ਦੇ ਵਜ਼ੀਰ ਖਾਂ ਤੋਂ ਕਾਫੀ ਹੱਦ ਤੱਕ ਸੁਤੰਤਰ ਸਨ ਇਸ ਲਈ ਇੱਥੇ ਰਹਿੰਦਿਆਂ ਗੁਰੂ ਸਾਹਿਬ ਉੱਪਰ ਅਚਾਨਕ ਹਮਲਾ ਹੋਣ ਦਾ ਕੋਈ ਖ਼ਤਰਾ ਨਹੀਂ ਸੀ। ਇਹ ਗੱਲਾਂ *ਗੁਰੂ ਕੀਆਂ ਸਾਖੀਆਂ* ਵਿੱਚ ਸਪੱਸ਼ਟ ਰੂਪ ਵਿੱਚ

ਲਿਖੀਆਂ ਹੋਈਆਂ ਹਨ। ਗੁਰੂ ਕੀਆਂ ਸਾਖੀਆਂ ਵਿੱਚ ਲਿਖਿਆ ਹੈ: "ਗੁਰੂ ਭਦੌੜ ਗਾਂਉ ਸੇ ਵਿਦਾ ਹੋਇ ਦੀਨੇ ਗਾਮ ਮੇਂ ਭਾਈ ਦੇਸਾ ਸਿੰਘ ਤਣਖੇਟੇ ਸਿੱਖ ਕੇ ਚੌਬਾਰੇ ਮੇਂ ਆਇ ਆਸਨ ਲਾਇਆ। ਦੀਨਾ ਕਾਂਗੜ ਕਾ ਚੌਧਰੀ ਰਾਇ ਸ਼ਮੀਰ ਛੋਟੀ ਜਿਹੀ ਰਿਆਸਤ ਕਾ ਮਾਲਕ ਸੀ ਤੇ ਇਹ ਰਿਆਸਤ ਧਾਲੀਵਾਲ ਜਿੰਮੀਦਾਰਾਂ ਦੀ ਸੀ। ਇਸ ਚੌਧਰੀ ਕੇ ਦੋ ਲਘੂ ਭਾਈ-ਲਖਮੀਰ ਚੰਦ ਤੇ ਤਖ਼ਤ ਮੱਲ ਸਨ। ਏਸ ਘਰ ਕੋ ਸਿੱਖੀ ਕੀ ਲਾਗ ਛੇਵੇਂ ਸਤਿਗੁਰਾਂ ਕੇ ਸਮੇਂ ਸੇ ਲੱਗੀ ਹੂਈ ਥੀ।"[42] ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ: "ਗੁਰੂ ਸਾਹਿਬ ਜਦ ਦੀਨੇ ਪਿੰਡ ਪਹੁੰਚੇ ਤਾਂ ਰਾਇ ਜੋਧ ਦੇ ਪੋਤਰੇ ਲਖਮੀਰ ਤੇ ਸ਼ਮੀਰ ਚੌਧਰੀਆਂ ਨੇ ਗੁਰੂ ਸਾਹਿਬ ਨੂੰ (ਭਾਈ ਦੇਸੇ) ਤਖਾਣ ਸਿੱਖ ਦੇ ਘਰ ਚੌਬਾਰੇ ਵਿੱਚ ਠਹਿਰਾ ਕਰ ਬਹੁਤ ਸੇਵਾ ਕੀਤੀ।"[43]

ਇਸ ਗੱਲ ਦੀ ਜਾਣਕਾਰੀ ਮਿਲਦੀ ਹੈ ਕਿ ਗੁਰੂ ਸਾਹਿਬ ਨੇ ਦੀਨਾ-ਕਾਂਗੜ ਵਿਖੇ ਰਹਿੰਦਿਆਂ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ ਸੀ। ਇਸ ਬਾਰੇ ਅੱਗੇ ਜਾ ਕੇ ਜ਼ਫ਼ਰਨਾਮੇ ਵਾਲੇ ਪ੍ਰਸੰਗ ਨੂੰ ਬਿਆਨ ਕਰਦਿਆਂ ਲਿਖਿਆ ਜਾਵੇਗਾ। ਇੱਥੇ ਤਾਂ ਇਸ ਸਮੇਂ ਇਸ ਗੱਲ ਨੂੰ ਦੱਸਿਆ ਜਾ ਰਿਹਾ ਹੈ ਦੀਨਾਂ-ਕਾਂਗੜ ਵਿਖੇ ਖ਼ਬਰਾਂ ਪਹੁੰਚ ਗਈਆਂ ਸਨ ਕਿ ਸਰਹਿੰਦ ਤੋਂ ਇੱਕ ਬਹੁਤ ਤਕੜੀ ਸੈਨਾ ਗੁਰੂ ਸਾਹਿਬ ਦਾ ਪਿੱਛਾ ਕਰਦੀ ਹੋਈ ਪਹੁੰਚ ਰਹੀ ਹੈ। ਗੁਰੂ ਸਾਹਿਬ ਇਨ੍ਹਾਂ ਚੌਧਰੀ ਜੱਟਾਂ ਲਈ ਕਿਸੇ ਤਰ੍ਹਾਂ ਦਾ ਕੋਈ ਧਰਮ-ਸੰਕਟ ਪੈਦਾ ਨਹੀਂ ਕਰਨਾ ਚਾਹੁੰਦੇ ਸਨ। ਇਸ ਲਈ ਉਹ ਕਿਸੇ ਅਜਿਹੀ ਥਾਂ ਦੀ ਤਲਾਸ਼ ਵਿੱਚ ਚੱਲ ਪਏ ਸਨ ਜਿਹੜੀ ਇੱਕ ਤਾਂ ਲੜਾਈ ਦੀ ਨੀਤੀ ਪੱਖੋਂ ਸਹਾਈ ਹੁੰਦੀ ਹੋਵੇ ਤੇ ਦੂਜਾ ਉਹ ਕਿਸੇ ਚੌਧਰੀ ਦੀ ਰਿਆਸਤ ਨਾ ਹੋਵੇ। ਦੀਨਾ-ਕਾਂਗੜ ਵਿਖੇ ਗੁਰੂ ਸਾਹਿਬ ਦੇ ਕੋਲ ਬਹੁਤ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਇਕੱਠੀਆਂ ਹੋ ਗਈਆਂ ਸਨ। ਗਿਆਨੀ ਗਿਆਨ ਸਿੰਘ ਲਿਖਦਾ ਹੈ "ਦੀਨੇ ਪਿੰਡ ਗੁਰੂ ਜੀ ਦਾ ਪਹੁੰਚਣਾ ਸੁਣ ਕੇ ਮਾਲਵੇ ਦੇਸ ਦੇ ਸਿੱਖ ਨਜ਼ਰ ਭੇਟ ਦਸਵੰਧ ਦੀ ਦੌਲਤ ਲੈ ਕੇ ਦਰਸ਼ਨ ਨੂੰ ਆਉਣ ਲਗੇ। ਫੇਰ ਭਾਈ ਰੂਪੇ ਤਖਾਣ ਦੇ ਪੋਤ੍ਰੇ ਧਰਮ ਸਿੰਘ, ਪਰਮ ਸਿੰਘ ਏਹ ਦੋਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਸਸਤ੍ਰ ਬਖਸ਼ੇ ਹੋਏ ਲੈ ਕੇ ਆਏ ਤੇ ਹੋਰ ਨਜ਼ਰ ਭੇਟਾ ਸਮੇਤ ਗੁਰੂ ਜੀ ਨੂੰ ਅਰਪਣ ਕਰ ਦਿੱਤੇ। ਜਿੰਨ੍ਹਾਂ ਨੂੰ ਦੇਖ ਕੇ ਗੁਰੂ ਸਾਹਿਬ ਬਹੁਤ ਖੁਸ਼ ਹੋਏ। ਜਦ ਮਾਲਵੇ ਦੇਸ਼ ਵਿੱਚ ਖ਼ਬਰਾਂ ਹੋਈਆਂ ਤਾਂ ਬੈਰਾੜ ਤੇ ਫੂਲ ਕੇ, ਧਾਲੀਵਾਲ, ਗਿੱਲ, ਚਾਹਲ, ਰੰਧਾਵੇ, ਕਾਲੇ, ਮਾਨ, ਮਾਹਲ, ਦੁੱਲਟ ਆਦਿਕ ਦੇਸੀ ਜਿੰਮੀਦਾਰ ਤੇ ਭਾਈ ਬਹਿਲੋ, ਭਗਤੂ, ਭਾਈ ਮੂਲ ਚੰਦ, ਭੂੰਦੜ, ਸੰਤਾ,

---

42 *ਉਹੀ*, ਪੰਨਾ-155.

43 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ-335.

ਰਤਨਾ ਆਦਿਕ ਸੰਗਤਾਂ ਨੂੰ ਨਾਲ ਲੈ ਕੇ ਗੁਰੂ ਸਾਹਿਬ ਪਾਸ ਆਉਂਦੇ ਭਾਏ, ਸਸਤ੍ਰ ਬਸਤ੍ਰ ਘੋੜੇ ਪਦਾਰਥ ਬਹੁਤ ਚੜ੍ਹਾਏ। ਫੇਰ ਆਨੰਦਪੁਰ ਵਾਂਗ ਗੁਰੂ ਪਾਸ ਫ਼ੌਜ ਤੇ ਸੰਗਤ ਰਹਿਣ ਲੱਗੀ।"[44]

ਗਿਆਨ ਸਿੰਘ ਅੱਗੇ ਲਿਖਦਾ ਹੋਇਆ ਦੱਸ ਰਿਹਾ ਹੈ, "ਓਸੇ ਸਮੇਂ ਭਰੋਵਾਲ ਬਖਸ਼ਾ ਸਿੰਘ ਆਦਿਕ ਕਲਾਲ ਸਿੱਖਾਂ ਨੇ ਰਾਤੋ ਰਾਤ ਆ ਕਰ ਗੁਰੂ ਸਾਹਿਬ ਨੂੰ ਖਬਰ ਦਿੱਤੀ ਕਿ ਸੂਬਾ ਸਰਹਿੰਦ ਵਾਲਾ ਆਪ ਨੂੰ ਫੜਨ ਵਾਸਤੇ ਫ਼ੌਜ ਲਈ ਆਉਂਦਾ ਹੈ। ਗੁਰੂ ਸਾਹਿਬ ਦੇ ਪੁੱਛਣੇ ਪਰ ਸਰਦਾਰ ਕਪੂਰੇ ਨੇ ਆਖਯਾ ਕਿ ਏਥੋ ਪੰਦ੍ਰਾਂ-ਬੀਸ ਕੋਸ ਖਿਦਰਾਣੇ ਦੀ ਢਾਬ ਦੇ ਬਿਨਾ ਹੋਰ ਕਿਤੇ ਵੀ ਦਸ ਦਸ ਕੋਸ ਚੁਫੇਰੇ ਪਾਣੀ ਨਹੀਂ ਹੈ। ਸੋ ਤੁਸੀਂ ਢਾਬ ਰੋਕ ਲਓਂਗੇ ਤਾਂ ਤੁਰਕ ਤਿਹਾਏ ਮਰਦੇ ਆਪੇ ਮੁੜ ਜਾਣਗੇ।"[45] ਇਸ ਲਈ ਗੁਰੂ ਸਾਹਿਬ ਆਪਣੇ ਪੂਰੇ ਲਾਓ-ਲਸ਼ਕਰ ਨਾਲ ਸਭ ਤੋਂ ਪਹਿਲਾਂ ਖਿਦਰਾਣੇ ਦੀ ਢਾਬ 'ਤੇ ਜਾ ਕਾਬਜ਼ ਹੋਏ। ਪਿੱਛੇ ਹੀ ਮੁਗ਼ਲ ਫ਼ੌਜਾਂ ਵੀ ਖਿਦਰਾਣੇ ਦੀ ਢਾਬ 'ਤੇ ਪਹੁੰਚ ਗਈਆਂ ਸਨ। ਉੱਥੇ ਸਵਾ ਪਹਿਰ ਤਕ ਦੋਹਾਂ ਧਿਰਾਂ ਵਿੱਚ ਖੂਬ ਗਹਿ-ਗੱਚ ਲੜਾਈ ਹੋਈ।[46] ਕਪੂਰਾ ਬਰਾੜ ਮੁਗ਼ਲ ਫ਼ੌਜ ਨਾਲ ਸੀ। ਮੁਗ਼ਲ ਫ਼ੌਜਾਂ ਨੇ ਕਪੂਰੇ ਬਰਾੜ ਕੋਲੋਂ ਖਿਦਰਾਣੇ ਦੇ ਢਾਬ ਤੋਂ ਇਲਾਵਾ ਹੋਰ ਕਿਸੇ ਢਾਬ ਬਾਰੇ ਪੁੱਛਿਆ। ਕਪੂਰੇ ਨੇ ਜਵਾਬ ਦਿੰਦਿਆ ਦੱਸਿਆ ਕਿ ਅੱਗੇ ਤੀਹ ਕੋਹ (ਸਵਾ ਸੌ ਕਿਲੋਮੀਟਰਾਂ) ਤੱਕ ਅਤੇ ਪਿੱਛੇ ਦਸ ਕੋਹਾਂ (40 ਕਿਲੋਮੀਟਰ) ਤੱਕ ਕਿਤੇ ਪਾਣੀ ਵਾਲੀ ਢਾਬ ਨਹੀਂ ਹੈ। ਇਹ ਸੁਣ ਕੇ ਮੁਗ਼ਲ ਫ਼ੌਜਾਂ ਦੇ ਹੌਂਸਲੇ ਹੋਰ ਜ਼ਿਆਦਾ ਢਹਿ-ਢੇਰੀ ਹੋ ਗਏ ਸਨ। ਮੁਗ਼ਲ ਫ਼ੌਜ ਬਹੁਤ ਬੁਰੀ ਤਰ੍ਹਾਂ ਸਿੰਘਾਂ ਨਾਲ ਉਲਝੀ ਪਈ ਸੀ। ਕਵੀ ਸੈਨਾਪਤਿ ਲਿਖਦਾ ਹੈ ਕਿ ਮੁਗ਼ਲ ਸੈਨਾ ਉੱਪਰ ਸਿੰਘਾਂ ਦੇ ਜੱਥੇ ਨੇ ਚਾਰੇ ਪਾਸਿਆਂ ਤੋਂ ਹਮਲਾ ਕਰ ਦਿੱਤਾ ਮੁਗ਼ਲ ਸੈਨਾ ਮੈਦਾਨ ਵਿਚੋਂ ਹਾਰ ਕੇ ਭੱਜ ਗਈ ਸੀ। ਸੈਨਾਪਤਿ ਨੇ ਖਿਦਰਾਣੇ ਦੀ ਲੜਾਈ ਦਾ ਹਾਲ ਵਰਨਣ ਕੀਤਾ ਹੈ।[47]

ਮਾਲਵਾ ਦੇਸ ਰਟਣ ਦੀ ਸਾਖੀ ਪੋਥੀ ਵਿੱਚ ਦੱਸਿਆ ਗਿਆ ਹੈ ਕਿ ਦੁਸ਼ਮਣ ਦੀ ਫ਼ੌਜ ਦੇ ਢਾਈ ਸੌ ਸਿਪਾਹੀ ਮਾਰੇ ਗਏ ਸਨ ਅਤੇ ਦੂਜੇ ਪਾਸੇ ਚਾਲੀ ਸਿੰਘ ਸ਼ਹੀਦ ਹੋਏ ਸਨ। ਗੁਰੂ ਸਾਹਿਬ ਨੇ ਪਹਿਲਾਂ ਸ਼ਹੀਦ

---

44 *ਉਹੀ*, ਪੰਨਾ-335.

45 *ਉਕਤ*, ਪੰਨਾ-337.

46 ਕੋਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968, ਪੰਨਾ-226, ਬੰਦ 66.

47 ਸੈਨਾਪਤਿ, *ਸ੍ਰੀ ਗੁਰ ਸੋਭਾ*, ਧਿਆਏ ਤੇਰਵਾਂ, ਬੰਦ 9-13, ਪੰਨੇ 86-87.

ਹੋਏ ਅਤੇ ਜ਼ਖ਼ਮੀ ਹੋਏ ਸਿਪਾਹੀਆਂ ਤੇ ਸਿੰਘਾਂ ਦੀ ਤਲਾਸ਼ ਕੀਤੀ ਅਤੇ ਪਿੱਛੋਂ ਸਭ ਸ਼ਹੀਦਾਂ ਨੂੰ ਉਨ੍ਹਾਂ ਦੇ ਰਸਮਾਂ-ਰਿਵਾਜ਼ਾਂ ਮੁਤਾਬਕ, ਦਫ਼ਨਾਇਆ ਅਤੇ ਸਸਕਾਰਿਆ ਗਿਆ ਸੀ।[48]

ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਅੰਤਿਮ ਸਸਕਾਰ ਕਰਨ ਪਿੱਛੋਂ ਸਮੂਹ ਸਿੱਖ ਸੰਗਤਾਂ ਦੇ ਦੀਵਾਨ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਇਹ ਢਾਬ ਹੁਣ ਸਾਡੇ ਲਈ ਮੁਕਤੀ ਦਾ ਸੋਮਾ ਬਣ ਗਈ ਹੈ। ਇਸ ਲਈ ਇਸ ਨੂੰ ਹੁਣ ਖਿਦਰਾਣੇ ਦੀ ਢਾਬ ਨਹੀਂ ਸਗੋਂ ਮੁਕਤੀ ਦਾ ਸਰੋਵਰ-ਮੁਕਤਸਰ ਕਿਹਾ ਜਾਣਾ ਚਾਹੀਦਾ ਹੈ।[49]

ਖਿਦਰਾਣੇ ਦੀ ਢਾਬ ਉਪਰ ਲੜੀ ਗਈ ਲੜਾਈ ਦੀਆਂ ਕੁਝ ਗੱਲਾਂ ਇਤਿਹਾਸਕ ਤੌਰ ’ਤੇ ਬਹੁਤ ਮਹੱਤਵਪੂਰਨ ਹਨ। ਪਹਿਲੀ ਗੱਲ ਇਹ ਲੜਾਈ ਗੁਰੂ ਸਾਹਿਬ ਦੇ ਜੀਵਨ ਦੀ ਆਖਰੀ ਲੜਾਈ ਸਾਬਤ ਹੋਈ ਸੀ। ਇਸ ਦਾ ਦੂਜਾ ਭਾਵ ਇਹ ਹੈ ਆਨੰਦਪੁਰ ਸਾਹਿਬ ਦੀ ਜਿਹੜੀ ਜੰਗ ਖ਼ਾਲਸਾ ਦੀ ਸਾਜਨਾ ਬਾਅਦ 1700 ਈਸਵੀ ਦੇ ਅੱਧ ਵਿੱਚ ਸ਼ੁਰੂ ਹੋਈ ਸੀ ਉਹ ਚਲਦੀ ਹੋਈ, ਆਨੰਦਪੁਰ ਨੂੰ ਖਾਲੀ ਕਰਨ ਤੋਂ ਲੈ ਕੇ ਚਮਕੌਰ ਦੀ ਗੜ੍ਹੀ ਵਿੱਚੋਂ ਦੀ ਲੰਘਦੀ ਹੋਈ ਖਿਦਰਾਣੇ ਦੀ ਢਾਬ ਤੱਕ ਪਹੁੰਚ ਗਈ ਸੀ। ਇਸ ਲੜਾਈ ਵਿੱਚ ਗੁਰੂ ਸਾਹਿਬ ਦੀ ਜਿੱਤ ਹੋਈ ਸੀ। ਇਸ ਲੜਾਈ ਤੋਂ ਪਹਿਲਾਂ ਸਿਰਫ਼ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਮਾਲਵਾ ਵਿੱਚ ਗੁਰੂਸਰ ਮਹਿਰਾਜ (ਨਥਾਣਾ) ਦੇ ਅਸਥਾਨ ’ਤੇ ਮੁਗਲਾਂ ਨਾਲ ਲੜੀ ਗਈ ਲੜਾਈ ਵਿੱਚ ਫਤਿਹ ਪ੍ਰਾਪਤ ਕੀਤੀ ਸੀ। ਖਿਦਰਾਣੇ ਦੀ ਢਾਬ ਉੱਪਰ ਲੜੀ ਗਈ ਲੜਾਈ ਵਿੱਚ ਗੁਰੂ ਸਾਹਿਬ ਦੀ ਫਤਿਹ ਹੋਈ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਮਾਲਵਾ ਸਿੱਖ ਧਰਮ ਦਾ ਗੜ੍ਹ ਬਣ ਗਿਆ ਸੀ। ਇੱਥੋਂ ਦੇ ਜੱਟ ਕਬੀਲੇ, ਸਿੱਖ ਗੁਰੂ ਸਾਹਿਬਾਨ ਵੱਲੋਂ ਪਰਚਾਰ ਕਰ ਕੇ, ਇਕ ਬੱਝਵੀਂ ਤਾਕਤ ਵਿੱਚ ਪਰੋ ਦਿੱਤੇ ਗਏ ਸਨ।

ਤੀਜੀ ਗੱਲ ਇਸ ਲੜਾਈ ਦੀ ਮਿਤੀ ਅਤੇ ਸਾਲ ਬਾਰੇ ਹੈ। ਇਸ ਵਿੱਚ ਵਿਵਾਦ ਇਹ ਕਿ ਕੁਝ ਲਿਖਤਾਂ ਵਿੱਚ ਇਸ ਲੜਾਈ ਦੀ ਮਿਤੀ 30 ਪੋਹ, ਸੰਮਤ 1762 ਬਿਕਰਮੀ ਮੁਤਾਬਕ 13-14 ਜਨਵਰੀ, 1706 ਈਸਵੀ ਦਿੱਤੀ ਗਈ ਹੈ। ਇਸ ਦਾ ਮੁੱਖ ਸਰੋਤ ਗੁਰੂ ਕੀਆਂ ਸਾਖੀਆਂ ਹਨ।[50] ਕੁਝ ਲਿਖਤਾਂ ਵਿੱਚ

---

48 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਅੰਮ੍ਰਿਤਸਰ, 1963, ਪੰਨੇ 55-57.

49 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ* (ਪੱਥਰ ਛਾਪ), ਸਿਆਲਕੋਟ, 1891 ਈ., ਪੰਨੇ 339-40.

50 ਸਰੂਪ ਸਿੰਘ ਕੋਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪਟਿਆਲਾ, 1996, ਪੰਨਾ-163.

ਇਸ ਦੀ ਮਿਤੀ 21 ਵਿਸਾਖ, ਸੰਮਤ 1762 ਬਿਕਰਮੀ ਮੁਤਾਬਕ ਮਈ, 1705 ਈਸਵੀ ਦਾ ਸਾਲ ਲਿਖਿਆ ਹੈ। ਗਿਆਨੀ ਗਿਆਨ ਸਿੰਘ ਇਸ ਮਿਤੀ ਦਾ ਮੁੱਖ ਸਰੋਤ ਹੈ।[51]

ਅਖੀਰਲੀ 'ਤੇ ਚੌਥੀ ਗੱਲ ਇਸ ਲੜਾਈ ਦੀ ਇਹ ਹੈ ਕਿ ਇਸ ਵਿੱਚ ਗੁਰੂ ਸਾਹਿਬ ਦੀ ਜਿੱਤ ਹੋਈ ਸੀ। ਪੂਰੇ ਜੇਤੂ-ਅੰਦਾਜ਼ ਵਿੱਚ ਗੁਰੂ ਸਾਹਿਬ ਖਿਦਰਾਣੇ ਦੀ ਢਾਬ ਤੋਂ ਤਲਵੰਡੀ ਸਾਬੋ ਵਿਖੇ ਆਏ ਸਨ ਅਤੇ ਜੇਤੂ-ਅੰਦਾਜ਼ ਵਿੱਚ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ ਸੀ। ਇਸ ਬਾਰੇ ਕਵੀ ਸੈਨਾਪਤਿ ਨੇ ਆਪਣੀ ਲਿਖਤ *ਸ੍ਰੀ ਗੁਰ ਸੋਭਾ* ਵਿੱਚ ਲਿਖਿਆ ਹੈ:

ਭਾਜਿ ਤੁਰਕਾਨ ਮੈਦਾਨ ਛੋਡੈ ਤਬੈ ਖੇਤ ਸਿੰਘਾਨ ਕੇ ਹਾਥ ਆਯੋ।
ਕੀਉ ਬੀਚਾਰ ਕਰਤਾਰ ਮਨ ਮੈ ਇਤੋ ਸ਼ਾਹ ਕੋ ਭੇਦ ਚਹੀਯੈ ਸੁਨਾਯੋ।[52]

ਇਸ ਲਈ ਅੱਗੇ ਖਿਦਰਾਣੇ ਦੀ ਢਾਬ ਤੋਂ ਲੈ ਕੇ ਤਲਵੰਡੀ ਸਾਬੋ ਤੱਕ ਪਹੁੰਚਣ ਦੀ ਸੰਖੇਪ ਜਾਣਕਾਰੀ ਦਿੱਤੀ ਜਾਂਦੀ ਹੈ।

ਖਿਦਰਾਣੇ ਦੀ ਢਾਬ ਤੋਂ ਤਲਵੰਡੀ ਸਾਬੋ ਨੂੰ ਆਉਂਦਿਆਂ ਗੁਰੂ ਸਾਹਿਬ ਕਿਹੜੇ ਕਿਹੜੇ ਪਿੰਡਾਂ ਵਿੱਚੋਂ ਦੀ ਲੰਘ ਕੇ ਆਏ ਸਨ ਇਸ ਬਾਰੇ ਸਪੱਸ਼ਟ ਜਾਣਕਾਰੀ ਨਹੀਂ ਮਿਲਦੀ ਪਰ ਮਾਲਵਾ ਦੇਸ ਰਟਨ ਦੀ ਸਾਖੀ ਪੋਥੀ ਵਿੱਚ ਜਿਸ ਤਰ੍ਹਾਂ ਦੀ ਜਾਣਕਾਰੀ ਦਿੱਤੀ ਹੈ ਉਸ ਅਨੁਸਾਰ ਰਸਤੇ ਵਿੱਚ ਕਈ ਅਜਿਹੇ ਸਾਧ ਸੰਤ ਵੀ ਗੁਰੂ ਸਾਹਿਬ ਨੂੰ ਮਿਲਣ ਲਈ ਆਏ ਸਨ। ਇਨ੍ਹਾਂ ਸਾਧ-ਸੰਤਾਂ ਨੇ ਜਦੋਂ ਇਹ ਸੁਣਿਆ ਸੀ ਗੁਰੂ ਗੋਬਿੰਦ ਸਿੰਘ ਜਿਹੜੇ ਅਜੇ ਛੋਟੀ ਉਮਰ ਦੇ ਅਤੇ ਗੁਰੂ ਨਾਨਕ ਦੀ ਗੱਦੀ ਦੇ ਵਾਰਿਸ ਹਨ, ਉਨ੍ਹਾਂ ਨੇ ਮੁਗ਼ਲ ਹਕੂਮਤ ਨਾਲ ਲੜਾਈ ਕਰਕੇ ਮੁਗ਼ਲ ਸੈਨਾ ਨੂੰ ਹਰਾ ਦਿੱਤਾ ਹੈ। ਇਸ ਕਰਕੇ ਉਹ ਗੁਰੂ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਇਸ ਤਰ੍ਹਾਂ ਦੀ ਇੱਕ ਸਾਖੀ ਮਾਲਵਾ ਦੇਸ ਦੀ ਸਾਖੀ ਪੋਥੀ ਵਿੱਚ ਦਿੱਤੀ ਗਈ ਹੈ। ਇਸ ਸੰਤ ਨੂੰ ਚਿਰੰਜੀਵੀ ਸੰਤ ਕਿਹਾ ਗਿਆ ਹੈ। ਇਸ ਨੇ ਕਾਫੀ ਲੰਮਾ ਸਮਾਂ ਤਪੱਸਿਆ ਕੀਤੀ ਹੋਈ ਸੀ। ਇਹ ਗੁਰੂ ਸਾਹਿਬ ਦੇ ਦਰਸ਼ਨ ਕਰਦਿਆਂ ਗੁਰੂ ਸਾਹਿਬ ਦਾ ਸਿੱਖ ਬਣ ਗਿਆ ਸੀ।[53]

ਸਾਖੀ ਪੋਥੀ ਵਿੱਚ ਇੱਕ ਹੋਰ ਪਿੰਡ ਦਾ ਨਾਂ ਨੌਥੇਹਾ ਲਿਖਿਆ ਹੈ। ਇੱਥੇ ਹਰੀਕੇ ਜੱਟਾਂ ਦਾ ਵਸੇਬਾ ਸੀ। ਇਨ੍ਹਾਂ ਹਰੀਕਿਆਂ ਨੇ ਖਿਦਰਾਣੇ ਦੀ ਲੜਾਈ ਵਿੱਚ ਬਹੁਤ ਸਹਾਇਤਾ ਕੀਤੀ ਸੀ। ਗੁਰੂ ਸਾਹਿਬ ਨੇ ਇਨ੍ਹਾਂ

---

51 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ-339.

52 ਸੈਨਾਪਤਿ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਧਿਆਏ ਤੇਰਵਾਂ, ਬੰਦ 13ਵਾਂ, ਪੰਨਾ-87.

53 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨੇ 58-59.

ਦੀ ਵਫ਼ਾਦਾਰੀ ਤੋਂ ਖੁਸ਼ ਹੋ ਕੇ ਇਨ੍ਹਾਂ ਨੂੰ ਕਿਹਾ ਸੀ ਉਹ ਜਿਨ੍ਹਾਂ ਚਿਰ ਇੱਥੇ ਰਹਿਣਗੇ ਉੰਨਾ ਚਿਰ ਹਰੀਕਿਆਂ ਨੇ ਹੀ ਸਾਰੇ ਪਹਿਰੇ ਦੇਣੇ ਹਨ। ਇਨ੍ਹਾਂ ਹਰੀਕਿਆਂ ਨਾਲ ਡੋਗਰ ਵੀ ਰਹਿੰਦੇ ਸਨ। ਇਹ ਡੋਗਰ ਖਿਦਰਾਣੇ ਦੀ ਲੜਾਈ ਵਿੱਚ ਸ਼ਾਮਲ ਸਨ। ਇਉਂ ਲੱਗਦਾ ਹੈ ਗੁਰੂ ਸਾਹਿਬ ਆਪਣੀ ਹਰ ਹਿਮਾਇਤੀ ਧਿਰ ਦੇ ਪਿੰਡਾਂ ਵਿੱਚ ਜਾ ਕੇ ਉੱਥੋਂ ਦੇ ਲੋਕਾਂ ਦਾ ਧੰਨਵਾਦ ਕਰਦੇ ਸਨ ਅਤੇ ਉੱਥੋਂ ਦੇ ਚੌਧਰੀਆਂ ਨੂੰ ਦੇ ਲੋਕਾਂ ਦੇ ਸਾਹਮਣੇ ਸਨਮਾਨਿਤ ਕਰਦੇ ਸਨ। ਹਰੀਕੇ ਅਤੇ ਡੋਗਰਾਂ ਦਾ ਬਿਰਤਾਂਤ ਸਾਖੀ ਪੋਥੀ ਵਿੱਚ ਦਿੱਤਾ ਹੈ।[54] ਇਸ ਤਰ੍ਹਾਂ ਇੱਕ ਥਾਂ 'ਤੇ ਡੇਰਾ ਗੁਰੂ ਸਾਹਿਬ ਦਾ ਇੱਕ ਰੋਹੀ ਵਿਚਕਾਰ ਕੀਤਾ ਗਿਆ ਸੀ। ਰੋਹੀ ਵਿੱਚ ਡੇਰਾ ਕਰਨ ਦਾ ਮਤਲਬ ਸੀ ਇੱਥੋਂ ਦਾ ਵਿਸ਼ਾਲ ਖੇਤਰ ਬੰਜਰ-ਬੀਆਬਾਨ ਸੀ। ਰਸਤਾ ਲੰਮਾ ਸੀ ਅਤੇ ਪਿੰਡਾਂ ਦੀ ਇੱਕ-ਦੂਜੇ ਤੋਂ ਦੂਰੀ ਜ਼ਿਆਦਾ ਸੀ। ਇੱਕ ਦਿਨ ਵਿੱਚ ਦੂਸਰੇ ਪਿੰਡ ਪਹੁੰਚਿਆ ਨਹੀਂ ਜਾਂਦਾ ਸੀ। ਇਸ ਕਰਕੇ ਰੋਹੀ-ਬੀਆਬਾਨ ਵਿੱਚ ਇੱਕ ਰਾਤ ਦਾ ਠਹਿਰਾਅ ਕੀਤਾ ਗਿਆ ਸੀ।[55]

ਅਗਲਾ ਪਿੰਡ ਬਜੀਦਪੁਰ ਸੀ। ਇੱਥੇ ਦਾ ਤਿੱਤਰ ਸਿੰਘ ਨਾਂ ਦਾ ਜੱਟ ਚੌਧਰੀ ਸੀ। ਇਸ ਨੇ ਆਪਣੇ ਆਦਮੀਆਂ ਨਾਲ ਲੜਾਈ ਵਿੱਚ ਭਾਗ ਲਿਆ ਅਤੇ ਸ਼ਹੀਦ ਹੋ ਗਿਆ ਸੀ। ਗੁਰੂ ਸਾਹਿਬ ਨੇ ਤਿੱਤਰ ਸਿੰਘ ਦੀ ਬਹਾਦਰੀ ਦੀਆਂ ਗੱਲਾਂ ਭਾਈ ਦਾਨ ਸਿੰਘ ਅਸਪਾਲਾਂ ਵਾਲੇ ਨੂੰ ਸੁਣਾਈਆਂ ਸਨ ਜਿਹੜਾ ਗੁਰੂ ਸਾਹਿਬ ਦੇ ਨਾਲ ਘੋੜੇ ਉਪਰ ਚੜ੍ਹਿਆ ਜਾ ਰਿਹਾ ਸੀ। ਰੁਮਾਣੇ ਪਿੰਡ ਦਾ ਚੌਧਰੀ ਮੁਗਲਾਂ ਵੱਲੋਂ ਲੜਦਾ ਹੋਇਆ ਖਿਦਰਾਣੇ ਦੀ ਲੜਾਈ ਵਿੱਚ ਮਾਰਿਆ ਗਿਆ ਸੀ। ਪਿੰਡ ਦੇ ਲੋਕ ਇਸ ਚੌਧਰੀ ਨੂੰ ਪਿੰਡ ਦਾ ਘੋਘੜ ਕਹਿੰਦੇ ਸਨ ਕਿਉਂਕਿ ਇਹ ਬਹੁਤ ਮਾੜੇ ਸੁਭਾਅ ਵਾਲਾ ਸੀ। ਜਦੋਂ ਗੁਰੂ ਸਾਹਿਬ ਰੋਮਾਣਾ ਆਏ ਸਨ ਤਾਂ ਉਨ੍ਹਾਂ ਨੇ ਲੋਕਾਂ ਨੂੰ ਕਿਹਾ ਸੀ ਤੁਹਾਡੇ ਘੋਘੜ ਦੁਸ਼ਟ ਨੂੰ ਲੜਾਈ ਵਿੱਚ ਮਾਰ ਦਿੱਤਾ ਗਿਆ ਹੈ। ਲੋਕਾਂ ਨੇ ਕਿਹਾ ਚੰਗਾ ਹੋਇਆ ਉਸ ਦੁਸ਼ਟ ਦੀ ਜੂਨ ਕੱਟੀ ਗਈ। ਉਹ ਪਿੰਡ ਦੀਆਂ ਧੀਆਂ ਭੈਣਾਂ ਵੱਲ ਬਹੁਤ ਬੁਰੀ ਨਜ਼ਰ ਰੱਖਦਾ ਸੀ। ਇਹ ਸਾਖੀਆਂ ਸਾਖੀ ਪੋਥੀ ਵਿੱਚ ਕਿਸੇ ਹੋਰ ਤਰ੍ਹਾਂ ਦਿੱਤੀਆਂ ਗਈਆਂ ਹਨ ਪਰ ਇਨ੍ਹਾਂ ਦਾ ਭਾਵ ਇਹੋ ਹੀ ਨਿਕਲਦਾ ਹੈ।[56]

ਸਾਖੀ ਪੋਥੀ ਅਨੁਸਾਰ ਗੁਰੂ ਸਾਹਿਬ ਪਿੰਡ ਭੂੰਦੜ ਗਏ ਸਨ। ਇੱਥੇ ਭੂੰਦੜ ਨਾਂ ਦਾ ਪੁਰਾਣਾ ਪਰਚਾਰਕ ਰਹਿੰਦਾ ਸੀ। ਇਸ ਦੇ ਨਾਂ 'ਤੇ ਪਿੰਡ ਦਾ ਨਾਂ ਭੂੰਦੜ ਪ੍ਰਚੱਲਿਤ ਹੋ ਗਿਆ ਸੀ। ਇਸ ਤੋਂ ਅੱਗੇ ਕਾਲ-

---

54 *ਉਹੀ*, ਪੰਨੇ 60-61.

55 *ਉਹੀ*, ਪੰਨਾ-62.

56 *ਉਹੀ*, ਪੰਨੇ 62-65.

ਝਿਰਾਣੀ ਪਿੰਡ ਵਿੱਚ ਗਏ ਸਨ। ਉਸ ਪਿੰਡ ਦੇ ਛਿਪਦੇ ਪਾਸੇ ਢਾਬ ਸੀ। ਇਸ ਢਾਬ ਦੇ ਆਲੇ-ਦੁਆਲੇ ਕੰਡਿਆਂ ਵਾਲੇ ਸੰਘਣੇ ਝਾੜ ਸਨ। ਗੁਰੂ ਸਾਹਿਬ ਨੇ ਇਸੇ ਢਾਬ ਦੇ ਕਿਨਾਰੇ ਆਪਣਾ ਡੇਰਾ ਲਗਾਇਆ ਸੀ। ਇਸ ਤੋਂ ਅੱਗੇ ਡੇਰਾ ਗੁਰੂ ਸਰ ਸੋਢੀਆ ਵਿਖੇ ਕੀਤਾ। ਸਾਰੇ ਬਰਾੜ ਜੱਟ ਗੁਰੂ ਸਾਹਿਬ ਦੇ ਨਾਲ ਸਨ। ਇਸ ਤੋਂ ਅੱਗੇ ਡੇਰਾ ਛੱਤਿਆਣੇ ਕੀਤਾ। ਇੱਥੇ ਪਿੰਡ ਦੇ ਚੜ੍ਹਦੇ ਵੱਲ ਇੱਕ ਬਹੁਤ ਵੱਡਾ ਉੱਚਾ ਟਿੱਬਾ ਸੀ। ਇਸ ਟਿੱਬੇ ਉੱਪਰ ਡੇਰਾ ਕੀਤਾ ਗਿਆ ਸੀ। ਛੱਤਿਆਣੇ ਪਿੰਡ ਵਿਖੇ ਸਿੱਖ ਸੰਗਤਾਂ ਦਾ ਬਹੁਤ ਚੜ੍ਹਾਵਾ ਚੜ੍ਹ ਗਿਆ ਸੀ। ਜੱਟ ਜਿਮੀਦਾਰ ਨਜ਼ਰਾਨੇ ਲੈ ਕੇ ਮਿਲੇ ਸਨ। ਇਲਾਕੇ ਦੇ ਲੋਕ ਦਾਨ ਸਿੰਘ ਬਰਾੜ ਦੀ ਚੌਧਰ ਦੇ ਵਸਨੀਕ ਸਨ। ਉਹ ਸਾਰੇ ਆਪੋ-ਆਪਣੇ ਨਜ਼ਰਾਨੇ ਲੈ ਕੇ ਦਾਨ ਸਿੰਘ ਬਰਾੜ ਅਤੇ ਗੁਰੂ ਸਾਹਿਬ ਨੂੰ ਪੇਸ਼ ਕਰਦੇ ਸਨ। ਦਾਨ ਸਿੰਘ ਬਰਾੜ ਨੇ ਆਪਣੇ ਲੋਕਾਂ ਨੂੰ ਕਿਹਾ ਉਹ ਸਾਰੇ ਨਜ਼ਰਾਨੇ ਗੁਰੂ ਸਾਹਿਬ ਅੱਗੇ ਪੇਸ਼ ਕਰਨ। ਇਸ ਲਈ ਚੜ੍ਹਾਵਾ ਬਹੁਤ ਵੱਡੀ ਮਾਤਰਾ ਵਿੱਚ ਇਕੱਠਾ ਹੋ ਗਿਆ ਸੀ। ਗੁਰੂ ਸਾਹਿਬ ਨੇ ਸਿੱਖ ਮੁਖੀਆਂ ਨੂੰ ਹੁਕਮ ਕੀਤਾ ਕਿ ਇਹ ਸਾਰਾ ਚੜ੍ਹਾਵਾ ਉਨ੍ਹਾਂ ਸਿੱਖਾਂ ਵਿੱਚ ਵੰਡ ਦਿੱਤਾ ਜਾਵੇ ਜਿਨ੍ਹਾਂ ਨੇ ਖਿਦਰਾਣੇ ਦੀ ਲੜਾਈ ਵਿੱਚ ਭਾਗ ਲਿਆ ਸੀ। ਗੁਰੂ ਸਾਹਿਬ ਨੇ ਸਾਰੇ ਬਰਾੜਾਂ ਨੂੰ ਬੁਲਾਇਆ ਅਤੇ ਸਭ ਨੂੰ ਉਨ੍ਹਾਂ ਦੇ ਹਿੱਸੇ ਮੁਤਾਬਕ ਪੈਸੇ ਵੰਡ ਦਿੱਤੇ ਸਨ।[57]

ਫਿਰ ਛੱਤਿਆਣੇ ਤੋਂ ਦਾਨ ਸਿੰਘ ਬਰਾੜ ਦੇ ਪਿੰਡ ਮਹਿਮਾ ਸਰਜਾ ਹੁੰਦੇ ਹੋਏ ਕੋਟ ਸਾਹਿਬ ਚੰਦ ਗਏ ਸਨ। ਕੋਟ ਸਾਹਿਬ ਚੰਦ ਵਿਖੇ ਇੱਕ ਬਹੁਤ ਵੱਡਾ ਬਣਾਂ ਦਾ ਝੁੰਡ (ਮਾਲ੍ਹ) ਸੀ। ਇਸ ਦੇ ਹੇਠ ਗੁਰੂ ਸਾਹਿਬ ਨੇ ਡੇਰਾ ਕੀਤਾ ਸੀ। ਨੇੜੇ ਪਿੰਡ ਕੋਟ ਭਾਈ ਸੀ। ਇੱਥੋਂ ਦੇ ਬਾਣੀਆਂ ਨੇ ਗੁਰੂ ਸਾਹਿਬ ਕੋਲੋਂ ਅੰਮ੍ਰਿਤ ਛਕਿਆ ਸੀ। ਦੋ ਬਾਣੀਏ ਭਰਾ ਅੰਮ੍ਰਿਤ ਛਕ ਕੇ ਰੰਗੀ ਸਿੰਘ ਅਤੇ ਘੰਮੀ ਸਿੰਘ ਨਾਵਾਂ ਨਾਲ ਮਸ਼ਹੂਰ ਹੋਏ। ਸਾਖੀ ਪੋਥੀ ਅਨੁਸਾਰ ਗੁਰੂ ਸਾਹਿਬ ਕੋਟ ਸਾਹਿਬ ਚੰਦ ਅਤੇ ਕੋਟ ਭਾਈ ਵਿਖੇ ਵੀਹ ਦਿਨ ਰਹੇ ਸਨ।[58]

ਫਿਰ ਅੱਗੇ ਰੋਹਲੇ ਅਤੇ ਬਾਜਕ ਪਿੰਡਾਂ ਵਿੱਚ ਗਏ। ਬਾਜਕ ਵਿਖੇ ਲੋਕ ਦੁੱਧ ਦੀਆਂ ਤੌੜੀਆਂ ਭਰ ਕੇ ਲਿਆਏ। ਸਭ ਸੰਗਤਾਂ ਨੂੰ ਦੁੱਧ ਛਕਾਇਆ ਗਿਆ। ਇੱਥੇ ਸੋਢੀ ਮਿਹਰਬਾਨ ਨੂੰ ਮੰਨਣ ਵਾਲੇ ਮੀਣਾ ਸੰਪਰਦਾ ਦੇ ਦੋ ਸੁੱਖੂ ਤੇ ਬੁੱਧੂ ਦਿਵਾਨੇ ਗੁਰੂ ਸਾਹਿਬ ਦੀ ਸ਼ਰਨ ਆਏ। ਇਨ੍ਹਾਂ ਨੇ ਮਿਹਰਬਾਨ ਦੀ ਸੰਪਰਦਾ ਨੂੰ ਛੱਡ ਕੇ ਗੁਰੂ ਸਾਹਿਬ ਦਾ ਅੰਮ੍ਰਿਤ ਛਕ ਲਿਆ ਸੀ।[59] ਬਾਜਕ ਤੋਂ ਚੱਲ ਕੇ ਗੁਰੂ ਸਾਹਿਬ ਜੱਸੀ ਬੱਗ ਵਾਲੀ ਪਹੁੰਚੇ।

57 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨੇ 67-72.

58 *ਉਹੀ*, ਪੰਨੇ 73-74.

59 *ਉਹੀ*, ਪੰਨੇ 74-76.

ਇੱਥੇ ਬਹੁਤ ਵੱਡੀ ਢਾਬ ਸੀ। ਇਸੇ ਢਾਬ ਦੇ ਕਿਨਾਰੇ 'ਤੇ ਗੁਰੂ ਸਾਹਿਬ ਨੇ ਆਪਣਾ ਡੇਰਾ ਲਗਾਇਆ ਸੀ। ਇੱਥੇ ਲੁਬਾਣੇ ਅਤੇ ਵਣਜਾਰੇ ਸਿੰਘ ਆਪਣੇ ਟਾਂਡੇ ਲੈ ਕੇ ਆ ਮਿਲੇ ਸਨ। ਇਨ੍ਹਾਂ ਨੇ ਵੱਡੀ ਮਾਤਰਾ ਵਿੱਚ ਗੁੜ੍ਹ ਦੀਆਂ ਬੋਰੀਆਂ ਗੁਰੂ ਸਾਹਿਬ ਦੀ ਭੇਟਾ ਕੀਤੀਆਂ। ਇਸ ਕਰਕੇ ਸਾਰੀ ਸੰਗਤ ਵਿੱਚ ਦੇਗ ਦੀ ਥਾਂ ਗੁੜ ਦਾ ਪਰਸ਼ਾਦ ਵਰਤਾਇਆ ਗਿਆ। ਜੱਸੀ ਬੱਗ ਵਾਲੀ ਦੀ ਢਾਬ ਬਾਰੇ ਭਾਂਤ-ਭਾਂਤ ਦੀਆਂ ਗੱਲਾਂ ਪ੍ਰਚੱਲਿਤ ਹਨ। ਇਨ੍ਹਾਂ ਦਾ ਭਾਵ ਹੈ ਜਿਸ ਢਾਬ ਨੂੰ ਗੁਰੂ ਸਾਹਿਬ ਨੇ ਸਰੋਵਰ ਵਿੱਚ ਬਦਲਣ ਦਾ ਹੁਕਮ ਕਰ ਦਿੱਤਾ ਸੀ ਉਸ ਸਰੋਵਰ ਵਿੱਚ ਇਸ਼ਨਾਨ ਕਰਨ ਨਾਲ ਮਨ ਦੀ ਕਾਲਖ ਉੱਤਰਦੀ ਹੈ ਅਤੇ ਮਨ ਬਿਲਕੁਲ ਨਿਰਮਲ ਹੋ ਕੇ ਸਫੈਦ ਰੰਗ ਦੀ ਤਰ੍ਹਾਂ ਸਾਫ਼ ਹੋ ਜਾਂਦਾ ਹੈ। ਇੱਥੇ ਦਸ ਦਿਨ ਡੇਰਾ ਕਰਕੇ ਗੁਰੂ ਸਾਹਿਬ ਅਗਲੇ ਪਿੰਡ ਪਹੁੰਚੇ।[60]

ਪੱਕੇ ਪਿੰਡ ਤੋਂ ਅੱਗੇ ਤਲਵੰਡੀ ਸਾਬੋ ਦਾ ਪਿੰਡ ਸੀ। ਇਹ ਡੱਲ ਸਿੰਘ ਬਰਾੜ ਦੀ ਚੌਧਰ ਦਾ ਕੇਂਦਰ ਸੀ। ਡੱਲ ਸਿੰਘ ਬਰਾੜ ਕੋਲ ਹਰ ਸਮੇਂ ਚਾਰ ਸੌ ਲੜਾਕੇ ਆਦਮੀ ਰਹਿੰਦੇ ਸਨ।[61] ਇਸ ਕਰਕੇ ਉਹ ਆਪਣੇ ਸਮੇਂ ਦਾ ਮੰਨਿਆ-ਪਰਮੰਨਿਆ ਜੱਟ ਚੌਧਰੀ ਸੀ। ਤਲਵੰਡੀ ਸਾਬੋ ਵਿਖੇ ਪਹਿਲਾਂ ਗੁਰੂ ਨਾਨਕ ਦੇਵ ਅਤੇ ਗੁਰੂ ਤੇਗ਼ ਬਹਾਦਰ ਆ ਚੁੱਕੇ ਸਨ। ਗੁਰੂ ਤੇਗ਼ ਬਹਾਦਰ ਨੇ ਇੱਥੇ ਇੱਕ ਸਰੋਵਰ ਦੀ ਖੁਦਵਾਈ ਕਰਵਾਈ ਸੀ ਅਤੇ ਸਰੋਵਰ ਦੀ ਖੁਦਵਾਈ ਕਰਵਾਉਂਦਿਆਂ ਆਪਣੇ ਦੁਸ਼ਾਲੇ ਰਾਹੀਂ ਮਿੱਟੀ ਕਢਵਾਈ ਸੀ। ਇਸ ਦਾ ਜ਼ਿਕਰ ਮਾਲਵਾ ਦੇਸ ਰਟਨ ਦੀ ਸਾਖੀ ਪੋਥੀ ਵਿੱਚ ਕੀਤਾ ਗਿਆ ਹੈ।[62] ਗੁਰੂ ਗੋਬਿੰਦ ਸਿੰਘ ਦੇ ਆਉਣ ਤੋਂ ਪਹਿਲਾਂ ਤਲਵੰਡੀ ਸਾਬੋ ਸਿੱਖ ਧਰਮ ਦਾ ਕੇਂਦਰ ਬਣਿਆ ਹੋਇਆ ਸੀ। ਜਿਸ ਥਾਂ 'ਤੇ ਕਿਸੇ ਗੁਰੂ ਸਾਹਿਬ ਰਾਹੀਂ ਸਰੋਵਰ ਵੀ ਤਿਆਰ ਕਰਵਾਇਆ ਗਿਆ ਹੋਵੇ ਉਸ ਥਾਂ ਬਾਰੇ ਇਹ ਮੰਨ ਲੈਣਾ ਠੀਕ ਹੈ ਕਿ ਉਸ ਥਾਂ ਕੋਈ ਨਾ ਕੋਈ ਗੁਰਦੁਆਰਾ ਹੋਵੇਗਾ ਅਤੇ ਉਸ ਪਿੰਡ ਦੇ ਲੋਕ ਸਿੱਖ ਧਰਮ ਵਿੱਚ ਸ਼ਾਮਿਲ ਹੋ ਚੁੱਕੇ ਸਨ। ਚੌਧਰੀ ਡੱਲ ਸਿੰਘ ਦੇ ਵੱਡੇ-ਵਡੇਰੇ ਗੁਰੂ ਨਾਨਕ ਦੇਵ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸਮੇਂ ਤੋਂ ਸਿੱਖ ਧਰਮ ਵਿੱਚ ਸ਼ਾਮਿਲ ਹੋ ਚੁੱਕੇ ਸਨ। ਗੁਰੂ ਗੋਬਿੰਦ ਸਿੰਘ ਦੇ ਸਮੇਂ ਚੌਧਰੀ ਡੱਲ ਸਿੰਘ ਇੱਥੋਂ ਦਾ ਚੌਧਰੀ ਸੀ ਅਤੇ ਇਹ ਖਿਦਰਾਣੇ ਦੀ ਲੜਾਈ ਵਿੱਚ ਸ਼ਾਮਿਲ ਸੀ।

ਗੁਰੂ ਸਾਹਿਬ ਦੇ ਅਤੇ ਉਨ੍ਹਾਂ ਦੀਆਂ ਸਿੱਖ ਸੰਗਤਾਂ ਦੇ ਤਲਵੰਡੀ ਸਾਬੋ ਵਿਖੇ ਪਹੁੰਚਣ 'ਤੇ ਪਹਿਲੇ ਪੰਜ ਦਿਨ ਲੰਗਰ ਚੌਧਰੀ ਡੱਲ ਸਿੰਘ ਬਰਾੜ ਵੱਲੋਂ ਹੁੰਦਾ ਰਿਹਾ ਸੀ। ਫਿਰ ਆਪਣਾ ਲੰਗਰ ਸਿੱਖ ਸੰਗਤਾਂ

---

60 *ਉਹੀ*, ਪੰਨੇ 77-78.

61 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ* (ਪੱਥਰ ਛਾਪ), ਪੰਨਾ-341.

62 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨੇ 77 ਅਤੇ 78.

ਆਪ ਤਿਆਰ ਕਰਦੀਆਂ ਰਹੀਆਂ ਸਨ। ਗੁਰੂ ਸਾਹਿਬ ਦਾ ਇੱਥੇ ਆਉਣਾ ਸੁਣ ਕੇ, ਦੇਸ ਭਰ ਦੀਆਂ ਸਿੱਖ ਸੰਗਤਾਂ ਇੱਥੇ ਦਰਸ਼ਨ ਕਰਨ ਆਉਂਦੀਆਂ ਸਨ। ਤਲਵੰਡੀ ਸਾਬੋ ਦੀ ਸਥਿਤੀ ਰਾਜਨੀਤਿਕ ਰੂਪ ਵਿੱਚ ਵਿਸ਼ੇਸ਼ਤਾ ਵਾਲੀ ਸੀ। ਇਹ ਸਾਰਾ ਖੇਤਰ (ਮਾਲਵਾ) ਸਰਹਿੰਦ ਦਾ ਸੂਬਾ ਸੀ। ਪਰ ਸਰਹਿੰਦ ਦਾ ਸੂਬਾ ਹੋਣ ਦੇ ਬਾਵਜੂਦ ਇਹ ਇਲਾਕਾ, ਖਾਸ ਕਰਕੇ ਜੱਟ ਚੌਧਰੀਆਂ ਦਾ ਇਲਾਕਾ ਸਿੱਧੇ ਤੌਰ 'ਤੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਅਧੀਨ ਨਹੀਂ ਸੀ। ਜੱਟ ਚੌਧਰੀ ਆਪੋ-ਆਪਣੇ ਇਲਾਕਿਆਂ ਵਿੱਚ ਸੁਤੰਤਰ ਸਨ ਜਿਵੇਂ ਦੀਨਾ-ਕਾਂਗੜ ਦੇ ਧਾਲੀਵਾਲ ਆਪਣੀ ਚੌਧਰ ਵਿੱਚ ਅਤੇ ਕੋਟਕਪੂਰੇ ਦੇ ਬਰਾੜ ਆਪਣੀ ਚੌਧਰ ਵਿੱਚ ਸੁਤੰਤਰ ਸਨ। ਇਸ ਲਈ ਇਨ੍ਹਾਂ ਦੀਆਂ ਚੌਧਰਾਂ ਵਿੱਚ ਛੇਤੀ ਕੀਤਿਆਂ ਸਰਹਿੰਦ ਦਾ ਸੂਬੇਦਾਰ ਇਨ੍ਹਾਂ ਜੱਟ ਚੌਧਰੀਆਂ ਨੂੰ ਅਗੇਤੀ-ਜਾਣਕਾਰੀ ਦਿੱਤੇ ਬਗੈਰ ਗੁਰੂ ਸਾਹਿਬ ਉੱਪਰ ਹਮਲਾ ਨਹੀਂ ਕਰ ਸਕਦਾ ਸੀ। ਇਸ ਲਈ ਗੁਰੂ ਸਾਹਿਬ ਇੱਥੇ ਰਹਿਣ ਸਮੇਂ ਪੂਰੀ ਤਰ੍ਹਾਂ ਨਿਸ਼ਚਿੰਤ ਸਨ।

ਗੁਰੂ ਸਾਹਿਬ ਨੌ ਮਹੀਨਿਆਂ ਤੋਂ ਉੱਪਰ ਕੁਝ ਸਮੇਂ ਤੱਕ ਇੱਥੇ ਰਹੇ ਮੰਨੇ ਜਾਂਦੇ ਹਨ। ਇਸ ਸਮੇਂ ਦੌਰਾਨ ਉਨ੍ਹਾਂ ਨੇ ਕਈ ਅਜਿਹੇ ਮਹੱਤਵਪੂਰਨ ਕੰਮ ਕੀਤੇ ਜਿੰਨ੍ਹਾਂ ਦੀ ਇਤਿਹਾਸਕ ਮਹੱਤਤਾ ਹੈ। ਸਭ ਤੋਂ ਪਹਿਲਾ ਕੰਮ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਨੂੰ ਦੂਜੀ ਵਾਰ ਸੰਪਾਦਿਤ ਕਰਨ ਦਾ ਕੀਤਾ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਗਿਆ ਸੀ। ਦੂਜਾ ਵੱਡਾ ਕੰਮ ਤਲਵੰਡੀ ਸਾਬੋ ਵਿਖੇ ਬਾਬਾ ਦੀਪ ਸਿੰਘ ਦੀ ਅਗਵਾਈ ਹੇਠ ਇੱਕ ਅਜਿਹੀ ਟਕਸਾਲ (ਵਿਦਿਅਕ ਸੰਸਥਾ) ਸਥਾਪਿਤ ਕਰਨ ਦਾ ਕੀਤਾ ਸੀ ਜਿੱਥੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਉਤਾਰੇ ਕੀਤੇ ਜਾਂਦੇ ਸਨ ਅਤੇ ਗੁਰਬਾਣੀ ਦੀ ਸਿੱਖਿਆ ਵੀ ਦਿੱਤੀ ਜਾਂਦੀ ਸੀ। ਇਸ ਤੋਂ ਇਹ ਸਾਬਤ ਹੁੰਦਾ ਹੈ ਗੁਰੂ ਗੋਬਿੰਦ ਸਿੰਘ ਨੇ ਤਲਵੰਡੀ ਸਾਬੋ ਨੂੰ ਸਿੱਖ ਵਿੱਦਿਆ ਦਾ ਕੇਂਦਰ ਬਣਾ ਦਿੱਤਾ ਸੀ। ਪਿੱਛੋਂ ਇਸ ਥਾਂ ਨੂੰ ਸਮੇਂ-ਸਮੇਂ ਤੇ ਹੋਰ ਵਿਕਸਤ ਕੀਤਾ ਗਿਆ ਸੀ। ਤਲਵੰਡੀ ਸਾਬੋ ਨੂੰ ਸਿੱਖ ਵਿਸ਼ਵਾਸ ਅਨੁਸਾਰ ਦਮਦਮਾ ਸਾਹਿਬ ਵੀ ਕਿਹਾ ਜਾਂਦਾ ਹੈ। ਸਾਬੋ ਬਰਾੜ ਇਸ ਪਿੰਡ ਦੀ ਮੋਹੜੀ ਗੱਡਣ ਵਾਲਾ ਸੀ। ਤਲਵੰਡੀ ਪਿੰਡ ਦਾ ਅਸਲ ਨਾਂ ਸੀ। ਇਹ ਤਲਵੰਡੀ ਸਾਬੋ ਦੀ ਸੀ ਇਸ ਲਈ ਇਸ ਦਾ ਨਾਂ ਤਲਵੰਡੀ ਸਾਬੋ ਪ੍ਰਚੱਲਿਤ ਹੋ ਗਿਆ ਸੀ।

### ਜ਼ਫ਼ਰਨਾਮਾ ਲਿਖਣਾ

ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ ਇਸ ਬਾਰੇ, ਇੱਕ ਤੋਂ ਵੱਧ ਵਿਚਾਰ ਹਨ। ਜਦੋਂ ਕਿਸੇ ਵਿਸ਼ੇ ਬਾਰੇ ਇੱਕ ਤੋਂ ਵੱਧ ਵਿਚਾਰ ਹੋਣ ਤਾਂ ਉਸ ਬਾਰੇ ਵਿਚਾਰ-ਚਰਚਾ ਕਰਨੀ

ਜ਼ਰੂਰੀ ਹੁੰਦੀ ਹੈ। ਵਿਚਾਰ-ਚਰਚਾ ਤਦ ਹੀ ਇਤਿਹਾਸਕ ਤਰੀਕੇ ਅਨੁਸਾਰ ਸਹੀ ਰੂਪ ਵਿੱਚ ਹੋ ਸਕਦੀ ਹੈ ਜੇਕਰ ਉਸ ਬਾਰੇ ਕੁਝ ਸਮਕਾਲੀ ਲਿਖਤਾਂ ਮਿਲ ਸਕਦੀਆਂ ਹੋਣ। ਸਭ ਤੋਂ ਵੱਡੀ ਸਮੱਸਿਆ, ਜ਼ਫ਼ਰਨਾਮੇ ਦਾ ਸਾਡੇ ਕੋਲ ਕੋਈ ਮੌਲਿਕ ਖਰੜਾ ਨਹੀਂ ਹੈ। ਦੂਜਾ ਜਿਸ ਤਰ੍ਹਾਂ ਅੱਜ ਸਾਨੂੰ *ਜ਼ਫ਼ਰਨਾਮਾ* ਛਪੇ ਹੋਏ ਰੂਪ ਵਿੱਚ ਮਿਲਦਾ ਹੈ। ਇਸ ਦਾ ਇੱਕ ਰੂਪ ਨਹੀਂ ਹੈ। ਸਭ ਛਪੇ ਹੋਏ ਵੱਖ ਵੱਖ ਰੂਪ ਹਨ।[63] ਸਭ ਤੋਂ ਵੱਡੀ ਗੱਲ ਇਹ ਹੈ ਕਿ ਛਪੇ ਹੋਏ ਵੱਖ-ਵੱਖ ਰੂਪਾਂ ਵਿੱਚ ਵੀ ਜ਼ਫ਼ਰਨਾਮੇ ਵਿੱਚੋਂ ਇਹ ਜਾਣਕਾਰੀ ਨਹੀਂ ਮਿਲਦੀ ਜਿਸ ਨਾਲ ਇਹ ਸਮਝਿਆ ਜਾ ਸਕਦਾ ਹੋਵੇ ਕਿ ਇਸ ਨੂੰ ਕਿੱਥੇ ਬੈਠ ਕੇ ਲਿਖਿਆ ਗਿਆ ਸੀ ਅਤੇ ਕਦੋਂ ਲਿਖਿਆ ਗਿਆ ਸੀ। ਤੀਜਾ, *ਜ਼ਫ਼ਰਨਾਮਾ* ਬਾਰੇ ਜਾਣਕਾਰੀ ਦੇਣ ਵਾਲੀ ਸਾਡੇ ਕੋਲ ਇੱਕ ਸਮਕਾਲੀ ਲਿਖਤ ਹੈ ਕਵੀ ਸੈਨਾਪਤਿ ਦੀ ਲਿਖਤ *ਸ੍ਰੀ ਗੁਰ ਸੋਭਾ*। ਕਵੀ ਸੈਨਾਪਤਿ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਕਵੀ ਸੀ। ਇਸ ਕਰਕੇ ਜਦੋਂ *ਜ਼ਫ਼ਰਨਾਮੇ* ਬਾਰੇ ਇਤਿਹਾਸਕ ਵਿਚਾਰ ਕਰਨਾ ਹੋਵੇ ਤਾਂ *ਸ੍ਰੀ ਗੁਰ ਸੋਭਾ* ਦੀ ਜਾਣਕਾਰੀ ਨੇ ਨਿਰਣਈ ਫ਼ੈਸਲਾ ਕਰਨਾ ਹੈ। ਇਸ ਲਿਖਤ ਤੋਂ ਇਲਾਵਾ ਦੂਸਰੀ ਕੋਈ ਸਮਕਾਲੀ ਲਿਖਤ ਨਹੀਂ ਹੈ। ਜਿਹੜੀਆਂ ਲਿਖਤਾਂ ਪਿੱਛੋਂ ਦੀਆਂ ਹਨ, ਜਿਵੇਂ ਸੁੱਖਾ ਸਿੰਘ ਦਾ *ਗੁਰਬਿਲਾਸ ਪਾਤਸ਼ਾਹੀ ਦਸ* ਅਤੇ ਕੋਇਰ ਸਿੰਘ ਦਾ *ਗੁਰਿਬਿਲਾਸ ਪਾਤਸ਼ਾਹੀ ਦਸ* ਆਦਿ, ਇਨ੍ਹਾਂ ਵਿੱਚ ਉਹੀ ਜਾਣਕਾਰੀ ਹੈ ਜਿਹੜੀ *ਸ੍ਰੀ ਗੁਰ ਸੋਭਾ* ਵਿੱਚ ਹੈ।

ਜ਼ਫ਼ਰਨਾਮਾ ਲਿਖੇ ਜਾਣ ਬਾਰੇ ਇੱਕ ਪ੍ਰਚੱਲਿਤ ਵਿਚਾਰ ਇਹ ਹੈ ਕਿ ਇਸ ਨੂੰ ਗੁਰੂ ਸਾਹਿਬ ਨੇ ਦੀਨਾ-ਕਾਂਗੜ ਪਿੰਡ ਵਿਖੇ ਲਿਖ ਕੇ ਭੇਜਿਆ ਸੀ। ਪਰ ਇਸ ਤਰ੍ਹਾਂ ਦੀ ਜਾਣਕਾਰੀ ਜ਼ਫਰਨਾਮੇ ਵਿੱਚ ਨਹੀਂ ਹੈ। ਦੀਨਾ-ਕਾਂਗੜ ਵਿਖੇ ਲਿਖੇ ਜਾਣ ਦੀ ਗੱਲ ਨੂੰ ਬਹੁਤੇ ਲੇਖਕਾਂ ਨੇ ਇਸ ਕਰਕੇ ਅਪਣਾਇਆ ਹੈ ਕਿਉਂਕਿ ਕਾਂਗੜ ਪਿੰਡ ਦਾ ਨਾਂ ਜ਼ਫਰਨਾਮੇ ਦੇ ਇੱਕ ਸ਼ੇਅਰ ਵਿੱਚ ਮਿਲਦਾ ਹੈ।[64]

ਜਿਸ ਦੇ ਅਰਥ ਹਨ "ਤੁਸੀਂ (ਗੁਰੂ ਸਾਹਿਬ) ਆਨੰਦਪੁਰ ਨੂੰ ਛੱਡ ਕੇ ਕਾਂਗੜ ਕਸਬੇ ਵਿੱਚ ਆ ਜਾਓ। ਇੱਥੇ ਹੀ ਆਪਣੀ ਮੁਲਾਕਾਤ ਹੋ ਸਕਦੀ ਹੈ।" ਸਪੱਸ਼ਟ ਹੈ ਕਿ ਇਸ਼ ਸ਼ੇਅਰ ਵਿੱਚ ਕਾਂਗੜ ਪਿੰਡ ਦਾ ਨਾਂ ਆਇਆ ਹੈ ਉਸ ਤੋਂ ਇਹ ਗੱਲ ਤਾਂ ਸਾਬਤ ਹੁੰਦੀ ਨਹੀਂ ਹੈ ਕਿ ਜ਼ਫ਼ਰਨਾਮਾ ਇੱਥੇ ਰਹਿ ਕੇ ਲਿਖਿਆ ਗਿਆ ਸੀ। ਜਿੰਨੇ ਛਪੇ ਹੋਏ ਜ਼ਫ਼ਰਨਾਮੇ ਮਿਲਦੇ ਹਨ ਉਨ੍ਹਾਂ ਸਭ ਵਿੱਚ ਇਸ ਸ਼ੇਅਰ ਦੇ ਅਰਥ ਇਹੋ ਹਨ। ਦੂਜਾ,

---

63 ਮਿਸਾਲ ਦੇ ਤੌਰ 'ਤੇ ਇੱਥੇ ਚਾਰ ਛਪੇ ਹੋਏ ਜ਼ਫ਼ਰਨਾਮਿਆਂ ਦਾ ਵੇਰਵਾ ਦਿੱਤਾ ਜਾ ਰਿਹਾ ਹੈ: ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵਲੋਂ ਪ੍ਰਕਾਸ਼ਿਤ *ਜ਼ਫ਼ਰਨਾਮਾ* (1966); ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਨਿਰੰਜਨ ਸਿੰਘ ਨੂਰ ਦਾ *ਜ਼ਫ਼ਰਨਾਮਾ* (1999); ਪਿਆਰਾ ਸਿੰਘ ਪਦਮ, *ਜ਼ਫ਼ਰਨਾਮਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2013; ਅਤੇ ਨਿਸ਼ਾਨ ਸਿੰਘ ਜੌਹਲ, *ਜ਼ਫ਼ਰਨਾਮੇ ਦੀ ਪੜਤਾਲ*, ਅੰਮ੍ਰਿਤਸਰ, 2015.

64 ਨਿਰੰਜਨ ਸਿੰਘ ਨੂਰ, *ਜ਼ਫ਼ਰਨਾਮਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨਾ-60.

ਅੱਜ ਜਿਹੜਾ ਗੁਰਦੁਆਰਾ ਜ਼ਫ਼ਰਨਾਮੇ ਦੀ ਯਾਦ ਵਿੱਚ ਬਣਿਆ ਹੋਇਆ ਹੈ ਉਹ ਨਾ ਤਾਂ ਦੀਨਾ ਪਿੰਡ ਵਿੱਚ ਹੈ ਅਤੇ ਨਾ ਕਾਂਗੜ ਪਿੰਡ ਵਿੱਚ ਹੈ। ਉਹ ਦਿਆਲਪੁਰਾ ਪਿੰਡ ਵਿੱਚ ਹੈ। ਭਾਵੇਂ ਦਿਆਲਪੁਰਾ ਦੀਨਾ-ਕਾਂਗੜ ਦੇ ਨਜ਼ਦੀਕ ਹੈ। ਪਰ ਇਸ ਨਾਲ ਦੀਨਾ-ਕਾਂਗੜ ਦੀ ਮਨੌਤ ਖ਼ਤਮ ਹੁੰਦੀ ਹੈ। ਇਸ ਗੱਲ ਦਾ ਪੱਕਾ ਨਿਬੇੜਾ ਗੁਰੂ ਸਾਹਿਬ ਦੀ ਸਮਕਾਲੀ ਲਿਖਤ *ਸ੍ਰੀ ਗੁਰ ਸੋਭਾ* ਤੋਂ ਹੋ ਜਾਂਦਾ ਹੈ ਜਦੋਂ ਸੈਨਾਪਤਿ ਇਹ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਖਿਦਰਾਣੇ ਦੀ ਲੜਾਈ ਜਿੱਤ ਲੈਣ ਉਪਰੰਤ ਇਹ ਸੋਚਿਆ ਕਿ ਹੁਣ ਔਰੰਗਜ਼ੇਬ ਨੂੰ ਸਾਰੇ ਹਾਲਾਤ ਦੱਸਣ ਲਈ ਜ਼ਫ਼ਰਨਾਮਾ ਲਿਖ ਕੇ ਭੇਜ ਦੇਣਾ ਚਾਹੀਦਾ ਹੈ। ਭਾਵ ਕਿ ਜ਼ਫ਼ਰਨਾਮਾ ਤਲਵੰਡੀ ਸਾਬੋ ਤੋਂ ਲਿਖਿਆ ਗਿਆ ਸੀ। ਜਦੋਂ ਕਿ ਗੁਰੂ ਸਾਹਿਬ ਖਿਦਰਾਣੇ ਦੀ ਲੜਾਈ ਨੂੰ ਜਿੱਤ ਕੇ ਇੱਥੇ ਪਹੁੰਚੇ ਸਨ। ਇਸ ਗੱਲ ਦੀ ਪਰੋੜ੍ਹਤਾ ਕਨਿੰਘਮ[65] ਅਤੇ ਖੁਸ਼ਵੰਤ ਸਿੰਘ[66] ਵੀ ਕਰਦੇ ਹਨ। ਸੈਨਾਪਤਿ ਨੇ ਤਾਂ ਇਸ ਬਾਰੇ ਕਾਫੀ ਵਿਸਥਾਰ ਵਿੱਚ ਲਿਖਿਆ ਹੈ।[67]

ਗੱਲ ਸਪੱਸ਼ਟ ਹੈ ਖਿਦਰਾਣੇ ਦੀ ਲੜਾਈ ਜਿੱਤਣ ਉਪਰੰਤ ਗੁਰੂ ਸਾਹਿਬ ਤਲਵੰਡੀ ਸਾਬੋ ਵਿਖੇ ਆਏ ਸਨ। ਫਿਰ *ਜ਼ਫ਼ਰਨਾਮਾ* ਲਿਖ ਕੇ ਜਿਸ ਤਰ੍ਹਾਂ ਉਸ ਨੂੰ ਭਾਈ ਦਯਾ ਸਿੰਘ ਅਤੇ ਚਾਰ ਹੋਰ ਸਿੰਘਾਂ ਰਾਹੀਂ ਔਰੰਗਜ਼ੇਬ ਕੋਲ ਭੇਜਿਆ ਸੀ ਅਤੇ ਜਿਸ ਰਸਤੇ ਰਾਹੀਂ ਇਹ ਸਿੰਘ ਚੱਲਦੇ ਹੋਏ ਅਹਿਮਦਾਬਾਦ, ਦੱਖਣ ਵਿੱਚ ਬੈਠੇ ਬਾਦਸ਼ਾਹ ਕੋਲ ਪਹੁੰਚੇ ਸਨ, ਇਹ ਸਾਰਾ ਹਾਲ ਕਵੀ ਸੈਨਾਪਤਿ ਨੇ ਆਪਣੀ ਲਿਖਤ ਵਿੱਚ ਪੂਰੇ ਵਿਸਥਾਰ ਵਿੱਚ ਵਰਣਨ ਕੀਤਾ ਹੈ।[68]

ਸੈਨਾਪਤਿ ਦੀਆਂ ਉਕਤ ਟੂਕਾਂ ਦਾ ਮਤਲਬ ਹੈ ਕਿ ਜ਼ਫ਼ਰਨਾਮਾ ਲਿਖ ਕੇ ਭਾਈ ਦਯਾ ਸਿੰਘ ਨੂੰ ਦੇ ਕੇ ਅਤੇ ਚਾਰ ਹੋਰ ਸਿੰਘ ਉਸ ਦੇ ਨਾਲ ਤੋਰ ਦਿੱਤੇ ਸਨ। ਇਹ ਪੰਜੇ ਸਿੰਘ ਅਹਿਦੀਆਂ ਦਾ ਭੇਖ ਧਾਰ ਕੇ ਗਏ ਸਨ। ਪਹਿਲਾਂ ਇਹ ਦਿੱਲੀ ਪਹੁੰਚੇ, ਫਿਰ ਆਗਰੇ ਪਹੁੰਚੇ। ਫਿਰ ਚੰਬਲ ਘਾਟੀ ਵਿੱਚੋਂ ਦੀ ਹੁੰਦੇ ਹੋਏ ਗਵਾਲੀਅਰ ਪਹੁੰਚੇ। ਫਿਰ ਉਜੈਨ ਪਹੁੰਚ ਕੇ ਨਰਬਦਾ ਨਦੀ ਨੂੰ ਪਾਰ ਕਰਕੇ ਮਾਲਵਾ ਦੀ ਧਰਤੀ ਵਿੱਚ ਪਰਵੇਸ਼ ਕੀਤਾ। ਫਿਰ ਆਸੀਰਗੜ੍ਹ ਦਾ ਕਿਲ੍ਹਾ ਦੇਖਦੇ ਹੋਏ ਬੁਰਹਾਨਪੁਰ ਪਹੁੰਚੇ। ਫਿਰ ਔਰੰਗਾਬਾਦ ਪਹੁੰਚ

---

65 J.D. Cunningham, *A History of the Sikhs*, New Delhi, 1985, p. 72.

66 Khushwant Singh, *A History of the Sikhs (1469-1839)*, Vol. I, Oxford, 2011, p. 90.

67 ਸੈਨਾਪਤਿ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਧਿਆਏ 13ਵਾਂ, ਬੰਦ 13ਵਾਂ, ਪੰਨਾ-87.

68 *ਉਕਤ*, ਧਿਆਏ ਉਹੀ, ਬੰਦ 13-21, ਪੰਨੇ 87-88.

ਗਏ ਅਤੇ ਇੱਥੋਂ ਅਹਿਮਦ ਨਗਰ ਪਹੁੰਚ ਗਏ। ਇੱਥੇ ਬਾਦਸ਼ਾਹ ਦਾ ਸ਼ਾਹੀ ਡੇਰਾ ਸੀ। ਉੱਥੇ ਕਿਸੇ ਜੇਠਾ ਸਿੰਘ ਦੇ ਘਰ ਪਹੁੰਚੇ। ਜੇਠਾ ਸਿੰਘ ਨੇ ਇਨ੍ਹਾਂ ਦਾ ਟਿਕਾਣਾ ਇੱਕ ਧਰਮਸ਼ਾਲਾ ਵਿੱਚ ਕਰਵਾ ਦਿੱਤਾ ਸੀ।

ਇਸ ਤੋਂ ਅੱਗੇ ਸੈਨਾਪਤਿ ਨੇ ਦੱਸਿਆ ਹੈ ਕਿ ਧਰਮਸ਼ਾਲਾ ਵਿੱਚ ਰਹਿ ਰਹੇ ਭਾਈ ਦਯਾ ਸਿੰਘ ਨੇ ਉੱਥੋਂ (ਅਹਿਮਦ ਨਗਰ) ਦੇ ਸਿੱਖਾਂ ਨਾਲ ਵਿਚਾਰ ਕੀਤਾ ਕਿ ਇਹ *ਜ਼ਫ਼ਰਨਾਮਾ* ਹਰ ਹਾਲਤ ਵਿੱਚ ਔਰੰਗਜ਼ੇਬ ਦੇ ਹੱਥ ਦੇਣਾ ਹੈ। ਇਸ ਲਈ ਇਸ ਮੁਲਾਕਾਤ ਦਾ ਉਪਾਅ ਕੀਤਾ ਜਾਵੇ ਪਰ ਔਰੰਗਜ਼ੇਬ ਨਾਲ ਮੁਲਾਕਾਤ ਦਾ ਸਮਾਂ ਮਿਲਣ ਵਿੱਚ ਦੇਰੀ ਹੋ ਰਹੀ ਸੀ। ਕਾਫੀ ਦਿਨਾਂ ਬਾਅਦ ਇਹ ਮੌਕਾ ਮਿਲ ਗਿਆ ਅਤੇ ਜ਼ਫ਼ਰਨਾਮਾ ਔਰੰਗਜ਼ੇਬ ਦੇ ਹੱਥ ਵਿੱਚ ਸੌਂਪ ਦਿੱਤਾ ਸੀ। ਇੱਥੇ ਕਵੀ ਸੈਨਾਪਤਿ ਨੇ ਇਹ ਨਹੀਂ ਦੱਸਿਆ ਕਿ ਇਸ ਦਾ ਜਵਾਬ ਕਿੰਨੇ ਸਮੇਂ ਬਾਅਦ ਦਿੱਤਾ ਪਰ ਉਹ ਇਹ ਗੱਲ ਜ਼ਰੂਰ ਲਿਖਦਾ ਹੈ ਕਿ ਔਰੰਗਜ਼ੇਬ ਨੇ ਜਵਾਬੀ ਤੌਰ 'ਤੇ ਇਕ ਫ਼ੁਰਮਾਨ ਲਿਖ ਕੇ ਭਾਈ ਦਯਾ ਸਿੰਘ ਦੇ ਹੱਥ ਫੜਾ ਦਿੱਤਾ ਸੀ।[69]

ਸੈਨਾਪਤਿ ਲਿਖਦਾ ਹੈ ਕਿ ਭਾਈ ਦਯਾ ਸਿੰਘ ਸ਼ਾਹੀ ਅਹਿਦੀਆਂ ਨਾਲ ਬਾਦਸ਼ਾਹ ਦਾ ਫ਼ੁਰਮਾਨ ਲੈ ਕੇ ਵਾਪਿਸ ਪੰਜਾਬ ਨੂੰ ਚਲ ਪਿਆ ਸੀ। ਗੁਰੂ ਸਾਹਿਬ ਤਲਵੰਡੀ ਸਾਬੋ ਤੋਂ ਦੱਖਣ ਵੱਲ ਨੂੰ ਧਰਮ ਪਰਚਾਰ ਕਰਦੇ ਹੋਏ ਰਾਜਸਥਾਨ ਦੇ ਇਲਾਕੇ ਵੱਲ ਨੂੰ ਆ ਰਹੇ ਸਨ ਕਿ ਰਸਤੇ ਵਿੱਚ ਬਾਘੌਰ ਵਿਖੇ ਭਾਈ ਦਯਾ ਸਿੰਘ ਗੁਰੂ ਸਾਹਿਬ ਨੂੰ ਆ ਮਿਲਿਆ।[70]

ਗੰਡਾ ਸਿੰਘ ਨੇ ਲਿਖਿਆ ਹੈ, "ਆਪਣਾ ਸੰਸਾਰ ਪ੍ਰਸਿੱਧ ਪੱਤਰ ਜ਼ਫ਼ਰਨਾਮਾ ਲਿਖ ਕੇ ਭਾਈ ਦਯਾ ਸਿੰਘ ਦੇ ਹੱਥ ਬਾਦਸ਼ਾਹ ਔਰੰਗਜ਼ੇਬ ਪਾਸ ਦੱਖਣ ਭੇਜਿਆ ਤਾਂ ਕਿ ਉਸ ਨੂੰ ਹਕੀਕਤ ਦਾ ਪਤਾ ਲੱਗ ਜਾਵੇ ਅਤੇ ਉਸ ਵੱਲੋਂ ਯੋਗ ਫ਼ੁਰਮਾਨ ਆ ਜਾਣ ਪਰ ਆਪ ਬਾਦਸ਼ਾਹ ਨੂੰ ਮਿਲਣ ਲਈ ਦੱਖਣ ਜਾ ਆਉਣ।... ਭਾਈ ਦਯਾ ਸਿੰਘ ਨੇ ਗੁਰੂ ਸਾਹਿਬ ਨੂੰ ਸਾਰੀ ਗੱਲ ਆ ਦੱਸੀ ਕਿ ਸ਼ਾਹੀ ਗੁਰਜ਼ਬਰਦਾਰ ਉਸ ਦੇ ਨਾਲ ਆਏ ਸਨ ਅਤੇ ਉਹ ਤਾਂ ਦਿੱਲੀ ਵੱਲ ਨੂੰ ਚਲੇ ਗਏ ਅਤੇ ਮੈਂ ਹਜ਼ੂਰ ਦੇ ਇੱਧਰ ਆ ਜਾਣ ਦੀ ਕਨਸੋ ਸੁਣ ਕੇ ਦਰਸ਼ਨ ਲਈ ਇੱਥੇ ਆ ਗਿਆ ਹਾਂ। ਇਨ੍ਹਾਂ ਦਿਨਾਂ ਵਿੱਚ ਖ਼ਬਰ ਮਿਲ ਗਈ ਕਿ 20 ਫਰਵਰੀ, 1707 ਈਸਵੀ ਨੂੰ ਅਹਿਮਦ ਨਗਰ ਵਿੱਚ ਬਾਦਸ਼ਾਹ ਦਾ ਦੇਹਾਂਤ ਹੋ ਗਿਆ ਹੈ। ਹੁਣ ਗੁਰੂ ਸਾਹਿਬ ਦਾ ਹੋਰ ਅੱਗੇ ਦੱਖਣ ਨੂੰ ਜਾਣ ਦਾ ਕੋਈ ਮਨੋਰਥ ਨਹੀਂ ਸੀ ਰਿਹਾ, ਇਸ ਲਈ ਉਹ ਉੱਥੋਂ ਹੀ ਪਿੱਛੇ ਪੰਜਾਬ ਵੱਲ ਨੂੰ ਮੁੜ ਪਏ ਸਨ।"[71]

---

69 *ਓਹੀ,* ਧਿਆਏ ਓਹੀ ਅਤੇ ਬੰਦ 22-38, ਪੰਨੇ 89-91.

70 *ਓਹੀ,* ਧਿਆਏ 14 ਵਾਂ, ਬੰਦ 15, 18, 23, ਅਤੇ 24, ਪੰਨੇ 97-98.

71 *ਓਹੀ,* ਪੰਨੇ 60 ਅਤੇ 63-64.

ਗਿਆਨੀ ਗਿਆਨ ਸਿੰਘ ਨੇ ਲੱਗਭੱਗ ਇਸੇ ਤਰ੍ਹਾਂ ਲਿਖਦਿਆਂ ਕਿਹਾ ਹੈ, "ਓਧਰ ਜੇੜ੍ਹਾ ਪਰਵਾਨਾ (ਜ਼ਫਰਨਾਮਾ) ਦੀਨੇ ਪਿੰਡ ਤੋਂ ਗੁਰੂ ਜੀ ਨੇ ਲਿਖ ਕੇ ਭਾਈ ਦਯਾ ਸਿੰਘ ਦੇ ਹੱਥ ਔਰੰਗਜ਼ੇਬ ਪਾਸ ਭੇਜਯਾ ਸੀ ਉਸ ਨੂੰ ਸੁਣ ਕੇ ਬਾਦਸ਼ਾਹ ਨਾਜ਼ਮ ਸਰਹੰਦ ਪਰ ਬਹੁਤ ਗੁੱਸੇ ਹੋਯਾ ਤੇ ਪਛਤਾਯਾ ਅਤੇ ਬਜੀਦ ਖਾਂ ਦੇ ਨਾਮ ਫ਼ੁਰਮਾਨ ਜਾਰੀ ਕੀਤਾ।"... ਜਦ ਗੁਰੂ ਜੀ ਬਘੌਰ ਸ਼ਹਿਰ ਉਦੇਪੁਰ ਦੇ ਰਾਜ ਵਿੱਚ ਪਹੁੰਚੇ ਤਾਂ।....ਇਸੇ ਥਾਂ ਭਾਈ ਦਯਾ ਸਿੰਘ ਜੀ ਜੋ ਪਿੰਡ ਤੋਂ ਖ਼ਤ ਲੈ ਕੇ ਗਏ ਸੀ ਔਰੰਗਜ਼ੇਬ ਪਾਸੋਂ ਹੋ ਕੇ ਗੁਰੂ ਸਾਹਿਬ ਨੂੰ ਆ ਮਿਲੇ। ਏਥੇ ਹੀ ਥੋੜੇ ਦਿਨਾਂ ਪਿੱਛੋਂ ਔਰੰਗਜ਼ੇਬ ਦੇ ਮਰਣੇ ਦੀ ਖ਼ਬਰ ਆ ਗਈ।[72]

ਖੁਸ਼ਵੰਤ ਸਿੰਘ ਲਿਖਦਾ ਹੈ "ਦਮਦਮਾ ਤੋਂ ਗੋਬਿੰਦ ਸਿੰਘ ਨੇ ਬਾਦਸ਼ਾਹ ਨੂੰ ਇੱਕ ਪੱਤਰ ਲਿਖਿਆ, ਜਿਸ ਵਿੱਚ ਉਸ ਦੇ ਅਧਿਕਾਰੀਆਂ ਵੱਲੋਂ ਕੀਤੀ ਗਈ ਬੇਹਯਾਈ ਬਾਰੇ ਦੱਸਿਆ ਗਿਆ ਸੀ। ਖਾਸ ਕਰਕੇ ਸਰਹਿੰਦ ਦੇ ਵਜ਼ੀਰ ਖਾਨ ਵੱਲੋਂ ਕੀਤੇ ਗਏ ਧੋਖੇ ਬਾਰੇ। ਗੋਬਿੰਦ ਸਿੰਘ ਦੇ ਨੁਮਾਇੰਦੇ ਦੱਖਣ ਵਿੱਚ ਜਾ ਕੇ ਬਾਦਸ਼ਾਹ ਨੂੰ ਇਹ ਪੱਤਰ ਸੌਂਪਣ ਵਿੱਚ ਸਫ਼ਲ ਹੋ ਗਏ ਸਨ। ਔਰੰਗਜ਼ੇਬ ਪੱਤਰ ਨੂੰ ਪੜ੍ਹ ਕੇ ਸੋਚਣ ਲਈ ਮਜ਼ਬੂਰ ਹੋ ਗਿਆ ਅਤੇ ਉਸ ਨੇ ਸਬੰਧਿਤ ਅਧਿਕਾਰੀਆਂ ਦੇ ਨਾਂ ਇਹ ਹੁਕਮ ਜਾਰੀ ਕਰ ਦਿੱਤੇ ਸਨ ਕਿ ਗੁਰੂ ਨੂੰ ਕਿਸੇ ਤਰ੍ਹਾਂ ਵੀ ਹੋਰ ਤੰਗ ਨਾ ਕੀਤਾ ਜਾਵੇ। ਪਰ ਜਾਂ ਤਾਂ ਔਰੰਗਜ਼ੇਬ ਖੁਦ ਹੀ ਨਹੀਂ ਚਾਹੁੰਦਾ ਸੀ ਤੇ ਜਾਂ ਉਹ ਵਜੀਰ ਖਾਨ ਨੂੰ ਕੋਈ ਦੰਡ ਦੇਣ ਦੇ ਸਮਰੱਥ ਹੀ ਨਹੀਂ ਸੀ। ਗੋਬਿੰਦ ਸਿੰਘ ਦਮਦਮਾ ਸਾਹਿਬ ਤੋਂ ਔਰੰਗਜ਼ੇਬ ਨੂੰ ਮਿਲਣ ਲਈ ਚੱਲ ਪਏ ਸਨ। ਪਰ ਜਿਉਂ ਹੀ ਉਹ ਰਾਜਪੂਤਾਨੇ ਵਿੱਚ ਪਹੁੰਚੇ ਸਨ ਤਾਂ ਉਨ੍ਹਾਂ (ਗੁਰੂ) ਨੇ 2 ਮਾਰਚ, 1707 ਈਸਵੀ ਨੂੰ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਸੁਣੀ।"[73]

ਔਰੰਗਜ਼ੇਬ ਦੇ ਮਰਨ ਦੇ ਬਾਅਦ ਮੁਗ਼ਲ ਸਾਮਰਾਜ ਦੀ ਸਾਰੀ ਰਾਜਨੀਤੀ ਹੀ ਬਦਲ ਗਈ ਸੀ। ਔਰੰਗਜ਼ੇਬ ਦੇ ਪੁੱਤਰਾਂ ਵਿਚਕਾਰ, ਖਾਸ ਕਰਕੇ ਬਹਾਦਰ ਸ਼ਾਹ (ਮੁਅੱਜ਼ਮ) ਅਤੇ ਆਜ਼ਮ ਸ਼ਾਹ ਵਿਚਕਾਰ ਜ਼ਬਰਦਸਤ ਜੰਗ ਹੋਈ ਸੀ। ਇਸ ਜੰਗ ਨੇ ਸਭ ਕੁਝ ਉਥਲ-ਪੁਥਲ ਕਰ ਦਿੱਤਾ ਸੀ। ਨਵਾਂ ਬਾਦਸ਼ਾਹ ਬਹਾਦਰ ਸ਼ਾਹ ਬਣ ਗਿਆ ਸੀ। ਇਹ ਹਾਲਾਤ ਮਾਰਚ, 1707 ਤੋਂ ਲੈ ਕੇ ਜੁਲਾਈ-ਅਗਸਤ, 1707 ਤੱਕ ਰਹੇ ਸਨ। ਇਸ ਕਰਕੇ ਜ਼ਫ਼ਰਨਾਮੇ ਦੀ ਗੱਲ ਪਿੱਛੇ ਜਾ ਪਈ ਸੀ ਅਤੇ ਹੋਰ ਮੁੱਦੇ ਸਾਹਮਣੇ ਆ ਖੜੇ ਸਨ। ਮੁੱਖ ਮੁੱਦਾ ਗੁਰੂ ਗੋਬਿੰਦ ਸਿੰਘ ਦੇ, ਨਵੇਂ ਬਣੇ ਬਾਦਸ਼ਾਹ ਬਹਾਦਰ ਸ਼ਾਹ ਦੇ ਨਾਲ ਬਣਨ ਵਾਲੇ ਸਬੰਧਾਂ ਦਾ

---

72 ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨੇ 343 ਅਤੇ 346.

73 Khushwant Singh, *op.cit.*, pp. 90-91.

ਸੀ। ਇਸ ਕਰਕੇ ਜ਼ਫ਼ਰਨਾਮੇ ਦੇ ਵਿਸ਼ੇ ਨੂੰ ਇੱਥੇ ਖ਼ਤਮ ਕਰਕੇ, ਪਿੱਛੇ ਤਲਵੰਡੀ ਸਾਬੋ ਦੇ ਉਸ ਸਮੇਂ ਬਾਰੇ ਗੱਲ ਕਰਦੇ ਹਾਂ ਜਦੋਂ ਕਿ ਗੁਰੂ ਗੋਬਿੰਦ ਸਿੰਘ ਤਲਵੰਡੀ ਸਾਬੋ ਵਿਖੇ ਰਹਿ ਰਹੇ ਸਨ ਅਤੇ ਉਹ ਦੱਖਣ ਵੱਲ ਨੂੰ ਨਹੀਂ ਤੁਰੇ ਸਨ।

## ਮਾਲਵਾ ਵਿੱਚ ਧਰਮ ਪਰਚਾਰ

ਗੁਰੂ ਗੋਬਿੰਦ ਸਿੰਘ ਵੱਲੋਂ ਤਲਵੰਡੀ ਸਾਬੋ ਵਿਖੇ ਲਗਾਤਾਰ ਰਹਿੰਦੇ ਰਹਿਣ ਕਾਰਨ, ਤਲਵੰਡੀ ਸਾਬੋ ਪੰਜਾਬ ਦੀਆਂ ਅਤੇ ਪੰਜਾਬ ਤੋਂ ਬਾਹਰਲੇ ਰਾਜਾਂ ਦੀਆਂ ਸਿੱਖ ਸੰਗਤਾਂ ਦਾ ਕੇਂਦਰ ਬਣ ਗਿਆ ਸੀ। ਅਸਲ ਵਿੱਚ ਸਿੱਖ ਸੰਗਤਾਂ ਦਾ ਕੇਂਦਰ ਗੁਰੂ ਹੁੰਦਾ ਸੀ। ਜਿੱਥੇ ਗੁਰੂ ਹੁੰਦਾ ਸੀ ਸਿੱਖ ਸੰਗਤਾਂ ਉੱਥੇ ਆਉਣੀਆਂ ਸ਼ੁਰੂ ਹੋ ਜਾਂਦੀਆਂ ਸਨ। ਜਿਹੜੀਆਂ ਲੜਾਈਆਂ ਵਿੱਚੋਂ ਦੀ ਗੁਜ਼ਰਦੇ ਹੋਏ ਗੁਰੂ ਸਾਹਿਬ ਤਲਵੰਡੀ ਸਾਬੋ ਵਿਖੇ ਆਏ ਸਨ ਉਨ੍ਹਾਂ ਲੜਾਈਆਂ ਦਾ ਸਮਾਂ ਕਾਫੀ ਲੰਮਾ ਸੀ ਅਤੇ ਇਨ੍ਹਾਂ ਲੜਾਈਆਂ ਵਿੱਚ ਗੁਰੂ ਸਾਹਿਬ ਦਾ ਜਾਨੀ ਅਤੇ ਮਾਲੀ ਨੁਕਸਾਨ ਬਹੁਤ ਹੋ ਗਿਆ ਸੀ। ਇਸ ਕਰਕੇ ਆਨੰਦਪੁਰ ਸਾਹਿਬ ਵਿਖੇ ਜਿੰਨੇ ਕਵੀ ਦਰਬਾਰ ਅਤੇ ਸਿੱਖ ਵਿੱਦਿਆ ਦੀ ਸਥਾਪਤੀ ਹੋਈ ਸੀ ਉਹ ਸਭ ਖ਼ਤਮ ਹੋ ਗਈ ਸੀ। ਆਨੰਦਪੁਰ ਸਾਹਿਬ ਨੂੰ ਬੁਰੀ ਤਰ੍ਹਾਂ ਥੇਹ ਬਣਾ ਦਿੱਤਾ ਗਿਆ ਸੀ। ਇਸ ਤਬਾਹੀ ਵਿੱਚ ਕਵੀ ਦਰਬਾਰ ਅਤੇ ਗੁਰਮਤਿ ਟਕਸਾਲ ਜਿਹੀਆਂ ਸੰਸਥਾਵਾਂ ਕਿਵੇਂ ਤਬਾਹ ਹੋਣੋ ਬਚ ਸਕਦੀਆਂ ਸਨ। ਕਵੀ ਜਨ ਸਭ ਉੱਥੋਂ ਚਲੇ ਗਏ ਸਨ। ਹੁਣ ਜਦੋਂ ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਕਾਫੀ ਸਮੇਂ ਤੋਂ ਟਿਕੇ ਬੈਠੇ ਸਨ ਤਾਂ ਉਹ ਸਭ ਲੋਕ ਇੱਥੇ ਆਉਣੇ ਸ਼ੁਰੂ ਹੋ ਗਏ ਸਨ ਜਿਹੜੇ ਆਨੰਦਪੁਰ ਸਾਹਿਬ ਦੀ ਤਬਾਹੀ ਕਾਰਨ ਜਾ ਚੁੱਕੇ ਸਨ। ਭਾਵ ਤਲਵੰਡੀ ਸਾਬੋ ਵਿਖੇ ਪੁਰਾਣੇ ਕਵੀ ਅਤੇ ਦਰਬਾਰੀ ਵਿਦਵਾਨ ਫਿਰ ਤੋਂ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਗੁਰੂ ਸਾਹਿਬ ਨੇ ਇੱਥੇ ਸਿੱਖ ਵਿੱਦਿਅਕ ਟਕਸਾਲ ਸਥਾਪਿਤ ਕੀਤੀ, ਇੱਥੇ ਬੀੜਾਂ ਦੇ ਉਤਾਰੇ ਹੁੰਦੇ ਸਨ, ਗੁਰਬਾਣੀ ਦੇ ਅਰਥ ਕਰਕੇ ਸੁਣਾਏ ਜਾਂਦੇ ਸਨ ਅਤੇ ਗੁਰਬਾਣੀ ਨੂੰ ਉਰਦੂ ਅਤੇ ਫਾਰਸੀ-ਅਰਬੀ ਵਿੱਚ ਉਲਥਾਇਆ ਜਾਂਦਾ ਸੀ। ਭਾਈ ਦੀਪ ਸਿੰਘ (ਸ਼ਹੀਦ) ਇਸ ਟਕਸਾਲ ਦੇ ਮੁਖੀ ਸਨ। ਭਾਈ ਨੰਦ ਲਾਲ ਦੇ ਸਿੱਖਾਏ ਅਤੇ ਪੜ੍ਹਾਏ ਹੋਏ ਫਾਰਸੀ-ਅਰਬੀ ਦੇ ਵਿਦਿਆਰਥੀ ਇੱਥੇ ਸਨ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਤਲਵੰਡੀ ਸਾਬੋ ਤੋਂ ਇਕ ਹੋਰ ਗੇੜਾ ਮਾਲਵਾ ਦੇ ਪਿੰਡਾਂ ਦਾ ਲਾਉਣਾ ਚਾਹਿਆ ਸੀ। ਉਨ੍ਹਾਂ ਦਾ ਪਹਿਲਾ ਗੇੜਾ ਖਿਦਰਾਣੇ ਦੀ ਢਾਬ ਤੋਂ ਲੈ ਕੇ ਤਲਵੰਡੀ ਸਾਬੋ ਤੱਕ ਆਉਣ ਸਮੇਂ ਲੱਗਿਆ ਸੀ। ਇਸ ਸਮੇਂ ਗੁਰੂ ਸਾਹਿਬ ਹਰ ਉਸ ਪਿੰਡ ਵਿੱਚ ਗਏ ਸਨ ਜਿੱਥੋਂ ਦੇ ਸਿੰਘਾਂ ਨੇ ਜਾਂ ਆਦਮੀਆਂ ਨੇ

ਖਿਦਰਾਣੇ ਦੀ ਲੜਾਈ ਵਿੱਚ ਹਿੱਸਾ ਲਿਆ ਸੀ। ਹੁਣ ਗੁਰੂ ਸਾਹਿਬ ਦੂਰ-ਨੇੜੇ ਦੇ ਪਿੰਡਾਂ ਵਿੱਚ ਜਾ ਕੇ ਉੱਥੋਂ ਦੇ ਲੋਕਾਂ ਨਾਲ ਸਿੱਧਾ ਸੰਪਰਕ ਕਰਨਾ ਚਾਹੁੰਦੇ ਸਨ। ਖਿਦਰਾਣੇ ਦੀ ਲੜਾਈ ਵਿੱਚ ਸਾਰਾ ਮਾਲਵਾ ਗੁਰੂ ਸਾਹਿਬ ਦੇ ਨਾਲ ਸੀ। ਇਸ ਲਈ ਗੁਰੂ ਸਾਹਿਬ ਨੇ ਅਜਿਹੇ ਮਦਦਗਾਰਾਂ ਨੂੰ ਹੁਕਮਨਾਮਿਆਂ ਨਾਲ ਅਤੇ ਉਨ੍ਹਾਂ ਦੇ ਪਿੰਡਾਂ ਵਿੱਚ ਅਤੇ ਘਰਾਂ ਵਿੱਚ ਜਾ ਕੇ ਸਨਮਾਨਿਆ ਵੀ ਸੀ। ਅਜਿਹਾ ਹੀ ਇਕ ਘਰਾਣਾ ਭਾਈ ਰਾਮ ਸਿੰਘ ਅਤੇ ਭਾਈ ਤਿਲੋਕਾ ਸਿੰਘ ਦਾ ਸੀ। ਇਹ ਘਰਾਣਾ ਬਹੁਤ ਸਮੇ ਤੋਂ ਸਿੱਖੀ ਵਿੱਚ ਪਰਵੇਸ਼ ਕਰ ਚੁੱਕਿਆ ਸੀ। ਇਸ ਘਰਾਣੇ ਨੇ ਖਿਦਰਾਣੇ ਦੀ ਲੜਾਈ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਸੀ। ਗੁਰੂ ਸਾਹਿਬ ਨੇ ਇਸ ਘਰਾਣੇ ਦੀਆਂ ਸੇਵਾਵਾਂ ਨੂੰ ਆਪਣੇ ਇੱਕ ਹੁਕਮਨਾਮੇ ਰਾਹੀਂ ਇਉਂ ਨਿਵਾਜ਼ਿਆ ਸੀ, "ਸਿਰੀ ਗੁਰੂ ਜੀਓ ਦੀ ਆਗਿਆ ਹੈ ਭਾਈ ਤਿਲੋਕਾ ਭਾਈ ਰਾਮਾ ਉਪਰਿ ਸਰਬਤ ਸੰਗਤ ਗੁਰੂ ਰਖੈਗਾ ਤੁਧ ਜਮੀਅਤ ਲੈ ਕੇ ਅਸਾਡੇ ਹਜ਼ੂਰ ਆਵਣਾ ਮੇਰੀ ਤੇਰੇ ਉਪਰਿ ਬਹੁਤ ਖੁਸ਼ੀ ਹੈ ਤੇਰਾ ਘਰ ਮੇਰਾ ਹੈ ਤੁਧ ਹੁਕਮ ਦੇਖਦਿਆ ਹੀ ਛੇਤੀ ਅਸਾਡੇ ਹਜ਼ੂਰ ਆਵਣਾ ਤੇਰਾ ਘਰ ਮੇਰਾ ਅਸੈ ਤੁਧ ਸਿਤਾਬੀ ਹੁਕਮ ਦੇਖਦਿਆ ਹੀ ਆਵਣਾ ਤੁਸਾਂ ਅਸਵਾਰ ਲੈ ਕੇ ਆਵਣਾ ਜ਼ਰੂਰ ਆਵਣਾ।"[74]

ਗੁਰੂ ਸਾਹਿਬ ਤਲਵੰਡੀ ਸਾਬੋ ਤੋਂ ਪਿੰਡ ਚੱਕ (ਫਤਿਹ ਸਿੰਘ ਵਾਲਾ) ਗਏ। ਪਹਿਲੀ ਰਾਤ ਪਿੰਡ ਦੇ ਬਾਹਰ ਸਿੱਖ ਸੰਗਤਾਂ ਦਾ ਡੇਰਾ ਕੀਤਾ ਗਿਆ। ਦੂਸਰੇ ਦਿਨ ਡੇਰਾ ਪਿੰਡ ਦੇ ਅੰਦਰ ਕੀਤਾ ਗਿਆ। ਭਾਈ ਰਾਮ ਸਿੰਘ ਗੁਰੂ ਸਾਹਿਬ ਦੇ ਘੋੜੇ ਦਾ ਲਗਾਮ ਫੜੀਂ ਅੱਗੇ ਅੱਗੇ ਜਾ ਰਿਹਾ ਸੀ। ਰਸਤੇ ਦੀ ਇਕ ਗਲੀ ਵਿੱਚ ਰਾਮ ਸਿੰਘ ਦੀ ਇੱਕ ਚਾਚੀ ਆਪਣੇ ਘਰ ਦੇ ਮੂਹਰੇ ਇਕ ਖੇਸ ਆਪਣੀਆਂ ਬਾਹਾਂ ਵਿੱਚ ਲਈਂ ਖੜੀ ਸੀ। ਉਸ ਦੀ ਆਪਣੇ ਭਤੀਜੇ ਭਾਈ ਰਾਮ ਸਿੰਘ ਨਾਲ ਬੋਲਚਾਲ ਨਹੀਂ ਸੀ। ਪਰ ਉਹ ਸੋਚਦੀ ਸੀ ਕਿ ਜਦੋਂ ਗੁਰੂ ਸਾਹਿਬ ਉਸ ਦੇ ਘਰ ਅੱਗੋਂ ਦੀ ਲੰਘਣਗੇ ਤਾਂ ਉਹ ਉਸ ਸਮੇਂ ਇਹ ਨਵਾਂ ਖੇਸ ਗੁਰੂ ਸਾਹਿਬ ਨੂੰ ਭੇਟਾ ਕਰ ਦੇਵੇਗੀ। ਜਿਉਂ ਹੀ ਭਾਈ ਰਾਮ ਸਿੰਘ ਆਪਣੀ ਚਾਚੀ ਦੇ ਘਰ ਨੇੜੇ ਆਇਆ ਤਾਂ ਉਸ ਨੇ ਗੁਰੂ ਸਾਹਿਬ ਦਾ ਘੋੜਾ ਦੂਜੇ ਪਾਸੇ ਦੀ ਮੋੜ ਲਿਆ। ਗੁਰੂ ਸਾਹਿਬ ਸਮਝ ਗਏ ਸਨ ਕਿ ਰਾਮ ਸਿੰਘ ਆਪਣੀ ਚਾਚੀ ਤੋਂ ਟਲ ਕੇ ਲੰਘ ਰਿਹਾ ਹੈ। ਗੁਰੂ ਸਾਹਿਬ ਨੇ ਭਾਈ ਰਾਮ ਸਿੰਘ ਨੂੰ ਕਿਹਾ ਕਿ ਰਾਮ ਸਿੰਘ ਪਹਿਲਾਂ ਤੇਰੀ ਚਾਚੀ ਦੇ ਘਰ ਜਾਣਾ ਹੈ। ਰਾਮ ਸਿੰਘ ਗੁਰੂ ਸਾਹਿਬ ਦੇ ਹੁਕਮ ਨੂੰ ਮੋੜ ਨਹੀਂ ਸਕਦਾ ਸੀ। ਇਸ ਤਰ੍ਹਾਂ ਗੁਰੂ ਸਾਹਿਬ ਰਾਮ ਸਿੰਘ ਨੂੰ ਨਾਲ

74 *ਹੁਕਮਨਾਮੇ,* ਗੰਡਾ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ-147.

ਲੈ ਕੇ ਉਸ ਦੀ ਚਾਚੀ ਕੋਲ ਗਏ। ਉਸ ਕੋਲੋਂ ਗੁਰੂ ਸਾਹਿਬ ਨੇ ਖੇਸ ਵੀ ਲਿਆ ਅਤੇ ਉਸ ਦੀ ਚਾਚੀ ਨੂੰ ਰਾਮ ਸਿੰਘ ਦੇ ਘਰ ਲੈ ਕੇ ਗਏ। ਸਭ ਨੇ ਭੋਜਨ ਭਾਈ ਰਾਮ ਸਿੰਘ ਦੇ ਘਰ ਛਕਿਆ।[75]

ਗੁਰੂ ਸਾਹਿਬ ਮੌੜ ਪਿੰਡ ਵਿੱਚ ਗਏ ਸਨ। ਇੱਥੋਂ ਦਾ ਚੌਧਰੀ ਦਲਪਤ ਸੀ। ਇਸ ਨੇ ਸਿੱਖ ਸੰਗਤਾਂ ਦੀ ਸੇਵਾ ਦੁੱਧ, ਦਹੀਂ ਅਤੇ ਘਿਉ ਨਾਲ ਕੀਤੀ। ਜਿੰਨਾ ਸਮਾਂ ਗੁਰੂ ਸਾਹਿਬ ਇਸ ਪਿੰਡ ਵਿੱਚ ਰਹੇ ਸਨ ਇਸ ਦਲਪਤ ਨੇ ਉੰਨਾ ਸਮਾਂ ਹੀ ਆਪਣੀਆਂ ਸਾਰੀਆਂ ਮੱਝਾਂ ਦਾ ਦੁੱਧ ਗੁਰੂ ਦੇ ਲੰਗਰ ਵਿੱਚ ਪਾਇਆ ਸੀ। ਗੁਰੂ ਸਾਹਿਬ ਨੇ ਇਸ ਨੂੰ ਆਪਣੇ ਦੀਵਾਨ ਵਿੱਚ ਸਮੂਹ ਸਿੱਖ ਸੰਗਤਾਂ ਸਾਹਮਣੇ ਸਨਮਾਨਿਤ ਕਰਦਿਆਂ ਫੁਰਮਾਇਆ ਸੀ ਕਿ ਇਹ ਦਲਪਤ ਦਲਾਂ ਦੀ ਪਤ ਹੈ। ਉਸ ਨੂੰ ਇੱਕ ਪੱਗ ਅਤੇ ਸਿਰੋਪਾਓ ਬਖਸ਼ਿਆ ਗਿਆ ਸੀ। ਇਸ ਦੇ ਪਿਤਾ ਦਾ ਨਾਂ ਭੀਉਂ ਸੀ।[76]

ਭਾਈ ਰਾਮ ਸਿੰਘ ਅਤੇ ਭਾਈ ਤਿਲੋਕੇ ਦੇ ਪਰਿਵਾਰ ਵਿੱਚੋਂ ਭਾਈ ਦਿਆਲਾ ਸੀ। ਪਹਿਲਾਂ ਇਹ ਸੰਗਤ ਵਿੱਚ ਰਲ ਕੇ ਅੰਮ੍ਰਿਤ ਛਕਣ ਨੂੰ ਤਿਆਰ ਨਹੀਂ ਹੋਇਆ ਸੀ। ਇਸ ਕਰਕੇ ਸਿੱਖ ਸੰਗਤਾਂ ਨਾ ਇਸ ਕੋਲੋਂ ਕੋਈ ਸੇਵਾ ਲੈਂਦੀਆਂ ਸਨ ਅਤੇ ਨਾ ਇਸ ਦਾ ਬਾਕੀ ਦਾ ਪਰਿਵਾਰ ਇਸ ਨਾਲ ਵਰਤਦਾ ਸੀ। ਕੁਝ ਦਿਨਾਂ ਬਾਅਦ ਇਸ ਨੂੰ ਅਹਿਸਾਸ ਹੋਇਆ ਕਿ ਇਸ ਤਰ੍ਹਾਂ ਉਹ ਆਪਣੇ ਖਾਨਦਾਨ ਨਾਲੋਂ ਅਲੱਗ ਹੋ ਗਿਆ ਹੈ। ਇਸ ਨੇ ਭਾਈ ਰਾਮ ਸਿੰਘ ਨਾਲ ਗੱਲ ਕੀਤੀ। ਭਾਈ ਰਾਮ ਸਿੰਘ ਨੇ ਕਿਹਾ ਕਿ ਆਪਣੀ ਗਲਤੀ ਦਾ ਪਛਚਾਤਾਪ ਕਰਨ ਲਈ, ਉਹ ਲੰਗਰ ਤਿਆਰ ਕਰਕੇ ਅਤੇ ਲੰਗਰ ਨੂੰ ਆਪਣੇ ਗੱਡਿਆਂ ਵਿੱਚ ਲੱਦ ਕੇ ਗੁਰੂ ਸਾਹਿਬ ਕੋਲ ਜਾ ਕੇ, ਅੰਮ੍ਰਿਤ ਛਕਣ ਦੀ ਬੇਨਤੀ ਕਰੇ। ਭਾਈ ਦਿਆਲੇ ਨੇ ਇਸੇ ਤਰ੍ਹਾਂ ਕੀਤਾ। ਗੁਰੂ ਸਾਹਿਬ ਨੇ ਇਸ ਵੱਲੋਂ ਬੇਨਤੀ ਕਰਨ ਤੇ ਕਿਹਾ ਕਿ ਉਹ ਅਗਲਾ ਦੀਵਾਨ ਭਾਗੂ ਪਿੰਡ ਵਿਖੇ ਲਗਾ ਰਹੇ ਹਨ। ਉਹ ਉੱਥੇ ਅੰਮ੍ਰਿਤ ਛਕ ਲਵੇ ਅਤੇ ਉੱਥੇ ਸਾਰੀ ਸੰਗਤ ਨੂੰ ਲੰਗਰ ਛਕਾ ਦੇਵੇ। ਭਾਗੂ ਪਿੰਡ ਵਿਖੇ ਜਦੋਂ ਅੰਮ੍ਰਿਤ ਛਕਾਇਆ ਗਿਆ ਤਾਂ ਉਸ ਸਮੇਂ ਅੰਮ੍ਰਿਤ ਛਕਣ ਵਾਲਿਆਂ ਵਿੱਚ ਜ਼ਿਆਦਾ ਵਿਅਕਤੀ ਨੀਵੀਆਂ ਜਾਤੀਆਂ ਦੇ ਸਨ। ਭਾਈ ਦਿਆਲਾ ਨੇ ਉੱਥੇ ਅੰਮ੍ਰਿਤ ਛਕਿਆ ਅਤੇ ਉਸ ਦਾ ਨਾਂ ਦਿਆਲ ਸਿੰਘ ਰੱਖਿਆ ਗਿਆ।[77]

ਭਾਗੂ ਪਿੰਡ ਤੋਂ ਚੱਲਦੇ ਹੋਏ ਗੁਰੂ ਸਾਹਿਬ ਬਠਿੰਡਾ ਪਹੁੰਚੇ। ਉੱਥੇ ਪੁਰਾਣਾ ਕਿਲ੍ਹਾ ਸੀ ਪਰ ਅੰਦਰੋਂ ਬਹੁਤ ਖੁੱਲ੍ਹਾ ਦਲਾਣ ਸੀ। ਗੁਰੂ ਸਾਹਿਬ ਨੇ ਡੇਰਾ ਕਿਲ੍ਹੇ ਦੇ ਵਿੱਚ ਲਾਉਣ ਦਾ ਫ਼ੈਸਲਾ ਕਰ ਲਿਆ ਸੀ। ਪਿੰਡ

---

75 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨੇ 84-85.

76 *ਉਹੀ*, ਪੰਨਾ-85.

77 *ਉਹੀ*, ਪੰਨੇ 86-87.

ਦੇ ਲੋਕ ਆ ਕੇ ਬੇਨਤੀ ਕਰਨ ਲੱਗੇ ਕਿ ਤੁਸੀਂ ਡੇਰਾ ਅੰਦਰ ਨਾ ਕਰੋ ਕਿਉਂਕਿ ਕਿਲ੍ਹੇ ਅੰਦਰ ਇੱਕ ਬਹੁਤ ਭਿਆਨਕ ਜਿੰਨ ਜਾਂ ਪ੍ਰੇਤ ਰਹਿੰਦਾ ਹੈ ਉਹ ਬੰਦਿਆਂ ਦਾ ਨੁਕਸਾਨ ਕਰ ਦਿੰਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਉਨ੍ਹਾਂ ਦੇ ਸਿੰਘਾਂ ਨੇ ਕਿਲ੍ਹੇ ਦੇ ਭੂਤ ਨੂੰ ਮਾਰ ਦੇਣਾ ਹੈ। ਤੁਸੀਂ ਚਿੰਤਾ ਨਾ ਕਰੋ। ਗੁਰੂ ਸਾਹਿਬ ਨੇ ਕਿਲ੍ਹੇ ਅੰਦਰ ਕਈ ਰਾਤਾਂ ਗੁਜ਼ਾਰੀਆਂ ਸਨ ਅਤੇ ਲੋਕਾਂ ਨੂੰ ਕਿਹਾ ਸੀ ਕਿ ਉਨ੍ਹਾਂ ਦਾ ਇਹ ਡਰ ਅਗਿਆਨਤਾ ਕਰਕੇ ਹੈ। ਕਿਲ੍ਹਾ ਸੁੰਨਾ ਅਤੇ ਖਾਲੀ ਪਿਆ ਹੈ। ਇਸ ਦੀ ਸੰਭਾਲ ਨਹੀਂ ਕਰੋਗੇ ਅਤੇ ਜੇ ਇਸੇ ਤਰ੍ਹਾਂ ਡਰਦੇ ਰਹੋਗੇ ਤਾਂ ਇੱਕ ਦਿਨ ਇਹ ਕਿਲ੍ਹਾ ਢਹਿ-ਢੇਰੀ ਹੋ ਜਾਵੇਗਾ ਅਤੇ ਖਾਲੀ ਅਤੇ ਸੁੰਨੇ ਪਏ ਕਿਲ੍ਹੇ ਅੰਦਰ ਕੋਈ ਮਾੜੇ ਕੰਮ ਕਰਨ ਵਾਲੇ ਬੰਦੇ ਛੁਪ ਕੇ ਰਹਿ ਸਕਦੇ ਹਨ। ਗੁਰੂ ਸਾਹਿਬ ਨੇ ਲੋਕਾਂ ਨੂੰ ਇਹ ਵੀ ਦੱਸਿਆ ਇਹ ਕਿਲ੍ਹਾ ਬਹੁਤ ਪੁਰਾਣਾ ਹੈ। ਇਸ ਉੱਪਰ ਇੱਥੋਂ ਦੇ ਲੋਕਾਂ ਨੂੰ ਮਾਣ ਹੋਣਾ ਚਾਹੀਦਾ ਹੈ।[78]

ਮੈਕਾਲਿਫ਼ ਨੇ ਲਿਖਿਆ ਹੈ ਜਿਹੜਾ ਚੱਕਰ ਗੁਰੂ ਸਾਹਿਬ ਮਾਲਵਾ ਦੇ ਪਿੰਡਾਂ ਦਾ ਲਾ ਰਹੇ ਸਨ, ਇਸ ਸਮੇਂ ਭਾਈ ਡੱਲ ਸਿੰਘ ਬਰਾੜ ਅਤੇ ਉਸ ਦੇ ਸਿਪਾਹੀ ਗੁਰੂ ਸਾਹਿਬ ਦੇ ਨਾਲ ਸਨ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਬਠਿੰਡਾ ਦਾ ਕਿਲ੍ਹਾ ਦਿਖਾਉਣ ਲਈ ਲਿਆਂਦਾ ਸੀ, ਉਨ੍ਹਾਂ ਨੇ ਕਿਲ੍ਹੇ ਦਾ ਪੁਰਾਣਾ ਇਤਿਹਾਸ ਦੱਸਿਆ ਸੀ ਅਤੇ ਉਨ੍ਹਾਂ ਨੇ ਹੀ ਇਹ ਗੱਲ ਦੱਸੀ ਕਿ ਇਸ ਕਿਲ੍ਹੇ ਤੋਂ ਲੈ ਕੇ ਬੀਕਾਨੇਰ ਤੱਕ ਜ਼ਮੀਨ-ਦੋਜ਼ ਸੁਰੰਗ ਸੀ।[79]

ਬਠਿੰਡਾ ਤੋਂ ਗੁਰੂ ਸਾਹਿਬ ਕੋਟ ਸ਼ਮੀਰ ਪਿੰਡ ਵਿੱਚ ਪਹੁੰਚੇ। ਇਹ ਚੌਧਰੀ ਡੱਲ ਸਿੰਘ ਬਰਾੜ ਦੀ ਚੌਧਰ ਵਿੱਚ ਸੀ। ਚੌਧਰੀ ਡੱਲ ਸਿੰਘ ਗੁਰੂ ਸਾਹਿਬ ਨੂੰ ਪਿੰਡ ਸ਼ਮੀਰ ਵਿੱਚ ਲੈ ਕੇ ਆਇਆ ਸੀ। ਜਦੋਂ ਗੁਰੂ ਸਾਹਿਬ ਦੀਵਾਨ ਵਿੱਚ ਬੈਠੇ ਸਨ ਤਾਂ ਡੱਲ ਸਿੰਘ ਬਰਾੜ ਗੁਰੂ ਸਾਹਿਬ ਦੇ ਨਾਲ ਸਟੇਜ 'ਤੇ ਬੈਠਾ ਸੀ। ਪਿੰਡ ਦੇ ਲੋਕ ਡੱਲ ਸਿੰਘ ਦੀ ਪਰਜਾ ਹੋਣ ਕਰਕੇ ਗੁਰੂ ਸਾਹਿਬ ਨੂੰ ਮੱਥਾ ਟੇਕਦੇ ਸਨ ਤੇ ਨਜ਼ਰਾਨਾ ਪੇਸ਼ ਕਰਦੇ ਸਨ ਤੇ ਨਾਲ ਹੀ ਬਰਾਬਰ ਉਸੇ ਤਰ੍ਹਾਂ ਡੱਲ ਸਿੰਘ ਬਰਾੜ ਨੂੰ ਟੇਕਦੇ ਸਨ। ਡੱਲ ਸਿੰਘ ਨੇ ਆਪਣੇ ਲੋਕਾਂ ਨੂੰ ਕਿਹਾ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਉਸ ਨੂੰ ਮੱਥਾ ਨਾ ਟੇਕਿਆ ਜਾਵੇ। ਗੁਰੂ ਸਾਹਿਬ ਨੇ ਕਿਹਾ ਕਿ ਡੱਲ ਸਿੰਘ ਇਹ ਤੇਰੀ ਪਰਜਾ ਹੈ ਅਤੇ ਤੂੰ ਇਨ੍ਹਾਂ ਦਾ ਸਰਦਾਰ ਹੈ। ਇਨ੍ਹਾਂ ਨੇ ਆਪਣੇ ਸਰਦਾਰ ਨੂੰ ਮੱਥਾ ਟੇਕਣਾ ਹੀ

---

78 *ਸਾਖੀ ਪੋਥੀ*, ਪੰਨੇ 89-90.

79 ਮੈਕਾਲਿਫ਼, *ਸਿੱਖ ਧਰਮ: ਗੁਰੂ ਸਾਹਿਬਾਨ ਪਵਿੱਤਰ ਰਚਨਾਵਾਂ ਤੇ ਰਚਨਾਕਾਰ* (ਪੰਜਾਬੀ ਅਨੁਵਾਦ), ਜਿਲਦ ਪੰਜਵੀਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨੇ 207-08.

ਹੈ। ਇਹ ਕੋਈ ਗਲਤ ਗੱਲ ਨਹੀਂ ਹੈ। ਮਾਲਵਾ ਵਿੱਚ ਤੁਸੀਂ ਰਾਜ ਕਰਨਾ ਹੈ। ਅਸੀਂ ਮਾਲਵਾ ਦੀਆਂ ਸਰਦਾਰੀਆਂ ਤੁਹਾਨੂੰ ਸੌਂਪੀਆਂ ਹਨ। ਗੁਰੂ-ਘਰ ਦੀ ਸੇਵਾ ਕਰੋ ਅਤੇ ਸਰਦਾਰੀਆਂ ਮਾਣੋ।

ਗੁਰੂ ਸਾਹਿਬ ਤਲਵੰਡੀ ਸਾਬੋ ਵਿਖੇ ਨੌ ਮਹੀਨਿਆਂ ਤੋਂ ਵੱਧ ਸਮੇਂ ਲਈ ਠਹਿਰੇ ਸਨ। ਇਹ ਸਾਰਾ ਸਮਾਂ ਉਨ੍ਹਾਂ ਨੇ ਭਾਈ ਡੱਲ ਸਿੰਘ ਬਰਾੜ ਨਾਲ ਬਿਤਾਇਆ ਸੀ। ਇਹ ਮਾਣ ਵੀ ਭਾਈ ਡੱਲ ਸਿੰਘ ਨੂੰ ਜਾਂਦਾ ਹੈ ਕਿ ਉਨ੍ਹਾਂ ਨੇ ਸਾਰਾ ਸਮਾਂ ਨਾ ਸਿਰਫ਼ ਲੰਗਰ ਦੀ ਸੇਵਾ ਕੀਤੀ ਸਗੋਂ ਉਸ ਨੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਆਪਣੀਆਂ ਹਵੇਲੀਆਂ ਸੌਂਪ ਦਿੱਤੀਆਂ ਸਨ। ਗੁਰੂ ਸਾਹਿਬ ਜਦੋਂ ਦਰਬਾਰ ਲਗਾ ਕੇ ਬੈਠਦੇ ਸਨ ਤਾਂ ਭਾਈ ਡੱਲ ਸਿੰਘ ਨਾਲ ਮਾਲਵਾ ਬਾਰੇ ਗੱਲਾਂ ਬਾਤਾਂ ਕਰਦੇ ਸਨ। ਸਾਖੀ ਪੋਥੀ ਵਿੱਚ ਗੁਰੂ ਸਾਹਿਬ ਅਤੇ ਭਾਈ ਡੱਲ ਸਿੰਘ ਵਿਚਕਾਰ ਕੁਝ ਮੁੱਦਿਆਂ ਉੱਪਰ ਹੋਈ ਗੱਲ ਬਾਤ ਦੀ ਜਾਣਕਾਰੀ ਦਿੱਤੀ ਗਈ ਹੈ।

ਇਕ ਵਾਰ ਗੱਲਬਾਤ ਕਰਦੇ ਹੋਏ ਗੁਰੂ ਸਾਹਿਬ ਭਾਈ ਡੱਲ ਸਿੰਘ ਨੂੰ ਵਾਰ-ਵਾਰ ਪੁੱਛਦੇ ਹਨ ਕਿ ਉਸ ਨੂੰ ਸਭ ਤੋਂ ਵੱਧ ਲੋੜ ਕਿਸ ਚੀਜ਼ ਦੀ ਹੈ। ਭਾਈ ਡੱਲ ਸਿੰਘ ਵਾਰ-ਵਾਰ ਹੀ ਜਵਾਬ ਦਿੰਦੇ ਹੋਏ ਕਹਿੰਦੇ ਹਨ ਕਿ ਉਸ ਨੂੰ ਸਭ ਤੋਂ ਵੱਡੀ ਲੋੜ ਪਾਣੀ ਦੀ ਹੈ। ਮਾਲਵਾ ਵਿੱਚ ਪਾਣੀ ਦੀ ਬਹੁਤ ਵੱਡੀ ਘਾਟ ਸੀ। ਪੀਣ ਵਾਲਾ ਪਾਣੀ ਵੀ ਨਹੀਂ ਸੀ, ਫਸਲਾਂ ਨੂੰ ਦੇਣ ਵਾਲੇ ਪਾਣੀ ਦੀ ਤਾਂ ਗੱਲ ਹੀ ਛੱਡ ਦਿਓ। ਮਾਲਵਾ ਦੀ ਸਾਰੀ ਧਰਤੀ ਰੇਤਲੀ, ਟਿੱਬਿਆਂ ਵਾਲੀ ਅਤੇ ਕੰਡੀਲੇ ਝਾੜਾਂ ਵਾਲੀ ਸੀ। ਸਭ ਪਾਸੇ ਰੇਤਾ ਹੀ ਰੇਤਾ ਸੀ। ਬੰਦਾ ਪੈਦਲ ਵੀ ਰੇਤਲੇ ਟਿੱਬਿਆਂ ਵਿੱਚ ਆਸਾਨੀ ਨਾਲ ਤੁਰ ਨਹੀਂ ਸਕਦਾ ਸੀ। ਮਾਲਵਾ ਦੇ ਰੇਤਲੇ ਟਿੱਬਿਆਂ ਵਿੱਚ ਘੋੜੇ ਜ਼ਿਆਦਾ ਕੰਮ ਨਹੀਂ ਦਿੰਦੇ ਸਨ। ਉਨ੍ਹਾਂ ਦੇ ਪੌੜ ਰੇਤੇ ਵਿੱਚ ਖੁਭ ਜਾਂਦੇ ਸਨ। ਅਸਲ ਸਵਾਰੀ ਊਠਾਂ ਉਪਰ ਹੁੰਦੀ ਸੀ। ਊਠਾਂ ਦੀ ਪੈੜ ਚੌੜੀ ਹੋਣ ਕਰਕੇ ਰੇਤੇ ਵਿੱਚ ਖੁਭਦੀ ਨਹੀਂ ਸੀ। ਜਦੋਂ ਭਾਈ ਡੱਲ ਸਿੰਘ ਨੇ ਵਾਰ-ਵਾਰ ਪਾਣੀ ਮੰਗਿਆ ਸੀ ਤਾਂ ਗੁਰੂ ਸਾਹਿਬ ਨੇ ਕਿਹਾ ਸੀ ਪਾਣੀ ਸੱਚ ਮੁੱਚ ਮਾਲਵਾ ਦੀ ਜਿੰਦ-ਜਾਨ ਹੈ। ਕੋਈ ਸਮਾਂ ਆਵੇਗਾ ਜਦੋਂ ਇੱਥੇ ਪਾਣੀ ਦੀਆਂ ਲਹਿਰਾਂ ਵਗਣਗੀਆਂ।[80]

ਮੈਕਾਲਿਫ਼ ਨੇ ਇਕ ਬੜੀ ਮਹੱਤਵਪੂਰਨ ਗੱਲ ਲਿਖੀ ਹੈ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਨ ਭਾਈ ਡੱਲ ਸਿੰਘ 'ਤੇ ਇਸ ਕਰਕੇ ਗੁੱਸੇ ਸੀ ਕਿ ਉਸ ਨੇ ਗੁਰੂ ਗੋਬਿੰਦ ਸਿੰਘ ਨੂੰ ਲਗਾਤਾਰ ਆਪਣੇ ਕੋਲ ਕਿਉਂ ਰੱਖਿਆ ਹੈ। ਮੈਕਾਲਿਫ਼ ਅਨੁਸਾਰ ਸਰਹਿੰਦ ਦੇ ਵਜ਼ੀਰ ਖਾਨ ਨੇ ਭਾਈ ਡੱਲ ਸਿੰਘ ਨੂੰ ਦੋ ਧਮਕੀ ਪੱਤਰ ਲਿਖੇ

---

80 *ਸਾਖੀ ਪੋਥੀ*, ਪੰਨੇ 95-96.

ਸਨ ਕਿ ਜਾਂ ਤਾਂ ਗੁਰੂ ਸਾਹਿਬ ਨੂੰ ਆਪਣੇ ਇਲਾਕੇ ਵਿੱਚੋਂ ਕੱਢ ਦਿਓ ਤੇ ਜਾਂ ਫਿਰ ਲੜਾਈ ਕਰਨ ਲਈ ਤਿਆਰ ਰਹੋ। ਮੈਕਾਲਿਫ਼ ਨੇ ਲਿਖਿਆ ਹੈ ਕਿ ਭਾਈ ਡੱਲ ਸਿੰਘ ਨੇ ਦੋਵੇਂ ਖ਼ਤਾਂ ਦੇ ਜਵਾਬ ਵਿੱਚ ਕਿਹਾ ਸੀ ਕਿ 'ਗੁਰੂ ਸਾਹਿਬ ਉਸ ਦੀ ਜਿੰਦ-ਜਾਨ ਹਨ। ਗੁਰੂ ਸਾਹਿਬ ਜਿੰਨਾ ਸਮਾਂ ਚਾਹੁਣ ਉਹ ਉਸ ਦੇ ਮਹਿਮਾਨ ਬਣ ਕੇ ਹੀ ਰਹਿਣਗੇ।'[81]

ਗੁਰੂ ਗੋਬਿੰਦ ਸਿੰਘ ਨੇ ਜਿੰਨਾ ਸਮਾਂ ਮਾਲਵਾ ਵਿੱਚ ਗੁਜ਼ਾਰਿਆ ਉਹ ਉਨ੍ਹਾਂ ਦੇ ਜੀਵਨ ਦਾ ਸਭ ਤੋਂ ਵੱਧ ਸ਼ਾਂਤਮਈ ਸਮਾਂ ਸੀ। ਗੁਰੂ ਸਾਹਿਬ ਜਦੋਂ ਮਾਲਵਾ ਵਿੱਚ ਆਏ ਸਨ ਤਾਂ ਉਨ੍ਹਾਂ ਦਾ ਪਰਿਵਾਰ ਅਤੇ ਧਨ-ਦੌਲਤ ਸਾਰੀ ਖ਼ਤਮ ਹੋ ਚੁੱਕੀ ਸੀ। ਗੁਰੂ ਸਾਹਿਬ ਨੇ ਸਿਰਫ਼ ਤਿੰਨ ਸਿੰਘਾਂ ਨਾਲ ਮਾਲਵਾ ਵਿੱਚ ਪ੍ਰਵੇਸ਼ ਕੀਤਾ ਸੀ। ਇਹ ਤਿੰਨ ਸਿੰਘ ਸਨ: ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ। ਗੁਰੂ ਸਾਹਿਬ ਇਨ੍ਹਾਂ ਤਿੰਨਾਂ ਸਿੰਘਾਂ ਨਾਲ ਚਮਕੌਰ ਦੀ ਗੜ੍ਹੀ ਵਿੱਚੋਂ ਬਚ ਕੇ ਨਿਕਲੇ ਸਨ। ਗੁਰੂ ਸਾਹਿਬ ਦਾ ਮਾਲਵਾ ਵਿੱਚ ਪ੍ਰਵੇਸ਼ ਹੋਣਾ ਚਮਕੌਰ ਦੀ ਗੜ੍ਹੀ ਵਿੱਚੋਂ ਬਚ ਕੇ ਨਿਕਲਣ ਬਾਅਦ ਮੰਨਿਆ ਜਾਣਾ ਚਾਹੀਦਾ ਹੈ। ਕਿਉਂਕਿ ਆਨੰਦਪੁਰ ਸਾਹਿਬ ਤੋਂ ਲੈ ਕੇ ਰੋਪੜ ਅਤੇ ਚਮਕੌਰ ਦਾ ਖੇਤਰ ਤਕਨੀਕੀ ਰੂਪ ਵਿੱਚ ਮਾਲਵਾ ਦਾ ਖੇਤਰ ਨਹੀਂ ਮੰਨਿਆ ਜਾਂਦਾ। ਇਹ ਸਾਰਾ ਇਲਾਕਾ ਪੁਆਧੀ ਖੇਤਰ ਹੈ। ਚਮਕੌਰ ਤੋਂ ਅਗਲਾ ਖੇਤਰ ਮਾਲਵਾ ਦਾ ਹਿੱਸਾ ਮੰਨਿਆ ਜਾ ਸਕਦਾ ਹੈ। ਇਹ ਸਮਾਂ ਇਤਿਹਾਸਕ ਤੌਰ 'ਤੇ 1705 ਈਸਵੀ ਦੇ ਦਸੰਬਰ ਦਾ ਅਖੀਰਲਾ ਹਫ਼ਤਾ ਮੰਨਿਆ ਜਾ ਸਕਦਾ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ 1706 ਈਸਵੀ ਦੇ ਚੜ੍ਹਦੇ ਸਾਲ ਮਾਲਵਾ ਵਿੱਚ ਪ੍ਰਵੇਸ਼ ਕਰ ਗਏ ਸਨ ਅਤੇ ਉਹ ਅਗਲੇ ਦੋ ਹਫ਼ਤਿਆਂ ਦੇ ਸਮੇਂ ਵਿੱਚ ਮਾਲਵਾ ਦੇ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਅਤੇ ਨਵੇਂ ਖ਼ਾਲਸਾ ਨੂੰ ਭਰਤੀ ਕਰਦੇ ਹੋਏ, ਇੱਕ ਤਕੜੇ ਲਾਓ-ਲਸ਼ਕਰ ਨਾਲ ਖਿਦਰਾਣੇ ਦੀ ਢਾਬ 'ਤੇ ਪਹੁੰਚ ਗਏ ਸਨ। ਖਿਦਰਾਣੇ ਦੀ ਲੜਾਈ 30 ਪੋਹ ਨੂੰ ਹੋਈ ਮੰਨੀ ਗਈ ਹੈ। ਇਸ ਲਈ ਈਸਵੀ ਅਨੁਸਾਰ ਇਹ ਦਿਨ 14 ਜਾਂ 15 ਜਨਵਰੀ ਦਾ ਮੰਨਿਆ ਜਾ ਸਕਦਾ ਹੈ। ਦੇਸੀ ਮਹੀਨਿਆਂ ਅਨੁਸਾਰ ਇਹ 30 ਪੋਹ ਦਾ ਦਿਨ ਸੀ। ਪਹਿਲੀ ਮਾਘ (ਮਾਘੀ) ਨੂੰ ਗੁਰੂ ਸਾਹਿਬ ਨੇ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਸੀ ਅਤੇ ਹਫ਼ਤੇ-ਦਸ ਦਿਨਾਂ ਵਿੱਚ ਇਨ੍ਹਾਂ ਸਭ ਸ਼ਹੀਦ ਸਿੰਘਾਂ ਦੀਆਂ ਅੰਤਿਮ ਰਸਮਾਂ ਪੂਰੀਆਂ

---

81 ਮੈਕਾਲਿਫ਼, *ਸਿੱਖ ਧਰਮ: ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਕਾਰ* (ਪੰਜਾਬੀ ਅਨੁਵਾਦ), ਜਿਲਦ ਪੰਜਵੀਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨੇ 207 ਅਤੇ 208.

ਕਰ ਕੇ ਗੁਰੂ ਸਾਹਿਬ ਖਿਦਰਾਣੇ ਤੋਂ ਤਲਵੰਡੀ ਸਾਬੋ ਵੱਲ ਨੂੰ ਚੱਲ ਪਏ ਸਨ। ਤਲਵੰਡੀ ਸਾਬੋ ਤੱਕ ਪਹੁੰਚਦਿਆਂ ਹਫ਼ਤੇ ਕੁ ਦਾ ਸਮਾਂ ਮੰਨਿਆ ਜਾ ਸਕਦਾ ਹੈ। ਭਾਵ ਕਿ 10-11 ਮਾਘ ਦੇ ਨੇੜੇ-ਤੇੜੇ ਜਾਂ ਜਨਵਰੀ ਦੇ ਅਖਰੀਲੇ ਹਫ਼ਤੇ ਗੁਰੂ ਸਾਹਿਬ ਤਲਵੰਡੀ ਸਾਬੋ ਵਿਖੇ ਪਹੁੰਚੇ ਹੋ ਸਕਦੇ ਹਨ।[82]

ਖਿਦਰਾਣੇ ਦੀ ਲੜਾਈ ਵਿੱਚ ਜਿੱਤ ਹਾਸਲ ਕੀਤੀ ਸੀ ਜੋ ਮਾਲਵਾ ਦੀ ਦੇਣ ਸੀ। ਇੰਨੀ ਵੱਡੀ ਦੇਣ ਸੀ ਕਿ ਇਹ ਸਮਾਂ ਗੁਰੂ ਸਾਹਿਬ ਦੇ ਜੀਵਨ ਦਾ ਬਹੁਤ ਹੀ ਜ਼ਿਆਦਾ ਸ਼ਾਂਤ ਅਤੇ ਤਸੱਲੀ ਵਾਲਾ ਹਿੱਸਾ ਸੀ। ਇਸ ਸਮੇਂ ਵਿੱਚ ਗੁਰੂ ਸਾਹਿਬ ਨੇ ਤਿੰਨ ਵੱਡੇ ਅਜਿਹੇ ਕੰਮ ਕੀਤੇ ਜਿਹੜੇ ਸਿੱਖ ਇਤਿਹਾਸ ਦੇ ਮਹੱਤਵਪੂਰਨ ਵਿਸ਼ੇ ਬਣ ਚੁੱਕੇ ਹਨ। ਇੱਕ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ, ਦੂਜਾ ਤਲਵੰਡੀ ਸਾਬੋ ਵਿਖੇ ਇੱਕ ਅਜਿਹਾ ਸਿੱਖ ਕੇਂਦਰ ਸਥਾਪਿਤ ਕਰਨਾ, ਜਿੱਥੇ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕੀਤੇ ਜਾਂਦੇ ਸਨ ਅਤੇ ਗੁਰਬਾਣੀ ਦੀ ਸਿੱਖਿਆ ਦਿੱਤੀ ਜਾਂਦੀ ਸੀ। ਇਸ ਨੂੰ ਟਕਸਾਲ ਕਿਹਾ ਗਿਆ ਸੀ। ਕਿਉਂਕਿ ਤਲਵੰਡੀ ਸਾਬੋ ਵਿਖੇ ਪਹਿਲਾਂ ਗੁਰੂ ਨਾਨਕ ਦੇਵ ਅਤੇ ਗੁਰੂ ਤੇਗ਼ ਬਹਾਦਰ ਆ ਚੁੱਕੇ ਸਨ ਅਤੇ ਇੱਥੇ ਇੱਕ ਸਰੋਵਰ ਬਣ ਚੁੱਕਿਆ ਸੀ। ਇਸ ਲਈ ਗੁਰੂ ਸਾਹਿਬ ਨੇ ਇੱਥੇ ਸਿੱਖ ਧਰਮ ਦਾ ਕੇਂਦਰ ਸਥਾਪਿਤ ਕਰ ਦਿੱਤਾ ਸੀ। ਇਸ ਕੇਂਦਰ ਦਾ ਨਾਂ ਸੀ ਤਖ਼ਤ ਸ੍ਰੀ ਦਮਦਮਾ ਸਾਹਿਬ। ਦਮਦਮਾ ਸਾਹਿਬ ਉਹ ਅਸਥਾਨ ਸੀ ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਬਣਵਾਇਆ ਸੀ। ਇਹ ਅਸਥਾਨ ਇੱਥੋਂ ਦੇ ਸਰੋਵਰ ਦੇ ਇੱਕ ਪਾਸੇ ਉੱਚੇ ਅਤੇ ਵਿਸ਼ਾਲ ਥੜ੍ਹੇ ਉੱਪਰ ਬਣਾਇਆ ਗਿਆ ਸੀ। ਇਸ ਉੱਚੇ ਅਤੇ ਵਿਸ਼ਾਲ ਥੜ੍ਹੇ ਨੂੰ ਦਮਦਮਾ ਕਿਹਾ ਗਿਆ ਸੀ। ਦਮਦਮਾ ਦੇ ਸਿੱਧੇ ਅੱਖਰੀ ਅਰਥ ਤਾਂ ਉਸ ਥਾਂ ਦੇ ਤੌਰ 'ਤੇ ਬਣਦੇ ਹਨ ਜਿੱਥੇ ਬੈਠ ਕੇ ਦਮ ਲਿਆ ਜਾਵੇ। ਪਰ ਸਿੱਖ ਸ਼ਬਦਾਵਲੀ ਵਿੱਚ ਦਮਦਮਾ ਦੇ ਅਰਥ ਉਸ ਅਸਥਾਨ ਤੋਂ ਲਏ ਜਾਂਦੇ ਹਨ ਜਿੱਥੇ ਗੁਰੂ ਸਾਹਿਬ ਆਪਣਾ ਦਰਬਾਰ ਲਗਾਇਆ ਕਰਦੇ ਸਨ। ਇਸ ਦਾ ਪੂਰਾ ਨਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਰੱਖਿਆ ਗਿਆ ਸੀ। ਭਾਵ ਇਹ ਅਸਥਾਨ ਖ਼ਾਲਸਾ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਤਖ਼ਤ ਸੀ। ਜਿਹੜੀ ਇੱਥੇ ਟਕਸਾਲ (ਵਿੱਦਿਅਕ ਸੰਸਥਾ) ਸਥਾਪਿਤ ਕੀਤੀ ਸੀ ਉਸ ਦਾ ਨਾਂ ਦਮਦਮੀ ਟਕਸਾਲ ਪ੍ਰਚੱਲਿਤ ਹੋ ਗਿਆ ਸੀ। ਭਾਵ ਤਲਵੰਡੀ ਸਾਬੋ ਦਾ ਪਿੰਡ ਜਿਹੜਾ ਮਾਲਵਾ ਦੇ ਰੇਤਲੇ ਅਤੇ ਕੰਡੀਲੇ ਰੋਹੀ ਬੀਆਬਾਨ ਵਿੱਚ ਸਥਿਤ ਸੀ ਅਤੇ ਅਨਪੜ੍ਹ ਜੱਟਾਂ ਦਾ ਪਿੰਡ ਸੀ। ਉਹ ਆਪਣੇ ਖੇਤਰ ਦਾ ਇੱਕ ਅਜਿਹਾ ਸਿੱਖ ਕੇਂਦਰ ਬਣ ਗਿਆ ਸੀ ਜਿੱਥੇ ਬੈਠ ਕੇ ਗੁਰੂ ਗ੍ਰੰਥ ਸਾਹਿਬ ਦੀ

---

82 ਸੈਨਾਪਤਿ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, ਪੰਨੇ 58-59 (ਜਾਣਕਾਰੀ).

ਸੰਪਾਦਨਾ ਕੀਤੀ ਗਈ ਸੀ ਅਤੇ ਜਿੱਥੇ ਸੈਂਕੜੇ ਨਹੀਂ ਸਗੋਂ ਹਜ਼ਾਰਾਂ ਕਾਪੀਆਂ ਗੁਰੂ ਗ੍ਰੰਥ ਸਾਹਿਬ ਦੀਆਂ ਅਤੇ ਗੁਰਬਾਣੀ ਦੀਆਂ ਪੋਥੀਆਂ ਤਿਆਰ ਕੀਤੀਆਂ ਗਈਆਂ ਸਨ। ਸਾਖੀ ਪੋਥੀ ਵਿੱਚ ਇਸ ਗੱਲ ਬਾਰੇ ਬਹੁਤ ਵਿਸਥਾਰ ਨਾਲ ਲਿਖਿਆ ਗਿਆ ਹੈ ਕਿ ਇਸ ਥਾਂ 'ਤੇ ਅਨਪੜ੍ਹ ਲੋਕ ਪੜ੍ਹ ਕੇ ਵਿਦਵਾਨ ਹੋਣਗੇ। ਸਾਖੀ ਪੋਥੀ ਵਿੱਚ ਲਿਖਿਆ ਹੈ: "ਗੁਰੂ ਜੀ ਕਹਿੰਦੇ, 'ਡਲ ਸਿੰਘ ਏਥੇ ਸਿਖ ਸਿਖਾਇਤ ਪੜੇਂਗੇ' ਕਈ ਹਜ਼ਾਰ। ਹੁਣਿ ਤਾਂ ਨਾਹੀ ਕੋਈ ਪੜਦਾ, ਜਦੋਂ ਪੜਨਗੇ, ਉਦੋਂ ਬਣਾਇ ਲੈਣਗੇ। ਇਹ ਹਮਾਰੀ ਦ੍ਰਿਸਟਿ ਹੈ।"[83]

ਇਹ ਸਭ ਬਚਨ ਅੱਜ ਸੱਚ ਹੋ ਚੁੱਕੇ ਹਨ। ਕਾਸ਼ੀ ਦਾ ਮਤਲਬ ਹੈ ਬਨਾਰਸ ਜੋ ਹਿੰਦੂ ਵਿੱਦਿਆ ਦਾ ਕੇਂਦਰ ਹੈ। ਤਲਵੰਡੀ ਸਾਬੋ ਨੂੰ ਗੁਰੂ ਕੀ ਕਾਸ਼ੀ ਹੋਣ ਦਾ ਵਰ ਗੁਰੂ ਤੇਗ਼ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਨੇ ਦਿੱਤਾ ਸੀ। ਇਸ ਲਈ ਇਹ ਅਸਥਾਨ ਗੁਰੂ ਸਾਹਿਬਾਨ ਦਾ ਵਸਾਇਆ ਹੋਇਆ ਹੈ। ਇਹ ਡੱਲ ਸਿੰਘ ਬਰਾੜ ਦੀ ਚੌਧਰ ਦਾ ਕੇਂਦਰ ਸੀ। ਡੱਲ ਸਿੰਘ ਬਰਾੜ ਆਪਣੇ ਸਮੇਂ ਦਾ ਸੂਰਮਾ ਅਤੇ ਯੋਧਾ ਸੀ। ਫਿਰ ਇਸ ਕੇਂਦਰ ਵਿੱਚੋਂ ਬਾਬਾ ਦੀਪ ਸਿੰਘ ਸ਼ਹੀਦ ਜਿਹਾ ਸੂਰਮਾ ਪੈਦਾ ਹੋਇਆ। ਇਸ ਨੇ ਅਬਦਾਲੀ ਦੀਆਂ ਫ਼ੌਜਾਂ ਨਾਲ ਲੜ ਕੇ ਸ਼ਹਾਦਤ ਪ੍ਰਾਪਤ ਕੀਤੀ ਸੀ। ਤਲਵੰਡੀ ਸਾਬੋ ਗੁਰੂ ਦੇ ਮਾਲਵਾ ਦਾ ਕੇਂਦਰ ਸੀ। ਸਰਹਿੰਦ ਮੁਗ਼ਲ ਸਾਮਰਾਜ ਦੀ ਖੇਤਰੀ ਰਾਜਧਾਨੀ ਸੀ। ਗੁਰੂ ਜਿੱਥੇ ਬੈਠ ਜਾਂਦਾ ਸੀ ਉਹ ਅਸਥਾਨ ਆਪਣੇ-ਆਪ ਇੱਕ ਕੇਂਦਰ ਬਣ ਜਾਂਦਾ ਸੀ। ਮਾਲਵਾ ਨੇ ਸਿੱਖ ਗੁਰੂ ਸਾਹਿਬਾਨ ਦਾ ਪੂਰੇ ਸਿਦਕ ਨਾਲ ਸਾਥ ਦਿੱਤਾ ਸੀ ਅਤੇ ਗੁਰੂ ਸਾਹਿਬਾਨ ਨੇ ਵੀ ਮਾਲਵਾ ਨੂੰ ਦਿਲ ਖੋਲ੍ਹ ਕੇ ਵਰ ਦਿੱਤੇ ਸਨ।

ਆਖਿਰ ਤਲਵੰਡੀ ਸਾਬੋ ਤੋਂ ਵੀ ਗੁਰੂ ਸਾਹਿਬ ਦੇ ਰਵਾਨਾ ਹੋਣ ਦਾ ਸਮਾਂ ਆ ਪਹੁੰਚਿਆ। ਸਾਖੀ ਪੋਥੀ ਵਿੱਚ ਲਿਖਿਆ ਗਿਆ ਹੈ ਕਿ ਗੁਰੂ ਸਾਹਿਬ ਨੇ ਸਮੂਹ ਸੰਗਤਾਂ ਨੂੰ ਜਾਣੂ ਕਰਵਾਇਆ ਕਿ ਉਨ੍ਹਾਂ ਨੇ ਦੱਖਣ ਵੱਲ ਨੂੰ ਜਾਣਾ ਹੈ। ਮਾਲਵਾ ਦੇ ਮੁਖੀਆ, ਚੌਧਰੀਆਂ, ਅਤੇ ਹੋਰ ਦੂਰ-ਨੇੜੇ ਦੇ ਸਿੱਖਾਂ ਨੂੰ ਵੀ ਸੁਨੇਹੇ ਭੇਜੇ ਗਏ ਕਿ ਉਨ੍ਹਾਂ ਦਾ ਮਨੋਰਥ ਦੱਖਣ ਵੱਲ ਜਾਣ ਦਾ ਹੈ ਜੇ ਕਿਸੇ ਨੇ ਨਾਲ ਜਾਣਾ ਹੋਵੇ ਉਹ ਛੇਤੀ ਤਲਵੰਡੀ ਸਾਬੋ ਪਹੁੰਚ ਜਾਵੇ। ਸਾਖੀ ਪੋਥੀ ਵਿੱਚ ਉਨ੍ਹਾਂ ਸਭ ਵਿਅਕਤੀਆਂ ਦੇ ਨਾਂ ਦਿੱਤੇ ਗਏ ਹਨ ਜਿਹੜੇ ਗੁਰੂ ਸਾਹਿਬ ਦੇ ਸੁਨੇਹਿਆਂ ਮੁਤਾਬਕ ਉਨ੍ਹਾਂ ਕੋਲ ਪਹੁੰਚ ਗਏ ਸਨ। ਸਭ ਸੰਗਤਾਂ ਨੇ ਅਤੇ ਸਥਾਨਕ ਚੌਧਰੀਆਂ ਨੇ ਬੜੀ ਕੋਸ਼ਿਸ਼ ਕੀਤੀ ਸੀ ਕਿ ਗੁਰੂ ਸਾਹਿਬ ਤਲਵੰਡੀ ਸਾਬੋ ਨੂੰ ਛੱਡ ਕੇ ਨਾ ਜਾਣ। ਉਨ੍ਹਾਂ ਨੂੰ ਇੱਥੇ ਕਿਸੇ ਵੀ ਕਿਸਮ ਦੀ ਤੋਟ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਨਾ ਉਨ੍ਹਾਂ ਨੂੰ ਇੱਥੇ ਕੋਈ ਖ਼ਤਰਾ ਹੈ ਸਗੋਂ ਗੁਰੂ ਸਾਹਿਬ ਦੇ ਇੱਥੇ

83 *ਸਾਖੀ ਪੋਥੀ*, ਪੰਨੇ 107-08.

ਰਹਿਣ ਕਾਰਨ ਮਾਲਵਾ ਵਿੱਚ ਰੌਣਕਾਂ ਲੱਗ ਗਈਆਂ ਹਨ। ਪਰ ਇੰਨੀਆਂ ਅਰਜੋਈਆਂ ਕਰਨ 'ਤੇ ਗੁਰੂ ਸਾਹਿਬ ਨੇ ਇਹੋ ਜਵਾਬ ਦਿੱਤਾ ਕਿ ਉਨ੍ਹਾਂ ਨੂੰ ਇੱਥੇ ਰਹਿੰਦਿਆਂ ਕੋਈ ਔਖਿਆਈ ਨਹੀਂ ਹੈ ਪਰ ਉਨ੍ਹਾਂ ਨੂੰ ਦੱਖਣ ਵੱਲ ਨੂੰ ਰਵਾਨਾ ਹੋਣਾ ਪਏਗਾ। ਸਾਖੀ ਪੋਥੀ ਦੇ ਅਨੁਸਾਰ, "ਗੁਰੂ ਜੀ ਨੇ ਦੱਖਣ ਜਾਣੇ ਕੀ ਤਿਆਰੀ ਕੀਤੀ।... ਸੁਣ ਕੇ ਗੁਰੂ ਜੀ ਕਾ ਬਾਕ ਸਰਬਤ੍ਰ ਖ਼ਾਲਸਾ ਨੇੜੇ ਦੂਰ ਤੇ ਹੁਮ ਹੁਮਾਇ ਕੇ ਆਏ ਦਰਸਨਾ ਨੂੰ। ਭਾਈ ਰੂਪੇ ਤੇ ਭਾਈ ਧਰਮ ਸਿੰਘ ਆਇਆ ਬੁਧੂ ਤੇ ਸੁਧੂ ਦਿਵਾਨੇ ਆਏ। ਅਭੈ ਰਾਮ ਸੋਢੀ ਆਇਆ ਕੋਠੇ ਤੋਂ। ਅਬਲੂ ਮਹਿਮਾ ਤੋਂ ਦਾਨ ਸਿੰਘ ਆਇਆ, ਆਪਣੇ ਬੇਟੇ ਗੁਰਬਖਸ਼ ਸਿੰਘ ਕੋ ਸਾਥ ਲੈ ਕੇ। ਅੰਮ੍ਰਿਤਸਰ ਤੋਂ ਭਾਈ ਮਨੀ ਸਿੰਘ ਜੀ ਆਏ ਸੰਗਤ ਨੂੰ ਸਾਥ ਲੈ ਕੇ। ਰਮਦਾਸੋਂ ਭਾਈ ਗੁਰਬਖ਼ਸ਼ ਸਿੰਘ ਜੀ ਆਏ ਸੰਗਤਿ ਕੋ ਸਾਥ ਲੈ ਕੇ। ਚੱਕਾਂ ਤੋਂ ਭਾਈ ਰਾਮ ਸਿੰਘ ਭਾਈ ਦਿਆਲ ਸਿੰਘ ਆਏ। ਫੂਲ ਤੋਂ ਰਾਮ ਸਿੰਘ ਤਿਲੋਕ ਸਿੰਘ ਆਏ। ਭੁੱਚੋ ਤੋਂ ਭਾਈ ਗੋਦੜੀਆ ਆਇਆ। ਸਰਬਤ੍ਰ ਨੇ ਆਨਿ ਹਜ਼ੂਰ ਦਰਸ਼ਨ ਕੀਤਾ। ਆਪਣੀ ਆਪਣੀ ਭੇਟਾ ਰੱਖੀ ਸਰਬਤ੍ਰ ਨੇ। ਦਰਬਾਰੀ, ਘਰਵਾਰੀ, ਦਿਵਾਨੇ ਆਦਿ ਨੇ ਬੇਨਤੀ ਕੀਤੀ, ਜੀ ਪਾਤਿਸ਼ਾਹ ਆਪ ਮਾਲਵਾ ਦੇਸ਼ ਵਿਚਿ ਗੁਰੂ ਕੀ ਕਾਸ਼ੀ ਬੈਠੇ ਹੋਂ, ਦਰਸ਼ਨ ਦੇਂਦੇ ਹੋ। ਸਿਖ ਸਖਾ ਸਭ ਕੋਈ ਚਲਿਆ ਆਂਵਦਾ ਹੈ। ਦੱਖਣ ਭਠ ਪਈ ਦਾ ਕੀ ਨਾਉਂ ਲੈਂਦੇ ਹੋ!

"ਗੁਰ ਜੀ ਨੇ ਬਚਨ ਕੀਤਾ", ਨਾ ਵੇ, ਸਾਡਾ ਕਾਰਜ ਹੈ, ਅਸਾਂ ਨੂੰ ਜ਼ਰੂਰ ਜਾਣਾ ਹੀ ਹੈ। ਦਮਦਮੇ ਕੇ ਸਮਾਨ ਅਸਥਾਨ ਨਹੀਂ ਹੈ ਹੋਰ, ਪਰ ਅਸੀਂ ਜਾਣਾ ਹੀ ਹੈ। ਰਾਮ ਸਿੰਘ ਤਿਲੋਕੇ ਸਿੰਘ ਖੁਸ਼ੀ ਕੀਤੀ, ਸਿਰੋਪਾਓ ਦੀਏ। ਰਾਮ ਸਿੰਘ ਦਿਆਲ ਸਿੰਘ ਕੋ ਖੁਸ਼ੀ ਕੀਤੀ, ਸਿਰੋਪਾਓ ਦੀਏ। ਭਾਈ ਗੁਰਬਖਸ਼ ਸਿੰਘ, ਭਾਈ ਮਨੀ ਸਿੰਘ, ਭਾਈ ਧਰਮ ਸਿੰਘ, ਦਾਨ ਸਿੰਘ ਕਾ ਬੇਟਾ ਗੁਰਬਖਸ਼, ਭਾਈ ਸੰਤੋਖ ਸਿੰਘ ਏਹ ਪੰਜੇ ਨਾਮਦਾਰ, ਗੁਰੂ ਜੀ ਕੇ ਸਾਥ ਹੀ ਚੜ੍ਹੇ, ਚਰਨ ਕਮਲੋ ਕੇ। ਚੜ੍ਹਨੇ ਸੇ ਪਹਿਲੇ ਗੁਰੂ ਤੇਗ਼ ਬਹਾਦਰ ਜੀ, ਨੌਮੀ ਪਾਤਿਸ਼ਾਹੀ ਕੇ ਅਸਥਾਨ ਪਰ ਅਰਦਾਸ ਕੀ।... ਚੜੇ ਕਤਕ ਦੀ ਸੁਦੀ ਤਿਥਿ ਪੰਚਮੀ ਦਿਨ ਵੀਰਵਾਰ, ਸਵਾ ਪਹਿਰ ਦਿਨ ਚੜੇ ਕੂਚ ਕੀਆ ਦਖਣ ਕੋ।[84]

ਸਾਖੀ ਪੋਥੀ ਦਾ ਇਹ ਕਥਨ ਪੂਰੀ ਤਰ੍ਹਾਂ ਸਪੱਸ਼ਟ ਹੈ। ਗੁਰੂ ਸਾਹਿਬ ਦੀ ਵਿਦਾਇਗੀ ਲਈ ਬਹੁਤ ਵੱਡਾ ਇਕੱਠ ਹੋ ਗਿਆ ਸੀ। ਸੰਗਤਾਂ ਨੇ ਗੁਰੂ ਸਾਹਿਬ ਨੂੰ ਨਜ਼ਰਾਨੇ ਭੇਟ ਕੀਤੇ ਸਨ ਅਤੇ ਗੁਰੂ ਸਾਹਿਬ ਨੇ ਸਿੱਖ ਮੁਖੀਆਂ ਅਤੇ ਜੱਟ ਚੌਧਰੀਆਂ ਨੂੰ ਸਿਰੋਪਾਓ ਬਖਸ਼ੇ ਸਨ। ਗੰਡਾ ਸਿੰਘ ਨੇ ਰਵਾਨਾ ਹੋਣ ਦੀ ਮਿਤੀ ਨੂੰ

84 *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਪੰਨੇ 114-115.

ਹੋਰ ਜ਼ਿਆਦਾ ਸਪੱਸ਼ਟ ਕਰਕੇ ਲਿਖਿਆ ਹੈ। ਉਸ ਅਨੁਸਾਰ ਕੱਤਕ ਸੁਦੀ ਪੰਚਮੀ ਨੂੰ 29 ਕੱਤਕ, ਸੰਮਤ 1763 ਬਿਕਰਮੀ ਸੀ ਅਤੇ ਸੰਨ 1706 ਈਸਵੀ ਦਾ 30 ਅਕਤੂਬਰ ਸੀ।[85]

ਪਰ ਇੱਥੇ ਇਕ ਗੱਲ ਵਿਚਾਰਨਯੋਗ ਇਹ ਵੀ ਹੈ ਗੁਰੂ ਸਾਹਿਬ ਤਲਵੰਡੀ ਸਾਬੋ ਤੋਂ ਦੱਖਣ ਵੱਲ ਕਿਉਂ ਰਵਾਨਾ ਹੋਏ ਸਨ। ਜਦੋਂ ਕਿ ਉਨ੍ਹਾਂ ਨੇ ਦੱਖਣ ਵਿੱਚ ਬੈਠੇ ਔਰੰਗਜ਼ੇਬ ਨੂੰ ਜੋ ਜ਼ਫ਼ਰਨਾਮਾ ਲਿਖ ਕੇ ਭੇਜਿਆ ਸੀ, ਉਸ ਦਾ ਜਵਾਬ ਉਨ੍ਹਾਂ ਦੇ ਕੋਲ ਉਸ ਸਮੇਂ ਤੱਕ ਨਹੀਂ ਆਇਆ ਸੀ। ਸਾਖੀ ਪੋਥੀ ਵਿੱਚ ਤਾਂ ਇਸ ਬਾਰੇ ਕੋਈ ਸਪੱਸ਼ਟ ਵਿਚਾਰ ਨਹੀਂ ਦਿੱਤਾ ਕਿ ਗੁਰੂ ਸਾਹਿਬ ਦੱਖਣ ਵੱਲ ਨੂੰ ਕਿਉਂ ਤੁਰੇ ਸਨ। ਪਰ ਇੱਥੇ ਦੱਖਣ ਸ਼ਬਦ ਤੋਂ ਇਹ ਜ਼ਰੂਰ ਸਮਝਿਆ ਜਾ ਸਕਦਾ ਹੈ ਕਿ ਦੱਖਣ ਵੱਲ ਦਾ ਮਤਲਬ ਬਾਦਸ਼ਾਹ ਔਰੰਗਜ਼ੇਬ ਵੱਲ ਜਾਣ ਦਾ ਹੀ ਹੈ। ਇਸੇ ਕਰਕੇ ਹੀ ਸਿੱਖ ਸੰਗਤਾਂ ਗੁਰੂ ਸਾਹਿਬ ਨੂੰ ਬੇਨਤੀ ਕਰ ਰਹੀਆਂ ਸਨ ਕਿ ਉਹ ਦੱਖਣ ਨੂੰ ਨਾ ਜਾਣ ਕਿਉਂਕਿ ਸਿੱਖ ਸੰਗਤਾਂ ਨੂੰ ਖਦਸ਼ਾ ਸੀ ਕਿ ਔਰੰਗਜ਼ੇਬ ਧੋਖੇਬਾਜ਼ ਹੈ ਇਸ ਲਈ ਉਸ 'ਤੇ ਇਤਬਾਰ ਕਰਕੇ ਉਨ੍ਹਾਂ ਕੋਲ ਨਹੀਂ ਜਾਣਾ ਚਾਹੀਦਾ।

ਗੰਡਾ ਸਿੰਘ ਦਾ ਮੱਤ, ਕਵੀ ਸੈਨਾਪਤਿ ਦੀ ਲਿਖਤ *ਸ੍ਰੀ ਗੁਰ ਸੋਭਾ* ਦੇ ਆਧਾਰ 'ਤੇ ਸਾਫ ਅਤੇ ਸਪੱਸ਼ਟ ਹੈ ਕਿ ਭਾਈ ਦਯਾ ਸਿੰਘ ਨੂੰ ਬਾਦਸ਼ਾਹ ਕੋਲ ਗਏ ਨੂੰ ਬਹੁਤ ਦੇਰ ਹੋ ਗਈ ਸੀ। ਉਨ੍ਹਾਂ ਵੱਲੋਂ ਕੋਈ ਵੀ ਜਵਾਬ ਨਹੀਂ ਮਿਲਿਆ ਸੀ। ਇਸ ਲਈ ਗੁਰੂ ਸਾਹਿਬ ਉਸ ਨੂੰ ਉਡੀਕੇ ਬਿਨਾਂ ਦੱਖਣ ਨੂੰ ਤੁਰ ਪਏ ਸਨ।[86] ਮੈਕਾਲਿਫ਼ ਸਪੱਸ਼ਟ ਵਿਚਾਰ ਵਿਅਕਤ ਕਰਦਾ ਹੋਇਆ ਲਿਖਦਾ ਹੈ, "ਧਰਮ ਸਿੰਘ ਅਤੇ ਦਯਾ ਸਿੰਘ, ਜਿੰਨ੍ਹਾਂ ਨੂੰ ਗੁਰੂ ਸਾਹਿਬ ਨੇ *ਜ਼ਫ਼ਰਨਾਮਾ* ਦੇ ਕੇ ਬਾਦਸ਼ਾਹ ਔਰੰਗਜ਼ੇਬ ਕੋਲ ਭੇਜਿਆ ਸੀ, ਇਹ ਪੱਤਰ ਬਾਦਸ਼ਾਹ ਨੂੰ ਪਹੁੰਚਾਉਣ ਵਿੱਚ ਸਫ਼ਲ ਹੋ ਗਏ। ਬਾਦਸ਼ਾਹ ਨੇ ਉਨ੍ਹਾਂ ਦੇ ਵਾਪਸੀ ਸਫ਼ਰ ਦੌਰਾਨ ਉਨ੍ਹਾਂ ਦੀ ਸੁਰੱਖਿਆ ਹਿਤ ਪਰਵਾਨਾ ਲਿਖ ਕੇ ਦੇ ਦਿੱਤਾ। ਕਹਿੰਦੇ ਹਨ ਕਿ *ਜ਼ਫ਼ਰਨਾਮਾ* ਪੜ੍ਹ ਕੇ ਬਾਦਸ਼ਾਹ ਦਾ ਦਿਲ ਨਰਮ ਹੋ ਗਿਆ ਅਤੇ ਉਸ ਨੂੰ ਆਪਣੇ ਕੀਤੇ ਉੱਪਰ ਪਛਤਾਵਾ ਵੀ ਹੋਇਆ। ਇਸ ਕਰਕੇ ਉਸ ਨੇ ਗੁਰੂ ਸਾਹਿਬ ਦੇ ਭੇਜੇ ਸੰਦੇਸ਼-ਵਾਹਕਾਂ ਨੂੰ ਆਪਣੇ ਇਲਾਕੇ ਵਿੱਚ ਸੁਰੱਖਿਆ ਅਤੇ ਸ਼ਾਂਤੀ ਨਾਲ ਵਾਪਿਸ ਜਾਣ ਦੀ ਆਗਿਆ ਦੇ ਦਿੱਤੀ। ਪਰੰਤੂ ਉਨ੍ਹਾਂ ਨੂੰ ਗੁਰੂ ਸਾਹਿਬ ਦੇ ਇਸ ਪੱਤਰ ਦੇ ਉੱਤਰ ਵਿੱਚ ਕੋਈ ਲਿਖਤੀ ਜਾ ਜ਼ਬਾਨੀ ਜੁਆਬ ਨਾ ਮਿਲਿਆ।"[87]

---

85 ਸੈਨਾਪਤਿ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, ਪੰਨਾ-58.

86 *ਉਹੀ*, ਪੰਨਾ-60.

87 ਮੈਕਾਲਿਫ਼, *ਸਿੱਖ ਧਰਮ: ਗੁਰੂ ਸਾਹਿਬਾਨ, ਪਵਿੱਤਰ ਰਚਨਾਵਾ 'ਤੇ ਰਚਨਾਕਾਰ*, ਪੰਨਾ-212.

ਗੱਲ ਸਪੱਸ਼ਟ ਹੈ ਕਿ ਗੁਰੂ ਸਾਹਿਬ ਨੂੰ ਤਲਵੰਡੀ ਸਾਬੋ ਵਿਖੇ ਜ਼ਫ਼ਰਨਾਮੇ ਦੇ ਜਵਾਬ ਵਿੱਚ ਕੋਈ ਜਵਾਬ ਨਹੀਂ ਮਿਲਿਆ ਸੀ। ਗੁਰੂ ਸਾਹਿਬ ਇੱਥੋਂ ਇਹ ਸੋਚ ਕੇ ਰਵਾਨਾ ਹੋ ਗਏ ਸਨ ਕਿ ਸ਼ਾਇਦ ਭਾਈ ਦਯਾ ਸਿੰਘ ਅਤੇ ਸਾਥੀ ਸਿੰਘ ਉਨ੍ਹਾਂ ਨੂੰ ਰਸਤੇ ਵਿੱਚ ਆ ਮਿਲਣਗੇ। ਇਹ ਗੱਲ ਠੀਕ ਸੀ ਕਿਉਂਕਿ ਗੁਰੂ ਸਾਹਿਬ ਦੀ ਰਵਾਨਗੀ ਦੱਖਣ ਵੱਲ ਨੂੰ ਰਾਜਸਥਾਨ ਦੇ ਵਿੱਚੋਂ ਦੀ ਸੀ। ਇਹ ਰਵਾਨਗੀ ਤੇਜ਼ੀ ਵਾਲੀ ਨਹੀਂ ਸੀ ਕਿਉਂਕਿ ਗੁਰੂ ਸਾਹਿਬ ਇੱਥੋਂ 30 ਅਕਤੂਬਰ 1706 ਈਸਵੀ ਨੂੰ ਤੁਰ ਕੇ ਮਾਰਚ 1707 ਈਸਵੀ ਦੇ ਅਖੀਰ ਤੱਕ ਰਾਜਸਥਾਨ ਵਿੱਚ ਸਨ। ਅਗਲੇ ਸਾਲ ਦੀ ਮਾਰਚ ਦੇ ਅਖੀਰ ਵਿੱਚ ਭਾਈ ਦਯਾ ਸਿੰਘ ਅਤੇ ਸਾਥੀ ਗੁਰੂ ਸਾਹਿਬ ਨੂੰ ਬਾਘੌਰ ਦੇ ਅਸਥਾਨ 'ਤੇ ਆ ਮਿਲੇ ਸਨ। ਬਾਘੌਰ ਭੀਲਵਾੜਾ ਜ਼ਿਲ੍ਹੇ ਵਿੱਚ ਹੈ।[88] ਇਨ੍ਹਾਂ ਨੇ ਦੱਸਿਆ ਕਿ ਬਾਦਸ਼ਾਹ ਤਾਂ ਮਰ ਗਿਆ ਹੈ ਅਤੇ ਨਵਾਂ ਬਾਦਸ਼ਾਹ ਦਿੱਲੀ ਪਹੁੰਚ ਰਿਹਾ ਹੈ। ਇਸ ਲਈ ਜਿਹੜੇ ਉਨ੍ਹਾਂ ਨਾਲ ਗੁਰਜ਼ਬਰਦਾਰ ਸਨ ਉਹ ਤਾਂ ਸਿੱਧਾ ਦਿੱਲੀ ਨੂੰ ਚਲੇ ਗਏ ਹਨ ਪਰ ਉਹ ਗੁਰੂ ਸਾਹਿਬ ਵੱਲ ਮੁੜ ਆਏ ਹਨ। ਬਾਦਸ਼ਾਹ ਔਰੰਗਜ਼ੇਬ ਦੇ ਨਾਲ ਸਬੰਧਾਂ ਦੀ ਇੱਥੇ ਪਹੁੰਚ ਕੇ ਸਮਾਪਤੀ ਹੋ ਜਾਂਦੀ ਹੈ। ਇਹ ਸਬੰਧ ਜ਼ਫ਼ਰਨਾਮੇ ਰਾਹੀਂ ਜ਼ਿਆਦਾ ਸਪੱਸ਼ਟ ਹੁੰਦੇ ਹਨ ਪਰ ਇੱਥੇ ਪਹੁੰਚ ਕੇ *ਜ਼ਫ਼ਰਨਾਮੇ* ਦਾ ਦਾ ਅਤੇ ਦੱਖਣ ਵੱਲ ਨੂੰ ਜਾਣ ਦਾ ਪ੍ਰਸੰਗ ਵੀ ਖ਼ਤਮ ਹੋ ਜਾਂਦਾ ਹੈ।

ਇਸ ਤੋਂ ਅੱਗੇ ਦਾ ਪ੍ਰਸੰਗ ਨਵੇਂ ਬਾਦਸ਼ਾਹ ਬਹਾਦਰ ਸ਼ਾਹ ਨਾਲ ਸਬੰਧਿਤ ਹੈ। ਦੇਸ਼ ਦੇ ਸਾਰੇ ਹਾਲਾਤ ਹੀ ਬਦਲ ਗਏ ਸਨ। ਪਰ ਇੱਕ ਗੱਲ ਨਿਸ਼ਚਤ ਰੂਪ ਵਿੱਚ ਕਹੀ ਜਾ ਸਕਦੀ ਹੈ ਕਿ ਗੁਰੂ ਸਾਹਿਬ ਵਾਪਿਸ ਪੰਜਾਬ ਨੂੰ ਮੁੜ ਕੇ ਨਹੀਂ ਜਾ ਸਕੇ। ਹਾਲਾਤ ਇਸ ਤਰ੍ਹਾਂ ਦੇ ਬਣਦੇ ਗਏ ਸਨ ਕਿ ਬਹਾਦਰ ਸ਼ਾਹ ਸਭ ਖੇਤਰਾਂ ਵਿੱਚ ਫ਼ਤਿਹ ਪ੍ਰਾਪਤ ਕਰਦਾ ਹੋਇਆ ਦੱਖਣ ਵੱਲ ਜਾ ਰਿਹਾ ਸੀ। ਉਸ ਦੇ ਲਸ਼ਕਰ ਦੇ ਨਾਲ ਗੁਰੂ ਗੋਬਿੰਦ ਸਿੰਘ ਸਨ। ਆਖਰ ਮਹਾਂਰਾਸ਼ਟਰ ਦੇ ਵਿੱਚ ਨਾਂਦੇੜ ਵਿਖੇ ਪਹੁੰਚ ਕੇ ਗੁਰੂ ਸਾਹਿਬ ਉੱਪਰ ਇੱਕ ਮਾਰੂ ਹਮਲਾ ਹੋਇਆ ਅਤੇ ਗੁਰੂ ਸਾਹਿਬ 7 ਅਕਤੂਬਰ, 1708 ਈਸਵੀ ਨੂੰ ਜੋਤੀ ਜੋਤ ਸਮਾ ਗਏ ਸਨ।

88 ਸੈਨਾਪਤਿ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਨੇ 60-61 (ਜਾਣਕਾਰੀ) ਅਤੇ ਪਾਠ 106-108.

# ਸਿੱਟਾ

ਮਾਲਵਾ ਖੇਤਰ ਪੰਜਾਬ ਦਾ ਇਕ ਉਪ-ਖੇਤਰ ਹੈ। ਆਮ ਤੌਰ ’ਤੇ ਪੰਜਾਬ ਦੇ ਉਪ-ਖੇਤਰਾਂ ਨੂੰ ਦੁਆਬੇ ਕਿਹਾ ਜਾਂਦਾ ਹੈ। ਜਿਹੜੀ ਪਰਿਭਾਸ਼ਾ ਦੁਆਬਿਆਂ ਦੀ ਹੈ, ਉਹ ਮਾਲਵਾ ਉਪਰ ਨਹੀਂ ਢੁੱਕ ਸਕਦੀ। ਮਾਲਵਾ ਖੇਤਰ ਨੂੰ ਪੰਜਾਬ ਦੇ ਬਾਕੀ ਉਪ-ਭਾਗਾਂ (ਦੁਆਬਿਆਂ) ਤੋਂ ਸਤਲੁਜ ਦਰਿਆ ਅਲੱਗ ਕਰ ਦਿੰਦਾ ਹੈ। ਇਸ ਦੀਆਂ ਪੂਰਬ-ਉਤਰ, ਪੂਰਬ ਦੱਖਣ-ਪੱਛਮ ਵੱਲ ਦੀਆਂ ਹੱਦਾਂ, ਜਿਹੜੀਆਂ ਹਿਮਾਚਲ ਪ੍ਰਦੇਸ਼, ਹਰਿਆਣਾ, ਅਤੇ ਰਾਜਸਥਾਨ ਨਾਲ ਲੱਗਦੀਆਂ ਹਨ, ਨੂੰ ਕੋਈ ਕੁਦਰਤੀ ਜਾਂ ਭੂਗੋਲਿਕ ਹੱਦ ਅਲੱਗ ਨਹੀਂ ਕਰਦੀ। ਆਮ ਤੌਰ ਤੇ ਹਰਿਆਣਾ ਵੱਲ ਦੀ ਹੱਦ ਘੱਗਰ ਦੀ ਬਰਸਾਤੀ ਨਦੀ ਨੂੰ ਮੰਨਿਆ ਜਾਂਦਾ ਹੈ। ਘੱਗਰ ਨਦੀ ਇਧਰਲੇ ਪਾਸੇ ਦੀ ਕੋਈ ਪੱਕੀ ਹੱਦ ਨਹੀਂ ਹੈ। ਮਾਲਵਾ ਦਾ ਖੇਤਰ ਕਈ ਥਾਵਾਂ ਤੋਂ ਘੱਗਰ ਦੇ ਦੱਖਣ ਵਾਲੇ ਪਾਸੇ ਹੈ। ਘੱਗਰ ਨਦੀ ਜ਼ਿਆਦਾ ਲੰਮੀ ਨਹੀਂ ਹੈ। ਇਹ ਪੰਜਾਬ ਦੇ ਇਲਾਕੇ ਵਿੱਚ ਹੀ ਖ਼ਤਮ ਹੋ ਜਾਂਦੀ ਹੈ। ਫਿਰ ਵੀ ਅਸੀਂ ਹਰਿਆਣਾ ਵੱਲ ਘੱਗਰ ਨਦੀ ਨੂੰ ਮਾਲਵਾ ਦੀ ਦੱਖਣ-ਪੂਰਬੀ ਹੱਦ ਮੰਨ ਲੈਂਦੇ ਹਾਂ। ਰਾਜਸਥਾਨ ਵਾਲੇ ਪਾਸੇ ਮਾਲਵਾ ਦੀ ਕੋਈ ਕੁਦਰਤੀ ਹੱਦ ਨਹੀਂ ਹੈ। ਇਧਰਲੀ ਹੱਦ ਸਿਰਫ਼ ਜ਼ਮੀਨੀ ਵੱਟਾਂ ਹੀ ਹਨ। ਇਨ੍ਹਾਂ ਗੈਰ-ਕੁਦਰਤੀ ਹੱਦਾਂ ਵਾਲਾ ਹੋਣ ਦੇ ਬਾਵਜੂਦ ਵੀ ਮਾਲਵਾ ਦੀ ਆਪਣੀ ਪਹਿਚਾਣ ਹੈ ਇਸ ਦੀ ਸਿੱਧੀ-ਸਾਦੀ ਪੰਜਾਬੀ ਮਲਵਈ ਬੋਲੀ। ਮਾਲਵਾ ਖੇਤਰ ਪੰਜਾਬੀ ਬੋਲਣ ਵਾਲਾ, ਪੰਜਾਬੀ ਪਰੰਪਰਾਵਾਂ ਵਾਲਾ ਅਤੇ ਸੱਭਿਆਚਾਰ ਦੇ ਪੱਖੋਂ ਪੂਰੀ ਤਰ੍ਹਾਂ ਪੰਜਾਬ ਨਾਲ ਘੁਲਿਆ-ਮਿਲਿਆ ਖੇਤਰ ਪੰਜਾਬ ਦੇ ਬਾਕੀ ਦੇ ਦੁਆਬਿਆਂ ਤੋਂ ਵੱਖਰਾ ਹੈ। ਇਸ ਕਰਕੇ ਹੀ ਮਾਲਵਾ ਨੂੰ ਪੰਜਾਬ ਦਾ ਇਕ ਉਪ-ਭਾਗ ਮੰਨਿਆ ਗਿਆ ਹੈ।

ਖੋਜ ਕਾਰਜ ਦਾ ਪਹਿਲਾ ਅਧਿਆਇ ਮਾਲਵਾ ਖੇਤਰ ਦਾ ਇਤਿਹਾਸਕ ਪਿਛੋਕੜ ਨਾਲ ਸਬੰਧਿਤ ਹੈ। ਮਾਲਵਾ ਦਾ ਪ੍ਰਬੰਧਕੀ ਤੌਰ ’ਤੇ ਜਿਹੜਾ ਇਤਿਹਾਸ ਹੈ ਉਹ ਮੁੱਢ ਤੋਂ ਪੰਜਾਬ ਦੇ ਬਾਕੀ ਦੇ ਦੁਆਬਿਆਂ ਤੋਂ ਵੱਖਰਾ ਚਲਦਾ ਆ ਰਿਹਾ ਹੈ। ਜਦੋਂ ਕਿ ਪੰਜਾਬ ਦੇ ਬਾਕੀ ਦੁਆਬਿਆਂ ਦਾ ਪ੍ਰਬੰਧ ਜਾਂ ਤਾਂ ਸੁਤੰਤਰ ਰੂਪ ਵਿੱਚ ਤੇ ਜਾਂ ਲਾਹੌਰ ਨਾਲ ਸਬੰਧਿਤ ਰਿਹਾ ਹੈ। ਵਰਤਮਾਨ ਸਮੇਂ ਮਾਲਵਾ ਨੂੰ ਭੂਗੋਲਿਕ ਤੌਰ ਤੇ ਘੱਟ ਦੇਖਿਆ ਜਾ ਰਿਹਾ ਹੈ, ਰਾਜਨੀਤਿਕ ਤੌਰ ’ਤੇ ਜ਼ਿਆਦਾ ਦੇਖਿਆ ਜਾ ਰਿਹਾ ਹੈ। ਅੱਜ ਜਿਨ੍ਹਾਂ ਵੀ ਖੇਤਰ ਪੰਜਾਬ ਦਾ ਸਤਲੁਜ ਦੇ ਪੂਰਬ-ਦੱਖਣ ਵੱਲ ਹੈ, ਜਿਸ ਨੂੰ ਸਤਲੁਜ-ਉਰਾਰ (Cis-Sutlej) ਕਹਿ ਦਿੱਤਾ ਜਾਂਦਾ ਹੈ ਇਸ

ਨੂੰ ਹੀ ਮਾਲਵਾ ਕਹਿ ਦਿੱਤਾ ਜਾਂਦਾ ਹੈ। ਭਾਵੇਂ ਇਹ ਗੱਲ ਭੂਗੋਲਿਕ ਤੌਰ 'ਤੇ ਵੀ ਅਤੇ ਬੋਲੀ ਤੇ ਸੱਭਿਆਚਾਰਕ ਤੌਰ 'ਤੇ ਵੀ ਠੀਕ ਨਹੀਂ ਹੈ, ਕਿਉਂਕਿ ਬੋਲੀ ਅਤੇ ਸੱਭਿਆਚਾਰਕ ਤੌਰ 'ਤੇ ਇਸ ਵਿੱਚ ਦੋ ਹੋਰ ਉਪ-ਖੇਤਰ ਹਨ ਜਿਵੇਂ ਪੁਆਧ ਅਤੇ ਬਾਂਗਰ ਦੇ ਖੇਤਰ। ਇਹ ਖੇਤਰ ਭਾਵੇਂ ਬਹੁਤ ਵੱਡੇ ਨਹੀਂ ਹਨ ਇਨ੍ਹਾਂ ਦੀ ਬੋਲੀ ਅਤੇ ਸੱਭਿਆਚਾਰ ਮਾਲਵਾ ਦੀ ਬੋਲੀ ਅਤੇ ਸੱਭਿਆਚਾਰ ਤੋਂ ਵੱਖਰੇ ਹਨ।

ਜੇਕਰ ਪੁਆਧ ਖੇਤਰ ਦੀ ਸਾਧਾਰਨ ਗੱਲ ਕੀਤੀ ਜਾਵੇ ਤਾਂ ਅੱਜ ਦੇ ਮਾਲਵਾ ਖੇਤਰ ਵਿੱਚੋਂ ਨੰਗਲ, ਆਨੰਦਪੁਰ ਸਾਹਿਬ, ਕੁਰਾਲੀ, ਰੋਪੜ, ਮੋਹਾਲੀ, ਜ਼ੀਰਕਪੁਰ, ਬਨੂੰੜ, ਰਾਜਪੁਰਾ, ਪਟਿਆਲਾ, ਘਨੌਰ ਅਤੇ ਘੁੜਾਮ ਆਦਿ ਪੁਆਧ ਦੇ ਖੇਤਰ ਮੰਨੇ ਜਾਂਦੇ ਹਨ। ਪੁਆਧ ਦਾ ਖੇਤਰ ਘੱਗਰ ਨਦੀ ਟੱਪ ਕੇ ਹਰਿਆਣਾ ਵਿੱਚ ਵੀ ਸ਼ਾਮਿਲ ਹੋ ਜਾਂਦਾ ਹੈ ਜਿਸ ਵਿੱਚ ਅੰਬਾਲਾ ਜ਼ਿਲ੍ਹੇ ਦਾ ਜ਼ਿਆਦਾ ਹਿੱਸਾ ਆ ਜਾਂਦਾ ਹੈ। ਇਸੇ ਤਰ੍ਹਾਂ ਬਾਂਗਰ ਦਾ ਇਲਾਕਾ ਲਹਿਰਾ-ਗਾਗਾ ਦੇ ਆਲੇ-ਦੁਆਲੇ ਦੇ ਬਾਂਗਰੂ ਪਿੰਡ ਹਨ। ਬਾਂਗਰ ਦਾ ਜ਼ਿਆਦਾ ਖੇਤਰ ਹਰਿਆਣਾ ਵਿੱਚ ਹੈ ਜਿਵੇਂ ਕਿ ਜੀਂਦ, ਕੈਂਥਲ, ਨਰਵਾਣਾ, ਅਤੇ ਟੋਹਾਣਾ ਆਦਿ। ਜੇਕਰ ਬਾਰੀਕੀ ਨਾਲ ਦੇਖਿਆ ਜਾਵੇ ਤਾਂ ਪੰਜਾਬ ਦੇ ਵਰਤਮਾਨ ਮਾਲਵਾ ਦੇ ਫ਼ਿਰੋਜ਼ਪੁਰ, ਮੁਕਤਸਰ, ਫਾਜ਼ਿਲਕਾ, ਮੋਗਾ, ਫਰੀਦਕੋਟ, ਬਠਿੰਡਾ, ਮਾਨਸਾ, ਸੰਗਰੂਰ, ਲੁਧਿਆਣਾ ਅਤੇ ਕੁਝ ਹਿੱਸੇ ਫ਼ਤਿਹਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਆਉਂਦੇ ਹਨ।

ਇਸ ਖੋਜ-ਪ੍ਰਬੰਧ ਵਿੱਚ ਜਦੋਂ ਮਾਲਵਾ ਵਿੱਚ ਸਿੱਖ ਧਰਮ ਦੇ ਪਰਸਾਰ ਦੀ ਗੱਲ ਕੀਤੀ ਗਈ ਹੈ ਤਾਂ ਇਹ ਵਰਤਮਾਨ ਮਾਲਵਾ ਦੇ ਸਰੂਪ ਨੂੰ ਸਾਹਮਣੇ ਰੱਖ ਕੇ ਹੀ ਕੀਤੀ ਗਈ ਹੈ। ਇਸ ਤਰ੍ਹਾਂ ਇਸ ਖੋਜ-ਪ੍ਰਬੰਧ ਵਿੱਚ ਪੁਆਧ ਅਤੇ ਬਾਂਗਰ ਖੇਤਰਾਂ ਨੂੰ ਵੀ ਮਾਲਵਾ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਮਾਲਵਾ ਖੇਤਰ ਬੇਸ਼ੱਕ ਆਪਣੀ ਭੂਗੋਲਿਕ ਹੱਦਾਂ ਵਾਲੀ ਵਿਸ਼ੇਸ਼ਤਾ ਨਹੀਂ ਰੱਖਦਾ, ਪਰ ਇਸ ਨੂੰ ਆਬਾਦ ਕਰਨ ਵਾਲੇ ਕਬੀਲਿਆਂ ਨੇ ਇਤਿਹਾਸ ਵਿੱਚ ਬਹੁਤ ਯੋਗਦਾਨ ਪਾਇਆ ਹੈ। ਮਾਲਵਾ ਦੀ ਧਰਤੀ ਨੇ ਪੰਜਾਬ ਨੂੰ ਇੱਕ ਵੱਖਰੀ ਪਹਿਚਾਣ ਦਿੱਤੀ ਹੈ। ਮਾਲਵਾ ਲੋਕ ਮੁੱਢ ਤੋਂ ਹੀ ਖੇਤੀਬਾੜੀ ਕਰਦੇ ਆ ਰਹੇ ਹਨ ਅਤੇ ਜੰਗ ਦੇ ਮੈਦਾਨੀ ਸੂਰਮਿਆਂ ਵਿੱਚ ਵੀ ਆਪਣੀ ਵਿਸ਼ੇਸ਼ਤਾ ਪ੍ਰਾਪਤ ਕਰ ਚੁੱਕੇ ਹਨ।

ਮਾਲਵਾ ਵਿਚ ਮੁੱਢ ਤੋਂ ਹੀ ਜੱਟ (ਜਾਟ) ਕਬੀਲਿਆਂ ਦਾ ਬੋਲ-ਬਾਲਾ ਰਿਹਾ ਹੈ। ਜੱਟਾਂ ਵਿੱਚ ਆਪਣੇ ਵੱਡੇ-ਵਡੇਰਿਆਂ ਨੂੰ, ਜਿੰਨ੍ਹਾਂ ਨੂੰ ਜਠੇਰੇ ਕਿਹਾ ਜਾਂਦਾ ਸੀ ਪੂਜਣ ਦੀ ਪਰੰਪਰਾ ਸੀ। ਜਠੇਰਿਆਂ ਨੂੰ ਪੂਜਣ ਤੋਂ

ਬਿਨਾਂ ਮਾਤਾ ਰਾਣੀਆਂ, ਪੀਰਾਂ ਜਾਂ ਗੁੱਗਿਆਂ ਦੀ ਜੱਟਾਂ ਵਲੋਂ ਪੂਜਾ ਕੀਤੀ ਜਾਂਦੀ ਸੀ। ਪੰਜਾਬ ਦੇ ਬਾਕੀ ਭਾਗਾਂ ਵਿੱਚ ਆਮ ਕਰਕੇ ਮੰਦਰ ਬਹੁਤ ਘੱਟ ਸਨ। ਮੰਦਰਾਂ ਦੀ ਥਾਂ ਪੀਰਾਂ ਦੇ ਪੀਰਖਾਨੇ, ਮਾਤਾ ਰਾਣੀਆਂ ਅਤੇ ਗੁੱਗਿਆਂ ਦੀਆਂ ਮਟੀਆਂ ਜ਼ਿਆਦਾ ਸਨ। ਜਾਂ ਫਿਰ ਜਠੇਰਿਆਂ ਦੀਆਂ ਸਮਾਧਾਂ ਜ਼ਿਆਦਾ ਸਨ।

ਮਾਲਵਾ ਦਾ ਸਮੁੱਚਾ ਖੇਤਰ ਹੀ ਬੜਾ ਰੁੱਖਾ, ਬੇਆਬਾਦ ਅਤੇ ਤੁਰਨ-ਫਿਰਨ ਲਈ ਬਹੁਤ ਔਖਿਆਈਆਂ ਵਾਲਾ ਸੀ। ਇਸੇ ਕਰਕੇ ਇੱਥੇ ਧਰਮ ਦਾ ਕੋਈ ਜੱਥੇਬੰਦ ਪਰਚਾਰ ਨਹੀਂ ਹੋਇਆ ਸੀ। ਬਾਰ੍ਹਵੀਂ ਜਾਂ ਤੇਰ੍ਹਵੀ ਸਦੀ ਵਿੱਚ ਜੋ ਵੀ ਮਾਲਵਾ ਵਿੱਚ ਇਸਲਾਮ ਦਾ ਪਰਚਾਰ ਹੋਇਆ ਸੀ ਉਹ ਸ਼ੇਖ ਫ਼ਰੀਦ ਵੱਲੋਂ ਹੀ ਸ਼ੁਰੂ ਕੀਤਾ ਗਿਆ ਸੀ। ਜ਼ਿਆਦਾ ਸੂਫ਼ੀ ਦਰਗਾਹਾਂ ਵੀ ਬਾਬਾ ਫ਼ਰੀਦ ਨਾਲ ਹੀ ਸਬੰਧਿਤ ਹਨ। ਬਾਬਾ ਫ਼ਰੀਦ ਤੋਂ ਪਿੱਛੋਂ ਜੋ ਕੋਈ ਧਰਮ-ਪਰਚਾਰ ਇਸਲਾਮ ਦਾ ਮਾਲਵਾ ਵਿੱਚ ਹੋਇਆ ਸੀ ਉਹ ਮੁੱਖ ਤੌਰ 'ਤੇ ਸਰਵਰੀਆਂ ਜਾਂ ਸੁਲਤਾਨੀਆਂ ਸੂਫ਼ੀ ਸਿਲਸਿਲਿਆਂ ਵੱਲੋਂ ਹੋਇਆ ਸੀ। ਸਰਵਰੀ ਸੂਫ਼ੀ ਸਿਲਸਿਲੇ ਦਾ ਮੋਢੀ ਸਖੀ ਸਰਵਰ ਨਾਂ ਦਾ ਮੁਸਲਮਾਨ ਪੀਰ ਸੀ ਜਿਸ ਨੂੰ ਹੋਰ ਵੀ ਕਈ ਵਿਸ਼ੇਸ਼ਣਾ ਨਾਲ ਜਾਣਿਆ ਜਾਂਦਾ ਹੈ, ਜਿਵੇਂ ਕਿ 'ਸੁਲਤਾਨ' ਜਾਂ 'ਲੱਖ ਦਾਤਾ' ਜਾਂ 'ਲਾਲਾਂਵਾਲਾ' ਜਾਂ 'ਨਿਗਾਹੀਆ' ਅਤੇ 'ਰੋਹੀਆਂਵਾਲਾ' ਆਦਿ ਜਿਵੇਂ ਸੁਲਤਾਨ ਦਾ ਮਤਲਬ ਹੈ ਕਿ ਸਖੀ ਸਰਵਰ ਦੇ ਚੇਲੇ ਸਖੀ ਸਰਵਰ ਨੂੰ ਅਸਲੀ ਸੁਲਤਾਨ ਸਮਝਦੇ ਸਨ। ਇਸ ਲਈ ਉਹ ਆਪਣੇ ਆਪ ਨੂੰ ਸੁਲਤਾਨੀਏ ਕਹਾਉਂਦੇ ਸਨ। ਲੱਖ ਦਾਤਾ ਦਾ ਮਤਲਬ ਹੈ ਲੱਖਾਂ ਦੀਆਂ ਬਖ਼ਸ਼ਿਸਾਂ ਬਖ਼ਸ਼ਣ ਵਾਲਾ। ਲਾਲਾਂਵਾਲਾ ਦਾ ਮਤਲਬ ਹੈ ਪੁੱਤਰਾਂ ਦੀ ਬਖ਼ਸ਼ਿਸ਼ ਕਰਨ ਵਾਲਾ। ਨਿਗਾਹੀਆਂ ਇਸ ਕਰਕੇ ਕਿਹਾ ਜਾਂਦਾ ਸੀ ਕਿਉਂਕਿ ਸਖੀ ਸਰਵਰ ਦਾ ਕੇਂਦਰ ਨਿਗਾਹਾ ਸੀ। ਇਹ ਸੁਲੇਮਾਨ ਪਰਬਤ ਦੇ ਪੈਰਾਂ ਵਿੱਚ ਡੇਰਾ ਗਾਜ਼ੀ ਖਾਂ (ਪੱਛਮੀ ਪੰਜਾਬ) ਦੇ ਕੋਲ ਇਕ ਨਗਰ ਸੀ। ਇੱਥੇ ਹੀ ਸਖੀ ਸਰਵਰ ਨੂੰ ਮਾਰ ਦਿੱਤਾ ਗਿਆ ਸੀ। ਇਸ ਕਰਕੇ ਇਸ ਨੂੰ ਨਿਗਾਹਾ ਵਿੱਚ ਹੀ ਦਫ਼ਨ ਕੀਤਾ ਗਿਆ ਸੀ। ਇਸ ਨਿਗਾਹਾ ਨਗਰ ਕਰਕੇ ਹੀ ਇਸ ਨੂੰ ਨਿਗਾਹੀਆ ਵੀ ਕਿਹਾ ਜਾਂਦਾ ਸੀ। ਰੋਹੀਆਂ ਵਾਲਾ ਦਾ ਮਤਲਬ ਹੈ ਕਿ ਸਖੀ ਸਰਵਰ ਨੂੰ ਸੁੰਨੇ ਪਏ ਜੰਗਲਾਂ ਅਤੇ ਬੇ-ਆਬਾਦ ਰੋਹੀਆਂ ਦਾ ਮਾਲਕ ਮੰਨਿਆ ਜਾਂਦਾ ਸੀ। ਇਸ ਦੇ ਪੈਰੋਕਾਰ ਆਪਣੇ-ਆਪ ਨਾਲ ਇਹ ਸਾਰੇ ਵਿਸ਼ੇਸ਼ਣ ਜੋੜ ਕੇ ਖੁਸ਼ ਹੁੰਦੇ ਸਨ। ਇਹ ਬਾਰਵੀਂ ਸਦੀ ਦਾ ਮੁਸਲਿਮ ਪੀਰ ਸੀ।[1]

---

1 Harbans Singh (Chief Editor), *The Encyclopaedia of Sikhism*, Vol. 4, Punjabi University, Patiala, 1998, p. 29.

ਸਖੀ ਸਰਵਰ ਸੰਪਰਦਾ ਦੀ ਪੂਰਨ ਮਰਯਾਦਾ ਬਾਰੇ ਬਹੁਤਾ ਕੁਝ ਨਹੀਂ ਮਿਲਦਾ। ਇਸ ਦੇ ਪੈਰੋਕਾਰ ਆਪਣੇ ਜੀਵਨ ਵਿੱਚ ਇਕ ਵਾਰ ਨਿਗਾਹਾ ਜਾ ਕੇ ਆਪਣੇ ਪੀਰ ਦੀ ਚੌਂਕੀ ਜ਼ਰੂਰ ਭਰਦੇ ਸਨ। ਇਸ ਸੰਪਰਦਾ ਦੇ ਪੈਰੋਕਾਰਾਂ ਨੂੰ ਭਰਾਈ ਆਖਿਆ ਜਾਂਦਾ ਸੀ ਜਿਹੜੇ ਕਿ ਢੋਲ ਵਜਾਉਂਦੇ ਹੋਏ ਪੀਰਖਾਨਿਆਂ ’ਤੇ ਜਾਂਦੇ ਸਨ। ਪੀਰਖ਼ਾਨੇ ਉਨ੍ਹਾਂ ਥਾਵਾਂ ’ਤੇ ਬਣੇ ਹੋਏ ਸਨ ਜਿੱਥੇ ਕਿ ਕਿਸੇ ਸਮੇਂ ਸਖੀ ਸਰਵਰ ਆ ਚੁਕਿਆ ਹੁੰਦਾ ਸੀ। ਇਨ੍ਹਾਂ ਪੀਰਖ਼ਾਨਿਆਂ ਉਪਰ ਹਰ ਮਹੀਨੇ ਦੇ ਪਹਿਲੇ ਵੀਰਵਾਰ ਨੂੰ ਚੌਂਕੀ ਭਰੀ ਜਾਂਦੀ ਸੀ। ਚੌਂਕੀ ਭਰਨ ਸਮੇਂ ਇਕ ਅਠਾਰਾਂ ਮਣ ਕਣਕ ਦੇ ਆਟੇ ਦਾ ਮਿੱਠਾ ਰੋਟ ਪਕਾਇਆ ਅਤੇ ਵੰਡਿਆ ਜਾਂਦਾ ਸੀ। ਅਜਿਹੇ ਪੀਰਖ਼ਾਨੇ ਮਾਲਵਾ ਵਿੱਚ ਬਹੁਤ ਹਨ। ਮਾਲਵਾ ਦੇ ਬਹੁਤ ਜੱਟ ਸਖੀ ਸਰਵਰ ਦੇ ਚੇਲੇ ਸਨ। ਇਸ ਲਈ ਗੁਰੂ-ਕਾਲ ਸਮੇਂ ਜੇ ਮਾਲਵਾ ਵਿੱਚ ਕੋਈ ਧਰਮ ਪਰਚਾਰ ਕਰਨ ਵਾਲੀ ਸੰਪਰਦਾ ਸੀ ਤਾਂ ਸਿਰਫ਼ ਉਹ ਸਖੀ ਸਰਵਰ ਦੀ ਸੰਪਰਦਾ ਹੀ ਸੀ। ਸਖੀ ਸਰਵਰ ਦੇ ਸਾਰੇ ਪੈਰੋਕਾਰ ਜਾਂ ਤਾਂ ਮੁਸਲਮਾਨ ਸਨ ਤੇ ਜਾਂ ਮੁਸਲਮਾਨ ਬਣਨ ਵੱਲ ਉਲਾਰ ਸਨ।[2] ਇਹ ਸੰਪਰਦਾ, ਜਾਪਦਾ ਹੈ ਕਿ ਜੱਥੇਬੰਦਕ ਪਰਚਾਰ ਵਾਲੀ ਸੰਪਰਦਾ ਨਹੀਂ ਸੀ। ਬਹੁਤੀ ਗਿਣਤੀ ਮਾਲਵਾ ਵਿੱਚ ਜੱਟਾਂ ਦੀ ਸੀ ਜਿਹੜੀ ਕਿ ਸੁਤੰਤਰ ਸੁਭਾਅ ਵਾਲੀ ਸੀ। ਜੱਟ ਸਿਵਾਏ ਆਪਣੀਆਂ ਪਰੰਪਰਾਵਾਂ ਤੋਂ ਹੋਰ ਕਿਸੇ ਧਰਮ ਦੀ ਪੂਜਾ ਨਹੀਂ ਕਰਦੇ ਸਨ।

ਸੋਲ੍ਹਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਮੁਗ਼ਲ ਬਾਦਸ਼ਾਹ ਬਾਬਰ ਹਿੰਦੁਸਤਾਨ ਵਿੱਚ ਆਇਆ ਸੀ। ਉਸ ਨੇ ਇੱਥੇ ਹੀ ਰਹਿ ਕੇ ਆਪਣਾ ਮੁਗ਼ਲ ਸਾਮਰਾਜ ਸਿਰਜ ਲਿਆ ਸੀ। ਮਾਲਵਾ ਦੇ ਜੱਟ ਕਬੀਲਿਆਂ ਨੇ ਖੁੱਲੇ ਰੂਪ ਵਿੱਚ ਬਾਬਰ ਦੀ ਮਦਦ ਕੀਤੀ ਸੀ। ਇਸ ਦਾ ਪ੍ਰਭਾਵ ਇਹ ਪਿਆ ਸੀ ਬਾਬਰ ਦੇ ਮੁਗ਼ਲ ਰਾਜ ਵਿੱਚ ਮਾਲਵਾ ਦੇ ਜੱਟ ਕਬੀਲਿਆਂ ਨੂੰ ਪੂਰੀ ਪੂਰੀ ਮੁਗ਼ਲ-ਸਹਾਇਤਾ ਮਿਲੀ ਹੋਈ ਸੀ। ਸਭ ਜੱਟ ਕਬੀਲੇ ਆਪੋ-ਆਪਣੀ ਚੌਧਰ ਵਿੱਚ ਅੰਦਰੂਨੀ ਤੌਰ ’ਤੇ ਸੁਤੰਤਰ ਸਨ। ਇਹ ਗੱਲ ਉਸ ਵੇਲੇ ਪਰਤੱਖ ਰੂਪ ਵਿੱਚ ਸਪੱਸ਼ਟ ਹੋ ਗਈ ਸੀ ਜਦੋਂ ਗੁਰੂ ਗੋਬਿੰਦ ਸਿੰਘ ਆਨੰਦਪੁਰ ਸਾਹਿਬ ਨੂੰ ਛੱਡਣ ਪਿੱਛੋਂ ਮਾਲਵਾ ਵਿੱਚ ਗਏ ਸਨ। ਉਸ ਸਮੇਂ ਮਾਲਵਾ ਦਾ ਸਭ ਤੋਂ ਵੱਧ ਤਾਕਤਵਰ ਜੱਟ ਕਬੀਲਾ ਸਿੱਧੂ-ਬਰਾੜਾਂ ਦਾ ਸੀ। ਇਨ੍ਹਾਂ ਦਾ ਮੁਖੀ ਸੰਘਰ ਸਿੱਧੂ ਬਾਬਰ ਦੇ ਦਰਬਾਰ ਵਿੱਚ ਬਹੁਤ ਚੰਗੀ ਥਾਂ ਰੱਖਦਾ ਸੀ। ਇਸ ਗੱਲ ਦਾ ਮਾਲਵਾ ਦੇ ਜੱਟ ਕਬੀਲਿਆਂ ਨੂੰ ਸਭ ਤੋਂ ਵੱਡਾ ਰਾਜਨੀਤਿਕ ਫਾਇਦਾ ਇਹ ਹੋਇਆ ਸੀ ਕਿ ਲਾਹੌਰ, ਸਰਹਿੰਦ, ਜਾਂ ਸਮਾਣਾ ਦਾ ਸੂਬੇਦਾਰ

2 *Ibid*, p. 30.

ਜਾਂ ਫ਼ੌਜਦਾਰ ਕੋਈ ਵੀ ਹੁੰਦਾ ਸੀ ਉਨ੍ਹਾਂ ਦਾ ਜੱਟਾਂ ਦੀਆਂ ਚੌਧਰਾਂ ਵਿੱਚ ਕੋਈ ਦਖ਼ਲ ਨਹੀਂ ਹੁੰਦਾ ਸੀ। ਲਾਹੌਰ, ਸਰਹਿੰਦ, ਸਮਾਣਾ ਮੁਗ਼ਲਾਂ ਦੀਆਂ ਮਹੱਤਵਪੂਰਨ ਸੈਨਿਕ ਛਾਉਣੀਆਂ ਹੁੰਦੀਆਂ ਸਨ। ਜੱਟ ਕਬੀਲਿਆਂ ਨਾਲ ਇਨ੍ਹਾਂ ਮੁਗ਼ਲ ਛਾਉਣੀਆਂ ਦਾ ਕੋਈ ਸਬੰਧ ਨਹੀਂ ਹੁੰਦਾ ਸੀ। ਮਾਲਵਾ ਵਿੱਚ ਸਿੱਖ ਧਰਮ ਦੇ ਪਰਚਾਰ ਤੇ ਪਰਸਾਰ ਦੀ ਗੱਲ ਇਸ ਸਥਿਤੀ ਨੂੰ ਸਾਹਮਣੇ ਰੱਖ ਕੇ ਕੀਤੀ ਗਈ ਹੈ।

ਇਹ ਸਮਾਂ ਸਿੱਖ ਧਰਮ ਦੇ ਸ਼ੁਰੂ ਹੋਣ ਦਾ ਸੀ। ਬਾਬਰ ਦੇ ਹਮਲਿਆਂ ਦਾ ਅੱਖੀਂ ਦੇਖਿਆ ਵੇਰਵਾ ਗੁਰੂ ਨਾਨਕ ਦੇਵ ਦੀ ਬਾਣੀ ਵਿੱਚ ਹੀ ਦਰਜ ਹੈ। ਗੁਰੂ ਨਾਨਕ ਦੇਵ ਦੀ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਬਾਬਰਬਾਣੀ ਦੇ ਕੁੱਲ ਚਾਰ ਸ਼ਬਦ ਹਨ ਜਿਨ੍ਹਾਂ ਦੀਆਂ ਕੁੱਲ ਸੱਤਰ ਸਤਰਾਂ ਹਨ। ਇਹ ਚਾਰ ਸ਼ਬਦ 'ਰਾਗ ਆਸਾ' ਅਤੇ 'ਰਾਗ ਤਿਲੰਗ' ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪੰਨਿਆਂ 360, 417-418, ਅਤੇ 722-723 ਉਪਰ ਦਰਜ ਹਨ। ਇਸ ਤਰ੍ਹਾਂ ਦੇ ਵੇਰਵੇ ਦੇਣ ਵਾਲੇ ਸ਼ਬਦ ਭਾਵੇਂ ਥੋੜ੍ਹੇ ਹਨ ਅਤੇ ਵੇਰਵੇ ਵੀ ਸੰਖੇਪ-ਮਾਤਰ ਹਨ ਪਰ ਜੋ ਜਾਣਕਾਰੀ ਸਾਨੂੰ ਗੁਰੂ ਸਾਹਿਬ ਦੇ ਸ਼ਬਦਾਂ ਵਿੱਚੋਂ ਮਿਲਦੀ ਹੈ ਇਹ ਇਤਿਹਾਸਕ ਤੌਰ 'ਤੇ ਬਹੁਤ ਹੀ ਮਹੱਤਵਪੂਰਨ ਹੈ। ਕਿਉਂਕਿ ਇਸ ਤਰ੍ਹਾਂ ਦੀ ਜਾਣਕਾਰੀ ਹੋਰ ਕਿਸੇ ਵੀ ਸਮਕਾਲੀ ਲਿਖਤ ਵਿੱਚ ਨਹੀਂ ਹੈ। ਇੱਥੋਂ ਤੱਕ ਕਿ ਬਾਬਰ ਦੀ ਆਪਣੀ ਜੀਵਨੀ ਬਾਬਰਨਾਮੇ ਜਾਂ ਤੁਜ਼ਕ-ਏ-ਬਾਬਰੀ ਵਿੱਚ ਵੀ ਧਾਰਮਿਕ ਇਤਿਹਾਸ ਦੇ ਹਵਾਲੇ ਅਨੁਸਾਰ ਨਹੀਂ ਹੈ। ਗੁਰੂ ਨਾਨਕ ਦੇਵ ਦੇ ਇਨ੍ਹਾਂ ਸ਼ਬਦਾਂ ਨੂੰ ਬਾਬਰਬਾਣੀ ਕਿਹਾ ਗਿਆ ਹੈ। ਬਾਬਰਬਾਣੀ ਵਿੱਚ ਜੋ ਗੁਰੂ ਨਾਨਕ ਦੇਵ ਨੇ ਬਾਬਰ ਵੱਲੋਂ ਕੀਤੇ ਹਮਲਿਆਂ ਅਤੇ ਅੱਤਿਆਚਾਰਾਂ ਦਾ ਬਿਰਤਾਂਤ ਦਿੱਤਾ ਹੈ ਉਸ ਨੂੰ ਸੰਖੇਪ ਵਿੱਚ ਇਸ ਤਰ੍ਹਾਂ ਦੱਸਿਆ ਜਾ ਸਕਦਾ ਹੈ।

'ਬਾਬਰ ਨੇ ਹਿੰਦੁਸਤਾਨ ਉਪਰ ਹਮਲਾ ਕਰਕੇ ਹਿੰਦੁਸਤਾਨ ਨੂੰ ਬੁਰੀ ਤਰ੍ਹਾਂ ਡਰਾ ਅਤੇ ਧਮਕਾ ਦਿੱਤਾ ਹੈ। ਇਸ ਦੀ ਲੁੱਟ ਕਰ ਕੇ ਉਸ ਨੇ ਖੁਰਾਸਾਨ ਦੇ ਘਰ ਭਰ ਦਿੱਤੇ ਹਨ। ਕਤਲੇਆਮ ਦਾ ਰੋਸ ਇਸ ਕਰਕੇ ਹੈ ਕਿ ਇਹ ਸਭ ਕੁਝ ਬਾਬਰ ਦੀ ਜ਼ਾਲਮ ਫ਼ੌਜ ਨੇ ਨਿਹੱਥੇ ਲੋਕਾਂ ਉਪਰ ਕੀਤਾ ਹੈ। ਜੇਕਰ ਦੋਵੇਂ ਫੌਜਾਂ ਆਪਸ ਵਿੱਚ ਲੜਦੀਆਂ ਮਰਦੀਆਂ ਤਾਂ ਇਸ ਦਾ ਕਿਸੇ ਨੇ ਵੀ ਰੋਸ ਨਹੀਂ ਕਰਨਾ ਸੀ, ਪਰ ਨਿਹੱਥੇ ਲੋਕਾਂ ਦੇ ਕਤਲੇਆਮ ਕਰਨ ਦੀ ਗੱਲ ਤਾਂ ਗਊਆਂ ਦੇ ਵੱਗ ਉਪਰ ਸ਼ੇਰ ਵੱਲੋਂ ਹਮਲਾ ਕਰਨ ਦੇ ਬਰਾਬਰ ਹੈ। ਪਰਮਾਤਮਾ ਹੀ ਇਸ ਲੋਕਾਈ ਦਾ ਪਾਲਣਹਾਰ ਹੈ ਇਸ ਲਈ ਇਸ ਕਤਲੇਆਮ ਦਾ ਜ਼ਿੰਮੇਵਾਰ ਸਿਰਫ਼ ਪਰਮਾਤਮਾ ਹੀ ਹੈ।

ਖੋਜ ਕਾਰਜ ਦਾ ਦੂਜਾ ਅਧਿਆਇ ਸਿੱਖ ਧਰਮ ਦੀ ਉਤਪੱਤੀ ਅਤੇ ਮੁੱਢਲਾ ਇਤਿਹਾਸਕ ਵਿਕਾਸ ਹੈ। ਗੁਰੂ ਨਾਨਕ ਸਾਹਿਬ ਨੇ ਬਾਬਰ ਨੂੰ ਸ਼ੇਰ ਨਾਲ ਅਤੇ ਹਿੰਦੁਸਤਾਨ ਦੀ ਨਿਹੱਥੀ ਜਨਤਾ ਨੂੰ ਗਊਆਂ ਦੇ ਵੱਗ ਨਾਲ ਤੁਲਨਾਇਆ ਹੈ। ਆਮ ਤੌਰ ਤੇ ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੇ ਹਿੰਦੁਸਤਾਨ ਨੂੰ ਰਤਨ ਕਿਹਾ ਹੈ। ਭਾਵ ਰਤਨਾਂ ਵਰਗੇ ਦੇਸ ਨੂੰ ਬਰਬਾਦ ਕਰ ਦਿੱਤਾ ਹੈ। ਇਹ ਵੇਰਵੇ ਇਤਿਹਾਸਕ ਤੌਰ 'ਤੇ ਬਹੁਤ ਮਹੱਤਵਪੂਰਨ ਹਨ। ਫ਼ੌਜਾ ਸਿੰਘ ਨੇ ਲਿਖਿਆ ਹੈ "ਜਦੋਂ ਬਾਬਰ ਨੇ ਪੰਜਾਬ ਉੱਤੇ ਹਮਲਾ ਕੀਤਾ ਤੇ ਉਸ ਨੂੰ ਤਬਾਹ ਕੀਤਾ ਉਦੋਂ ਗੁਰੂ ਨਾਨਕ ਦੇਵ ਉੱਥੇ ਮੌਜੂਦ ਸਨ। ਉਸ ਤਬਾਹੀ ਨਾਲ ਜੋ ਲੋਕਾਂ ਨੂੰ ਤਸੀਹੇ ਤੇ ਕਸ਼ਟ ਸਹਿਣੇ ਪਏ, ਉਸ ਦੀ ਜੋ ਤਸਵੀਰ ਇਨ੍ਹਾਂ ਦੀ ਬਾਣੀ ਵਿੱਚ ਮਿਲਦੀ ਹੈ, ਉਹ ਹੋਰ ਕਿਸੇ ਲਿਖਤ ਵਿੱਚੋਂ ਨਹੀਂ ਮਿਲਦੀ ਅਤੇ ਇਸ ਲਈ ਉਹ ਇਤਿਹਾਸਕ ਦ੍ਰਿਸ਼ਟੀ ਤੋਂ ਬਹੁਤ ਹੀ ਬਹੁ-ਮੁੱਲੀ ਹੈ।"[3]

ਇਸ ਤਰ੍ਹਾਂ ਗੁਰੂ ਨਾਨਕ ਦੇਵ ਦੇ ਪਰਚਾਰ ਦਾ ਪਹਿਲਾ ਮੁਕਾਬਲਾ ਬਾਬਰ ਨਾਲ ਹੋਇਆ ਸੀ। ਬਾਬਰ ਨੇ ਹਿੰਦੁਸਤਾਨ ਵਿੱਚ ਆਪਣਾ ਮੁਗ਼ਲ ਸਾਮਰਾਜ 1526-1530 ਈਸਵੀ ਦੇ ਵਿਚਕਾਰ ਸਥਾਪਿਤ ਕੀਤਾ ਸੀ। ਇਸ ਸਮੇਂ ਤੱਕ ਗੁਰੂ ਨਾਨਕ ਸਾਹਿਬ ਆਪਣੀਆਂ ਵਿਸ਼ਵ-ਵਿਆਪੀ ਯਾਤਰਾਵਾਂ (ਉਦਾਸੀਆਂ) ਸਮਾਪਤ ਕਰ ਚੁੱਕੇ ਸਨ ਅਤੇ ਉਹ ਪੰਜਾਬ ਵਿੱਚ ਰਹਿ ਰਹੇ ਸਨ। ਬਾਬਰ ਦੇ ਹਮਲੇ ਅਤੇ ਪਾਣੀਪਤ ਵਿਚਲੀ ਹੋਈ ਲੜਾਈ (1526 ਈਸਵੀ) ਗੁਰੂ ਨਾਨਕ ਦੇਵ ਦੇ ਜੀਵਨ ਦੌਰਾਨ ਹੋਈ ਸੀ।

ਬਾਬਰਬਾਣੀ ਦੇ ਚਾਰ ਸ਼ਬਦ ਗੁਰਬਾਣੀ ਰੂਪ ਵਿੱਚ ਸਮਕਾਲੀ ਇਤਿਹਾਸ ਦਾ ਉਹ ਦਸਤਾਵੇਜ਼ ਹਨ ਜਿਨ੍ਹਾਂ ਰਾਹੀਂ ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਦੇ ਸੱਚ ਨੂੰ ਆਖ ਸੁਣਾਇਆ ਸੀ।

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ।। (723)

ਬਾਬਰ ਦੀ ਮੌਤ 1530 ਈਸਵੀ ਵਿੱਚ ਹੋਈ ਸੀ। ਇਸ ਸਮੇਂ ਤੱਕ ਗੁਰੂ ਨਾਨਕ ਸਾਹਿਬ ਏਸ਼ੀਆ ਮਹਾਂਦੀਪ ਵਿੱਚ ਵੀ ਯਾਤਰਾਵਾਂ ਕਰ ਚੁੱਕੇ ਸਨ ਅਤੇ ਸਮੁੱਚੇ ਹਿੰਦੁਸਤਾਨ ਵਿੱਚ ਵੀ ਧਰਮ-ਪਰਚਾਰ ਕਰ ਚੁੱਕੇ ਸਨ। ਪੰਜਾਬ ਵਿੱਚ ਵੀ ਧਰਮ-ਪਰਚਾਰ ਹੋ ਚੁੱਕਿਆ ਸੀ। ਗੁਰੂ ਨਾਨਕ ਸਾਹਿਬ ਪਹਿਲੇ ਸਿੱਖ ਗੁਰੂ ਸਨ ਜਿਹੜੇ ਮਾਲਵਾ ਵਿੱਚ ਅਨੇਕਾਂ ਥਾਵਾਂ ਦੀਆਂ ਯਾਤਰਾਵਾਂ ਕਰ ਚੁੱਕੇ ਸਨ ਜਿਵੇਂ ਕਿ ਨਾਂਗੇ ਦੀ ਸਰਾਇ (ਮੱਤੇ

3 ਫ਼ੌਜਾ ਸਿੰਘ (ਸੰਪਾ.) *ਪੰਜਾਬ ਦਾ ਇਤਿਹਾਸ: 1000-1526 ਈ.*, ਜਿਲਦ ਤੀਜੀ, ਪੰਨਾ-XIX (ਭੂਮਿਕਾ)

ਦੀ ਸਰਾਇ), ਤਖ਼ਤੂਪੁਰਾ, ਮੰਜੀ ਸਾਹਿਬ, ਸੰਗਰੂਰ ਖਾਸ, ਮਸਤੂਆਣਾ ਸਾਹਿਬ, ਲੁਧਿਆਣਾ, ਘੁੰਮਣ ਕੇ ਆਦਿ ਥਾਵਾਂ ਹਨ। ਇਨ੍ਹਾਂ ਥਾਵਾਂ ਦੀ ਵਿਸਥਾਰ ਸਾਹਿਤ ਜਾਣਕਾਰੀ ਇਸ ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ ਵਿੱਚ ਭਲੀਭਾਂਤ ਦਿੱਤੀ ਗਈ ਹੈ। ਇਹ ਤਾਂ ਮੁੱਖ ਅਸਥਾਨ ਹਨ। ਅਜਿਹੇ ਹੋਰ ਅਸਥਾਨ ਵੀ ਅਨੇਕਾਂ ਹਨ ਜਿਹੜੇ ਅਜੇ ਲਿਖਤੀ ਰੂਪ ਵਿੱਚ ਨਹੀਂ ਆ ਸਕੇ। ਮਿਸਾਲ ਦੇ ਤੌਰ ’ਤੇ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਤੋਂ ਚੱਲ ਕੇ ਜਦੋਂ ਕੁਰੂਕਸ਼ੇਤਰ ਜਾਂ ਥਾਨੇਸਰ ਜਾਂ ਸਿਰਸੇ ਪਹੁੰਚਦੇ ਸਨ ਤਾਂ ਸਾਰਾ ਰਸਤਾ ਮਾਲਵਾ ਵਿੱਚੋਂ ਦੀ ਹੀ ਤਹਿ ਕਰਨਾ ਪੈਂਦਾ ਸੀ। ਇਨ੍ਹਾਂ ਥਾਵਾਂ ’ਤੇ ਜਾਣ ਲਈ ਪਿੰਡੋ-ਪਿੰਡ ਹੋ ਕੇ ਹੀ ਜਾਣਾ ਪੈਂਦਾ ਸੀ। ਅਨੇਕਾਂ ਪਿੰਡਾਂ ਵਿੱਚ ਗੁਰੂ ਸਾਹਿਬ ਨੇ ਰਾਤਾਂ ਵੀ ਕੱਟੀਆਂ ਹੋਣਗੀਆਂ ਅਤੇ ਹੋ ਸਕਦਾ ਹੈ ਕਿ ਕਿਸੇ ਖਾਸ ਪਿੰਡ ਵਿੱਚ ਗੁਰੂ ਸਾਹਿਬ ਇੱਕ ਤੋਂ ਵੱਧ ਦਿਨ ਵੀ ਕੱਟੇ ਹੋਣ।

ਗੁਰੂ ਅੰਗਦ ਦੇਵ ਦਾ ਜਨਮ ਅਸਥਾਨ ਮਾਲਵਾ ਵਿੱਚ ਨਾਂਗੇ ਦੀ ਸਰਾਇ ਸੀ। ਜਿਸ ਨੂੰ ਕਿ ਮੱਤੇ ਦੀ ਸਰਾਇ ਵੀ ਕਿਹਾ ਜਾਂਦਾ ਹੈ। ਇਸ ਲਈ ਗੁਰੂ ਅੰਗਦ ਦੇਵ ਦਾ ਮਾਲਵਾ ਦੀ ਧਰਤੀ ਨਾਲ ਜਨਮ-ਭੂਮੀ ਵਾਲਾ ਸਬੰਧ ਸੀ। ਉਨ੍ਹਾਂ ਨੇ ਆਪਣਾ ਬਚਪਨ ਮਾਲਵਾ ਵਿੱਚ ਹੀ ਗੁਜ਼ਾਰਿਆ ਸੀ। ਭਾਵੇ ਉਹ ਵਿਆਹ ਉਪਰੰਤ ਖਡੂਰ ਸਾਹਿਬ ਵਿਖੇ ਜਾ ਵਸੇ ਸਨ ਜੋ ਕਿ ਮਾਝਾ ਵਿਚ ਸੀ, ਪਰ ਜੋ ਸਬੰਧ ਉਨ੍ਹਾਂ ਦਾ ਮੱਤੇ ਦੀ ਸਰਾਇ ਨਾਲ ਬਣਿਆ ਹੋਇਆ ਸੀ ਉਹ ਲਗਾਤਾਰ ਚਲਦਾ ਰਿਹਾ ਸੀ। ਹੋ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਵੀ ਮੱਤੇ ਦੀ ਸਰਾਇ (ਨਾਂਗੇ ਦੀ ਸਰਾਇ) ਇਸ ਕਰਕੇ ਗਏ ਹੋਣ ਕਿ ਉਹ ਗੁਰੂ ਅੰਗਦ ਦੇਵ ਦਾ ਜਨਮ ਅਸਥਾਨ ਸੀ। ਗੁਰਿਆਈ ਧਾਰਨ ਕਰਨ ਤੋਂ ਪਿੱਛੋਂ ਅਜਿਹੀ ਕੋਈ ਜਾਣਕਾਰੀ ਨਹੀਂ ਮਿਲਦੀ ਕਿ ਗੁਰੂ ਅੰਗਦ ਦੇਵ ਮਾਲਵਾ ਵਿੱਚ ਗਏ ਹੋਣ।

ਭਾਵੇ ਗੁਰੂ ਅਮਰ ਦਾਸ, ਗੁਰੂ ਰਾਮ ਦਾਸ ਅਤੇ ਗੁਰੂ ਅਰਜਨ ਦੇਵ ਵੀ ਮਾਲਵਾ ਵਿੱਚ ਨਹੀਂ ਆਏ ਸਨ ਪਰ ਉਨ੍ਹਾਂ ਦੇ ਸਮੇਂ ਦਾ ਜੋ ਪਰਚਾਰ-ਪ੍ਰਬੰਧ ਸੀ, ਜਿਵੇਂ ਮੰਜੀ ਪ੍ਰਥਾ ਅਤੇ ਮਸੰਦ ਪ੍ਰਥਾ, ਉਸ ਨਾਲ ਮਾਲਵਾ ਪੂਰੀ ਤਰ੍ਹਾਂ ਜੁੜਿਆ ਹੋਇਆ ਸੀ। ਮਾਲਵਾ ਵਿੱਚ ਜੇਕਰ ਕਦੇ ਕਿਸੇ ਧਰਮ ਦਾ ਜੱਥੇਬੰਦਕ ਪਰਚਾਰ ਹੋਇਆ ਸੀ ਤਾਂ ਇਹ ਸਿਰਫ਼ ਸਿੱਖ ਧਰਮ ਹੀ ਸੀ। ਮੰਜੀ ਪ੍ਰਥਾ ਅਤੇ ਮਸੰਦ ਪ੍ਰਥਾ ਸਿੱਖ ਧਰਮ ਦੇ ਜੱਥੇਬੰਦਕ ਪ੍ਰਬੰਧ ਸਨ ਜਿਨ੍ਹਾਂ ਰਾਹੀਂ ਮਾਲਵਾ ਵਿੱਚ ਸਿੱਖ ਧਰਮ ਦਾ ਪਰਚਾਰ ਕੀਤਾ ਜਾਂਦਾ ਸੀ। ਇਹ ਕਾਰਨ ਸਨ ਕਿ ਜਦੋਂ ਗੁਰੂ ਅਰਜਨ ਦੇਵ ਦੀ ਸ਼ਹਾਦਤ ਪਿੱਛੋਂ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੁਗ਼ਲ ਹਕੂਮਤ

ਦੇ ਖਿਲਾਫ਼ ਲੜਾਈ ਦੇ ਮੈਦਾਨ ਵਿੱਚ ਖੜਾ ਹੋਣਾ ਪਿਆ ਸੀ ਤਾਂ ਸਾਰਾ ਸਿੱਖ ਜਗਤ ਉਨ੍ਹਾਂ ਦੇ ਪਿੱਛੇ ਖੜੋ ਗਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਤੱਕ ਸਾਰਾ ਮਾਲਵਾ ਸਿੱਖ ਧਰਮ ਵਿੱਚ ਪਰਵੇਸ਼ ਕਰ ਚੁੱਕਿਆ ਸੀ। ਗੁਰੂ ਅਮਰਦਾਸ, ਗੁਰੂ ਰਾਮਦਾਸ, ਅਤੇ ਗੁਰੂ ਅਰਜਨ ਦੇਵ ਦੇ ਮਾਲਵਾ ਵਿੱਚ ਨਾ ਆਉਣ ਦੇ ਬਾਵਜੂਦ ਵੀ ਸਾਰਾ ਮਾਲਵਾ ਸਿੱਖ ਧਰਮ ਵਿੱਚ ਆ ਚੁੱਕਿਆ ਸੀ। ਮਾਲਵਾ ਦੀਆਂ ਸਿੱਖ ਸੰਗਤਾਂ ਇਨ੍ਹੀ ਮਜ਼ਬੂਤੀ ਨਾਲ ਗੁਰੂ-ਘਰ ਨਾਲ ਜੁੜੀਆਂ ਹੋਈਆਂ ਸਨ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂਸਰ ਮਹਿਰਾਜ (ਨਥਾਣਾ) ਵਿਖੇ ਮੁਗ਼ਲ ਫ਼ੌਜਾਂ ਨਾਲ ਲੜਾਈ ਲੜੀ ਸੀ ਤਾਂ ਉਨ੍ਹਾਂ ਨੇ ਬੜੀ ਆਸਾਨੀ ਨਾਲ ਇੱਕੋ ਦਿਨ ਦੀ ਲੜਾਈ ਵਿੱਚ ਮੁਗ਼ਲ ਫ਼ੌਜਾਂ ਨੂੰ ਹਰਾ ਦਿੱਤਾ ਸੀ।

ਤੀਜਾ ਅਧਿਆਇ ਗੁਰੂ ਹਰਗੋਬਿੰਦ ਸਾਹਿਬ ਦਾ ਸਮਾਂ ਅਤੇ ਉਨ੍ਹਾਂ ਦਾ ਮਾਲਵਾ ਵਿੱਚ ਆਉਣਾ ਹੈ। ਗੁਰੂ ਨਾਨਕ ਦੇਵ ਪਿੱਛੋਂ, ਮਾਲਵਾ ਵਿੱਚ ਆਉਣ ਵਾਲੇ ਪਹਿਲੇ ਗੁਰੂ ਛੇਵੇਂ ਪਾਤਿਸ਼ਾਹ ਗੁਰੂ ਹਰਗੋਬਿੰਦ ਸਾਹਿਬ ਸਨ। ਉਹ ਆਪਣੇ ਗੁਰਿਆਈ ਕਾਲ ਦੇ ਸ਼ੁਰੂਆਤੀ ਸਮੇਂ ਮਾਲਵਾ ਦੇ ਪ੍ਰਸਿੱਧ ਨਗਰ ਭਾਈ ਕੀ ਡਰੋਲੀ ਵਿਖੇ ਆਏ ਸਨ। ਇੱਥੇ ਉਨ੍ਹਾਂ ਦੇ ਸਾਂਢੂ ਸਾਈਂ ਦਾਸ ਰਹਿੰਦੇ ਸਨ। ਡਰੋਲੀ ਭਾਈ ਕੀ ਪਿੰਡ ਦੇ ਨੇੜੇ ਦੇ ਕਈ ਪਿੰਡ ਅਜਿਹੇ ਹਨ ਜਿਨ੍ਹਾਂ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੇ ਜਾਣ ਦੀ ਜਾਣਕਾਰੀ ਮਿਲਦੀ ਹੈ। ਇਸ ਜਾਣਕਾਰੀ ਵਿੱਚ ਇਹ ਸ਼ਾਮਿਲ ਹੈ ਕਿ ਗੁਰੂ ਇਨ੍ਹਾਂ ਪਿੰਡਾਂ ਵਿੱਚ ਡਰੋਲੀ ਭਾਈ ਕੀ ਤੋਂ ਹੀ ਗਏ ਸਨ। ਨੇੜੇ ਪਿੰਡ ਸਨੇਰ ਹੈ। ਰੋਡੇ ਪਿੰਡ ਜਿਹੜਾ ਕਿ ਬਾਘਾ ਪੁਰਾਣਾ ਕੋਟਕਪੂਰਾ ਸੜਕ ਉਪਰ ਹੈ। ਖਾਸ ਮੋਗੇ ਵਿਖੇ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਹੈ ਜਿਹੜਾ ਕਿ ਇੱਥੇ ਗੁਰੂ ਸਾਹਿਬ ਦੇ ਆਉਣ ਦੀ ਗਵਾਹੀ ਦਿੰਦਾ ਹੈ। ਸਮਾਲਸਰ ਵਾਲੇ ਪਾਸੇ ਇੱਕ ਪਿੰਡ ਬੰਬੀਹਾ ਭਾਈ ਕਾ ਹੈ। ਬਾਘਾ ਪੁਰਾਣਾ, ਭਗਤਾ ਭਾਈ ਕਾ ਸੜਕ ਉਪਰ ਮਾੜੀ-ਮੁਸਤਫ਼ਾ ਪਿੰਡ ਹੈ। ਇਸ ਸੜਕ ਉਪਰ ਪਿੰਡ ਲਧਾਈ ਕੇ ਹੈ। ਇੱਥੇ ਗੁਰੂ ਸਾਹਿਬ ਦੇ ਆਉਣ ਦੀ ਜਾਣਕਾਰੀ ਮਿਲਦੀ ਹੈ। ਮੋਗਾ-ਕੋਟਕਪੂਰਾ ਸੜਕ ਉੱਪਰ ਪਿੰਡ ਵੱਡਾ ਘਰ ਹੈ। ਇੱਥੇ ਵੀ ਗੁਰੂ ਸਾਹਿਬ ਦੇ ਬਿਰਾਜਣਵਾਲੀ ਜਗ੍ਹਾ ਉੱਪਰ ਗੁਰਦੁਆਰਾ ਸਾਹਿਬ ਹੈ। ਅਜੀਤਵਾਲ ਦੇ ਨੇੜੇ ਪਿੰਡ ਦੋਧਰ ਹੈ। ਇੱਕ ਹੋਰ ਪਿੰਡ ਮਧੇਅ ਹੈ, ਜਿਹੜਾ ਡਰੋਲੀ ਤੋਂ ਪੰਝੀ ਕਿਲੋਮੀਟਰ ਦੀ ਦੂਰੀ'ਤੇ ਹੈ। ਥਾਣਾ ਨਿਹਾਲ ਸਿੰਘ ਵਾਲਾ ਵਿੱਚ ਪਿੰਡ ਲੋਪੋ ਕੇ ਹੈ। ਮੋਗੇ ਤੋਂ ਕੋਟਕਪੂਰੇ ਵੱਲ ਮਹਿਰੋਂ ਪਿੰਡ ਹੈ। ਸਿੰਘਾਂਵਾਲਾ ਅਤੇ ਡਗਰੂ ਪਿੰਡ ਵੀ ਇਧਰ ਹੀ

ਹਨ। ਇਹਨਾਂ ਸਭ ਵਿੱਚ ਗੁਰੂ ਸਾਹਿਬ ਦੇ ਆਉਣ ਦੀ ਸਥਾਨਕ ਪਰੰਪਰਾਵਾਂ ਅਨੁਸਾਰ ਜਾਣਕਾਰੀ ਮਿਲਦੀ ਹੈ।[4]

ਉਕਤ ਸਾਰੇ ਪਿੰਡ ਵਰਤਮਾਨ ਜ਼ਿਲ੍ਹਾ ਮੋਗਾ ਵਿੱਚ ਹੀ ਹਨ। ਇਹਨਾਂ ਪਿੰਡਾਂ ਵਿੱਚ ਆਉਣ ਦੀ ਜਾਣਕਾਰੀ ਵਿੱਚੋਂ ਦੋ ਸਿੱਟੇ ਕੱਢੇ ਜਾ ਸਕਦੇ ਹਨ ਕਿ ਇੱਕ ਤਾਂ ਗੁਰੂ ਸਾਹਿਬ ਡਰੋਲੀ ਭਾਈ ਕੀ ਵਿਖੇ ਕਾਫ਼ੀ ਸਮਾਂ ਠਹਿਰੇ ਮੰਨੇ ਜਾ ਸਕਦੇ ਹਨ। ਦੂਜਾ ਇਹ ਕਿ ਇਸ ਇਲਾਕੇ ਵਿੱਚ ਜੱਟ-ਜਿੰਮੀਦਾਰਾਂ ਦਾ ਬੋਲਬਾਲਾ ਸੀ ਇਸ ਲਈ ਇਹਨਾਂ ਪਿੰਡਾਂ ਵਿੱਚੋਂ ਅਨੇਕਾਂ ਦੀ ਗਿਣਤੀ ਵਿੱਚ ਸਿੱਖ ਵੀ ਬਣੇ ਸਨ ਅਤੇ ਗੁਰੂ ਸਾਹਿਬ ਦਾ ਮਾਣ-ਸਤਿਕਾਰ ਵੀ ਬਹੁਤ ਹੋਇਆ ਸੀ।

ਦੂਜੀ ਵਾਰ ਗੁਰੂ ਹਰਿਗੋਬਿੰਦ ਸਾਹਿਬ ਉਸ ਸਮੇਂ ਮਾਲਵਾ ਵਿੱਚ ਆਏ ਸਨ ਜਦੋਂ ਉਹਨਾਂ ਉੱਪਰ ਕਰਤਾਰਪੁਰ ਵਿਖੇ ਮੁਗ਼ਲ ਅਧਿਕਾਰੀਆਂ ਵੱਲੋਂ ਹਮਲੇ ਹੋਣ ਦਾ ਖਤਰਾ ਸੀ। ਇਸ ਵਾਰ ਗੁਰੂ ਸਾਹਿਬ ਮਹਿਰਾਜ, ਫੂਲ ਆਦਿ ਪਿੰਡਾਂ ਵਿੱਚ ਆਏ ਸਨ। ਲਹਿਰਾ ਮੁਹੱਬਤ ਅਤੇ ਨਥਾਣਾ ਪਿੰਡ ਵੀ ਇਹਨਾਂ ਦੇ ਨੇੜੇ ਹਨ। ਇਹ ਪਿੰਡ ਸਿੱਧੂ-ਬਰਾੜ ਜੱਟ ਸਰਦਾਰਾਂ ਦੇ ਪਿੰਡ ਸਨ। ਇਹ ਜੱਟ-ਜ਼ਿਮੀਦਾਰ ਸਰਹਿੰਦ ਸੂਬੇ ਦੇ ਮਾਲਗੁਜ਼ਾਰ ਸਨ। ਇਹਨਾਂ ਦੀ ਮੁੱਖ ਜ਼ਿੰਮੇਵਾਰੀ ਸਰਹਿੰਦ ਦੇ ਸੂਬੇ ਨੂੰ ਆਪੋ-ਆਪਣੀ ਸਰਦਾਰੀ ਵਾਲੇ ਪਿੰਡਾਂ ਵਿੱਚੋਂ ਮਾਮਲੇ ਦੀ ਉਗਰਾਹੀ ਕਰਕੇ ਦੇਣ ਦੀ ਸੀ। ਬਾਕੀ ਅੰਦਰੂਨੀ ਪ੍ਰਬੰਧ ਵਿੱਚ ਇਹ ਜੱਟ-ਜ਼ਿਮੀਦਾਰ ਪੂਰੀ ਤਰ੍ਹਾਂ ਸੁਤੰਤਰ ਸਨ। ਕਿਉਂਕਿ ਮਾਲਵਾ ਉਪਜਾਊ ਧਰਤੀ ਨਹੀਂ ਸੀ ਨਾ ਹੀ ਇੱਥੇ ਪਾਣੀ ਸੀ ਫਸਲਾਂ ਕੋਈ ਬਹੁਤੀਆਂ ਨਹੀਂ ਹੁੰਦੀਆਂ ਸਨ। ਇਸ ਲਈ ਮੁਗ਼ਲ ਅਧਿਕਾਰੀਆਂ ਦੀ ਇਸ ਇਲਾਕੇ ਵਿੱਚ ਕੋਈ ਦਿਲਚਸਪੀ ਨਹੀਂ ਸੀ।

ਇਹ ਗੱਲ ਧਿਆਨ ਦੇਣ ਯੋਗ ਹੈ ਕਿ ਇਹ ਜੱਟ-ਜ਼ਿੰਮੀਦਾਰ ਸਰਹਿੰਦ ਸੂਬੇ ਦੇ ਨਾ ਹੀ ਤਾਂ ਜਾਗੀਰਦਾਰ ਸਨ ਅਤੇ ਨਾ ਹੀ ਕੋਈ ਫ਼ੌਜਦਾਰ ਸਨ। ਇਹ ਆਪੋ-ਆਪਣੇ ਕਬੀਲਿਆਂ ਅਨੁਸਾਰ ਰਹਿੰਦੇ ਸਨ। ਕਿਸੇ ਕਬੀਲੇ ਦੇ ਬਹੁਤੇ ਪਿੰਡ ਹੁੰਦੇ ਸਨ ਅਤੇ ਕਿਸੇ ਦੇ ਥੋੜ੍ਹੇ। ਪਰ ਜਿੰਨੇ ਵੀ ਪਿੰਡ ਕਿਸੇ ਕਬੀਲੇ

---

4 ਇਹਨਾਂ ਥਾਵਾਂ ਤੇ ਜਾਣ-ਆਉਣ ਦੀ ਜਾਣਕਾਰੀ ਮੁੱਖ ਤੌਰ ’ਤੇ ਗਿਆਨੀ ਗਿਆਨ ਸਿੰਘ ਵੱਲੋਂ ਹੀ ਦਿੱਤੀ ਗਈ ਹੈ। *ਗੁਰਧਾਮ ਸੰਗ੍ਰਹਿ*, ਅੰਮ੍ਰਿਤਸਰ, 1999, ਪੰਨੇ 76-77; *ਗੁਰਧਾਮ ਦੀਦਾਰ* ਅਰਥਾਤ *ਗੁਰਧਾਮ ਦਰਪਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, 2005, ਪੰਨੇ 137-39.

(ਗੋਤ) ਦੇ ਹੁੰਦੇ ਸਨ ਉਹਨਾਂ ਪਿੰਡਾਂ ਵਿੱਚ ਉਸੇ ਗੋਤ ਦੇ ਜ਼ਿਮੀਦਾਰਾਂ ਦੀ ਹੀ ਸਰਦਾਰੀ ਹੁੰਦੀ ਸੀ। ਇਹ ਜੱਟ ਕਬੀਲੇ ਮੁੱਢ-ਕਦੀਮੋਂ ਧਾੜਾਂ ਮਾਰਨ ਦਾ ਧੰਦਾ ਕਰਦੇ ਆ ਰਹੇ ਸਨ। ਇਸ ਕਰਕੇ ਹਰ ਜੱਟ ਕਬੀਲੇ ਕੋਲ ਉਸ ਕਬੀਲੇ ਦੀ ਗਿਣਤੀ ਮੁਤਾਬਕ ਘੋੜਸਵਾਰ ਜਾਂ ਊਠ-ਸਵਾਰ ਲੋਕ ਹੁੰਦੇ ਸਨ। ਮੁਗ਼ਲ ਅਧਿਕਾਰੀ ਲੋੜ ਪੈਣ ਤੇ ਇਹਨਾਂ ਦੀ ਸੈਨਿਕ ਮਦਦ ਲੈ ਲੈਂਦੇ ਸਨ। ਇਹ ਜੱਟ-ਜ਼ਿੰਮੀਦਾਰ ਆਪੋ-ਆਪਣੇ ਕਬੀਲੇ ਦੇ ਪਿੰਡਾਂ ਵਿੱਚੋਂ ਨੀਅਤ ਕੀਤੇ ਹਿੱਸੇ ਦਾ ਮੁਆਮਲਾ ਉਗਰਾਹ ਕੇ ਸਰਕਾਰ ਨੂੰ ਹਰ ਹਾੜੀ-ਸਾਉਣੀ ਸਮੇਂ ਦੇ ਦਿੰਦੇ ਸਨ। ਇਹੋ-ਜਿਹਾ ਇੱਕ ਢਿੱਲਾ ਜਿਹਾ, ਇਹਨਾਂ ਜੱਟ-ਕਬੀਲਿਆਂ ਦਾ ਅਤੇ ਸੂਬੇ ਦੀ ਸਰਕਾਰ ਦਾ ਪ੍ਰਬੰਧਕੀ ਸਬੰਧ ਸੀ। ਮਾਝੇ ਅਤੇ ਦੁਆਬੇ ਦਾ ਰਾਜ-ਪ੍ਰਬੰਧ ਮਾਲਵਾ ਨਾਲੋਂ ਵੱਖਰਾ ਸੀ। ਇਹਨਾਂ ਵਿੱਚ ਰਾਜ-ਪ੍ਰਬੰਧ ਮਜ਼ਬੂਤ ਸੀ ਅਤੇ ਮੁਆਮਲਾ ਉਗਰਾਹੁਣ ਦਾ ਪ੍ਰਬੰਧ ਪੱਕੀਆਂ ਲੀਹਾਂ ਤੇ ਸੀ। ਮਾਲਵਾ ਵਿੱਚ ਇਹਨਾਂ ਜੱਟ ਕਬੀਲਿਆਂ ਦੀ ਹੀ ਸਰਦਾਰੀ ਸੀ।

ਮੁਗ਼ਲਾਂ ਦੇ ਸਮੇਂ ਵਿੱਚ ਜੱਟ ਕਬੀਲਿਆਂ ਨੇ ਬਾਬਰ ਦੀ ਮਦਦ ਕੀਤੀ ਸੀ। ਇਹ ਬਾਬਰ ਦੇ ਸਮੇਂ ਤੋਂ ਹੀ ਮਾਲਵਾ ਵਿੱਚ ਆਪੋ-ਆਪਣੀ ਚੌਧਰ ਨੂੰ ਕਾਇਮ ਰੱਖਦੇ ਆ ਰਹੇ ਸਨ। ਦੂਜੇ ਮੁਗ਼ਲ ਬਾਦਸ਼ਾਹਾਂ ਸਮੇਂ ਵੀ ਇਹ ਕਬੀਲੇ ਮੁਗ਼ਲ ਹਕੂਮਤ ਨਾਲ ਸਹਿਯੋਗ ਕਰਦੇ ਆ ਰਹੇ ਸਨ। ਇਸ ਕਰਕੇ ਮੁਗ਼ਲਾਂ ਦੇ ਸਮੇਂ ਵੀ ਕਿਸੇ ਵੀ ਸ਼ਾਸ਼ਕ ਨੇ ਇਹਨਾਂ ਜੱਟ ਕਬੀਲਿਆਂ ਦੀ ਅੰਦਰੂਨੀ ਸਰਦਾਰੀ ਨੂੰ ਖ਼ਤਮ ਕਰਨ ਦੀ ਜਾਂ ਇਹਨਾਂ ਦੀ ਤਾਕਤ ਨੂੰ ਕੁਚਲਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਸੀ। ਇਹ ਕਬੀਲੇ ਮੁਗ਼ਲ ਸਾਮਰਾਜ ਪ੍ਰਤੀ ਦੋ ਗੱਲਾਂ ਦੀ ਪੱਕੀ ਪਾਲਣਾ ਕਰਦੇ ਆ ਰਹੇ ਸਨ। ਇੱਕ ਇਹ ਕਿ ਇਨ੍ਹਾਂ ਨੇ ਮੁਗ਼ਲਾਂ ਦੀ ਹਕੂਮਤ ਨੂੰ ਉਲਟਾਉਣ ਵੱਲ ਕਦੇ ਧਿਆਨ ਨਹੀਂ ਦਿੱਤਾ ਸੀ। ਦੂਜੀ ਇਹ ਕਿ ਇਨ੍ਹਾਂ ਦੇ ਜਿੰਮੇ ਜਿਨ੍ਹਾਂ ਵੀ ਹਾੜੀ-ਸਾਉਣੀ ਦਾ ਮਾਮਲਾ ਨੀਅਤ ਕੀਤਾ ਹੁੰਦਾ ਸੀ ਇਹ ਉਨ੍ਹਾਂ ਹੀ ਲਗਾਤਾਰ ਭਰਦੇ ਆਉਂਦੇ ਸਨ। ਮਾਲਵਾ ਸਮੁੱਚੇ ਰੂਪ ਵਿੱਚ ਸਰਹਿੰਦ ਦੇ ਫ਼ੌਜਦਾਰ ਦੇ ਅਧੀਨ ਹੁੰਦਾ ਸੀ। ਪਰ ਫਿਰ ਵੀ ਕੁਝ ਨਵਾਬੀਆਂ ਜਾਂ ਕੁਝ ਇਲਾਕੇ ਮਾਲਵਾ ਦੇ ਅਜਿਹੇ ਸਨ ਜਿਹੜੇ ਆਪਣੇ-ਆਪ ਵਿੱਚ ਸੁਤੰਤਰ ਸਨ ਜਿਵੇਂ ਬੋਹਾ-ਬੁਢਲਾਢਾ ਦੇ ਭੱਟੀ ਕਬੀਲੇ, ਜਾਂ ਈਸਾ ਖਾਂ ਮੰਝ ਦਾ ਮਲੋਟ, ਮੁਕਤਸਰ ਅਤੇ ਫ਼ਿਰੋਜ਼ਪੁਰ ਵੱਲ ਦਾ ਪਚਾਧਿਆਂ ਦਾ ਖੇਤਰ ਸੀ। ਇਹ ਅੰਦਰੂਨੀ ਤੌਰ ਤੇ ਸੁਤੰਤਰ ਸਨ। ਮਾਲਵਾ ਦੇ ਬਰਾੜ ਕਬੀਲੇ ਵੀ ਅਰਧ-ਸੁਤੰਤਰ ਚਲੇ ਆ ਰਹੇ ਸਨ। ਹੋਰ ਤਾਂ ਹੋਰ ਦੀਨਾ-ਕਾਂਗੜ ਦੇ ਧਾਲੀਵਾਲ ਜੱਟ ਸੁਤੰਤਰ ਸਨ। ਇਹਨਾਂ ਦਾ ਕਿਸੇ ਨਾ ਕਿਸੇ ਬਾਦਸ਼ਾਹ ਨਾਲ ਕੁੜਮਾਚਾਰੀ ਵਾਲਾ ਰਿਸ਼ਤਾ

ਹੁੰਦਾ ਸੀ। ਜਿਸ ਵੀ ਕਬੀਲੇ ਦੇ ਕਿਸੇ ਨਾ ਕਿਸੇ ਮੁਗ਼ਲ ਬਾਦਸ਼ਾਹ ਨਾਲ ਕੁੜਮਾਚਾਰੀ ਵਾਲੇ ਸਬੰਧ ਬਣ ਜਾਂਦੇ ਸਨ ਉਹ ਤਕਰੀਬਨ ਸੁਤੰਤਰ (ਸਟੇਟਸ) ਹੀ ਅਖ਼ਤਿਆਰ ਕਰ ਲੈਂਦਾ ਸੀ। ਜੱਟ ਕਬੀਲਿਆਂ ਵਿੱਚ ਪੰਚਾਇਤੀ ਪ੍ਰਬੰਧ ਪ੍ਰਚਲਿਤ ਸੀ। ਖੁਸ਼ਵੰਤ ਸਿੰਘ ਲਿਖਦਾ ਹੈ ਕਿ ਜੱਟਾਂ ਦਾ ਹਰ ਇੱਕ ਪਿੰਡ ਹੀ ਇੱਕ ਤਰ੍ਹਾਂ ਦਾ ਛੋਟਾ ਗਣਰਾਜ ਹੀ ਸੀ।[5]

ਚੌਥਾ ਅਧਿਆਇ ਗੁਰੂ ਹਰਿ ਰਾਇ ਦੇ ਮਾਲਵਾ ਵਿਚਲੇ ਪਰਚਾਰ ਦੌਰੇ ਦਾ ਹੈ। ਗੁਰੂ ਹਰਿ ਰਾਇ ਸਾਹਿਬ ਨੇ ਮਾਲਵਾ ਵਿੱਚ ਕਾਫੀ ਸਮਾਂ ਗੁਜ਼ਾਰਿਆ ਸੀ। ਕਿਉਂਕਿ ਉਨਾਂ ਦੇ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਪਹਿਲਾਂ ਮਾਲਵਾ ਵਿੱਚ ਆ ਚੁੱਕੇ ਸਨ ਅਤੇ ਇੱਥੇ ਮੁਗ਼ਲ ਅਧਿਕਾਰੀਆਂ ਵਿਰੁੱਧ ਇੱਕ ਸਫ਼ਲ ਲੜਾਈ ਵੀ ਲੜ ਚੁੱਕੇ ਸਨ। ਇਸ ਲਈ ਉਨ੍ਹਾਂ ਥਾਵਾਂ ਤੇ ਗੁਰੂ ਹਰਿ ਰਾਇ ਸਾਹਿਬ ਦਾ ਜਾਣਾ ਕੁਦਰਤੀ ਗੱਲ ਸੀ। ਅੱਜ ਕਲ ਜਿਹੜੀਆਂ ਥਾਵਾਂ 'ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿੱਚ ਗੁਰਦੁਆਰੇ ਬਣੇ ਹੋਏ ਹਨ ਇਨ੍ਹਾਂ ਵਿੱਚੋਂ, ਸਥਾਨਕ ਪਰੰਪਰਾਵਾਂ ਅਨੁਸਾਰ, ਗੁਰਧਾਮ ਗੁਰੂ ਹਰਿ ਰਾਇ ਸਾਹਿਬ ਦੀ ਪ੍ਰੇਰਨਾ ਨਾਲ ਬਣਾਏ ਗਏ ਸਨ।

ਗੁਰੂ ਹਰਿ ਰਾਇ ਸਾਹਿਬ ਜਦੋ ਮਾਲਵਾ ਵਿੱਚ ਧਰਮ-ਪਰਚਾਰ ਕਰ ਰਹੇ ਸਨ ਤਾਂ ਉਸ ਸਮੇਂ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਭੁੱਲਰ ਅਤੇ ਸਿੱਧੂ-ਬਰਾੜਾਂ ਦੇ ਜੱਟ ਕਬੀਲਿਆਂ ਵਿੱਚ ਏਕਤਾ ਕਰਵਾਉਣ ਦੀ ਸੀ। ਭੁੱਲਰ ਇੱਕ ਸੁਤੰਤਰ ਜੱਟ ਕਬੀਲਾ ਸੀ ਜਿਸ ਦਾ ਵਰਤਮਾਨ ਮਹਿਰਾਜ, ਰਾਮਪੁਰਾ, ਫੂਲ ਅਤੇ ਨਥਾਣਾ ਆਦਿ ਪਿੰਡਾਂ ਵਾਲੀ ਜ਼ਮੀਨ 'ਤੇ ਕਬਜ਼ਾ ਸੀ। ਇਹ ਪਿੰਡ ਉਸ ਸਮੇਂ ਇੱਥੇ ਵਸਾਏ ਨਹੀਂ ਸੀ ਗਏ। ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਦੇ ਸਮੇਂ ਭੁੱਲਰਾਂ ਦਾ ਮੁਖੀ ਜੈਦ ਪੁਰਾਣਾ ਸੀ। ਦੂਜੇ ਪਾਸੇ ਸਿੱਧੂ-ਬਰਾੜਾਂ ਦਾ ਜੱਟ ਕਬੀਲਾ ਸੀ। ਇਸ ਕਬੀਲੇ ਦੀ ਮਾਲਵਾ ਵਿੱਚ ਕਿਤੇ ਵੀ ਮਾਲਕੀਅਤ ਨਹੀਂ ਸੀ। ਇਹ ਕਬੀਲਾ ਗੈਰ-ਮੌਰੂਸੀ ਹੀ ਸੀ। ਗੈਰ-ਮੌਰੂਸੀ ਦਾ ਮਤਲਬ ਹੈ ਕਿ ਜ਼ਮੀਨ ਰਹਿਤ ਅਤੇ ਟੱਪਰੀਵਾਸ ਕਬੀਲਾ ਹੋਣਾ। ਭਾਵੇ ਸਿੱਧੂ-ਬਰਾੜਾਂ ਦੀ ਗਿਣਤੀ ਬਹੁਤ ਸੀ ਪਰ ਗੈਰ-ਮੌਰੂਸੀ ਹੋਣ ਕਰਕੇ ਕਿਸੇ ਇੱਕ ਵੀ ਥਾਂ 'ਤੇ ਕੋਈ ਪੱਕਾ ਵਸੇਬਾ ਨਹੀਂ ਸੀ। ਸਿੱਧੂ ਵਿਅਕਤੀ ਤੋਂ ਹੀ ਇਸ ਦੀ ਸੰਤਾਨ ਦਾ ਗੋਤ ਸਿੱਧੂ ਪਰਚੱਲਤ ਹੋ ਗਿਆ ਸੀ। ਫਿਰ ਸਿੱਧੂ ਦੀ ਨੌਵੀਂ ਪੀੜ੍ਹੀ ਵਿੱਚ ਬਰਾੜ ਨਾਂ ਦਾ ਵਿਅਕਤੀ ਹੋਇਆ ਸੀ। ਇਹ ਬਰਾੜ ਆਪਣੇ ਸਮੇਂ ਦਾ ਬਹੁਤ ਦਲੇਰ ਅਤੇ ਨਿਡਰ ਯੋਧਾ ਸੀ। ਬਰਾੜ ਨੇ ਬਹੁਤ ਵਿਅਕਤੀ ਇਕੱਠੇ ਕਰ ਲਏ ਸਨ ਅਤੇ ਬਹੁਤ

5 Khushwant Singh, *A History of the Sikhs*, Vol.I, Oxford, 2011, p. 15.

ਦੂਰ-ਦੂਰ ਤਕ ਧਾੜਾਂ ਮਾਰਦਾ ਚਲਾ ਜਾਂਦਾ ਸੀ। ਇਸ ਕਰਕੇ ਹੀ ਬਰਾੜ ਤੋਂ ਉਸ ਦੀ ਸੰਤਾਨ ਨੇ ਆਪਣੇ-ਆਪ ਨੂੰ ਬਰਾੜ ਗੋਤ ਵਾਲੇ ਜੱਟ ਹੀ ਅਖਵਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਸਿੱਧੂ ਦੀ ਸੰਤਾਨ ਦੋ ਗੋਤਾਂ ਵਿੱਚ ਵੰਡੀ ਗਈ ਸੀ। ਇੱਕ ਸਿੱਧੂ ਗੋਤ ਦੇ ਜੱਟ ਸਨ ਅਤੇ ਦੂਜੇ ਬਰਾੜ ਗੋਤ ਦੇ ਜੱਟ ਸਨ। ਬਰਾੜ ਦੀ ਬਾਰਵੀਂ ਪੀੜ੍ਹੀ ਤੋਂ ਇੱਕ ਫੂਲ ਨਾਂ ਦਾ ਵਿਅਕਤੀ ਪੈਦਾ ਹੋਇਆ। ਇਸ ਫੂਲ ਤੋਂ ਉਸਦੀ ਸੰਤਾਨ ਆਪਣੇ-ਆਪ ਨੂੰ ਫੂਲ ਕੇ ਅਖਵਾਉਣ ਲਗ ਪਈ ਸੀ। ਇਸ ਤਰ੍ਹਾਂ ਸਿੱਧੂ, ਬਰਾੜ ਅਤੇ ਫੂਲ ਕੇ ਭਾਵੇਂ ਇੱਕੋ ਬਜ਼ੁਰਗ ਦੀ ਸੰਤਾਨ ਸਨ ਪਰ ਇਹ ਸਮੇਂ ਦੇ ਬੀਤਣ ਨਾਲ ਉਕਤ ਤਿੰਨ ਨਾਵਾਂ ਵਾਲੇ ਜੱਟ-ਗੋਤ ਜਾਂ ਪਛਾਣ ਵਾਲੇ ਧੜੇ (ਉਪ-ਗੋਤ) ਬਣ ਗਏ ਸਨ। ਇਨ੍ਹਾਂ ਤਿੰਨਾਂ ਵਿੱਚੋਂ ਜਿਹੜੇ ਵਿਅਕਤੀ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਦੇ ਸੰਪਰਕ ਵਿੱਚ ਆਏ ਸਨ ਉਹ ਬਰਾੜ ਸਨ ਅਤੇ ਇਨ੍ਹਾਂ ਦੇ ਮੁਖੀ ਪੱਖੋ, ਪੱਖੋ ਦਾ ਪੁੱਤਰ ਮੋਹਨ ਫਿਰ ਮੋਹਨ ਦੇ ਪੁੱਤਰ ਰੂਪ ਚੰਦ ਅਤੇ ਕਾਲਾ, ਰੂਪ ਚੰਦ ਦੇ ਪੁੱਤਰ ਸੰਦਲੀ ਅਤੇ ਫੂਲ ਸਨ।

ਜਿਸ ਸਮੇਂ ਗੁਰੂ ਹਰਿ ਰਾਇ ਸਾਹਿਬ ਭੁੱਲਰ ਜੱਟਾਂ ਦੇ ਇਲਾਕੇ ਵਿੱਚ ਆਏ ਸਨ ਤਾਂ ਸਿੱਧੂ ਕਬੀਲੇ ਦੇ ਮੁਖੀਆਂ ਨੇ ਆਪਣੀ ਸਮੱਸਿਆ ਨੂੰ ਗੁਰੂ ਹਰਿ ਰਾਇ ਸਾਹਿਬ ਕੋਲ ਰੱਖਣ ਦਾ ਵਿਚਾਰ ਕੀਤਾ। ਸਮੱਸਿਆ ਰੱਖਦਿਆਂ ਸਿੱਧੂ ਕਬੀਲੇ ਦੇ ਮੁਖੀਆਂ ਨੇ ਗੁਰੂ ਕੋਲ ਇਹ ਬੇਨਤੀ ਕੀਤੀ ਕਿ ਜੇਕਰ ਗੁਰੂ ਸਾਹਿਬ ਆਪਣਾ ਅਸਰ-ਰਸੂਖ ਵਰਤ ਕੇ ਭੁੱਲਰਾਂ ਕੋਲੋਂ ਪੰਜ ਹਲਾਂ ਦੀ ਜ਼ਮੀਨ ਸਿੱਧੂਆਂ ਨੂੰ ਦਿਵਾ ਦੇਣ ਤਾਂ ਉਹ ਉੱਥੇ ਆਪਣਾ ਪਿੰਡ ਪੱਕੇ ਤੌਰ ਤੇ ਵਸਾ ਸਕਦੇ ਹਨ ਅਤੇ ਆਪਣੀ ਲੋੜ ਅਨੁਸਾਰ ਖੂਹ ਵੀ ਲਗਵਾ ਸਕਦੇ ਹਨ।

ਗੁਰੂ ਸਾਹਿਬ ਨੇ ਭੁੱਲਰਾਂ ਦੇ ਮੁਖੀ ਲੋਕਾਂ ਨੂੰ ਆਪਣੇ ਕੋਲ ਬੁਲਾਇਆ ਤੇ ਉਨ੍ਹਾਂ ਨਾਲ ਸਿੱਧੂ ਕਬੀਲੇ ਦੇ ਲੋਕਾਂ ਦੀ ਮੰਗ ਬਾਰੇ ਵਿਚਾਰ ਕੀਤਾ। ਭੁੱਲਰਾਂ ਦਾ ਸਭ ਤੋਂ ਵੱਡਾ ਮੁਖੀ ਨੇਤਾ, ਜੈਦ ਪੁਰਾਣਾ ਸੀ। ਇਸ ਦਾ ਪਿੰਡ ਭੈਂਖੜੀ ਸੀ। ਭੈਂਖੜੀ ਇਸ ਪਿੰਡ ਦਾ ਪੁਰਾਣਾ ਨਾਂ ਹੈ ਅਤੇ ਅੱਜ ਪਿੰਡ ਦਾ ਨਾਂ ਗੁਰੂ ਹਰਿ ਰਾਇਪੁਰ ਹੈ। ਭੈਂਖੜੀ ਦਾ ਅਰਥ ਹੈ ਕਿ ਇਸ ਪਿੰਡ ਨੂੰ ਜਿਸ ਮਾਤਾ ਦੀ ਔਲਾਦ ਨੇ ਵਸਾਇਆ ਸੀ ਉਹ ਬਹੁਤ ਦਲੇਰ ਅਤੇ ਨਿਡਰ ਔਰਤ ਸੀ। ਉਹ ਆਪਣੇ ਵਿਰੋਧੀ ਕਬੀਲੇ ਦੇ ਲੋਕਾਂ ਦਾ ਮੁਕਾਬਲਾ ਕਰਦੀ ਹੋਈ, ਪਿੱਛੇ ਹਟਦੀ ਹੋਈ ਜਦ ਇਸ ਥਾਂ ਤੇ ਪਹੁੰਚੀ ਸੀ ਜਾਂ ਉਸ ਨੇ ਹੌਂਸਲਾ ਕਰਦੇ ਹੋਏ ਪਿੱਛੇ ਹਟਦੀ ਹੋਈ ਨੇ ਇੱਕ ਦਮ ਖੜ੍ਹੋ ਕੇ ਅਤੇ ਪਿੱਛੇ ਮੂੰਹ ਫੇਰ ਕੇ ਅਜਿਹੀ ਬਹਾਦਰੀ ਨਾਲ, ਪਿੱਛੇ ਆ ਰਹੇ ਆਪਣੇ ਵਿਰੋਧੀਆਂ ਦਾ ਮੁਕਾਬਲਾ ਕੀਤਾ ਕੇ ਉਨ੍ਹਾਂ ਨੂੰ ਕੁੱਟ ਕੇ ਭਜਾ ਦਿੱਤਾ। ਉਸ ਮਾਤਾ ਵੱਲੋਂ ਇਸ ਤਰ੍ਹਾਂ ਪਿੱਛੇ ਮੂੰਹ ਫੇਰ ਕੇ ਮੁਕਾਬਲਾ ਕਰਨ ਦੀ ਗੱਲ ਨੂੰ

ਇੱਥੋਂ ਦੀ ਮਲਵਈ ਬੋਲੀ ਅਨੁਸਾਰ ਭੌਂ ਖੜੀ ਕਿਹਾ ਜਾਂਦਾ ਸੀ। ਭਾਵ ਕਿ ਭੌਂ ਕੇ ਖੜੋ ਗਈ ਸੀ। ਇਸ ਮਾਤਾ ਦੀ ਔਲਾਦ ਨੇ ਇਸ ਥਾਂ ਨੂੰ ਭਾਗਾਂ ਵਾਲੀ ਥਾਂ ਸਮਝ ਕੇ ਇੱਥੇ ਹੀ ਆਪਣਾ ਪਿੰਡ ਵਸਾ ਲਿਆ ਸੀ ਅਤੇ ਇਸ ਪਿੰਡ ਦਾ ਨਾਂ ਭੌਂਖੜੀ ਪ੍ਰਚਲਿਤ ਹੋ ਗਿਆ ਸੀ।

ਗੁਰੂ ਹਰਿ ਰਾਇ ਸਾਹਿਬ ਨੇ ਦੋਹਾਂ ਧਿਰਾਂ ਨੂੰ ਆਪਣੀ ਹਜ਼ੂਰੀ ਵਿੱਚ ਬਿਠਾ ਕੇ ਸਮਝੌਤਾ ਕਰਵਾ ਦਿੱਤਾ ਸੀ। ਇਸ ਤਰ੍ਹਾਂ ਸਿੱਧੂਆਂ ਨੇ ਆਪਣੇ ਆਰਜੀ ਪਿੰਡ ਨੂੰ ਪੱਕੇ ਤੌਰ ਤੇ ਵਸਾ ਲਿਆ ਸੀ ਅਤੇ ਇਸ ਪਿੰਡ ਦਾ ਨਾਂ ਮਹਿਰਾਜ (ਗੁਰੂਸਰ ਮਹਿਰਾਜ) ਰੱਖ ਲਿਆ ਸੀ। ਇਸ ਪਿੰਡ ਵਿੱਚ ਹੀ ਉਨ੍ਹਾਂ ਨੇ ਆਪਣਾ ਖੂਹ ਲਗਵਾ ਲਿਆ ਸੀ। ਪਿੱਛੋਂ ਇੱਥੋਂ ਦੇ ਸਾਰੇ ਜੱਟ ਕਬੀਲਿਆਂ ਵਿੱਚ ਆਪਸੀ ਰਿਸ਼ਤੇ-ਨਾਤੇ ਕਰਨ ਦੇ ਹੁਕਮ ਵੀ ਦਿੱਤੇ ਸਨ। ਫਲਸਰੂਪ ਮਾਲਵਾ ਦੇ ਲੱਗਭੱਗ ਸਾਰੇ ਜੱਟ ਕਬੀਲੇ ਇਕੱਠੇ ਹੋ ਗਏ ਸਨ ਅਤੇ ਉਨ੍ਹਾਂ ਸਭ ਵਿੱਚ ਗੁਰੂ ਇੱਕ ਸਾਂਝੀ ਕੜੀ ਸਨ।

ਮਾਲਵਾ ਵਿੱਚ ਜ਼ਿਆਦਾਤਰ ਜੱਟ ਕਬੀਲਾਦਾਰੀ ਸੱਭਿਆਚਾਰ ਸੀ। ਕਬੀਲਾਦਾਰੀ ਸੱਭਿਆਚਾਰ ਦਾ ਮਤਲਬ ਹੈ ਕਿ ਹਰ ਜੱਟ ਕਬੀਲੇ ਦੀਆਂ ਆਪਣੀਆਂ ਹੀ ਪਰੰਪਰਾਵਾਂ ਹੁੰਦੀਆਂ ਸਨ ਅਤੇ ਆਪਣੇ ਹੀ ਵਿਸ਼ਵਾਸ਼ ਹੁੰਦੇ ਸਨ। ਉਨਾਂ ਦੇ ਵੱਡੇ-ਵਡੇਰੇ, ਜਿੰਨਾਂ ਨੂੰ ਜਠੇਰੇ ਵੀ ਕਿਹਾ ਜਾਂਦਾ ਹੈ, ਵੀ ਆਪਣੇ-ਆਪਣੇ ਸਨ। ਇਸ ਵੱਖਰੇ-ਵੱਖਰੇ ਸੱਭਿਆਚਾਰ ਅਤੇ ਵਿਸ਼ਵਾਸ਼ ਨੇ ਜੱਟ ਕਬੀਲਿਆਂ ਨੂੰ ਇਕੱਠਾ ਨਹੀਂ ਹੋਣ ਦਿੱਤਾ ਸੀ। ਇਹ ਕੰਮ ਸਿੱਖ ਗੁਰੂ ਸਾਹਿਬਾਨ ਨੇ ਕਰਨਾ ਅਰੰਭਿਆ ਸੀ।

ਪੰਜਵਾਂ ਅਧਿਆਇ ਤੇਗ਼ ਬਹਾਦਰ ਦੇ ਮਾਲਵਾ ਅਤੇ ਬਾਂਗਰ ਇਲਾਕਿਆਂ ਦੇ ਦੌਰਿਆਂ ਨਾਲ ਸਬੰਧਿਤ ਹੈ। ਗੁਰੂ ਤੇਗ਼ ਬਹਾਦਰ ਤੋਂ ਪਹਿਲਾਂ ਉਨਾਂ ਦੇ ਪਿਤਾ, ਗੁਰੂ ਹਰਿਗੋਬਿੰਦ ਸਾਹਿਬ ਜੋ ਛੇਵੇਂ ਗੁਰੂ ਸਨ, ਮਾਲਵਾ ਦੇ ਕੁਝ ਕਬੀਲਿਆਂ ਨੂੰ ਇਕੱਠਾ ਕਰ ਚੁੱਕੇ ਸਨ ਅਤੇ ਇਨਾਂ ਦੀ ਬਹੁਤ ਮਦਦ ਗੁਰੂ ਸਾਹਿਬ ਨੂੰ ਮਿਲ ਗਈ ਸੀ। ਗੁਰੂ ਹਰਿ ਰਾਇ ਸਾਹਿਬ ਮਾਲਵਾ ਵਿੱਚ ਆ ਕੇ ਇਨ੍ਹਾਂ ਜੱਟ-ਕਬੀਲਿਆਂ ਨੂੰ, ਖਾਸ ਕਰਕੇ ਸਿੱਧੂ ਅਤੇ ਭੁੱਲਰ ਕਬੀਲਿਆਂ ਨੂੰ ਇਕੱਠਾ ਕਰ ਗਏ ਸਨ। ਇਹ ਦੋ ਗੁਰੂ ਸਾਹਿਬਾਨ, ਗੁਰੂ ਤੇਗ਼ ਬਹਾਦਰ ਤੋਂ ਪਹਿਲਾਂ ਮਾਲਵਾ ਵਿੱਚ ਮੁੱਢਲਾ ਕੰਮ ਕਰ ਚੁੱਕੇ ਸਨ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਨਾਂ ਦੋਵਾਂ ਦੇ ਮੁਕਾਬਲੇ 'ਤੇ ਜ਼ਿਆਦਾ ਦੌਰੇ ਕੀਤੇ ਸਨ। ਅੱਜ ਮਾਲਵਾ ਵਿੱਚ ਜਿਨ੍ਹੇ ਗੁਰਦੁਆਰੇ ਗੁਰੂ ਤੇਗ਼ ਬਹਾਦਰ ਜੀ ਦੀ ਯਾਦ ਵਿੱਚ ਬਣੇ ਹੋਏ ਹਨ ਉਹ ਸਾਰੇ ਹੀ ਗੁਰੂ ਸਾਹਿਬਾਨਾਂ ਦੀ ਯਾਦ ਵਿੱਚ ਬਣੇ ਗੁਰਦੁਆਰਿਆਂ ਤੋਂ ਕਿਤੇ

ਜ਼ਿਆਦਾ ਹਨ। ਗੁਰਦੁਆਰਿਆਂ ਦੀ ਇਹ ਗਿਣਤੀ ਇਸ ਗੱਲ ਦਾ ਸਬੂਤ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਨੇ ਮਾਲਵਾ ਵਿੱਚ ਬਾਕੀ ਸਭ ਗੁਰੂ ਸਾਹਿਬਾਨਾਂ ਨਾਲੋਂ ਜ਼ਿਆਦਾ ਧਰਮ-ਪਰਚਾਰ ਕੀਤਾ ਸੀ।

ਗੁਰੂ ਤੇਗ਼ ਬਹਾਦਰ ਸਾਹਿਬ ਨੇ ਮਾਲਵਾ ਅਤੇ ਬਾਂਗਰ ਖੇਤਰਾਂ ਦੇ ਜਿਹੜੇ ਦੌਰੇ ਕੀਤੇ ਸਨ ਉਨਾਂ ਨਾਲ ਇਹ ਦੋਵੇਂ ਖੇਤਰ ਸਿੱਖ ਧਰਮ ਵਿੱਚ ਆ ਚੁੱਕੇ ਸਨ। ਸ਼ਾਇਦ ਇਸ ਗੱਲ ਦਾ ਹੀ ਪ੍ਰਤੀਕਰਮ ਸੀ ਕਿ ਜੋ ਰਿਪੋਰਟਾਂ ਸੂਹੀਆਂ ਨੇ ਔਰੰਗਜ਼ੇਬ ਨੂੰ ਭੇਜੀਆਂ ਸਨ ਉਹ ਬਹੁਤ ਚੇਤਾਵਨੀ ਭਰੀਆਂ ਸਨ। ਇਨ੍ਹਾਂ ਚਿਤਾਵਨੀ ਭਰੀਆਂ ਰਿਪੋਰਟਾਂ ਤੋਂ ਪਤਾ ਲੱਗ ਜਾਂਦਾ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦੇ ਦੌਰੇ ਕਿੰਨੇ ਪ੍ਰਭਾਵਸ਼ਾਲੀ ਅਤੇ ਵਿਆਪਕ ਸਨ।

ਗੁਰੂ ਤੇਗ਼ ਬਹਾਦਰ ਦੇ ਮਾਲਵਾ ਦੌਰਿਆਂ ਬਾਰੇ ਸਿੱਟੇ ਦੇ ਰੂਪ ਵਿਚ ਕਿਹਾ ਜਾ ਸਕਦਾ ਹੈ, ਕਿ ਗੁਰੂ ਤੇਗ਼ ਬਹਾਦਰ ਦਾ ਮਾਲਵਾ ਤੇ ਬਾਂਗਰ ਦੇਸ਼ ਉੱਤੇ ਜੋ ਗਹਿਰਾ ਪ੍ਰਭਾਵ ਪਿਆ ਹੈ ਉਹ ਕੇਵਲ ਰਾਜਸੀ ਖੇਤਰ ਤੱਕ ਸੀਮਤ ਨਹੀਂ। ਉਹ ਲੋਕਾਂ ਦੇ ਸਮਾਜਿਕ ਤੇ ਸਭਿਆਚਾਰਕ ਜੀਵਨ ਵਿੱਚ ਉਸ ਤਰ੍ਹਾਂ ਪਰਗਟ ਹੋਇਆ ਹੈ। ਲੋਕਾਂ ਦੇ ਮਨਾਂ ਵਿੱਚ ਨੌਵੇਂ ਗੁਰੂ ਪ੍ਰਤੀ ਸ਼ਰਧਾ ਹੈ ਕਿ ਉਹਨਾਂ ਦੀ ਪਾਵਨ ਯਾਦ ਨਾਲ ਸਬੰਧਿਤ ਜਿੰਨੇ ਪਵਿੱਤਰ ਅਸਥਾਨ ਇਸ ਇਲਾਕੇ ਵਿੱਚ ਹਨ ਹੋਰ ਕਿਤੇ ਨਹੀਂ ਮਿਲਦੇ। ਇਨਾਂ ਗੁਰ ਅਸਥਾਨਾਂ ਦੀਆਂ ਪਰੰਪਰਾਵਾਂ ਲੋਕਾਂ ਦੇ ਜੀਵਨ ਦਾ ਇੱਕ ਅਨਿੱਖੜਵਾਂ ਅੰਗ ਬਣ ਗਈਆਂ ਹਨ। ਅਜਿਹਾ ਧੁਰਾ ਬਣ ਗਈਆਂ ਹਨ ਜਿਸ ਦੇ ਦੁਆਲੇ ਉਨਾਂ ਦਾ ਸਭਿਆਚਾਰਕ ਜੀਵਨ ਘੁੰਮਦਾ ਹੈ।[6] ਇਹ ਵੀ ਕਿ ਕੰਮ ਭਾਵੇਂ ਸਮਾਜਿਕ ਹੋਵੇ ਤੇ ਭਾਵੇਂ ਧਾਰਮਿਕ ਗੁਰੂ ਦੀ ਓਟ ਲੈਣਾ ਜ਼ਰੂਰੀ ਹੈ। ਮੁੰਡੇ ਦਾ ਵਿਆਹ ਹੋਵੇ ਭਾਵੇਂ ਕੁੜੀ ਦਾ, ਹਰ ਰਸਮ ਤੋਂ ਪਹਿਲਾਂ ਗੁਰੂ ਨੂੰ ਯਾਦ ਕੀਤਾ ਜਾਂਦਾ ਹੈ। ਉਲਾਦ ਲਈ ਸੁੱਖਣਾ ਸੁੱਖੀਆਂ ਜਾਂਦੀਆਂ ਹਨ। ਰੋਗੀ ਭਾਵੇਂ ਬੱਚਾ ਹੋਵੇ ਭਾਵੇਂ ਬੁੱਢਾ, ਭਾਵੇਂ ਆਦਮੀ ਹੋਵੇ ਭਾਵੇਂ ਔਰਤ, ਉਸ ਦੇ ਦੁੱਖ ਨਿਵਾਰਣ ਲਈ, ਗੁਰੂ ਦੇ ਪਵਿੱਤਰ ਤਲਾਵਾਂ ਵਿੱਚ ਇਸ਼ਨਾਨ ਕੀਤਾ ਜਾਂ ਕਰਵਾਇਆ ਜਾਂਦਾ ਹੈ, ਅਰਦਾਸਾਂ ਕੀਤੀਆਂ ਜਾਂਦੀਆਂ ਹਨ।"[7] ਅੱਜ ਮਾਲਵਾ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿੱਚ ਬਣੇ ਕਈ ਗੁਰਦੁਆਰਿਆਂ ਦਾ ਨਾਂ ਹੀ 'ਦੂਖ ਨਿਵਾਰਣ'

---

6 ਫ਼ੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ-ਚਿੰਨ੍ਹ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨਾ-XI (ਭੂਮਿਕਾ)।

7 *ਉਹੀ,* ਪੰਨਾ ਓਹੀ।

ਰੱਖਿਆ ਹੋਇਆ ਹੈ। ਮਲਵਈਆਂ ਦਾ ਵਿਸ਼ਵਾਸ਼ ਇਸ ਹੱਦ ਤੱਕ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਜੁੜ ਚੁੱਕਿਆ ਹੈ ਕਿ ਉਹ ਸਮਝਦੇ ਹਨ ਕਿ ਗੁਰੂ ਸਾਹਿਬ ਦੇ ਕੀਤੇ ਹੋਏ ਬਚਨ ਉਨਾਂ ਦੇ ਹਰ ਦੁੱਖ ਨੂੰ ਦੂਰ ਕਰਨ ਵਿੱਚ ਸੱਚੇ ਸਾਬਤ ਹੋਣਗੇ। ਲੋਕਾਂ ਦਾ ਅਜਿਹਾ ਵਿਸ਼ਵਾਸ਼ ਬੇਸ਼ੱਕ ਵਿਗਿਆਨਕ ਨਜ਼ੱਰੀਏ ਤੋਂ ਘੱਟ-ਵੱਧ ਹੀ ਠੀਕ ਹੋਵੇ ਪਰ ਲੋਕਾਂ ਦਾ ਇਹ ਵਿਸ਼ਵਾਸ਼ ਗੁਰੂ ਸਾਹਿਬ ਪ੍ਰਤੀ ਉਨਾਂ ਦੀ ਸ਼ਰਧਾ ਨੂੰ ਜ਼ਰੂਰ ਦਰਸਾਉਂਦਾ ਹੈ। ਸ਼ਰਧਾ ਅਤੇ ਵਿਸ਼ਵਾਸ਼ ਹੀ ਕਿਸੇ ਧਰਮ ਦਾ ਬੁਨਿਆਦੀ ਤੱਤ ਹੁੰਦਾ ਹੈ ਅਤੇ ਗੁਰੂ ਸਾਹਿਬ ਨੇ ਮਾਲਵਾ ਦੇ ਲੋਕਾਂ ਵਿੱਚ ਇਹ ਸ਼ਰਧਾ ਤੇ ਵਿਸ਼ਵਾਸ ਪੂਰੀ ਤਰ੍ਹਾਂ ਭਰ ਦਿੱਤਾ ਸੀ। ਇਨਾਂ ਗੱਲਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸੱਭਿਆਚਾਰਕ ਤੇ ਸਮਾਜਿਕ ਪੱਖ ਤੋਂ ਗੁਰੂ ਦੀ ਪਵਿੱਤਰ ਯਾਦ ਨਾਲ ਸਬੰਧਿਤ ਸਥਾਨਕ ਪਰੰਪਰਾਵਾਂ ਇੱਕ ਠੋਸ ਸਮਾਜੀ ਹਕੀਕਤ ਹਨ। ਜਿਸ ਨੂੰ ਧਿਆਨ ਗੋਚਰੇ ਕੀਤੇ ਬਿਨਾਂ ਲੋਕਾਂ ਦੇ ਸਾਧਾਰਨ ਤੇ ਵਾਸਤਵਿਕ ਜੀਵਨ ਨੂੰ ਸਮਝਣਾ ਅਸੰਭਵ ਹੈ।

ਛੇਵਾਂ ਅਧਿਆਇ ਗੁਰੂ ਗੋਬਿੰਦ ਸਿੰਘ ਦਾ ਮਾਲਵਾ ਵਿੱਚ ਠਹਿਰਾਅ ਅਤੇ ਜ਼ਫ਼ਰਨਾਮਾ ਲਿਖਣ ਨਾਲ ਸਬੰਧਿਤ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਤੱਕ ਦੇ ਸਮੁੱਚੇ ਸਿੱਖ ਪਰਚਾਰ ਦਾ ਸਿੱਟਾ ਦਸਵੇਂ ਪਾਤਿਸ਼ਾਹ, ਗੁਰੂ ਗੋਬਿੰਦ ਸਿੰਘ ਦੇ ਉਸ ਸਮੇਂ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਜਾਂਦਾ ਹੈ ਜਦੋਂ ਉਨ੍ਹਾਂ ਨੇ ਆਨੰਦਪੁਰ ਸਾਹਿਬ ਨੂੰ ਛੱਡ ਕੇ, ਚਮਕੌਰ ਸਾਹਿਬ ਰਾਹੀਂ ਲੜਾਈ ਕਰਦਿਆਂ ਮਾਲਵਾ ਵਿੱਚ ਪਰਵੇਸ਼ ਕੀਤਾ ਸੀ। ਇਹ ਸਮਾਂ ਗੁਰੂ ਗੋਬਿੰਦ ਸਿੰਘ ਲਈ ਬਹੁਤ ਸੰਕਟਮਈ ਸੀ। ਪਰ ਜਿਉਂ ਹੀ ਉਹ ਮਾਲਵਾ ਵਿੱਚ ਆਏ ਅਤੇ ਮਾਲਵਾ ਦੇ ਪਿੰਡਾਂ ਵਿੱਚੋਂ ਨਵਾਂ ਖ਼ਾਲਸਾ ਭਰਤੀ ਕਰਕੇ ਖਿਦਰਾਣੇ ਦੀ ਢਾਬ ’ਤੇ ਜੋ ਲੜਾਈ ਲੜੀ ਸੀ ਉਹ ਉਨ੍ਹਾਂ ਦੇ ਜੀਵਨ ਦੀ ਫ਼ੈਸਲਾਕੁਨ ਲੜਾਈ ਸੀ।

ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਦੀ ਲੰਮੀ ਰਿਹਾਇਸ਼ ਨੇ ਦਰਸਾ ਦਿੱਤਾ ਸੀ ਕਿ ਮਾਲਵਾ ਉਨ੍ਹਾਂ ਦੀ ਸ਼ਕਤੀ ਦਾ ਇੱਕ ਬਹੁਤ ਮਜ਼ਬੂਤ ਕੇਂਦਰ ਸੀ। ਇੱਥੋਂ ਹੀ ਉਨ੍ਹਾਂ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ ਸੀ। ਜ਼ਫ਼ਰਨਾਮਾ ਇੱਕ ਅਜਿਹਾ ਤੱਥ ਅਤੇ ਦਸਤਾਵੇਜ਼ ਹੈ ਜਿਹੜਾ ਮਾਲਵਾ ਨੂੰ ਸਿੱਖ ਧਰਮ ਦਾ ਕੇਂਦਰ ਦਰਸਾਉਣ ਵਿੱਚ ਸਹਾਈ ਹੁੰਦਾ ਹੈ। ਤਲਵੰਡੀ ਸਾਬੋ ਨੂੰ ਉਸ ਸਮੇਂ ਦੇ ਮਾਲਵਾ ਦਾ ਸਿੱਖ ਕੇਂਦਰ ਕਿਹਾ ਜਾ ਸਕਦਾ ਹੈ ਕਿਉਂਕਿ ਇੱਥੇ ਰਹਿ ਕੇ ਗੁਰੂ ਗੋਬਿੰਦ ਸਿੰਘ ਵੱਲੋਂ ਅਜਿਹੇ ਕੰਮ ਕੀਤੇ ਗਏ ਸਨ ਜਿੰਨ੍ਹਾਂ ਨੇ ਮਾਲਵਾ ਨੂੰ ਸਿੱਖ ਇਤਿਹਾਸ ਵਿੱਚ ਸਦਾ ਲਈ ਅਮਰ ਕਰ ਦਿੱਤਾ ਹੈ। ਸਭ ਤੋਂ ਵੱਡਾ ਕੰਮ ਸੀ ਗੁਰੂ

ਗ੍ਰੰਥ ਸਾਹਿਬ ਦੀ 1604 ਈਸਵੀ ਵਾਲੀ ਬੀੜ ਨੂੰ ਫਿਰ ਤੋਂ ਦੁਬਾਰਾ ਸੰਪਾਦਿਤ ਕਰ ਕੇ ਗੁਰੂ ਤੇਗ਼ ਬਹਾਦਰ ਦੀ ਬਾਣੀ ਨੂੰ ਦਰਜ ਕਰਨ ਦਾ। ਇਹ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਸੀ। ਇਸ ਦਮਦਮੀ ਬੀੜ ਨੂੰ ਦਸਮ ਗੁਰੂ ਨੇ ਨਾਂਦੇੜ ਸਾਹਿਬ ਵਿਖੇ ਆਪਣੇ ਅੰਤਿਮ ਸਮੇਂ ਗੁਰਿਆਈ ਸੌਂਪ ਦਿੱਤੀ ਸੀ।

ਇਸ ਤਰ੍ਹਾਂ ਮਾਲਵਾ, ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ ਸਿੱਖ ਧਰਮ ਦਾ ਬਹੁਤ ਸ਼ਕਤੀਸ਼ਾਲੀ ਆਧਾਰ ਬਣ ਚੁੱਕਿਆ ਸੀ। ਸਿੱਖ ਧਰਮ ਦੇ ਇਸ ਆਧਾਰ ਨੇ ਆਉਣ ਵਾਲੇ ਸਮੇਂ ਵਿੱਚ ਬਹੁਤ ਯੋਗਦਾਨ ਪਾਇਆ ਸੀ। ਇੱਥੇ ਅਥਾਹ ਲੋਕ-ਸ਼ਕਤੀ ਸੀ। ਗੁਰੂ ਸਾਹਿਬਾਨ ਨੇ ਇਸ ਲੋਕ-ਸ਼ਕਤੀ ਨੂੰ ਇਕ ਜੱਥੇਬੰਦੀ ਵਿੱਚ ਪਰੋ ਦਿੱਤਾ ਸੀ। ਜੱਥੇਬੰਦੀ ਵਿੱਚ ਪਰੋਈ ਇਸ ਲੋਕ-ਸ਼ਕਤੀ ਨੇ ਆਉਣ ਵਾਲੇ ਸਮੇਂ ਵਿੱਚ ਅਜਿਹੀਆਂ ਪ੍ਰਾਪਤੀਆਂ ਕਰਕੇ ਦਿਖਾ ਦਿੱਤੀਆਂ ਸਨ ਜਿਹੜੀਆਂ ਏਸ਼ੀਆ ਅਤੇ ਵਿਸ਼ਵ ਦੇ ਇਤਿਹਾਸ ਵਿੱਚ ਵੀ ਮਿਸਾਲੀ ਬਣ ਗਈਆਂ ਹਨ।

ਸੱਤਵਾਂ ਅਧਿਆਇ ਸਿੱਟਾ ਹੈ ਗੁਰੂ ਗੋਬਿੰਦ ਸਿੰਘ ਨੇ ਆਪਣੇ ਅੰਤਿਮ ਸਮੇਂ ਆਪਣੇ ਸ਼ੁਰੂ ਕੀਤੇ ਕੰਮਾਂ ਨੂੰ ਧੁਰ-ਅੰਜ਼ਾਮ ਤੱਕ ਪਹੁੰਚਾਉਣ ਲਈ ਬੰਦਾ ਸਿੰਘ ਬਹਾਦਰ ਨੂੰ ਖ਼ਾਲਸਾ ਪੰਥ ਦਾ ਨੇਤਾ ਥਾਪ ਕੇ ਤੋਰਿਆ ਸੀ। ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਧਰਤੀ 'ਤੇ ਇੱਕ ਨਵਾਂ ਰਾਜਨੀਤਿਕ ਇੰਨਕਲਾਬ ਲਿਆਂਦਾ ਸੀ। ਇਸ ਇੰਨਕਲਾਬ ਦੀ ਮੁੱਖ ਸ਼ਕਤੀ ਮਾਲਵਾ ਦੇ ਲੋਕ ਸਨ ਜਿਹੜੇ ਭਾਈ ਫਤਿਹ ਸਿੰਘ, ਭਾਈ ਆਲੀ ਸਿੰਘ ਅਤੇ ਭਾਈ ਮਾਲੀ ਸਿੰਘ ਦੀ ਅਗਵਾਈ ਵਿੱਚ ਇਕੱਠੇ ਹੋ ਕੇ ਬੰਦਾ ਸਿੰਘ ਬਹਾਦਰ ਨਾਲ ਜਾ ਮਿਲੇ ਸਨ। ਭਾਈ ਫਤਿਹ ਸਿੰਘ ਮਾਲਵਾ ਦਾ ਸਿਰਕੱਢ ਸਰਦਾਰ ਸੀ। ਇਸ ਨੂੰ ਬੰਦਾ ਸਿੰਘ ਬਹਾਦਰ ਨੇ ਸਮਾਣਾ ਨੂੰ ਜਿੱਤ ਕੇ ਸਮਾਣਾ ਦਾ ਗਵਰਨਰ ਬਣਾਇਆ ਸੀ। ਆਲੀ ਸਿੰਘ ਅਤੇ ਮਾਲੀ ਸਿੰਘ ਮਾਲਵਾ ਦੇ ਸਿਰਕੱਢ ਸਰਦਾਰ ਸਨ। ਇਹ ਖੰਨਾ ਨੇੜੇ ਵਸੇ ਪਿੰਡ ਸਲੌਦੀ ਦੇ ਵਸਨੀਕ ਸਨ। ਇਹ ਸਰਹਿੰਦ ਵਿਖੇ ਵਜ਼ੀਰ ਖ਼ਾਨ ਦੇ ਅਧਿਕਾਰੀ ਸਨ। ਇਕ ਫ਼ੌਜਦਾਰ ਸੀ ਤੇ ਦੂਜਾ ਦੀਵਾਨ ਸੀ। ਜਦੋਂ ਬੰਦਾ ਸਿੰਘ ਬਹਾਦਰ ਆਇਆ ਸੀ ਤਾਂ ਇਹ ਦੋਵੇਂ ਭਰਾ ਆਪਣੇ ਸਰਕਾਰੀ ਪਦ ਤਿਆਗ ਕੇ ਉਸ ਨਾਲ ਜਾ ਰਲੇ ਸਨ।

ਭਾਵੇਂ ਬੰਦਾ ਸਿੰਘ ਬਹਾਦਰ ਦਾ ਸਮਾਂ ਸਿਰਫ਼ ਅੱਠ ਕੁ (1708-1716) ਸਾਲਾਂ ਦਾ ਹੀ ਸੀ ਅਤੇ ਇਸ ਦੇ ਸੰਘਰਸ਼ ਨੂੰ ਬਹੁਤ ਬੁਰੀ ਤਰ੍ਹਾਂ ਕੁਚਲ ਦਿੱਤਾ ਗਿਆ ਸੀ। ਪਰ ਇਸ ਤਰ੍ਹਾਂ ਦਾ ਸੰਕਟ ਵਾਲਾ ਸਮਾਂ ਜ਼ਿਆਦਾ ਦੇਰ ਤੱਕ ਨਹੀਂ ਰਿਹਾ ਸੀ। 1733-34 ਵਿੱਚ ਸਿੱਖ ਸੰਘਰਸ਼ ਮਿਸਲਾਂ ਦੇ ਰੂਪ ਵਿੱਚ ਫਿਰ ਤੋਂ ਸ਼ੁਰੂ

ਹੋ ਗਿਆ ਸੀ। ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿੱਚੋਂ ਇੱਕ ਮਿਸਲ ਫੂਲਕੀਆਂ ਘਰਾਣੇ ਦੀ ਸੀ। ਇਹ ਫੂਲਕੀਆਂ ਘਰਾਣਾ ਉਹ ਸੀ ਜਿਹੜਾ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਦਾ ਮਦਦਗਾਰ ਹੋ ਕੇ ਮੁਗ਼ਲਾਂ ਨਾਲ ਲੜਿਆ ਸੀ ਅਤੇ ਜਿਸ ਨੂੰ ਗੁਰੂ ਹਰਿ ਰਾਇ ਸਾਹਿਬ ਨੇ ਪੱਕੇ ਪੈਰਾਂ ’ਤੇ ਖੜੇ ਹੋਣ ਵਿੱਚ ਬਹੁਤ ਮਦਦ ਕੀਤੀ ਸੀ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਮਾਲਵਾ ਦੇ ਜੱਟ ਘਰਾਣਿਆਂ ਵਿੱਚੋਂ ਸਿੱਧੂ ਅਤੇ ਬਰਾੜ ਘਰਾਣਿਆਂ ਨੇ ਬਹੁਤ ਤਰੱਕੀ ਕੀਤੀ ਹੈ। ਫੂਲਕੀਆਂ ਘਰਾਣਾ ਸਿੱਧੂ ਅਤੇ ਬਰਾੜ ਘਰਾਣਾ ਹੀ ਸੀ। ਫੂਲਕੀਆਂ ਮਿਸਲ ਦਾ ਮੋਢੀ ਬਾਬਾ ਆਲਾ ਸਿੰਘ ਸੀ। ਇਸੇ ਮਿਸਲ ਦੇ ਨੇਤਾਵਾਂ ਨੇ ਹੀ ਮਾਲਵਾ ਵਿੱਚ ਛੇ ਰਿਆਸਤਾਂ ਕਾਇਮ ਕਰ ਲਈਆਂ ਸਨ। ਇਹ ਰਿਆਸਤਾਂ ਸਨ। 1. ਪਟਿਆਲਾ, 2. ਨਾਭਾ 3. ਜੀਂਦ (ਸੰਗਰੂਰ) 4. ਕੈਥਲ 5. ਕਲਸੀਆਂ ਅਤੇ 6. ਫਰੀਦਕੋਟ। ਬੇਸ਼ੱਕ ਸਾਰਾ ਮਾਲਵਾ ਖੇਤਰ ਇਨ੍ਹਾਂ ਛੇ ਰਿਆਸਤਾਂ ਵਿੱਚ ਸ਼ਾਮਿਲ ਨਹੀਂ ਸੀ ਕਿਉਂਕਿ ਮਾਲਵਾ ਦਾ ਕੁਝ ਹਿੱਸਾ ਬਾਕੀ ਦੀਆਂ ਮਿਸਲਾਂ ਵਿੱਚ ਵੀ ਸ਼ਾਮਿਲ ਸੀ। ਪਰ ਇਹ ਪੱਖ ਦੇਖਣ ਵਾਲਾ ਹੈ ਕਿ ਸਾਰਾ ਮਾਲਵਾ ਸਿੱਖਾਂ ਦੇ ਕਬਜ਼ੇ ਵਿੱਚ ਸੀ। ਇਹ ਗੱਲ ਬਹੁਤ ਮਹੱਤਵਪੂਰਨ ਹੈ। ਮਾਲਵਾ ਵਿੱਚ ਜੱਥੇਬੰਦਕ ਪਰਚਾਰ ਸਿਰਫ਼ ਗੁਰੂ ਸਾਹਿਬਾਨ ਨੇ ਕੀਤਾ ਸੀ। ਇਹ ਸਭ ਕੁਝ ਇਸ ਜੱਥੇਬੰਦਕ ਪਰਚਾਰ ਦਾ ਨਤੀਜਾ ਸੀ ਕਿ ਆਖ਼ਰਕਾਰ ਸਾਰਾ ਮਾਲਵਾ ਹੀ ਸਿੱਖਾਂ ਦੀ ਰਾਜਨੀਤਿਕ ਸ਼ਕਤੀ ਬਣ ਗਿਆ ਸੀ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਮਾਲਵਾ ਵਿੱਚ ਸਿੱਖ ਧਰਮ ਦੇ ਪਰਚਾਰ ਦੀ ਬੁਨਿਆਦ ਗੁਰੂ ਨਾਨਕ ਦੇਵ ਨੇ ਰੱਖ ਦਿੱਤੀ ਸੀ। ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਅੰਗਦ ਦੇਵ ਮਾਲਵਾ ਦੇ ਜੰਮਪਲ ਸਨ। ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਬੇਸ਼ਕ ਮਾਲਵਾ ਵਿੱਚ ਨਹੀਂ ਆਏ ਪਰ ਉਨ੍ਹਾਂ ਦੇ ਪ੍ਰਚਾਰਕ ਪ੍ਰਬੰਧਾਂ-ਮੰਜੀ ਪ੍ਰਥਾ ਅਤੇ ਮਸੰਦ ਪ੍ਰਥਾ -ਨੇਂ ਮਾਲਵਾ ਦੇ ਵਿੱਚ ਬਹੁਤ ਚੰਗਾ ਜੱਥੇਬੰਦਕ ਪਰਚਾਰ ਕੀਤਾ ਸੀ। ਇਸ ਪਰਚਾਰ ਦਾ ਉਸ ਸਮੇਂ ਬਹੁਤ ਫਾਇਦਾ ਹੋਇਆ ਸੀ ਜਦੋਂ ਗੁਰੂ ਹਰਗੋਬਿੰਦ ਸਾਹਿਬ ਨੇ ਮਾਲਵਾ ਵਿੱਚ ਪਹੁੰਚ ਕੇ ਗੁਰੂਸਰ ਮਹਿਰਾਜ (ਨਥਾਣਾ) ਵਿਖੇ ਮਲਵਈ ਲੋਕਾਂ ਦੀ ਮਦਦ ਨਾਲ ਮੁਗ਼ਲ ਅਧਿਕਾਰੀਆਂ ਦੀ ਸੈਨਾ ਨਾਲ ਇੱਕ ਸਫ਼ਲ ਲੜਾਈ ਕੀਤੀ ਸੀ। ਜਿਸ ਤਰੀਕੇ ਨਾਲ ਗੁਰੂ ਹਰਗੋਬਿੰਦ ਸਾਹਿਬ ਨੂੰ ਲੜਾਈ ਵਿੱਚ, ਮਲਵਈ ਲੋਕਾਂ ਦੀ ਮਦਦ ਮਿਲੀ ਸੀ ਉਸ ਤੋਂ ਸਾਬਤ ਹੋ ਜਾਂਦਾ ਹੈ ਕਿ ਉਨ੍ਹਾਂ ਤੋਂ ਪਹਿਲਾਂ ਮਾਲਵਾ ਵਿੱਚ ਸਿੱਖ ਧਰਮ ਦਾ ਬਹੁਤ ਪਰਚਾਰ ਹੋ ਚੁੱਕਿਆ ਸੀ ਅਤੇ ਮਾਲਵਾ ਦਾ ਬਹੁਤ ਵੱਡਾ ਹਿੱਸਾ ਸਿੱਖ ਧਰਮ ਵਿੱਚ ਪਰਵੇਸ਼ ਕਰ ਚੁੱਕਿਆ ਸੀ। ਇਸ ਪਰਚਾਰ ਨੂੰ ਸੱਤਵੇਂ ਗੁਰੂ ਹਰ ਰਾਇ ਅਤੇ ਨੌਵੇਂ

ਗੁਰੂ ਤੇਗ਼ ਬਹਾਦਰ ਨੇ ਸੰਪੂਰਨਤਾ ਤੱਕ ਪਹੁੰਚਾ ਦਿੱਤਾ ਸੀ। ਜਿਸ ਦਾ ਨਤੀਜਾ ਗੁਰੂ ਗੋਬਿੰਦ ਸਿੰਘ ਵੱਲੋਂ ਖਿਦਰਾਣੇ ਦੀ ਢਾਬ (ਮੁਕਤਸਰ) ਵਿਖੇ ਮੁਗ਼ਲ ਫ਼ੌਜਾਂ ਨਾਲ ਲੜ੍ਹੀ ਗਈ ਲੜਾਈ ਦੀ ਜਿੱਤ ਵਿੱਚ ਨਿਕਲਿਆ ਸੀ। ਇਸ ਜਿੱਤ ਦਾ ਪ੍ਰਤੱਖ ਸਬੂਤ ਗੁਰੂ ਸਾਹਿਬ ਵੱਲੋਂ ਲਿਖਿਆ ਜ਼ਫ਼ਰਨਾਮਾ ਸੀ।

# ਪੰਜਾਬ ਦੇ ਮਾਲਵਾ ਖੇਤਰ ਵਿੱਚ ਸਿੱਖ ਧਰਮ ਦਾ ਪਰਸਾਰ (1606 ਤੋਂ 1708 ਈਸਵੀ): ਇੱਕ ਇਤਿਹਾਸਿਕ ਅਧਿਐਨ

ਫ਼ੈਕਲਟੀ ਆਫ ਸ਼ੋਸ਼ਲ ਸਾਇੰਸਜ਼

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਇਤਿਹਾਸ ਵਿਸ਼ੇ ਵਿੱਚ

ਪੀਐੱਚ.ਡੀ. ਦੀ ਡਿਗਰੀ ਪ੍ਰਾਪਤ ਕਰਨ

ਦੀ ਕਾਰਵਾਈ ਵਜੋਂ ਪੇਸ਼

**ਖੋਜ-ਪ੍ਰਬੰਧ**


**ਨਿਗਰਾਨ**:

ਡਾ. ਸੁਖਨਿੰਦਰ ਕੌਰ ਢਿੱਲੋਂ

**ਖੋਜ ਕਰਤਾ**:

ਸਤਪਾਲ ਕੌਰ

**ਸਹਿ-ਨਿਗਰਾਨ**:

ਡਾ. ਮੁਹੰਮਦ ਇਦਰੀਸ

**ਇਤਿਹਾਸ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**



**ਅਕਤੂਬਰ**, 2021

# ਸਿੱਟਾ

ਮਾਲਵਾ ਖੇਤਰ ਪੰਜਾਬ ਦਾ ਇਕ ਉਪ-ਖੇਤਰ ਹੈ। ਆਮ ਤੌਰ ’ਤੇ ਪੰਜਾਬ ਦੇ ਉਪ-ਖੇਤਰਾਂ ਨੂੰ ਦੁਆਬੇ ਕਿਹਾ ਜਾਂਦਾ ਹੈ। ਜਿਹੜੀ ਪਰਿਭਾਸ਼ਾ ਦੁਆਬਿਆਂ ਦੀ ਹੈ, ਉਹ ਮਾਲਵਾ ਉਪਰ ਨਹੀਂ ਢੁੱਕ ਸਕਦੀ। ਮਾਲਵਾ ਖੇਤਰ ਨੂੰ ਪੰਜਾਬ ਦੇ ਬਾਕੀ ਉਪ-ਭਾਗਾਂ (ਦੁਆਬਿਆਂ) ਤੋਂ ਸਤਲੁਜ ਦਰਿਆ ਅਲੱਗ ਕਰ ਦਿੰਦਾ ਹੈ। ਇਸ ਦੀਆਂ ਪੂਰਬ-ਉਤਰ, ਪੂਰਬ ਦੱਖਣ-ਪੱਛਮ ਵੱਲ ਦੀਆਂ ਹੱਦਾਂ, ਜਿਹੜੀਆਂ ਹਿਮਾਚਲ ਪ੍ਰਦੇਸ਼, ਹਰਿਆਣਾ, ਅਤੇ ਰਾਜਸਥਾਨ ਨਾਲ ਲੱਗਦੀਆਂ ਹਨ, ਨੂੰ ਕੋਈ ਕੁਦਰਤੀ ਜਾਂ ਭੂਗੋਲਿਕ ਹੱਦ ਅਲੱਗ ਨਹੀਂ ਕਰਦੀ। ਆਮ ਤੌਰ ਤੇ ਹਰਿਆਣਾ ਵੱਲ ਦੀ ਹੱਦ ਘੱਗਰ ਦੀ ਬਰਸਾਤੀ ਨਦੀ ਨੂੰ ਮੰਨਿਆ ਜਾਂਦਾ ਹੈ। ਘੱਗਰ ਨਦੀ ਇਧਰਲੇ ਪਾਸੇ ਦੀ ਕੋਈ ਪੱਕੀ ਹੱਦ ਨਹੀਂ ਹੈ। ਮਾਲਵਾ ਦਾ ਖੇਤਰ ਕਈ ਥਾਵਾਂ ਤੋਂ ਘੱਗਰ ਦੇ ਦੱਖਣ ਵਾਲੇ ਪਾਸੇ ਹੈ। ਘੱਗਰ ਨਦੀ ਜ਼ਿਆਦਾ ਲੰਮੀ ਨਹੀਂ ਹੈ। ਇਹ ਪੰਜਾਬ ਦੇ ਇਲਾਕੇ ਵਿੱਚ ਹੀ ਖ਼ਤਮ ਹੋ ਜਾਂਦੀ ਹੈ। ਫਿਰ ਵੀ ਅਸੀਂ ਹਰਿਆਣਾ ਵੱਲ ਘੱਗਰ ਨਦੀ ਨੂੰ ਮਾਲਵਾ ਦੀ ਦੱਖਣ-ਪੂਰਬੀ ਹੱਦ ਮੰਨ ਲੈਂਦੇ ਹਾਂ। ਰਾਜਸਥਾਨ ਵਾਲੇ ਪਾਸੇ ਮਾਲਵਾ ਦੀ ਕੋਈ ਕੁਦਰਤੀ ਹੱਦ ਨਹੀਂ ਹੈ। ਇਧਰਲੀ ਹੱਦ ਸਿਰਫ਼ ਜ਼ਮੀਨੀ ਵੱਟਾਂ ਹੀ ਹਨ। ਇਨ੍ਹਾਂ ਗੈਰ-ਕੁਦਰਤੀ ਹੱਦਾਂ ਵਾਲਾ ਹੋਣ ਦੇ ਬਾਵਜੂਦ ਵੀ ਮਾਲਵਾ ਦੀ ਆਪਣੀ ਪਹਿਚਾਣ ਹੈ ਇਸ ਦੀ ਸਿੱਧੀ-ਸਾਦੀ ਪੰਜਾਬੀ ਮਲਵਈ ਬੋਲੀ। ਮਾਲਵਾ ਖੇਤਰ ਪੰਜਾਬੀ ਬੋਲਣ ਵਾਲਾ, ਪੰਜਾਬੀ ਪਰੰਪਰਾਵਾਂ ਵਾਲਾ ਅਤੇ ਸੱਭਿਆਚਾਰ ਦੇ ਪੱਖੋਂ ਪੂਰੀ ਤਰ੍ਹਾਂ ਪੰਜਾਬ ਨਾਲ ਘੁਲਿਆ-ਮਿਲਿਆ ਖੇਤਰ ਪੰਜਾਬ ਦੇ ਬਾਕੀ ਦੇ ਦੁਆਬਿਆਂ ਤੋਂ ਵੱਖਰਾ ਹੈ। ਇਸ ਕਰਕੇ ਹੀ ਮਾਲਵਾ ਨੂੰ ਪੰਜਾਬ ਦਾ ਇਕ ਉਪ-ਭਾਗ ਮੰਨਿਆ ਗਿਆ ਹੈ।

ਖੋਜ ਕਾਰਜ ਦਾ ਪਹਿਲਾ ਅਧਿਆਇ ਮਾਲਵਾ ਖੇਤਰ ਦਾ ਇਤਿਹਾਸਕ ਪਿਛੋਕੜ ਨਾਲ ਸਬੰਧਿਤ ਹੈ। ਮਾਲਵਾ ਦਾ ਪ੍ਰਬੰਧਕੀ ਤੌਰ ’ਤੇ ਜਿਹੜਾ ਇਤਿਹਾਸ ਹੈ ਉਹ ਮੁੱਢ ਤੋਂ ਪੰਜਾਬ ਦੇ ਬਾਕੀ ਦੇ ਦੁਆਬਿਆਂ ਤੋਂ ਵੱਖਰਾ ਚਲਦਾ ਆ ਰਿਹਾ ਹੈ। ਜਦੋਂ ਕਿ ਪੰਜਾਬ ਦੇ ਬਾਕੀ ਦੁਆਬਿਆਂ ਦਾ ਪ੍ਰਬੰਧ ਜਾਂ ਤਾਂ ਸੁਤੰਤਰ ਰੂਪ ਵਿੱਚ ਤੇ ਜਾਂ ਲਾਹੌਰ ਨਾਲ ਸਬੰਧਿਤ ਰਿਹਾ ਹੈ। ਵਰਤਮਾਨ ਸਮੇਂ ਮਾਲਵਾ ਨੂੰ ਭੂਗੋਲਿਕ ਤੌਰ ਤੇ ਘੱਟ ਦੇਖਿਆ ਜਾ ਰਿਹਾ ਹੈ, ਰਾਜਨੀਤਿਕ ਤੌਰ ’ਤੇ ਜ਼ਿਆਦਾ ਦੇਖਿਆ ਜਾ ਰਿਹਾ ਹੈ। ਅੱਜ ਜਿਨ੍ਹਾਂ ਵੀ ਖੇਤਰ ਪੰਜਾਬ ਦਾ ਸਤਲੁਜ ਦੇ ਪੂਰਬ-ਦੱਖਣ ਵੱਲ ਹੈ, ਜਿਸ ਨੂੰ ਸਤਲੁਜ-ਉਰਾਰ (Cis-Sutlej) ਕਹਿ ਦਿੱਤਾ ਜਾਂਦਾ ਹੈ ਇਸ

ਨੂੰ ਹੀ ਮਾਲਵਾ ਕਹਿ ਦਿੱਤਾ ਜਾਂਦਾ ਹੈ। ਭਾਵੇਂ ਇਹ ਗੱਲ ਭੂਗੋਲਿਕ ਤੌਰ ’ਤੇ ਵੀ ਅਤੇ ਬੋਲੀ ਤੇ ਸੱਭਿਆਚਾਰਕ ਤੌਰ ’ਤੇ ਵੀ ਠੀਕ ਨਹੀਂ ਹੈ, ਕਿਉਂਕਿ ਬੋਲੀ ਅਤੇ ਸੱਭਿਆਚਾਰਕ ਤੌਰ ’ਤੇ ਇਸ ਵਿੱਚ ਦੋ ਹੋਰ ਉਪ-ਖੇਤਰ ਹਨ ਜਿਵੇਂ ਪੁਆਧ ਅਤੇ ਬਾਂਗਰ ਦੇ ਖੇਤਰ। ਇਹ ਖੇਤਰ ਭਾਵੇਂ ਬਹੁਤ ਵੱਡੇ ਨਹੀਂ ਹਨ ਇਨ੍ਹਾਂ ਦੀ ਬੋਲੀ ਅਤੇ ਸੱਭਿਆਚਾਰ ਮਾਲਵਾ ਦੀ ਬੋਲੀ ਅਤੇ ਸੱਭਿਆਚਾਰ ਤੋਂ ਵੱਖਰੇ ਹਨ।

ਜੇਕਰ ਪੁਆਧ ਖੇਤਰ ਦੀ ਸਾਧਾਰਨ ਗੱਲ ਕੀਤੀ ਜਾਵੇ ਤਾਂ ਅੱਜ ਦੇ ਮਾਲਵਾ ਖੇਤਰ ਵਿੱਚੋਂ ਨੰਗਲ, ਆਨੰਦਪੁਰ ਸਾਹਿਬ, ਕੁਰਾਲੀ, ਰੋਪੜ, ਮੋਹਾਲੀ, ਜ਼ੀਰਕਪੁਰ, ਬਨੂੰੜ, ਰਾਜਪੁਰਾ, ਪਟਿਆਲਾ, ਘਨੌਰ ਅਤੇ ਘੁੜਾਮ ਆਦਿ ਪੁਆਧ ਦੇ ਖੇਤਰ ਮੰਨੇ ਜਾਂਦੇ ਹਨ। ਪੁਆਧ ਦਾ ਖੇਤਰ ਘੱਗਰ ਨਦੀ ਟੱਪ ਕੇ ਹਰਿਆਣਾ ਵਿੱਚ ਵੀ ਸ਼ਾਮਿਲ ਹੋ ਜਾਂਦਾ ਹੈ ਜਿਸ ਵਿੱਚ ਅੰਬਾਲਾ ਜ਼ਿਲ੍ਹੇ ਦਾ ਜ਼ਿਆਦਾ ਹਿੱਸਾ ਆ ਜਾਂਦਾ ਹੈ। ਇਸੇ ਤਰ੍ਹਾਂ ਬਾਂਗਰ ਦਾ ਇਲਾਕਾ ਲਹਿਰਾ-ਗਾਗਾ ਦੇ ਆਲੇ-ਦੁਆਲੇ ਦੇ ਬਾਂਗਰੂ ਪਿੰਡ ਹਨ। ਬਾਂਗਰ ਦਾ ਜ਼ਿਆਦਾ ਖੇਤਰ ਹਰਿਆਣਾ ਵਿੱਚ ਹੈ ਜਿਵੇਂ ਕਿ ਜੀਂਦ, ਕੈਂਥਲ, ਨਰਵਾਣਾ, ਅਤੇ ਟੋਹਾਣਾ ਆਦਿ। ਜੇਕਰ ਬਾਰੀਕੀ ਨਾਲ ਦੇਖਿਆ ਜਾਵੇ ਤਾਂ ਪੰਜਾਬ ਦੇ ਵਰਤਮਾਨ ਮਾਲਵਾ ਦੇ ਫ਼ਿਰੋਜ਼ਪੁਰ, ਮੁਕਤਸਰ, ਫਾਜ਼ਿਲਕਾ, ਮੋਗਾ, ਫਰੀਦਕੋਟ, ਬਠਿੰਡਾ, ਮਾਨਸਾ, ਸੰਗਰੂਰ, ਲੁਧਿਆਣਾ ਅਤੇ ਕੁਝ ਹਿੱਸੇ ਫ਼ਤਿਹਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਆਉਂਦੇ ਹਨ।

ਇਸ ਖੋਜ-ਪ੍ਰਬੰਧ ਵਿੱਚ ਜਦੋਂ ਮਾਲਵਾ ਵਿੱਚ ਸਿੱਖ ਧਰਮ ਦੇ ਪਰਸਾਰ ਦੀ ਗੱਲ ਕੀਤੀ ਗਈ ਹੈ ਤਾਂ ਇਹ ਵਰਤਮਾਨ ਮਾਲਵਾ ਦੇ ਸਰੂਪ ਨੂੰ ਸਾਹਮਣੇ ਰੱਖ ਕੇ ਹੀ ਕੀਤੀ ਗਈ ਹੈ। ਇਸ ਤਰ੍ਹਾਂ ਇਸ ਖੋਜ-ਪ੍ਰਬੰਧ ਵਿੱਚ ਪੁਆਧ ਅਤੇ ਬਾਂਗਰ ਖੇਤਰਾਂ ਨੂੰ ਵੀ ਮਾਲਵਾ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਮਾਲਵਾ ਖੇਤਰ ਬੇਸ਼ੱਕ ਆਪਣੀ ਭੂਗੋਲਿਕ ਹੱਦਾਂ ਵਾਲੀ ਵਿਸ਼ੇਸ਼ਤਾ ਨਹੀਂ ਰੱਖਦਾ, ਪਰ ਇਸ ਨੂੰ ਆਬਾਦ ਕਰਨ ਵਾਲੇ ਕਬੀਲਿਆਂ ਨੇ ਇਤਿਹਾਸ ਵਿੱਚ ਬਹੁਤ ਯੋਗਦਾਨ ਪਾਇਆ ਹੈ। ਮਾਲਵਾ ਦੀ ਧਰਤੀ ਨੇ ਪੰਜਾਬ ਨੂੰ ਇੱਕ ਵੱਖਰੀ ਪਹਿਚਾਣ ਦਿੱਤੀ ਹੈ। ਮਾਲਵਾ ਲੋਕ ਮੁੱਢ ਤੋਂ ਹੀ ਖੇਤੀਬਾੜੀ ਕਰਦੇ ਆ ਰਹੇ ਹਨ ਅਤੇ ਜੰਗ ਦੇ ਮੈਦਾਨੀ ਸੂਰਮਿਆਂ ਵਿੱਚ ਵੀ ਆਪਣੀ ਵਿਸ਼ੇਸ਼ਤਾ ਪ੍ਰਾਪਤ ਕਰ ਚੁੱਕੇ ਹਨ।

ਮਾਲਵਾ ਵਿਚ ਮੁੱਢ ਤੋਂ ਹੀ ਜੱਟ (ਜਾਟ) ਕਬੀਲਿਆਂ ਦਾ ਬੋਲ-ਬਾਲਾ ਰਿਹਾ ਹੈ। ਜੱਟਾਂ ਵਿੱਚ ਆਪਣੇ ਵੱਡੇ-ਵਡੇਰਿਆਂ ਨੂੰ, ਜਿੰਨ੍ਹਾਂ ਨੂੰ ਜਠੇਰੇ ਕਿਹਾ ਜਾਂਦਾ ਸੀ ਪੂਜਣ ਦੀ ਪਰੰਪਰਾ ਸੀ। ਜਠੇਰਿਆਂ ਨੂੰ ਪੂਜਣ ਤੋਂ

ਬਿਨਾਂ ਮਾਤਾ ਰਾਣੀਆਂ, ਪੀਰਾਂ ਜਾਂ ਗੁੱਗਿਆਂ ਦੀ ਜੱਟਾਂ ਵਲੋਂ ਪੂਜਾ ਕੀਤੀ ਜਾਂਦੀ ਸੀ। ਪੰਜਾਬ ਦੇ ਬਾਕੀ ਭਾਗਾਂ ਵਿੱਚ ਆਮ ਕਰਕੇ ਮੰਦਰ ਬਹੁਤ ਘੱਟ ਸਨ। ਮੰਦਰਾਂ ਦੀ ਥਾਂ ਪੀਰਾਂ ਦੇ ਪੀਰਖਾਨੇ, ਮਾਤਾ ਰਾਣੀਆਂ ਅਤੇ ਗੁੱਗਿਆਂ ਦੀਆਂ ਮਟੀਆਂ ਜ਼ਿਆਦਾ ਸਨ। ਜਾਂ ਫਿਰ ਜਠੇਰਿਆਂ ਦੀਆਂ ਸਮਾਧਾਂ ਜ਼ਿਆਦਾ ਸਨ।

ਮਾਲਵਾ ਦਾ ਸਮੁੱਚਾ ਖੇਤਰ ਹੀ ਬੜਾ ਰੁੱਖਾ, ਬੇਆਬਾਦ ਅਤੇ ਤੁਰਨ-ਫਿਰਨ ਲਈ ਬਹੁਤ ਔਖਿਆਈਆਂ ਵਾਲਾ ਸੀ। ਇਸੇ ਕਰਕੇ ਇੱਥੇ ਧਰਮ ਦਾ ਕੋਈ ਜੱਥੇਬੰਦ ਪਰਚਾਰ ਨਹੀਂ ਹੋਇਆ ਸੀ। ਬਾਰ੍ਹਵੀਂ ਜਾਂ ਤੇਰ੍ਹਵੀ ਸਦੀ ਵਿੱਚ ਜੋ ਵੀ ਮਾਲਵਾ ਵਿੱਚ ਇਸਲਾਮ ਦਾ ਪਰਚਾਰ ਹੋਇਆ ਸੀ ਉਹ ਸ਼ੇਖ ਫ਼ਰੀਦ ਵੱਲੋਂ ਹੀ ਸ਼ੁਰੂ ਕੀਤਾ ਗਿਆ ਸੀ। ਜ਼ਿਆਦਾ ਸੂਫ਼ੀ ਦਰਗਾਹਾਂ ਵੀ ਬਾਬਾ ਫ਼ਰੀਦ ਨਾਲ ਹੀ ਸਬੰਧਿਤ ਹਨ। ਬਾਬਾ ਫ਼ਰੀਦ ਤੋਂ ਪਿੱਛੋਂ ਜੇ ਕੋਈ ਧਰਮ-ਪਰਚਾਰ ਇਸਲਾਮ ਦਾ ਮਾਲਵਾ ਵਿੱਚ ਹੋਇਆ ਸੀ ਉਹ ਮੁੱਖ ਤੌਰ 'ਤੇ ਸਰਵਰੀਆਂ ਜਾਂ ਸੁਲਤਾਨੀਆਂ ਸੂਫ਼ੀ ਸਿਲਸਿਲਿਆਂ ਵੱਲੋਂ ਹੋਇਆ ਸੀ। ਸਰਵਰੀ ਸੂਫ਼ੀ ਸਿਲਸਿਲੇ ਦਾ ਮੋਢੀ ਸਖੀ ਸਰਵਰ ਨਾਂ ਦਾ ਮੁਸਲਮਾਨ ਪੀਰ ਸੀ ਜਿਸ ਨੂੰ ਹੋਰ ਵੀ ਕਈ ਵਿਸ਼ੇਸ਼ਣਾ ਨਾਲ ਜਾਣਿਆ ਜਾਂਦਾ ਹੈ, ਜਿਵੇਂ ਕਿ 'ਸੁਲਤਾਨ' ਜਾਂ 'ਲੱਖ ਦਾਤਾ' ਜਾਂ 'ਲਾਲਾਂਵਾਲਾ' ਜਾਂ 'ਨਿਗਾਹੀਆ' ਅਤੇ 'ਰੋਹੀਆਂਵਾਲਾ' ਆਦਿ ਜਿਵੇਂ ਸੁਲਤਾਨ ਦਾ ਮਤਲਬ ਹੈ ਕਿ ਸਖੀ ਸਰਵਰ ਦੇ ਚੇਲੇ ਸਖੀ ਸਰਵਰ ਨੂੰ ਅਸਲੀ ਸੁਲਤਾਨ ਸਮਝਦੇ ਸਨ। ਇਸ ਲਈ ਉਹ ਆਪਣੇ ਆਪ ਨੂੰ ਸੁਲਤਾਨੀਏ ਕਹਾਉਂਦੇ ਸਨ। ਲੱਖ ਦਾਤਾ ਦਾ ਮਤਲਬ ਹੈ ਲੱਖਾਂ ਦੀਆਂ ਬਖ਼ਸ਼ਿਸਾਂ ਬਖ਼ਸ਼ਣ ਵਾਲਾ। ਲਾਲਾਂਵਾਲਾ ਦਾ ਮਤਲਬ ਹੈ ਪੁੱਤਰਾਂ ਦੀ ਬਖ਼ਸ਼ਿਸ਼ ਕਰਨ ਵਾਲਾ। ਨਿਗਾਹੀਆਂ ਇਸ ਕਰਕੇ ਕਿਹਾ ਜਾਂਦਾ ਸੀ ਕਿਉਂਕਿ ਸਖੀ ਸਰਵਰ ਦਾ ਕੇਂਦਰ ਨਿਗਾਹਾ ਸੀ। ਇਹ ਸੁਲੇਮਾਨ ਪਰਬਤ ਦੇ ਪੈਰਾਂ ਵਿੱਚ ਡੇਰਾ ਗਾਜ਼ੀ ਖਾਂ (ਪੱਛਮੀ ਪੰਜਾਬ) ਦੇ ਕੋਲ ਇਕ ਨਗਰ ਸੀ। ਇੱਥੇ ਹੀ ਸਖੀ ਸਰਵਰ ਨੂੰ ਮਾਰ ਦਿੱਤਾ ਗਿਆ ਸੀ। ਇਸ ਕਰਕੇ ਇਸ ਨੂੰ ਨਿਗਾਹਾ ਵਿੱਚ ਹੀ ਦਫ਼ਨ ਕੀਤਾ ਗਿਆ ਸੀ। ਇਸ ਨਿਗਾਹਾ ਨਗਰ ਕਰਕੇ ਹੀ ਇਸ ਨੂੰ ਨਿਗਾਹੀਆ ਵੀ ਕਿਹਾ ਜਾਂਦਾ ਸੀ। ਰੋਹੀਆਂ ਵਾਲਾ ਦਾ ਮਤਲਬ ਹੈ ਕਿ ਸਖੀ ਸਰਵਰ ਨੂੰ ਸੁੰਨੇ ਪਏ ਜੰਗਲਾਂ ਅਤੇ ਬੇ-ਆਬਾਦ ਰੋਹੀਆਂ ਦਾ ਮਾਲਕ ਮੰਨਿਆ ਜਾਂਦਾ ਸੀ। ਇਸ ਦੇ ਪੈਰੋਕਾਰ ਆਪਣੇ-ਆਪ ਨਾਲ ਇਹ ਸਾਰੇ ਵਿਸ਼ੇਸ਼ਣ ਜੋੜ ਕੇ ਖੁਸ਼ ਹੁੰਦੇ ਸਨ। ਇਹ ਬਾਰਵੀਂ ਸਦੀ ਦਾ ਮੁਸਲਿਮ ਪੀਰ ਸੀ।[1]

---

1 Harbans Singh (Chief Editor), *The Encyclopaedia of Sikhism*, Vol. 4, Punjabi University, Patiala, 1998, p. 29.

ਸਖੀ ਸਰਵਰ ਸੰਪਰਦਾ ਦੀ ਪੂਰਨ ਮਰਯਾਦਾ ਬਾਰੇ ਬਹੁਤਾ ਕੁਝ ਨਹੀਂ ਮਿਲਦਾ। ਇਸ ਦੇ ਪੈਰੋਕਾਰ ਆਪਣੇ ਜੀਵਨ ਵਿੱਚ ਇਕ ਵਾਰ ਨਿਗਾਹਾ ਜਾ ਕੇ ਆਪਣੇ ਪੀਰ ਦੀ ਚੌਂਕੀ ਜ਼ਰੂਰ ਭਰਦੇ ਸਨ। ਇਸ ਸੰਪਰਦਾ ਦੇ ਪੈਰੋਕਾਰਾਂ ਨੂੰ ਭਰਾਈ ਆਖਿਆ ਜਾਂਦਾ ਸੀ ਜਿਹੜੇ ਕਿ ਢੋਲ ਵਜਾਉਂਦੇ ਹੋਏ ਪੀਰਖਾਨਿਆਂ 'ਤੇ ਜਾਂਦੇ ਸਨ। ਪੀਰਖ਼ਾਨੇ ਉਨ੍ਹਾਂ ਥਾਵਾਂ 'ਤੇ ਬਣੇ ਹੋਏ ਸਨ ਜਿੱਥੇ ਕਿ ਕਿਸੇ ਸਮੇਂ ਸਖੀ ਸਰਵਰ ਆ ਚੁਕਿਆ ਹੁੰਦਾ ਸੀ। ਇਨ੍ਹਾਂ ਪੀਰਖ਼ਾਨਿਆਂ ਉਪਰ ਹਰ ਮਹੀਨੇ ਦੇ ਪਹਿਲੇ ਵੀਰਵਾਰ ਨੂੰ ਚੌਂਕੀ ਭਰੀ ਜਾਂਦੀ ਸੀ। ਚੌਂਕੀ ਭਰਨ ਸਮੇਂ ਇਕ ਅਠਾਰਾਂ ਮਣ ਕਣਕ ਦੇ ਆਟੇ ਦਾ ਮਿੱਠਾ ਰੋਟ ਪਕਾਇਆ ਅਤੇ ਵੰਡਿਆ ਜਾਂਦਾ ਸੀ। ਅਜਿਹੇ ਪੀਰਖ਼ਾਨੇ ਮਾਲਵਾ ਵਿੱਚ ਬਹੁਤ ਹਨ। ਮਾਲਵਾ ਦੇ ਬਹੁਤ ਜੱਟ ਸਖੀ ਸਰਵਰ ਦੇ ਚੇਲੇ ਸਨ। ਇਸ ਲਈ ਗੁਰੂ-ਕਾਲ ਸਮੇਂ ਜੇ ਮਾਲਵਾ ਵਿੱਚ ਕੋਈ ਧਰਮ ਪਰਚਾਰ ਕਰਨ ਵਾਲੀ ਸੰਪਰਦਾ ਸੀ ਤਾਂ ਸਿਰਫ਼ ਉਹ ਸਖੀ ਸਰਵਰ ਦੀ ਸੰਪਰਦਾ ਹੀ ਸੀ। ਸਖੀ ਸਰਵਰ ਦੇ ਸਾਰੇ ਪੈਰੋਕਾਰ ਜਾਂ ਤਾਂ ਮੁਸਲਮਾਨ ਸਨ ਤੇ ਜਾਂ ਮੁਸਲਮਾਨ ਬਣਨ ਵੱਲ ਉਲਾਰ ਸਨ।[2] ਇਹ ਸੰਪਰਦਾ, ਜਾਪਦਾ ਹੈ ਕਿ ਜੱਥੇਬੰਦਕ ਪਰਚਾਰ ਵਾਲੀ ਸੰਪਰਦਾ ਨਹੀਂ ਸੀ। ਬਹੁਤੀ ਗਿਣਤੀ ਮਾਲਵਾ ਵਿੱਚ ਜੱਟਾਂ ਦੀ ਸੀ ਜਿਹੜੀ ਕਿ ਸੁਤੰਤਰ ਸੁਭਾਅ ਵਾਲੀ ਸੀ। ਜੱਟ ਸਿਵਾਏ ਆਪਣੀਆਂ ਪਰੰਪਰਾਵਾਂ ਤੋਂ ਹੋਰ ਕਿਸੇ ਧਰਮ ਦੀ ਪੂਜਾ ਨਹੀਂ ਕਰਦੇ ਸਨ।

ਸੋਲ੍ਹਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਮੁਗ਼ਲ ਬਾਦਸ਼ਾਹ ਬਾਬਰ ਹਿੰਦੁਸਤਾਨ ਵਿੱਚ ਆਇਆ ਸੀ। ਉਸ ਨੇ ਇੱਥੇ ਹੀ ਰਹਿ ਕੇ ਆਪਣਾ ਮੁਗ਼ਲ ਸਾਮਰਾਜ ਸਿਰਜ ਲਿਆ ਸੀ। ਮਾਲਵਾ ਦੇ ਜੱਟ ਕਬੀਲਿਆਂ ਨੇ ਖੁੱਲੇ ਰੂਪ ਵਿੱਚ ਬਾਬਰ ਦੀ ਮਦਦ ਕੀਤੀ ਸੀ। ਇਸ ਦਾ ਪ੍ਰਭਾਵ ਇਹ ਪਿਆ ਸੀ ਬਾਬਰ ਦੇ ਮੁਗ਼ਲ ਰਾਜ ਵਿੱਚ ਮਾਲਵਾ ਦੇ ਜੱਟ ਕਬੀਲਿਆਂ ਨੂੰ ਪੂਰੀ ਪੂਰੀ ਮੁਗ਼ਲ-ਸਹਾਇਤਾ ਮਿਲੀ ਹੋਈ ਸੀ। ਸਭ ਜੱਟ ਕਬੀਲੇ ਆਪੋ-ਆਪਣੀ ਚੌਧਰ ਵਿੱਚ ਅੰਦਰੂਨੀ ਤੌਰ 'ਤੇ ਸੁਤੰਤਰ ਸਨ। ਇਹ ਗੱਲ ਉਸ ਵੇਲੇ ਪਰਤੱਖ ਰੂਪ ਵਿੱਚ ਸਪੱਸ਼ਟ ਹੋ ਗਈ ਸੀ ਜਦੋਂ ਗੁਰੂ ਗੋਬਿੰਦ ਸਿੰਘ ਆਨੰਦਪੁਰ ਸਾਹਿਬ ਨੂੰ ਛੱਡਣ ਪਿੱਛੋਂ ਮਾਲਵਾ ਵਿੱਚ ਗਏ ਸਨ। ਉਸ ਸਮੇਂ ਮਾਲਵਾ ਦਾ ਸਭ ਤੋਂ ਵੱਧ ਤਾਕਤਵਰ ਜੱਟ ਕਬੀਲਾ ਸਿੱਧੂ-ਬਰਾੜਾਂ ਦਾ ਸੀ। ਇਨ੍ਹਾਂ ਦਾ ਮੁਖੀ ਸੰਘਰ ਸਿੱਧੂ ਬਾਬਰ ਦੇ ਦਰਬਾਰ ਵਿੱਚ ਬਹੁਤ ਚੰਗੀ ਥਾਂ ਰੱਖਦਾ ਸੀ। ਇਸ ਗੱਲ ਦਾ ਮਾਲਵਾ ਦੇ ਜੱਟ ਕਬੀਲਿਆਂ ਨੂੰ ਸਭ ਤੋਂ ਵੱਡਾ ਰਾਜਨੀਤਿਕ ਫਾਇਦਾ ਇਹ ਹੋਇਆ ਸੀ ਕਿ ਲਾਹੌਰ, ਸਰਹਿੰਦ, ਜਾਂ ਸਮਾਣਾ ਦਾ ਸੂਬੇਦਾਰ

2 *Ibid*, p. 30.

ਜਾਂ ਫ਼ੌਜਦਾਰ ਕੋਈ ਵੀ ਹੁੰਦਾ ਸੀ ਉਨ੍ਹਾਂ ਦਾ ਜੱਟਾਂ ਦੀਆਂ ਚੌਧਰਾਂ ਵਿੱਚ ਕੋਈ ਦਖ਼ਲ ਨਹੀਂ ਹੁੰਦਾ ਸੀ। ਲਾਹੌਰ, ਸਰਹਿੰਦ, ਸਮਾਣਾ ਮੁਗ਼ਲਾਂ ਦੀਆਂ ਮਹੱਤਵਪੂਰਨ ਸੈਨਿਕ ਛਾਉਣੀਆਂ ਹੁੰਦੀਆਂ ਸਨ। ਜੱਟ ਕਬੀਲਿਆਂ ਨਾਲ ਇਨ੍ਹਾਂ ਮੁਗ਼ਲ ਛਾਉਣੀਆਂ ਦਾ ਕੋਈ ਸਬੰਧ ਨਹੀਂ ਹੁੰਦਾ ਸੀ। ਮਾਲਵਾ ਵਿੱਚ ਸਿੱਖ ਧਰਮ ਦੇ ਪਰਚਾਰ ਤੇ ਪਰਸਾਰ ਦੀ ਗੱਲ ਇਸ ਸਥਿਤੀ ਨੂੰ ਸਾਹਮਣੇ ਰੱਖ ਕੇ ਕੀਤੀ ਗਈ ਹੈ।

ਇਹ ਸਮਾਂ ਸਿੱਖ ਧਰਮ ਦੇ ਸ਼ੁਰੂ ਹੋਣ ਦਾ ਸੀ। ਬਾਬਰ ਦੇ ਹਮਲਿਆਂ ਦਾ ਅੱਖੀਂ ਦੇਖਿਆ ਵੇਰਵਾ ਗੁਰੂ ਨਾਨਕ ਦੇਵ ਦੀ ਬਾਣੀ ਵਿੱਚ ਹੀ ਦਰਜ ਹੈ। ਗੁਰੂ ਨਾਨਕ ਦੇਵ ਦੀ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਬਾਬਰਬਾਣੀ ਦੇ ਕੁੱਲ ਚਾਰ ਸ਼ਬਦ ਹਨ ਜਿਨ੍ਹਾਂ ਦੀਆਂ ਕੁੱਲ ਸੱਤਰ ਸਤਰਾਂ ਹਨ। ਇਹ ਚਾਰ ਸ਼ਬਦ 'ਰਾਗ ਆਸਾ' ਅਤੇ 'ਰਾਗ ਤਿਲੰਗ' ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪੰਨਿਆਂ 360, 417-418, ਅਤੇ 722-723 ਉਪਰ ਦਰਜ ਹਨ। ਇਸ ਤਰ੍ਹਾਂ ਦੇ ਵੇਰਵੇ ਦੇਣ ਵਾਲੇ ਸ਼ਬਦ ਭਾਵੇਂ ਥੋੜ੍ਹੇ ਹਨ ਅਤੇ ਵੇਰਵੇ ਵੀ ਸੰਖੇਪ-ਮਾਤਰ ਹਨ ਪਰ ਜੋ ਜਾਣਕਾਰੀ ਸਾਨੂੰ ਗੁਰੂ ਸਾਹਿਬ ਦੇ ਸ਼ਬਦਾਂ ਵਿੱਚੋਂ ਮਿਲਦੀ ਹੈ ਇਹ ਇਤਿਹਾਸਕ ਤੌਰ 'ਤੇ ਬਹੁਤ ਹੀ ਮਹੱਤਵਪੂਰਨ ਹੈ। ਕਿਉਂਕਿ ਇਸ ਤਰ੍ਹਾਂ ਦੀ ਜਾਣਕਾਰੀ ਹੋਰ ਕਿਸੇ ਵੀ ਸਮਕਾਲੀ ਲਿਖਤ ਵਿੱਚ ਨਹੀਂ ਹੈ। ਇੱਥੋਂ ਤੱਕ ਕਿ ਬਾਬਰ ਦੀ ਆਪਣੀ ਜੀਵਨੀ ਬਾਬਰਨਾਮੇ ਜਾਂ ਤੁਜ਼ਕ-ਏ-ਬਾਬਰੀ ਵਿੱਚ ਵੀ ਧਾਰਮਿਕ ਇਤਿਹਾਸ ਦੇ ਹਵਾਲੇ ਅਨੁਸਾਰ ਨਹੀਂ ਹੈ। ਗੁਰੂ ਨਾਨਕ ਦੇਵ ਦੇ ਇਨ੍ਹਾਂ ਸ਼ਬਦਾਂ ਨੂੰ ਬਾਬਰਬਾਣੀ ਕਿਹਾ ਗਿਆ ਹੈ। ਬਾਬਰਬਾਣੀ ਵਿੱਚ ਜੋ ਗੁਰੂ ਨਾਨਕ ਦੇਵ ਨੇ ਬਾਬਰ ਵੱਲੋਂ ਕੀਤੇ ਹਮਲਿਆਂ ਅਤੇ ਅੱਤਿਆਚਾਰਾਂ ਦਾ ਬਿਰਤਾਂਤ ਦਿੱਤਾ ਹੈ ਉਸ ਨੂੰ ਸੰਖੇਪ ਵਿੱਚ ਇਸ ਤਰ੍ਹਾਂ ਦੱਸਿਆ ਜਾ ਸਕਦਾ ਹੈ।

'ਬਾਬਰ ਨੇ ਹਿੰਦੁਸਤਾਨ ਉਪਰ ਹਮਲਾ ਕਰਕੇ ਹਿੰਦੁਸਤਾਨ ਨੂੰ ਬੁਰੀ ਤਰ੍ਹਾਂ ਡਰਾ ਅਤੇ ਧਮਕਾ ਦਿੱਤਾ ਹੈ। ਇਸ ਦੀ ਲੁੱਟ ਕਰ ਕੇ ਉਸ ਨੇ ਖੁਰਾਸਾਨ ਦੇ ਘਰ ਭਰ ਦਿੱਤੇ ਹਨ। ਕਤਲੇਆਮ ਦਾ ਰੋਸ ਇਸ ਕਰਕੇ ਹੈ ਕਿ ਇਹ ਸਭ ਕੁਝ ਬਾਬਰ ਦੀ ਜ਼ਾਲਮ ਫ਼ੌਜ ਨੇ ਨਿਹੱਥੇ ਲੋਕਾਂ ਉਪਰ ਕੀਤਾ ਹੈ। ਜੇਕਰ ਦੋਵੇਂ ਫੌਜਾਂ ਆਪਸ ਵਿੱਚ ਲੜਦੀਆਂ ਮਰਦੀਆਂ ਤਾਂ ਇਸ ਦਾ ਕਿਸੇ ਨੇ ਵੀ ਰੋਸ ਨਹੀਂ ਕਰਨਾ ਸੀ, ਪਰ ਨਿਹੱਥੇ ਲੋਕਾਂ ਦੇ ਕਤਲੇਆਮ ਕਰਨ ਦੀ ਗੱਲ ਤਾਂ ਗਊਆਂ ਦੇ ਵੱਗ ਉਪਰ ਸ਼ੇਰ ਵੱਲੋਂ ਹਮਲਾ ਕਰਨ ਦੇ ਬਰਾਬਰ ਹੈ। ਪਰਮਾਤਮਾ ਹੀ ਇਸ ਲੋਕਾਈ ਦਾ ਪਾਲਣਹਾਰ ਹੈ ਇਸ ਲਈ ਇਸ ਕਤਲੇਆਮ ਦਾ ਜ਼ਿੰਮੇਵਾਰ ਸਿਰਫ਼ ਪਰਮਾਤਮਾ ਹੀ ਹੈ।

ਖੋਜ ਕਾਰਜ ਦਾ ਦੂਜਾ ਅਧਿਆਇ ਸਿੱਖ ਧਰਮ ਦੀ ਉਤਪੱਤੀ ਅਤੇ ਮੁੱਢਲਾ ਇਤਿਹਾਸਕ ਵਿਕਾਸ ਹੈ। ਗੁਰੂ ਨਾਨਕ ਸਾਹਿਬ ਨੇ ਬਾਬਰ ਨੂੰ ਸ਼ੇਰ ਨਾਲ ਅਤੇ ਹਿੰਦੁਸਤਾਨ ਦੀ ਨਿਹੱਥੀ ਜਨਤਾ ਨੂੰ ਗਊਆਂ ਦੇ ਵੱਗ ਨਾਲ ਤੁਲਨਾਇਆ ਹੈ। ਆਮ ਤੌਰ ਤੇ ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੇ ਹਿੰਦੁਸਤਾਨ ਨੂੰ ਰਤਨ ਕਿਹਾ ਹੈ। ਭਾਵ ਰਤਨਾਂ ਵਰਗੇ ਦੇਸ ਨੂੰ ਬਰਬਾਦ ਕਰ ਦਿੱਤਾ ਹੈ। ਇਹ ਵੇਰਵੇ ਇਤਿਹਾਸਕ ਤੌਰ ’ਤੇ ਬਹੁਤ ਮਹੱਤਵਪੂਰਨ ਹਨ। ਫ਼ੌਜਾ ਸਿੰਘ ਨੇ ਲਿਖਿਆ ਹੈ “ਜਦੋਂ ਬਾਬਰ ਨੇ ਪੰਜਾਬ ਉੱਤੇ ਹਮਲਾ ਕੀਤਾ ਤੇ ਉਸ ਨੂੰ ਤਬਾਹ ਕੀਤਾ ਉਦੋਂ ਗੁਰੂ ਨਾਨਕ ਦੇਵ ਉੱਥੇ ਮੌਜੂਦ ਸਨ। ਉਸ ਤਬਾਹੀ ਨਾਲ ਜੋ ਲੋਕਾਂ ਨੂੰ ਤਸੀਹੇ ਤੇ ਕਸ਼ਟ ਸਹਿਣੇ ਪਏ, ਉਸ ਦੀ ਜੋ ਤਸਵੀਰ ਇਨ੍ਹਾਂ ਦੀ ਬਾਣੀ ਵਿੱਚ ਮਿਲਦੀ ਹੈ, ਉਹ ਹੋਰ ਕਿਸੇ ਲਿਖਤ ਵਿੱਚੋਂ ਨਹੀਂ ਮਿਲਦੀ ਅਤੇ ਇਸ ਲਈ ਉਹ ਇਤਿਹਾਸਕ ਦ੍ਰਿਸ਼ਟੀ ਤੋਂ ਬਹੁਤ ਹੀ ਬਹੁ-ਮੁੱਲੀ ਹੈ।”[3]

ਇਸ ਤਰ੍ਹਾਂ ਗੁਰੂ ਨਾਨਕ ਦੇਵ ਦੇ ਪਰਚਾਰ ਦਾ ਪਹਿਲਾ ਮੁਕਾਬਲਾ ਬਾਬਰ ਨਾਲ ਹੋਇਆ ਸੀ। ਬਾਬਰ ਨੇ ਹਿੰਦੁਸਤਾਨ ਵਿੱਚ ਆਪਣਾ ਮੁਗ਼ਲ ਸਾਮਰਾਜ 1526-1530 ਈਸਵੀ ਦੇ ਵਿਚਕਾਰ ਸਥਾਪਿਤ ਕੀਤਾ ਸੀ। ਇਸ ਸਮੇਂ ਤੱਕ ਗੁਰੂ ਨਾਨਕ ਸਾਹਿਬ ਆਪਣੀਆਂ ਵਿਸ਼ਵ-ਵਿਆਪੀ ਯਾਤਰਾਵਾਂ (ਉਦਾਸੀਆਂ) ਸਮਾਪਤ ਕਰ ਚੁੱਕੇ ਸਨ ਅਤੇ ਉਹ ਪੰਜਾਬ ਵਿੱਚ ਰਹਿ ਰਹੇ ਸਨ। ਬਾਬਰ ਦੇ ਹਮਲੇ ਅਤੇ ਪਾਣੀਪਤ ਵਿਚਲੀ ਹੋਈ ਲੜਾਈ (1526 ਈਸਵੀ) ਗੁਰੂ ਨਾਨਕ ਦੇਵ ਦੇ ਜੀਵਨ ਦੌਰਾਨ ਹੋਈ ਸੀ।

ਬਾਬਰਬਾਣੀ ਦੇ ਚਾਰ ਸ਼ਬਦ ਗੁਰਬਾਣੀ ਰੂਪ ਵਿੱਚ ਸਮਕਾਲੀ ਇਤਿਹਾਸ ਦਾ ਉਹ ਦਸਤਾਵੇਜ਼ ਹਨ ਜਿਨ੍ਹਾਂ ਰਾਹੀਂ ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਦੇ ਸੱਚ ਨੂੰ ਆਖ ਸੁਣਾਇਆ ਸੀ।

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ।। (723)

ਬਾਬਰ ਦੀ ਮੌਤ 1530 ਈਸਵੀ ਵਿੱਚ ਹੋਈ ਸੀ। ਇਸ ਸਮੇਂ ਤੱਕ ਗੁਰੂ ਨਾਨਕ ਸਾਹਿਬ ਏਸ਼ੀਆ ਮਹਾਂਦੀਪ ਵਿੱਚ ਵੀ ਯਾਤਰਾਵਾਂ ਕਰ ਚੁੱਕੇ ਸਨ ਅਤੇ ਸਮੁੱਚੇ ਹਿੰਦੁਸਤਾਨ ਵਿੱਚ ਵੀ ਧਰਮ-ਪਰਚਾਰ ਕਰ ਚੁੱਕੇ ਸਨ। ਪੰਜਾਬ ਵਿੱਚ ਵੀ ਧਰਮ-ਪਰਚਾਰ ਹੋ ਚੁੱਕਿਆ ਸੀ। ਗੁਰੂ ਨਾਨਕ ਸਾਹਿਬ ਪਹਿਲੇ ਸਿੱਖ ਗੁਰੂ ਸਨ ਜਿਹੜੇ ਮਾਲਵਾ ਵਿੱਚ ਅਨੇਕਾਂ ਥਾਵਾਂ ਦੀਆਂ ਯਾਤਰਾਵਾਂ ਕਰ ਚੁੱਕੇ ਸਨ ਜਿਵੇਂ ਕਿ ਨਾਂਗੇ ਦੀ ਸਰਾਇ (ਮੱਤੇ

---

3 ਫ਼ੌਜਾ ਸਿੰਘ (ਸੰਪਾ.) *ਪੰਜਾਬ ਦਾ ਇਤਿਹਾਸ: 1000-1526 ਈ.*, ਜਿਲਦ ਤੀਜੀ, ਪੰਨਾ-XIX (ਭੂਮਿਕਾ)

ਦੀ ਸਰਾਇ), ਤਖ਼ਤੂਪੁਰਾ, ਮੰਜੀ ਸਾਹਿਬ, ਸੰਗਰੂਰ ਖਾਸ, ਮਸਤੂਆਣਾ ਸਾਹਿਬ, ਲੁਧਿਆਣਾ, ਘੁੰਮਣ ਕੇ ਆਦਿ ਥਾਵਾਂ ਹਨ। ਇਨ੍ਹਾਂ ਥਾਵਾਂ ਦੀ ਵਿਸਥਾਰ ਸਾਹਿਤ ਜਾਣਕਾਰੀ ਇਸ ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ ਵਿੱਚ ਭਲੀਭਾਂਤ ਦਿੱਤੀ ਗਈ ਹੈ। ਇਹ ਤਾਂ ਮੁੱਖ ਅਸਥਾਨ ਹਨ। ਅਜਿਹੇ ਹੋਰ ਅਸਥਾਨ ਵੀ ਅਨੇਕਾਂ ਹਨ ਜਿਹੜੇ ਅਜੇ ਲਿਖਤੀ ਰੂਪ ਵਿੱਚ ਨਹੀਂ ਆ ਸਕੇ। ਮਿਸਾਲ ਦੇ ਤੌਰ ’ਤੇ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਤੋਂ ਚੱਲ ਕੇ ਜਦੋਂ ਕੁਰੂਕਸ਼ੇਤਰ ਜਾਂ ਥਾਨੇਸਰ ਜਾਂ ਸਿਰਸੇ ਪਹੁੰਚਦੇ ਸਨ ਤਾਂ ਸਾਰਾ ਰਸਤਾ ਮਾਲਵਾ ਵਿੱਚੋਂ ਦੀ ਹੀ ਤਹਿ ਕਰਨਾ ਪੈਂਦਾ ਸੀ। ਇਨ੍ਹਾਂ ਥਾਵਾਂ ’ਤੇ ਜਾਣ ਲਈ ਪਿੰਡੋ-ਪਿੰਡ ਹੋ ਕੇ ਹੀ ਜਾਣਾ ਪੈਂਦਾ ਸੀ। ਅਨੇਕਾਂ ਪਿੰਡਾਂ ਵਿੱਚ ਗੁਰੂ ਸਾਹਿਬ ਨੇ ਰਾਤਾਂ ਵੀ ਕੱਟੀਆਂ ਹੋਣਗੀਆਂ ਅਤੇ ਹੋ ਸਕਦਾ ਹੈ ਕਿ ਕਿਸੇ ਖਾਸ ਪਿੰਡ ਵਿੱਚ ਗੁਰੂ ਸਾਹਿਬ ਇੱਕ ਤੋਂ ਵੱਧ ਦਿਨ ਵੀ ਕੱਟੇ ਹੋਣ।

ਗੁਰੂ ਅੰਗਦ ਦੇਵ ਦਾ ਜਨਮ ਅਸਥਾਨ ਮਾਲਵਾ ਵਿੱਚ ਨਾਂਗੇ ਦੀ ਸਰਾਇ ਸੀ। ਜਿਸ ਨੂੰ ਕਿ ਮੱਤੇ ਦੀ ਸਰਾਇ ਵੀ ਕਿਹਾ ਜਾਂਦਾ ਹੈ। ਇਸ ਲਈ ਗੁਰੂ ਅੰਗਦ ਦੇਵ ਦਾ ਮਾਲਵਾ ਦੀ ਧਰਤੀ ਨਾਲ ਜਨਮ-ਭੂਮੀ ਵਾਲਾ ਸਬੰਧ ਸੀ। ਉਨ੍ਹਾਂ ਨੇ ਆਪਣਾ ਬਚਪਨ ਮਾਲਵਾ ਵਿੱਚ ਹੀ ਗੁਜ਼ਾਰਿਆ ਸੀ। ਭਾਵੇ ਉਹ ਵਿਆਹ ਉਪਰੰਤ ਖਡੂਰ ਸਾਹਿਬ ਵਿਖੇ ਜਾ ਵਸੇ ਸਨ ਜੋ ਕਿ ਮਾਝਾ ਵਿਚ ਸੀ, ਪਰ ਜੋ ਸਬੰਧ ਉਨ੍ਹਾਂ ਦਾ ਮੱਤੇ ਦੀ ਸਰਾਇ ਨਾਲ ਬਣਿਆ ਹੋਇਆ ਸੀ ਉਹ ਲਗਾਤਾਰ ਚਲਦਾ ਰਿਹਾ ਸੀ। ਹੋ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਵੀ ਮੱਤੇ ਦੀ ਸਰਾਇ (ਨਾਂਗੇ ਦੀ ਸਰਾਇ) ਇਸ ਕਰਕੇ ਗਏ ਹੋਣ ਕਿ ਉਹ ਗੁਰੂ ਅੰਗਦ ਦੇਵ ਦਾ ਜਨਮ ਅਸਥਾਨ ਸੀ। ਗੁਰਿਆਈ ਧਾਰਨ ਕਰਨ ਤੋਂ ਪਿੱਛੋਂ ਅਜਿਹੀ ਕੋਈ ਜਾਣਕਾਰੀ ਨਹੀਂ ਮਿਲਦੀ ਕਿ ਗੁਰੂ ਅੰਗਦ ਦੇਵ ਮਾਲਵਾ ਵਿੱਚ ਗਏ ਹੋਣ।

ਭਾਵੇ ਗੁਰੂ ਅਮਰ ਦਾਸ, ਗੁਰੂ ਰਾਮ ਦਾਸ ਅਤੇ ਗੁਰੂ ਅਰਜਨ ਦੇਵ ਵੀ ਮਾਲਵਾ ਵਿੱਚ ਨਹੀਂ ਆਏ ਸਨ ਪਰ ਉਨ੍ਹਾਂ ਦੇ ਸਮੇਂ ਦਾ ਜੋ ਪਰਚਾਰ-ਪ੍ਰਬੰਧ ਸੀ, ਜਿਵੇਂ ਮੰਜੀ ਪ੍ਰਥਾ ਅਤੇ ਮਸੰਦ ਪ੍ਰਥਾ, ਉਸ ਨਾਲ ਮਾਲਵਾ ਪੂਰੀ ਤਰ੍ਹਾਂ ਜੁੜਿਆ ਹੋਇਆ ਸੀ। ਮਾਲਵਾ ਵਿੱਚ ਜੇਕਰ ਕਦੇ ਕਿਸੇ ਧਰਮ ਦਾ ਜੱਥੇਬੰਦਕ ਪਰਚਾਰ ਹੋਇਆ ਸੀ ਤਾਂ ਇਹ ਸਿਰਫ਼ ਸਿੱਖ ਧਰਮ ਹੀ ਸੀ। ਮੰਜੀ ਪ੍ਰਥਾ ਅਤੇ ਮਸੰਦ ਪ੍ਰਥਾ ਸਿੱਖ ਧਰਮ ਦੇ ਜੱਥੇਬੰਦਕ ਪ੍ਰਬੰਧ ਸਨ ਜਿਨ੍ਹਾਂ ਰਾਹੀਂ ਮਾਲਵਾ ਵਿੱਚ ਸਿੱਖ ਧਰਮ ਦਾ ਪਰਚਾਰ ਕੀਤਾ ਜਾਂਦਾ ਸੀ। ਇਹ ਕਾਰਨ ਸਨ ਕਿ ਜਦੋਂ ਗੁਰੂ ਅਰਜਨ ਦੇਵ ਦੀ ਸ਼ਹਾਦਤ ਪਿੱਛੋਂ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੁਗ਼ਲ ਹਕੂਮਤ

ਦੇ ਖਿਲਾਫ਼ ਲੜਾਈ ਦੇ ਮੈਦਾਨ ਵਿੱਚ ਖੜਾ ਹੋਣਾ ਪਿਆ ਸੀ ਤਾਂ ਸਾਰਾ ਸਿੱਖ ਜਗਤ ਉਨ੍ਹਾਂ ਦੇ ਪਿੱਛੇ ਖੜੋ ਗਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਤੱਕ ਸਾਰਾ ਮਾਲਵਾ ਸਿੱਖ ਧਰਮ ਵਿੱਚ ਪਰਵੇਸ਼ ਕਰ ਚੁੱਕਿਆ ਸੀ। ਗੁਰੂ ਅਮਰਦਾਸ, ਗੁਰੂ ਰਾਮਦਾਸ, ਅਤੇ ਗੁਰੂ ਅਰਜਨ ਦੇਵ ਦੇ ਮਾਲਵਾ ਵਿੱਚ ਨਾ ਆਉਣ ਦੇ ਬਾਵਜੂਦ ਵੀ ਸਾਰਾ ਮਾਲਵਾ ਸਿੱਖ ਧਰਮ ਵਿੱਚ ਆ ਚੁੱਕਿਆ ਸੀ। ਮਾਲਵਾ ਦੀਆਂ ਸਿੱਖ ਸੰਗਤਾਂ ਇਨ੍ਹੀ ਮਜ਼ਬੂਤੀ ਨਾਲ ਗੁਰੂ-ਘਰ ਨਾਲ ਜੁੜੀਆਂ ਹੋਈਆਂ ਸਨ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂਸਰ ਮਹਿਰਾਜ (ਨਥਾਣਾ) ਵਿਖੇ ਮੁਗ਼ਲ ਫ਼ੌਜਾਂ ਨਾਲ ਲੜਾਈ ਲੜੀ ਸੀ ਤਾਂ ਉਨ੍ਹਾਂ ਨੇ ਬੜੀ ਆਸਾਨੀ ਨਾਲ ਇੱਕੋ ਦਿਨ ਦੀ ਲੜਾਈ ਵਿੱਚ ਮੁਗ਼ਲ ਫ਼ੌਜਾਂ ਨੂੰ ਹਰਾ ਦਿੱਤਾ ਸੀ।

ਤੀਜਾ ਅਧਿਆਇ ਗੁਰੂ ਹਰਗੋਬਿੰਦ ਸਾਹਿਬ ਦਾ ਸਮਾਂ ਅਤੇ ਉਨ੍ਹਾਂ ਦਾ ਮਾਲਵਾ ਵਿੱਚ ਆਉਣਾ ਹੈ। ਗੁਰੂ ਨਾਨਕ ਦੇਵ ਪਿੱਛੋਂ, ਮਾਲਵਾ ਵਿੱਚ ਆਉਣ ਵਾਲੇ ਪਹਿਲੇ ਗੁਰੂ ਛੇਵੇਂ ਪਾਤਿਸ਼ਾਹ ਗੁਰੂ ਹਰਗੋਬਿੰਦ ਸਾਹਿਬ ਸਨ। ਉਹ ਆਪਣੇ ਗੁਰਿਆਈ ਕਾਲ ਦੇ ਸ਼ੁਰੂਆਤੀ ਸਮੇਂ ਮਾਲਵਾ ਦੇ ਪ੍ਰਸਿੱਧ ਨਗਰ ਭਾਈ ਕੀ ਡਰੌਲੀ ਵਿਖੇ ਆਏ ਸਨ। ਇੱਥੇ ਉਨ੍ਹਾਂ ਦੇ ਸਾਂਢੂ ਸਾਈਂ ਦਾਸ ਰਹਿੰਦੇ ਸਨ। ਡਰੌਲੀ ਭਾਈ ਕੀ ਪਿੰਡ ਦੇ ਨੇੜੇ ਦੇ ਕਈ ਪਿੰਡ ਅਜਿਹੇ ਹਨ ਜਿਨ੍ਹਾਂ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੇ ਜਾਣ ਦੀ ਜਾਣਕਾਰੀ ਮਿਲਦੀ ਹੈ। ਇਸ ਜਾਣਕਾਰੀ ਵਿੱਚ ਇਹ ਸ਼ਾਮਿਲ ਹੈ ਕਿ ਗੁਰੂ ਇਨ੍ਹਾਂ ਪਿੰਡਾਂ ਵਿੱਚ ਡਰੌਲੀ ਭਾਈ ਕੀ ਤੋਂ ਹੀ ਗਏ ਸਨ। ਨੇੜੇ ਪਿੰਡ ਸਨੇਰ ਹੈ। ਰੋਡੇ ਪਿੰਡ ਜਿਹੜਾ ਕਿ ਬਾਘਾ ਪੁਰਾਣਾ ਕੋਟਕਪੂਰਾ ਸੜਕ ਉਪਰ ਹੈ। ਖਾਸ ਮੋਗੇ ਵਿਖੇ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਹੈ ਜਿਹੜਾ ਕਿ ਇੱਥੇ ਗੁਰੂ ਸਾਹਿਬ ਦੇ ਆਉਣ ਦੀ ਗਵਾਹੀ ਦਿੰਦਾ ਹੈ। ਸਮਾਲਸਰ ਵਾਲੇ ਪਾਸੇ ਇੱਕ ਪਿੰਡ ਬੰਬੀਹਾ ਭਾਈ ਕਾ ਹੈ। ਬਾਘਾ ਪੁਰਾਣਾ, ਭਗਤਾ ਭਾਈ ਕਾ ਸੜਕ ਉਪਰ ਮਾੜੀ-ਮੁਸਤਫ਼ਾ ਪਿੰਡ ਹੈ। ਇਸ ਸੜਕ ਉਪਰ ਪਿੰਡ ਲਧਾਈ ਕੇ ਹੈ। ਇੱਥੇ ਗੁਰੂ ਸਾਹਿਬ ਦੇ ਆਉਣ ਦੀ ਜਾਣਕਾਰੀ ਮਿਲਦੀ ਹੈ। ਮੋਗਾ-ਕੋਟਕਪੂਰਾ ਸੜਕ ਉੱਪਰ ਪਿੰਡ ਵੱਡਾ ਘਰ ਹੈ। ਇੱਥੇ ਵੀ ਗੁਰੂ ਸਾਹਿਬ ਦੇ ਬਿਰਾਜਣਵਾਲੀ ਜਗ੍ਹਾ ਉੱਪਰ ਗੁਰਦੁਆਰਾ ਸਾਹਿਬ ਹੈ। ਅਜੀਤਵਾਲ ਦੇ ਨੇੜੇ ਪਿੰਡ ਦੌਧਰ ਹੈ। ਇੱਕ ਹੋਰ ਪਿੰਡ ਮਧੇਅ ਹੈ, ਜਿਹੜਾ ਡਰੌਲੀ ਤੋਂ ਪੰਝੀ ਕਿਲੋਮੀਟਰ ਦੀ ਦੂਰੀ'ਤੇ ਹੈ। ਥਾਣਾ ਨਿਹਾਲ ਸਿੰਘ ਵਾਲਾ ਵਿੱਚ ਪਿੰਡ ਲੋਪੋ ਕੇ ਹੈ। ਮੋਗੇ ਤੋਂ ਕੋਟਕਪੂਰੇ ਵੱਲ ਮਹਿਰੋਂ ਪਿੰਡ ਹੈ। ਸਿੰਘਾਂਵਾਲਾ ਅਤੇ ਡਗਰੂ ਪਿੰਡ ਵੀ ਇਧਰ ਹੀ

ਹਨ। ਇਹਨਾਂ ਸਭ ਵਿੱਚ ਗੁਰੂ ਸਾਹਿਬ ਦੇ ਆਉਣ ਦੀ ਸਥਾਨਕ ਪਰੰਪਰਾਵਾਂ ਅਨੁਸਾਰ ਜਾਣਕਾਰੀ ਮਿਲਦੀ ਹੈ।[4]

ਉਕਤ ਸਾਰੇ ਪਿੰਡ ਵਰਤਮਾਨ ਜ਼ਿਲ੍ਹਾ ਮੋਗਾ ਵਿੱਚ ਹੀ ਹਨ। ਇਹਨਾਂ ਪਿੰਡਾਂ ਵਿੱਚ ਆਉਣ ਦੀ ਜਾਣਕਾਰੀ ਵਿੱਚੋਂ ਦੋ ਸਿੱਟੇ ਕੱਢੇ ਜਾ ਸਕਦੇ ਹਨ ਕਿ ਇੱਕ ਤਾਂ ਗੁਰੂ ਸਾਹਿਬ ਡਰੋਲੀ ਭਾਈ ਕੀ ਵਿਖੇ ਕਾਫ਼ੀ ਸਮਾਂ ਠਹਿਰੇ ਮੰਨੇ ਜਾ ਸਕਦੇ ਹਨ। ਦੂਜਾ ਇਹ ਕਿ ਇਸ ਇਲਾਕੇ ਵਿੱਚ ਜੱਟ-ਜਿੰਮੀਦਾਰਾਂ ਦਾ ਬੋਲਬਾਲਾ ਸੀ ਇਸ ਲਈ ਇਹਨਾਂ ਪਿੰਡਾਂ ਵਿੱਚੋਂ ਅਨੇਕਾਂ ਦੀ ਗਿਣਤੀ ਵਿੱਚ ਸਿੱਖ ਵੀ ਬਣੇ ਸਨ ਅਤੇ ਗੁਰੂ ਸਾਹਿਬ ਦਾ ਮਾਣ-ਸਤਿਕਾਰ ਵੀ ਬਹੁਤ ਹੋਇਆ ਸੀ।

ਦੂਜੀ ਵਾਰ ਗੁਰੂ ਹਰਿਗੋਬਿੰਦ ਸਾਹਿਬ ਉਸ ਸਮੇਂ ਮਾਲਵਾ ਵਿੱਚ ਆਏ ਸਨ ਜਦੋਂ ਉਹਨਾਂ ਉੱਪਰ ਕਰਤਾਰਪੁਰ ਵਿਖੇ ਮੁਗ਼ਲ ਅਧਿਕਾਰੀਆਂ ਵੱਲੋਂ ਹਮਲੇ ਹੋਣ ਦਾ ਖਤਰਾ ਸੀ। ਇਸ ਵਾਰ ਗੁਰੂ ਸਾਹਿਬ ਮਹਿਰਾਜ, ਫੂਲ ਆਦਿ ਪਿੰਡਾਂ ਵਿੱਚ ਆਏ ਸਨ। ਲਹਿਰਾ ਮੁਹੱਬਤ ਅਤੇ ਨਥਾਣਾ ਪਿੰਡ ਵੀ ਇਹਨਾਂ ਦੇ ਨੇੜੇ ਹਨ। ਇਹ ਪਿੰਡ ਸਿੱਧੂ-ਬਰਾੜ ਜੱਟ ਸਰਦਾਰਾਂ ਦੇ ਪਿੰਡ ਸਨ। ਇਹ ਜੱਟ-ਜ਼ਿਮੀਦਾਰ ਸਰਹਿੰਦ ਸੂਬੇ ਦੇ ਮਾਲਗੁਜ਼ਾਰ ਸਨ। ਇਹਨਾਂ ਦੀ ਮੁੱਖ ਜ਼ਿੰਮੇਵਾਰੀ ਸਰਹਿੰਦ ਦੇ ਸੂਬੇ ਨੂੰ ਆਪੋ-ਆਪਣੀ ਸਰਦਾਰੀ ਵਾਲੇ ਪਿੰਡਾਂ ਵਿੱਚੋਂ ਮਾਮਲੇ ਦੀ ਉਗਰਾਹੀ ਕਰਕੇ ਦੇਣ ਦੀ ਸੀ। ਬਾਕੀ ਅੰਦਰੂਨੀ ਪ੍ਰਬੰਧ ਵਿੱਚ ਇਹ ਜੱਟ-ਜ਼ਿਮੀਦਾਰ ਪੂਰੀ ਤਰ੍ਹਾਂ ਸੁਤੰਤਰ ਸਨ। ਕਿਉਂਕਿ ਮਾਲਵਾ ਉਪਜਾਊ ਧਰਤੀ ਨਹੀਂ ਸੀ ਨਾ ਹੀ ਇੱਥੇ ਪਾਣੀ ਸੀ ਫਸਲਾਂ ਕੋਈ ਬਹੁਤੀਆਂ ਨਹੀਂ ਹੁੰਦੀਆਂ ਸਨ। ਇਸ ਲਈ ਮੁਗ਼ਲ ਅਧਿਕਾਰੀਆਂ ਦੀ ਇਸ ਇਲਾਕੇ ਵਿੱਚ ਕੋਈ ਦਿਲਚਸਪੀ ਨਹੀਂ ਸੀ।

ਇਹ ਗੱਲ ਧਿਆਨ ਦੇਣ ਯੋਗ ਹੈ ਕਿ ਇਹ ਜੱਟ-ਜ਼ਿੰਮੀਦਾਰ ਸਰਹਿੰਦ ਸੂਬੇ ਦੇ ਨਾ ਹੀ ਤਾਂ ਜਾਗੀਰਦਾਰ ਸਨ ਅਤੇ ਨਾ ਹੀ ਕੋਈ ਫ਼ੌਜਦਾਰ ਸਨ। ਇਹ ਆਪੋ-ਆਪਣੇ ਕਬੀਲਿਆਂ ਅਨੁਸਾਰ ਰਹਿੰਦੇ ਸਨ। ਕਿਸੇ ਕਬੀਲੇ ਦੇ ਬਹੁਤੇ ਪਿੰਡ ਹੁੰਦੇ ਸਨ ਅਤੇ ਕਿਸੇ ਦੇ ਥੋੜ੍ਹੇ। ਪਰ ਜਿੰਨੇ ਵੀ ਪਿੰਡ ਕਿਸੇ ਕਬੀਲੇ

---

4 ਇਹਨਾਂ ਥਾਵਾਂ ਤੇ ਜਾਣ-ਆਉਣ ਦੀ ਜਾਣਕਾਰੀ ਮੁੱਖ ਤੌਰ 'ਤੇ ਗਿਆਨੀ ਗਿਆਨ ਸਿੰਘ ਵੱਲੋਂ ਹੀ ਦਿੱਤੀ ਗਈ ਹੈ। *ਗੁਰਧਾਮ ਸੰਗ੍ਰਹਿ*, ਅੰਮ੍ਰਿਤਸਰ, 1999, ਪੰਨੇ 76-77; *ਗੁਰਧਾਮ ਦੀਦਾਰ* ਅਰਥਾਤ *ਗੁਰਧਾਮ ਦਰਪਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, 2005, ਪੰਨੇ 137-39.

(ਗੋਤ) ਦੇ ਹੁੰਦੇ ਸਨ ਉਹਨਾਂ ਪਿੰਡਾਂ ਵਿੱਚ ਉਸੇ ਗੋਤ ਦੇ ਜ਼ਿਮੀਦਾਰਾਂ ਦੀ ਹੀ ਸਰਦਾਰੀ ਹੁੰਦੀ ਸੀ। ਇਹ ਜੱਟ ਕਬੀਲੇ ਮੁੱਢ-ਕਦੀਮੋਂ ਧਾੜਾਂ ਮਾਰਨ ਦਾ ਧੰਦਾ ਕਰਦੇ ਆ ਰਹੇ ਸਨ। ਇਸ ਕਰਕੇ ਹਰ ਜੱਟ ਕਬੀਲੇ ਕੋਲ ਉਸ ਕਬੀਲੇ ਦੀ ਗਿਣਤੀ ਮੁਤਾਬਕ ਘੋੜਸਵਾਰ ਜਾਂ ਊਠ-ਸਵਾਰ ਲੋਕ ਹੁੰਦੇ ਸਨ। ਮੁਗ਼ਲ ਅਧਿਕਾਰੀ ਲੋੜ ਪੈਣ ਤੇ ਇਹਨਾਂ ਦੀ ਸੈਨਿਕ ਮਦਦ ਲੈ ਲੈਂਦੇ ਸਨ। ਇਹ ਜੱਟ-ਜ਼ਿੰਮੀਦਾਰ ਆਪੋ-ਆਪਣੇ ਕਬੀਲੇ ਦੇ ਪਿੰਡਾਂ ਵਿੱਚੋਂ ਨੀਅਤ ਕੀਤੇ ਹਿੱਸੇ ਦਾ ਮੁਆਮਲਾ ਉਗਰਾਹ ਕੇ ਸਰਕਾਰ ਨੂੰ ਹਰ ਹਾੜੀ-ਸਾਉਣੀ ਸਮੇਂ ਦੇ ਦਿੰਦੇ ਸਨ। ਇਹੋ-ਜਿਹਾ ਇੱਕ ਢਿੱਲਾ ਜਿਹਾ, ਇਹਨਾਂ ਜੱਟ-ਕਬੀਲਿਆਂ ਦਾ ਅਤੇ ਸੂਬੇ ਦੀ ਸਰਕਾਰ ਦਾ ਪ੍ਰਬੰਧਕੀ ਸਬੰਧ ਸੀ। ਮਾਝੇ ਅਤੇ ਦੁਆਬੇ ਦਾ ਰਾਜ-ਪ੍ਰਬੰਧ ਮਾਲਵਾ ਨਾਲੋਂ ਵੱਖਰਾ ਸੀ। ਇਹਨਾਂ ਵਿੱਚ ਰਾਜ-ਪ੍ਰਬੰਧ ਮਜ਼ਬੂਤ ਸੀ ਅਤੇ ਮੁਆਮਲਾ ਉਗਰਾਹੁਣ ਦਾ ਪ੍ਰਬੰਧ ਪੱਕੀਆਂ ਲੀਹਾਂ ਤੇ ਸੀ। ਮਾਲਵਾ ਵਿੱਚ ਇਹਨਾਂ ਜੱਟ ਕਬੀਲਿਆਂ ਦੀ ਹੀ ਸਰਦਾਰੀ ਸੀ।

ਮੁਗ਼ਲਾਂ ਦੇ ਸਮੇਂ ਵਿੱਚ ਜੱਟ ਕਬੀਲਿਆਂ ਨੇ ਬਾਬਰ ਦੀ ਮਦਦ ਕੀਤੀ ਸੀ। ਇਹ ਬਾਬਰ ਦੇ ਸਮੇਂ ਤੋਂ ਹੀ ਮਾਲਵਾ ਵਿੱਚ ਆਪੋ-ਆਪਣੀ ਚੌਧਰ ਨੂੰ ਕਾਇਮ ਰੱਖਦੇ ਆ ਰਹੇ ਸਨ। ਦੂਜੇ ਮੁਗ਼ਲ ਬਾਦਸ਼ਾਹਾਂ ਸਮੇਂ ਵੀ ਇਹ ਕਬੀਲੇ ਮੁਗ਼ਲ ਹਕੂਮਤ ਨਾਲ ਸਹਿਯੋਗ ਕਰਦੇ ਆ ਰਹੇ ਸਨ। ਇਸ ਕਰਕੇ ਮੁਗ਼ਲਾਂ ਦੇ ਸਮੇਂ ਵੀ ਕਿਸੇ ਵੀ ਸ਼ਾਸ਼ਕ ਨੇ ਇਹਨਾਂ ਜੱਟ ਕਬੀਲਿਆਂ ਦੀ ਅੰਦਰੂਨੀ ਸਰਦਾਰੀ ਨੂੰ ਖ਼ਤਮ ਕਰਨ ਦੀ ਜਾਂ ਇਹਨਾਂ ਦੀ ਤਾਕਤ ਨੂੰ ਕੁਚਲਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਸੀ। ਇਹ ਕਬੀਲੇ ਮੁਗ਼ਲ ਸਾਮਰਾਜ ਪ੍ਰਤੀ ਦੋ ਗੱਲਾਂ ਦੀ ਪੱਕੀ ਪਾਲਣਾ ਕਰਦੇ ਆ ਰਹੇ ਸਨ। ਇੱਕ ਇਹ ਕਿ ਇਨ੍ਹਾਂ ਨੇ ਮੁਗ਼ਲਾਂ ਦੀ ਹਕੂਮਤ ਨੂੰ ਉਲਟਾਉਣ ਵੱਲ ਕਦੇ ਧਿਆਨ ਨਹੀਂ ਦਿੱਤਾ ਸੀ। ਦੂਜੀ ਇਹ ਕਿ ਇਨ੍ਹਾਂ ਦੇ ਜ਼ਿੰਮੇ ਜਿਨ੍ਹਾਂ ਵੀ ਹਾੜੀ-ਸਾਉਣੀ ਦਾ ਮਾਮਲਾ ਨੀਅਤ ਕੀਤਾ ਹੁੰਦਾ ਸੀ ਇਹ ਉਨ੍ਹਾਂ ਹੀ ਲਗਾਤਾਰ ਭਰਦੇ ਆਉਂਦੇ ਸਨ। ਮਾਲਵਾ ਸਮੁੱਚੇ ਰੂਪ ਵਿੱਚ ਸਰਹਿੰਦ ਦੇ ਫ਼ੌਜਦਾਰ ਦੇ ਅਧੀਨ ਹੁੰਦਾ ਸੀ। ਪਰ ਫਿਰ ਵੀ ਕੁਝ ਨਵਾਬੀਆਂ ਜਾਂ ਕੁਝ ਇਲਾਕੇ ਮਾਲਵਾ ਦੇ ਅਜਿਹੇ ਸਨ ਜਿਹੜੇ ਆਪਣੇ-ਆਪ ਵਿੱਚ ਸੁਤੰਤਰ ਸਨ ਜਿਵੇਂ ਬੋਹਾ-ਬੁਢਲਾਢਾ ਦੇ ਭੱਟੀ ਕਬੀਲੇ, ਜਾਂ ਈਸਾ ਖਾਂ ਮੰਝ ਦਾ ਮਲੋਟ, ਮੁਕਤਸਰ ਅਤੇ ਫ਼ਿਰੋਜ਼ਪੁਰ ਵੱਲ ਦਾ ਪਚਾਧਿਆਂ ਦਾ ਖੇਤਰ ਸੀ। ਇਹ ਅੰਦਰੂਨੀ ਤੌਰ ਤੇ ਸੁਤੰਤਰ ਸਨ। ਮਾਲਵਾ ਦੇ ਬਰਾੜ ਕਬੀਲੇ ਵੀ ਅਰਧ-ਸੁਤੰਤਰ ਚਲੇ ਆ ਰਹੇ ਸਨ। ਹੋਰ ਤਾਂ ਹੋਰ ਦੀਨਾ-ਕਾਂਗੜ ਦੇ ਧਾਲੀਵਾਲ ਜੱਟ ਸੁਤੰਤਰ ਸਨ। ਇਹਨਾਂ ਦਾ ਕਿਸੇ ਨਾ ਕਿਸੇ ਬਾਦਸ਼ਾਹ ਨਾਲ ਕੁੜਮਾਚਾਰੀ ਵਾਲਾ ਰਿਸ਼ਤਾ

ਹੁੰਦਾ ਸੀ। ਜਿਸ ਵੀ ਕਬੀਲੇ ਦੇ ਕਿਸੇ ਨਾ ਕਿਸੇ ਮੁਗ਼ਲ ਬਾਦਸ਼ਾਹ ਨਾਲ ਕੁੜਮਾਚਾਰੀ ਵਾਲੇ ਸਬੰਧ ਬਣ ਜਾਂਦੇ ਸਨ ਉਹ ਤਕਰੀਬਨ ਸੁਤੰਤਰ (ਸਟੇਟਸ) ਹੀ ਅਖ਼ਤਿਆਰ ਕਰ ਲੈਂਦਾ ਸੀ। ਜੱਟ ਕਬੀਲਿਆਂ ਵਿੱਚ ਪੰਚਾਇਤੀ ਪ੍ਰਬੰਧ ਪ੍ਰਚਲਿਤ ਸੀ। ਖੁਸ਼ਵੰਤ ਸਿੰਘ ਲਿਖਦਾ ਹੈ ਕਿ ਜੱਟਾਂ ਦਾ ਹਰ ਇੱਕ ਪਿੰਡ ਹੀ ਇੱਕ ਤਰ੍ਹਾਂ ਦਾ ਛੋਟਾ ਗਣਰਾਜ ਹੀ ਸੀ।[5]

ਚੌਥਾ ਅਧਿਆਇ ਗੁਰੂ ਹਰਿ ਰਾਇ ਦੇ ਮਾਲਵਾ ਵਿਚਲੇ ਪਰਚਾਰ ਦੌਰੇ ਦਾ ਹੈ। ਗੁਰੂ ਹਰਿ ਰਾਇ ਸਾਹਿਬ ਨੇ ਮਾਲਵਾ ਵਿੱਚ ਕਾਫੀ ਸਮਾਂ ਗੁਜ਼ਾਰਿਆ ਸੀ। ਕਿਉਂਕਿ ਉਨਾਂ ਦੇ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਪਹਿਲਾਂ ਮਾਲਵਾ ਵਿੱਚ ਆ ਚੁੱਕੇ ਸਨ ਅਤੇ ਇੱਥੇ ਮੁਗ਼ਲ ਅਧਿਕਾਰੀਆਂ ਵਿਰੁੱਧ ਇੱਕ ਸਫ਼ਲ ਲੜਾਈ ਵੀ ਲੜ ਚੁੱਕੇ ਸਨ। ਇਸ ਲਈ ਉਨ੍ਹਾਂ ਥਾਵਾਂ ਤੇ ਗੁਰੂ ਹਰਿ ਰਾਇ ਸਾਹਿਬ ਦਾ ਜਾਣਾ ਕੁਦਰਤੀ ਗੱਲ ਸੀ। ਅੱਜ ਕਲ ਜਿਹੜੀਆਂ ਥਾਵਾਂ ’ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿੱਚ ਗੁਰਦੁਆਰੇ ਬਣੇ ਹੋਏ ਹਨ ਇਨ੍ਹਾਂ ਵਿੱਚੋਂ, ਸਥਾਨਕ ਪਰੰਪਰਾਵਾਂ ਅਨੁਸਾਰ, ਗੁਰਧਾਮ ਗੁਰੂ ਹਰਿ ਰਾਇ ਸਾਹਿਬ ਦੀ ਪ੍ਰੇਰਨਾ ਨਾਲ ਬਣਾਏ ਗਏ ਸਨ।

ਗੁਰੂ ਹਰਿ ਰਾਇ ਸਾਹਿਬ ਜਦੋ ਮਾਲਵਾ ਵਿੱਚ ਧਰਮ-ਪਰਚਾਰ ਕਰ ਰਹੇ ਸਨ ਤਾਂ ਉਸ ਸਮੇਂ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਭੁੱਲਰ ਅਤੇ ਸਿੱਧੂ-ਬਰਾੜਾਂ ਦੇ ਜੱਟ ਕਬੀਲਿਆਂ ਵਿੱਚ ਏਕਤਾ ਕਰਵਾਉਣ ਦੀ ਸੀ। ਭੁੱਲਰ ਇੱਕ ਸੁਤੰਤਰ ਜੱਟ ਕਬੀਲਾ ਸੀ ਜਿਸ ਦਾ ਵਰਤਮਾਨ ਮਹਿਰਾਜ, ਰਾਮਪੁਰਾ, ਫੂਲ ਅਤੇ ਨਥਾਣਾ ਆਦਿ ਪਿੰਡਾਂ ਵਾਲੀ ਜ਼ਮੀਨ ’ਤੇ ਕਬਜ਼ਾ ਸੀ। ਇਹ ਪਿੰਡ ਉਸ ਸਮੇਂ ਇੱਥੇ ਵਸਾਏ ਨਹੀਂ ਸੀ ਗਏ। ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਦੇ ਸਮੇਂ ਭੁੱਲਰਾਂ ਦਾ ਮੁਖੀ ਜੈਦ ਪੁਰਾਣਾ ਸੀ। ਦੂਜੇ ਪਾਸੇ ਸਿੱਧੂ-ਬਰਾੜਾਂ ਦਾ ਜੱਟ ਕਬੀਲਾ ਸੀ। ਇਸ ਕਬੀਲੇ ਦੀ ਮਾਲਵਾ ਵਿੱਚ ਕਿਤੇ ਵੀ ਮਾਲਕੀਅਤ ਨਹੀਂ ਸੀ। ਇਹ ਕਬੀਲਾ ਗੈਰ-ਮੌਰੂਸੀ ਹੀ ਸੀ। ਗੈਰ-ਮੌਰੂਸੀ ਦਾ ਮਤਲਬ ਹੈ ਕਿ ਜ਼ਮੀਨ ਰਹਿਤ ਅਤੇ ਟੱਪਰੀਵਾਸ ਕਬੀਲਾ ਹੋਣਾ। ਭਾਵੇ ਸਿੱਧੂ-ਬਰਾੜਾਂ ਦੀ ਗਿਣਤੀ ਬਹੁਤ ਸੀ ਪਰ ਗੈਰ-ਮੌਰੂਸੀ ਹੋਣ ਕਰਕੇ ਕਿਸੇ ਇੱਕ ਵੀ ਥਾਂ ’ਤੇ ਕੋਈ ਪੱਕਾ ਵਸੇਬਾ ਨਹੀਂ ਸੀ। ਸਿੱਧੂ ਵਿਅਕਤੀ ਤੋਂ ਹੀ ਇਸ ਦੀ ਸੰਤਾਨ ਦਾ ਗੋਤ ਸਿੱਧੂ ਪਰਚੱਲਤ ਹੋ ਗਿਆ ਸੀ। ਫਿਰ ਸਿੱਧੂ ਦੀ ਨੌਵੀਂ ਪੀੜ੍ਹੀ ਵਿੱਚ ਬਰਾੜ ਨਾਂ ਦਾ ਵਿਅਕਤੀ ਹੋਇਆ ਸੀ। ਇਹ ਬਰਾੜ ਆਪਣੇ ਸਮੇਂ ਦਾ ਬਹੁਤ ਦਲੇਰ ਅਤੇ ਨਿਡਰ ਯੋਧਾ ਸੀ। ਬਰਾੜ ਨੇ ਬਹੁਤ ਵਿਅਕਤੀ ਇਕੱਠੇ ਕਰ ਲਏ ਸਨ ਅਤੇ ਬਹੁਤ

---

5 Khushwant Singh, *A History of the Sikhs*, Vol.I, Oxford, 2011, p. 15.

ਦੂਰ-ਦੂਰ ਤਕ ਧਾੜਾਂ ਮਾਰਦਾ ਚਲਾ ਜਾਂਦਾ ਸੀ। ਇਸ ਕਰਕੇ ਹੀ ਬਰਾੜ ਤੋਂ ਉਸ ਦੀ ਸੰਤਾਨ ਨੇ ਆਪਣੇ-ਆਪ ਨੂੰ ਬਰਾੜ ਗੋਤ ਵਾਲੇ ਜੱਟ ਹੀ ਅਖਵਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਸਿੱਧੂ ਦੀ ਸੰਤਾਨ ਦੋ ਗੋਤਾਂ ਵਿੱਚ ਵੰਡੀ ਗਈ ਸੀ। ਇੱਕ ਸਿੱਧੂ ਗੋਤ ਦੇ ਜੱਟ ਸਨ ਅਤੇ ਦੂਜੇ ਬਰਾੜ ਗੋਤ ਦੇ ਜੱਟ ਸਨ। ਬਰਾੜ ਦੀ ਬਾਰਵੀਂ ਪੀੜ੍ਹੀ ਤੋਂ ਇੱਕ ਫੂਲ ਨਾਂ ਦਾ ਵਿਅਕਤੀ ਪੈਦਾ ਹੋਇਆ। ਇਸ ਫੂਲ ਤੋਂ ਉਸਦੀ ਸੰਤਾਨ ਆਪਣੇ-ਆਪ ਨੂੰ ਫੂਲ ਕੇ ਅਖਵਾਉਣ ਲਗ ਪਈ ਸੀ। ਇਸ ਤਰ੍ਹਾਂ ਸਿੱਧੂ, ਬਰਾੜ ਅਤੇ ਫੂਲ ਕੇ ਭਾਵੇਂ ਇੱਕੋ ਬਜ਼ੁਰਗ ਦੀ ਸੰਤਾਨ ਸਨ ਪਰ ਇਹ ਸਮੇਂ ਦੇ ਬੀਤਣ ਨਾਲ ਉਕਤ ਤਿੰਨ ਨਾਵਾਂ ਵਾਲੇ ਜੱਟ-ਗੋਤ ਜਾਂ ਪਛਾਣ ਵਾਲੇ ਧੜੇ (ਉਪ-ਗੋਤ) ਬਣ ਗਏ ਸਨ। ਇਨ੍ਹਾਂ ਤਿੰਨਾਂ ਵਿੱਚੋਂ ਜਿਹੜੇ ਵਿਅਕਤੀ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਦੇ ਸੰਪਰਕ ਵਿੱਚ ਆਏ ਸਨ ਉਹ ਬਰਾੜ ਸਨ ਅਤੇ ਇਨ੍ਹਾਂ ਦੇ ਮੁਖੀ ਪੱਖੋ, ਪੱਖੋ ਦਾ ਪੁੱਤਰ ਮੋਹਨ ਫਿਰ ਮੋਹਨ ਦੇ ਪੁੱਤਰ ਰੂਪ ਚੰਦ ਅਤੇ ਕਾਲਾ, ਰੂਪ ਚੰਦ ਦੇ ਪੁੱਤਰ ਸੰਦਲੀ ਅਤੇ ਫੂਲ ਸਨ।

ਜਿਸ ਸਮੇਂ ਗੁਰੂ ਹਰਿ ਰਾਇ ਸਾਹਿਬ ਭੁੱਲਰ ਜੱਟਾਂ ਦੇ ਇਲਾਕੇ ਵਿੱਚ ਆਏ ਸਨ ਤਾਂ ਸਿੱਧੂ ਕਬੀਲੇ ਦੇ ਮੁਖੀਆਂ ਨੇ ਆਪਣੀ ਸਮੱਸਿਆ ਨੂੰ ਗੁਰੂ ਹਰਿ ਰਾਇ ਸਾਹਿਬ ਕੋਲ ਰੱਖਣ ਦਾ ਵਿਚਾਰ ਕੀਤਾ। ਸਮੱਸਿਆ ਰੱਖਦਿਆਂ ਸਿੱਧੂ ਕਬੀਲੇ ਦੇ ਮੁਖੀਆਂ ਨੇ ਗੁਰੂ ਕੋਲ ਇਹ ਬੇਨਤੀ ਕੀਤੀ ਕਿ ਜੇਕਰ ਗੁਰੂ ਸਾਹਿਬ ਆਪਣਾ ਅਸਰ-ਰਸੂਖ ਵਰਤ ਕੇ ਭੁੱਲਰਾਂ ਕੋਲੋਂ ਪੰਜ ਹਲਾਂ ਦੀ ਜ਼ਮੀਨ ਸਿੱਧੂਆਂ ਨੂੰ ਦਿਵਾ ਦੇਣ ਤਾਂ ਉਹ ਉੱਥੇ ਆਪਣਾ ਪਿੰਡ ਪੱਕੇ ਤੌਰ ਤੇ ਵਸਾ ਸਕਦੇ ਹਨ ਅਤੇ ਆਪਣੀ ਲੋੜ ਅਨੁਸਾਰ ਖੂਹ ਵੀ ਲਗਵਾ ਸਕਦੇ ਹਨ।

ਗੁਰੂ ਸਾਹਿਬ ਨੇ ਭੁੱਲਰਾਂ ਦੇ ਮੁਖੀ ਲੋਕਾਂ ਨੂੰ ਆਪਣੇ ਕੋਲ ਬੁਲਾਇਆ ਤੇ ਉਨ੍ਹਾਂ ਨਾਲ ਸਿੱਧੂ ਕਬੀਲੇ ਦੇ ਲੋਕਾਂ ਦੀ ਮੰਗ ਬਾਰੇ ਵਿਚਾਰ ਕੀਤਾ। ਭੁੱਲਰਾਂ ਦਾ ਸਭ ਤੋਂ ਵੱਡਾ ਮੁਖੀ ਨੇਤਾ, ਜੈਦ ਪੁਰਾਣਾ ਸੀ। ਇਸ ਦਾ ਪਿੰਡ ਭੈਂਖੜੀ ਸੀ। ਭੈਂਖੜੀ ਇਸ ਪਿੰਡ ਦਾ ਪੁਰਾਣਾ ਨਾਂ ਹੈ ਅਤੇ ਅੱਜ ਪਿੰਡ ਦਾ ਨਾਂ ਗੁਰੂ ਹਰਿ ਰਾਇਪੁਰ ਹੈ। ਭੈਂਖੜੀ ਦਾ ਅਰਥ ਹੈ ਕਿ ਇਸ ਪਿੰਡ ਨੂੰ ਜਿਸ ਮਾਤਾ ਦੀ ਔਲਾਦ ਨੇ ਵਸਾਇਆ ਸੀ ਉਹ ਬਹੁਤ ਦਲੇਰ ਅਤੇ ਨਿਡਰ ਔਰਤ ਸੀ। ਉਹ ਆਪਣੇ ਵਿਰੋਧੀ ਕਬੀਲੇ ਦੇ ਲੋਕਾਂ ਦਾ ਮੁਕਾਬਲਾ ਕਰਦੀ ਹੋਈ, ਪਿੱਛੇ ਹਟਦੀ ਹੋਈ ਜਦ ਇਸ ਥਾਂ ਤੇ ਪਹੁੰਚੀ ਸੀ ਜਾਂ ਉਸ ਨੇ ਹੌਂਸਲਾ ਕਰਦੇ ਹੋਏ ਪਿੱਛੇ ਹਟਦੀ ਹੋਈ ਨੇ ਇੱਕ ਦਮ ਖੜ੍ਹੋ ਕੇ ਅਤੇ ਪਿੱਛੇ ਮੂੰਹ ਫੇਰ ਕੇ ਅਜਿਹੀ ਬਹਾਦਰੀ ਨਾਲ, ਪਿੱਛੇ ਆ ਰਹੇ ਆਪਣੇ ਵਿਰੋਧੀਆਂ ਦਾ ਮੁਕਾਬਲਾ ਕੀਤਾ ਕੇ ਉਨ੍ਹਾਂ ਨੂੰ ਕੁੱਟ ਕੇ ਭਜਾ ਦਿੱਤਾ। ਉਸ ਮਾਤਾ ਵੱਲੋਂ ਇਸ ਤਰ੍ਹਾਂ ਪਿੱਛੇ ਮੂੰਹ ਫੇਰ ਕੇ ਮੁਕਾਬਲਾ ਕਰਨ ਦੀ ਗੱਲ ਨੂੰ

ਇੱਥੋਂ ਦੀ ਮਲਵਈ ਬੋਲੀ ਅਨੁਸਾਰ ਭੌਂ ਖੜੀ ਕਿਹਾ ਜਾਂਦਾ ਸੀ। ਭਾਵ ਕਿ ਭੌਂ ਕੇ ਖੜੋ ਗਈ ਸੀ। ਇਸ ਮਾਤਾ ਦੀ ਔਲਾਦ ਨੇ ਇਸ ਥਾਂ ਨੂੰ ਭਾਗਾਂ ਵਾਲੀ ਥਾਂ ਸਮਝ ਕੇ ਇੱਥੇ ਹੀ ਆਪਣਾ ਪਿੰਡ ਵਸਾ ਲਿਆ ਸੀ ਅਤੇ ਇਸ ਪਿੰਡ ਦਾ ਨਾਂ ਭੌਂਖੜੀ ਪ੍ਰਚਲਿਤ ਹੋ ਗਿਆ ਸੀ।

ਗੁਰੂ ਹਰਿ ਰਾਇ ਸਾਹਿਬ ਨੇ ਦੋਹਾਂ ਧਿਰਾਂ ਨੂੰ ਆਪਣੀ ਹਜ਼ੂਰੀ ਵਿੱਚ ਬਿਠਾ ਕੇ ਸਮਝੌਤਾ ਕਰਵਾ ਦਿੱਤਾ ਸੀ। ਇਸ ਤਰ੍ਹਾਂ ਸਿੱਧੂਆਂ ਨੇ ਆਪਣੇ ਆਰਜੀ ਪਿੰਡ ਨੂੰ ਪੱਕੇ ਤੌਰ ਤੇ ਵਸਾ ਲਿਆ ਸੀ ਅਤੇ ਇਸ ਪਿੰਡ ਦਾ ਨਾਂ ਮਹਿਰਾਜ (ਗੁਰੂਸਰ ਮਹਿਰਾਜ) ਰੱਖ ਲਿਆ ਸੀ। ਇਸ ਪਿੰਡ ਵਿੱਚ ਹੀ ਉਨ੍ਹਾਂ ਨੇ ਆਪਣਾ ਖੂਹ ਲਗਵਾ ਲਿਆ ਸੀ। ਪਿੱਛੋਂ ਇੱਥੋਂ ਦੇ ਸਾਰੇ ਜੱਟ ਕਬੀਲਿਆਂ ਵਿੱਚ ਆਪਸੀ ਰਿਸ਼ਤੇ-ਨਾਤੇ ਕਰਨ ਦੇ ਹੁਕਮ ਵੀ ਦਿੱਤੇ ਸਨ। ਫਲਸਰੂਪ ਮਾਲਵਾ ਦੇ ਲੱਗਭੱਗ ਸਾਰੇ ਜੱਟ ਕਬੀਲੇ ਇਕੱਠੇ ਹੋ ਗਏ ਸਨ ਅਤੇ ਉਨ੍ਹਾਂ ਸਭ ਵਿੱਚ ਗੁਰੂ ਇੱਕ ਸਾਂਝੀ ਕੜੀ ਸਨ।

ਮਾਲਵਾ ਵਿੱਚ ਜ਼ਿਆਦਾਤਰ ਜੱਟ ਕਬੀਲਾਦਾਰੀ ਸੱਭਿਆਚਾਰ ਸੀ। ਕਬੀਲਾਦਾਰੀ ਸੱਭਿਆਚਾਰ ਦਾ ਮਤਲਬ ਹੈ ਕਿ ਹਰ ਜੱਟ ਕਬੀਲੇ ਦੀਆਂ ਆਪਣੀਆਂ ਹੀ ਪਰੰਪਰਾਵਾਂ ਹੁੰਦੀਆਂ ਸਨ ਅਤੇ ਆਪਣੇ ਹੀ ਵਿਸ਼ਵਾਸ਼ ਹੁੰਦੇ ਸਨ। ਉਨਾਂ ਦੇ ਵੱਡੇ-ਵਡੇਰੇ, ਜਿੰਨਾਂ ਨੂੰ ਜਠੇਰੇ ਵੀ ਕਿਹਾ ਜਾਂਦਾ ਹੈ, ਵੀ ਆਪਣੇ-ਆਪਣੇ ਸਨ। ਇਸ ਵੱਖਰੇ-ਵੱਖਰੇ ਸੱਭਿਆਚਾਰ ਅਤੇ ਵਿਸ਼ਵਾਸ਼ ਨੇ ਜੱਟ ਕਬੀਲਿਆਂ ਨੂੰ ਇਕੱਠਾ ਨਹੀਂ ਹੋਣ ਦਿੱਤਾ ਸੀ। ਇਹ ਕੰਮ ਸਿੱਖ ਗੁਰੂ ਸਾਹਿਬਾਨ ਨੇ ਕਰਨਾ ਅਰੰਭਿਆ ਸੀ।

ਪੰਜਵਾਂ ਅਧਿਆਇ ਤੇਗ਼ ਬਹਾਦਰ ਦੇ ਮਾਲਵਾ ਅਤੇ ਬਾਂਗਰ ਇਲਾਕਿਆਂ ਦੇ ਦੌਰਿਆਂ ਨਾਲ ਸਬੰਧਿਤ ਹੈ। ਗੁਰੂ ਤੇਗ਼ ਬਹਾਦਰ ਤੋਂ ਪਹਿਲਾਂ ਉਨਾਂ ਦੇ ਪਿਤਾ, ਗੁਰੂ ਹਰਿਗੋਬਿੰਦ ਸਾਹਿਬ ਜੋ ਛੇਵੇਂ ਗੁਰੂ ਸਨ, ਮਾਲਵਾ ਦੇ ਕੁਝ ਕਬੀਲਿਆਂ ਨੂੰ ਇਕੱਠਾ ਕਰ ਚੁੱਕੇ ਸਨ ਅਤੇ ਇਨਾਂ ਦੀ ਬਹੁਤ ਮਦਦ ਗੁਰੂ ਸਾਹਿਬ ਨੂੰ ਮਿਲ ਗਈ ਸੀ। ਗੁਰੂ ਹਰਿ ਰਾਇ ਸਾਹਿਬ ਮਾਲਵਾ ਵਿੱਚ ਆ ਕੇ ਇਨ੍ਹਾਂ ਜੱਟ-ਕਬੀਲਿਆਂ ਨੂੰ, ਖਾਸ ਕਰਕੇ ਸਿੱਧੂ ਅਤੇ ਭੁੱਲਰ ਕਬੀਲਿਆਂ ਨੂੰ ਇਕੱਠਾ ਕਰ ਗਏ ਸਨ। ਇਹ ਦੋ ਗੁਰੂ ਸਾਹਿਬਾਨ, ਗੁਰੂ ਤੇਗ਼ ਬਹਾਦਰ ਤੋਂ ਪਹਿਲਾਂ ਮਾਲਵਾ ਵਿੱਚ ਮੁੱਢਲਾ ਕੰਮ ਕਰ ਚੁੱਕੇ ਸਨ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਨਾਂ ਦੋਵਾਂ ਦੇ ਮੁਕਾਬਲੇ ’ਤੇ ਜ਼ਿਆਦਾ ਦੌਰੇ ਕੀਤੇ ਸਨ। ਅੱਜ ਮਾਲਵਾ ਵਿੱਚ ਜਿਨ੍ਹੇ ਗੁਰਦੁਆਰੇ ਗੁਰੂ ਤੇਗ਼ ਬਹਾਦਰ ਜੀ ਦੀ ਯਾਦ ਵਿੱਚ ਬਣੇ ਹੋਏ ਹਨ ਉਹ ਸਾਰੇ ਹੀ ਗੁਰੂ ਸਾਹਿਬਾਨਾਂ ਦੀ ਯਾਦ ਵਿੱਚ ਬਣੇ ਗੁਰਦੁਆਰਿਆਂ ਤੋਂ ਕਿਤੇ

ਜ਼ਿਆਦਾ ਹਨ। ਗੁਰਦੁਆਰਿਆਂ ਦੀ ਇਹ ਗਿਣਤੀ ਇਸ ਗੱਲ ਦਾ ਸਬੂਤ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਨੇ ਮਾਲਵਾ ਵਿੱਚ ਬਾਕੀ ਸਭ ਗੁਰੂ ਸਾਹਿਬਾਨਾਂ ਨਾਲੋਂ ਜ਼ਿਆਦਾ ਧਰਮ-ਪਰਚਾਰ ਕੀਤਾ ਸੀ।

ਗੁਰੂ ਤੇਗ਼ ਬਹਾਦਰ ਸਾਹਿਬ ਨੇ ਮਾਲਵਾ ਅਤੇ ਬਾਂਗਰ ਖੇਤਰਾਂ ਦੇ ਜਿਹੜੇ ਦੌਰੇ ਕੀਤੇ ਸਨ ਉਨਾਂ ਨਾਲ ਇਹ ਦੋਵੇਂ ਖੇਤਰ ਸਿੱਖ ਧਰਮ ਵਿੱਚ ਆ ਚੁੱਕੇ ਸਨ। ਸ਼ਾਇਦ ਇਸ ਗੱਲ ਦਾ ਹੀ ਪ੍ਰਤੀਕਰਮ ਸੀ ਕਿ ਜੋ ਰਿਪੋਰਟਾਂ ਸੂਹੀਆਂ ਨੇ ਔਰੰਗਜ਼ੇਬ ਨੂੰ ਭੇਜੀਆਂ ਸਨ ਉਹ ਬਹੁਤ ਚੇਤਾਵਨੀ ਭਰੀਆਂ ਸਨ। ਇਨ੍ਹਾਂ ਚਿਤਾਵਨੀ ਭਰੀਆਂ ਰਿਪੋਰਟਾਂ ਤੋਂ ਪਤਾ ਲੱਗ ਜਾਂਦਾ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦੇ ਦੌਰੇ ਕਿੰਨੇ ਪ੍ਰਭਾਵਸ਼ਾਲੀ ਅਤੇ ਵਿਆਪਕ ਸਨ।

ਗੁਰੂ ਤੇਗ਼ ਬਹਾਦਰ ਦੇ ਮਾਲਵਾ ਦੌਰਿਆਂ ਬਾਰੇ ਸਿੱਟੇ ਦੇ ਰੂਪ ਵਿਚ ਕਿਹਾ ਜਾ ਸਕਦਾ ਹੈ, ਕਿ ਗੁਰੂ ਤੇਗ਼ ਬਹਾਦਰ ਦਾ ਮਾਲਵਾ ਤੇ ਬਾਂਗਰ ਦੇਸ਼ ਉੱਤੇ ਜੋ ਗਹਿਰਾ ਪ੍ਰਭਾਵ ਪਿਆ ਹੈ ਉਹ ਕੇਵਲ ਰਾਜਸੀ ਖੇਤਰ ਤੱਕ ਸੀਮਤ ਨਹੀਂ। ਉਹ ਲੋਕਾਂ ਦੇ ਸਮਾਜਿਕ ਤੇ ਸਭਿਆਚਾਰਕ ਜੀਵਨ ਵਿੱਚ ਉਸ ਤਰ੍ਹਾਂ ਪਰਗਟ ਹੋਇਆ ਹੈ। ਲੋਕਾਂ ਦੇ ਮਨਾਂ ਵਿੱਚ ਨੌਵੇਂ ਗੁਰੂ ਪ੍ਰਤੀ ਸ਼ਰਧਾ ਹੈ ਕਿ ਉਹਨਾਂ ਦੀ ਪਾਵਨ ਯਾਦ ਨਾਲ ਸਬੰਧਿਤ ਜਿੰਨੇ ਪਵਿੱਤਰ ਅਸਥਾਨ ਇਸ ਇਲਾਕੇ ਵਿੱਚ ਹਨ ਹੋਰ ਕਿਤੇ ਨਹੀਂ ਮਿਲਦੇ। ਇਨਾਂ ਗੁਰ ਅਸਥਾਨਾਂ ਦੀਆਂ ਪਰੰਪਰਾਵਾਂ ਲੋਕਾਂ ਦੇ ਜੀਵਨ ਦਾ ਇੱਕ ਅਨਿੱਖੜਵਾਂ ਅੰਗ ਬਣ ਗਈਆਂ ਹਨ। ਅਜਿਹਾ ਧੁਰਾ ਬਣ ਗਈਆਂ ਹਨ ਜਿਸ ਦੇ ਦੁਆਲੇ ਉਨਾਂ ਦਾ ਸਭਿਆਚਾਰਕ ਜੀਵਨ ਘੁੰਮਦਾ ਹੈ।[6] ਇਹ ਵੀ ਕਿ ਕੰਮ ਭਾਵੇਂ ਸਮਾਜਿਕ ਹੋਵੇ ਤੇ ਭਾਵੇਂ ਧਾਰਮਿਕ ਗੁਰੂ ਦੀ ਓਟ ਲੈਣਾ ਜ਼ਰੂਰੀ ਹੈ। ਮੁੰਡੇ ਦਾ ਵਿਆਹ ਹੋਵੇ ਭਾਵੇਂ ਕੁੜੀ ਦਾ, ਹਰ ਰਸਮ ਤੋਂ ਪਹਿਲਾਂ ਗੁਰੂ ਨੂੰ ਯਾਦ ਕੀਤਾ ਜਾਂਦਾ ਹੈ। ਉਲਾਦ ਲਈ ਸੁੱਖਣਾ ਸੁੱਖੀਆਂ ਜਾਂਦੀਆਂ ਹਨ। ਰੋਗੀ ਭਾਵੇਂ ਬੱਚਾ ਹੋਵੇ ਭਾਵੇਂ ਬੁੱਢਾ, ਭਾਵੇਂ ਆਦਮੀ ਹੋਵੇ ਭਾਵੇਂ ਔਰਤ, ਉਸ ਦੇ ਦੁੱਖ ਨਿਵਾਰਣ ਲਈ, ਗੁਰੂ ਦੇ ਪਵਿੱਤਰ ਤਲਾਵਾਂ ਵਿੱਚ ਇਸ਼ਨਾਨ ਕੀਤਾ ਜਾਂ ਕਰਵਾਇਆ ਜਾਂਦਾ ਹੈ, ਅਰਦਾਸਾਂ ਕੀਤੀਆਂ ਜਾਂਦੀਆਂ ਹਨ।"[7] ਅੱਜ ਮਾਲਵਾ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿੱਚ ਬਣੇ ਕਈ ਗੁਰਦੁਆਰਿਆਂ ਦਾ ਨਾਂ ਹੀ 'ਦੂਖ ਨਿਵਾਰਣ'

---

6 ਫ਼ੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ-ਚਿੰਨ੍ਹ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨਾ-XI (ਭੂਮਿਕਾ)।

7 *ਉਹੀ,* ਪੰਨਾ ਓਹੀ।

ਰੱਖਿਆ ਹੋਇਆ ਹੈ। ਮਲਵਈਆਂ ਦਾ ਵਿਸ਼ਵਾਸ਼ ਇਸ ਹੱਦ ਤੱਕ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਜੁੜ ਚੁੱਕਿਆ ਹੈ ਕਿ ਉਹ ਸਮਝਦੇ ਹਨ ਕਿ ਗੁਰੂ ਸਾਹਿਬ ਦੇ ਕੀਤੇ ਹੋਏ ਬਚਨ ਉਨਾਂ ਦੇ ਹਰ ਦੁੱਖ ਨੂੰ ਦੂਰ ਕਰਨ ਵਿੱਚ ਸੱਚੇ ਸਾਬਤ ਹੋਣਗੇ। ਲੋਕਾਂ ਦਾ ਅਜਿਹਾ ਵਿਸ਼ਵਾਸ਼ ਬੇਸ਼ੱਕ ਵਿਗਿਆਨਕ ਨਜ਼ੱਰੀਏ ਤੋਂ ਘੱਟ-ਵੱਧ ਹੀ ਠੀਕ ਹੋਵੇ ਪਰ ਲੋਕਾਂ ਦਾ ਇਹ ਵਿਸ਼ਵਾਸ਼ ਗੁਰੂ ਸਾਹਿਬ ਪ੍ਰਤੀ ਉਨਾਂ ਦੀ ਸ਼ਰਧਾ ਨੂੰ ਜ਼ਰੂਰ ਦਰਸਾਉਂਦਾ ਹੈ। ਸ਼ਰਧਾ ਅਤੇ ਵਿਸ਼ਵਾਸ਼ ਹੀ ਕਿਸੇ ਧਰਮ ਦਾ ਬੁਨਿਆਦੀ ਤੱਤ ਹੁੰਦਾ ਹੈ ਅਤੇ ਗੁਰੂ ਸਾਹਿਬ ਨੇ ਮਾਲਵਾ ਦੇ ਲੋਕਾਂ ਵਿੱਚ ਇਹ ਸ਼ਰਧਾ ਤੇ ਵਿਸ਼ਵਾਸ ਪੂਰੀ ਤਰ੍ਹਾਂ ਭਰ ਦਿੱਤਾ ਸੀ। ਇਨਾਂ ਗੱਲਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸੱਭਿਆਚਾਰਕ ਤੇ ਸਮਾਜਿਕ ਪੱਖ ਤੋਂ ਗੁਰੂ ਦੀ ਪਵਿੱਤਰ ਯਾਦ ਨਾਲ ਸਬੰਧਿਤ ਸਥਾਨਕ ਪਰੰਪਰਾਵਾਂ ਇੱਕ ਠੋਸ ਸਮਾਜੀ ਹਕੀਕਤ ਹਨ। ਜਿਸ ਨੂੰ ਧਿਆਨ ਗੋਚਰੇ ਕੀਤੇ ਬਿਨਾਂ ਲੋਕਾਂ ਦੇ ਸਾਧਾਰਨ ਤੇ ਵਾਸਤਵਿਕ ਜੀਵਨ ਨੂੰ ਸਮਝਣਾ ਅਸੰਭਵ ਹੈ।

ਛੇਵਾਂ ਅਧਿਆਇ ਗੁਰੂ ਗੋਬਿੰਦ ਸਿੰਘ ਦਾ ਮਾਲਵਾ ਵਿੱਚ ਠਹਿਰਾਅ ਅਤੇ ਜ਼ਫ਼ਰਨਾਮਾ ਲਿਖਣ ਨਾਲ ਸਬੰਧਿਤ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਤੱਕ ਦੇ ਸਮੁੱਚੇ ਸਿੱਖ ਪਰਚਾਰ ਦਾ ਸਿੱਟਾ ਦਸਵੇਂ ਪਾਤਿਸ਼ਾਹ, ਗੁਰੂ ਗੋਬਿੰਦ ਸਿੰਘ ਦੇ ਉਸ ਸਮੇਂ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਜਾਂਦਾ ਹੈ ਜਦੋਂ ਉਨ੍ਹਾਂ ਨੇ ਆਨੰਦਪੁਰ ਸਾਹਿਬ ਨੂੰ ਛੱਡ ਕੇ, ਚਮਕੌਰ ਸਾਹਿਬ ਰਾਹੀਂ ਲੜਾਈ ਕਰਦਿਆਂ ਮਾਲਵਾ ਵਿੱਚ ਪਰਵੇਸ਼ ਕੀਤਾ ਸੀ। ਇਹ ਸਮਾਂ ਗੁਰੂ ਗੋਬਿੰਦ ਸਿੰਘ ਲਈ ਬਹੁਤ ਸੰਕਟਮਈ ਸੀ। ਪਰ ਜਿਉਂ ਹੀ ਉਹ ਮਾਲਵਾ ਵਿੱਚ ਆਏ ਅਤੇ ਮਾਲਵਾ ਦੇ ਪਿੰਡਾਂ ਵਿੱਚੋਂ ਨਵਾਂ ਖ਼ਾਲਸਾ ਭਰਤੀ ਕਰਕੇ ਖਿਦਰਾਣੇ ਦੀ ਢਾਬ 'ਤੇ ਜੋ ਲੜਾਈ ਲੜੀ ਸੀ ਉਹ ਉਨ੍ਹਾਂ ਦੇ ਜੀਵਨ ਦੀ ਫ਼ੈਸਲਾਕੁਨ ਲੜਾਈ ਸੀ।

ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਦੀ ਲੰਮੀ ਰਿਹਾਇਸ਼ ਨੇ ਦਰਸਾ ਦਿੱਤਾ ਸੀ ਕਿ ਮਾਲਵਾ ਉਨ੍ਹਾਂ ਦੀ ਸ਼ਕਤੀ ਦਾ ਇੱਕ ਬਹੁਤ ਮਜ਼ਬੂਤ ਕੇਂਦਰ ਸੀ। ਇੱਥੋਂ ਹੀ ਉਨ੍ਹਾਂ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ ਸੀ। ਜ਼ਫ਼ਰਨਾਮਾ ਇੱਕ ਅਜਿਹਾ ਤੱਥ ਅਤੇ ਦਸਤਾਵੇਜ਼ ਹੈ ਜਿਹੜਾ ਮਾਲਵਾ ਨੂੰ ਸਿੱਖ ਧਰਮ ਦਾ ਕੇਂਦਰ ਦਰਸਾਉਣ ਵਿੱਚ ਸਹਾਈ ਹੁੰਦਾ ਹੈ। ਤਲਵੰਡੀ ਸਾਬੋ ਨੂੰ ਉਸ ਸਮੇਂ ਦੇ ਮਾਲਵਾ ਦਾ ਸਿੱਖ ਕੇਂਦਰ ਕਿਹਾ ਜਾ ਸਕਦਾ ਹੈ ਕਿਉਂਕਿ ਇੱਥੇ ਰਹਿ ਕੇ ਗੁਰੂ ਗੋਬਿੰਦ ਸਿੰਘ ਵੱਲੋਂ ਅਜਿਹੇ ਕੰਮ ਕੀਤੇ ਗਏ ਸਨ ਜਿੰਨ੍ਹਾਂ ਨੇ ਮਾਲਵਾ ਨੂੰ ਸਿੱਖ ਇਤਿਹਾਸ ਵਿੱਚ ਸਦਾ ਲਈ ਅਮਰ ਕਰ ਦਿੱਤਾ ਹੈ। ਸਭ ਤੋਂ ਵੱਡਾ ਕੰਮ ਸੀ ਗੁਰੂ

ਗ੍ਰੰਥ ਸਾਹਿਬ ਦੀ 1604 ਈਸਵੀ ਵਾਲੀ ਬੀੜ ਨੂੰ ਫਿਰ ਤੋਂ ਦੁਬਾਰਾ ਸੰਪਾਦਿਤ ਕਰ ਕੇ ਗੁਰੂ ਤੇਗ਼ ਬਹਾਦਰ ਦੀ ਬਾਣੀ ਨੂੰ ਦਰਜ ਕਰਨ ਦਾ। ਇਹ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਸੀ। ਇਸ ਦਮਦਮੀ ਬੀੜ ਨੂੰ ਦਸਮ ਗੁਰੂ ਨੇ ਨਾਂਦੇੜ ਸਾਹਿਬ ਵਿਖੇ ਆਪਣੇ ਅੰਤਿਮ ਸਮੇਂ ਗੁਰਿਆਈ ਸੌਂਪ ਦਿੱਤੀ ਸੀ।

ਇਸ ਤਰ੍ਹਾਂ ਮਾਲਵਾ, ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ ਸਿੱਖ ਧਰਮ ਦਾ ਬਹੁਤ ਸ਼ਕਤੀਸ਼ਾਲੀ ਆਧਾਰ ਬਣ ਚੁੱਕਿਆ ਸੀ। ਸਿੱਖ ਧਰਮ ਦੇ ਇਸ ਆਧਾਰ ਨੇ ਆਉਣ ਵਾਲੇ ਸਮੇਂ ਵਿੱਚ ਬਹੁਤ ਯੋਗਦਾਨ ਪਾਇਆ ਸੀ। ਇੱਥੇ ਅਥਾਹ ਲੋਕ-ਸ਼ਕਤੀ ਸੀ। ਗੁਰੂ ਸਾਹਿਬਾਨ ਨੇ ਇਸ ਲੋਕ-ਸ਼ਕਤੀ ਨੂੰ ਇਕ ਜੱਥੇਬੰਦੀ ਵਿੱਚ ਪਰੋ ਦਿੱਤਾ ਸੀ। ਜੱਥੇਬੰਦੀ ਵਿੱਚ ਪਰੋਈ ਇਸ ਲੋਕ-ਸ਼ਕਤੀ ਨੇ ਆਉਣ ਵਾਲੇ ਸਮੇਂ ਵਿੱਚ ਅਜਿਹੀਆਂ ਪ੍ਰਾਪਤੀਆਂ ਕਰਕੇ ਦਿਖਾ ਦਿੱਤੀਆਂ ਸਨ ਜਿਹੜੀਆਂ ਏਸ਼ੀਆ ਅਤੇ ਵਿਸ਼ਵ ਦੇ ਇਤਿਹਾਸ ਵਿੱਚ ਵੀ ਮਿਸਾਲੀ ਬਣ ਗਈਆਂ ਹਨ।

ਸੱਤਵਾਂ ਅਧਿਆਇ ਸਿੱਟਾ ਹੈ ਗੁਰੂ ਗੋਬਿੰਦ ਸਿੰਘ ਨੇ ਆਪਣੇ ਅੰਤਿਮ ਸਮੇਂ ਆਪਣੇ ਸ਼ੁਰੂ ਕੀਤੇ ਕੰਮਾਂ ਨੂੰ ਧੁਰ-ਅੰਜ਼ਾਮ ਤੱਕ ਪਹੁੰਚਾਉਣ ਲਈ ਬੰਦਾ ਸਿੰਘ ਬਹਾਦਰ ਨੂੰ ਖ਼ਾਲਸਾ ਪੰਥ ਦਾ ਨੇਤਾ ਥਾਪ ਕੇ ਤੋਰਿਆ ਸੀ। ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਧਰਤੀ 'ਤੇ ਇੱਕ ਨਵਾਂ ਰਾਜਨੀਤਿਕ ਇੰਨਕਲਾਬ ਲਿਆਂਦਾ ਸੀ। ਇਸ ਇੰਨਕਲਾਬ ਦੀ ਮੁੱਖ ਸ਼ਕਤੀ ਮਾਲਵਾ ਦੇ ਲੋਕ ਸਨ ਜਿਹੜੇ ਭਾਈ ਫਤਿਹ ਸਿੰਘ, ਭਾਈ ਆਲੀ ਸਿੰਘ ਅਤੇ ਭਾਈ ਮਾਲੀ ਸਿੰਘ ਦੀ ਅਗਵਾਈ ਵਿੱਚ ਇਕੱਠੇ ਹੋ ਕੇ ਬੰਦਾ ਸਿੰਘ ਬਹਾਦਰ ਨਾਲ ਜਾ ਮਿਲੇ ਸਨ। ਭਾਈ ਫਤਿਹ ਸਿੰਘ ਮਾਲਵਾ ਦਾ ਸਿਰਕੱਢ ਸਰਦਾਰ ਸੀ। ਇਸ ਨੂੰ ਬੰਦਾ ਸਿੰਘ ਬਹਾਦਰ ਨੇ ਸਮਾਣਾ ਨੂੰ ਜਿੱਤ ਕੇ ਸਮਾਣਾ ਦਾ ਗਵਰਨਰ ਬਣਾਇਆ ਸੀ। ਆਲੀ ਸਿੰਘ ਅਤੇ ਮਾਲੀ ਸਿੰਘ ਮਾਲਵਾ ਦੇ ਸਿਰਕੱਢ ਸਰਦਾਰ ਸਨ। ਇਹ ਖੰਨਾ ਨੇੜੇ ਵਸੇ ਪਿੰਡ ਸਲੌਦੀ ਦੇ ਵਸਨੀਕ ਸਨ। ਇਹ ਸਰਹਿੰਦ ਵਿਖੇ ਵਜ਼ੀਰ ਖ਼ਾਨ ਦੇ ਅਧਿਕਾਰੀ ਸਨ। ਇਕ ਫ਼ੌਜਦਾਰ ਸੀ ਤੇ ਦੂਜਾ ਦੀਵਾਨ ਸੀ। ਜਦੋਂ ਬੰਦਾ ਸਿੰਘ ਬਹਾਦਰ ਆਇਆ ਸੀ ਤਾਂ ਇਹ ਦੋਵੇਂ ਭਰਾ ਆਪਣੇ ਸਰਕਾਰੀ ਪਦ ਤਿਆਗ ਕੇ ਉਸ ਨਾਲ ਜਾ ਰਲੇ ਸਨ।

ਭਾਵੇਂ ਬੰਦਾ ਸਿੰਘ ਬਹਾਦਰ ਦਾ ਸਮਾਂ ਸਿਰਫ਼ ਅੱਠ ਕੁ (1708-1716) ਸਾਲਾਂ ਦਾ ਹੀ ਸੀ ਅਤੇ ਇਸ ਦੇ ਸੰਘਰਸ਼ ਨੂੰ ਬਹੁਤ ਬੁਰੀ ਤਰ੍ਹਾਂ ਕੁਚਲ ਦਿੱਤਾ ਗਿਆ ਸੀ। ਪਰ ਇਸ ਤਰ੍ਹਾਂ ਦਾ ਸੰਕਟ ਵਾਲਾ ਸਮਾਂ ਜ਼ਿਆਦਾ ਦੇਰ ਤੱਕ ਨਹੀਂ ਰਿਹਾ ਸੀ। 1733-34 ਵਿੱਚ ਸਿੱਖ ਸੰਘਰਸ਼ ਮਿਸਲਾਂ ਦੇ ਰੂਪ ਵਿੱਚ ਫਿਰ ਤੋਂ ਸ਼ੁਰੂ

ਹੋ ਗਿਆ ਸੀ। ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿੱਚੋਂ ਇੱਕ ਮਿਸਲ ਫੂਲਕੀਆਂ ਘਰਾਣੇ ਦੀ ਸੀ। ਇਹ ਫੂਲਕੀਆਂ ਘਰਾਣਾ ਉਹ ਸੀ ਜਿਹੜਾ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਦਾ ਮਦਦਗਾਰ ਹੋ ਕੇ ਮੁਗ਼ਲਾਂ ਨਾਲ ਲੜਿਆ ਸੀ ਅਤੇ ਜਿਸ ਨੂੰ ਗੁਰੂ ਹਰਿ ਰਾਇ ਸਾਹਿਬ ਨੇ ਪੱਕੇ ਪੈਰਾਂ ’ਤੇ ਖੜੇ ਹੋਣ ਵਿੱਚ ਬਹੁਤ ਮਦਦ ਕੀਤੀ ਸੀ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਮਾਲਵਾ ਦੇ ਜੱਟ ਘਰਾਣਿਆਂ ਵਿੱਚੋਂ ਸਿੱਧੂ ਅਤੇ ਬਰਾੜ ਘਰਾਣਿਆਂ ਨੇ ਬਹੁਤ ਤਰੱਕੀ ਕੀਤੀ ਹੈ। ਫੂਲਕੀਆਂ ਘਰਾਣਾ ਸਿੱਧੂ ਅਤੇ ਬਰਾੜ ਘਰਾਣਾ ਹੀ ਸੀ। ਫੂਲਕੀਆਂ ਮਿਸਲ ਦਾ ਮੋਢੀ ਬਾਬਾ ਆਲਾ ਸਿੰਘ ਸੀ। ਇਸੇ ਮਿਸਲ ਦੇ ਨੇਤਾਵਾਂ ਨੇ ਹੀ ਮਾਲਵਾ ਵਿੱਚ ਛੇ ਰਿਆਸਤਾਂ ਕਾਇਮ ਕਰ ਲਈਆਂ ਸਨ। ਇਹ ਰਿਆਸਤਾਂ ਸਨ। 1. ਪਟਿਆਲਾ, 2. ਨਾਭਾ 3. ਜੀਂਦ (ਸੰਗਰੂਰ) 4. ਕੈਥਲ 5. ਕਲਸੀਆਂ ਅਤੇ 6. ਫਰੀਦਕੋਟ। ਬੇਸ਼ੱਕ ਸਾਰਾ ਮਾਲਵਾ ਖੇਤਰ ਇਨ੍ਹਾਂ ਛੇ ਰਿਆਸਤਾਂ ਵਿੱਚ ਸ਼ਾਮਿਲ ਨਹੀਂ ਸੀ ਕਿਉਂਕਿ ਮਾਲਵਾ ਦਾ ਕੁਝ ਹਿੱਸਾ ਬਾਕੀ ਦੀਆਂ ਮਿਸਲਾਂ ਵਿੱਚ ਵੀ ਸ਼ਾਮਿਲ ਸੀ। ਪਰ ਇਹ ਪੱਖ ਦੇਖਣ ਵਾਲਾ ਹੈ ਕਿ ਸਾਰਾ ਮਾਲਵਾ ਸਿੱਖਾਂ ਦੇ ਕਬਜ਼ੇ ਵਿੱਚ ਸੀ। ਇਹ ਗੱਲ ਬਹੁਤ ਮਹੱਤਵਪੂਰਨ ਹੈ। ਮਾਲਵਾ ਵਿੱਚ ਜੱਥੇਬੰਦਕ ਪਰਚਾਰ ਸਿਰਫ਼ ਗੁਰੂ ਸਾਹਿਬਾਨ ਨੇ ਕੀਤਾ ਸੀ। ਇਹ ਸਭ ਕੁਝ ਇਸ ਜੱਥੇਬੰਦਕ ਪਰਚਾਰ ਦਾ ਨਤੀਜਾ ਸੀ ਕਿ ਆਖ਼ਰਕਾਰ ਸਾਰਾ ਮਾਲਵਾ ਹੀ ਸਿੱਖਾਂ ਦੀ ਰਾਜਨੀਤਿਕ ਸ਼ਕਤੀ ਬਣ ਗਿਆ ਸੀ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਮਾਲਵਾ ਵਿੱਚ ਸਿੱਖ ਧਰਮ ਦੇ ਪਰਚਾਰ ਦੀ ਬੁਨਿਆਦ ਗੁਰੂ ਨਾਨਕ ਦੇਵ ਨੇ ਰੱਖ ਦਿੱਤੀ ਸੀ। ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਅੰਗਦ ਦੇਵ ਮਾਲਵਾ ਦੇ ਜੰਮਪਲ ਸਨ। ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਬੇਸ਼ਕ ਮਾਲਵਾ ਵਿੱਚ ਨਹੀਂ ਆਏ ਪਰ ਉਨ੍ਹਾਂ ਦੇ ਪ੍ਰਚਾਰਕ ਪ੍ਰਬੰਧਾਂ-ਮੰਜੀ ਪ੍ਰਥਾ ਅਤੇ ਮਸੰਦ ਪ੍ਰਥਾ -ਨੇਂ ਮਾਲਵਾ ਦੇ ਵਿੱਚ ਬਹੁਤ ਚੰਗਾ ਜੱਥੇਬੰਦਕ ਪਰਚਾਰ ਕੀਤਾ ਸੀ। ਇਸ ਪਰਚਾਰ ਦਾ ਉਸ ਸਮੇਂ ਬਹੁਤ ਫਾਇਦਾ ਹੋਇਆ ਸੀ ਜਦੋਂ ਗੁਰੂ ਹਰਗੋਬਿੰਦ ਸਾਹਿਬ ਨੇ ਮਾਲਵਾ ਵਿੱਚ ਪਹੁੰਚ ਕੇ ਗੁਰੂਸਰ ਮਹਿਰਾਜ (ਨਥਾਣਾ) ਵਿਖੇ ਮਲਵਈ ਲੋਕਾਂ ਦੀ ਮਦਦ ਨਾਲ ਮੁਗ਼ਲ ਅਧਿਕਾਰੀਆਂ ਦੀ ਸੈਨਾ ਨਾਲ ਇੱਕ ਸਫ਼ਲ ਲੜਾਈ ਕੀਤੀ ਸੀ। ਜਿਸ ਤਰੀਕੇ ਨਾਲ ਗੁਰੂ ਹਰਗੋਬਿੰਦ ਸਾਹਿਬ ਨੂੰ ਲੜਾਈ ਵਿੱਚ, ਮਲਵਈ ਲੋਕਾਂ ਦੀ ਮਦਦ ਮਿਲੀ ਸੀ ਉਸ ਤੋਂ ਸਾਬਤ ਹੋ ਜਾਂਦਾ ਹੈ ਕਿ ਉਨ੍ਹਾਂ ਤੋਂ ਪਹਿਲਾਂ ਮਾਲਵਾ ਵਿੱਚ ਸਿੱਖ ਧਰਮ ਦਾ ਬਹੁਤ ਪਰਚਾਰ ਹੋ ਚੁੱਕਿਆ ਸੀ ਅਤੇ ਮਾਲਵਾ ਦਾ ਬਹੁਤ ਵੱਡਾ ਹਿੱਸਾ ਸਿੱਖ ਧਰਮ ਵਿੱਚ ਪਰਵੇਸ਼ ਕਰ ਚੁੱਕਿਆ ਸੀ। ਇਸ ਪਰਚਾਰ ਨੂੰ ਸੱਤਵੇਂ ਗੁਰੂ ਹਰ ਰਾਇ ਅਤੇ ਨੌਵੇਂ

ਗੁਰੂ ਤੇਗ਼ ਬਹਾਦਰ ਨੇ ਸੰਪੂਰਨਤਾ ਤੱਕ ਪਹੁੰਚਾ ਦਿੱਤਾ ਸੀ। ਜਿਸ ਦਾ ਨਤੀਜਾ ਗੁਰੂ ਗੋਬਿੰਦ ਸਿੰਘ ਵੱਲੋਂ ਖਿਦਰਾਣੇ ਦੀ ਢਾਬ (ਮੁਕਤਸਰ) ਵਿਖੇ ਮੁਗ਼ਲ ਫ਼ੌਜਾਂ ਨਾਲ ਲੜ੍ਹੀ ਗਈ ਲੜਾਈ ਦੀ ਜਿੱਤ ਵਿੱਚ ਨਿਕਲਿਆ ਸੀ। ਇਸ ਜਿੱਤ ਦਾ ਪ੍ਰਤੱਖ ਸਬੂਤ ਗੁਰੂ ਸਾਹਿਬ ਵੱਲੋਂ ਲਿਖਿਆ ਜ਼ਫ਼ਰਨਾਮਾ ਸੀ।

## ABSTRACT

## Spread of Sikhism in the Malwa Region of Punjab (1606-1708 A.D): A Historical Analysis

The territories between the Sutlej and the Ghaggar rivers are popularly known Malwa region. Due to its geo-political importance this region has always had great importance. The Malwa of the Punjab should not be confused with the Malwa of the central India located in the, north of the river Narbada. The Malwa area of Punjab had attention of the scholars of Punjab history and culture, because of its special importance in the fields of language, geography and cultural areas.

River Sutlej is natural and definite south-western boundary of Malwa. The term trans-Sutlej and cis-Sutlej used frequently by the historians for the new regional delimitation of Punjab. In the south-eastern side the seasonal stream Ghaggar separates it from Ganga-Jamuna Doab basin. Malwa cannot be classified as a Doab. The Ghaggar is, infact, a seasonal stream. It never meets any other river of the Punjab. It gets simply lost in the Rajasthan sand-dunes.

The Malwa is in the lying between $29^0$-$30^1$ and $31^0$-$10^1$ North latitude and $73^0$-$50^1$ and $76^0$-$50^1$ east longitudes, bounded by the river Sutlej in North, Haryana in the east and south, Rajasthan. Leaving aside a narrow strip along the Sutlej, Malwa was an arid semi-desert covered with slow growing trees such as *Van* and *Jand Karir* and *Kikkar*, although by and large Malwa is a plain area.

Though Malwa area is comparatively less popular and less prosperous than the central and western parts of the Punjab, it played a momentous role in making the history of the medieval and modern Punjab. Sikhism made a deep impact upon the people of the region which provided various fields for religious, social, literary and military activities of the sixth, seventh, ninth and the tenth Sikh Gurus during 1606 to 1708 A.D. Sikh Gurus travelled extensively through this area and preached the principles of Sikhism. Many eminent Sikhs such as Bhai Bhagatu, Bhai Behlo, Bhai Mani Singh and Baba Deep Singh preached Sikhism in the Malwa region. In fact, the Malwa's contribution in the history of the Sikhs, dates back to the times of Guru Nanak, whose teachings also covered this land. Guru Angad Dev's birth place *Sarai Nanga* also lies in the Malwa.

The period following the death of Guru Gobind Singh in 1708 A.D. was the most turbulent period of the history of the Sikhs, when the Mughal Governors of the Punjab and later the Afghan invaders had implemented a reign of terror and religious persecution against

the Sikhs. The jungles of the Malwa, with their comparative inaccessibility on account of shortage of water and other scarcities impeding large-scale operations, provided the warring Sikh bands from across the Sutlej. Some local Sikh Sardars, the descendents of Bhai Phul, blessed by Guru Hargobind and Guru Har Rai, and collectively known as Phulkian Misal, carved out territories over which they ruled as independent or semi-independent chiefs. This is how the former Sikh states of Patiala, Nabha, Jind, Faridkot, Kaithal, Kalsia and Ladwa came into existence.

'Spread of Sikhsim in the Malwa region (1606-1708 A.D): A Historical Analysis' is my topic for Ph.D. In the light of above mentioned facts. Following is the tentative list of Chapterization.

1. Historical background.
2. The origin of Sikhism and its early development (1469-1606 A.D.)
3. Guru Hargobind Sahib, His time and arrival in the Malwa.
4. Guru Har Rai's preaching Travels in the Malwa.
5. The travels of Guru Tegh Bahadur in the Malwa and Banger areas.
6. The Stay of Guru Gobind Singh in the Malwa and Write Zafarnama.
7. Conclusion.

# ਸਾਰ-ਰੂਪ (ਐਬਸਟ੍ਰੈਕਟ)

ਸਤਲੁਜ ਅਤੇ ਘੱਘਰ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਨੂੰ ਪੰਜਾਬ ਦਾ ਮਾਲਵਾ ਖੇਤਰ ਕਿਹਾ ਜਾਂਦਾ ਹੈ। ਇਸ ਦੀ ਭੂਗੋਲਿਕ ਅਤੇ ਰਾਜਨੀਤਿਕ ਮਹੱਤਤਾ ਕਾਰਨ ਇਹ ਖੇਤਰ ਹਮੇਸ਼ਾ ਹੀ ਮਹੱਤਵਪੂਰਨ ਰਿਹਾ ਹੈ। ਪਰ ਪੰਜਾਬ ਦੇ ਮਾਲਵਾ ਖੇਤਰ ਨੂੰ ਮੱਧ ਭਾਰਤ ਦੇ ਮਾਲਵਾ ਖੇਤਰ ਨਾਲ ਮਿਲਾ ਕੇ ਨਹੀਂ ਦੇਖਣਾ ਚਾਹੀਦਾ, ਜੋ ਨਰਬਦਾ ਨਦੀ ਦੇ ਉੱਤਰ ਵਿੱਚ ਸਥਿਤ ਹੈ। ਪੰਜਾਬ ਦੇ ਮਾਲਵਾ ਖੇਤਰ ਦੀ ਬੋਲੀ, ਸੱਭਿਆਚਾਰ ਅਤੇ ਭੂਗੋਲਿਕ ਸਥਿਤੀ ਨੇ ਪੰਜਾਬ ਇਤਿਹਾਸ ਦੇ ਖੋਜੀਆਂ ਦਾ ਧਿਆਨ ਬਹੁਤ ਖਿੱਚਿਆ ਹੈ।

ਮਾਲਵਾ ਨੂੰ ਸਤਲੁਜ ਯਮੁਨਾ ਦਾ ਦੁਆਬ ਕਹਿ ਦਿੱਤਾ ਜਾਂਦਾ ਹੈ। ਪਰ ਇਹ ਠੀਕ ਨਹੀਂ ਕਿਉਂਕਿ ਸਤਲੁਜ ਦਰਿਆ ਸਿਰਫ਼ ਇਸਦੀ ਉੱਤਰ ਪੱਛਮੀ ਹੱਦ ਨੂੰ ਹੀ ਕੁਦਰਤੀ ਤੌਰ ਤੇ ਨਿਸ਼ਚਿਤ ਕਰਦਾ ਹੈ। ਸਤਲੁਜ ਦੀ ਇਸ ਕੁਦਰਤੀ ਹੱਦ ਨੂੰ ਇਤਿਹਾਸਕਾਰਾਂ ਵੱਲੋਂ ਸਤਲੁਜ ਉਰਾਰ ਅਤੇ ਸਤਲੁਜ ਪਾਰ ਦੇ ਨਾਵਾਂ ਨਾਲ ਵੀ ਸੰਬੋਧਨ ਕੀਤਾ ਜਾਂਦਾ ਹੈ। ਭਾਵੇਂ ਇਸ ਦੀ ਦੱਖਣ ਪੂਰਬੀ ਹੱਦ ਨੂੰ ਘੱਘਰ ਦਰਿਆ ਗੰਗਾ ਯਮੁਨਾ ਦੁਆਬ ਤੋਂ ਅਲੱਗ ਕਰ ਦਿੰਦਾ ਹੈ। ਇਸ ਤਰ੍ਹਾਂ ਮਾਲਵਾ ਨੂੰ ਦੁਆਬ ਨਹੀਂ ਕਿਹਾ ਜਾ ਸਕਦਾ। ਘੱਘਰ ਇਕ ਬਰਸਾਤੀ ਦਰਿਆ ਹੋਣ ਕਾਰਨ ਪੰਜਾਬ ਦੀ ਕਿਸੇ ਵੀ ਨਦੀ ਨਾਲ ਨਹੀਂ ਮਿਲਦਾ। ਇਹ ਅਸਲ ਵਿੱਚ ਰਾਜਸਥਾਨ ਦੇ ਮਾਰੂਥਲ ਵਿੱਚ ਮਿਲ ਜਾਂਦਾ ਹੈ।

ਮਾਲਵਾ $29^0$-$30^1$ ਅਤੇ $31^0$-$10^1$ ਉੱਤਰੀ ਵਿਥਕਾਰ ਅਤੇ $73^0$-$50^1$ ਅਤੇ $76^0$-$50^1$ ਪੂਰਬੀ ਲੰਬਕਾਰ ਦੇ ਵਿਚਕਾਰ ਉੱਤਰ ਵਾਲੇ ਪਾਸੇ ਸਤਲੁਜ, ਪੂਰਬ ਅਤੇ ਦੱਖਣ ਵਿੱਚ ਹਰਿਆਣਾ, ਰਾਜਸਥਾਨ ਨਾਲ ਘਿਰਿਆ ਹੋਇਆ ਹੈ। ਮਾਲਵਾ ਸਤਲੁਜ ਦੇ ਨਾਲ-ਨਾਲ ਇੱਕ ਤੰਗ ਪੱਟੀ ਨੂੰ ਛੱਡ ਕੇ ਹੌਲੀ ਗਤੀ ਨਾਲ ਵਧਣ (ਚੱਲਣ ਵਾਲੇ) ਵਾਲੇ ਦਰੱਖਤਾਂ ਜਿਵੇਂ ਵਣ, ਜੰਡ, ਕਰੀਰ ਅਤੇ ਕਿੱਕਰਾਂ ਨਾਲ ਭਰਿਆ ਹੋਇਆ ਇੱਕ ਖੁਸ਼ਕ ਅਰਧ ਮਾਰੂਥਲ (ਰੇਗਿਸਤਾਨ) ਸੀ।

ਮਾਲਵਾ ਭਾਵੇਂ ਪੰਜਾਬ ਦੇ ਦੂਜੇ ਦੁਆਬਾਂ ਨਾਲੋਂ ਘੱਟ ਪ੍ਰਸਿੱਧ ਹੈ। ਪਰ ਪੰਜਾਬ ਦੇ ਇਤਿਹਾਸ ਅਤੇ ਸਿੱਖ ਇਤਿਹਾਸ ਵਿੱਚ ਇਸ ਦੀ ਬਹੁਤ ਮਹੱਤਤਾ ਰਹੀ ਹੈ। ਪੰਜਾਬ ਦੇ ਅਜੋਕੇ ਇਤਿਹਾਸ ਵਿੱਚ ਵੀ ਇਸ ਦਾ ਬਹੁਤ ਯੋਗਦਾਨ ਹੈ। ਸਿੱਖ ਧਰਮ ਨੇ ਮਾਲਵਾ ਉੱਪਰ ਬਹੁਤ ਪ੍ਰਭਾਵ ਪਾਇਆ ਹੈ। ਗੁਰੂ ਨਾਨਕ ਦੇਵ ਨੇ ਮਾਲਵਾ ਵਿੱਚ ਯਾਤਰਾਵਾਂ ਕੀਤੀਆਂ। ਇਸ ਦੇ ਫਲਸਰੂਪ ਇਸ ਖੇਤਰ ਨੇ 1606-1708 ਤੱਕ, ਛੇਵੇਂ, ਸੱਤਵੇਂ, ਨੌਵੇਂ ਤੇ ਦਸਵੇਂ ਸਿੱਖ ਗੁਰੂਆਂ ਦੀਆਂ ਧਾਰਮਿਕ, ਸਮਾਜਿਕ, ਸਾਹਿਤਕ ਤੇ ਸੈਨਿਕ ਗਤੀਵਿਧੀਆਂ ਲਈ ਅਨੇਕਾਂ ਮੌਕੇ ਮਹੁੱਈਆਂ (ਪ੍ਰਦਾਨ) ਕੀਤੇ। ਭਾਈ ਭਗਤੂ, ਭਾਈ ਬਹਿਲੋ, ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਜਿਹੇ ਪ੍ਰਮੁੱਖ ਸਿੱਖਾਂ ਨੇ ਵੀ ਮਾਲਵਾ ਵਿੱਚ ਸਿੱਖ ਧਰਮ ਦਾ ਪਰਚਾਰ ਕੀਤਾ। ਗੁਰੂ ਅੰਗਦ ਦੇਵ ਦਾ ਜਨਮ ਅਸਥਾਨ ਮੱਤੇ ਦੀ ਸਰਾਇ, ਮਾਲਵਾ ਵਿੱਚ ਹੀ ਹੈ।

ਗੁਰੂ ਗੋਬਿੰਦ ਸਿੰਘ ਦੇ ਦਿਹਾਂਤ (1708) ਤੋਂ ਬਾਅਦ ਦਾ ਸਮਾਂ ਬਹੁਤ ਹੀ ਗੜਬੜ ਅਤੇ ਸੰਘਰਸ਼ ਵਾਲਾ ਸੀ। ਜਦੋਂ ਕਿ ਸਮੇਂ ਦੀ ਮੁਗ਼ਲ ਹਕੂਮਤ ਅਤੇ ਅਫ਼ਗਾਨ ਹਮਲਾਵਰਾਂ ਨੇ ਸਿੱਖਾਂ ਉੱਤੇ ਭਿਆਨਕ ਅੱਤਿਆਚਾਰ ਕੀਤੇ। ਸਿੱਖ ਗੁਰੂਆਂ ਦੇ ਧਰਮ ਪਰਚਾਰ ਦੇ ਸਿੱਟੇ ਵਜੋਂ ਮਾਲਵਾ ਸਿੱਖ ਧਰਮ ਦਾ ਗੜ੍ਹ ਬਣਾ

ਗਿਆ ਸੀ। ਫੂਲਕੀਆ ਮਿਸਲ ਕਹਾਉਣ ਵਾਲੇ ਸ੍ਰੀ ਗੁਰੂ ਹਰਗੋਬਿੰਦ ਅਤੇ ਗੁਰੂ ਹਰਿ ਰਾਇ ਦੇ ਆਸ਼ੀਰਵਾਦ ਨਾਲ ਭਾਈ ਫੂਲ ਦੇ ਘਰਾਣੇ ਵਿੱਚ ਕੁਝ ਸਿੱਖ 'ਸਰਦਾਰਾਂ' ਨੇ ਨਵੇਂ ਇਲਾਕਿਆਂ ਨੂੰ ਖੜ੍ਹਾ ਕੀਤਾ ਜਿੱਥੇ ਉਨ੍ਹਾਂ ਨੇ ਅਜ਼ਾਦ ਮੁਖੀਆਂ ਦੇ ਤੌਰ ਤੇ ਰਾਜ ਕੀਤਾ। ਇਸ ਤਰ੍ਹਾਂ ਪੰਜਾਬ ਦੇ ਪੁਰਾਣੇ ਸਿੱਖ ਰਾਜ ਜਿਵੇਂ, ਪਟਿਆਲਾ, ਜੀਂਦ, ਨਾਭਾ, ਫਰੀਦਕੋਟ, ਕੈਥਲ, ਕਲਸੀਆਂ ਅਤੇ ਲਾਡਵਾ ਹੋਂਦ ਵਿੱਚ ਆਏ।

ਪੰਜਾਬ ਦੇ ਮਾਲਵਾ ਖੇਤਰ ਵਿੱਚ ਸਿੱਖ ਧਰਮ ਦਾ ਪਰਸਾਰ (1606-1708 ਈਸਵੀ): ਇੱਕ ਇਤਿਹਾਸਿਕ ਅਧਿਐਨ ਮੇਰੇ ਪੀ.ਐੱਚ.ਡੀ. ਦੇ ਖੋਜ-ਕਾਰਜ ਦਾ ਵਿਸ਼ਾ ਹੈ। ਇਸ ਦੀ ਅਧਿਆਇ ਵੰਡ ਹੇਠ ਲਿਖੇ ਅਨੁਸਾਰ ਹੈ:

1. ਮਾਲਵਾ ਖੇਤਰ ਦਾ ਇਤਿਹਾਸਕ ਪਿਛੋਕੜ
2. ਸਿੱਖ ਧਰਮ ਦੀ ਉਤਪਤੀ ਅਤੇ ਮੁਢਲਾ ਇਤਿਹਾਸਿਕ ਵਿਕਾਸ (1469-1606 ਈਸਵੀ)
3. ਗੁਰੂ ਹਰਗੋਬਿੰਦ ਸਾਹਿਬ ਦਾ ਸਮਾਂ ਅਤੇ ਉਨ੍ਹਾਂ ਦਾ ਮਾਲਵਾ ਵਿੱਚ ਆਉਣਾ
4. ਗੁਰੂ ਹਰਿ ਰਾਇ ਦੇ ਮਾਲਵਾ ਵਿਚਲੇ ਪਰਚਾਰ ਦੌਰੇ
5. ਗੁਰੂ ਤੇਗ਼ ਬਹਾਦਰ ਦੇ ਮਾਲਵਾ ਅਤੇ ਬਾਂਗਰ ਇਲਾਕਿਆਂ ਦੇ ਦੌਰੇ
6. ਗੁਰੂ ਗੋਬਿੰਦ ਸਿੰਘ ਦਾ ਮਾਲਵਾ ਵਿੱਚ ਠਹਿਰਾਅ ਅਤੇ ਜ਼ਫ਼ਰਨਾਮਾ ਲਿਖਣਾ
7. ਸਿੱਟਾ

# ਪੁਸਤਕ ਸੂਚੀ

## ਪੰਜਾਬੀ (ਮੁੱਢਲੇ ਸਰੋਤ)

ਅਸਗਰਿ ਸਮਦੀ (1727-28), (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

ਅਹਿਮਦ ਸ਼ਾਹ ਬਟਾਲਵੀ, *ਤਾਰੀਖ-ਏ-ਪੰਜਾਬ* (1824) ਗੁਰਬਖਸ਼ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

*ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ*, ਗੁਰੂ ਅਰਜਨ ਦੇਵ (ਸੰਪਾ.), 1604.

ਸਰੂਪ ਸਿੰਘ ਕੋਸ਼ਿਸ਼, *ਗੁਰੂ ਕੀਆਂ ਸਾਖੀਆਂ ਪਿਆਰਾ ਸਿੰਘ ਪਦਮ* (ਸੰਪਾ.) ਕਲਮ ਮੰਦਰ, ਪਟਿਆਲਾ, 1986.

ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼* (1773) ਕਵਿਤਾ ਭਾਸ਼ਾ ਵਿਭਾਗ, ਪਟਿਆਲਾ, 1971.

ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼* (ਵਾਰਤਕ) ਕੁਲਵਿੰਦਰ ਸਿੰਘ ਬਾਜਵਾ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਸੁਜਾਨ ਰਾਏ ਭੰਡਾਰੀ, *ਖ਼ੁਲਾਸਤੁਤ-ਤਵਾਰੀਖ਼* (1696-97) ਪੰਜਾਬੀ ਅਨੁਵਾਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

ਸੈਨਾਪਤਿ, *ਸ੍ਰੀ ਗੁਰ* ਸੋਭਾ ਗੰਡਾ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, 1967.

ਸੋਹਣ ਲਾਲ ਸੂਰੀ, *ਉਮਦਤ-ਉਤ-ਤਵਾਰੀਖ਼* (ਪੰਜਾਬੀ ਅਨੁਵਾਦ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1985.

ਕਨੱਈਆ ਲਾਲ, *ਤਾਰੀਖ਼ ਏ ਪੰਜਾਬ* (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* (1780) ਰਤਨ ਸਿੰਘ ਜੱਗੀ, ਪਰਖ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972.

ਕੋਇਰ ਸਿੰਘ, *ਗੁਰਬਿਲਾਸ ਪਾਤਿਸ਼ਾਹੀ ਦਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਗੰਡਾ ਸਿੰਘ, *ਹੁਕਮਨਾਮੇ* (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

ਗਿਆਨ ਸਿੰਘ ਗਿਆਨੀ, *ਸ੍ਰੀ ਗੁਰੂ ਪੰਥ ਪ੍ਰਕਾਸ਼* (ਪੱਥਰ ਛਾਪ), ਅੰਮ੍ਰਿਤਸਰ, 1891.

ਗਿਆਨ ਸਿੰਘ ਗਿਆਨੀ, *ਤਵਾਰੀਖ਼ ਗੁਰੂ ਖ਼ਾਲਸਾ ਭਾਗ-1* (ਪੱਥਰ ਛਾਪ), ਸਿਆਲਕੋਟ, 1889.

ਭਾਈ ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸ* (1779), ਭਾਸ਼ਾ ਵਿਭਾਗ, ਪਟਿਆਲਾ, 1989.

ਭਾਈ, ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਪੱਥਰ ਛਾਪ), ਅੰਮ੍ਰਿਤਸਰ, 1833.

ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਖਾਲਸਾ ਸਮਾਚਾਰ, ਅੰਮ੍ਰਿਤਸਰ, 1962.

## ਪੰਜਾਬੀ (ਸੈਕੰਡਰੀ ਸਰੋਤ)

ਅਵਤਾਰ ਸਿੰਘ ਆਜ਼ਾਦ, *ਮਰਦ ਅਗੰਮੜਾ* (ਮਹਾਂਕਾਵਿ), ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, 1967.

ਇੰਦਰਜੀਤ ਸਿੰਘ ਤੁਲਸੀ, *ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ (ਮਹਾਂਕਾਵਿ),* ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, 1966.

ਇੰਦੂ ਭੂਸ਼ਣ ਬੈਨਰਜੀ, *ਖਾਲਸੇ ਦੀ ਉਤਪਤੀ,* ਜਿਲਦ ਪਹਿਲੀ (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ 1976 ਅਤੇ ਜਿਲਦ ਦੂਜੀ, 1996.

ਸਤਿਬੀਰ ਸਿੰਘ, *ਗੁਰ ਭਾਰੀ: ਜੀਵਨੀ ਗੁਰੂ ਹਰਿਗੋਬਿੰਦ ਜੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਹਿਲੀ ਵਾਰ 1968, ਛੇਵੀਂ ਵਾਰ 1999.

ਸ਼ਰਧਾ ਰਾਮ ਫਿਲੌਰੀ, *ਸਿੱਖਾਂ ਦੇ ਰਾਜ ਦੀ ਵਿਥਿਆ* (ਪੱਥਰ ਛਾਪ) ਮਿਸ਼ਨ ਪ੍ਰੈੱਸ, ਲੁਧਿਆਣਾ, 1868.

ਹਰਬੰਸ ਸਿੰਘ, *ਗੁਰੂ ਗੋਬਿੰਦ ਸਿੰਘ,* ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, 1971.

ਕਰਤਾਰ ਸਿੰਘ, *ਜੀਵਨ ਕਥਾ ਗੁਰੂ ਨਾਨਕ ਦੇਵ ਜੀ,* ਲਾਹੌਰ, 1947.

ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960 ਅਤੇ 1990.

ਕਿਰਪਾਲ ਸਿੰਘ (ਸੰਪਾ.), *ਜਨਮ ਸਾਖੀ ਅਧਿਐਨ,* ਫਰੀਦਕੋਟ, 1970.

ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਚੰਡੀਗੜ੍ਹ, 1998.

ਤੇਜਾ ਸਿੰਘ ਗੰਡਾ, *ਸਿੱਖ ਇਤਿਹਾਸ: 1469-1765* (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, 1985.

ਪਿਆਰਾ ਸਿੰਘ ਪਦਮ, *ਗੁਰੂ ਕੀਆਂ ਸਾਖੀਆਂ*, ਕਲਮ ਮੰਦਿਰ, ਪਟਿਆਲਾ, 1986.

ਫ਼ੌਜਾ ਸਿੰਘ (ਸੰਪਾ.), *ਪੰਜਾਬ ਦਾ ਇਤਿਹਾਸ: 1000-1526*, ਜਿਲਦ ਤੀਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976.

ਭਾਈ ਰਣਧੀਰ ਸਿੰਘ, (ਸੰਪਾ.) *ਗੁਰੂ ਪ੍ਰਣਾਲੀਆਂ*, ਸਿੱਖ ਇਤਿਹਾਸ ਰਿਸਰਚ ਬੋਰਡ, ਅੰਮ੍ਰਿਤਸਰ, 1977.

ਭਾਈ ਵੀਰ ਸਿੰਘ, *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ (1870-75 ਈ.)*, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1968.

ਮਹਿੰਦਰ ਸਿੰਘ ਬਿਰਦੀ, *ਮਾਲਵੇ ਦਾ ਲੋਕ ਸਾਹਿਤ: ਇੱਕ ਆਲੋਚਨਾਤਮਿਕ ਅਧਿਐਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਵਿਸਾਖਾ ਸਿੰਘ ਜਨੇਤਪੁਰਾ, *ਮਾਲਵਾ ਇਤਿਹਾਸ, ਭਾਗ I, II*, ਗੁਰਮਤ ਪ੍ਰਚਾਰਕ ਸਿੰਘ ਸਭਾ, ਜਗਰਾਉਂ, ਲੁਧਿਆਣਾ, 1948-53.

### Persian (Primary Sources)

‘Ahwal-i-Adina Beg Khan’, said to have been written by a sodhi of Kartarpur, MS., Ganda Singh Collection, Library of Punjabi University, Patiala. Its English version in manuscript form is also available in the same library.

Akhbar-i-Darbar-i-Mualla’, MS. Ganda Singh Collection, Library of Punjabi University, Patiala. It is the Collection of news form the Royal Mughal Court, preserved in old Historical Records, Jaipur, now shifted to Bikaner, it contains day to day news of Sikh movement in the Punjab under Banda Singh Bahadur (1708- 1716). It is also translated into English by Bhagat Singh, published in *The Panjab Past and Present*, Vol. XVIII, II, Punjabi University, Patiala October, 1984.

Amar Nath, Diwan, *Zafar Namah-i-Ranjit Singh* (ed. Sita Ram Kohli, Punjab University, Lahore, 1928).

Anand Ram Mukhlish, 'Tazkirah' (1784), MS., Ganda Singh Collection, Library of Punjabi University, Patiala. English translation is also available in Elliot and Dowson, *History of India as Told by its Own Historians,* Vol. VIII, Kitab-i-Mahal, Allahabad. 1964.

Attar Singh, *Sakhi Pothi:* The Travels of Guru Tegh Bahadur and Guru Gobind Singh, Indian Public Opinion Press, Lahore, 1876.

Attar Singh, Sau Sakhi or *Sakhi Book*, The Medical Hall Press, Benares, 1873.

Buddha Prakash, *Glimpses of Ancient Panjab*, Punjabi University, Patiala, 1983.

Buddha Prakash, *History of Poros*, Punjabi University, Patiala, 1986.

Budh Singh Arora, 'Risala-i-Nanak Shah' (1785), MS. British Musiam Library London, 1890.

Elliot and Dowson, *History of India as told by its Own Historians*, Vol. VIII Trubner and Co., London, 1867-77.

### Persian Secondary Sources

Ganda Singh, (ed.), *Makhiz-i-Twarikh-i-Sikhan*, History Society, Amritsar, 1949.

Maubid Zulfiqar Ardistani, *Dabistan-i-Mazahib* (1645), Nawal kishore Press, Cawnpore, 1904. Its portion relating to the Sikhs was translated into English by Ganda Singh entitled *Nanak Panthis,* Amritsar, 1940. Translated into English by Umrao Singh Majithia under the title 'An Account of Sikhism From Dabistan-i-Mazahib' in *Khalsa Review,* Lahore, Vol. I. No.6, June, 1930.

Rattan Chand Bal, *'Khalsa Namah', also called 'Tarikh-i-Sikhan'* (1846). MS., Ganda Singh Collection. Punjabi University, Patiala, 2000.

Sohan Lai Suri, *Umdat-ut-Twarikh*, Arya Press, Lahore, 1885-89.

Sujan Rai Bhandari, *Khulasat-ut-Twarikh* (1696 - ed. Zafar Hassan), G. and Sons Press, Delhi, 1918.

**English (Primary Sources)**

Ganda Singh (ed.), *Early European Accounts of the Sikhs,* Indian Studies, Calcutta, 1962.

Ganesh Das Badehra, *Char-Bagh-i-Punjab* (1865 - edited Kirpal Singh), Khalsa College, Amritsar 1965. English translation of some of the portions of this book by J.S. Grewal and Indu Banga is avilable under the title *Early Nineteenth Century Punjab,* Amritsar, 1975.

Guru Gobind Singh, *Zafamama* (C.1706), it is a letter written to Emperor Aurangzeb by the Guru, in reply to the Emperor's letter referring to peace negotiations between them. It is a part of *Dasam Granth* and is printed in many editions. Also printed by the Languages Department of Punjab, Patiala, 1970.

Ibbetson and Maclagan (ed. H.A. Rose), *Glossary of Tribes and Castes of the Punjab and North-west Frontier Province of India,* Lahore, 1919.

John Clark Archur, *The Sikhs in Relation to Hindus, Muslems, Christians and Ahmadiyas,* Princeton University Press, London, 1946.

Joseph Davey Cunningham, *A History of the Sikhs, London*, 1849.

Khafi Khan, *Muntakhab-ul-Lubab* (1722), Biblica Indica, Calcutta, 1874. Portions translated by Elliot and Dowson, *History of India as told by its Own Historians*, Vol. VII, Kitab-i-Mahal, Allahabad, 1964.

L.M. Joshi-Fauja Singh (eds), *History of the Punjab* (From pre-historic Times to the Age of Asoka). Vol. I, Punjabi University, Patiala, 1977.

Max Arthur, Macauliffe, *The Sikh Religion : Its Gurus, Sacred writings and Authors,* Clearenden Press, Oxford, 1909.

Qazi Nur Muhammad, 'Jang Nama' (1765), MS., Ganda Singh Collection, Library, Punjabi University, Patiala. Translation into English and edited by Ganda Singh, Khalsa College, Amritsar, 1939. Punjabi translation of its selected portions by Karm Singh Historian in *Phulwari,* Amritsar, July, 1929.

Sir Syad Muhammad Latif, *History of the Panjab,* Central Press Limited, Calcutta, 1891.

### English (Secondary)

Fauja Singh and G.S. Talib, *Guru Tegh Bahadur: Prophet and Martyr,* Punjabi *University Patiala,* 1976.

Ganda Singh, *Life of Banda Singh Bahadur,* Khalsa College, Amritsar, 1935.

Gokal Chand Narang, *The Transformation of Sikhism,* Tribune Press, Lahore, 1912, and New Delhi, 1960.

Gurbachan Singh, *Guru Gobind Singh,* The Sikh Tract Society, Lahore, 1933.

Hari Ram Gupta, *History of the Sikhs,* Vol. I. 1739-68; Calcutta, 1939.

Indubhushan Banerjee, Evolution of the Khalsa, Vol. I, Unviersity of Calcutta, 1936, Vol. II, A. Mukherjee and Co., Calcutta, 1947.

J.S. Grewal and Bal, S.S., *Guru Gobind Singh: A Biographical Study,* Punjab University, Chandigarh, 1967.

J.S. Grewal, *From Guru Nanak to Guru Gobind Singh: Essays in Sikh History, Guru Nanak Dev University,* Amritsar, 1972.

J.S. Grewal, *Guru Nanak in History*, Punjab University, Chandigarh, 1969.

Khazan Singh, *The History and Philosophy of the Sikhs*, Nawal *Kishore Press,* Lahore, Vol. II, 1914.

Khushwant Singh, *History of the Sikhs,* Princeton University Press, Princeton, 1963 and oxford University, London, Vol. II, 1964.

N.K. Sinha, *Rise of the Sikh Power,* Calcutta University, Calcutta, 1936.

Shiv Kumar *Gupta* (ed.), *Creation of the Khalsa: Fulfillment of Guru Nanak's Missions*, Punjabi University, Patiala, 1999.

Teja and Ganda Singh, *The Religion of Sikh Gurus,* S.G.P.C., Amritsar, 1957.

Teja Singh and Ganda Singh, *A Short History of the Sikhs: 1469-1765*, Orient Longmans, Bombay, 1950.

V.A. Smith, *Akbar The Great Moghul: 1542-1605,* Delhi, 1962.

W.H. Mcleod, *The Evolution of the Sikh Community,* Oxford University Press, Oxford, 1976.

## Articles

Buddha Parkash, "An Ancient Punjab-A Panoramic View", *The Panjab Past and Present*, Patiala, 1996.

D.S. Dhillon, "The Emergence of Sikh Community", *Proceeding of Indian History Conference*, Amritsar, 1985.

Fauja Singh, S.S. Bal, "Foundation of the Khalsa Panth", *The Panjab Past and Present*, Patiala, April 1971.

Ganda Singh, 'Development of Sikh Thought Upto the end of The 18th Century' in *The Panjab Past and Present*, Vol. IX, Punjabi University, Patiala, April, 1968.

Ganda Singh, 'Early Maratha Sikh Relation's, *The Panjab Past and Present*, Vol. I, Punjabi University, Patiala, October, 1967.

Ganda Singh, "Guru Nanak by Syad Muhammad Latif", *The Panjab Past and Present*, Vol.III, Patiala, 1969.

Ganda Singh, "Sources of the Life and Teachings of Guru Nanak" *The Punjab Past and Present*, Vol.III, Patiala, 1969.

Gurbachan Singh, Nayyar, Guru Nanak's Approach of Religion', *Proceeding Punjab History Conference,* Session XVIII, Punjabi University, Patiala, December, 1983.

Muzaffar Alam, "Sikh Uprisings under Banda Bahadur 1708-15", *The Panjab Past and Present*, Vol. XVI-I, Patiala, April, 1982.

S.S. Hans, 'Rattan Singh Bhangu's Purpose of writing the Prachin Panth Parkash' Published, *Proceedings; Punjab History Conference*, Ninth Session, April 1975, Punjabi University, Patiala, 1976.

## Journals

- *The Panjab Past and Present*
- *Journal of Sikh Studies*
- *Journal of Asatic Society of Bengal*

- *Proceedings of Indian History Conference*
- *Proceedings of Punjab History Conference*
- *Journal of Indian History*
- *Journal of Asian Studies*

## Encyclopedias

- *Encyclopaedia of Britannica*
- Harbans Singh, *The Encyclopaedia of Sikhism,* Patiala, 1996
- James Hasting, (ed.) *Encyclopaedia of Religion and Ethics,* T. Clark, New York, 1934.

## Newspapers

- *ਅਜੀਤ*
- *ਦੇਸ਼ ਸੇਵਕ*
- *ਪੰਜਾਬੀ ਟ੍ਰਿਬਿਊਨ*
- *ਪੰਜਾਬ ਕੇਸਰੀ*
- *ਪੰਜਾਬੀ ਜਾਗਰਣ*
- *ਦ ਟ੍ਰਿਬਿਊਨ*
- *ਰੋਜ਼ਾਨਾ ਸਪੋਕਸਮੈਨ*

# PUBLICATIONS

1. ਗੁਰੂ ਤੇਗ ਬਹਾਦਰ ਸਾਹਿਬ ਦੇ ਮਾਲਵਾ ਵਿੱਚ ਦੌਰੇ, Parishodh Journal, Vol. IX, Issue-II, February/2020, Impact Factor-6.3, ISSN No. 2347-6648.

# ਤਤਕਰਾ


| | ਪੰਨਾ ਨੰ. |
|---|---|
| ਭੂਮਿਕਾ | i-iv |
| **ਅਧਿਆਇ - ਪਹਿਲਾ** | **1-30** |
| ਮਾਲਵਾ ਖੇਤਰ ਦਾ ਇਤਿਹਾਸਕ ਪਿਛੋਕੜ | |
| **ਅਧਿਆਇ - ਦੂਜਾ** | **31-64** |
| ਸਿੱਖ ਧਰਮ ਦੀ ਉਤਪਤੀ ਅਤੇ ਮੁੱਢਲਾ ਇਤਿਹਾਸਕ ਵਿਕਾਸ (1469-1606 ਈਸਵੀ) | |
| **ਅਧਿਆਇ - ਤੀਜਾ** | **65-104** |
| ਗੁਰੂ ਹਰਿਗੋਬਿੰਦ ਸਾਹਿਬ ਦਾ ਸਮਾਂ ਅਤੇ ਉਨ੍ਹਾਂ ਦਾ ਮਾਲਵਾ ਵਿੱਚ ਆਉਣਾ | |
| **ਅਧਿਆਇ - ਚੌਥਾ** | **105-140** |
| ਗੁਰੂ ਹਰਿ ਰਾਇ ਦੇ ਮਾਲਵਾ ਵਿਚਲੇ ਪਰਚਾਰ ਦੌਰੇ | |
| **ਅਧਿਆਇ - ਪੰਜਵਾਂ** | **141-190** |
| ਗੁਰੂ ਤੇਗ਼ ਬਹਾਦਰ ਸਾਹਿਬ ਦੇ ਮਾਲਵਾ ਅਤੇ ਬਾਂਗਰ ਇਲਾਕਿਆਂ ਦੇ ਦੌਰੇ | |
| **ਅਧਿਆਇ - ਛੇਵਾਂ** | **191-232** |
| ਗੁਰੂ ਗੋਬਿੰਦ ਸਿੰਘ ਦਾ ਮਾਲਵਾ ਵਿੱਚ ਠਹਿਰਾਅ ਅਤੇ ਜ਼ਫ਼ਰਨਾਮਾ ਲਿਖਣਾ | |
| **ਅਧਿਆਇ - ਸੱਤਵਾਂ** | **233-250** |
| ਸਿੱਟਾ | |
| **ਪੁਸਤਕ ਸੂਚੀ** | **251-259** |

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਸਤਪਾਲ ਕੌਰ ਨੇ **"ਪੰਜਾਬ ਦੇ ਮਾਲਵਾ ਖੇਤਰ ਵਿੱਚ ਸਿੱਖ ਧਰਮ ਦਾ ਪਰਸਾਰ** (1606 **ਤੋਂ** 1708 **ਈਸਵੀ**): **ਇੱਕ ਇਤਿਹਾਸਿਕ ਅਧਿਐਨ** ਵਿਸ਼ੇ ਉੱਤੇ ਖੋਜ-ਕਾਰਜ ਸਾਡੀ ਨਿਗਰਾਨੀ ਹੇਠ ਮੁਕੰਮਲ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਖੋਜ ਹੈ ਅਤੇ ਪਹਿਲਾਂ ਕਿਸੇ ਹੋਰ ਡਿਗਰੀ ਜਾਂ ਡਿਪਲੋਮੇ ਲਈ ਇਸ ਨੂੰ ਪੰਜਾਬੀ ਯੂਨੀਵਰਸਿਟੀ ਜਾਂ ਕਿਸੇ ਵੀ ਹੋਰ ਯੂਨੀਵਰਸਿਟੀ ਵਿੱਚ ਪੇਸ਼ ਨਹੀਂ ਕੀਤਾ ਗਿਆ। ਅਸੀਂ ਇਸ ਖੋਜ-ਪ੍ਰਬੰਧ ਨੂੰ ਪੀਐੱਚ.ਡੀ. ਦੀ ਡਿਗਰੀ ਲਈ ਯੋਗ ਸਮਝਦੇ ਹਾਂ ਅਤੇ ਮੁਲਾਂਕਣ ਲਈ ਪ੍ਰਸਤੁਤ ਕਰਨ ਦੀ ਸਿਫਾਰਸ਼ ਕਰਦੇ ਹਾਂ।

**ਨਿਗਰਾਨ**

Sukhminder Kaur

ਡਾ. ਸੁਖਮਿੰਦਰ ਕੌਰ ਢਿੱਲੋਂ

**ਖੋਜ ਕਰਤਾ**

ਸਤਪਾਲ ਕੌਰ

ਸਤਪਾਲ ਕੌਰ

**ਸਹਿ-ਨਿਗਰਾਨ**

ਡਾ. ਮੁਹੰਮਦ ਇਦਰੀਸ

# ਘੋਸ਼ਣਾ ਪੱਤਰ

ਮੈ ਘੋਸ਼ਣਾ ਕਰਦੀ ਹਾਂ ਕਿ **"ਪੰਜਾਬ ਦੇ ਮਾਲਵਾ ਖੇਤਰ ਵਿੱਚ ਸਿੱਖ ਧਰਮ ਦਾ ਪਰਸਾਰ** (1606 **ਤੋਂ** 1708 **ਈਸਵੀ): ਇੱਕ ਇਤਿਹਾਸਿਕ ਅਧਿਐਨ"** ਮੇਰਾ ਮੌਲਿਕ ਖੋਜ-ਕਾਰਜ ਹੈ। ਇਹ ਖੋਜ-ਕਾਰਜ ਇਸ ਤੋਂ ਪਹਿਲਾਂ ਕਿਸੇ ਹੋਰ ਡਿਗਰੀ ਜਾਂ ਡਿਪਲੋਮੇ ਲਈ ਪੰਜਾਬੀ ਯੂਨੀਵਰਸਿਟੀ ਜਾਂ ਕਿਸੇ ਹੋਰ ਯੂਨੀਵਰਸਿਟੀ ਵਿੱਚ ਪੇਸ਼ ਨਹੀ ਕੀਤਾ ਗਿਆ।

**ਨਿਗਰਾਨ**

Sukhminder Kaur

ਡਾ. ਸੁਖਨਿੰਦਰ ਕੌਰ ਢਿੱਲੋਂ

**ਖੋਜ ਕਰਤਾ**

ਸਤਪਾਲ ਕੌਰ

ਸਤਪਾਲ ਕੌਰ

**ਸਹਿ-ਨਿਗਰਾਨ**

ਡਾ. ਮੁਹੰਮਦ ਇਦਰੀਸ

# ਧੰਨਵਾਦ

ਮੈਂ ਤਹਿ ਦਿਲੋਂ ਧੰਨਵਾਦੀ ਹਾਂ ਆਪਣੇ ਨਿਗਰਾਨ ਡਾ. ਸੁਖਨਿੰਦਰ ਕੌਰ ਢਿੱਲੋਂ ਅਤੇ ਸਹਿ-ਨਿਗਰਾਨ ਡਾ. ਮੁਹੰਮਦ ਇਦਰੀਸ ਐਸੋਸੀਏਟ ਪ੍ਰੋਫ਼ੈਸਰ ਅਤੇ ਮੁਖੀ ਇਤਿਹਾਸ ਵਿਭਾਗ ਦਾ ਜਿਨ੍ਹਾਂ ਦੀ ਵਿਸ਼ੇਸ਼ ਅਤੇ ਯੋਗ ਅਗਵਾਈ ਸਦਕਾ ਇਹ ਖੋਜ-ਕਾਰਜ ਸੰਪੰਨ ਹੋਇਆ ਹੈ।

ਮੈਂ ਡਾ. ਦਲਬੀਰ ਸਿੰਘ ਢਿੱਲੋਂ, ਸਾਬਕਾ ਮੁਖੀ 'ਤੇ ਪ੍ਰੋਫ਼ੈਸਰ ਇਤਿਹਾਸ ਵਿਭਾਗ ਅਤੇ ਸਾਬਕਾ ਚੈਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਡਾ. ਦਲਬੀਰ ਸਿੰਘ ਰੰਧਾਵਾ, ਸਹਾਇਕ ਡਾਇਰੈਕਟਰ ਸਪੋਰਟਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਖੋਜ-ਕਾਰਜ ਵਿੱਚ ਮੇਰੀ ਸਹਾਇਤਾ ਕੀਤੀ।

ਮੈਂ ਇਤਿਹਾਸ ਵਿਭਾਗ ਦੇ ਅਧਿਆਪਕਾਂ/ਅਸਿਸਟੈਂਟ ਪ੍ਰੋਫ਼ੈਸਰ ਪ੍ਰਨੀਤ ਕੌਰ, ਅਸਿਸਟੈਂਟ ਪ੍ਰੋਫ਼ੈਸਰ ਸੰਦੀਪ ਕੌਰ, ਅਸਿਸਟੈਂਟ ਪ੍ਰੋਫ਼ੈਸਰ ਬਲਰਾਜ ਸਿੰਘ ਦੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਸਮੇਂ-ਸਮੇਂ ਤੇ ਅਕਾਦਮਿਕ ਸੁਝਾਅ ਦਿੱਤੇ। ਮੈਂ ਇਤਿਹਾਸ ਵਿਭਾਗ ਦੇ ਦਫ਼ਤਰੀ ਅਮਲੇ ਇੰਚਾਰਜ ਸ੍ਰੀਮਤੀ ਕਿਰਨ ਦਾ ਵੀ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਹਮੇਸ਼ਾਂ ਦਫ਼ਤਰੀ ਕੰਮ ਵਿੱਚ ਮੇਰੀ ਸਹਾਇਤਾ ਕੀਤੀ ਹੈ।

ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਭਾਈ ਕਾਨ੍ਹ ਸਿੰਘ ਨਾਭਾ ਲਾਇਬ੍ਰੇਰੀ ਅਤੇ ਡਾ. ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ ਅਤੇ ਇਤਿਹਾਸ ਵਿਭਾਗ ਦੀ ਲਾਇਬ੍ਰੇਰੀ ਦੇ ਸਮੁੱਚੇ ਸਟਾਫ਼ ਦੀ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਖੋਜ-ਕਾਰਜ ਨਾਲ ਸਬੰਧਿਤ ਲੋੜੀਂਦੀ ਸਮੱਗਰੀ ਉਪਲੱਬਧ ਕਰਵਾਈ।

ਮੈਂ ਆਪਣੇ ਪਿਤਾ ਸਵਰਗੀ ਦਲੀਪ ਸਿੰਘ ਅਤੇ ਮਾਤਾ ਸੁਰਜੀਤ ਕੌਰ ਜੀ ਦੀ ਦਿਲ ਦੀ ਗਹਿਰਾਈਆਂ ਤੋਂ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਦੀ ਦ੍ਰਿੜਤਾ, ਮਿਹਨਤ ਅਤੇ ਲਗਨ ਨੂੰ ਹਮੇਸ਼ਾ ਆਪਣੇ ਅੰਗ ਅੰਗ ਅਨੁਭਵ ਕਰਕੇ ਆਪਣੀ ਮੰਜ਼ਿਲ ਤੱਕ ਪਹੁੰਚ ਸਕੀ ਹਾਂ।

ਮੈਂ ਆਪਣੇ ਜੀਵਨ ਸਾਥੀ ਪ੍ਰੋਫ਼ੈਸਰ ਬਹਾਦਰ ਸਿੰਘ ਅਤੇ ਬੇਟੇ ਵਿਸ਼ਵਪ੍ਰੀਤ ਸਿੰਘ, ਬੇਟੀ ਸਹਿਜਪ੍ਰੀਤ ਕੌਰ ਦੀ ਵੀ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਦੇ ਸਾਥ ਕਾਰਨ ਵੀ ਇਹ ਖੋਜ-ਕਾਰਜ ਸੰਪੂਰਨ ਹੋਇਆ।

ਮੈਂ ਗੁਰਧਿਆਨ ਸਿੰਘ (ਜੋਨੀ) ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਸ ਖੋਜ-ਕਾਰਜ ਨੂੰ ਟਾਈਪ ਕਰਨ ਵਿੱਚ ਮੇਰੀ ਮਦਦ ਕੀਤੀ।

**(ਸਤਪਾਲ ਕੌਰ)**